


ਸਿੱਖ ਸਰੋਕਾਰ

ਰੂਪ ਸਿੰਘ

ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਦੇ ਫਲਸਰੂਪ ਚੱਲੀ ਸਿੱਖ ਲਹਿਰ ਕਈ ਪੜਾਅ ਪਾਰ ਕਰ ਕੇ ਇੱਕੀਵੀਂ ਸਦੀ ਵਿਚ ਪ੍ਰਵੇਸ਼ ਕਰ ਚੁੱਕੀ ਹੈ। ਇੱਕੀਵੀਂ ਸਦੀ ਦੇ ਸਮੇਂ ਨੂੰ ਉੱਤਰ-ਆਧੁਨਿਕ ਕਾਲ ਕਿਹਾ ਜਾ ਰਿਹਾ ਹੈ। ਇਸ ਕਾਲ ਦੀਆਂ ਪ੍ਰਾਪਤੀਆਂ ਅਤੇ ਗੁੰਝਲਾਂ ਦਾ ਲੇਖਾ ਤਾਂ ਸ਼ਾਇਦ ਡੇਢ-ਦੋ ਸੌ ਸਾਲ ਬਾਅਦ ਹੀ ਹੋ ਸਕੇਗਾ, ਪਰ ਇਸ ਸਮੇਂ ਦੇ ਸਿੱਖ ਸਰੋਕਾਰਾਂ ਤੇ ਚੁਣੌਤੀਆਂ ਦੀ ਟੋਹ ਲਾਉਣ ਦੇ ਇਕ ਨਿਵੇਕਲੇ ਯਤਨ ਵਜੋਂ ਇਹ ਪੁਸਤਕ ਤਿਆਰ ਕੀਤੀ ਗਈ ਹੈ।

ਇਸ ਪੁਸਤਕ ਵਿਚ ਸ. ਰੂਪ ਸਿੰਘ ਨੇ ਸਮਕਾਲੀ ਸਿੱਖ ਸਰੋਕਾਰਾਂ ਬਾਰੇ ਬਹੁਤ ਹੀ ਕੀਮਤੀ ਤੇ ਸਾਂਭਣਯੋਗ ਲੇਖ ਸੰਕਲਿਤ ਕੀਤੇ ਹਨ। ਸਾਰੇ ਹੀ ਲੇਖ ਮਹੱਤਵਪੂਰਨ ਹਨ, ਪਰ ਕੁਝ ਲੇਖਾਂ ਵਿਚ ਅਮਰ ਹੋਣ ਦੀ ਸਮਰੱਥਾ ਵੀ ਮੌਜੂਦ ਹੈ। ਲੇਖਕ ਨੇ ਦਲੀਲ ਪੂਰਵਕ ਢੰਗ ਨਾਲ ਆਪਣੇ ਵਿਸ਼ਿਆਂ ਨੂੰ ਜਾਣਕਾਰੀ ਭਰਪੂਰ ਅਤੇ ਲਾਭਦਾਇਕ ਵੀ ਬਣਾ ਲਿਆ ਹੈ।

ਲੇਖਕ ਨੇ ਇਸ ਪੁਸਤਕ ਵਿਚ ਸਿੱਖ ਸਰੋਕਾਰਾਂ ਦੀ ਚਰਚਾ ਰਾਜ ਪੱਧਰ ਤੋਂ ਲੈ ਕੇ ਅੰਤਰ-ਰਾਸ਼ਟਰੀ ਪੱਧਰ ਤੀਕ ਕਰ ਕੇ ਪਾਠਕ ਨੂੰ ਪੰਥਕ-ਧਾਰਾ ਨਾਲ ਜੋੜਨ ਦੀ ਜਿਹੜੀ ਕੋਸ਼ਿਸ਼ ਕੀਤੀ ਹੈ, ਇਹ ਉਸ ਦੀ ਪੰਥਕ-ਸੋਚ ਅਤੇ ਸਮਰਪਣ ਭਾਵਨਾ ਦਾ ਇਕ ਪ੍ਰਮਾਣ ਹੈ।



ਰੂਪ ਸਿੰਘ (ਜਨਮ 20-4-1963) ਨੇ ਐਮ.ਏ. (ਪੰਜਾਬੀ ਤੇ ਧਰਮ ਅਧਿਐਨ) ਕਰਨ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਤ ਕੀਤੇ ਜਾਂਦੇ ਮਾਸਿਕ ਪੱਤਰ *ਗੁਰਮਤਿ ਪ੍ਰਕਾਸ਼* ਦੇ ਸੰਪਾਦਨ ਦੀ ਸੇਵਾ 9 ਸਾਲ ਤੋਂ ਵਧੇਰੇ ਸਮੇਂ ਲਈ ਨਿਭਾਈ ਤੇ ਆਪਣੀ ਲਗਨ, ਸਖ਼ਤ ਮਿਹਨਤ ਤੇ ਨਿਰਮਲ ਸੋਚ ਸਦਕਾ ਇਸ ਨਿਰੋਲ ਧਾਰਮਿਕ ਪੱਤਰ ਨੂੰ ਸਿੱਖ-ਪਰਿਵਾਰਾਂ ਵਿਚ ਬੇਹੱਦ ਮਕਬੂਲ ਕਰਵਾ ਕੇ ਆਪਣੀ ਸੁਚੱਜੀ ਸੰਪਾਦਨ-ਕਲਾ ਦਾ ਸਿੱਕਾ ਮਨਵਾਇਆ। ਇਸ ਸਮੇਂ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਐਡੀਸ਼ਨਲ ਸਕੱਤਰ ਵਜੋਂ ਸੇਵਾ ਨਿਭਾ ਰਿਹਾ ਹੈ।

ਗੁਰਮਤਿ ਕਾਲਜ, ਪਟਿਆਲਾ ਦੇ ਇਸ ਸੁਯੋਗ ਵਿਦਿਆਰਥੀ ਨੇ ਉੱਘੇ ਸਿੱਖ ਵਿਦਵਾਨਾਂ ਦੀ ਸੰਗਤ ਮਾਣਦਿਆਂ ਗੁਰਮਤਿ ਦੀ ਬਾਰੀਕ ਸੂਝ ਹਾਸਲ ਕੀਤੀ ਹੈ। ਇਸੇ ਕਰਕੇ ਉਹ ਗੁਰਮਤਿ ਦੇ ਹਰ ਨੁਕਤੇ ਬਾਰੇ ਸਪੱਸ਼ਟ ਸੋਚ ਰੱਖਦਾ ਹੈ ਤੇ ਧੁੰਦ ਖਿਲਾਰਨ ਵਾਲਿਆਂ ਪ੍ਰਤਿ ਬਹੁਤ ਉਦਾਸ ਹੈ।

ਭਾਸ਼ਾ ਵਿਭਾਗ ਪੰਜਾਬ ਨੇ ਆਪ ਨੂੰ 'ਸ਼੍ਰੋਮਣੀ ਗੁਰਮਤਿ ਸਾਹਿਤਕਾਰ 2009' ਦੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਹੈ। ਹੋਰ ਕਈ ਪੰਥਕ ਸੰਸਥਾਵਾਂ ਦੁਆਰਾ ਸਨਮਾਨਿਤ ਰੂਪ ਸਿੰਘ ਅੱਜ-ਕੱਲ੍ਹ ਸਿੱਖ ਧਰਮ ਦੇ ਅਧਿਐਨ ਲਈ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਕੰਮ ਕਰ ਰਿਹਾ ਹੈ। *ਹੁਕਮਨਾਮੇ ਆਦੇਸ਼ ਸੰਦੇਸ਼ ਸ੍ਰੀ ਅਕਾਲ ਤਖ਼ਤ ਸਾਹਿਬ*, *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ*, *ਸੇ ਭਗਤ ਸਤਿਗੁਰ ਮਨਿ ਭਾਇ*, *ਗੁਰਦੁਆਰੇ ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ*, *ਸੋ ਥਾਨੁ ਸੁਹਾਵਾ* ਅਤੇ *ਪੰਥ ਸੇਵਕ* ਆਦਿ ਖੋਜ-ਭਰਪੂਰ ਰਚਨਾਵਾਂ ਰਾਹੀਂ ਉਸ ਨੇ ਇਕ ਮਿਹਨਤੀ ਵਿਦਵਾਨ ਵਜੋਂ ਵੀ ਆਪਣੀ ਸਾਖ਼ ਬਣਾ ਲਈ ਹੈ।

ਤਤਕਰਾ

ਇਸ ਕਲਮ ਤੋਂ :

- ਸਿੱਖ ਧਰਮ ਮੂਲ ਸਿਧਾਂਤ : ਜਾਣ ਪਹਿਚਾਣ (ਬੱਚਿਆਂ ਵਾਸਤੇ)
- ਗੁਰਦੁਆਰੇ ਗੁਰਧਾਮ (ਸੁਚਿੱਤਰ) – (ਪੰਜਾਬੀ-ਹਿੰਦੀ-ਅੰਗਰੇਜ਼ੀ-ਉਰਦੂ)
- ਸੋ ਥਾਨੁ ਸੁਹਾਵਾ (ਸੁਚਿੱਤਰ)
- ਸ੍ਰੀ ਗੁਰੂ ਅੰਗਦ ਦੇਵ ਜੀ (ਸਚਿੱਤਰ ਜੀਵਨੀ) – (ਪੰਜਾਬੀ-ਅੰਗਰੇਜ਼ੀ)
- ਮਾਨਵਤਾ ਦਾ ਸਰਬ-ਸਾਂਝਾ ਧਰਮ ਮੰਦਰ : ਸ੍ਰੀ ਹਰਿਮੰਦਰ ਸਾਹਿਬ (ਪੰਜਾਬੀ-ਅੰਗਰੇਜ਼ੀ)
- ਪੰਥ ਸੇਵਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ
- ਹੁਕਮਨਾਮੇ ਆਦੇਸ਼-ਸੰਦੇਸ਼ : ਸ੍ਰੀ ਅਕਾਲ ਤਖ਼ਤ ਸਾਹਿਬ (ਪੰਜਾਬੀ-ਅੰਗਰੇਜ਼ੀ) (ਸੰਸ਼ੋਧਿਤ ਸੰਸਕਰਣ ਦਸੰਬਰ 2011 ਤੀਕ)
- ਪ੍ਰਮੁੱਖ ਸਿੱਖ ਸ਼ਖ਼ਸੀਅਤਾਂ (ਸੰਪਾਦਿਤ)
- ਸੇ ਭਗਤ ਸਤਿਗੁਰ ਮਨਿ ਭਾਇ (ਸੰਪਾਦਿਤ)
- ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ (ਸੰਪਾਦਿਤ)
- ਸਿੱਖ ਸੰਗਰਾਮ ਦੀ ਦਾਸਤਾਨ (ਸੰਪਾਦਿਤ)

SIKH SAROKAR

[Essays on Sikh Issues and Concerns]

by

ROOP SINGH
Mobile : 098146-37979
Email : roopsz@yahoo.com

ISBN 81-7205-490-4

ਪਹਿਲੀ ਵਾਰ ਅਗਸਤ 2012

ਮੁੱਲ : 200-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-224, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com

Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਣ

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ-ਘਰ ਦੇ ਸੇਵਾਦਾਰ,

ਬਾਬਾ ਰਾਮ ਸਿੰਘ ਜੀ (ਨਾਨਕਸਰ) ਸੀਗੜਾ, ਕਰਨਾਲ

ਤੇ

ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖਾਂ ਨੂੰ

ਜੋ ਘਰ-ਪਰਿਵਾਰ ਤੇ ਸਮਾਜਿਕ ਸੁੱਖਾਂ ਨੂੰ ਤਿਆਗ ਕੇ

ਗੁਰੂ ਪ੍ਰੇਮ-ਪ੍ਰੀਤ ਦੀ ਰੀਤ ਦੇ ਨੇਮ ਨੂੰ

ਪ੍ਰੇਮ ਨਾਲ ਨਿਭਾਉਂਦੇ ਹਨ...

ਸਿੱਖ ਸਰੋਕਾਰ

ਰੂਪ ਸਿੰਘ

ਸਿੱਖ ਸਰੋਕਾਰਾਂ ਦੀ ਗੱਲ

ਸਿੱਖ ਪਾਠਕਾਂ ਵਿਚ ਸ. ਰੂਪ ਸਿੰਘ ਇਕ ਜਾਣਿਆ-ਪਹਿਚਾਣਿਆ ਹਸਤਾਖ਼ਰ ਹੈ। ਉਸ ਨੂੰ ਏਸੇ ਸਾਲ ਭਾਸ਼ਾ ਵਿਭਾਗ ਪੰਜਾਬ ਨੇ ਵੀ ਵਿਸ਼ੇਸ਼ ਸਨਮਾਨ ਦੇ ਕੇ, ਉਸ ਦੀਆਂ ਸਾਹਿਤਕ ਪ੍ਰਾਪਤੀਆਂ ਉਪਰ ਮਾਣ ਕੀਤਾ ਹੈ। ਮੇਰਾ ਉਸ ਨਾਲ ਪਿਛਲੇ ਪੰਝੀ ਸਾਲਾਂ ਤੋਂ ਮਿੱਤਰ ਤੇ ਭਰਾ ਵਾਲਾ ਸੰਬੰਧ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਕਈ ਪਦਾਂ ਉਪਰ ਸੇਵਾ ਕਰਨ ਵਾਲੇ ਇਸ ਪੰਥਕ ਹੀਰੇ ਨੇ ਹਮੇਸ਼ਾ ਆਪਣਾ ਸੰਬੰਧ ਪੜ੍ਹਨ ਤੇ ਲਿਖਣ ਨਾਲ ਜੋੜੀ ਰੱਖਿਆ ਹੈ। ਮੈਂ ਸਮਝਦਾ ਹਾਂ ਕਿ ਸ. ਰੂਪ ਸਿੰਘ ਦੀ ਬਹੁ-ਪੱਖੀ ਸ਼ਖ਼ਸੀਅਤ ਵਿਚ ਲੇਖਕ ਸਭ ਤੋਂ ਭਾਰੂ ਹੈ। ਉਸ ਦੀ ਹਥਲੀ ਪੁਸਤਕ ਨੂੰ ਜੀ-ਆਇਆਂ ਕਹਿਣਾ ਮੇਰਾ ਸੁਭਾਗ ਹੈ। ਇਸ ਪੁਸਤਕ ਵਿਚ ਸ. ਰੂਪ ਸਿੰਘ ਨੇ ਸਮਕਾਲੀ ਸਿੱਖ ਸਰੋਕਾਰਾਂ ਬਾਰੇ ਬਹੁਤ ਹੀ ਕੀਮਤੀ ਤੇ ਸਾਂਭਣਯੋਗ ਲੇਖ ਸੰਕਲਿਤ ਕੀਤੇ ਹਨ। ਸਾਰੇ ਹੀ ਲੇਖ ਮਹੱਤਵਪੂਰਨ ਹਨ, ਪਰ ਕੁਝ ਲੇਖਾਂ ਵਿਚ ਅਮਰ ਹੋਣ ਦੀ ਸਮਰੱਥਾ ਵੀ ਮੌਜੂਦ ਹੈ।

ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਦੇ ਫਲਸਰੂਪ ਚੱਲੀ ਸਿੱਖ ਲਹਿਰ ਕਈ ਪੜਾਅ ਪਾਰ ਕਰ ਕੇ ਇੱਕੀਵੀਂ ਸਦੀ ਵਿਚ ਪ੍ਰਵੇਸ਼ ਕਰ ਚੁੱਕੀ ਹੈ। ਇੱਕੀਵੀਂ ਸਦੀ ਦੇ ਸਮੇਂ ਨੂੰ ਉੱਤਰ-ਆਧੁਨਿਕ ਕਾਲ (Post-Modernism) ਕਿਹਾ ਜਾ ਰਿਹਾ ਹੈ। ਇਸ ਕਾਲ ਦੀਆਂ ਪ੍ਰਾਪਤੀਆਂ ਅਤੇ ਗੁੰਝਲਾਂ ਦਾ ਲੇਖਾ ਤਾਂ ਸ਼ਾਇਦ ਡੇਢ-ਦੋ ਸੌ ਸਾਲ ਬਾਅਦ ਹੀ ਹੋ ਸਕੇਗਾ, ਪਰ ਇਸ ਸਮੇਂ ਦੇ ਸਿੱਖ ਸਰੋਕਾਰਾਂ ਦੀ ਕੁਝ ਕੁ ਟੋਹ ਤਾਂ ਲਾਈ ਜਾ ਸਕਦੀ ਹੈ। ਸਭ ਤੋਂ ਉਭਰਦਾ ਪ੍ਰਸ਼ਨ ਸਿੱਖ-ਪਹਿਚਾਣ ਦਾ ਹੈ। ਸਾਡੀ ਨਵੀਂ ਪੀੜ੍ਹੀ ਸਿੱਖੀ ਸਰੂਪ ਦੇ ਮਹੱਤਵ ਨੂੰ ਤਰਜੀਹ ਨਹੀਂ ਦੇ ਰਹੀ ਅਤੇ ਅੰਤਰ-ਰਾਸ਼ਟਰੀ ਪੱਧਰ ਉਪਰ ਸਿੱਖ ਦੀ ਪਰਿਭਾਸ਼ਾ ਨਾਲ ਸੰਬੰਧਿਤ ਕਈ ਮਾਮਲੇ ਅਦਾਲਤਾਂ ਅਤੇ ਮੀਡੀਏ ਵਿਚ ਚਰਚਾ ਦਾ ਵਿਸ਼ਾ ਬਣ ਰਹੇ ਹਨ। ਹੁਣੇ ਹੁਣੇ ਸਹਿਜਧਾਰੀ ਮੁੱਦੇ ਨੇ ਵੀ ਨਵਾਂ ਰੂਪ ਲੈ ਲਿਆ ਹੈ। ਕੇਸਾਂ ਤੋਂ ਬਿਨਾਂ ਸਿੱਖ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਸ. ਰੂਪ ਸਿੰਘ ਦੀ ਹਥਲੀ ਪੁਸਤਕ ਦੇ ਕੁਝ ਲੇਖ ਇਸ ਸਮੱਸਿਆ ਬਾਰੇ ਪੰਥਕ ਦ੍ਰਿਸ਼ਟੀਕੋਣ ਬੜਾ ਸਪੱਸ਼ਟ ਕਰਦੇ ਹਨ। ਲੱਗਦਾ ਇਹ ਹੈ ਕਿ ਪੰਥ ਨੂੰ ਸਿੱਖ ਦੀ ਪਰਿਭਾਸ਼ਾ ਹੋਰ ਸਾਫ਼ ਕਰਨ ਲਈ ਮਹਾਂ-ਸੰਮੇਲਨ ਕਰਨੇ ਪੈਣਗੇ। ਇਹ ਉਹ ਸਰੋਕਾਰ ਹੈ, ਜਿਸ ਲਈ ਪੰਥ ਨੂੰ ਦ੍ਰਿੜ੍ਹਤਾ ਅਤੇ ਮਜ਼ਬੂਤ ਇੱਛਾ-ਸ਼ਕਤੀ ਦੀ ਜ਼ਰੂਰਤ ਹੈ।

ਸ. ਰੂਪ ਸਿੰਘ ਨੇ ਆਪਣੀ ਪੁਸਤਕ ਵਿਚ ਸਮਕਾਲੀ ਸਿੱਖ ਸਰੋਕਾਰਾਂ ਬਾਰੇ

ਜਿਹੜਾ ਯਤਨ ਕੀਤਾ ਹੈ, ਉਹ ਬੜਾ ਹੀ ਸ਼ਲਾਘਾਯੋਗ ਹੈ। ਸ. ਰੂਪ ਸਿੰਘ ਨੇ ਦਲੀਲ ਪੂਰਵਕ ਢੰਗ ਨਾਲ ਆਪਣੇ ਵਿਸ਼ਿਆਂ ਨੂੰ ਜਾਣਕਾਰੀ ਭਰਪੂਰ ਅਤੇ ਲਾਭਦਾਇਕ ਵੀ ਬਣਾ ਲਿਆ ਹੈ। ਇਸ ਪੁਸਤਕ ਦੇ ਕੀਮਤੀ ਲੇਖਾਂ ਵਿੱਚੋਂ ਇਕ ਲੇਖ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਦਰਵਾਜ਼ਿਆਂ ਬਾਰੇ ਚੱਲ ਰਹੇ ਫ਼ਜ਼ੂਲ ਦੇ ਵਾਦ-ਵਿਵਾਦ ਨੂੰ ਠੱਲ੍ਹ ਪਾਉਣ ਵਾਲਾ ਹੈ। ਲੇਖਕ ਨੇ ਸਪੱਸ਼ਟ ਕੀਤਾ ਹੈ ਕਿ ਦਰਸ਼ਨੀ ਡਿਉਢੀ ਦੇ ਦਰਵਾਜ਼ੇ ਸੋਮਨਾਥ ਮੰਦਰ ਵਾਲੇ ਨਹੀਂ ਹਨ। ਉਸ ਨੇ ਸਪੱਸ਼ਟ ਕੀਤਾ ਹੈ ਕਿ ਇਹ ਦਰਵਾਜ਼ੇ ਭਾਈ ਸੰਤ ਸਿੰਘ ਦੀ ਨਿਗਰਾਨੀ ਵਿਚ 1826 ਈ. ਵਿਚ ਮੁਹੰਮਦ ਯਾਰ ਖ਼ਾਂ ਨਾਂ ਦੇ ਮਿਸਤਰੀ ਨੇ ਬਣਾਏ ਸਨ। ਇਸ ਤਰ੍ਹਾਂ ਲੇਖਕ ਨੇ ਸਿੱਖਾਂ ਉਪਰ 'ਲੁੱਟ-ਮਾਰ ਕਰਨ ਵਾਲੇ' ਹੋਣ ਦੇ ਦੋਸ਼ ਲਾਉਣ ਵਾਲਿਆਂ ਦਾ ਚੰਗਾ ਮੱਕੂ ਠੱਪ ਦਿੱਤਾ ਹੈ।

ਇਸ ਪੁਸਤਕ ਦਾ ਲੇਖ 'ਦਾਨ-ਦਸਵੰਧ ਤੇ ਦਾਨਸ਼ਮੰਦੀ' ਵੀ ਧਿਆਨ ਦੇ ਕੇ ਵਿਚਾਰਨ ਵਾਲਾ ਹੈ। ਬਿਪਰਵਾਦੀ ਦਾਨ ਦੀ ਗੁਰਮਤਿ ਵਿਚ ਕੋਈ ਵਡਿਆਈ ਨਹੀਂ ਹੈ, ਇਥੇ ਤਾਂ ਬਿਬੇਕੀ ਦਾਨਸ਼ਮੰਦੀ ਦੀ ਮਹਿਮਾ ਕੀਤੀ ਗਈ ਹੈ। ਸਭ ਤੋਂ ਵੱਡਾ ਦਾਨ ਗਿਆਨ ਦਾ ਹੈ। ਸ. ਰੂਪ ਸਿੰਘ ਦੀ ਸੰਵੇਦਨਸ਼ੀਲਤਾ ਦਾ ਗਵਾਹ 'ਰਿਸਦੇ ਜ਼ਖ਼ਮ ਜੂਨ '84 ਦੇ' ਹੈ। ਇਸ ਵਿਚ ਲੇਖਕ ਨੇ ਜੂਨ '84 ਦੇ ਸਾਕੇ ਨੂੰ ਫ਼ਿਰਕੂ-ਜ਼ਹਿਨੀਅਤ ਦੀ ਪੈਦਾਵਾਰ ਦੱਸਿਆ ਹੈ। ਉਸ ਦਾ ਖ਼ਿਆਲ ਹੈ ਕਿ ਇਸ ਘੱਲੂਘਾਰੇ ਦਾ ਬੀਜ ਵੱਲਭ ਭਾਈ ਪਟੇਲ ਦੇ ਉਸ ਅਖੌਤੀ ਐਲਾਨ ਨੂੰ ਸਮਝਣਾ ਚਾਹੀਦਾ ਹੈ, ਜਿਸ ਵਿਚ ਉਸ ਨੇ ਸਿੱਖਾਂ ਨੂੰ 'ਜਰਾਇਮ ਪੇਸ਼ਾ' ਕਿਹਾ ਸੀ। ਲੇਖਕ ਅਨੁਸਾਰ ਇਹ ਸਾਕਾ ਨਾ-ਭੁੱਲਣਯੋਗ ਹੈ। ਉਸ ਦਾ ਇਹ ਵੀ ਖ਼ਿਆਲ ਹੈ ਕਿ ਇਨ੍ਹਾਂ ਜ਼ਖ਼ਮਾਂ ਉਪਰ ਠੀਕ ਢੰਗ ਨਾਲ ਮਰ੍ਹਮ ਵੀ ਨਹੀਂ ਲਾਈ ਜਾ ਸਕੀ। ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਿੱਖਾਂ ਵਿਚ ਪੈਦਾ ਹੋਏ ਖ਼ਦਸ਼ਿਆਂ ਨੂੰ ਦੂਰ ਕਰਨ ਦਾ ਪ੍ਰਬੰਧ ਕਰੇ।

ਮੌਜੂਦਾ ਸਮੇਂ ਦੇ ਬਿਜਲਈ ਮੀਡੀਏ ਨੇ ਵੀ ਸਿੱਖਾਂ ਨੂੰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਵਿਚ ਪਾਇਆ ਹੋਇਆ ਹੈ। ਲੇਖਕ ਨੇ ਸਿੱਖ ਨੌਜਵਾਨਾਂ ਉਪਰ ਪੈ ਰਹੇ ਮੀਡੀਏ ਦੇ ਪ੍ਰਭਾਵ ਬਾਰੇ ਚਰਚਾ ਕਰਦਿਆਂ, ਇਸ ਦੀ ਸਦਵਰਤੋਂ ਦੇ ਜਿਹੜੇ ਕੁਝ ਸੁਝਾਅ ਦਿੱਤੇ ਹਨ, ਉਨ੍ਹਾਂ ਉਪਰ ਅਮਲ ਕਰਨ ਦੀ ਲੋੜ ਹੈ। ਵਿਦਵਾਨ ਤਾਂ ਰਸਤਾ ਦਿਖਾਉਂਦੇ ਹਨ, ਚੱਲਣਾ ਸੰਸਥਾਵਾਂ ਨੇ ਹੈ। ਸੰਸਥਾਵਾਂ ਨੂੰ ਵਿਦਵਾਨਾਂ ਦੇ ਐਸੇ ਸੁਝਾਅ, ਜੋ ਕੌਮ ਦੀ ਚੜ੍ਹਦੀ ਕਲਾ ਲਈ ਸਹਾਈ ਹੁੰਦੇ ਹੋਣ, ਉਨ੍ਹਾਂ ਨੂੰ ਪ੍ਰਵਾਨ ਕਰ ਕੇ ਅਮਲ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਪੁਸਤਕ ਦਾ ਆਖ਼ਰੀ ਲੇਖ 'ਸੁਣਿਆ-ਪੜ੍ਹਿਆ-ਦੇਖਿਆ ਮਾਸਕੋ' ਰੂਸ ਵਿਚ ਸਿੱਖਾਂ ਦੇ ਜੀਵਨ ਨਾਲ ਸੰਬੰਧਿਤ ਹੈ। ਇਹ ਲੇਖ ਸ. ਰੂਪ ਸਿੰਘ ਦੀ ਰੂਸ ਯਾਤਰਾ ਦਾ ਹਾਲ ਤਾਂ ਹੈ ਹੀ, ਇਹ ਲੇਖ ਸਾਨੂੰ ਉਥੋਂ ਦੇ ਸਿੱਖਾਂ ਬਾਰੇ ਵੀ ਚੰਗੀ ਜਾਣਕਾਰੀ ਦਿੰਦਾ ਹੈ। ਇਹ ਜਾਣਕਾਰੀ ਦਿਲਚਸਪ ਵੀ ਹੈ, ਨਵੀਂ ਵੀ ਅਤੇ ਲਾਹੇਵੰਦੀ ਵੀ। ਇਸ ਲੇਖ ਵਿਚ ਸ. ਰੂਪ ਸਿੰਘ ਨੇ ਕਮਿਊਨਿਸਟ ਵਿਚਾਰਧਾਰਾ ਦੇ ਮੁਕਾਬਲੇ ਸਿੱਖ ਵਿਚਾਰਧਾਰਾ ਨੂੰ ਉੱਤਮ ਵੀ ਦਰਸਾਇਆ ਹੈ।


ਇਸ ਤਰ੍ਹਾਂ ਸ. ਰੂਪ ਸਿੰਘ ਨੇ ਸਿੱਖ ਸਰੋਕਾਰਾਂ ਦੀ ਚਰਚਾ ਰਾਜ ਪੱਧਰ ਤੋਂ ਲੈ

ਕੇ ਅੰਤਰ-ਰਾਸ਼ਟਰੀ ਪੱਧਰ ਤੀਕ ਕਰ ਕੇ ਪਾਠਕ ਨੂੰ ਪੰਥਕ-ਧਾਰਾ ਨਾਲ ਜੋੜਨ ਦੀ ਜਿਹੜੀ ਕੋਸ਼ਿਸ਼ ਕੀਤੀ ਹੈ, ਇਹ ਉਸ ਦੀ ਪੰਥਕ-ਸੋਚ ਅਤੇ ਸਮਰਪਣ ਭਾਵਨਾ ਦਾ ਇਕ ਪ੍ਰਮਾਣ ਹੈ। ਜਿਵੇਂ ਕਿ ਉਸ ਨੇ ਆਪਣੇ ਇਕ ਲੇਖ ਵਿਚ ਯੂਨੀਵਰਸਿਟੀਆਂ ਦੇ ਵਿਦਵਾਨਾਂ ਵੱਲੋਂ ਕੀਤੇ ਜਾ ਰਹੇ ਅਕਾਦਮਿਕ ਕੰਮਾਂ ਨੂੰ ਕਿਸੇ ਹੱਦ ਤੀਕ ਅਸਫਲ ਇਸ ਕਰਕੇ ਕਿਹਾ ਹੈ, ਕਿਉਂ ਜੁ ਇਨ੍ਹਾਂ ਦੀਆਂ ਲਿਖਤਾਂ ਆਮ ਪਾਠਕਾਂ ਤੋਂ ਦੂਰ ਰਹਿੰਦੀਆਂ ਹਨ। ਸਾਨੂੰ ਅਜਿਹੇ ਲੇਖਕਾਂ ਦੀ ਵੀ ਲੋੜ ਹੈ, ਜਿਹੜੇ ਆਮ ਸੰਗਤ ਤੇ ਪੜ੍ਹੇ-ਲਿਖੇ ਵਰਗ ਵਿਚਲੇ ਪਾੜੇ ਨੂੰ ਘਟਾਉਣ। ਸ. ਰੂਪ ਸਿੰਘ ਅਜਿਹਾ ਹੋਣਹਾਰ ਲੇਖਕ ਹੈ। ਉਸ ਉਪਰ ਸਭ ਤੋਂ ਵੱਧ ਪ੍ਰਭਾਵ ਉਸ ਦੇ ਗੁਰਪੁਰਵਾਸੀ ਪਿਤਾ ਸ. ਦਰਸ਼ਨ ਸਿੰਘ ਜੀ ਦਾ ਹੈ, ਜਿਨ੍ਹਾਂ ਨੂੰ ਭਾਈ ਗੁਰਦਾਸ ਜੀ ਦੀ ਰਚਨਾ ਉਪਰ ਖ਼ਾਸ ਮੁਹਾਰਤ ਸੀ। ਸ਼ਾਇਦ ਇਹੀ ਕਾਰਨ ਹੈ ਕਿ ਸ. ਰੂਪ ਸਿੰਘ ਨੇ ਵੀ ਇਨ੍ਹਾਂ ਲੇਖਾਂ ਵਿਚ ਗੁਰਬਾਣੀ ਦੇ ਨਾਲ ਨਾਲ ਭਾਈ ਗੁਰਦਾਸ ਜੀ ਦੇ ਹਵਾਲੇ ਵੀ ਵੱਡੀ ਗਿਣਤੀ ਵਿਚ ਦਿੱਤੇ ਹਨ।

ਮੈਂ ਆਸ ਕਰਦਾ ਹਾਂ ਕਿ ਇਹ ਪੁਸਤਕ ਗੁਰਮਤਿ ਪ੍ਰੇਮੀਆਂ ਨੂੰ ਆਪਣੇ ਵਿਰਸੇ ਨਾਲ ਹੋਰ ਗਹਿਰਿਆਂ ਜੋੜੇਗੀ। ਮੈਂ ਇਹ ਵੀ ਆਸ ਕਰਦਾ ਹਾਂ ਕਿ ਸ. ਰੂਪ ਸਿੰਘ ਦੀ ਕਲਮ ਅਜੇ ਹੋਰ ਸਾਹਿਤਕ ਮੋਤੀਆਂ ਨੂੰ ਜਨਮ ਦਿੰਦੀ ਰਹੇਗੀ।

ਗੁਰਸ਼ਰਨ ਜੀਤ ਸਿੰਘ (ਡਾ.)
ਮੁਖੀ,
ਗੁਰੂ ਨਾਨਕ ਅਧਿਐਨ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਮਿਤੀ : ਦਸੰਬਰ, 2011



ਸਿੱਖ ਸਰੋਕਾਰ

ਰੂਪ ਸਿੰਘ

ਜਿਨ ਪ੍ਰੇਮ ਕੀਓ...

"ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ" ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਉਚਾਰੀ ਪਾਵਨ ਬਾਣੀ 'ਤ੍ਵ ਪ੍ਰਸਾਦਿ ਸਵੱਯੇ' ਦੇ ਨੌਵੇਂ ਬੰਦ ਵਿਚ ਅੰਕਿਤ ਹੈ। ਇਸ ਵਿਸ਼ੇ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਸਮੁੱਚੀ ਬਾਣੀ ਬਾਰੇ ਸੰਖੇਪ ਜਾਣਨਾ ਜ਼ਰੂਰੀ ਹੈ। ਪ੍ਰਭੂ ਮਹਿਮਾ ਵਰਣਨ ਕਰਨ ਵਾਸਤੇ ਸਵੱਯਾ ਪ੍ਰਸਿੱਧ ਹਿੰਦੀ ਛੰਦ ਹੈ। ਇਸ ਛੰਦ 'ਤੇ ਆਧਾਰਿਤ ਸਵੱਯੇ ਗੁਰੂ ਉਸਤਤ ਦੀ ਇਕ ਵਿਸ਼ੇਸ਼ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਅੰਕਿਤ ਹੈ। 'ਤ੍ਵ ਪ੍ਰਸਾਦਿ ਸਵੱਯੇ' ਅੰਮ੍ਰਿਤ ਸੰਚਾਰ ਸਮੇਂ ਪੜ੍ਹੀ ਜਾਣ ਤੇ ਸਿੱਖ ਨਿਤਨੇਮ ਦੀ ਬਾਣੀ ਹੈ। ਇਸ ਦਾ ਪਾਠ ਅੰਮ੍ਰਿਤ ਵੇਲੇ ਕਰਨ ਦੀ ਮਰਯਾਦਾ ਹੈ। 'ਸਵੱਯੇ' ਬਾਣੀ ਦਾ ਨਾਂ ਹੈ ਤੇ 'ਤ੍ਵ ਪ੍ਰਸਾਦਿ' ਮੰਗਲ ਹੈ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਮੂਲਮੰਤ੍ਰ, ਮੰਗਲ ਰੂਪ 'ਚ ਅੰਕਿਤ ਹੈ, ਜਿਸ ਦਾ ਅਰਥ ਹੈ ਇਹ ਰਚਨਾ ਮੈਂ ਤੇਰੀ ਕਿਰਪਾ ਨਾਲ ਉਚਾਰਨ ਕਰ ਰਿਹਾ ਹਾਂ। 'ਤ੍ਵ ਪ੍ਰਸਾਦਿ ਸਵੱਯੇ' ਬਾਣੀ ਵੈਰਾਗਮਈ ਹੈ। ਇਸ ਬਾਣੀ 'ਚ ਗੁਰੂ ਗੋਬਿੰਦ ਸਿੰਘ ਜੀ ਸਪੱਸ਼ਟ ਕਰਦੇ ਹਨ ਕਿ ਮੈਂ ਬੋਧੀ, ਭਿਕਸ਼ੂ, ਜੋਗੀ, ਬ੍ਰਹਮਚਾਰੀ, ਸੂਰਮੇ, ਦੈਂਤ ਤੇ ਅਨੇਕਾਂ ਮੱਤਾਂ ਦੇ ਸਮੂਹ, ਵੱਖ-ਵੱਖ ਮੱਤ-ਮਤਾਂਤਰ ਦੇਖੇ ਹਨ ਜੋ ਆਪਣੇ-ਆਪਣੇ ਕਰਮ-ਕਾਂਡਾਂ ਵਿਚ ਉਲਝੇ ਹੋਏ ਹਨ, ਪਰ ਕਿਸੇ ਪਾਸ ਪ੍ਰਭੂ-ਪ੍ਰੇਮ ਪਿਆਰ ਸ਼ਰਧਾ ਨਹੀਂ। ਸੰਸਾਰ 'ਤੇ ਵਿਚਰਦਿਆਂ ਜੇਕਰ ਮਨੁੱਖ ਪਾਸ ਹਜ਼ਾਰਾਂ ਸਜੇ-ਸਵਾਰੇ ਹਾਥੀ-ਘੋੜੇ ਹੋਣ, ਰਾਜੇ-ਮਹਾਰਾਜੇ ਆ ਕੇ ਸਲਾਮਾਂ ਕਰਨ, ਤਾਂ ਵੀ ਕੀ ਹੈ ? ਅੰਤ ਨੂੰ ਤਾਂ ਉਸ ਨੂੰ ਵੀ ਨੰਗੇ ਧੜ ਜਾਣਾ ਪਵੇਗਾ। ਜੇਕਰ ਮਨੁੱਖ ਦੇਸ਼-ਦੇਸ਼ਾਂਤਰਾਂ ਨੂੰ ਜਿੱਤ ਲਵੇ, ਉਸ ਕੋਲ ਐਸ਼ੋ-ਇਸ਼ਰਤ ਦਾ ਬੇਅੰਤ ਸਾਮਾਨ ਹੋਵੇ, ਫਿਰ ਵੀ ਮੌਤ ਨੇ ਅੰਤ ਨੂੰ ਘੇਰ ਲੈਣਾ ਹੈ ਤੇ ਸਭ ਕੁਝ ਇਥੇ ਹੀ ਰਹਿ ਜਾਣਾ ਹੈ। ਤੀਰਥ, ਦਾਨ-ਪੁੰਨ, ਸਮਾਧੀਆਂ ਲਗਾ ਕੇ ਧਰਮ ਗ੍ਰੰਥ ਪੜ੍ਹ ਲਵੇ, ਪਉਨ-ਆਹਾਰੀ ਹੋ ਜਾਵੇ ਤਾਂ ਵੀ ਪ੍ਰਭੂ-ਪ੍ਰੇਮ ਬਿਨ ਇਕ ਰੱਤੀ ਦਾ ਨਹੀਂ। ਜੇਕਰ ਕਿਸੇ ਪਾਸ ਬਹਾਦਰ ਯੋਧੇ ਹੋਣ, ਜਿਹੜੇ ਪਹਾੜਾਂ ਜਿੱਡੇ ਦੁਸ਼ਮਣ ਨੂੰ ਵੀ ਹਰਾ ਸਕਣ, ਪਰ ਅੰਤ ਨੂੰ ਖ਼ਾਲੀ ਹੱਥ ਹੀ ਜਾਣਾ ਪਵੇਗਾ। ਮਾਲਕ-ਪ੍ਰਭੂ ਦੇ ਦਰ 'ਤੇ ਸਭ ਮੰਗਤੇ ਹਨ। ਪਰਮਾਤਮਾ ਨੂੰ ਜਪਣ ਵਾਲੇ ਹੀ ਸੁੱਖ ਪਾਉਂਦੇ ਹਨ ਭਾਵੇਂ ਜਲ, ਥਲ ਜਾਂ ਆਕਾਸ਼ ਵਿਚ ਹੋਣ। ਜੇਕਰ ਚੱਕਰਵਰਤੀ ਰਾਜਾ ਹੋਵੇ, ਸਾਰੀ ਸ੍ਰਿਸ਼ਟੀ ਦਾ ਰਾਜਾ ਹੋਵੇ, ਕਰੋੜਾਂ ਤੀਰਥਾਂ 'ਤੇ ਇਸ਼ਨਾਨ ਕਰੇ, ਬੇਅੰਤ ਦਾਨ ਕਰੇ, ਅਨੇਕਾਂ ਵਿਆਹ ਕਰੇ, ਸਭ ਵਿਅਰਥ ਹਨ। ਬ੍ਰਹਮਾ, ਵਿਸ਼ਨੂੰ, ਮਹੇਸ਼ ਸਭ ਕਾਲ ਦੇ ਵੱਸ ਹਨ। ਕੇਵਲ ਉਹੀ ਜਨਮ-ਮਰਨ ਤੋਂ ਬਚੇ ਹਨ ਜੋ ਜਨਮ-ਮਰਨ ਤੋਂ ਰਹਿਤ ਪ੍ਰਭੂ ਨੂੰ ਹਰ ਸਮੇਂ ਯਾਦ ਕਰਦੇ ਹਨ। ਧਿਆਨ ਨਾਲ

ਸੁਣੋ, ਦਿਖਾਵੇ ਦੇ ਧਰਮ ਕਰਮ ਸਭ ਵਿਅਰਥ ਹਨ। ਪਰਮਾਤਮਾ ਤਾਂ ਉਸ ਨੂੰ ਮਿਲੇਗਾ ਜਿਹੜਾ ਸਿਰਜਣਹਾਰ ਤੇ ਸਿਰਜਣਾ ਨੂੰ ਇਕ ਸਮਾਨ ਵੇਖੇਗਾ, ਮੰਨੇਗਾ, ਸਵੀਕਾਰੇਗਾ ਤੇ ਸਤਿਕਾਰੇਗਾ। ਪਰ ਹੈਰਾਨੀ ਹੈ ਕਿ ਕੁਝ ਲੋਕ ਗਲ 'ਚ ਪੱਥਰ ਬੰਨ੍ਹ ਕੇ ਲਮਕਾਈ ਫਿਰਦੇ ਹਨ। ਕੁਝ ਪੂਰਬ, ਪੱਛਮ ਦੀ ਦਿਸ਼ਾ ਦੇ ਭਰਮ-ਜਾਲ 'ਚ ਫਸੇ ਹਨ ਅਤੇ ਕੁਝ ਬੁੱਤ ਪੂਜਾ ਤੇ ਕੁਝ ਮ੍ਰਿਤਕਾਂ (ਪਿਤਰਾਂ) ਦੀ ਪੂਜਾ 'ਚ ਮਸਤ ਹਨ। ਇਸ ਤਰ੍ਹਾਂ ਬਹੁਮੁੱਲਾ ਜੀਵਨ ਵਿਅਰਥ ਪਾਖੰਡਾਂ, ਭੇਖਾਂ ਅਤੇ ਦਿਖਾਵਿਆਂ 'ਚ ਬਰਬਾਦ ਕਰ ਰਹੇ ਹਨ। ਪਰਮਾਤਮਾ ਨੂੰ ਪਾਉਣ ਲਈ ਕੇਵਲ ਪ੍ਰੇਮ-ਭਗਤੀ ਦੇ ਮਾਰਗ 'ਤੇ ਹੀ ਚੱਲਣਾ ਪਵੇਗਾ। ਪ੍ਰੀਤਮ ਪ੍ਰਾਪਤੀ ਦੇ ਪ੍ਰਚੱਲਿਤ ਸਾਧਨਾਂ ਦਾ ਹਵਾਲਾ ਦੇਂਦਿਆਂ ਗੁਰੂ ਜੀ ਨੇ ਪ੍ਰੇਮ ਦੇ ਸਾਧਨ ਤੇ ਸਾਧਨਾਂ ਨੂੰ ਪ੍ਰਮੁੱਖਤਾ ਤੇ ਪ੍ਰਵਾਨਗੀ ਦਿੱਤੀ ਹੈ। ਨੌਵਾਂ ਸਵੱਯਾ ਹੈ :

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ ॥
ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ ਲੋਕ ਗਯੋ ਪਰਲੋਕ ਗਵਾਇਓ ॥
ਬਾਸ ਕੀਓ ਬਿਖਿਆਨ ਸੋਂ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਇਓ ॥
ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥੨੯॥

(ਅਕਾਲ ਉਸਤਤ, ਪਾ: ੧੦)

ਸਾਰੇ ਧਿਆਨ ਨਾਲ ਸੁਣੋ, ਰੱਬ ਨਾ ਤਾਂ ਸਮਾਧੀਆਂ ਲਗਾਉਣ, ਨਾ ਹੀ ਤੀਰਥ ਭ੍ਰਮਣ ਕਰਨ ਨਾਲ ਮਿਲਦਾ ਹੈ ਅਤੇ ਨਾ ਹੀ ਜੰਗਲ ਵਿਚ ਵਾਸ ਕਰਨ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਪਰਮਾਤਮਾ ਦੀ ਪ੍ਰਾਪਤੀ ਕਿਸੇ ਪਾਖੰਡ, ਭੇਖ, ਦਿਖਾਵੇ, ਵਿਸ਼ੇਸ਼ ਪਹਿਰਾਵੇ ਨਾਲ ਵੀ ਨਹੀਂ ਹੁੰਦੀ, ਪ੍ਰਾਪਤੀ ਦਾ ਸਾਧਨ ਇਕ ਹੀ ਹੈ ਕਿ ਪ੍ਰੇਮ ਦੇ ਮਾਰਗ 'ਤੇ ਚੱਲੋ। ਰੱਬ ਦੀ ਪ੍ਰਾਪਤੀ ਖ਼ਾਲਕ ਤੇ ਖ਼ਲਕਤ ਨਾਲ ਪਿਆਰ ਕਰਨ ਸਦਕਾ ਹੀ ਹੋਵੇਗੀ।

'ਪ੍ਰੇਮ' ਸੰਸਕ੍ਰਿਤ ਪਿਛੋਕੜ ਵਾਲਾ ਸ਼ਬਦ ਹੈ, ਜਿਸ ਦੀ ਵਰਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚ ਵਾਰ-ਵਾਰ ਹੋਈ ਹੈ। 'ਪ੍ਰੇਮ' ਸ਼ਬਦ ਦੀ ਵਰਤੋਂ ਤੋਂ ਇਸ ਦੇ ਮਹੱਤਵ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ 'ਚ 'ਪ੍ਰੇਮ' ਸ਼ਬਦ ਵੱਖ-ਵੱਖ ਸ਼ਬਦ-ਜੋੜਾਂ ਜਿਵੇਂ 'ਪ੍ਰੇਮ' 165 ਵਾਰ, 'ਪ੍ਰੇਮੁ' 43 ਵਾਰ ਤੇ 'ਪ੍ਰੇਮਿ' 20 ਵਾਰ ਆਇਆ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ 13 ਵਾਰ ਤੇ ਕਬਿੱਤਾਂ ਵਿਚ 160 ਵਾਰ ਇਹ ਸ਼ਬਦ ਆਇਆ ਹੈ। 'ਪ੍ਰੇਮ' ਸ਼ਬਦ ਗੁਰੂ ਗੋਬਿੰਦ ਸਿੰਘ ਦੀ ਪਾਵਨ ਬਾਣੀ 'ਚ 108 ਵਾਰ ਆਇਆ ਹੈ ਅਤੇ ਪਹਿਲੀ ਵਾਰ ਨੌਵੇਂ ਸਵੱਯੇ ਵਿਚ ਇਹ ਸ਼ਬਦ ਅੰਕਿਤ ਹੈ। ਇਸ ਪੰਗਤੀ 'ਚ ਹੀ ਤੱਤਸਾਰ ਦਿੱਤਾ ਗਿਆ ਹੈ। ਪੂਰਨ ਪ੍ਰੇਮ ਦੇ ਪ੍ਰਭਾਵ ਬਿਨਾਂ, ਕਿਸ ਨੇ ਪਰਮਾਤਮਾ ਨੂੰ ਪ੍ਰਤਿਸ਼ਠਾ, ਸਤਿਕਾਰ ਸਹਿਤ ਪ੍ਰਾਪਤ ਕੀਤਾ ਹੈ ? ਭਾਵ ਪ੍ਰੇਮ ਤੋਂ ਬਿਨਾਂ ਪਰਮਾਤਮਾ ਦੀ ਪ੍ਰਾਪਤੀ ਸੰਭਵ ਨਹੀਂ :

ਪੂਰਨ ਪ੍ਰੇਮ ਪ੍ਰਭਾਉ ਬਿਨਾ ਪਤਿ ਸਿਉ, ਕਿਨ ਸ੍ਰੀ ਪਦਮਾਪਤਿ ਪਾਏ ॥

(ਅਕਾਲ ਉਸਤਤ, ਪਾ: ੧੦)

ਪ੍ਰੇਮ ਦੇ ਅਰਥ ਪਿਆਰ, ਸਨੇਹ, ਮੁਹੱਬਤ, ਪ੍ਰੀਤ ਤੋਂ ਲਏ ਜਾਂਦੇ ਹਨ। ਪ੍ਰੇਮ 'ਪ੍ਰਿ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ, ਦਿਲ ਨੂੰ ਭਾਅ ਜਾਣ ਵਾਲਾ, ਪਿਆਰ-ਪ੍ਰੇਮ ਤੁਹਾਡੇ ਬੋਲਾਂ, ਨਜ਼ਰ, ਖਾਣ-ਪੀਣ, ਪਹਿਰਾਵੇ ਤੋਂ ਵੀ ਪ੍ਰਗਟ ਹੁੰਦਾ ਹੈ। ਜੀਵ ਪਰਮਾਤਮਾ ਦੀ ਅੰਸ਼ ਹੈ ਪਰ ਜਨਮ ਕਰਕੇ ਆਤਮਾ ਰੂਪ 'ਚ ਪਰਮਾਤਮਾ ਤੋਂ ਵਿਛੜਿਆ ਹੈ। ਵਿਛੋੜਾ ਸੰਸਾਰ ਦੇ ਦੁੱਖਾਂ 'ਚੋਂ ਪ੍ਰਮੁੱਖ ਹੈ। ਵਿਛੜੇ ਹੋਏ ਮਾਨਵ ਨੂੰ ਪ੍ਰਭੂ-ਪਰਮਾਤਮਾ ਨਾਲ ਮਿਲਣ ਲਈ ਵੱਖ-ਵੱਖ ਮੱਤਾਂ ਨੇ ਵੱਖ-ਵੱਖ ਵਿਧੀਆਂ ਨਿਰਧਾਰਿਤ ਕੀਤੀਆਂ ਹਨ। ਇਸ ਰਚਨਾ 'ਚ ਗੁਰੂ ਗੋਬਿੰਦ ਸਿੰਘ ਜੀ ਨੇ ਵੱਖ-ਵੱਖ ਵਿਧੀਆਂ ਦਾ ਜ਼ਿਕਰ ਕਰਦਿਆਂ, ਪ੍ਰਭੂ-ਮਿਲਾਪ ਦਾ ਢੰਗ ਪ੍ਰੇਮ ਦਾ ਮਾਰਗ ਦੱਸਿਆ ਹੈ। ਪ੍ਰੇਮ ਹੀ ਇਕ ਐਸਾ ਹਥਿਆਰ ਹੈ ਜਿਸ ਨਾਲ ਮਨੁੱਖ ਨੇ ਖ਼ੂੰਖਾਰ ਜੀਵ-ਜੰਤੂਆਂ, ਜਾਨਵਰਾਂ 'ਤੇ ਵਸੀਕਾਰ ਕੀਤਾ ਹੈ। ਜੋ ਪ੍ਰੇਮ ਨਾਲ ਪਰਮਾਤਮਾ ਨੂੰ ਸਿਮਰਦਾ ਹੈ, ਉਹ ਮਿਲਾਪ ਦਾ ਸੁੱਖ ਪ੍ਰਾਪਤ ਕਰ ਲੈਂਦਾ ਹੈ। ਭਾਈ ਗੁਰਦਾਸ ਜੀ ਸਪੱਸ਼ਟ ਕਰਦੇ ਹਨ:

ਜੋ ਸਿਮਰਹਿ ਨਰ ਪ੍ਰੇਮ ਸੋਂ ਪਹੁੰਚੇ ਦਰਬਾਰ। *(ਵਾਰ 41, ਪਉੜੀ 18)*

ਜਦ ਪ੍ਰੇਮ ਦੀ ਖਿੱਚ ਮਾਲਕ ਨਾਲ ਬਣ ਜਾਂਦੀ ਹੈ, ਤਦ ਇਹ ਤੋੜਿਆਂ ਟੁੱਟਦੀ ਨਹੀਂ, ਛੱਡਿਆਂ ਛੁੱਟਦੀ ਨਹੀਂ:

ਮੂ ਲਾਲਨ ਸਿਉ ਪ੍ਰੀਤਿ ਬਨੀ॥ਰਹਾਉ॥
ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥੧॥

(ਬਿਲਾਵਲ ਮਹਲਾ ੫, ਪੰਨਾ 827)

ਗੁਰੂ ਨਾਨਕ ਸਾਹਿਬ ਜਪੁ ਜੀ ਸਾਹਿਬ ਵਿਚ ਆਪ ਹੀ ਸਵਾਲ ਕਰਦੇ ਹਨ ਕਿ ਮੂੰਹ ਤੋਂ ਕਿਸ ਤਰ੍ਹਾਂ ਦੇ ਬੋਲ ਬੋਲੇ ਜਾਣ ਕਿ ਮਾਲਕ ਨਾਲ ਬਣ ਆਵੇ ? ਫਿਰ ਜੁਆਬ ਵੀ ਆਪ ਹੀ ਦੇ ਰਹੇ ਹਨ ਕਿ ਜੇਕਰ ਉਸ ਦੇ ਨਾਮ ਦੀ ਵਡਿਆਈ ਵਿਚਾਰ ਕੀਤੀ ਜਾਵੇ ਤਾਂ ਸਾਡੀ ਪ੍ਰੀਤਮ ਨਾਲ ਪ੍ਰੀਤ ਬਣ ਆਉਂਦੀ ਹੈ। ਪ੍ਰਭੂ-ਪਰਮਾਤਮਾ ਸਦਾ-ਥਿਰ ਰਹਿਣ ਵਾਲਾ ਹੈ, ਉਸ ਦੇ ਨਿਯਮ ਵੀ ਅਟੱਲ ਹਨ। ਉਸ ਦੀ ਭਾਸ਼ਾ ਪ੍ਰੇਮ ਹੈ। ਪ੍ਰੇਮ ਬੋਲ ਹੀ ਉਸ ਨਾਲ ਮਿਲਾਪ ਦੇ ਸਾਧਨ ਹਨ:

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥...
ਮੁਹੌਂ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ *(ਜਪੁ ਜੀ, ਪੰਨਾ 2)*

ਪਰ ਇਹ ਬੋਲ ਧੁਰ ਦਿਲ ਤੋਂ ਹੋਣੇ ਚਾਹੀਦੇ ਹਨ ਨਾ ਕਿ ਦਿਮਾਗ਼ੀ ਸੱਤਾ ਤੋਂ, ਆਪਣੀ ਸਿਆਣਪ-ਚਤੁਰਾਈ ਨਾਲ ਪ੍ਰੀਤਮ ਨਾਲ ਪ੍ਰੀਤ ਨਹੀਂ ਬਣਦੀ। ਜਿਨ੍ਹਾਂ ਦੇ ਮਨ ਵਿਚ ਹੋਰ ਤੇ ਮੁੱਖ ਵਿਚ ਹੋਰ ਬੋਲ ਹਨ, ਉਹ ਕੱਚੇ ਹਨ:

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥

(ਆਸਾ ਸੇਖ ਫਰੀਦ ਜੀ, ਪੰਨਾ 488)

ਪ੍ਰਭੂ ਦਾ ਦੂਸਰਾ ਨਾਂ ਪ੍ਰੇਮ ਹੈ। ਪ੍ਰੇਮ ਜਜ਼ਬਾ ਹੈ, ਕਬਜ਼ਾ ਨਹੀਂ, ਜਿਸ ਨੂੰ ਅਨੁਭਵ ਕੀਤਾ ਜਾ ਸਕਦਾ ਹੈ, ਬਿਆਨ ਨਹੀਂ। ਪ੍ਰੇਮ ਦੀ ਖਿੱਚ ਹਰੇਕ ਵਿਚ ਹੁੰਦੀ ਹੈ। ਸਾਰਾ ਬ੍ਰਹਿਮੰਡ ਪ੍ਰੇਮ ਦੀ ਖਿੱਚ ਦਾ ਬੱਝਾ ਹੋਇਆ ਪ੍ਰੇਮ ਖੇਡ, ਖੇਡ ਰਿਹਾ ਹੈ। ਸੂਰਜ, ਚੰਦ, ਤਾਰੇ, ਧਰਤੀ, ਜੀਵ-ਜੰਤ, ਸਭ ਪ੍ਰੇਮ ਦੀ ਖੇਡ ਵਿਚ ਬੱਧੇ ਹੋਏ ਹਨ। ਪ੍ਰੇਮ, ਪ੍ਰੀਤ ਦਾ ਜਜ਼ਬਾ ਹਰ ਇਨਸਾਨ 'ਚ ਹੁੰਦਾ ਹੈ। ਪ੍ਰੇਮ ਜ਼ਿੰਦਗੀ ਹੈ। ਜਿਸ ਵਿਅਕਤੀ ਵਿਚ ਪ੍ਰੇਮ-ਬਿਰਹਾ ਵੈਰਾਗ ਦਾ ਜਜ਼ਬਾ ਨਹੀਂ, ਉਹ ਤਾਂ ਇਕ ਜੀਵਤ ਲੋਥ ਹੈ। ਭਗਤ ਫ਼ਰੀਦ ਜੀ ਕਥਨ ਕਰਦੇ ਹਨ :

ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥

(ਸਲੋਕ ਫਰੀਦ ਜੀ, ਪੰਨਾ 1379)

ਇਹ ਪ੍ਰੇਮ-ਪ੍ਰੀਤ ਦੀ ਗੀਤ ਕੁਦਰਤੀ ਹੋਣ ਕਰਕੇ ਸੰਸਾਰਕ ਵੀ ਹੈ ਤੇ ਸਮਾਜਿਕ ਵੀ। ਸੰਸਾਰ ਦਾ ਹਰ ਜੀਵ ਕਿਸੇ ਨਾ ਕਿਸੇ ਰੂਪ ਵਿਚ ਕਿਸੇ ਦੂਸਰੇ ਨੂੰ ਪ੍ਰੇਮ ਕਰਦਾ ਹੈ। ਪ੍ਰੇਮ ਦੀਆਂ ਵੱਖ-ਵੱਖ ਪੱਧਰਾਂ ਹਨ ਤੇ ਉਮਰ ਦੇ ਪੰਧ ਨਾਲ ਪ੍ਰੇਮ-ਸੰਬੰਧ ਤੇ ਸਥਿਤੀ ਬਦਲਦੀ ਰਹਿੰਦੀ ਹੈ। ਪ੍ਰੇਮ ਦਾ ਇਜ਼ਹਾਰ ਕੇਵਲ ਮਾਨਵ ਜਾਤੀ ਹੀ ਨਹੀਂ ਕਰਦੀ ਸਗੋਂ ਸੰਸਾਰ ਦਾ ਹਰ ਜੀਵ-ਜੰਤੂ, ਜਾਨਵਰ ਤੇ ਬਨਸਪਤੀ ਭੀ ਪ੍ਰੇਮ ਦਾ ਪ੍ਰਗਟਾਅ ਕਿਸੇ ਨਾ ਕਿਸੇ ਰੂਪ ਵਿਚ ਕਰਦੀ ਹੈ। ਅਧਿਆਤਮਕ, ਸਮਾਜਿਕ, ਸੰਸਾਰਕ ਪੱਧਰ 'ਤੇ ਪ੍ਰੀਤਮ ਨਾਲ ਪ੍ਰੀਤ ਕਰਨ 'ਚ ਰੰਗ, ਨਸਲ, ਜਾਤ, ਧਰਮ, ਖੇਤਰ, ਖਾਣ-ਪੀਣ, ਪਹਿਰਾਣ, ਲਿੰਗ ਤੇ ਉਮਰ ਭੇਦ ਆਦਿ ਬੰਧਨ ਨਹੀਂ ਬਣਦੇ। ਪ੍ਰੀਤਮ ਦੀ ਪ੍ਰਾਪਤੀ ਵਾਸਤੇ ਪ੍ਰੇਮੀ ਲਈ ਕੋਈ ਵੀ ਮੁਸ਼ਕਲ-ਮੁਸੀਬਤ, ਰੁਕਾਵਟ ਨਹੀਂ, ਸਭ ਹੁਲਾਸ ਹੀ ਹੁਲਾਸ ਹੈ। ਪ੍ਰੇਮ-ਪੁਜਾਰੀ ਸੰਸਾਰਕ, ਸਮਾਜਿਕ ਬੰਧਨਾਂ ਤੋਂ ਨਿਜਾਤ ਪ੍ਰਾਪਤ ਕਰ ਭਰਮ, ਭੇਖ, ਪਾਖੰਡ ਦਿਖਾਵੇ ਤੋਂ ਸੁਤੰਤਰ ਹੋ, ਦਿਖਾਵੇ ਦੀ ਭਗਤੀ, ਸਿਫ਼ਤਿ-ਸਾਲਾਹ, ਜਪ-ਤਪ, ਤੀਰਥ, ਵਰਤ ਆਦਿ ਸਭ ਨੂੰ ਬੇਕਾਰ ਜਾਣਦਾ ਹੈ। ਉਸ ਨੂੰ ਯਕੀਨ ਹੋ ਜਾਂਦਾ ਹੈ ਕਿ ਕੇਵਲ ਤੇ ਕੇਵਲ ਗੁਰੂ ਦੇ ਮਾਰਗ 'ਤੇ ਚੱਲਿਆਂ ਹੀ ਪ੍ਰੀਤਮ ਦੇ ਦੇਸ਼ ਦੀ ਸੈਰ ਹੋ ਸਕਦੀ ਹੈ। ਜੀਵ-ਜੰਤੂਆਂ ਦੀ ਪ੍ਰੇਮ ਕਹਾਣੀ ਨੂੰ ਭਾਈ ਗੁਰਦਾਸ ਜੀ ਦਰਸਾਉਂਦੇ ਹਨ :

ਦੀਪਕ ਹੇਤੁ ਪਤੰਗ ਦਾ ਜਲ ਮੀਨ ਤਰੰਦਾ।
ਮਿਰਗੁ ਨਾਦ ਵਿਸਮਾਦੁ ਹੈ ਭਵਰ ਕਵਲਿ ਵਸੰਦਾ।
ਚੰਦ ਚਕੋਰ ਪਰੀਤਿ ਹੈ ਦੇਖਿ ਧਿਆਨੁ ਧਰੰਦਾ।
ਚਕਵੀ ਸੂਰਜ ਹੇਤੁ ਹੈ ਸੰਜੋਗੁ ਬਣੰਦਾ।
ਨਾਰਿ ਭਤਾਰ ਪਿਆਰੁ ਹੈ ਮਾਂ ਪੁਤੁ ਮਿਲੰਦਾ।
ਆਪੇ ਆਪਿ ਵਰਤਦਾ ਗੁਰਮੁਖਿ ਪਰਚੰਦਾ ॥੧੭॥ *(ਵਾਰ 2, ਪਉੜੀ 17)*

ਪ੍ਰੇਮ 'ਚ ਕੱਚੇ ਘੜੇ 'ਤੇ ਤਰਿਆ ਜਾ ਸਕਦਾ ਹੈ। ਪ੍ਰੀਤਮ ਦੀ ਪ੍ਰਾਪਤੀ ਵਾਸਤੇ ਮੁਰੀਦ ਮੁਰਦਾ ਖਾਣ, ਮੀਂਹ-ਹਨੇਰੀ, ਹਨੇਰੇ 'ਚ ਕੱਚੀ ਕੰਧ ਉਸਾਰਨ, ਬੁਢੇਪੇ 'ਚ ਸਾਲਾਂ ਬੱਧੀ ਗਾਗਰ ਢੋਣ, ਤੱਤੀ ਤਵੀ 'ਤੇ ਬੈਠਣ, ਦੇਗ 'ਚ ਉਬਾਲੇ ਖਾਣ, ਆਰੇ ਦੇ ਦੰਦਿਆਂ, ਚਰਖੜੀ 'ਤੇ ਚੜ੍ਹਨ, ਆਪਣੇ ਬੱਚਿਆਂ ਦੀਆਂ ਬੋਟੀਆਂ ਦੇ ਹਾਰ ਗਲੇ

'ਚ ਪਵਾਉਣ, ਨੇਜ਼ਿਆਂ 'ਤੇ ਟੰਗਾਉਣ ਤੇ ਖੰਡੇ ਦੀ ਧਾਰ 'ਤੇ ਚੱਲਣ ਲਈ ਤਿਆਰ ਹੋ ਜਾਂਦਾ ਹੈ। ਪ੍ਰੇਮ ਪੁਜਾਰੀ ਤਾਂ ਸੰਸਾਰਕ ਸਜ਼ਾਵਾਂ 'ਚੋਂ ਵੀ ਸਵਰਗੀ ਸੁੱਖ ਪ੍ਰਾਪਤ ਕਰ ਲੈਂਦਾ ਹੈ। ਬਸ ਸ਼ਰਤ ਕੇਵਲ ਪੁਜਾਰੀ ਦੀ ਇਕ ਹੀ ਹੁੰਦੀ ਹੈ ਕਿ ਉਸ ਦੀ ਪ੍ਰੀਤਮ ਤੋਂ ਦੂਰੀ ਨਾ ਪਵੇ। ਪ੍ਰੀਤ-ਪ੍ਰੇਮ ਦਾ ਵਣਜਾਰਾ ਪ੍ਰੀਤਮ ਦਾ ਸਦ ਹਾਜ਼ਰ-ਨਾਜ਼ਰ ਰਹਿਣਾ ਲੋਚਦਾ ਹੈ। ਇਸ ਤਰ੍ਹਾਂ ਹੀ ਸਮਾਜਿਕ-ਸੰਸਾਰਕ ਪ੍ਰੀਤ-ਗਾਥਾ ਨੂੰ ਭਾਈ ਸਾਹਿਬ ਰੂਪਮਾਨ ਕਰਦੇ ਹਨ :

ਲੇਲੈ ਮਜਨੂੰ ਆਸ਼ਕੀ ਚਹੁ ਚਕੀ ਜਾਤੀ।
ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ।
ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ।
ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ।
ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ।
ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ ॥੧॥ *(ਵਾਰ 27, ਪਉੜੀ 1)*

ਪ੍ਰੇਮ ਪੁਜਾਰੀ ਪ੍ਰੀਤਮ ਦੇ ਮਿਲਾਪ ਲਈ ਬਿਖੜੇ ਰਾਹਾਂ ਦਾ ਵੀ ਪਾਂਧੀ ਬਣਦਾ ਹੈ। ਵਿਛੋੜੇ ਰੂਪੀ ਦਰਦ ਨੂੰ ਘੱਟ ਕਰਨ ਵਾਸਤੇ ਉਹ ਮਿਲਾਪ ਰੂਪੀ ਮਲ੍ਹਮ ਦੀ ਵਰਤੋਂ ਕਰਦਾ ਹੈ। ਜਿਵੇਂ ਸੰਸਾਰਕ ਤੌਰ 'ਤੇ ਸੁਹਾਗਣ ਦਾ ਸੁੱਖ ਮਾਨਣ ਵਾਸਤੇ ਸੁਹਾਗਣ ਵਾਲੇ ਗੁਣ ਗ੍ਰਹਿਣ ਕਰਨੇ ਪੈਂਦੇ ਹਨ। ਪ੍ਰੇਮ ਪੁਜਾਰੀ ਨੂੰ ਪ੍ਰੀਤਮ ਦਾ ਅਤਾ-ਪਤਾ ਕਿਸੇ ਪਾਸੋਂ ਪੁੱਛਣ ਦੀ ਲੋੜ ਨਹੀਂ ਪੈਂਦੀ, ਨਾ ਕੋਈ ਆਣ ਕੇ ਦੱਸਦਾ ਹੀ ਹੈ। ਕੀੜਿਆਂ, ਪਤੰਗਿਆਂ ਨੂੰ ਕੋਈ ਮਿਠਾਸ ਤੇ ਦੀਪਕ ਦਾ ਪਤਾ ਨਹੀਂ ਦਰਸਾਉਂਦਾ, ਉਹ ਖ਼ੁਦ ਹੀ ਭਾਲ ਲੈਂਦੇ ਹਨ। ਭਾਈ ਗੁਰਦਾਸ ਜੀ ਸਪੱਸ਼ਟ ਕਰਦੇ ਹਨ :

ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗੁ,
ਪ੍ਰੀਤਮ ਕੇ ਦੇਸ ਕੈਸੇ ਬਾਤਨ ਕੈ ਜਾਈਐ ॥
ਪੂਛਤ ਹੈ ਬੈਦ ਖਾਤ ਅਉਖਧਿ ਨ ਸੰਜਮ ਸੈ,
ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ ॥
ਪੂਛਤ ਸੁਹਾਗਨਿ ਕਰਮ ਹੈ ਦੁਹਾਗਨਿ ਕੈ,
ਰਿਦੈ ਬਿਬਿਚਾਰ ਕਤ ਸਿਹਜਾ ਬੁਲਾਈਐ ॥
ਗਾਏ ਸੁਨੇ ਆਂਖੇ ਮੀਚੇ ਪਾਈਐ ਨ ਪਰਮ ਪਦੁ,
ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ ॥੪੩੯॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਪ੍ਰਭੂ-ਪਰਮਾਤਮਾ ਪ੍ਰੇਮ ਸਰੂਪ ਵੀ ਹੈ। ਜੇਕਰ ਵਾਹਿਗੁਰੂ ਨੂੰ ਪ੍ਰੇਮ ਰੂਪ ਜਾਣ ਕੇ ਉਪਾਸ਼ਨਾ ਕੀਤੀ ਜਾਵੇ, ਤਦ ਵੈਰ, ਵਿਰੋਧ, ਈਰਖਾ, ਦਵੈਸ਼, ਹਉਮੈ, ਹੰਕਾਰ, ਖ਼ੁਦੀ-ਖ਼ੁਦਗ਼ਰਜ਼ੀ ਸਭ ਖ਼ਤਮ ਹੋ ਜਾਂਦੇ ਹਨ। ਅਜਿਹੀ ਅਵਸਥਾ 'ਚ ਪ੍ਰੇਮ ਪੁਜਾਰੀ ਪ੍ਰੇਮੀ ਪ੍ਰੀਤਮ ਨਾਲੋਂ ਆਪਣੇ ਆਪ ਨੂੰ ਵੱਖ ਨਹੀਂ ਸਮਝਦਾ :

ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ ॥੨॥

(ਪ੍ਰਭਾਤੀ ਮਹਲਾ ੧, ਪੰਨਾ 1330)

ਫਿਰ ਪ੍ਰੀਤਮ-ਪ੍ਰਭੂ ਹਾਜ਼ਰ-ਨਾਜ਼ਰ ਨਜ਼ਰੀਂ ਆਉਂਦਾ ਹੈ ਜਿਵੇਂ ਚਕਵੀ ਨੂੰ ਸੂਰਜ ਨਾਲ ਪ੍ਰੀਤ ਹੈ, ਇਸ ਪ੍ਰੀਤ ਵਿਚ ਦੂਰੀ ਕੋਈ ਸਮੱਸਿਆ ਨਹੀਂ; ਸਗੋਂ ਚਕਵੀ ਸੂਰਜ ਨੂੰ ਅੰਗ-ਸੰਗ ਜਾਣਦੀ ਹੈ :

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ ॥
ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ ॥

(ਸਿਰੀਰਾਗੁ ਮਹਲਾ ੧, ਪੰਨਾ 60)

ਜਿਸ ਪਾਸ ਪ੍ਰੀਤ ਦੀ ਚਿਣਗ ਨਹੀਂ, ਉਹ ਮਨੁੱਖ ਸਾਹਸਤ ਹੀਣ, ਕਮਜ਼ੋਰ ਤੇ ਮ੍ਰਿਤਕ ਦੇ ਸਮਾਨ ਹੈ ਭਾਵੇਂ ਕਿ ਉਹ ਸੰਸਾਰਕ ਤੌਰ 'ਤੇ ਸੁਨੱਖਾ, ਵੱਡਾ ਖ਼ਾਨਦਾਨੀ, ਸਿਆਣਾ ਤੇ ਚੋਟੀ ਦਾ ਗਿਆਨੀ ਜਾਂ ਧਨਵਾਨ ਵੀ ਕਿਉਂ ਨਾ ਹੋਵੇ :

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥

(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ 253)

ਪਰ ਗੁਰਬਾਣੀ 'ਚ ਇਹ ਸ਼ਬਦ ਸਾਧਾਰਨ ਅਰਥਾਂ ਵਿਚ ਨਹੀਂ ਵਰਤਿਆ ਗਿਆ, ਅਧਿਆਤਮਕ ਅਰਥਾਂ ਵਿਚ ਹੀ ਇਸ ਸ਼ਬਦ ਦੀ ਵਰਤੋਂ ਹੋਈ ਹੈ। ਪ੍ਰੇਮ ਦੀ ਖੇਡ ਸੰਸਾਰਕ ਪੱਧਰ 'ਤੇ ਖੇਡਣੀ ਬੜੀ ਆਸਾਨ ਤੇ ਸੁਖਾਲੀ ਲੱਗਦੀ ਹੈ ਪਰ ਅਧਿਆਤਮਿਕ ਪੱਧਰ 'ਤੇ ਇਹ ਖੰਡੇ ਦੀ ਧਾਰ 'ਤੇ ਚੱਲਣ ਸਮਾਨ ਹੈ। ਤਦ ਵੀ ਜਿਨ੍ਹਾਂ ਦਾ ਪ੍ਰੇਮ ਪ੍ਰੀਤਮ ਨਾਲ ਬਣ ਜਾਵੇ, ਉਹ ਫਿਰ ਵਿਛੋੜਾ ਨਹੀਂ ਝੱਲ ਸਕਦੇ :

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥

(ਬਾਰਹ ਮਾਹਾ ਮਾਂਝ ਮਹਲਾ ੫, ਪੰਨਾ 133)

ਪ੍ਰੇਮ ਸਥੂਲ ਰੂਪ 'ਚ ਵੀ ਹੁੰਦਾ ਹੈ ਤੇ ਸੂਖਮ ਰੂਪ ਵਿਚ ਵੀ। ਸਮਾਜਿਕ ਰਿਸ਼ਤੇ-ਨਾਤਿਆਂ 'ਚ ਪ੍ਰੇਮ ਇਕ ਪ੍ਰਮੁੱਖ ਕੜੀ ਹੈ। ਇਸਤਰੀ ਪੁਰਖ ਦੇ ਸੰਬੰਧ ਵੀ ਪ੍ਰੇਮ 'ਤੇ ਨਿਰਭਰ ਹਨ। ਇਹ ਪ੍ਰੇਮ ਕੇਵਲ ਵਾਸ਼ਨਾ ਪੂਰਤੀ ਨਹੀਂ, ਇਸ ਵਿਚ ਸੂਖਮ ਮਿਲਾਪ ਦਾ ਅਨੁਭਵ ਵੀ ਹੈ। ਪਤੀ ਪਤਨੀ ਇਕ ਹੀ ਸਰੀਰ ਦੇ ਦੋ ਅੰਗ ਹਨ, ਜੋ ਵਿਛੜੇ ਹੋਣ ਕਰਕੇ ਮਿਲਣਾ ਲੋਚਦੇ ਹਨ। ਇਕ ਹੋਣ ਦਾ ਅਨੁਭਵ-ਅਹਿਸਾਸ ਹੀ ਅਸਲ ਮਿਲਾਪ ਹੈ। ਪਤੀ ਪਰਮਾਤਮਾ ਹੈ ਤੇ ਪਤਨੀ ਜੀਵ-ਇਸਤਰੀ। ਇਹ ਮਿਲਾਪ ਵੀ ਵਿਸਮਾਦ ਦੇ ਛਿੰਨ ਹੁੰਦੇ ਹਨ ਜਿਨ੍ਹਾਂ ਨੂੰ ਵਿਅਕਤ ਨਹੀਂ ਕੀਤਾ ਜਾ ਸਕਦਾ। ਕਾਮ ਦੀ ਸੰਸਾਰਕ ਬਿਰਤੀ ਵਾਸ਼ਨਾ ਹੈ ਤੇ ਅਧਿਆਤਮਕ ਬਿਰਤੀ ਪ੍ਰੇਮ ਹੈ।

ਪ੍ਰੋ. ਪੂਰਨ ਸਿੰਘ ਦੇ ਕਥਨ ਅਨੁਸਾਰ ਸੁਆਰਥ ਦੀ ਭਾਵਨਾ ਅੰਦਰ ਵਾਸ਼ਨਾ ਹੈਵਾਨ ਹੈ। ਹੈਵਾਨ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਵਿੱਚੋਂ ਨਿਰੋਲ ਪ੍ਰੇਮ ਵਰਸਣ ਲੱਗ ਜਾਂਦਾ ਹੈ। ਪ੍ਰੇਮ ਕੋਈ ਲੈਣ-ਦੇਣ ਦਾ ਵਾਪਾਰ ਨਹੀਂ; ਇਹ ਭੋਗ-ਵਿਲਾਸ ਵੀ ਨਹੀਂ, ਇਹ ਤਾਂ ਮਿਲਾਪ ਹੈ, ਅਜਿਹਾ ਪ੍ਰੇਮ ਹੀ ਪ੍ਰੇਮਾ-ਭਗਤੀ 'ਚ ਤਬਦੀਲ ਹੋ ਜਾਂਦਾ ਹੈ। ਪ੍ਰੇਮ ਦੋਹਾਂ 'ਚ ਪੈਦਾ ਹੁੰਦਾ ਹੈ ਫਿਰ ਮਿਲ ਕੇ ਇਕ ਹੋ ਜਾਂਦਾ ਹੈ। ਪ੍ਰੇਮ ਦਾ ਵਿਸ਼ਾ ਸਦੀਆਂ ਪੁਰਾਣਾ ਹੁੰਦਾ ਹੋਇਆ ਵੀ ਹਰ ਸਮੇਂ ਨਵੀਨ ਹੈ। ਪ੍ਰੇਮ ਵਰਤਮਾਨ ਦੀ ਭਾਸ਼ਾ

ਹੈ। ਪ੍ਰੇਮ ਨੂੰ ਪ੍ਰਗਟਾਉਣ ਲਈ ਗੁਰਬਾਣੀ 'ਚ ਬਹੁਤ ਸਾਰੀਆਂ ਉਦਾਹਰਣਾਂ ਹਨ, ਜਿਵੇਂ ਪਾਣੀ ਤੇ ਕੰਵਲ, ਜਲ ਤੇ ਦੁੱਧ, ਪਾਣੀ ਤੇ ਮਛਲੀ, ਚਾਤ੍ਰਿਕ ਤੇ ਪਾਣੀ, ਚਕਵੀ ਤੇ ਸੂਰਜ ਆਦਿ। ਗੁਰਬਾਣੀ ਸਪੱਸ਼ਟ ਸੰਕੇਤ ਕਰਦੀ ਹੈ:

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ॥

(ਸਿਰੀਰਾਗੁ ਮਹਲਾ ੧, ਪੰਨਾ 59)

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ॥
ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ॥

(ਸਿਰੀਰਾਗੁ ਮਹਲਾ ੧, ਪੰਨਾ 60)

ਪ੍ਰੇਮ ਤੇ ਮੋਹ 'ਚ ਬਹੁਤ ਅੰਤਰ ਹੈ ਪਰ ਅਸੀਂ ਲੋਕਾਂ ਨੇ ਅਗਿਆਨਤਾ ਵੱਸ ਇਨ੍ਹਾਂ ਦੋਨਾਂ ਨੂੰ ਇਕ ਹੀ ਸਮਝ ਲਿਆ ਹੈ। ਮੋਹ ਵਿਕਾਰ ਹੈ ਪਰ ਪ੍ਰੇਮ ਨਿਰੰਕਾਰ ਨੂੰ ਮਿਲਣ ਦਾ ਸਾਧਨ ਹੈ। ਮੋਹ ਤੋੜਦਾ ਹੈ, ਪ੍ਰੇਮ ਜੋੜਦਾ ਹੈ। ਮੋਹ ਪੰਜ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ 'ਚ ਸ਼ਾਮਲ ਇਕ ਵਿਕਾਰ ਹੈ, ਪਰ ਪ੍ਰੇਮ ਸਦਗੁਣ ਹੈ। ਮੋਹ ਤਾਂ ਖੂਹ ਹੈ, ਜਿਸ ਵਿੱਚੋਂ ਨਿਕਲਣਾ ਮੁਸ਼ਕਲ ਹੈ, ਸੰਸਾਰਕ, ਪਰਿਵਾਰਕ ਮੋਹ ਤਾਂ ਦਲਦਲ ਦੀ ਨਿਆਈਂ ਹੈ ਜਿਸ ਵਿੱਚੋਂ ਸਾਬਤ ਨਿਕਲਣਾ ਸੂਰਮਿਆਂ ਦਾ ਕਰਮ ਹੈ:

ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥੧॥

(ਆਸਾ ਮਹਲਾ ੧, ਪੰਨਾ 12)

ਗੁਰਬਾਣੀ ਦੀ ਨਿਮਨ-ਲਿਖਤ ਪੰਕਤੀ ਇਨ੍ਹਾਂ ਸ਼ਬਦਾਂ ਨੂੰ ਨਿਖੇੜ ਕੇ ਸਮਝਾਉਂਦੀ ਹੈ:

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥੧॥

(ਸੋਰਠਿ ਰਵਿਦਾਸ ਜੀ, ਪੰਨਾ 658)

ਮੋਹ 'ਚ ਕਬਜ਼ੇ ਦੀ ਭਾਵਨਾ ਹੈ, ਪ੍ਰੇਮ 'ਚ ਤਿਆਗ ਦੀ ਬਿਰਤੀ ਹੈ। ਪ੍ਰੇਮ 'ਚ ਨਿਮਰਤਾ, ਗ਼ਰੀਬੀ, ਸਮਰਪਣ ਦੀ ਭਾਵਨਾ ਹੈ, ਆਪਾ ਨਿਛਾਵਰ ਕਰਨ ਦੀ ਗੱਲ ਹੈ। ਸੰਸਾਰ ਦੇ ਕਰਤੇ ਨੂੰ ਮਿਲਣ ਲਈ ਹਉਮੈ, ਹੰਕਾਰ ਦੀਆਂ ਦੀਵਾਰਾਂ ਨੂੰ ਤੋੜਨਾ ਪਵੇਗਾ। ਪਾਖੰਡਾਂ, ਭੇਖਾਂ, ਵਿਖਾਵੇ ਦਾ ਤਿਆਗ ਕਰ ਕੇ, ਪ੍ਰੇਮ ਦੇ ਮਾਰਗ 'ਤੇ ਚੱਲ ਕੇ ਕਰਤੇ ਦੀ ਕੁਦਰਤ ਨੂੰ ਪਿਆਰ ਕਰਦਿਆਂ ਇਕਮਿਕ ਹੋਣਾ ਹੈ, ਇਹ ਇਸ ਪਾਵਨ ਪੰਕਤੀ ਦਾ ਪ੍ਰੇਮ ਸੰਦੇਸ਼ੜਾ ਹੈ। ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਭੂ-ਪਰਮਾਤਮ ਪ੍ਰੇਮ ਸਰੂਪ ਹੈ:

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥੮੦॥ *(ਜਾਪੁ ਸਾਹਿਬ)*

ਹਰ ਮਾਨਵ ਸੁਖ, ਸ਼ਾਂਤੀ, ਸਹਿਜ ਲੋਚਦਾ ਹੈ। ਇਸ ਲੋਚਾ ਦਾ ਸਰੋਤ ਕੇਵਲ ਤੇ ਕੇਵਲ ਪ੍ਰੇਮ ਹੀ ਹੈ। ਪ੍ਰੇਮ ਮਿਲਾਪ ਦਾ ਸਾਧਨ ਹੈ। ਮਿਲਾਪ 'ਚ ਸੁੱਖ ਹੈ। ਵਿਛੋੜੇ

'ਚ ਦੁੱਖ ਹੈ। ਸੰਸਾਰਕ ਸੁੱਖਾਂ ਵਾਸਤੇ ਆਪਸੀ ਮਿਲਵਰਤਨ, ਪ੍ਰੇਮ ਪਿਆਰ ਦੀ ਜਿਵੇਂ ਜ਼ਰੂਰਤ ਹੈ, ਇਸ ਤਰ੍ਹਾਂ ਹੀ ਸਦੀਵ ਸੁਖ-ਸ਼ਾਂਤੀ, ਸਹਿਜ, ਅਨੰਦ, ਖੇੜੇ ਵਾਸਤੇ ਪ੍ਰੇਮਾ-ਭਗਤੀ ਇੱਕੋ ਇਕ ਰਸਤਾ, ਸਰਲ ਤੇ ਸਪੱਸ਼ਟ ਪ੍ਰੀਤ ਦਾ ਮਾਰਗ ਹੈ, ਜਿਸ ਵਿਚ ਪ੍ਰਾਪਤੀ ਹੀ ਪ੍ਰਾਪਤੀ ਹੈ, ਖ਼ਰਚਾ, ਖੱਜਲ-ਖ਼ੁਆਰੀ ਕੋਈ ਨਹੀਂ।

ਸੰਪੂਰਨ ਤੌਰ 'ਤੇ ਹਰ ਮਾਨਵ ਧਨ, ਦੌਲਤ, ਖ਼ੂਬਸੂਰਤੀ, ਤਾਕਤ, ਹਕੂਮਤ ਆਦਿ ਨੂੰ ਪ੍ਰਾਪਤ ਕਰਨਾ ਲੋਚਦਾ ਹੈ ਪਰ ਇਨ੍ਹਾਂ ਦੀ ਪ੍ਰਾਪਤੀ ਨਾਲ ਮਨੁੱਖ ਨੂੰ ਸੁੱਖ ਨਹੀਂ ਨਸੀਬ ਹੁੰਦਾ, ਸਗੋਂ ਇਹ ਚੀਜ਼ਾਂ ਮਨੁੱਖ ਨੂੰ ਹਉਮੈ ਵਿਚ ਫਸਾ ਕੇ ਹੰਕਾਰੀ ਬਣਾ ਦੇਂਦੀਆਂ ਹਨ। ਪ੍ਰੇਮ 'ਚ ਇਹ ਸ਼ਕਤੀਆਂ ਵੀ ਨੁਕਸਾਨਦੇਹ ਨਹੀਂ, ਗੁਣਕਾਰੀ ਹੋ ਜਾਂਦੀਆਂ ਹਨ। ਸ਼ਾਹੀ ਮਹੱਲਾਂ ਨਾਲੋਂ ਝੌਂਪੜੀ ਚੰਗੀ ਲੱਗਦੀ ਹੈ ਜਿਥੇ ਪ੍ਰੇਮ ਹੈ। ਪ੍ਰੇਮ ਦਾ ਅਹਿਸਾਸ ਪ੍ਰੀਤਮ ਨੂੰ ਮਿਲਣ ਨਾਲ ਹੁੰਦਾ ਹੈ, ਜਿਸ ਦੇ ਅੰਦਰ ਪੀੜਾ ਰੂਪੀ ਵੈਰਾਗ ਪੈਦਾ ਨਹੀਂ ਹੁੰਦਾ, ਉਸ ਨੂੰ ਪ੍ਰੇਮ ਰੂਪ ਦਵਾਈ ਦੀ ਜ਼ਰੂਰਤ ਨਹੀਂ। ਪ੍ਰੇਮ ਵਾਸ਼ਨਾ ਨਹੀਂ, ਵਾਸ਼ਨਾ 'ਚ ਕਾਮ ਹੈ। ਵਾਸ਼ਨਾ ਅੰਧਕਾਰਮਈ ਹੈ ਜਦ ਕਿ ਪ੍ਰੇਮ ਪ੍ਰਕਾਸ਼ਮਈ ਹੈ। ਪ੍ਰੇਮ ਦੇ ਪ੍ਰਾਪਤ ਹੋਣ ਦੀ ਪਹਿਲੀ ਸ਼ਰਤ ਦਰਸ਼ਨ, ਦੂਸਰੀ ਵਿਚਾਰ-ਚਰਚਾ ਤੇ ਤੀਸਰੀ ਪਿਆਰ ਹੈ। ਪ੍ਰੇਮ ਦਿਲ ਤੋਂ ਹੁੰਦਾ ਹੈ, ਦਿਮਾਗ਼ ਤੋਂ ਨਹੀਂ। ਪ੍ਰੇਮ ਇਕ ਰਾਗ ਹੈ ਜੋ ਕਦੇ ਵੀ ਫ਼ਨਾਹ ਨਹੀਂ ਹੁੰਦਾ। ਪ੍ਰੇਮ ਦੀ ਪਰਿਭਾਸ਼ਾ ਤਾਂ ਪ੍ਰੇਮ ਪੁਜਾਰੀ ਬੁਲਬੁਲ, ਭਮੱਕੜ, ਚਕਵੀ ਅਤੇ ਚਾਤ੍ਰਿਕ ਤੋਂ ਹੀ ਪੁੱਛੀ ਜਾ ਸਕਦੀ ਹੈ। ਪ੍ਰੀਤਮ-ਪਿਆਰੇ ਨਾਲ ਪ੍ਰੇਮ ਦੀ ਸਾਂਝ ਗੁਰੂ ਅੰਗਦ ਦੇਵ ਜੀ ਬਿਆਨ ਕਰਦੇ ਹਨ:

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥

(ਵਾਰ ਸਿਰੀਰਾਗੁ, ਮਹਲਾ ੨, ਪੰਨਾ 83)

ਪ੍ਰੇਮ ਪ੍ਰੀਤ ਦਾ ਗੀਤ ਗੁਰੂ ਅਰਜਨ ਦੇਵ ਜੀ ਨੇ ਗਾ ਕੇ ਦਿਖਾਇਆ, ਜਦ ਉਹ ਤੱਤੀ ਤਵੀ 'ਤੇ ਚੌਂਕੜਾ ਮਾਰ ਵਿਸਮਾਦੀ ਅਵਸਥਾ 'ਚ ਉਚਾਰਦੇ ਹਨ:

ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ *(ਆਸਾ ਮਹਲਾ ੫, ਪੰਨਾ 394)*

ਪ੍ਰੇਮ ਬਾਦਸ਼ਾਹ ਤੇ ਭਿਖਾਰੀ ਨੂੰ ਇਕ-ਸਮਾਨ ਰੂਪ ਜਾਂ ਦਰਜੇ ਵਿਚ ਹੁੰਦਾ ਹੈ। ਪ੍ਰੇਮੀ ਹੁਕਮ ਨਹੀਂ ਕਰਦਾ ਸਗੋਂ ਹੁਕਮੀ ਬੰਦਾ ਬਣਦਾ ਹੈ। ਪ੍ਰੇਮੀ ਪ੍ਰੀਤਮ ਦੇ ਸੁੱਖ ਵਾਸਤੇ ਆਪਾ ਨਿਛਾਵਰ ਕਰ ਦੇਂਦਾ ਹੈ। ਪ੍ਰੇਮੀ ਪ੍ਰੇਮ ਨੂੰ ਛੁਪਾ ਨਹੀਂ ਸਕਦਾ। ਪ੍ਰੇਮ ਦੀ ਕਹਾਣੀ ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਜੀ ਦੀ ਪ੍ਰੀਤ ਵਿੱਚੋਂ ਪ੍ਰਾਪਤ ਹੁੰਦੀ ਹੈ ਜਦ ਭਾਈ ਮਰਦਾਨਾ ਜੀ ਕਹਿੰਦੇ, "ਤੂ ਨਿਰੰਕਾਰ ਦਾ ਡੂਮ, ਮੈਂ ਤੇਰਾ ਡੂਮ, ਇਸ ਵਿਚ ਅੰਤਰ ਕੀ ਹੈ?" ਗੁਰਬਾਣੀ 'ਚ ਸਿੱਖ ਭਾਵਨਾ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਗਿਆ ਹੈ:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥
ਕਨਕ ਕਟਿਕ ਜਲ ਤਰੰਗ ਜੈਸਾ ॥੧॥ *(ਸਿਰੀਰਾਗੁ ਰਵਿਦਾਸ ਜੀ, ਪੰਨਾ 93)*

ਪ੍ਰੇਮ ਇਕ ਅਲੌਕਿਕ ਨਸ਼ਾ ਹੈ, ਖ਼ੁਮਾਰੀ ਹੈ, ਵਿਸਮਾਦੀ ਭਾਵਨਾ ਹੈ, ਖਿੜਾਓ

ਹੈ, ਜਿਸ ਨੂੰ ਮਾਣਿਆ ਜਾ ਸਕਦਾ ਹੈ, ਦਰਸਾਇਆ ਨਹੀਂ ਜਾ ਸਕਦਾ। ਪ੍ਰੇਮ ਦੀ ਖ਼ੁਮਾਰੀ ਪ੍ਰਾਪਤ ਕਰਨ ਵਾਸਤੇ ਆਪਾ ਵਾਰਨਾ ਪੈਂਦਾ ਹੈ। ਪਹਿਲੀ ਸ਼ਰਤ ਹੈ ਆਪਣੀ ਹੋਂਦ-ਹਸਤੀ ਤੇ ਪਹਿਚਾਣ ਨੂੰ ਪ੍ਰੀਤਮ 'ਚ ਅਭੇਦ ਕਰਨਾ। ਪ੍ਰੇਮ ਦੀ ਖੇਡ ਹੋਰ ਖੇਡਾਂ ਦੇ ਸਾਮਾਨ ਜਾਂ ਸਾਜ਼ਾਂ ਨਾਲ ਨਹੀਂ ਖੇਡੀ ਜਾਂਦੀ। ਇਹ ਤਾਂ ਸੀਸ ਭੇਂਟ ਕਰਨ ਦੀ ਖੇਡ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥

(ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਪੰਨਾ 1412)

ਸੱਚਾ ਪ੍ਰੇਮ ਖ਼ੁਦੀ ਦਾ ਤਿਆਗ ਹੈ। ਐਸੇ ਮਿਲਾਪ ਨੂੰ ਰੂਪਮਾਨ ਕਰਨਾ ਹੈ ਜਿਸ ਵਿਚ ਵਿਛੋੜੇ ਦੀ ਗੁੰਜਾਇਸ਼ ਹੀ ਨਹੀਂ। ਇਹ ਐਸੀ ਕਸ਼ਿਸ਼ ਹੈ ਜੋ ਤੋੜਿਆਂ ਵੀ ਟੁੱਟਦੀ ਨਹੀਂ, ਛੱਡਿਆਂ ਵੀ ਛੱਡੀ ਨਹੀਂ ਜਾਂਦੀ। ਪਾਵਨ ਕਥਨ ਹੈ :

ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥੧॥

(ਬਿਲਾਵਲੁ ਮਹਲਾ ੫, ਪੰਨਾ 827)

ਤਲਵਾਰ ਜਿੰਦ-ਨਰਜਿੰਦ ਦੇ ਟੁਕੜੇ-ਟੁਕੜੇ ਕਰ ਦੇਂਦੀ ਹੈ ਪਰ ਪ੍ਰੇਮ-ਸ਼ਕਤੀ ਟੁਕੜਿਆਂ ਨੂੰ ਜੋੜ ਦੇਂਦੀ ਹੈ। ਹਿੰਦੀ ਦੇ ਕਵੀ ਰਹੀਮ ਜੀ ਦਾ ਕਥਨ ਹੈ ਕਿ ਪ੍ਰੇਮ ਦੇ ਧਾਗੇ ਨੂੰ ਤੋੜਨਾ ਨਹੀਂ ਚਾਹੀਦਾ। ਜੇਕਰ ਇਹ ਟੁੱਟ ਜਾਵੇ ਤਾਂ ਇਸ ਵਿਚ ਗੰਢ ਪੈ ਜਾਂਦੀ ਹੈ :

ਰਹਿਮਨ ਧਾਗਾ ਪ੍ਰੇਮ ਕਾ ਮਤ ਤੋੜੋ ਝਟਕਾਏ।
ਟੂਟੈ ਸੇ ਫਿਰ ਨ ਮਿਲੇ ਮਿਲੇ ਗਾਠ ਪੜ ਜਾਏ। *(ਦੋਹੜੇ ਕਵੀ ਰਹੀਮ)*

ਪ੍ਰੇਮ ਨਾ ਗ਼ਰਜ਼ ਪੂਰਤੀ ਹੈ, ਨਾ ਖ਼ੁਦਗ਼ਰਜ਼ੀ। ਪ੍ਰੇਮ ਤਾਂ ਪ੍ਰੀਤਮ ਦੀ ਪ੍ਰਾਪਤੀ ਹੈ। ਪ੍ਰੀਤਮ ਦੀ ਯਾਦ ਹਰਦਮ ਹੋਣ ਨਾਲ ਪ੍ਰੀਤਮ ਦਾ ਰੰਗ ਪ੍ਰੇਮੀ 'ਤੇ ਚੜ੍ਹ ਜਾਂਦਾ ਹੈ। ਪ੍ਰੇਮੀ 'ਚ ਪ੍ਰੀਤਮ ਵਾਲੇ ਤੇ ਪ੍ਰੀਤਮ 'ਚ ਪ੍ਰੇਮੀ ਵਾਲੇ ਗੁਣ ਤਬਦੀਲ ਹੋ ਜਾਂਦੇ ਹਨ। ਫਿਰ ਇਹ ਅਵਸਥਾ 'ਆਪੇ ਗੁਰ ਚੇਲਾ' ਵਾਲੀ ਹੋ ਨਿੱਬੜਦੀ ਹੈ। ਇਹ ਅਵਸਥਾ ਹੈ ਜਿਥੇ ਗੁਰੂ ਚੇਲੇ ਨੂੰ ਨਮਸਕਾਰ ਕਰਦਾ ਹੈ। ਇਹ ਅਵਸਥਾ ਹੈ, ਜਿਥੇ ਗੁਰੂ ਪਿਆਰੇ ਪਾਸੋਂ ਪ੍ਰੇਮ ਰੂਪੀ ਅੰਮ੍ਰਿਤ ਦੀ ਦਾਤ ਮੰਗਦਾ ਹੈ ਆਪਣੇ ਆਪ ਨੂੰ ਅਭੇਦ ਕਰਨ ਲਈ। ਸੰਸਾਰਕ ਤੌਰ 'ਤੇ ਜਿਥੇ ਬਹੁਤ ਪਿਆਰ ਹੋਵੇ, ਉਥੇ ਇੱਕੋ ਬਰਤਨ 'ਚ ਖਾਣਾ ਖਾ ਲਿਆ ਜਾਂਦਾ ਹੈ ਪਰ ਅਧਿਆਤਮਕ ਤੌਰ 'ਤੇ ਪ੍ਰੀਤਮ ਦੇ ਪ੍ਰੇਮ ਪਿਆਰ ਵਿਚ ਇੱਕੋ ਬਾਟੇ 'ਚੋਂ ਸਮੁੱਚੀ ਲੋਕਾਈ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ। ਪ੍ਰੇਮ 'ਚ ਸਮਰਪਣ ਹੈ, ਲਾਲਚ ਨਹੀਂ। ਬਾਬਾ ਫ਼ਰੀਦ ਜੀ ਦੇ ਬਚਨ ਹਨ :

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥

(ਸਲੋਕ ਫਰੀਦ ਜੀ, ਪੰਨਾ 1378)

ਪ੍ਰੇਮੀ ਸਾਹ-ਸਤਹੀਨ ਨਹੀਂ ਹੁੰਦਾ, ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਵਿਚਰਦਾ ਹੈ। ਪ੍ਰੀਤਮ ਨੂੰ ਮਿਲਣ ਵਾਸਤੇ ਉਸ ਵਿਚ ਇਤਨੀ ਸ਼ਕਤੀ, ਭਰੋਸਾ ਤੇ ਸ੍ਵੈ-ਵਿਸ਼ਵਾਸ ਹੁੰਦਾ ਹੈ ਕਿ ਕੋਈ ਸੰਸਾਰਕ ਰੁਕਾਵਟ ਉਸ ਦੇ ਰਸਤੇ ਦਾ ਰੋੜਾ ਨਹੀਂ ਬਣ ਸਕਦੀ। ਬਾਬਾ ਫ਼ਰੀਦ ਜੀ ਦੇ ਪ੍ਰੇਮ ਦੇ ਭਿੱਜੇ ਬਚਨ ਹਨ :

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥੨੪॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥੨੫॥

(ਸਲੋਕ ਫਰੀਦ ਜੀ, ਪੰਨਾ 1379)

ਪ੍ਰੀਤਮ ਨਾਲ ਪ੍ਰੇਮ ਹੋਣ 'ਤੇ ਮਨੁੱਖ ਹਰ ਸਮੇਂ ਨਿੰਮ੍ਹਾ-ਨਿੰਮ੍ਹਾ ਹੱਸਦਾ ਹੈ, ਮੁਸਕਰਾਉਂਦਾ ਹੈ ਤੇ ਗੁਣਗੁਣਾਉਂਦਾ ਹੈ। ਪ੍ਰੇਮ ਦੀ ਭਾਸ਼ਾ ਮੂਕ ਹੈ, ਇਸ ਨੂੰ ਲਿਪੀ ਦੇ ਰੂਪ 'ਚ ਨਹੀਂ ਲਿਖਿਆ ਜਾ ਸਕਦਾ। ਪ੍ਰੇਮ ਇਕ ਸ਼ਕਤੀ ਹੈ, ਭਗਤੀ ਹੈ ਜੋ ਦੋ ਨੂੰ ਇਕ ਕਰ ਦੇਂਦੀ ਹੈ! ਪ੍ਰੇਮੀ ਆਸ਼ਾਵਾਦੀ ਹੁੰਦਾ ਹੈ। ਆਸ਼ਾਵਾਦੀ ਹੋਣ ਕਰਕੇ ਹੀ ਉਹ ਮੁਸ਼ਕਲ-ਮੁਸੀਬਤ ਨੂੰ ਖਿੜੇ-ਮੱਥੇ ਪ੍ਰਵਾਨ ਕਰ, ਪ੍ਰਵਾਨ ਚੜ੍ਹਦਾ ਹੈ। ਪ੍ਰੇਮੀ ਭੋਗੀ ਨਹੀਂ ਹੁੰਦਾ, ਉਹ ਯੋਗੀ ਬਣ ਜਾਂਦਾ ਹੈ, ਪ੍ਰੀਤਮ ਨਾਲ ਜੁੜ ਕੇ। ਪਿਆਰ ਕੀਤਾ ਨਹੀਂ ਜਾਂਦਾ, ਇਹ ਹੋ ਜਾਂਦਾ ਹੈ। ਪ੍ਰੇਮ ਬਜ਼ਾਰੀ ਵਸਤੂ ਨਹੀਂ, ਪ੍ਰੇਮ ਖ਼ਰੀਦਿਆ ਨਹੀਂ ਜਾਂਦਾ ਬਲਕਿ ਪ੍ਰੇਮ ਨਾਲ ਸਭ ਕੁਝ ਖ਼ਰੀਦਿਆ ਜਾ ਸਕਦਾ ਹੈ : "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ..." 'ਚ ਫ਼ੈਸਲਾ ਸੁਣਾਇਆ ਹੈ ਕਿ ਪ੍ਰੇਮ ਹੀ ਸ਼ਕਤੀ ਹੈ, ਪ੍ਰੇਮ ਹੀ ਭਗਤੀ ਹੈ, ਜਿਸ ਨਾਲ ਪਿਆਰੇ ਨੂੰ ਮਿਲਿਆ ਜਾ ਸਕਦਾ ਹੈ! ਪਰਮਾਤਮਾ ਪ੍ਰਾਪਤੀ ਦੇ ਪ੍ਰਚੱਲਿਤ ਜਟਿਲ ਸਾਧਨਾਂ ਦੀ ਪੋਲ ਖੋਲ੍ਹਦੇ ਹੋਏ ਗੁਰੂ ਜੀ ਸਪੱਸ਼ਟ ਕਰਦੇ ਹਨ ਕਿ ਕੀ ਹੋਇਆ ਜੇ ਦੋਵੇਂ ਅੱਖਾਂ ਬੰਦ ਕਰ ਕੇ ਬਗਲ-ਸਮਾਧੀ ਲਗਾ ਲਈ, ਇਹ ਤਾਂ ਵਿਅਰਥ ਹੈ। ਅੱਖਾਂ ਤਾਂ ਕੁਦਰਤ ਦੇ ਕਰਤਾ ਨੇ ਸੰਸਾਰ ਨੂੰ ਜਾਨਣ-ਮਾਨਣ ਵਾਸਤੇ ਦਿੱਤੀਆਂ ਹਨ, ਪਰ ਹੇ ਅਗਿਆਨੀ ਮਨੁੱਖ! ਤੂੰ ਇਨ੍ਹਾਂ ਨੂੰ ਬੰਦ ਕਰ ਕੇ ਬੈਠ ਗਿਆ! ਤੂੰ ਬਾਹਰੀ ਤੌਰ 'ਤੇ ਅੱਖਾਂ ਬੰਦ ਕਰੀ ਬੈਠਾ ਹੈਂ ਪਰ ਅੰਦਰੂਨੀ ਤੌਰ 'ਤੇ ਸੰਸਾਰ ਦੇ ਰੰਗ-ਤਮਾਸ਼ੇ ਨੂੰ ਦੇਖ ਅੱਖਾਂ ਰੱਜ ਹੀ ਨਹੀਂ ਰਹੀਆਂ। ਮਨ ਕਰਕੇ ਤੂੰ ਟਿਕਦਾ ਨਹੀਂ, ਪਰ ਤੂੰ ਦਿਖਾਵੇ ਦੀ ਸਮਾਧੀ ਲਗਾਈ ਹੋਈ ਹੈ :

ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥

(ਧਨਾਸਰੀ ਮਹਲਾ ੧, ਪੰਨਾ 662)

ਵੈਦਿਕ ਧਰਮ ਪਰੰਪਰਾ ਵਿਚ ਤੀਰਥ ਭ੍ਰਮਣ ਤੇ ਤੀਰਥ ਇਸ਼ਨਾਨ ਨੂੰ ਧਰਮ ਦਾ ਜ਼ਰੂਰੀ ਅੰਗ ਮੰਨਿਆ ਗਿਆ ਸੀ, ਪਰ ਗੁਰਬਾਣੀ ਨੇ ਸਪੱਸ਼ਟ ਕਰ ਦਿੱਤਾ ਕਿ ਤੀਰਥ ਤਾਂ ਪ੍ਰਭੂ ਦੀ ਹੋਂਦ-ਹਸਤੀ ਨੂੰ ਸਰਵਵਿਆਪੀ-ਸਰਵਸ਼ਕਤੀਮਾਨ ਮੰਨਣਾ ਹੈ :

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ *(ਧਨਾਸਰੀ ਮਹਲਾ ੧, ਪੰਨਾ 687)*

ਇਹ ਵੈਦਿਕ ਧਰਮ ਦੀ ਮਾਨਤਾ ਸੀ ਕਿ ਸੱਤ ਸਮੁੰਦਰਾਂ - ਭਾਵ ਸੱਤ ਨਦੀਆਂ

ਗੰਗਾ, ਜਮੁਨਾ, ਗੁਦਾਵਰੀ, ਸਤਲੁਜ, ਬਿਆਸ, ਨਰਬਦਾ, ਆਦਿ ਸਭ ਤੀਰਥਾਂ 'ਤੇ ਇਸ਼ਨਾਨ ਕਰਨਾ ਪੁੰਨ-ਕਰਮ ਹੈ ਪਰ ਉਸ ਸਮੇਂ ਇਨ੍ਹਾਂ ਸਾਰੀਆਂ ਨਦੀਆਂ 'ਤੇ ਇਸ਼ਨਾਨ ਕਰਨਾ ਸਮੁੱਚਾ ਜੀਵਨ ਇਸ ਪਾਸੇ ਲਾਉਣ ਦੇ ਤੁਲ ਸੀ। ਇਸ ਤਰ੍ਹਾਂ ਸੰਸਾਰਕ ਜੀਵਨ ਵੀ ਵਿਅਰਥ ਪੈਦਲ ਯਾਤਰਾ ਕਰਦਿਆਂ ਗੁਜ਼ਰ ਜਾਂਦਾ ਸੀ। ਮਿਲਾਪ ਵੀ ਨਾ ਹੋਇਆ ਤੇ ਜੀਵਨ ਵੀ ਬੀਤ ਗਿਆ, ਇਸ ਤਰ੍ਹਾਂ ਲੋਕ-ਪਰਲੋਕ ਭਾਵ ਵਰਤਮਾਨ ਤੇ ਭਵਿੱਖ ਵੀ ਬਰਬਾਦ ਹੋ ਗਿਆ :

ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥
ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥

(ਸਲੋਕ ਕਬੀਰ ਜੀ, ਪੰਨਾ 1365)

ਪ੍ਰੇਮ ਤੋਂ ਬਿਨਾਂ ਤਾਂ ਮਾਨਵ ਦੀ ਸਥਿਤੀ ਇਸ ਤਰ੍ਹਾਂ ਹੋਵੇਗੀ, ਜਿਵੇਂ ਅਰਥਾਂ ਤੋਂ ਬਿਨਾਂ ਕਵਿਤਾ, ਪਿਆਰ ਤੋਂ ਬਿਨਾਂ ਮਿੱਤਰਤਾ, ਰਾਜੇ ਤੋਂ ਬਿਨਾਂ ਦੇਸ਼ ਅਤੇ ਫ਼ੌਜਾਂ ਤੋਂ ਬਿਨਾਂ ਰਾਜਾ :

ਜਿਮ ਅਰਥ ਹੀਣ ਕਬਿਤ। ਬਿਨ ਪ੍ਰੇਮ ਕੇ ਜਿਮ ਮਿਤ।
ਜਿਮ ਰਾਜ ਹੀਣ ਸੁ ਦੇਸ। ਜਿਮ ਸੈਣ ਹੀਨ ਨਰੇਸ਼।

ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ॥

(ਜੈਤਸਰੀ ਮਹਲਾ ੫, ਪੰਨਾ 703)

ਪ੍ਰੇਮ ਦੀ ਅਕੱਥ ਕਹਾਣੀ ਹੈ ਪਰ ਜਿਹੜਾ ਇਸ ਨੂੰ ਸਮਝਾਉਂਦਾ ਹੈ, ਉਸ ਦੇ ਪੈਰੀਂ ਲੱਗਣ ਨੂੰ ਚਿਤ ਕਰਦਾ ਹੈ। ਇਹੀ ਕਾਰਨ ਹੈ ਕਿ ਅਸੀਂ ਸੰਸਾਰਕ ਪ੍ਰੇਮ-ਕਥਾਵਾਂ ਬੜੇ ਚਾਓ ਤੇ ਤਵੱਜੋਂ ਦੇ ਕੇ ਪੜ੍ਹਦੇ-ਸੁਣਦੇ ਹਾਂ :

ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ॥
ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ॥

(ਸੂਹੀ ਮਹਲਾ ੪, ਪੰਨਾ 759)

ਪਰਮਾਤਮਾ ਸੱਚ ਸਰੂਪ ਹੈ ਜੋ ਆਦਿ-ਜੁਗਾਦੀ ਸੱਚ ਹੈ, ਜੋ ਸਮੇਂ-ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਹੈ। ਉਸ ਨਾਲ ਤਨ-ਮਨ ਤੋਂ ਜੁੜਨਾ, ਸੱਚ ਦੇ ਧਾਰਨੀ ਹੋਣਾ, ਪ੍ਰੇਮ ਲਈ ਜ਼ਰੂਰੀ ਹੈ। ਜਿਸ ਪਾਸ ਸੱਚ ਤੇ ਪ੍ਰੇਮ ਹੈ, ਉਸ ਦੇ ਸਭ ਦਾਸ ਬਣਨ ਨੂੰ ਤਿਆਰ ਹਨ ਕਿਉਂਕਿ ਉਹ ਪ੍ਰੀਤਮ ਰੂਪ ਹੀ ਹੋ ਜਾਂਦਾ ਹੈ :

ਸਾਚੁ ਰਿਦੈ ਸਚੁ ਪ੍ਰੇਮ ਨਿਵਾਸ॥
ਪ੍ਰਣਵਤਿ ਨਾਨਕ ਹਮ ਤਾ ਕੇ ਦਾਸ॥ *(ਗਉੜੀ ਮਹਲਾ ੧, ਪੰਨਾ 224)*

ਪਰ ਪ੍ਰੇਮ-ਪ੍ਰੀਤ ਵੀ ਪ੍ਰਭੂ ਨਦਰ 'ਤੇ ਨਿਰਭਰ ਹੈ। ਇਕ-ਪਾਸੜ ਪਿਆਰ ਕਦੇ ਵੀ ਸਿਰੇ ਨਹੀਂ ਚੜ੍ਹਦਾ :

ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ॥

(ਮਾਰੂ ਮਹਲਾ ੩, ਪੰਨਾ 1016)

ਪ੍ਰੇਮ 'ਚ ਪ੍ਰੀਤਮ ਦੀ ਯਾਦ ਕਦੇ ਵੀ ਵਿਸਰਦੀ ਨਹੀਂ, ਪ੍ਰੇਮ ਤਾਂ ਪਰਮਾਤਮਾ ਨਾਲ ਇਸ ਤਰ੍ਹਾਂ ਦਾ ਚਾਹੀਦਾ ਹੈ ਜਿਵੇਂ ਮਛਲੀ ਤੇ ਪਾਣੀ ਦਾ, ਪਾਣੀ ਤੋਂ ਵਿਛੋੜਾ ਮਛਲੀ ਦੀ ਮੌਤ ਹੈ। ਜੇਕਰ ਮਛਲੀ ਨੂੰ ਪਕੜ ਕੇ, ਕੱਟ ਕੇ, ਰਿੰਨ੍ਹ ਲਿਆ ਜਾਵੇ ਤਾਂ ਵੀ ਮੱਛੀ ਪਾਣੀ ਨਾਲੋਂ ਆਪਣੀ ਪ੍ਰੀਤ ਨਹੀਂ ਤੋੜਦੀ, ਸਗੋਂ ਖਾਣ ਵਾਲੇ ਨੂੰ ਪਾਣੀ ਪੀਣ ਲਈ ਮਜਬੂਰ ਕਰਦੀ ਹੈ:

ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥

(ਸੋਰਠਿ ਰਵਿਦਾਸ ਜੀ, ਪੰਨਾ 658)

ਪ੍ਰੇਮ ਪਾਖੰਡ ਨਹੀਂ, ਭੇਖ ਨਹੀਂ, ਦਿਖਾਵਾ ਨਹੀਂ। ਪਾਖੰਡ ਨਾਲ ਪ੍ਰੀਤਮ ਦੀ ਪ੍ਰਾਪਤੀ ਨਹੀਂ ਹੁੰਦੀ, ਸਗੋਂ ਮਨੁੱਖ ਦਾ ਪਾਜ ਉਖੜ ਜਾਂਦਾ ਹੈ:

ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ॥ *(ਸਿਰੀਰਾਗੁ ਮਹਲਾ ੧, ਪੰਨਾ 54)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਮਨ-ਲਿਖਤ ਪੰਕਤੀਆਂ 'ਚ ਖ਼ਾਲਸੇ ਦੇ ਪ੍ਰੇਮ ਆਦਰਸ਼ ਨੂੰ ਰੂਪਮਾਨ ਕੀਤਾ ਹੈ ਕਿ ਮੇਰਾ ਸਿੱਖ ਹਰ ਸਮੇਂ 'ਜਾਗਤ ਜੋਤਿ' ਦਾ ਪੁਜਾਰੀ ਹੋਵੇਗਾ, ਉਹ ਕਿਸੇ ਦੀ, ਕਿਸੇ ਵੀ ਰੂਪ ਵਿਚ, ਕਿਸੇ ਵੀ ਸਥਿਤੀ ਵਿਚ, ਕਿਸੇ ਵੀ ਸਮੇਂ ਪੂਜਾ, ਉਪਾਸ਼ਨਾ ਨਹੀਂ ਕਰੇਗਾ। ਬਿਨਾਂ ਕਰਤਾ ਪੁਰਖ ਦੇ ਉਹ ਮਨ ਵਿਚ ਦੂਸਰੇ ਦਾ ਖ਼ਿਆਲ ਵੀ ਨਹੀਂ ਲਿਆਵੇਗਾ। ਮੇਰਾ ਸਿੱਖ ਮੜ੍ਹੀਆਂ, ਮਸਾਣਾਂ, ਮੱਠਾਂ, ਕਬਰਾਂ ਨੂੰ ਵੀ ਨਹੀਂ ਮੰਨੇਗਾ, ਉਹ ਕੇਵਲ ਪ੍ਰੇਮ-ਪ੍ਰੀਤ ਦੇ ਹੀ ਨਿਯਮ ਦੀ ਪਾਲਨਾ ਕਰੇਗਾ ਜਿਹੜਾ ਕਿ ਕੇਵਲ ਇਕ ਨਾਲ ਹੀ ਹੋ ਸਕਦਾ ਹੈ, ਦੂਸਰੇ ਨਾਲ ਨਹੀਂ। ਮੇਰੇ ਸਿੱਖ ਵਾਸਤੇ ਪ੍ਰਭੂ-ਭਗਤੀ, ਪ੍ਰੀਤ-ਪਿਆਰ ਹੀ ਤੀਰਥ, ਇਸ਼ਨਾਨ, ਦਾਨ, ਦਇਆ, ਤਪ ਤੇ ਸੰਜਮ ਹੋਵੇਗਾ। ਇਸ ਮਰਯਾਦਾ ਦੀ ਪਾਲਣਾ ਕਰਨ ਨਾਲ ਹੀ ਪ੍ਰੇਮੀ ਦੇ ਹਿਰਦੇ ਵਿਚ ਪ੍ਰੀਤ ਦੀ ਜੋਤਿ ਜਗ ਪਵੇਗੀ, ਤਦ ਹੀ ਉਹ ਮੇਰਾ ਖ਼ਾਸ ਰੂਪ ਖ਼ਾਲਸਾ ਸਦਵਾ ਸਕੇਗਾ:

ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥੧॥

(ਤੇਤੀ ਸਵੱਯੇ, ਪਾ: ੧੦)

ਇਹ ਪ੍ਰੇਮ ਦੀ ਅਜਿਹੀ ਅਵਸਥਾ ਜਿਥੇ ਪ੍ਰੀਤਮ ਤੇ ਪ੍ਰੇਮੀ ਇਕ ਹੋ ਜਾਂਦੇ ਹਨ, ਇਹ ਤਾਂ "ਏਕ ਜੋਤਿ ਦੋਇ ਮੂਰਤੀ" ਦੇ ਸਿਧਾਂਤ ਦਾ ਹੀ ਪ੍ਰਗਟਾਅ ਹੈ। ਭਗਤ ਕਬੀਰ ਜੀ ਬਾਖ਼ੂਬੀ ਦਰਸਾਉਂਦੇ ਹਨ:

ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥

(ਰਾਮਕਲੀ ਕਬੀਰ ਜੀ, ਪੰਨਾ 969)

ਗੁਰੂ ਗੋਬਿੰਦ ਸਿੰਘ ਜੀ ਸੰਸਾਰਕ ਪ੍ਰੀਤ ਦੀ ਪ੍ਰਚੱਲਿਤ ਕਹਾਣੀ ਨੂੰ ਦਰਸਾਉਂਦੇ ਹੋਏ ਅਧਿਆਤਮਕ ਪ੍ਰੀਤ ਸਮਝਾਉਂਦੇ ਹਨ:

ਰਾਂਝਨ ਹੀਰ ਪਰੇਮ ਮੇਂ ਰਹੈ ਏਕ ਹੀ ਹੋਇ॥
ਕਹਿਬੇ ਕੌਂ ਤਨ ਏਕ ਹੀ ਲਹਿਬੇ ਕੋ ਤਨ ਦੋਇ॥ *(ਪਖਜਾਨ ਚਰਿਤ੍ਰ, ਪਾ: ੧੦)*

ਇਹ ਪ੍ਰੇਮ ਦੀ ਹੀ ਸ਼ਕਤੀ ਹੈ ਕਿ ਸਮੁੱਚੀ ਮਾਨਵਤਾ ਨੂੰ ਮਨੁੱਖ ਇਕ ਸਮਝਣ-ਮੰਨਣ ਲੱਗ ਜਾਂਦਾ ਹੈ। ਉਸ ਨੂੰ ਸਮੁੱਚੀ ਕਾਇਨਾਤ ਕਰਤੇ ਦੀ ਕਿਰਤ ਨਜ਼ਰੀਂ ਆਉਂਦੀ ਹੈ। ਉਹ ਧਰਮ, ਜਾਤ, ਦੇਸ਼, ਰੰਗ, ਨਸਲ ਦੇ ਵਿਤਕਰਿਆਂ ਵਖਰੇਵਿਆਂ ਤੋਂ ਉਪਰ ਉੱਠ ਜਾਂਦਾ ਹੈ ਤੇ ਸੁਭਾਵਿਕ ਇਹ ਪੰਕਤੀ ਉਚਾਰਦਾ ਹੈ:

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ॥੧੫॥੮੫॥

(ਅਕਾਲ ਉਸਤਤ, ਪਾ: ੧੦)

ਪ੍ਰੇਮੀ ਵਾਸਤੇ ਕੋਈ ਦੁਸ਼ਮਣ ਨਹੀਂ, ਸਭ ਆਪਣਾ, ਪਰਾਇਆ ਕੋਈ ਨਹੀਂ। ਜਦ ਪ੍ਰੇਮ-ਪੁਜਾਰੀ ਇਕ ਹੋ ਗਿਆ ਤਾਂ ਦਵੈਸ਼ ਤਾਂ ਆਪੇ ਖ਼ਤਮ ਹੋ ਜਾਵੇਗੀ। ਇਹ ਬੇਗਮਪੁਰੇ ਦੀ ਅਵਸਥਾ ਹੈ। ਇਥੇ ਪਹੁੰਚ ਕੇ ਮਨੁੱਖ ਮੰਦਰ, ਮਸਜਿਦ, ਚਰਚ, ਗੁਰਦੁਆਰੇ ਆਦਿ ਦੀ ਚਾਰ-ਦੀਵਾਰੀ ਤੇ ਖੱਤਰੀ, ਬ੍ਰਾਹਮਣ, ਸੂਦ, ਵੈਸ਼, ਚਹੁੰ ਵਰਣਾਂ ਤੋਂ ਸੁੰਤਤਰ ਹੋ ਪੁਕਾਰਦਾ ਹੈ:

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥

(ਮਾਝ ਮਹਲਾ ੫, ਪੰਨਾ 97)

ਪਰਮਾਤਮਾ ਆਕਾਰ ਨਹੀਂ, ਨਿਰੰਕਾਰ ਹੈ। ਨਿਰੰਕਾਰੀ ਜੋਤਿ ਨੂੰ ਭਾਸ਼ਾ, ਬੋਲੀਆਂ, ਲਿਪੀਆਂ 'ਚ ਵੀ ਕੈਦ ਨਹੀਂ ਕੀਤਾ ਜਾ ਸਕਦਾ। ਉਸ ਦੀ ਉਸਤਤ ਕੇਵਲ ਸੰਸਕ੍ਰਿਤ, ਫ਼ਾਰਸੀ, ਪਾਰਸੀ, ਪਾਲੀ ਜਾਂ ਪੰਜਾਬੀ 'ਚ ਹੀ ਨਹੀਂ ਕੀਤੀ ਜਾ ਸਕਦੀ, ਕਿਉਂਕਿ ਅਸੀਮਤ ਨੂੰ ਸੀਮਤ ਸ਼ਬਦਾਵਲੀ ਦੀ ਕੈਦ 'ਚ ਕੈਦ ਨਹੀਂ ਕੀਤਾ ਜਾ ਸਕਦਾ। ਗੁਰਦੇਵ ਸਪੱਸ਼ਟ ਕਰਦੇ ਹਨ:

ਕਹੂੰ ਆਰਬੀ ਤੋਰਕੀ ਪਾਰਸੀ ਹੋ॥
ਕਹੂੰ ਪਹਿਲਵੀ ਪਸ਼ਤਵੀ ਸੰਸਕ੍ਰਿਤੀ ਹੋ॥
ਕਹੂੰ ਦੇਸ ਭਾਖਯਾ ਕਹੂੰ ਦੇਵ ਬਾਨੀ॥
ਕਹੂੰ ਰਾਜ ਬਿਦਿਆ ਕਹੂੰ ਰਾਜਧਾਨੀ॥੨੬॥੧੧੬॥

(ਅਕਾਲ ਉਸਤਤ, ਪਾ: ੧੦)

ਗੁਰਬਾਣੀ ਤਾਂ ਸਪੱਸ਼ਟ ਕਰਦੀ ਹੈ ਕਿ 'ਪ੍ਰੇਮ' ਤਾਂ ਪਰਮਾਤਮਾ ਨੂੰ ਭਾਅ ਜਾਣ ਦੀ ਵਿਧੀ ਹੈ :

ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥
ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ॥

(ਵਾਰ ਮਲਾਰ ਮਹਲਾ ੧, ਪੰਨਾ 1286)

ਹਰੀ ਕੇਵਲ ਹਿੰਦੂਆਂ ਦਾ ਨਹੀਂ, ਖ਼ੁਦਾ ਕੇਵਲ ਮੁਸਲਮਾਨਾਂ ਦਾ ਨਹੀਂ, ਉਹ ਸਮਸਤ ਸੰਸਾਰ ਪੈਦਾ ਕਰਨ ਵਾਲਾ ਕੁਲ ਮਨੁੱਖਤਾ ਦਾ ਸਾਂਝਾ ਬਾਪ ਹੈ।

ਗੁਰੂ ਗੋਬਿੰਦ ਸਿੰਘ ਜੀ ਤਾਂ 'ਤੁਹੀ-ਤੁਹੀ-ਤੁਹੀ' ਦੀ ਧੁਨ ਉਚਾਰਦੇ ਹੋਏ ਸਪੱਸ਼ਟ ਕਰਦੇ ਹਨ ਕਿ ਮੰਦਰ ਤੇ ਮਸਜਿਦ ਭਿੰਨ ਨਹੀਂ, ਪੂਜਾ ਤੇ ਨਿਮਾਜ਼ 'ਚ ਕੋਈ ਅੰਤਰ ਨਹੀਂ। ਕੋਈ ਹਿੰਦੂ, ਮੁਸਲਮਾਨ, ਮਲੇਛ, ਕਾਫ਼ਰ ਨਹੀਂ। ਪਰਮਾਤਮਾ ਨੂੰ ਪਾਉਣ ਲਈ ਭਾਵਨਾ ਦੀ ਜ਼ਰੂਰਤ ਹੈ। ਭਾਵਨਾ ਦਾ ਪ੍ਰਗਟਾਅ ਪ੍ਰੇਮ 'ਚੋਂ ਹੁੰਦਾ ਹੈ, ਜਿਸ ਨੂੰ ਪ੍ਰੇਮ ਹੋ ਜਾਵੇ, ਉਸ ਵਾਸਤੇ ਸਭ ਸਮਾਨ ਹਨ :

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥੧੬॥੮੬॥

(ਅਕਾਲ ਉਸਤਤ, ਪਾ: ੧੦)

ਇਹੀ ਕਾਰਨ ਹੈ ਕਿ ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਨੂੰ ਮੰਨਣ ਵਾਲਾ ਸਵੇਰੇ-ਸ਼ਾਮ ਇਹੀ ਅਰਦਾਸ ਕਰਦਾ ਹੈ :

ਨਾਨਕ ਨਾਮ ਚੜ੍ਹਦੀ ਕਲਾ।
ਤੇਰੇ ਭਾਣੇ ਸਰਬੱਤ ਦਾ ਭਲਾ।

ਜਿਸ ਵੇਲੇ ਧਰਮ, ਜਾਤੀ, ਨਸਲ, ਵਰਣ-ਵੰਡ ਦੇ ਨਾਂ 'ਤੇ ਕਤਲੇਆਮ ਹੋ ਰਿਹਾ ਸੀ, ਹਰ ਪਾਸੇ ਨਫ਼ਰਤ ਦਾ ਬੋਲ-ਬਾਲਾ ਸੀ, ਮੁਸਲਮਾਨ ਗ਼ੈਰ-ਮੁਸਲਮਾਨਾਂ ਨੂੰ ਕਾਫ਼ਰ, ਹਿੰਦੂ ਗ਼ੈਰ-ਹਿੰਦੂਆਂ ਨੂੰ ਮਲੇਛ ਕਹਿ ਰਿਹਾ ਸੀ। ਇਕ ਪਾਸੇ ਰਾਜ ਸ਼ਕਤੀ ਸੀ ਤੇ ਦੂਸਰੇ ਪਾਸੇ ਪਿਤਾ-ਪੁਰਖੀ ਗ਼ੁਲਾਮੀ ਧਰਮ-ਸਮਾਜ ਆਪਸ ਵਿਚ ਪਾਟੋਧਾੜ ਸੀ। ਮਨੁੱਖ, ਮਨੁੱਖ ਦਾ ਪਰਛਾਵਾਂ ਲੈਣ ਤੋਂ ਵੀ ਡਰਦਾ ਸੀ। ਖਾਣ-ਪੀਣ, ਪਹਿਰਾਣ, ਧਾਰਮਿਕ, ਸਮਾਜਿਕ, ਰਾਜਨੀਤਕ ਵੰਡੀਆਂ ਨੇ ਮਾਨਵ-ਸਮਾਜ ਨੂੰ ਛਲਣੀ-ਛਲਣੀ ਹੀ ਕਰ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵੀ ਰਾਜਸੀ, ਧਾਰਮਿਕ, ਸਮਾਜਿਕ ਤੌਰ 'ਤੇ ਡੱਟਵਾਂ ਵਿਰੋਧ ਹੋ ਰਿਹਾ ਸੀ, ਅਜਿਹੇ ਬਿਖੜੇ ਸਮੇਂ ਗੁਰੂ ਸਾਹਿਬਾਨ ਨੇ ਕਿਸੇ

ਵੀ ਤਰ੍ਹਾਂ ਦੇ ਜਾਤੀ-ਵਿਰੋਧ ਨੂੰ ਜਮਾਤੀ-ਵਿਰੋਧ ਨਹੀਂ ਬਣਨ ਦਿੱਤਾ। ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਸੀ ਮਿਲਵਰਤਣ, ਭਾਈਚਾਰਕ ਸਾਂਝ, ਧਾਰਮਿਕ, ਸਮਾਜਿਕ ਬਰਾਬਰੀ ਸਥਾਪਤ ਕਰਨ ਤੇ ਸਦਗੁਣਾਂ ਦਾ ਸੰਚਾਰ ਕਰਨ ਵਾਸਤੇ "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ" - ਅਲਾਹੀ ਸੰਦੇਸ਼ ਦ੍ਰਿੜ੍ਹ ਕਰਵਾਇਆ। ਅਰਥ-ਭਾਵ ਬੜੇ ਸਪੱਸ਼ਟ ਹਨ ਕਿ ਜੇਕਰ ਤੁਸੀਂ ਮਾਨਵਤਾ, ਕੁਦਰਤ ਨਾਲ ਪਿਆਰ ਕਰੋਗੇ, ਤਾਂ ਹੀ ਕਰਤੇ ਨੂੰ ਪਾ ਸਕੋਗੇ। ਅਜਿਹੇ ਹਾਲਾਤ 'ਚ ਵੀ ਭਾਈ ਮਰਦਾਨਾ ਜੀ, ਸਾਈਂ ਮੀਆਂ ਮੀਰ, ਪੀਰ ਬੁੱਧੂ ਸ਼ਾਹ, ਗਨੀ ਖ਼ਾਂ, ਨਬੀ ਖ਼ਾਂ, ਭਾਈ ਨੰਦ ਲਾਲ, ਬਹਾਦਰ ਸ਼ਾਹ ਆਦਿ ਅਨੇਕਾਂ ਗ਼ੈਰ-ਸਿੱਖਾਂ ਨਾਲ ਪ੍ਰੇਮ ਪੂਰਵਕ ਮਿੱਤਰਤਾ ਵਾਲੇ ਸੰਬੰਧ ਸਨ। ਗੁਰੂ ਨਾਨਕ ਵਿਚਾਰਧਾਰਾ ਦੀ ਇਹ ਨਿਵੇਕਲੀ ਖ਼ੂਬੀ ਹੈ ਕਿ ਇਥੇ ਰਾਜਾ-ਰੰਕ ਬਰਾਬਰ ਹੈ। ਪ੍ਰੇਮ ਦੇ ਮਾਰਗ 'ਤੇ ਚੱਲ ਕੇ ਭੰਗੀ 'ਚੋਂ ਵੀ ਭਗਤ ਨੂੰ ਭਗਵਾਨ ਦੇ ਦਰਸ਼ਨ ਹੋ ਸਕਦੇ ਹਨ। ਅਸੀਂ ਕਹਿ ਸਕਦੇ ਹਾਂ ਕਿ ਪ੍ਰੇਮ ਆਪਸੀ ਸਹਿਹੋਂਦ ਤੇ ਨਫ਼ਰਤ ਦੀ ਅਣਹੋਂਦ ਦਾ ਪ੍ਰਤੀਕ ਹੈ। ਇਹ ਪ੍ਰੇਮ ਦੀ ਹੀ ਸ਼ਕਤੀ ਸੀ ਕਿ ਇਕ ਘਰ ਵਿਚ ਦੋ-ਦੋ ਚੁੱਲ੍ਹੇ ਬਾਲਣ ਵਾਲੇ ਸੰਗਤੀ ਰੂਪ ਵਿਚ, ਇਕ ਹੀ ਸਮੇਂ ਇਕ ਹੀ ਥਾਂ 'ਤੇ ਬੈਠ ਕੇ ਪਰਸ਼ਾਦਾ ਛਕਣ ਲੱਗੇ ਤੇ ਗੁਰੂ ਕਿਰਪਾ ਦੇ ਪਾਤਰ ਬਣੇ। ਪ੍ਰੇਮ, ਈਰਖਾ, ਦਵੈਸ਼, ਨਫ਼ਰਤ, ਨਿੰਦਾ, ਚੁਗ਼ਲੀ, ਵਾਸ਼ਨਾ, ਖ਼ੁਦਗ਼ਰਜ਼ੀ ਦੀ ਅਣਹੋਂਦ ਤੇ ਸਤਿ, ਸੰਤੋਖ, ਸਹਿਜ, ਸੰਜਮ, ਸੁਖ-ਸ਼ਾਂਤੀ ਤੇ ਸ਼ਕਤੀ ਦਾ ਪ੍ਰਤੀਕ ਹੈ। ਇਹੀ "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ" ਦਾ ਆਦਰਸ਼ ਹੈ।

ਜਿਤੁ ਬੋਲਿਐ ਪਤਿ ਪਾਈਐ...

ਸਿਰਜਣਹਾਰ ਦੀ ਸਿਰਜਣਾ ਵਿਸਮਾਦਮਈ ਹੈ। ਸਮੁੱਚੀ ਸਿਰਜਣਾ ਨੂੰ ਜਾਨਣਾ ਉਤਨਾ ਹੀ ਮੁਸ਼ਕਲ ਹੈ, ਜਿਤਨਾ ਸਿਰਜਣਹਾਰ ਨੂੰ! ਵਿਸਮਾਦੀ ਸਿਰਜਣਾ ਵਿੱਚੋਂ ਹੀ ਮਾਨਵ ਜਾਤੀ ਪ੍ਰਭੂ ਦੀ ਸਰਵੋਤਮ ਕਿਰਤ ਮੰਨੀ ਗਈ ਹੈ। ਮਾਨਵ ਨੂੰ ਧਰਤੀ ਦਾ ਸਿਰਦਾਰ ਕਹਿ ਕੇ ਨਿਵਾਜਿਆ ਗਿਆ ਹੈ। ਲੱਖਾਂ ਹੀ ਜੂਨਾਂ ਵਿੱਚੋਂ ਮਾਨਵ ਨੂੰ ਪ੍ਰਭੂ ਨੇ ਸਿਰਦਾਰ ਹੋਣ ਦੀ ਵਡਿਆਈ ਬਖ਼ਸ਼ੀ ਹੈ। ਜੋ ਸਿਰਦਾਰੀ ਦੇ ਅਵਸਰ ਨੂੰ ਲਬ-ਲੋਭ, ਹਉਮੈ-ਹੰਕਾਰ ਤੇ ਸੰਸਾਰਕ ਨਸ਼ਿਆਂ ਵਿਚ ਗ਼ਲਤਾਨ ਕਰ ਕੇ ਗਵਾ ਲੈਂਦਾ ਹੈ, ਉਹ ਜਨਮ-ਮਰਨ ਦੇ ਚੱਕਰ ਦਾ ਦੁੱਖ ਸਹਾਰਦਾ ਹੈ। ਮਾਨਵ ਜੀਵਨ ਅਮੋਲਕ ਹੈ, ਦੁਰਲੱਭ ਹੈ ਜੋ ਬਾਰ-ਬਾਰ ਨਹੀਂ ਮਿਲਦਾ। ਜੋ ਮਨੁੱਖ ਜੀਵਨ ਆਦਰਸ਼ ਦੀ ਪ੍ਰਾਪਤੀ ਲਈ ਜੀਵਨ ਭਰ ਲਈ ਯਤਨਸ਼ੀਲ ਰਹਿੰਦਾ ਹੈ, ਉਹੀ ਪ੍ਰਭੂ-ਦਰ 'ਤੇ ਪ੍ਰਵਾਨ ਚੜ੍ਹਦਾ ਹੈ। ਸਮਾਜਿਕ ਮਾਣ-ਸਨਮਾਨ ਦਾ ਹੱਕਦਾਰ ਵੀ ਅਜਿਹਾ ਹੀ ਮਾਨਵ ਬਣਦਾ ਹੈ।

ਮਾਨਵ ਸਰੀਰ ਹੀ ਨਹੀਂ, ਸਗੋਂ ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਇਸ ਦਾ ਹਰੇਕ ਅੰਗ ਹੀ ਅਮੋਲਕ ਤੇ ਦੁਰਲੱਭ ਨਜ਼ਰ ਆਵੇਗਾ। ਕਿਸੇ ਅੰਗ ਦੀ ਕੀਮਤ ਦਾ ਅਹਿਸਾਸ ਕਿਸੇ ਅੰਗਹੀਣ ਦੀ ਬੇਵਸੀ ਵੱਲ ਤੱਕ ਕੇ ਸਹਿਜੇ ਹੀ ਹੋ ਸਕਦਾ ਹੈ। ਜਿਸ ਮਨੁੱਖ ਦੇ ਨੈਣ ਜੋਤਿ ਤੋਂ ਹੀਣ ਹਨ, ਉਹ ਹਰ ਕੀਮਤ 'ਤੇ ਅੱਖਾਂ ਦੀ ਰੌਸ਼ਨੀ ਪ੍ਰਾਪਤ ਕਰਨੀ ਲੋਚਦਾ ਹੈ, ਪਰ ਉਸ ਨੂੰ ਆਪ ਬਰਾਬਰ ਕੰਚਨ ਦੇਣ 'ਤੇ ਵੀ ਅੱਖਾਂ ਦੀ ਜੋਤਿ ਪ੍ਰਾਪਤ ਨਹੀਂ ਹੁੰਦੀ।

ਇਸ ਤਰ੍ਹਾਂ ਹੀ ਮਨੁੱਖ ਨੂੰ ਸੋਚ ਤੇ ਬੋਲ-ਸ਼ਕਤੀ ਪਰਮਾਤਮਾ ਨੇ ਬਖ਼ਸ਼ਿਸ਼ ਕੀਤੀ ਹੈ। ਬੋਲ-ਸ਼ਕਤੀ ਹੀ ਇਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਹਰ ਵਿਅਕਤੀ ਆਪਣੀਆਂ ਅੰਦਰੂਨੀ ਭਾਵਨਾਵਾਂ ਨੂੰ ਪ੍ਰਗਟ ਕਰਦਾ ਹੈ। ਬੋਲ-ਸ਼ਕਤੀ ਹੀ ਐਸਾ ਸਾਧਨ ਹੈ ਕਿ ਜੇਕਰ ਮਨੁੱਖ ਚਾਹੇ ਤਾਂ ਮਿੱਠੜੇ ਬੋਲ ਬੋਲ ਕੇ ਸੱਜਣਤਾਈ ਪ੍ਰਾਪਤ ਕਰ ਸਕਦਾ ਹੈ ਤੇ ਜੇ ਚਾਹੇ ਤਾਂ ਗਾਲ੍ਹੀ-ਗਲੋਚ ਦੇ ਬੋਲਾਂ ਨਾਲ ਸੱਜਣਾਂ ਨੂੰ ਵੀ ਦੁਸ਼ਮਣ ਬਣਾ ਸਕਦਾ ਹੈ। ਪਾਵਨ ਗੁਰਬਾਣੀ ਮਨੁੱਖ ਨੂੰ ਜੀਵਨ ਦੇ ਹਰ ਪਹਿਲੂ ਤੋਂ ਅਗਵਾਈ ਬਖ਼ਸ਼ਿਸ਼ ਕਰਦੀ ਹੈ। ਅਸੀਂ ਵਿਚਾਰ ਕਰਨੀ ਹੈ ਕਿ ਗੁਰਬਾਣੀ ਸਾਨੂੰ ਬੋਲ-ਚਾਲ ਸੰਬੰਧੀ ਕਿਵੇਂ ਸੇਧ ਪ੍ਰਦਾਨ ਕਰਦੀ ਹੈ :

ਬੋਲ ਦਾ ਅਰਥ ਹੈ - 'ਬਚਨ', 'ਆਵਾਜ਼', 'ਕਥਨ'। ਬੋਲਣ ਤੋਂ ਭਾਵ ਹੈ - ਵਾਰਤਾਲਾਪ ਕਰਨਾ, ਕਿਸੇ ਨੂੰ ਕੁਝ ਕਹਿਣਾ, ਗੱਲਬਾਤ ਕਰਨੀ ਆਦਿ। ਹਰ ਮਨੁੱਖ ਦੀ ਆਪਣੀ ਹੀ ਬੋਲਣ-ਸ਼ੈਲੀ ਹੈ ਜਿਸ ਦੁਆਰਾ ਉਹ ਆਪਣੇ ਆਪ ਨੂੰ ਵਿਅਕਤ

ਕਰਦਾ ਹੈ! ਵਿਦਵਾਨਾਂ ਨੇ ਆਵਾਜ਼ ਜਾਂ ਬੋਲੀ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ : 'ਪਰਾ', 'ਪਸਯੰਤੀ', 'ਮਧਜਮਾ' ਤੇ 'ਬੈਖਰੀ'। 'ਪਰਾ' ਉਹ ਆਵਾਜ਼ ਹੈ ਜੋ ਅਜੇ ਮੂਲਾਧਾਰ ਵਿਚ ਹੀ ਹੈ ਤੇ ਮੂਲਾਧਾਰ ਤੋਂ ਉੱਠ ਕੇ ਹਿਰਦੇ ਵਿਚ ਆਉਣ ਵਾਲੀ ਆਵਾਜ਼ 'ਪਸਯੰਤੀ' ਕਹਾਉਂਦੀ ਹੈ, ਜੋ ਕੰਠ ਵਿਚ ਆ ਗਈ ਉਹ 'ਮਧਜਮਾ' ਅਤੇ ਜੋ ਮੁਖ ਰਾਹੀਂ ਉਚਾਰੀ ਗਈ ਉਹ 'ਬੈਖਰੀ' ਕਹਿਲਾਉਂਦੀ ਹੈ। ਇਨ੍ਹਾਂ ਵਿੱਚੋਂ ਬੈਖਰੀ ਮਹੱਤਵਪੂਰਨ ਹੈ। ਪਹਿਲੀਆਂ ਅਵਸਥਾਵਾਂ ਵਿਚ ਤਾਂ ਮਨੁੱਖ ਦਾ ਆਪਾ ਬਾਹਰ ਪ੍ਰਗਟ ਨਹੀਂ ਹੁੰਦਾ ਤੇ ਚੌਥੀ ਅਵਸਥਾ ਵਿਚ ਆਪਾ 'ਬੋਲਣ' ਦੁਆਰਾ ਪ੍ਰਗਟ ਹੋ ਜਾਂਦਾ ਹੈ। ਸਿਆਣਿਆਂ ਦਾ ਕਥਨ ਹੈ ਕਿ ਤੀਰ ਕਮਾਨੋਂ, ਬੋਲ ਜ਼ੁਬਾਨੋਂ ਨਿਕਲੇ ਵਾਪਸ ਨਹੀਂ ਆਉਂਦੇ। ਗੁਰਬਾਣੀ ਅਨੁਸਾਰ ਉਹੀ ਬੋਲ ਪ੍ਰਵਾਨ ਮੰਨੇ ਗਏ ਹਨ, ਜਿਨ੍ਹਾਂ ਦੇ ਬੋਲਣ ਨਾਲ ਸਮਾਜ ਵਿਚ ਮਾਣ-ਸਨਮਾਨ ਤੇ ਪ੍ਰਭੂ ਦਰਬਾਰ ਵਿਚ ਢੋਈ ਪ੍ਰਾਪਤ ਹੁੰਦੀ ਹੈ। ਫਿੱਕੇ ਬੋਲ ਬੋਲਣ ਵਾਲਾ ਹਮੇਸ਼ਾ ਹੀ ਖ਼ੁਆਰ ਹੁੰਦਾ ਹੈ। ਗੁਰਬਾਣੀ ਦਾ ਪਾਵਨ ਫ਼ੁਰਮਾਨ ਹੈ :

ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥

(ਸਿਰੀਰਾਗੁ ਮਹਲਾ ੧, ਪੰਨਾ 15)

ਇਸ ਕਰਕੇ ਹਰੇਕ ਮਨੁੱਖ ਨੂੰ ਆਪਣੇ ਬੋਲ-ਬਚਨਾਂ ਵਿਚ ਮਿਠਾਸ ਤੇ ਨਿਮਰਤਾ ਭਾਵ ਦੇ ਸਦਗੁਣ ਪੈਦਾ ਕਰਨੇ ਚਾਹੀਦੇ ਹਨ। ਕਠੋਰ ਤੇ ਕੌੜੇ ਬੋਲ ਬੋਲਣ ਵਾਲੇ ਵਿਅਕਤੀ ਸਮਾਜ ਵਿਚ ਕਦੇ ਵੀ ਇੱਜ਼ਤ-ਮਾਣ ਦੇ ਹੱਕਦਾਰ ਨਹੀਂ ਬਣਦੇ। ਅਸੀਂ ਰੋਜ਼ਾਨਾ ਜੀਵਨ ਵਿਚ ਦੇਖਦੇ ਹਾਂ ਕਿ ਕੜਵੇ ਬੋਲ ਬੋਲਣ ਵਾਲਿਆਂ ਤੋਂ ਸਾਰੇ ਹੀ ਕੰਨੀ ਕਤਰਾਉਂਦੇ ਹਨ। ਕੌੜੇ ਬੋਲ ਬੋਲਣ ਵਾਲੇ ਵਿਅਕਤੀ ਨੂੰ ਹਰ ਪਾਸੇ ਤੋਂ ਫਿਟਕਾਰਾਂ ਹੀ ਪੈਂਦੀਆਂ ਹਨ ਤੇ ਉਸ ਨੂੰ ਸਮਾਜ ਵਿਚ ਮੂਰਖ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ ਤੇ ਉਹ ਕਈ ਵਾਰ ਤਾਂ ਫਿੱਕੇ ਬੋਲ ਬੋਲਣ ਕਰਕੇ ਜੁੱਤੀਆਂ ਦਾ ਵੀ ਭਾਗੀ ਬਣਦਾ ਹੈ। ਗੁਰੂ ਨਾਨਕ ਸਾਹਿਬ ਜੀ ਦਾ ਪਾਵਨ ਹੁਕਮ ਹੈ :

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥

(ਵਾਰ ਆਸਾ ਮਹਲਾ ੧, ਪੰਨਾ 473)

ਬਾਬਾ ਫ਼ਰੀਦ ਜੀ ਵੀ ਮਨੁੱਖਤਾ ਦਾ ਮਾਰਗ-ਦਰਸ਼ਨ ਕਰਦੇ ਹੋਏ ਫ਼ੁਰਮਾਉਂਦੇ ਹਨ ਕਿ ਜੇ ਤੈਨੂੰ ਪ੍ਰੀਤਮ ਪਿਆਰੇ ਪ੍ਰਭੂ ਨਾਲ ਮਿਲਣ ਦੀ ਸਿੱਕ ਹੈ ਤਾਂ ਤੈਨੂੰ ਕਿਸੇ ਨਾਲ ਵੀ ਮਾੜਾ ਬੋਲ ਨਹੀਂ ਬੋਲਣਾ ਚਾਹੀਦਾ, ਕਿਉਂਕਿ ਹਰੇਕ ਮਨੁੱਖ ਦੇ ਅੰਦਰ ਉਸ ਪ੍ਰੀਤਮ ਪਿਆਰੇ ਦੀ ਜੋਤਿ ਵਿਆਪਕ ਹੈ। ਫ਼ੁਰਮਾਨ ਹੈ :

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥

(ਸਲੋਕ ਫਰੀਦ ਜੀ, ਪੰਨਾ 1384)

ਮਿੱਠੜੇ ਤੇ ਨਿਮਰਤਾ ਭਰੇ ਬੋਲ ਹੀ ਚੰਗੇ ਗੁਣਾਂ ਦਾ ਤੱਤ ਸਾਰ ਹੈ:

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

(ਵਾਰ ਆਸਾ ਮਹਲਾ ੧, ਪੰਨਾ 470)

ਬੋਲ ਮਨੁੱਖ ਦੀ ਆਜ਼ਾਦ ਹਸਤੀ ਦਾ ਵੀ ਪ੍ਰਗਟਾ ਕਰਦੇ ਹਨ। ਗ਼ੁਲਾਮ ਮਨੁੱਖ ਦੀ ਬੋਲ-ਸ਼ਕਤੀ ਖ਼ਤਮ ਹੋ ਜਾਂਦੀ ਹੈ। ਉਹ ਬੋਲਣ ਦੇ ਅੰਗ ਰੱਖਦਾ ਹੋਇਆ ਵੀ ਬੋਲਣ ਤੋਂ ਅਸਮਰੱਥ ਹੈ, ਗੂੰਗਾ ਹੈ! ਗ਼ੁਲਾਮ ਦੇ ਬੋਲ ਆਪਣੇ ਨਹੀਂ ਹੁੰਦੇ। ਉਹ ਜੋ ਬੋਲਦਾ ਹੈ ਆਪਣੀ ਜ਼ਮੀਰ ਦੀ ਆਵਾਜ਼ ਤੋਂ ਨਹੀਂ ਬੋਲਦਾ, ਸਗੋਂ ਮਾਲਕ ਦੇ ਹੁਕਮ 'ਤੇ ਹੀ ਬੋਲਦਾ ਹੈ। ਗ਼ੁਲਾਮ ਜੇਕਰ ਜ਼ਮੀਰ ਤੋਂ ਬੋਲਣਾ ਸ਼ੁਰੂ ਕਰ ਦੇਵੇ ਤਾਂ ਉਹ ਬਾਗ਼ੀ ਸਦਵਾਉਂਦਾ ਹੈ। ਪਰ ਆਜ਼ਾਦ-ਸੁਤੰਤਰ ਮਨੁੱਖ ਦੇ ਬੋਲ ਜ਼ਮੀਰ ਦੀ ਆਵਾਜ਼-ਆਧਾਰਿਤ ਹੁੰਦੇ ਹਨ, ਉਧਾਰੇ ਲਏ ਨਹੀਂ ਹੁੰਦੇ, ਸ਼ਾਇਦ ਇਸ ਕਰਕੇ ਹੀ ਸੂਰਮੇ ਮਨੁੱਖ ਦਾ ਸਰੀਰ ਤਾਂ ਭਾਵੇਂ ਬਿਨਸ ਜਾਏ ਪਰ ਬੋਲ ਸਦੀਵੀ ਹੋ ਨਿੱਬੜਦੇ ਹਨ। ਸੂਰਮਾ ਮਨੁੱਖ ਸਮੇਂ ਸਿਰ ਸੱਚੇ ਤੇ ਮਿੱਠੇ ਬੋਲ ਬੋਲਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਸਮੇਂ ਸਿਰ ਸੱਚੇ ਤੇ ਸਦੀਵੀ ਬੋਲ ਬੋਲ ਕੇ ਮਾਨਵਤਾ ਦਾ ਮਾਰਗ-ਦਰਸ਼ਨ ਕੀਤਾ ਹੈ। ਉਨ੍ਹਾਂ ਨੇ ਸਮੇਂ ਦੇ ਹਾਕਮਾਂ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਤੇ ਸਮੇਂ ਦੇ ਬਾਦਸ਼ਾਹ ਬਾਬਰ ਨੂੰ ਜਾਬਰ ਤੀਕ ਕਿਹਾ। ਉਨ੍ਹਾਂ ਲੋਕਾਈ ਨੂੰ ਵੰਗਾਰ ਕੇ ਕਿਹਾ ਕਿ ਲੋਕੋ! ਤੁਹਾਡੀ ਤਾਂ ਬੋਲੀ ਹੀ ਹੋਰ ਹੋ ਗਈ। ਖੱਤਰੀਆਂ, ਜਿਨ੍ਹਾਂ ਨੇ ਦੇਸ਼ ਦੀ ਰੱਖਿਆ ਦਾ ਕਾਰਜ ਆਪਣੇ ਸਿਰ ਲਿਆ ਸੀ ਤੇ ਖੱਤਰੀਪੁਣੇ ਨੂੰ ਆਪਣਾ ਧਰਮ, ਕਰਮ ਸਮਝਦੇ ਸਨ, ਉਨ੍ਹਾਂ ਨੇ ਵੀ ਗ਼ੁਲਾਮੀ ਅਖ਼ਤਿਆਰ ਕਰ ਲਈ ਅਤੇ ਮਲੇਛ ਭਾਸ਼ਾ ਬੋਲਣੀ ਸ਼ੁਰੂ ਕਰ ਦਿੱਤੀ:

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥

(ਬਸੰਤੁ ਮਹਲਾ ੧, ਪੰਨਾ 1191)

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥

(ਧਨਾਸਰੀ ਮਹਲਾ ੧, ਪੰਨਾ 663)

ਬੋਲਾਂ ਸੰਬੰਧੀ ਗੁਰਬਾਣੀ ਵਿੱਚੋਂ ਸਾਨੂੰ ਭਰਪੂਰ ਅਗਵਾਈ ਮਿਲਦੀ ਹੈ ਕਿ ਮਨੁੱਖ ਬੋਲਣ ਸ਼ਕਤੀ ਦਾ ਕਿਵੇਂ ਸਦ-ਉਪਯੋਗ ਕਰ ਸਕਦਾ ਹੈ। ਜਿਵੇਂ ਕਿ ਅਸਾਂ ਪਹਿਲਾਂ ਵਿਚਾਰ ਕੀਤੀ ਹੈ ਕਿ ਪ੍ਰਭੂ-ਦਰਬਾਰ ਵਿਚ ਉਹੀ ਲੋਕ ਸ਼ੋਭਾ ਦੇ ਪਾਤਰ ਬਣਦੇ ਹਨ, ਜਿਨ੍ਹਾਂ ਦੀ ਬੋਲ-ਬਾਣੀ ਅੰਮ੍ਰਿਤਮਈ ਹੋਵੇ। ਜਿਵੇਂ ਗੁਰਮਤਿ ਵਿਚ ਥੋੜ੍ਹਾ ਖਾਣ, ਥੋੜ੍ਹਾ ਸੌਣ ਦੀ ਤਾਕੀਦ ਕੀਤੀ ਗਈ ਹੈ, ਇਵੇਂ ਹੀ ਬੋਲਣ ਸੰਬੰਧੀ ਵੀ ਸੰਜਮ ਅਖ਼ਤਿਆਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ। ਬਹੁਤਾ ਬੋਲਣ ਤੋਂ ਵਰਜਿਆ ਗਿਆ ਹੈ। ਬਹੁਤਾ ਬੋਲਣਾ ਫ਼ਜ਼ੂਲ ਹੈ, ਬੇ-ਫ਼ਾਇਦਾ ਹੈ ਕਿਉਂਕਿ ਪ੍ਰੀਤਮ ਪਿਆਰਾ ਮਨੁੱਖ ਦੀ ਮੂਕ ਭਾਸ਼ਾ ਨੂੰ ਵੀ ਸੁਣਦਾ, ਸਮਝਦਾ ਹੈ! ਪਾਵਨ ਫ਼ੁਰਮਾਨ ਹੈ:

ਬਹੁਤਾ ਬੋਲਣੁ ਝਖਣੁ ਹੋਇ ॥
ਵਿਣੁ ਬੋਲੇ ਜਾਣੈ ਸਭੁ ਸੋਇ ॥ *(ਧਨਾਸਰੀ ਮਹਲਾ ੧, ਪੰਨਾ 661)*

ਮਿੱਠੜੇ ਤੇ ਨਿਮਰਤਾ ਭਰੇ ਬੋਲ ਹੀ ਚੰਗੇ ਗੁਣਾਂ ਦਾ ਤੱਤ ਸਾਰ ਹੈ:

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥

(ਵਾਰ ਆਸਾ ਮਹਲਾ ੧, ਪੰਨਾ 470)

ਬੋਲ ਮਨੁੱਖ ਦੀ ਆਜ਼ਾਦ ਹਸਤੀ ਦਾ ਵੀ ਪ੍ਰਗਟਾ ਕਰਦੇ ਹਨ। ਗ਼ੁਲਾਮ ਮਨੁੱਖ ਦੀ ਬੋਲ-ਸ਼ਕਤੀ ਖ਼ਤਮ ਹੋ ਜਾਂਦੀ ਹੈ। ਉਹ ਬੋਲਣ ਦੇ ਅੰਗ ਰੱਖਦਾ ਹੋਇਆ ਵੀ ਬੋਲਣ ਤੋਂ ਅਸਮਰੱਥ ਹੈ, ਗੂੰਗਾ ਹੈ! ਗ਼ੁਲਾਮ ਦੇ ਬੋਲ ਆਪਣੇ ਨਹੀਂ ਹੁੰਦੇ। ਉਹ ਜੋ ਬੋਲਦਾ ਹੈ ਆਪਣੀ ਜ਼ਮੀਰ ਦੀ ਆਵਾਜ਼ ਤੋਂ ਨਹੀਂ ਬੋਲਦਾ, ਸਗੋਂ ਮਾਲਕ ਦੇ ਹੁਕਮ 'ਤੇ ਹੀ ਬੋਲਦਾ ਹੈ। ਗ਼ੁਲਾਮ ਜੇਕਰ ਜ਼ਮੀਰ ਤੋਂ ਬੋਲਣਾ ਸ਼ੁਰੂ ਕਰ ਦੇਵੇ ਤਾਂ ਉਹ ਬਾਗ਼ੀ ਸਦਵਾਉਂਦਾ ਹੈ। ਪਰ ਆਜ਼ਾਦ-ਸੁਤੰਤਰ ਮਨੁੱਖ ਦੇ ਬੋਲ ਜ਼ਮੀਰ ਦੀ ਆਵਾਜ਼-ਆਧਾਰਿਤ ਹੁੰਦੇ ਹਨ, ਉਧਾਰੇ ਲਏ ਨਹੀਂ ਹੁੰਦੇ, ਸ਼ਾਇਦ ਇਸ ਕਰਕੇ ਹੀ ਸੂਰਮੇ ਮਨੁੱਖ ਦਾ ਸਰੀਰ ਤਾਂ ਭਾਵੇਂ ਬਿਨਸ ਜਾਏ ਪਰ ਬੋਲ ਸਦੀਵੀ ਹੋ ਨਿੱਬੜਦੇ ਹਨ। ਸੂਰਮਾ ਮਨੁੱਖ ਸਮੇਂ ਸਿਰ ਸੱਚੇ ਤੇ ਮਿੱਠੇ ਬੋਲ ਬੋਲਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਸਮੇਂ ਸਿਰ ਸੱਚੇ ਤੇ ਸਦੀਵੀ ਬੋਲ ਬੋਲ ਕੇ ਮਾਨਵਤਾ ਦਾ ਮਾਰਗ-ਦਰਸ਼ਨ ਕੀਤਾ ਹੈ। ਉਨ੍ਹਾਂ ਨੇ ਸਮੇਂ ਦੇ ਹਾਕਮਾਂ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਤੇ ਸਮੇਂ ਦੇ ਬਾਦਸ਼ਾਹ ਬਾਬਰ ਨੂੰ ਜਾਬਰ ਤੀਕ ਕਿਹਾ। ਉਨ੍ਹਾਂ ਲੋਕਾਈ ਨੂੰ ਵੰਗਾਰ ਕੇ ਕਿਹਾ ਕਿ ਲੋਕੋ! ਤੁਹਾਡੀ ਤਾਂ ਬੋਲੀ ਹੀ ਹੋਰ ਹੋ ਗਈ। ਖੱਤਰੀਆਂ, ਜਿਨ੍ਹਾਂ ਨੇ ਦੇਸ਼ ਦੀ ਰੱਖਿਆ ਦਾ ਕਾਰਜ ਆਪਣੇ ਸਿਰ ਲਿਆ ਸੀ ਤੇ ਖੱਤਰੀਪੁਣੇ ਨੂੰ ਆਪਣਾ ਧਰਮ, ਕਰਮ ਸਮਝਦੇ ਸਨ, ਉਨ੍ਹਾਂ ਨੇ ਵੀ ਗ਼ੁਲਾਮੀ ਅਖ਼ਤਿਆਰ ਕਰ ਲਈ ਅਤੇ ਮਲੇਛ ਭਾਸ਼ਾ ਬੋਲਣੀ ਸ਼ੁਰੂ ਕਰ ਦਿੱਤੀ:

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥

(ਬਸੰਤੁ ਮਹਲਾ ੧, ਪੰਨਾ 1191)

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥

(ਧਨਾਸਰੀ ਮਹਲਾ ੧, ਪੰਨਾ 663)

ਬੋਲਾਂ ਸੰਬੰਧੀ ਗੁਰਬਾਣੀ ਵਿੱਚੋਂ ਸਾਨੂੰ ਭਰਪੂਰ ਅਗਵਾਈ ਮਿਲਦੀ ਹੈ ਕਿ ਮਨੁੱਖ ਬੋਲਣ ਸ਼ਕਤੀ ਦਾ ਕਿਵੇਂ ਸਦ-ਉਪਯੋਗ ਕਰ ਸਕਦਾ ਹੈ। ਜਿਵੇਂ ਕਿ ਅਸਾਂ ਪਹਿਲਾਂ ਵਿਚਾਰ ਕੀਤੀ ਹੈ ਕਿ ਪ੍ਰਭੂ-ਦਰਬਾਰ ਵਿਚ ਉਹੀ ਲੋਕ ਸ਼ੋਭਾ ਦੇ ਪਾਤਰ ਬਣਦੇ ਹਨ, ਜਿਨ੍ਹਾਂ ਦੀ ਬੋਲ-ਬਾਣੀ ਅੰਮ੍ਰਿਤਮਈ ਹੋਵੇ। ਜਿਵੇਂ ਗੁਰਮਤਿ ਵਿਚ ਥੋੜ੍ਹਾ ਖਾਣ, ਥੋੜ੍ਹਾ ਸੌਣ ਦੀ ਤਾਕੀਦ ਕੀਤੀ ਗਈ ਹੈ, ਇਵੇਂ ਹੀ ਬੋਲਣ ਸੰਬੰਧੀ ਵੀ ਸੰਜਮ ਅਖ਼ਤਿਆਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ। ਬਹੁਤਾ ਬੋਲਣ ਤੋਂ ਵਰਜਿਆ ਗਿਆ ਹੈ। ਬਹੁਤਾ ਬੋਲਣਾ ਫ਼ਜ਼ੂਲ ਹੈ, ਬੇ-ਫ਼ਾਇਦਾ ਹੈ ਕਿਉਂਕਿ ਪ੍ਰੀਤਮ ਪਿਆਰਾ ਮਨੁੱਖ ਦੀ ਮੂਕ ਭਾਸ਼ਾ ਨੂੰ ਵੀ ਸੁਣਦਾ, ਸਮਝਦਾ ਹੈ! ਪਾਵਨ ਫ਼ੁਰਮਾਨ ਹੈ:

ਬਹੁਤਾ ਬੋਲਣੁ ਝਖਣੁ ਹੋਇ॥
ਵਿਣੁ ਬੋਲੇ ਜਾਣੈ ਸਭੁ ਸੋਇ॥ *(ਧਨਾਸਰੀ ਮਹਲਾ ੧, ਪੰਨਾ 661)*

ਬੁਜ਼ਦਿਲਾਂ, ਮਾਨਸਿਕ ਅਪਾਹਜਾਂ, ਮਨਮੁਖਾਂ ਤੇ ਮੂਰਖਾਂ ਦੀ ਪਹਿਚਾਣ ਉਨ੍ਹਾਂ ਦੇ ਸਰੀਰ, ਰੰਗ-ਰੂਪ ਤੇ ਪਹਿਰਾਵੇ ਤੋਂ ਨਹੀਂ ਹੁੰਦੀ, ਸਗੋਂ ਉਨ੍ਹਾਂ ਦੇ ਬੋਲ ਹੀ ਉਨ੍ਹਾਂ ਦੀ ਪਹਿਚਾਣ ਕਰਾਉਂਦੇ ਹਨ। ਖ਼ੁਸ਼ਾਮਦ ਕਰਨ ਵਾਲੇ, ਬੁਜ਼ਦਿਲ, ਕਾਇਰ, ਗ਼ੁਲਾਮ ਸਮੇਂ ਸਿਰ ਸੱਚ ਨਹੀਂ ਬੋਲਦੇ, ਉਹ ਕੇਵਲ ਹਾਕਮ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ ਖ਼ੁਸ਼ਾਮਦ ਕਰਦੇ ਹਨ ਤੇ ਹਾਂ 'ਚ ਹਾਂ ਮਿਲਾਉਂਦੇ ਹਨ। ਇਸ ਨਾਲ ਭਾਵੇਂ ਧਰਮ, ਸਮਾਜ, ਕੌਮ ਨੂੰ ਭਾਵੇਂ ਹਮੇਸ਼ਾ ਵਾਸਤੇ ਸ਼ਰਮਿੰਦਗੀ ਝੱਲਣੀ ਪਵੇ! ਹਾਕਮ ਦੀ ਅਣ-ਚਾਹੀ ਸਿਫ਼ਤਿ-ਸਾਲਾਹ, ਖ਼ੁਸ਼ਾਮਦ ਕਰਕੇ ਵਕਤੀ ਵਾਹ-ਵਾਹ ਤੇ ਨਿੱਜੀ ਲਾਭ ਤਾਂ ਪ੍ਰਾਪਤ ਕੀਤਾ ਜਾ ਸਕਦਾ ਹੈ ਪਰ ਇਹ ਸਿੱਖ ਆਚਰਣ ਨਹੀਂ। ਮਨਮੁਖ ਤੇ ਮੂਰਖ ਦੀ ਪ੍ਰਮੁੱਖ ਨਿਸ਼ਾਨੀ ਹੈ ਕਿ ਉਹ ਬੋਲਣ ਤੋਂ ਪਹਿਲਾਂ ਵਿਚਾਰਦਾ ਨਹੀਂ, ਜੋ ਮੂੰਹ ਵਿਚ ਆਉਂਦਾ ਹੈ, ਉਗਲ ਦਿੰਦਾ ਹੈ। ਉਹ ਦੂਸਰਿਆਂ ਨੂੰ ਤਾਂ ਆਪਣੀ ਗੱਲ ਸੁਣਾਉਂਦਾ ਹੈ ਪਰ ਆਪ ਨਾ ਤਾਂ ਕਿਸੇ ਦੀ ਗੱਲ ਗਹੁ ਨਾਲ ਸੁਣਦਾ-ਵਿਚਰਦਾ ਹੈ ਤੇ ਨਾ ਹੀ ਆਪਣੇ ਕਹੇ 'ਤੇ ਅਮਲ ਕਰਦਾ ਹੈ। ਗੁਰਬਾਣੀ ਦੇ ਪਾਵਨ ਵਾਕ ਹਨ:

ਮਾਨੁਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ॥

(ਨਟ ਮਹਲਾ ੪, ਪੰਨਾ 981)

ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥ *(ਬਿਲਾਵਲੁ ਮ: ੧, ਪੰਨਾ 831)*

ਬਿਨਾਂ ਸੋਚੇ ਸਮਝੇ ਬੋਲੇ ਹੋਏ ਬੋਲ ਕਈ ਵਾਰ ਤਲਵਾਰ ਦੇ ਜ਼ਖ਼ਮਾਂ ਤੋਂ ਵੀ ਵੱਧ ਘਾਤਕ ਤੇ ਸਦੀਵੀ ਨਾਸੂਰ ਹੋ ਨਿਬੜਦੇ ਹਨ। ਉਮਰਾਂ ਲੰਮੀ ਸਾਂਝ ਨੂੰ ਬੇਸਮਝੀ ਵਿਚ ਬੋਲਿਆ ਇਕ ਕੌੜਾ ਬੋਲ ਦੁਸ਼ਮਣੀ ਵਿਚ ਬਦਲ ਸਕਦਾ ਹੈ। ਦੂਸਰੇ ਪਾਸੇ ਨਿਮਰਤਾ ਨਾਲ ਕਹੇ ਹੋਏ ਮਿੱਠੜੇ ਬੋਲ ਪੁਰਾਣੇ ਜ਼ਖ਼ਮਾਂ ਨੂੰ ਮੇਟਣ ਵਿਚ ਸਹਾਈ ਹੋ ਸਕਦੇ ਹਨ।

ਗੁਰਬਾਣੀ ਦੇ ਆਸ਼ੇ ਅਨੁਸਾਰ ਹਰੇਕ ਮਨੁੱਖ ਦੀ ਬੋਲ-ਬਾਣੀ ਮਿਠਾਸ ਭਰਪੂਰ ਤੇ ਸੰਜਮਮਈ ਹੋਣੀ ਚਾਹੀਦੀ ਹੈ, ਗੁਰਸਿੱਖ ਸਦਵਾਉਣ ਵਾਲਿਆਂ ਲਈ ਤਾਂ ਇਹ ਨਹਾਇਤ ਹੀ ਜ਼ਰੂਰੀ ਹੈ ਕਿਉਂਕਿ ਗਾਲ੍ਹੀ-ਗਲੋਚ ਵਾਲੀ ਭਾਸ਼ਾ ਤੇ ਬੋਲ-ਬਾਣੀ ਗੁਰੂ-ਹੁਕਮਾਂ ਦੀ ਸਰਾਸਰ ਉਲੰਘਣਾ ਹੈ, ਜੋ ਗੁਰਸਿੱਖ ਕਦੇ ਵੀ ਨਹੀਂ ਕਰਦਾ! ਗੁਰਸਿੱਖਾਂ ਨੂੰ ਤਾਂ ਹਦਾਇਤ ਹੈ:

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥ *(ਆਸਾ ਸੇਖ ਫਰੀਦ ਜੀ, ਪੰਨਾ 488)*

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥

(ਤਿਲੰਗ ਮਹਲਾ ੧, ਪੰਨਾ 723)

ਗੁਰੂ ਮਿਹਰ ਕਰੇ, ਅਸੀਂ ਗੁਰੂ ਦੇ ਸਿੱਖ ਸਦਵਾਉਣ ਵਾਲੇ ਕੇਵਲ ਸਰੂਪ ਕਰਕੇ ਹੀ ਸਿੱਖ ਨਾ ਬਣੀਏ, ਸਗੋਂ ਇਸ ਨਾਲ ਬੋਲ-ਬਾਣੀ, ਆਚਾਰ-ਵਿਹਾਰ, ਕਥਨੀ-ਕਰਨੀ ਦੇ ਸੂਰਮੇ ਬਣ ਮਾਨ-ਸਤਿਕਾਰ ਪ੍ਰਾਪਤ ਕਰ ਸਕੀਏ!

ਇਕਾ ਬਾਣੀ ਇਕ ਗੁਰੁ...

'ਨਾਨਕ ਨਿਰਮਲ ਪੰਥ' ਦੇ ਆਰੰਭ ਹੋਣ ਤੋਂ ਪਹਿਲਾਂ ਭਾਰਤੀ ਸਮਾਜ, ਧਰਮ ਆਧਾਰਿਤ ਵੱਖ-ਵੱਖ ਪੂਜਾ ਵਿਧੀਆਂ ਹੋਣ ਕਾਰਨ, ਖੇਰੂੰ-ਖੇਰੂੰ ਹੋਇਆ ਪਿਆ ਸੀ। ਇਸ ਦਾ ਮੁੱਖ ਕਾਰਨ ਇਹ ਸੀ ਕਿ ਚਤੁਰ ਧਾਰਮਿਕ ਨੇਤਾ ਆਪੋ-ਆਪਣੀ ਦੁਕਾਨਦਾਰੀ ਚਲਾਉਣ ਲਈ ਪਰਮਾਤਮਾ ਦੇ ਕਈ ਸਰੂਪ ਲੋਕਾਈ ਨੂੰ ਦਰਸਾਉਂਦੇ। ਕਿਧਰੇ ਉੱਚ ਜਾਤੀ ਦੇ ਵਿਅਕਤੀਆਂ ਦੀ ਪੂਜਾ ਪ੍ਰਚੱਲਿਤ ਸੀ, ਕਿਧਰੇ ਦੇਵੀ-ਦੇਵਤਿਆਂ ਨੂੰ ਵੱਖ-ਵੱਖ ਸ਼ਕਲਾਂ-ਆਕਾਰਾਂ ਵਿਚ ਪੂਜਿਆ ਜਾਂਦਾ, ਕਿਧਰੇ ਚੰਦ, ਸੂਰਜ, ਆਕਾਸ਼, ਦਰੱਖ਼ਤਾਂ, ਪਹਾੜਾਂ, ਜਾਨਵਰਾਂ, ਪਸ਼ੂਆਂ, ਨਦੀਆਂ-ਨਾਲਿਆਂ ਨੂੰ ਦੈਵੀ ਸ਼ਕਤੀਆਂ ਜਾਣ ਪੂਜਿਆ ਜਾਂਦਾ। 'ਗੁਰੂ' ਸੰਬੰਧੀ ਵੀ ਦੋ ਪ੍ਰਮੁੱਖ ਵਿਚਾਰ ਉਸ ਸਮੇਂ ਪ੍ਰਚੱਲਿਤ ਸਨ। ਇਕ ਤਾਂ ਹਰ ਵਿਅਕਤੀ ਦਾ ਆਪਣਾ ਹੀ ਨਿੱਜੀ ਗੁਰੂ ਹੁੰਦਾ ਸੀ। ਇਸ ਨਾਲ ਘਰ-ਘਰ, ਵੱਖ-ਵੱਖ ਗੁਰੂ ਪੈਦਾ ਹੋ ਗਏ, ਜਿਸ ਨਾਲ ਪੁਜਾਰੀ ਸ਼੍ਰੇਣੀ ਨੂੰ ਲਾਭ ਪ੍ਰਾਪਤ ਹੋਇਆ। ਜਿੰਨਾ ਸਮਾਜ ਧਾਰਮਿਕ ਰਹੁ-ਰੀਤਾਂ ਆਧਾਰਿਤ ਵੰਡਿਆ ਹੋਵੇਗਾ, ਉਤਨਾ ਹੀ ਪੁਜਾਰੀ ਵਰਗ ਨੂੰ ਲਾਭ ਵਧੇਰੇ ਹੋਵੇਗਾ। ਪੁਜਾਰੀ, ਪੰਡਿਤ ਤੇ ਉਸ ਵਕਤ ਦੇ ਤਥਾਕਥਿਤ ਗੁਰੂ ਸਾਰੇ ਉੱਚ ਜਾਤੀਆਂ ਵਿੱਚੋਂ ਹੀ ਸਨ, ਇਥੋਂ ਤਕ ਕਿ ਇਹ ਲੋਕ ਨੀਵੀਂ ਜਾਤੀ ਦੇ ਮਾਨਵ ਨੂੰ ਧਾਰਮਿਕ ਉਪਦੇਸ਼ ਵੀ ਨਹੀਂ ਸਨ ਦਿੰਦੇ। ਨੀਵੀਂ ਜਾਤ ਦੇ ਕਹੇ ਜਾਣ ਵਾਲੇ ਵਿਅਕਤੀ ਪਰਮਾਤਮਾ ਦਾ ਨਾ ਨਾਮ ਸਿਮਰਨ ਕਰ ਸਕਦੇ ਸਨ ਤੇ ਨਾ ਹੀ ਨਾਮ ਸੁਣ ਸਕਦੇ ਸਨ, 'ਨਾਮ' ਗੁਪਤ ਹੀ ਦਿੱਤਾ ਜਾਂਦਾ ਸੀ।

ਦੂਸਰੀ ਆਮ ਪ੍ਰਚੱਲਿਤ ਮਨੌਤ ਇਹ ਸੀ ਕਿ ਸੰਸਾਰ ਦੀ ਤਰਸਯੋਗ ਹਾਲਤ ਦੇਖ 'ਪਰਮਾਤਮਾ' ਆਪ ਇਸ ਸੰਸਾਰ 'ਤੇ ਜਨਮ ਲੈਂਦਾ ਹੈ, ਜਿਵੇਂ ਰਾਮ ਅਵਤਾਰ ਦੇ ਰੂਪ ਵਿਚ, ਕ੍ਰਿਸ਼ਨ ਭਗਵਾਨ ਦੇ ਸਰੂਪ ਵਿਚ! ਭਾਵੇਂ ਹਿੰਦੂ ਮੱਤ ਦੇ ਇਨ੍ਹਾਂ ਭਗਵਾਨਾਂ-ਅਵਤਾਰਾਂ, ਦੇਵੀ-ਦੇਵਤਿਆਂ ਦੀ ਗਿਣਤੀ ਕਰਨ ਲਈ ਕੰਪਿਊਟਰ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ।

ਸੰਖੇਪ ਵਿਚ ਭਾਰਤੀ ਸਮਾਜ ਪਾਟੋ-ਧਾੜ ਕਰਕੇ ਵਿਸ਼ਵ ਪ੍ਰਸਿੱਧ ਸੀ (ਭਾਵੇਂ ਹਾਲਾਤ ਹੁਣ ਵੀ ਖ਼ੁਸ਼ਗਵਾਰ ਨਹੀਂ) ਨਾ ਇਸ਼ਟ ਇਕ, ਨਾ ਉਪਾਸ਼ਨਾ ਇਕ, ਨਾ ਦੇਵਤਾ ਇਕ, ਨਾ ਪੂਜਾ ਇਕ, ਨਾ ਜਾਤ ਇਕ, ਨਾ ਰਹੁ-ਰੀਤ-ਰਸਮੋਂ-ਰਿਵਾਜ ਇਕ, ਨਾ ਧਰਮ ਇਕ, ਨਾ ਸਮਾਜ ਇਕ। 'ਵੀਹ ਪੂਰਬੀਏ ਇੱਕੀ ਚੁੱਲ੍ਹੇ' ਵਾਲੀ ਹਾਲਤ ਸੀ। ਧਰਮ-ਗਿਆਨ ਦੀ ਵਿਚਾਰ ਕਰਨ ਵਾਲਾ ਕੋਈ ਨਹੀਂ ਸੀ। ਜੋ ਕਿਸੇ ਦੇ ਮਨ ਵਿਚ

ਆਉਂਦਾ, ਓਸੇ ਤਰ੍ਹਾਂ ਪੂਜਾ-ਉਪਾਸ਼ਨਾ ਸ਼ੁਰੂ ਹੋ ਜਾਂਦੀ। ਮੜ੍ਹੀਆਂ-ਮਸਾਣਾਂ, ਪੱਥਰਾਂ-ਪਹਾੜਾਂ, ਨਦੀ-ਨਾਲਿਆਂ ਦੀ ਪੂਜਾ, ਤੰਤਰ-ਮੰਤਰ, ਜਾਦੂ-ਟੂਣੇ, ਧਾਗੇ-ਤਵੀਤ ਦੇ ਤਾਣੇ-ਬਾਣੇ ਨੂੰ ਧਾਰਮਿਕ, ਸਮਾਜਿਕ ਮਾਨਤਾ ਪ੍ਰਾਪਤ ਸੀ। ਭਾਈ ਗੁਰਦਾਸ ਜੀ ਉਸ ਸਮੇਂ ਦੀਆਂ ਧਾਰਮਿਕ ਪੂਜਾ ਵਿਧੀਆਂ ਆਧਾਰਿਤ ਵੰਡੇ ਸਮਾਜ ਦੇ ਸਰੂਪ ਨੂੰ ਇਉਂ ਰੂਪਮਾਨ ਕਰਦੇ ਹਨ:

ਕਲਿਜੁਗਿ ਬੋਧੁ ਅਉਤਾਰੁ ਹੈ ਬੋਧ ਅਬੋਧੁ ਨ ਦ੍ਰਿਸ਼ਟੀ ਆਵੈ।
ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨਿ ਭਾਵੈ।
ਕਿਸੇ ਪੁਜਾਈ ਸਿਲਾ ਸੁੰਨਿ ਕੋਈ ਗੋਰੀ ਮੜ੍ਹੀ ਪੁਜਾਵੈ।
ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।
ਆਪੋ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੈ।
ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ।
ਪਉਣੁ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੈ।
ਫੋਕਟਿ ਧਰਮੀ ਭਰਮਿ ਭੁਲਾਵੈ ॥੧੮॥ *(ਵਾਰ 1, ਪਉੜੀ 18)*

ਧਾਰਮਿਕ ਸਥਿਤੀ ਐਸੀ ਸੀ ਕਿ ਕੋਈ ਬੁੱਤਾਂ ਨੂੰ ਸਿਰ ਨਿਵਾ ਰਿਹਾ ਹੈ ਤੇ ਕੋਈ ਲਿੰਗ ਦੀ ਪੂਜਾ ਕਰ ਰਿਹਾ ਹੈ, ਕੋਈ ਮ੍ਰਿਤਕਾਂ ਨੂੰ ਮੰਨੀ ਜਾ ਰਿਹਾ ਹੈ। ਕੋਈ ਪੱਛਮ ਨੂੰ, ਕੋਈ ਪੂਰਬ ਨੂੰ ਸਿਜਦਾ ਕਰ ਰਿਹਾ ਸੀ, ਪਰ ਸਰਬ-ਸ਼ਕਤੀਮਾਨ, ਸਰਬ-ਵਿਆਪੀ ਭਗਵਾਨ, ਪ੍ਰਭੂ-ਪਰਮਾਤਮਾ 'ਤੇ ਕਿਸੇ ਨੂੰ ਪੂਰਨ ਵਿਸ਼ਵਾਸ ਨਹੀਂ ਤੇ ਨਾ ਹੀ ਕਿਸੇ ਨੇ ਉਸ ਦੇ ਭੇਦ ਨੂੰ ਜਾਣਿਆ ਹੈ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਉਸ ਸਮੇਂ ਦੀ ਧਾਰਮਿਕ ਸਥਿਤੀ ਦਾ ਵਰਣਨ ਇਸ ਤਰ੍ਹਾਂ ਕਰਦੇ ਹਨ:

ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ ॥
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੧੦॥

(ਤ੍ਵ ਪ੍ਰਸਾਦਿ ਸਵੱਯੇ, ਪਾ: ੧੦)

ਗੁਰਮਤਿ ਵਿਚਾਰਧਾਰਾ ਦਾ ਆਰੰਭ ਆਦਿ ਗੁਰੂ, ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਨਾਲ ਹੋਇਆ। ਆਦਿ ਤੋਂ ਹੀ ਗੁਰਮਤਿ ਵਿਚਾਰਧਾਰਾ ਜਾਨਦਾਰ ਜਾਂ ਨਿਰਜਿੰਦ ਵਸਤੂ ਤਾਂ ਇਕ ਪਾਸੇ ਰਹੀ, ਵਿਅਕਤੀ ਵਿਸ਼ੇਸ਼ ਨੂੰ ਵੀ ਅਕਾਲ-ਪੁਰਖ ਦੇ ਤੁੱਲ ਨਾ ਸਮਝਿਆ ਗਿਆ ਹੈ, ਨਾ ਮੰਨਿਆ ਗਿਆ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਜਪੁ ਜੀ ਸਾਹਿਬ ਤੋਂ ਪਹਿਲਾਂ ਮੂਲਮੰਤ੍ਰ ਅੰਕਿਤ ਹੈ। ਮੂਲਮੰਤ੍ਰ ਹੀ ਗੁਰਮਤਿ ਵਿਚਾਰਧਾਰਾ ਦਾ ਤੱਤ ਸਾਰ ਹੈ ਜਾਂ ਗੁਰਮਤਿ ਵਿਚਾਰਧਾਰਾ 'ਮੂਲਮੰਤ੍ਰ' ਆਧਾਰਿਤ ਹੋ ਸਕਦੀ ਹੈ, ਬਾਹਰ ਨਹੀਂ। ਸਾਡਾ ਮੰਤਵ ਮੂਲਮੰਤ੍ਰ ਦੇ ਸੰਕਲਪ ਜਾਂ ਸਿਧਾਂਤ ਸੰਬੰਧੀ ਵਿਸਥਾਰ ਵਿਚ ਵਿਚਾਰ ਕਰਨ ਦਾ ਨਹੀਂ, ਅਸੀਂ ਤਾਂ ਕੇਵਲ ਇਹ ਸਮਝਣਾ-ਸਮਝਾਉਣਾ ਚਾਹੁੰਦੇ ਹਾਂ ਕਿ ਮੂਲਮੰਤ੍ਰ ਵਿਚ ਵਿਅਕਤ 'ਪਰਮ ਹਸਤੀ' ਕੇਵਲ 'ਇਕ' ਹੈ ਜੋ ਜਨਮ-ਮਰਨ ਤੋਂ ਰਹਿਤ ਹੈ। ਇਸ ਵਿਚਾਰ ਨੂੰ ਉਸ ਸਮੇਂ ਦੇ

ਭਾਰਤੀ-ਸਮਾਜ ਵਿਚ ਪ੍ਰਚਾਰਨਾ-ਪ੍ਰਸਾਰਨਾ ਕਿਤਨਾ ਕਠਿਨ ਹੋਵੇਗਾ, ਇਸ ਗੱਲ ਦਾ ਅੰਦਾਜ਼ਾ ਉਪਰੋਕਤ ਵਰਣਨ ਸਥਿਤੀ ਤੋਂ ਸਹਿਜੇ ਹੀ ਹੋ ਸਕਦਾ ਹੈ। ਗੁਰਮਤਿ ਕੇਵਲ ਇਕ ਅਕਾਲ ਪੁਰਖ ਨੂੰ ਹੀ ਸਰਬ-ਸ਼ਕਤੀਮਾਨ, ਸਰਬ-ਵਿਆਪੀ ਮੰਨ ਕੇ ਉਸ ਦੀ ਹੀ ਉਪਾਸ਼ਨਾ-ਸਿਮਰਨ ਕਰਨ ਦੀ ਤਾਕੀਦ ਕਰਦੀ ਹੈ। ਜੀਵਾਂ ਨੂੰ ਜੀਵਨ ਦਾਨ ਦੇਣ ਤੇ ਲੈਣ ਵਾਲਾ ਕੇਵਲ ਇਕ ਪਰਮਾਤਮਾ ਹੀ, ਜਿਸ ਨੂੰ ਵੱਖ-ਵੱਖ ਨਾਵਾਂ ਨਾਲ ਯਾਦ ਕੀਤਾ ਜਾ ਸਕਦਾ ਹੈ, ਪਰ ਇਹ ਸਭ ਨਾਮ ਕਿਰਤਮ ਹੀ ਹਨ। ਪਰਮਾਤਮਾ ਹੀ ਸਭ ਨੂੰ ਪੈਦਾ ਕਰਨ ਵਾਲਾ ਤੇ ਰਿਜ਼ਕ ਦੇਣ ਵਾਲਾ ਹੈ। ਪਰਮਾਤਮਾ ਹੀ ਸਭ ਜੀਵਾਂ ਨੂੰ ਇਸ ਧਰਤੀ 'ਤੇ ਭੇਜਦਾ ਹੈ ਤੇ ਫਿਰ ਆਪ ਹੀ ਵਾਪਸ ਬੁਲਾਉਂਦਾ ਹੈ। ਪਰਮਾਤਮਾ ਦੀ ਪ੍ਰਾਪਤੀ ਲਈ ਕਿਸੇ ਵਿਚੋਲੇ ਦੀ ਜ਼ਰੂਰਤ ਨੂੰ ਵੀ ਗੁਰਮਤਿ ਪ੍ਰਵਾਨ ਨਹੀਂ ਕਰਦੀ, ਕਿਉਂਕਿ ਪ੍ਰਭੂ ਦਰ 'ਤੇ ਸਭ ਬਰਾਬਰ ਹਨ। ਗੁਰਬਾਣੀ ਵਿਚ ਅਨੇਕਾਂ ਹੀ ਹਵਾਲੇ ਉਪਲਬਧ ਹਨ ਜਿਨ੍ਹਾਂ ਵਿਚ ਪਰਮਾਤਮਾ ਦੀ ਏਕਤਾ ਤੇ ਜਨਮ-ਮਰਨ, ਸਮੇਂ-ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਦਰਸਾਇਆ ਤੇ ਦ੍ਰਿੜ ਕਰਵਾਇਆ ਗਿਆ ਹੈ। ਕੁਝ ਕੁ ਵਿਚਾਰ ਗੋਚਰੇ :

ਇਕੁ ਦਾਤਾ ਸਭੁ ਜਗਤੁ ਭਿਖਾਰੀਆ ਹਰਿ ਜਾਚਹਿ ਸਭ ਮੰਗ ਮੰਗਨਾ ॥

(ਵਾਰ ਕਾਨੜੇ ਕੀ, ਮਹਲਾ ੪, ਪੰਨਾ 1313)

ਇਕੁ ਦਾਤਾ ਸਭਿ ਮੰਗਤੇ ਫਿਰਿ ਦੇਖਹਿ ਆਕਾਰੁ ॥

(ਵਾਰ ਸਾਰੰਗ, ਮਹਲਾ ੯, ਪੰਨਾ 1242)

ਭਰਮਿ ਭੂਲੇ ਨਰ ਕਰਤ ਕਚਰਾਇਣ ॥
ਜਨਮ ਮਰਣ ਤੇ ਰਹਤ ਨਾਰਾਇਣ ॥੧॥ਰਹਾਉ॥
ਕਰਿ ਪੰਜੀਰੁ ਖਵਾਇਓ ਚੋਰ ॥
ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥੨॥
ਸਗਲ ਪਰਾਧ ਦੇਹਿ ਲੋਰੋਨੀ ॥
ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰ ਜੋਨੀ ॥੩॥
ਜਨਮਿ ਨ ਮਰੈ ਨ ਆਵੈ ਨ ਜਾਇ ॥
ਨਾਨਕ ਕਾ ਪ੍ਰਭੁ ਰਹਿਓ ਸਮਾਇ ॥੪॥੧॥ *(ਭੈਰਉ ਮਹਲਾ ੫, ਪੰਨਾ 1136)*

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥
ਦੇਵਨ ਕਉ ਏਕੈ ਭਗਵਾਨੁ ॥ *(ਗਉੜੀ ਸੁਖਮਨੀ ਮ: ੫, ਪੰਨਾ 281)*

ਏਕ ਊਪਰਿ ਜਿਸੁ ਜਨ ਕੀ ਆਸਾ ॥
ਤਿਸ ਕੀ ਕਟੀਐ ਜਮ ਕੀ ਫਾਸਾ ॥ *(ਗਉੜੀ ਸੁਖਮਨੀ ਮ: ੫, ਪੰਨਾ 281)*

ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਨੁੱਖਤਾ ਨੂੰ 'ਇਕ ਅਕਾਲ-ਪੁਰਖ' ਨੂੰ ਮੰਨਣ ਤੇ ਪੂਜਣ ਦਾ ਉਪਦੇਸ਼ ਕੀਤਾ ਹੈ। ਜੇਕਰ ਗੁਰੂ ਸਰੀਰਕ ਜਾਮਿਆਂ ਵਿਚ ਦਸ ਹੋਏ, 'ਜੋਤਿ' ਤਾਂ ਇਕ ਹੀ ਸੀ। ਗੁਰੂ ਸਾਹਿਬਾਨ ਵੱਲੋਂ ਦਰਸਾਏ ਸਿਧਾਂਤ ਵੀ 'ਇਕ' ਉੱਪਰ ਹੀ ਆਧਾਰਿਤ ਹਨ, ਜਿਵੇਂ 'ਗੁਰੂ ਜੋਤਿ' ਇਕ, 'ਸਬਦੁ ਗੁਰੂ' ਇਕ, ਸੰਗਤ ਇਕ,

ਪੰਗਤ ਇਕ, ਧਰਮ ਮੰਦਰ ਇਕ (ਸਭ ਦੇ ਸਾਂਝੇ), ਖੰਡੇ-ਬਾਟੇ ਦੀ ਪਾਹੁਲ ਇਕ। ਗੱਲ ਕੀ, ਅਕਾਲ ਪੁਰਖ ਦੀ ਏਕਤਾ ਦੇ ਸਿਧਾਂਤ ਆਧਾਰਿਤ ਸਮੁੱਚੀ ਮਨੁੱਖਤਾ ਨੂੰ ਇਕ ਪਰਮਾਤਮਾ ਦੇ ਲੜ ਲਾ, ਇਕ ਲੜੀ ਵਿਚ ਪਰੋਇਆ, ਜਿਸ ਵਿਚ ਕੋਈ ਉੱਚਾ ਨਹੀਂ, ਕੋਈ ਨੀਵਾਂ ਨਹੀਂ, ਇਥੋਂ ਤਕ ਕਿ ਗੁਰੂ-ਚੇਲੇ ਦੀ ਦੂਰੀ ਨੂੰ ਵੀ ਸਮਾਪਤ ਕਰ ਦਿੱਤਾ।

ਪਰ ਦੁੱਖ ਦੀ ਗੱਲ ਹੈ ਕਿ ਅਸੀਂ ਅਮੀਰ ਵਿਰਸੇ ਦੇ ਮਾਲਕ ਹੁੰਦੇ ਹੋਏ ਵੀ ਕੰਗਾਲ ਹੁੰਦੇ ਜਾ ਰਹੇ ਹਾਂ। ਕਾਰਨ ਏਕੇ ਦੀ ਪਕੜ ਢਿੱਲੀ ਹੁੰਦੀ ਜਾ ਰਹੀ ਹੈ। ਅੱਜ ਫਿਰ ਘਰ-ਘਰ 'ਭੇਖੀ ਗੁਰੂ' ਪੈਦਾ ਹੋਣ ਕਾਰਨ 'ਸਿਧਾਂਤਕ ਏਕਤਾ' 'ਤੇ ਅਸਰ ਪੈ ਰਿਹਾ ਹੈ। ਸਿਧਾਂਤਕ ਏਕਤਾ ਹੀ ਕੌਮੀ ਏਕਤਾ ਦਾ ਆਧਾਰ ਹੈ। ਅਜਿਹੇ ਵਾਤਾਵਰਣ ਵਿਚ ਸਿੱਖੀ ਦੇ ਦੋਖੀਆਂ ਦਾ ਖ਼ੂਬ ਦਾਅ ਲੱਗ ਰਿਹਾ ਹੈ। ਨਿੱਤ ਦਿਹਾੜੇ ਖੁੰਬਾਂ ਵਾਂਗ 'ਭੇਖੀ ਸਾਧੂ' ਤੇ 'ਦੰਭੀ ਗੁਰੂ' ਭਾਰਤ ਵਿਚ ਤੇ ਵਿਸ਼ੇਸ਼ ਕਰਕੇ ਸਿੱਖ ਸਮਾਜ ਵਿਚ ਪੈਦਾ ਹੋ ਰਹੇ ਹਨ। ਇਹ ਲੋਕ ਡੇਰੇ ਬਣਾ ਕੇ ਆਪਣੀਆਂ ਦੁਕਾਨਾਂ ਨੂੰ ਖ਼ੂਬ ਸਜਾਉਂਦੇ ਹਨ ਤਾਂ ਕਿ ਵੱਧ ਤੋਂ ਵੱਧ ਸ਼ਰਧਾਲੂਆਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ ਜਾ ਸਕੇ। ਕਿਧਰੇ ਸਰਕਾਰੀ ਸਹਾਇਤਾ ਨਾਲ ਨਿਤਾ-ਪ੍ਰਤੀ ਲੋੜ ਦੀ ਵਸਤੂਆਂ ਦੇ ਸਸਤੇ ਬਜ਼ਾਰ ਲਗਾ ਕੇ, ਲੋਕਾਂ ਨੂੰ ਪਦਾਰਥਕ ਲਾਲਚ ਦੇ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ। ਕਿਧਰੇ ਵੱਖ-ਵੱਖ ਕੀਮਤਾਂ, ਵਰਗ-ਵੰਡ ਆਧਾਰਿਤ 'ਲੰਗਰ' (ਲੰਗਰ ਕਹਿਣਾ ਨਹੀਂ ਚਾਹੀਦਾ) ਚਲਾ ਰਹੇ ਹਨ। ਬਹੁਤ ਸਾਰੇ ਲੋਕ ਅੰਧ-ਵਿਸ਼ਵਾਸੀ ਬਣ ਸ਼ਖ਼ਸੀ ਪੂਜਾ ਦੇ ਧਾਰਨੀ ਹੋ ਰਹੇ ਹਨ। ਕਿਧਰੇ ਨਿਰੰਕਾਰੀ, ਕਿਧਰੇ ਨਾਮਧਾਰੀ ਤੇ ਕਿਧਰੇ ਬਿਆਸਾ ਦੇ ਵਾਸੀ, ਡੇਰਾ ਸੱਚਾ-ਸੌਦਾ, ਨੂਰ ਮਹਿਲੀਏ, ਭਨਿਆਰੇ ਵਾਲੇ ਆਦਿ ਆਪਣੇ ਆਪ 'ਗੁਰੂ ਨਾਨਕ ਜੋਤਿ' ਦੇ ਉਤਰਾਧਿਕਾਰੀ ਬਣੀ ਬੈਠੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਇਹ ਲੋਕ ਪਲਦੇ ਲੋਕਾਂ ਦੀ ਕਿਰਤ ਕਮਾਈ 'ਤੇ ਹਨ, ਪਰ ਹੈਨ ਸਾਰੇ ਸਰਕਾਰੀ-ਭਗਤ। ਇਹ ਅਖੌਤੀ ਧਾਰਮਿਕ ਨੇਤਾ ਕਦੇ ਵੀ ਸਰਕਾਰੀ ਜਾਂ ਗ਼ੈਰ-ਸਰਕਾਰੀ ਜਬਰ-ਜ਼ੁਲਮ ਦੇ ਵਿਰੁੱਧ ਇਕ ਵੀ ਸ਼ਬਦ ਨਹੀਂ ਉਚਰਦੇ।

ਜਦ ਸਮੁੱਚਾ ਪੰਜਾਬ ਨਸ਼ਿਆਂ, ਪਤਿਤਪੁਣੇ, ਭਰੂਣ ਹੱਤਿਆ ਆਦਿ ਨਾਲ ਵਿਨਾਸ਼ ਵੱਲ ਵੱਧ ਰਿਹਾ ਹੈ, ਜੁਆਨੀ ਦਾ ਘਾਣ ਹੋ ਰਿਹਾ ਹੈ, ਪਰ ਇਹ ਭੇਖੀ ਗੁਰੂ ਵਾਤਾਨੁਕੂਲ ਬੰਗਲਿਆਂ ਵਿਚ ਆਰਾਮ ਕਰ ਰਹੇ ਹਨ। ਅੱਜ ਤਕ ਕਦੇ ਇਨ੍ਹਾਂ ਅਖੌਤੀ ਧਾਰਮਿਕ ਨੇਤਾਵਾਂ ਨੇ ਸਮੇਂ ਦੇ ਬਾਬਰ ਨੂੰ ਜਾਬਰ ਕਹਿਣ ਦੀ ਜੁਰਅਤ ਨਹੀਂ ਕੀਤੀ। ਇਨ੍ਹਾਂ ਪਾਸੋਂ ਆਸ ਵੀ ਨਹੀਂ ਕਰਨੀ ਚਾਹੀਦੀ ਕਿਉਂਕਿ ਸਮੇਂ ਦੇ ਬਾਬਰ ਦੀ ਹੀ ਤਾਂ ਇਹ ਪੈਦਾਇਸ਼ ਹਨ। ਗੁਰੂ ਨਾਨਕ ਜੋਤਿ ਤੇ ਗੁਰੂ ਨਾਨਕ ਜੋਤਿ ਦੀ ਏਕਤਾ ਨੂੰ ਨਿਰੰਤਰ ਮੰਨਣ ਵਾਲੇ ਤਾਂ ਸਮੇਂ ਦੇ ਬਾਬਰ ਨੂੰ ਜਾਬਰ ਕਹਿਣ ਦੀ ਜੁਰਅਤ ਹੀ ਨਹੀਂ ਰੱਖਦੇ, ਸਗੋਂ ਸਮੇਂ ਦੇ ਬਾਬਰ ਦੇ ਜਬਰ-ਜ਼ੁਲਮ ਨੂੰ ਸਬਰ ਨਾਲ ਵੰਗਾਰਦੇ ਹੋਏ ਤੱਤੀ ਤਵੀ 'ਤੇ "ਤੇਰਾ ਕੀਆ ਮੀਠਾ ਲਾਗੇ" ਦਾ ਜਾਪ ਕਰਦੇ ਹਨ। ਨਾਨਕ ਜੋਤਿ ਹੀ ਕਿਸੇ ਦੂਸਰੇ ਦੇ ਧਰਮ ਨੂੰ ਬਚਾਉਣ ਲਈ ਖ਼ੁਦ ਕਾਤਲ ਪਾਸ ਹਾਜ਼ਰ ਹੋ, ਸ਼ਹੀਦੀ ਪ੍ਰਾਪਤ ਕਰ, 'ਹਿੰਦ ਦੀ ਚਾਦਰ' ਅਖਵਾਉਂਦੇ ਹਨ। ਪਰ ਅੱਜ ਹਾਲਤ ਤਰਸਯੋਗ

ਹੋ ਚੁੱਕੀ ਹੈ। ਸਿੱਖ ਹੋਂਦ-ਹਸਤੀ ਤੇ ਪਹਿਚਾਣ ਨੂੰ ਸਿੱਧਾ ਚੈਲੰਜ ਕੀਤਾ ਜਾ ਰਿਹਾ ਹੈ। ਜੇਕਰ ਇਕ ਡੇਰੇਦਾਰ ਕੋਈ ਪਾਖੰਡ ਕਰਦਾ ਹੈ ਤਾਂ ਦੂਸਰੇ ਮੂਕ-ਦਰਸ਼ਕ ਬਣ ਉਸ ਦੀ ਹਮਾਇਤ ਕਰਦੇ ਹਨ। ਪਿਛਲੇ ਦਿਨੀਂ ਪਾਖੰਡੀ ਸਾਧ ਰਾਮ-ਰਹੀਮ ਨੇ ਜੋ ਕੁਝ ਕੀਤਾ, ਕਿਸੇ ਤੋਂ ਛੁਪਿਆ ਨਹੀਂ, ਪਰ ਕਿਸੇ ਵੀ ਅਖੌਤੀ ਗੁਰੂ ਨੇ ਇਸ ਵਿਰੁੱਧ ਆਵਾਜ਼ ਨਹੀਂ ਉਠਾਈ ? ਕਾਰਨ ਸਪੱਸ਼ਟ ਹੈ ਕਿ ਲੋਕ ਸੋਚੀ ਸਮਝੀ ਸਾਜ਼ਿਸ਼ ਤਹਿਤ ਸਿੱਖੀ ਸਿਧਾਂਤਾਂ, ਗੁਰਮਤਿ ਵਿਚਾਰਧਾਰਾ, ਸਿੱਖ ਵਿਰਸੇ ਨੂੰ ਖ਼ਤਮ ਕਰਨ ਵਾਸਤੇ ਇਕ ਹਨ। ਸਿੱਖ ਧਰਮ ਦੇ ਮੰਨਣ ਵਾਲਿਆਂ ਨੂੰ ਵੀ ਨਾਨਕ ਨਿਰਮਲ ਪੰਥ ਦੀ ਵਿਚਾਰਧਾਰਾ ਨੂੰ ਮਨ-ਬਚ-ਕਰਮ ਕਰਕੇ ਮੰਨਣਾ ਤੇ ਜੀਵਨ-ਜਾਚ ਦਾ ਹਿੱਸਾ ਬਣਾਉਣਾ ਪਵੇਗਾ। ਆਦਰਸ਼ਕ ਸਿੱਖ ਜੀਵਨ ਜੇਕਰ ਜੀਵਿਆ ਜਾਵੇਗਾ ਤਾਂ ਇਹ ਵਕਤੀ ਡੱਡੂ ਆਪਣੇ ਆਪ ਖ਼ਤਮ ਹੋ ਜਾਣਗੇ।

ਅੱਜ ਲੋੜ ਹੈ ਇਨ੍ਹਾਂ ਭੇਖੀ ਲੋਕਾਂ ਤੋਂ ਬਚਣ ਦੀ। ਹਰੇਕ ਗੁਰਸਿੱਖ ਨੂੰ ਚਾਹੀਦਾ ਹੈ ਕਿ ਉਹ ਜਿਥੇ ਵੀ ਦੇਸ-ਪ੍ਰਦੇਸ ਵਿਚ ਵਿਚਰੇ, ਆਪਣੇ ਬੋਲ-ਬਾਣੇ ਤੇ ਵਿਚਾਰ-ਆਚਾਰ ਰਾਹੀਂ ਦੂਸਰਿਆਂ ਨੂੰ ਸੁਗੰਧਿਤ ਕਰੇ। ਸਾਡਾ ਸਾਰਿਆਂ ਦਾ ਵਿਸ਼ਵਾਸ ਗੁਰਬਾਣੀ 'ਤੇ ਪਰਪੱਕ ਹੋਣਾ ਚਾਹੀਦਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਗੁਰੂ ਗ੍ਰੰਥ - ਗੁਰੂ ਪੰਥ ਦੇ ਸਿਧਾਂਤ ਨੂੰ ਆਪ ਮੰਨੀਏ, ਅਮਲ ਵਿਚ ਲਿਆਈਏ ਤੇ ਹੋਰਾਂ ਨੂੰ ਇਸ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਕਰੀਏ। ਸਾਨੂੰ ਹਮੇਸ਼ਾ ਹਮੇਸ਼ਾ ਇਹ ਹੁਕਮ ਆਪ ਯਾਦ ਰੱਖਣਾ ਚਾਹੀਦਾ ਹੈ :

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥

(ਵਾਰ ਸੋਰਠਿ, ਮਹਲਾ ੩, ਪੰਨਾ 646)

ਸਚ ਕੀ ਬਾਣੀ ਨਾਨਕੁ ਆਖੈ...

ਪੰਜਾਬ ਪੰਜ ਦਰਿਆਵਾਂ ਦੀ ਪਵਿੱਤਰ ਧਰਤੀ ਆਦਿ ਕਾਲ ਤੋਂ ਹੀ ਰਿਸ਼ੀਆਂ ਮੁਨੀਆਂ, ਧਰਮ ਸੰਚਾਲਕਾਂ, ਸਤਿ ਸਾਧਕਾਂ ਤੇ ਗਿਆਨੀਆਂ ਦੀ ਭ੍ਰਮਣ ਭੂਮੀ ਰਿਹਾ ਹੈ। ਇਸ ਦੇ ਫਲਸਰੂਪ ਪੰਜਾਬ ਦਾ ਸਭਿਆਚਾਰ ਅਦਭੁੱਤ ਰੰਗਾਂ ਦੀ ਅੰਬਰੀ ਪੀਂਘ ਬਣ ਗਿਆ ਹੈ। ਇਸ ਅੰਬਰੀ ਪੀਂਘ ਵਿਚ ਸਭ ਤੋਂ ਜ਼ਿਆਦਾ ਜਲੌਮਈ ਭਾਅ ਉਸ ਜੀਵਨ ਜੋਤ ਦੀ ਹੈ ਜੋ ਪੰਦਰ੍ਹਵੀਂ ਸਦੀ ਦੇ ਦੂਸਰੇ ਮੱਧ 'ਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੋਈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਵੀ ਸਮਾਜਿਕ, ਧਾਰਮਿਕ, ਰਾਜਨੀਤਕ ਹਾਲਾਤ ਰਸਾਤਲ 'ਚ ਗਿਰ ਚੁੱਕੇ ਸਨ। ਧਰਮ, ਸ਼ਰਮ ਅਲੋਪ ਹੋ ਚੁੱਕੇ ਸਨ। ਪ੍ਰਿਥਵੀ ਪਾਪਾਂ ਨਾਲ ਗ੍ਰਸੀ ਸੀ ਤੇ ਨੈਤਿਕਤਾ ਦਾ ਪਤਨ ਹੋ ਚੁੱਕਾ ਸੀ। ਸਮਾਜ ਮੁੱਖ ਤੌਰ 'ਤੇ ਦੋ ਭਾਗਾਂ ਵਿਚ ਵੰਡਿਆ ਹੋਇਆ ਸੀ। ਇਕ ਸੀ ਮੁਸਲਮ ਸ਼ਾਸਕ ਵਰਗ ਤੇ ਦੂਸਰਾ ਸੀ ਹਿੰਦੂ ਗ਼ੁਲਾਮ ਵਰਗ। ਹਿੰਦੂਆਂ ਦੀ ਹਾਲਤ ਇਤਨੀ ਪਤਲੀ ਪੈ ਚੁੱਕੀ ਸੀ ਕਿ ਉਹ ਆਪਣੇ ਧਾਰਮਿਕ ਉਤਸਵ ਤੇ ਸਮਾਜਿਕ ਰਸਮੋਂ-ਰਿਵਾਜ ਵੀ ਜਨਤਕ ਤੌਰ 'ਤੇ ਨਹੀਂ ਸਨ ਮਨਾ ਸਕਦੇ।

ਇਹ ਜਾਣੀ-ਪਹਿਚਾਣੀ ਸੱਚਾਈ ਹੈ ਜਦ ਵੀ ਧਰਮ ਦੀ ਹਾਨੀ ਤੇ ਕੂੜ ਦੀ ਪ੍ਰਧਾਨਤਾ ਹੁੰਦੀ ਹੈ ਤਾਂ ਪਰਮਾਤਮਾ ਕਿਸੇ ਮਹਾਨ ਆਤਮਾ ਨੂੰ ਮਾਨਵਤਾ ਦੀ ਭਲਾਈ ਤੇ ਸੱਚ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਲਈ ਧਰਤੀ 'ਤੇ ਭੇਜਦਾ ਹੈ। ਇਸ ਕਰਤੱਵ ਦੀ ਪੂਰਤੀ ਲਈ ਰਾਮ, ਮੂਸਾ, ਈਸਾ, ਹਜ਼ਰਤ ਮੁਹੰਮਦ ਤੇ ਗੁਰੂ ਨਾਨਕ ਦੇਵ ਜੀ ਨੂੰ ਸਮੇਂ-ਸਮੇਂ ਭੇਜਿਆ ਗਿਆ। ਇਹਨਾਂ ਮਹਾਂਪੁਰਸ਼ਾਂ ਨੂੰ ਪਰਮਾਤਮਾ ਵੱਲੋਂ ਭੇਜਿਆ ਹੀ ਧਰਮ ਤੇ ਸੱਚ ਦੀ ਸਥਾਪਨਾ ਲਈ ਗਿਆ ਸੀ। ਪ੍ਰਸਿੱਧ ਦਾਰਸ਼ਨਿਕ ਅਰਸਤੂ ਨੇ ਕਿਹਾ ਸੀ ਕਿ "ਧਰਮ ਦਾ ਧੁਰਾ ਸੱਚਾ ਹੁੰਦਾ ਹੈ।" ਅਸਲ ਵਿਚ ਧਰਮ ਦਾ ਧੁਰਾ ਪਰਮਾਤਮਾ ਆਪ ਹੀ ਹੁੰਦਾ ਹੈ। ਗੁਰਬਾਣੀ ਵਿਚ ਅਕਾਲ ਪੁਰਖ ਨੂੰ ਪਰਮ-ਸੱਚ ਮੰਨਿਆ ਗਿਆ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ 'ਸੱਚ' ਦੀ ਹੀ ਪ੍ਰਧਾਨਤਾ ਹੈ। ਹੋਣੀ ਵੀ ਸੀ ਕਿਉਂਕਿ ਧੁਰ ਕੀ ਬਾਣੀ, ਇਲਾਹੀ ਬਾਣੀ ਸੱਚ ਹੀ ਤਾਂ ਹੋ ਸਕਦੀ ਹੈ। ਗੁਰਬਾਣੀ ਵਿਚ .ਅਕਾਲ ਪੁਰਖ ਨੂੰ ਪਰਮ-ਸੱਚ ਮੰਨਿਆ ਗਿਆ ਹੈ।

ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ ॥

(ਤਿਲੰਗ ਮ: ੧, ਪੰਨਾ 722)

ਤੇ ਉਹਨਾਂ ਦੀ ਇਹ ਆਵਾਜ਼, ਇਹ ਉਪਦੇਸ਼ ਅੱਜ ਵੀ ਗੂੰਜ ਰਿਹਾ ਹੈ:

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥

(ਤਿਲੰਗ ਮ: ੧, ਪੰਨਾ 723)

ਗੁਰੂ ਨਾਨਕ ਦੇਵ ਜੀ ਨੇ ਸੱਚ ਦਾ ਸਿਧਾਂਤ ਦਿੱਤਾ। ਇਸ ਸੱਚ ਸਿਧਾਂਤ ਦੀ ਹੀ ਸਮੁੱਚੀ ਗੁਰਬਾਣੀ ਵਿਆਖਿਆ ਕਰਦੀ ਹੈ। ਇਸ ਸੱਚ ਸਿਧਾਂਤ ਨੂੰ ਅਸੀਂ ਤਿੰਨ ਪੱਖਾਂ ਤੋਂ ਵੇਖ ਸਕਦੇ ਹਾਂ:

1. ਸਚੁ ਪਰਮ ਹਸਤੀ ਆਪ ਹੈ;
2. ਸਚੁ ਪ੍ਰਭੂ ਦੀ ਰਚਨਾ ਹੈ;
3. ਸਚੁ ਸ਼ੁਭ ਅਮਲ ਹਨ।

1. ਸਚੁ ਪਰਮ ਹਸਤੀ ਆਪ ਹੈ

ਗੁਰੂ ਨਾਨਕ ਸਾਹਿਬ 'ਜਪੁ' ਦੇ ਆਰੰਭ ਵਿਚ ਬੜੇ ਹੀ ਸੰਖੇਪ ਸ਼ਬਦਾਂ ਵਿਚ ਪਰਮ ਹਸਤੀ ਦੇ ਗੁਣਾਂ ਦਾ ਵਰਣਨ ਕਰਦੇ ਹਨ। ਇਹ ਗੁਣ ਮੂਲਮੰਤ੍ਰ ਦੇ ਸਤ (7) ਸਮਾਸਾਂ ਵਿਚ ਅੰਕਿਤ ਹਨ। ਮੂਲਮੰਤ੍ਰ ਦਾ ਦੂਸਰਾ ਸਮਾਸ 'ਸਤਿਨਾਮੁ' ਹੈ। ਇਹ ਸ਼ਬਦ ਸਮਾਸ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 48 ਵਾਰ ਆਇਆ ਹੈ। 'ਸਤਿ' ਸ਼ਬਦ ਦਾ ਪ੍ਰਯੋਗ ਪਰਮ ਹਸਤੀ ਲਈ ਹੀ ਕੀਤਾ ਗਿਆ ਹੈ। ਜਿਸ ਦਾ ਅਰਥ ਹੈ ਹੋਂਦ-ਮਈ, ਪਰਮ ਹਸਤੀ ਨੂੰ 'ਸਤਿ' ਕਹਿਣ ਤੋਂ ਭਾਵ ਉਹ ਹੈ ਜਾਂ ਉਸ ਦੀ ਹੋਂਦ ਹੈ। ਇਹ ਹੋਂਦ ਅਸਥਾਈ ਨਹੀਂ ਸਥਾਈ ਹੈ, ਪਰਵਰਤਨਸ਼ੀਲ ਨਹੀਂ, ਅਪਵਰਤਨਸ਼ੀਲ ਹੈ। ਇਹ ਹੋਂਦ ਯੁਗਾਂ ਦੇ ਆਰੰਭ ਤੋਂ ਪਹਿਲਾਂ ਸੀ, ਹੁਣ ਵੀ ਹੈ ਤੇ ਹਮੇਸ਼ਾ ਹੀ ਰਹੇਗੀ - ਗੁਰੂ ਨਾਨਕ ਸਾਹਿਬ ਇਸ ਵਿਚਾਰ ਨੂੰ ਇਸ ਤਰ੍ਹਾਂ ਦਰਸਾਉਂਦੇ ਹਨ:

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ *(ਜਪੁ ਜੀ, ਪੰਨਾ 1)*

ਅਕਾਲ ਪੁਰਖ ਸਤਿ ਹੈ ਭਾਵ ਸਦਾ ਰਹਿਣ ਵਾਲਾ ਹੈ। ਇਸ ਸਦੀਵੀ ਹੋਂਦ ਵਾਲੀ ਪਰਮ ਹਸਤੀ ਨੂੰ ਇੰਦ੍ਰੀਆਂ ਦੇ ਗਿਆਨ ਰਾਹੀਂ ਜਾਣਿਆ ਨਹੀਂ ਜਾ ਸਕਦਾ। ਉਸ ਦੀ ਡੂੰਘਾਈ ਮਾਪੀ ਨਹੀਂ ਜਾਂਦੀ। ਉਹ ਬੇਅੰਤ ਹੈ। ਸਰਬ-ਸ਼ਕਤੀਮਾਨ ਹੈ, ਰਚਨਹਾਰ ਅਤੇ ਦਿਆਲੂ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਈ ਪਰਮ ਹਸਤੀ ਯਹੂਦੀ ਮਤ ਦੇ ਗੁਰੂ ਵਾਂਗ ਵੈਰ-ਭਾਵਨਾ ਤੇ ਜ਼ਾਲਮਾਂ ਵਾਲੇ ਗੁਣ ਨਹੀਂ ਰੱਖਦੀ। ਸੰਸਾਰ ਦੀ ਹਰ ਚੀਜ਼ ਜੰਮਣ-ਮਰਣ ਦੇ ਚੱਕਰ ਵਿਚ ਹੈ ਪਰ ਕਰਤਾ-ਪੁਰਖ ਜਨਮ- ਮਰਨ ਤੋਂ ਬਾਹਰ ਸਦਾ ਰਹਿਣ ਵਾਲਾ ਹੈ। ਪ੍ਰਿਥਵੀ ਤੇ ਆਕਾਸ਼, ਸੂਰਜ, ਚੰਨ ਤੇ ਤਾਰੇ ਖ਼ਤਮ ਹੋ ਜਾਣਗੇ ਪਰ ਪਰਮ ਹਸਤੀ, ਪਰਮਾਤਮਾ ਸਦਾ-ਸਥਿਰ ਤੇ ਸਦੀਵੀ ਹੈ। ਗੁਰਵਾਕ ਹੈ:

ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ ॥
ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥੬॥

(ਸਿਰੀਰਾਗੁ ਮਹਲਾ ੧, ਪੰਨਾ 64)

ਸਿਵਾਏ ਇਸ ਪਰਮ ਸੱਚ ਦੇ ਕੋਈ ਵੀ ਸੰਸਾਰਕ ਵਸਤੂ ਅਜਿਹੀ ਨਹੀਂ, ਜੋ ਹਮੇਸ਼ਾ ਰਹਿ ਸਕੇ। ਇਸ ਲਈ ਗੁਰੂ ਸਾਹਿਬ ਜਪੁ ਬਾਣੀ 'ਚ ਫ਼ੁਰਮਾਉਂਦੇ ਹਨ:

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ *(ਜਪੁ ਜੀ, ਪੰਨਾ 6)*

ਉਸ ਦੀ ਹੋਂਦ ਕਾਲ-ਰਹਿਤ ਹੈ, ਭਾਵ ਸਮਾਂ ਤੇ ਸਥਾਨ ਉਸ ਦੀ ਹੋਂਦ ਵਿਚ ਰੋਕ ਨਹੀਂ ਹਨ। ਸਗੋਂ ਪਰਮ ਹਸਤੀ ਸਮੇਂ ਤੇ ਸਥਾਨ ਦੀ ਕਰਤਾ ਤੇ ਕਾਬੂ ਰੱਖਣ ਵਾਲੀ ਹੈ। ਇਹ ਪਰਮ ਹਸਤੀ ਬਿਆਨ ਤੋਂ ਪਰ੍ਹੇ ਅਤਿ ਡੂੰਘੀ ਅਤੇ ਅਲੇਪ ਹੈ। ਗੁਰੂ ਨਾਨਕ ਸਾਹਿਬ ਮਾਰੂ ਰਾਗ ਵਿਚ ਇਹਨਾਂ ਗੁਣਾਂ ਨੂੰ ਇਸ ਤਰ੍ਹਾਂ ਵਰਣਨ ਕਰਦੇ ਹਨ :

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥
ਤੂ ਪੁਰਖੁ ਅਲੇਖ ਅਗੰਮ ਨਿਰਾਲਾ ॥ *(ਮਾਰੂ ਮਹਲਾ ੧, ਪੰਨਾ 1038)*

ਇਸ ਲਈ ਇਹ ਸਚੁ ਆਦਿ, ਅਨੀਲ, ਅਨਾਹਤ ਹੈ। ਇਹ ਗੁਰੂ ਨਾਨਕ ਦੇ ਸੱਚ ਸਿਧਾਂਤ ਦਾ ਪਹਿਲਾ ਪੱਖ ਸੀ।

2. ਸਚੁ ਪ੍ਰਭੂ ਦੀ ਰਚਨਾ ਹੈ

ਗੁਰੂ ਨਾਨਕ ਦੇਵ ਜੀ ਦੇ ਸਚੁ ਸਿਧਾਂਤ ਦਾ ਦੂਸਰਾ ਮਹੱਤਵਪੂਰਨ ਪੱਖ ਪਰਮ-ਹਸਤੀ ਸਤਿ ਸਰੂਪ ਹੈ, ਦੀ ਰਚਨਾ ਬਾਰੇ ਹੈ। ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਪ੍ਰਸਿੱਧ ਦਾਰਸ਼ਨਿਕ ਸ਼ੰਕਰਾਚਾਰੀਆ ਦਾ ਇਹ ਸਿਧਾਂਤ ਕਿ ਸੰਸਾਰ ਇਕ ਭਰਮ ਹੈ ਤੇ ਮਹਾਤਮਾ ਬੁੱਧ ਦਾ ਇਹ ਵਿਚਾਰ ਕਿ ਸੰਸਾਰ ਦੁੱਖਾਂ ਦਾ ਘਰ ਹੈ, ਆਦਿ ਪ੍ਰਚੱਲਿਤ ਹੋ ਚੁੱਕੇ ਸਨ। ਆਚਾਰੀਆ ਅਨੁਸਾਰ ਇਸ ਜਗਤ ਦੀ ਕੋਈ ਹੋਂਦ ਨਹੀਂ ਹੈ ਤੇ ਜਗਤ ਦੀ ਹੋਂਦ ਇਸ ਕਰਕੇ ਪਰਤੀਤ ਹੁੰਦੀ ਹੈ ਕਿਉਂਕਿ ਅਸੀਂ ਹਨੇਰੇ ਵਿਚ ਹਾਂ। ਜਿਵੇਂ ਹਨੇਰੇ ਵਿਚ ਮਨੁੱਖ ਨੂੰ ਰੱਸੀ ਵੀ ਸੱਪ ਦਿਖਾਈ ਦੇਂਦੀ ਹੈ ਪਰ ਪ੍ਰਕਾਸ਼ ਹੋਣ 'ਤੇ ਸੱਪ ਰੂਪੀ ਭਰਮ ਦੂਰ ਹੋ ਜਾਂਦਾ ਹੈ।

ਪਰ ਗੁਰੂ ਨਾਨਕ ਸਾਹਿਬ ਨੇ ਇਸ ਵਿਚਾਰ ਨੂੰ ਬੇ-ਬੁਨਿਆਦ ਤੇ ਤਰਕਹੀਣ ਦੱਸਦੇ ਹੋਏ ਕਰਤਾ-ਪੁਰਖ ਦੀ ਸਮੁੱਚੀ ਰਚਨਾ ਨੂੰ ਵੀ ਸਚੁ ਮੰਨਿਆ ਹੈ। ਭਾਵੇਂ ਕਿ ਇਹ ਰਚਨਾ ਸਦੀਵੀ ਨਹੀਂ, ਪਰ ਜਿੰਨਾ ਚਿਰ ਹੈ ਓਨਾ ਚਿਰ ਇਹ ਵੀ ਸੱਚ ਵਾਂਗ ਹੀ ਸੱਚੀ ਹੈ।

ਰਚਨਾ ਮਿਥਿਆ ਨਹੀਂ, ਸਤਿ ਹੈ। ਗੁਰੂ ਨਾਨਕ ਸਾਹਿਬ 'ਆਸਾ ਕੀ ਵਾਰ' ਵਿਚ ਕਰਤੇ ਦੀ ਰਚਨਾ ਨੂੰ ਸੱਚ ਸਰੂਪ ਦਰਸਾਉਂਦੇ ਹਨ :

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥
ਸਚੇ ਤੇਰੇ ਲੋਅ ਸਚੇ ਆਕਾਰ ॥
ਸਚੇ ਤੇਰੇ ਕਰਣੇ ਸਰਬ ਬੀਚਾਰ ॥
ਸਚਾ ਤੇਰਾ ਅਮਰੁ ਸਚਾ ਦੀਬਾਣੁ ॥...
ਨਾਨਕ ਸਚੁ ਧਿਆਇਨਿ ਸਚੁ ॥
ਜੋ ਮਰਿ ਜੰਮੇ ਸੁ ਕਚੁ ਨਿਕਚੁ ॥੧॥ *(ਵਾਰ ਆਸਾ ਮਹਲਾ ੧, ਪੰਨਾ 463)*

ਇਹ ਰਚਨਾ ਇਸ ਕਰਕੇ ਸੱਚੀ ਹੈ ਕਿਉਂਕਿ ਇਹ ਪਰਮ ਸਚੁ ਦੀ ਉਪਜ ਹੈ। ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੀ ਇਸ ਕਥਨ ਦੀ ਇਸ ਤਰ੍ਹਾਂ ਪ੍ਰੋੜ੍ਹਤਾ ਕਰਦੇ ਹੋਏ ਦਰਸਾਉਂਦੇ ਹਨ ਕਿ ਸਚੁ ਵਿੱਚੋਂ ਹੀ ਸਚੁ ਦੀ ਉਪਜ ਹੁੰਦੀ ਹੈ:

ਆਪਿ ਸਤਿ ਕੀਆ ਸਭੁ ਸਤਿ॥
ਤਿਸੁ ਪ੍ਰਭ ਤੇ ਸਗਲੀ ਉਤਪਤਿ॥
ਤਿਸੁ ਭਾਵੈ ਤਾ ਕਰੇ ਬਿਸਥਾਰੁ॥
ਤਿਸੁ ਭਾਵੈ ਤਾ ਏਕੰਕਾਰੁ॥ *(ਗਉੜੀ ਸੁਖਮਨੀ ਮ: ੫, ਪੰਨਾ 294)*

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਇਹਨਾਂ ਵਿਚਾਰਾਂ ਦਾ ਸਮਾਜਿਕ ਜੀਵਨ ਉੱਪਰ ਕੀ ਅਸਰ ਪਿਆ ? ਜਿਹਨਾਂ ਲੋਕਾਂ ਨੇ ਇਸ ਗੱਲ ਨੂੰ ਪ੍ਰਚਾਰਿਆ ਸੀ ਕਿ ਸੰਸਾਰ ਭਰਮ ਹੈ। ਸੰਸਾਰ ਦੁੱਖਾਂ ਦਾ ਘਰ ਹੈ। ਸਮਾਜਿਕ ਨਿਯਮਾਂ ਦੀ ਪਾਲਣਾ ਕਰਨ ਨਾਲ ਹਿੰਸਾ ਹੁੰਦੀ ਹੈ। ਇਹਨਾਂ ਵਿਚਾਰਾਂ ਨੂੰ ਦੇਣ ਵਾਲੇ ਆਪ ਸੰਨਿਆਸੀ, ਭਿਕਸ਼ੂ ਤੇ ਤਿਆਗੀ ਸਨ ਜਿਹਨਾਂ ਨੇ ਘਰਾਂ ਨੂੰ ਤਿਆਗਿਆ ਸੀ ਤੇ ਜੰਗਲਾਂ, ਪਹਾੜਾਂ 'ਤੇ ਜਾ ਕੇ ਭਗਤੀ ਕਰਨ ਦਾ ਡਰਾਮਾ ਕਰਦੇ ਸਨ ਤੇ ਸਮਾਜ 'ਤੇ ਮੰਗਣ ਕਰਕੇ ਬੋਝ ਸਨ। ਲੋਕਾਂ ਨੂੰ ਉਪਦੇਸ਼ ਕਰਦੇ ਸਨ, ਜਦੋਂ ਕਿ 'ਸਤਿ' ਦੀ ਇਹਨਾਂ ਲੋਕਾਂ ਨੂੰ ਸਮਝ ਨਹੀਂ ਸੀ। ਸੰਨਿਆਸੀ, ਸਾਧੂ, ਭਿਕਸ਼ੂ ਮੰਗ ਕੇ ਗੁਜ਼ਾਰਾ ਕਰਦੇ ਹੋਏ ਸਮਾਜ ਨੂੰ ਕੀ ਸੇਧ ਦੇ ਸਕਦੇ ਸਨ ? ਕਿਸੇ ਮੰਗਤੇ ਤੋਂ ਬੇਅੰਤ ਗੁਣਾਂ ਦੇ ਮਾਲਕ ਪ੍ਰਭੂ ਦੇ ਇਲਾਹੀ ਉਪਦੇਸ਼ ਦੀ, ਪ੍ਰਭੂ ਦੀ ਰਚਨਾ ਬਾਰੇ, ਪ੍ਰਭੂ ਬਾਰੇ ਕੁਝ ਜਾਨਣ ਦੀ ਖ਼ਾਹਿਸ਼ ਕਰਨਾ ਆਪਣੀ ਹੀ ਭੁੱਲ ਹੈ। ਇਹ ਤਾਂ ਆਪ ਭੁੱਲੜ ਸਨ, ਕਿਸੇ ਨੂੰ ਕੀ ਮਾਰਗ ਦਰਸਾ ਸਕਦੇ ਸਨ ? ਇਹਨਾਂ ਨੂੰ ਸਰਬ-ਸ਼ਕਤੀਮਾਨ ਪਰਮਾਤਮਾ ਦੀ ਬਣਾਈ ਰਚਨਾ ਬਾਰੇ ਕੀ ਪਤਾ ਸੀ ? ਇਹਨਾਂ ਲੋਕਾਂ ਨੇ ਸਮਾਜਿਕ ਜ਼ਿੰਮੇਵਾਰੀਆਂ ਤੇ ਮੁਸ਼ਕਲਾਂ ਤੋਂ ਮੂੰਹ ਫੇਰ ਕੇ ਆਪ ਸੰਨਿਆਸੀ ਹੋਏ। ਲੋਕਾਂ ਨੂੰ ਕਿਹਾਂ ਕਿ ਸੰਸਾਰ ਦੁੱਖਾਂ ਦਾ ਘਰ ਹੈ, ਜੀਵ ਮਾਰਨਾ ਹਿੰਸਾ ਤੇ ਇਸ ਹਿੰਸਾ ਦਾ ਇਥੋਂ ਤਕ ਪ੍ਰਚਾਰ ਕੀਤਾ ਕਿ ਮਨੁੱਖ ਨੂੰ ਮੂੰਹ ਬੰਨ੍ਹ ਕੇ ਨੰਗੇ ਪੈਰੀਂ ਚੱਲਣ ਦਾ ਉਪਦੇਸ਼ ਦਿੱਤਾ ਤਾਂ ਕਿ ਜੀਵ ਹੱਤਿਆ ਨਾ ਹੋ ਜਾਏ। ਇਸ 'ਅਹਿੰਸਾ-ਪਰਮੋ-ਧਰਮੋ' ਦਾ ਪ੍ਰਚਾਰ ਭਾਰਤ ਦੀ ਗ਼ੁਲਾਮੀ ਦਾ ਮੁੱਖ ਕਾਰਨ ਬਣਿਆ ਤੇ ਜਰਵਾਣੇ ਤਾਕਤ ਦੇ ਜ਼ੋਰ ਇਸ ਹੀਰਿਆਂ ਰੂਪੀ ਦੇਸ਼ ਨੂੰ ਲੁੱਟਦੇ ਰਹੇ ਤੇ ਜੁਆਨੀ-ਸੁਹੱਪਣ ਨੂੰ ਪੈਰਾਂ ਵਿਚ ਰੋਲ ਸੁੱਟਿਆ।

ਗੁਰੂ ਨਾਨਕ ਦੇਵ ਜੀ ਨੇ ਕਰਤੇ ਦੀ ਰਚਨਾ ਨੂੰ ਸੱਚੀ ਮੰਨਦੇ ਹੋਏ ਇਸ ਵਿੱਚੋਂ ਹੀ ਪਰਮ ਸਚੁ ਨੂੰ ਪਾਉਣ ਦਾ ਉਪਦੇਸ਼ ਕੀਤਾ। ਗੁਰੂ ਸਾਹਿਬ ਆਪ ਸਮਾਜ ਵਿਚ ਰਹੇ ਤੇ ਆਪਣੇ ਸਿੱਖਾਂ ਨੂੰ ਵੀ ਅਜਿਹਾ ਕਰਨ ਦਾ ਉਪਦੇਸ਼ ਕੀਤਾ। ਸੰਸਾਰ ਵਿਚ ਰਹਿੰਦਿਆਂ ਹੋਇਆਂ ਵੀ ਭਵ-ਸਾਗਰ ਨੂੰ ਤਰਿਆ ਜਾ ਸਕਦਾ ਹੈ। ਜਿਵੇਂ ਕਿ ਜਲ ਵਿਚ ਕੰਵਲ ਦਾ ਫੁੱਲ ਅਲੇਪ ਰਹਿੰਦਾ ਹੈ। ਨਦੀ ਵਿਚ ਜਿਸ ਪ੍ਰਕਾਰ ਮੁਰਗ਼ਾਬੀ ਰਹਿੰਦੀ ਹੋਈ ਵੀ ਆਪਣੇ ਖੰਭ ਗਿੱਲੇ ਨਹੀਂ ਕਰਦੀ, ਇਸ ਤਰ੍ਹਾਂ ਹੀ ਮਨੁੱਖ ਸੰਸਾਰ ਵਿਚ ਰਹਿੰਦਾ ਹੋਇਆ ਸ਼ਬਦ ਵਿਚ ਸੁਰਤ ਟਿਕਾ ਕੇ ਪ੍ਰਭੂ ਦੇ ਨਾਮ ਨੂੰ ਰੋਮ-ਰੋਮ ਵਿਚ ਵਸਾ ਕੇ, ਭਵ-ਸਾਗਰ ਨੂੰ ਪਾਰ ਕਰ ਸਕਦਾ ਹੈ। ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਉਪਦੇਸ਼ ਕਰਦੇ ਹਨ :

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥

(ਰਾਮਕਲੀ ਮਹਲਾ ੧, ਪੰਨਾ 938)

ਸੂਹੀ ਰਾਗ ਵਿਚ ਵੀ ਆਪ ਫ਼ੁਰਮਾਉਂਦੇ ਹਨ :

ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥

(ਸੂਹੀ ਮਹਲਾ ੧, ਪੰਨਾ 730)

ਇਹੀ ਉਹ ਸ਼ੁਭ ਵਿਚਾਰ ਹਨ ਜਿਨ੍ਹਾਂ ਨੇ ਸਿੱਖਾਂ ਨੂੰ ਸਮਾਜ ਵਿਚ ਰਹਿੰਦਿਆਂ ਹੋਇਆਂ ਆਪਣੇ ਹੱਕਾਂ ਦੀ ਖ਼ਾਤਰ ਜੂਝਣ ਵਾਲੀ ਬਹਾਦਰ ਤੇ ਲੜਾਕੂ ਕੌਮ ਬਣਾਇਆ। ਗੁਰਬਾਣੀ 'ਤੇ ਅਮਲ ਕਰਦਿਆਂ ਹੋਇਆਂ ਹੀ ਆਪਣੀ ਹੋਂਦ ਨੂੰ ਕਾਇਮ ਰੱਖ ਸਕੇ :

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥ *(ਵਾਰ ਮਾਝ ਮਹਲਾ ੧, ਪੰਨਾ 142)*

3. ਸਚੁ ਸ਼ੁਭ ਅਮਲ ਹਨ

ਗੁਰੂ ਨਾਨਕ ਦੇਵ ਜੀ ਦੇ ਸੱਚ ਸਿਧਾਂਤ ਦਾ ਤੀਸਰਾ ਮਹੱਤਵਪੂਰਨ ਪੱਖ ਸ਼ੁਭ ਅਮਲ ਹਨ। ਮਨੁੱਖੀ ਆਚਰਨ ਦਾ ਆਧਾਰ ਹੀ ਸ਼ੁਭ ਅਮਲ ਹਨ। ਸੱਚਾ ਆਚਾਰ ਸ਼ੁਭ ਗੁਣਾਂ ਤੇ ਸ਼ੁਭ ਅਮਲਾਂ ਦਾ ਇਕੱਠ ਹੈ। ਸ਼ੁਭ ਅਮਲ ਉਹ ਹੈ ਜਿਸ ਵਿਚ ਕਥਨੀ ਤੇ ਕਰਨੀ ਦੀ ਇਕਸਾਰਤਾ ਹੋਵੇ। ਗੁਰੂ ਸਾਹਿਬ ਦੇ ਸਚੁ ਸਿਧਾਂਤ ਦਾ ਇਹੀ ਪੱਖ ਸਿੱਖਾਂ ਦੇ ਸਿਰਾਂ ਦਾ ਤਾਜ ਬਣਿਆ। ਚੰਗੇ ਕੱਪੜੇ ਪਾਉਣੇ ਤੇ ਚੰਗੇ ਖਾਣੇ ਦਾ ਕੀ ਲਾਭ ਹੈ ਜੇ ਮਨ ਵਿਕਾਰਾਂ ਰੂਪੀ ਮੈਲ ਨਾਲ ਭਰਿਆ ਪਿਆ ਹੈ। ਸੱਚੇ ਉਹ ਹਨ ਜਿਹਨਾਂ ਦੇ ਮਨ ਵਿਚ ਪ੍ਰਭੂ ਦਾ ਵਾਸਾ ਹੈ। ਸੁੱਚੇ ਉਹ ਨਹੀਂ ਹਨ ਜਿਹੜੇ ਨਹਾ ਕੇ ਚਿੱਟੇ ਕੱਪੜੀਏ ਬਣ ਕੇ ਮਹਿਲ-ਨੁਮਾ ਡੇਰਿਆਂ ਤੇ ਐਸ਼-ਪ੍ਰਸਤੀ ਵਾਲੀਆਂ ਕਾਰਾਂ 'ਚ ਬੈਠ ਕੇ ਭੋਲੀ-ਭਾਲੀ ਲੋਕਾਈ ਨੂੰ ਲੁੱਟ ਰਹੇ ਹਨ। ਜੇਕਰ ਨਾਮ ਰੂਪੀ ਜਲ ਨਾਲ ਇਸ਼ਨਾਨ ਕੀਤਾ ਜਾਵੇ ਤੇ ਲੋਕਾਂ ਨੂੰ ਧੋਖਾ ਨਾ ਦਿੱਤਾ ਜਾਵੇ ਤਾਂ ਹੀ ਮਨੁੱਖ ਪ੍ਰਭੂ ਦਰ 'ਤੇ ਸ਼ੋਭਾ ਪਾ ਸਕਦਾ ਹੈ :

ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧॥

(ਵਾਰ ਸਿਰੀਰਾਗ, ਮਹਲਾ ੧, ਪੰਨਾ 91)

ਹਿੰਦੂ ਧਰਮ ਵਿਚ ਮੰਤ੍ਰ ਪੜ੍ਹ ਕੇ ਸੂਤ੍ਰ ਦਾ ਜਨੇਊ ਵਿਅਕਤੀ ਦੇ ਗਲ ਵਿਚ ਪਾਇਆ ਜਾਂਦਾ ਹੈ ਪਰ ਜੇ ਜਨੇਊ ਪਾ ਕੇ ਸਤਿ, ਸੰਤੋਖ, ਸੰਜਮ ਤੇ ਸਹਿਜ ਆਦਿ ਸਦ ਗੁਣਾਂ ਦਾ ਧਾਰਨੀ ਨਹੀਂ ਤੇ ਬੁਰੇ ਕੰਮ ਕਰਦਾ ਹੈ ਤਾਂ ਉਸ ਦਾ ਜਨੇਊ ਪਾਉਣ ਤੇ ਵਿਖਾਵਾ ਕਰਨ ਦਾ ਕੀ ਲਾਭ ਹੈ ? ਮੁਸਲਮਾਨ ਆਪਣੇ ਧਰਮ ਦੀ ਵਡਿਆਈ ਕਰਦਾ ਹੈ ਪਰ ਜੋ ਰਾਹ ਪੈਗ਼ੰਬਰ ਹਜ਼ਰਤ ਮੁਹੰਮਦ ਨੇ ਦੱਸਿਆ ਸੀ, ਉਸ 'ਤੇ ਚੱਲਦਾ

ਕੋਈ ਵਿਰਲਾ ਹੀ ਹੈ। ਬਿਨਾਂ ਨੇਕ ਅਮਲਾਂ ਦੇ ਬਹਿਸ਼ਤ ਕਿਸੇ ਨੂੰ ਕੀ ਮਿਲਣੀ? ਗੁਰੂ ਨਾਨਕ ਦੇਵ ਜੀ ਨੇ ਹਰੇਕ ਨੂੰ ਸ਼ੁਭ ਅਮਲ ਕਰਨ ਦਾ ਹੀ ਉਪਦੇਸ਼ ਕੀਤਾ। ਹਿੰਦੂ ਨੂੰ ਸੱਚਾ ਜਨੇਊ ਧਾਰਨ ਕਰਨ ਬਾਰੇ ਦੱਸਿਆ, ਮੁਸਲਮਾਨ ਨੂੰ ਨਮਾਜ਼ ਕਿਵੇਂ ਪੜ੍ਹਨੀ ਤੇ ਯੋਗੀ ਨੂੰ ਅਸਲ ਮੁੰਦਰਾਂ ਦਾ ਗਿਆਨ ਬਖ਼ਸ਼ਿਸ਼ ਕੀਤਾ। ਹਿੰਦੂ, ਮੁਸਲਮਾਨ ਜਾਂ ਈਸਾਈ ਹੋਣਾ ਲਾਭਕਾਰੀ ਨਹੀਂ, ਲਾਭਕਾਰੀ ਤਾਂ ਸ਼ੁਭ ਅਮਲ ਹਨ। ਕਰਣੀ ਤੇ ਕਥਨੀ ਦੀ ਇਕਸਾਰਤਾ ਹੀ ਮਨੁੱਖ ਨੂੰ ਸ਼ੋਭਾ ਦਿਵਾਉਂਦੀ ਹੈ:

ਸਭਨਾ ਕਾ ਦਰਿ ਲੇਖਾ ਹੋਇ॥
ਕਰਣੀ ਬਾਝਹੁ ਤਰੈ ਨ ਕੋਇ॥ *(ਵਾਰ ਰਾਮਕਲੀ, ਮਹਲਾ ੧, ਪੰਨਾ 952)*

ਲੋੜ ਹੈ ਸੱਚੇ ਵਿਚਾਰਾਂ ਦੀ ਤੇ ਉਹਨਾਂ 'ਤੇ ਅਮਲ ਦੀ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥੫॥
(ਸਿਰੀਰਾਗੁ ਮਹਲਾ ੧, ਪੰਨਾ 62)

ਪਰ ਸ਼ੁਭ ਅਮਲ ਵੀ ਤਾਂ ਗੁਰੂ ਕਿਰਪਾ ਨਾਲ ਹੀ ਹੋ ਸਕਦੇ ਹਨ। ਜਿਸ 'ਤੇ ਉਸ ਦੀ ਬਖ਼ਸ਼ਿਸ਼ ਹੋ ਜਾਏ, ਉਹੀ ਇਸ ਮਾਰਗ 'ਤੇ ਚੱਲ ਸਕਦਾ ਹੈ। ਬਖ਼ਸ਼ਿਸ਼ ਪ੍ਰਾਪਤੀ ਦਾ ਸਰੋਤ ਸ਼ਬਦ-ਗੁਰੂ ਹੈ। ਸਾਧ ਸੰਗਤ ਦੇ ਮੇਲ ਨਾਲ ਸਾਧਕ ਦੇ ਮਨ ਵਿਚ ਸਤਿ, ਸੰਤੋਖ, ਸਹਿਜ, ਸੰਜਮ ਆਏਗਾ। ਸੰਤੋਖ ਇਕ ਅਜਿਹਾ ਗੁਣ ਹੈ ਜੋ ਅਮਲੀ ਤੌਰ 'ਤੇ ਸ਼ੁਭ ਹੋਣ ਲਈ ਅਤੀ ਜ਼ਰੂਰੀ ਹੈ।

ਸ਼ੁਭ ਅਮਲ ਜੀਵਨ ਮਾਰਗ ਹੈ, ਪਰਮਾਰਥ ਦਾ ਰਸਤਾ ਹੈ। ਇਸ ਰਸਤੇ 'ਤੇ ਚੱਲਣ ਲਈ ਸਹਿਜ ਦੀ ਜ਼ਰੂਰਤ ਹੈ ਪਰ ਸਹਿਜ ਦਾ ਪਿਆਲਾ ਜੋ ਨਿਰੋਲ ਸਚੁ ਦਾ ਭਰਿਆ ਹੋਇਆ, ਉਸ ਨੂੰ ਮਿਲਦਾ ਹੈ ਉਹੀ ਪੀਣਯੋਗ ਵਿਅਕਤੀ ਜਿਸ ਉੱਪਰ ਉਸ ਪਰਮ ਸਤਿ ਕਰਤੇ ਪੁਰਖ ਦੀ ਮਿਹਰ ਹੁੰਦੀ ਹੈ। ਜੋ ਇਸ ਮਿਹਰ ਪਿਆਲੇ ਨੂੰ ਪ੍ਰਾਪਤ ਕਰਨ ਵਿਚ ਸਫਲ ਹੋ ਜਾਂਦਾ ਹੈ, ਉਸ ਨੂੰ ਦੁਨਿਆਵੀ ਨਸ਼ੇ ਬੇਕਾਰ ਦਿੱਸਣੇ ਸ਼ੁਰੂ ਹੋ ਜਾਂਦੇ ਹਨ ਤੇ ਸਾਧਕ ਇਹਨਾਂ ਨਸ਼ਿਆਂ ਨੂੰ ਨਫ਼ਰਤ ਕਰਨੀ ਸ਼ੁਰੂ ਕਰ ਦਿੰਦਾ ਹੈ:

ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ॥੨॥
(ਆਸਾ ਮਹਲਾ ੧, ਪੰਨਾ 360)

ਗੁਰੂ ਨਾਨਕ ਦੇਵ ਦੇ ਸਚੁ ਸਿਧਾਂਤ ਦਾ ਭਾਵ ਸੱਚਾ ਕਥਨ ਹੈ, ਸੱਚਾ ਬੋਲ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਸੱਚਾ ਬੋਲ ਜਾਂ ਸੱਚਾ ਕਥਨ ਦਾ ਪ੍ਰਚਾਰ ਤਾਂ ਮਹਾਤਮਾ ਬੁੱਧ ਨੇ ਕਈ ਸਦੀਆਂ ਪਹਿਲਾਂ ਹੀ ਕਰ ਦਿੱਤਾ ਸੀ ਤਾਂ ਗੁਰੂ ਨਾਨਕ ਦੇਵ ਦੇ ਇਸ ਸਿਧਾਂਤ ਦੀ ਮੌਲਿਕਤਾ ਤੇ ਵਿਸ਼ੇਸ਼ਤਾ ਕੀ ਹੋਈ? ਫ਼ਰਕ ਬਹੁਤ ਵੱਡਾ ਹੈ ਕਿ ਮਹਾਤਮਾ ਬੁੱਧ ਨੇ ਸਿਧਾਂਤ ਦਿੱਤਾ ਸੀ, ਸਿਧਾਂਤ ਨੂੰ ਅਮਲੀ ਰੂਪ ਨਹੀਂ ਸਨ ਦੇ ਸਕੇ। ਕੀ ਮਹਾਤਮਾ ਬੁੱਧ ਨੇ ਸਮੇਂ ਦੀਆਂ ਸਮੱਸਿਆਵਾਂ ਪ੍ਰਤੀ ਕੋਈ ਆਵਾਜ਼ ਦਿੱਤੀ ਸੀ? ਨਹੀਂ। ਇਹ ਇਕ ਫ਼ਰਕ ਹੈ ਸਿਧਾਂਤ ਤੇ ਅਮਲ ਦਾ। ਗੁਰੂ ਨਾਨਕ ਸਾਹਿਬ

ਨੇ ਸਮੇਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਰਾਜਿਆਂ ਨੂੰ ਸੀਂਹ ਤੇ ਮੁਕੱਦਮਾਂ ਨੂੰ ਕੁੱਤੇ ਕਿਹਾ। ਰਾਜੇ ਨੂੰ ਕਸਾਈ ਕਹਿ ਕੇ ਆਵਾਜ਼ ਬੁਲੰਦ ਕੀਤੀ :

ਰਾਜੇ ਸੀਹ ਮੁਕਦਮ ਕੁਤੇ ॥ *(ਵਾਰ ਮਲਾਰ ਮਹਲਾ ੧, ਪੰਨਾ 1288)*

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
(ਵਾਰ ਮਾਝ ਮਹਲਾ ੧, ਪੰਨਾ 145)

ਭਾਵ ਗੁਰੂ ਨਾਨਕ ਸਾਹਿਬ ਨੇ ਜੇਕਰ ਕਿਹਾ ਕਿ ਸੱਚ ਬੋਲਣਾ ਚਾਹੀਦਾ ਹੈ ਤਾਂ ਉਹਨਾਂ ਆਪ ਬੋਲ ਕੇ ਦੱਸਿਆ। ਭਾਵੇਂ ਕਿ ਉਹਨਾਂ ਨੂੰ ਰਾਜਿਆਂ, ਕਾਜ਼ੀਆਂ, ਮੁੱਲਾਂ-ਮੁਲਾਣਿਆਂ ਨਾਲ ਕਈ ਵਾਰ ਟੱਕਰ ਲੈਣੀ ਪਈ ਤੇ ਮੁਸੀਬਤਾਂ ਵੀ ਇਥੋਂ ਤਕ ਕਿ ਬਾਬਰ ਬਾਦਸ਼ਾਹ ਦੀ ਚੱਕੀ ਚਲਾਉਣੀ ਪਈ, ਮੱਕੇ ਵਿਚ ਲੱਤਾਂ ਤੋਂ ਪਕੜ ਕੇ ਘਸੀਟਿਆ ਗਿਆ, ਮਦੀਨੇ ਵਿਚ ਸੰਗ ਸਾਰ ਕਰਨ ਲੱਗੇ। ਪਰ ਗੁਰੂ ਸਾਹਿਬ ਤਾਂ ਕਥਨੀ ਤੇ ਕਰਨੀ ਦਾ ਸੁਮੇਲ ਕਰ ਰਹੇ ਸਨ ਜੋ ਪਹਿਲਾਂ ਨਹੀਂ ਸੀ ਹੋ ਸਕਿਆ। ਗੁਰੂ ਸਾਹਿਬ ਦੇ ਇਸ ਸਚੁ ਸਿਧਾਂਤ ਨੂੰ ਕੀ ਅੱਜ ਪਰਚਾਰਿਆ ਤੇ ਅਮਲੀ ਰੂਪ ਦਿੱਤਾ ਜਾ ਰਿਹਾ ਹੈ ? ਜੁਆਬ ਹਾਂ ਵਾਚਕ ਨਹੀਂ। ਹੋਰ ਤਾਂ ਹੋਰ ਗੁਰੂ ਨਾਨਕ ਦੇਵ ਜੀ ਦੇ ਸਿੱਖ ਅਖਵਾਉਣ ਵਾਲੇ ਸੱਚ ਦੇ ਧਾਰਨੀ ਹੋਣ ਤੋਂ ਕੰਨੀ ਕਤਰਾ ਰਹੇ ਹਨ। ਲੋੜ ਹੈ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਨੂੰ ਅਮਲੀ ਰੂਪ ਦੇਣ ਦੀ। ਪਰਮਾਤਮਾ ਮਿਹਰ ਕਰੇ, ਸਾਨੂੰ ਸੁਮੱਤ ਬਖ਼ਸ਼ੇ ਤਾਂ ਜੋ ਅਸੀਂ ਗੁਰੂ ਸਾਹਿਬ ਦੇ ਪਵਿੱਤਰ-ਪਾਵਨ ਸਿਧਾਂਤਾਂ ਨੂੰ ਅਮਲੀ ਰੂਪ ਦੇ ਸਕੀਏ ਤੇ ਸਤਿਕਾਰ ਤੇ ਮਾਣ ਵਾਲਾ ਜੀਵਨ ਜੀਅ ਸਕੀਏ !

ਮਰਣੁ ਮੁਣਸਾਂ ਸੂਰਿਆ ਹਕੁ ਹੈ...

ਮਾਨਵ ਸਰੀਰ ਬਹੁਤ ਅਮੋਲਕ ਹੈ। ਜਨਮ ਤੋਂ ਮੌਤ ਤੀਕ ਦੀ ਸੰਸਾਰਕ ਯਾਤਰਾ ਨੂੰ ਜੀਵਨ ਕਿਹਾ ਜਾਂਦਾ ਹੈ। ਇਹ ਜੀਵਨ ਮਿਲਦਾ ਮੌਤ ਦੀ ਸ਼ਰਤ ਉੱਤੇ ਹੈ, ਭਾਵ ਜਿਸ ਦਾ ਜਨਮ ਹੋਵੇਗਾ, ਉਸ ਦੀ ਮੌਤ ਨਿਸਚਿਤ ਹੈ। ਗੁਰਬਾਣੀ 'ਚ ਜਿਥੇ ਜੀਵ ਨੂੰ ਜੀਵਨ-ਜਾਚ ਦੱਸੀ ਗਈ ਹੈ, ਉਸ ਦੇ ਨਾਲ ਹੀ ਮੌਤ ਬਾਰੇ ਖੁੱਲ੍ਹ ਕੇ ਵਿਚਾਰ ਕੀਤੀ ਗਈ ਹੈ। ਮਰਨਾ ਹਰੇਕ ਨੇ ਹੈ, ਪਰ ਮਰਨਾ ਕਿਹੜਾ ਸਫਲ ਹੈ, ਇਸ ਬਾਰੇ ਇਸ ਪਾਵਨ ਸ਼ਬਦ 'ਚ ਉਪਦੇਸ਼ ਦਿੱਤਾ ਗਿਆ ਹੈ। ਇਹ ਪਾਵਨ ਪੰਕਤੀ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਹੋਈ ਰਾਗ ਵਡਹੰਸ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਪੰਨਾ 580 'ਤੇ ਅੰਕਿਤ ਹੈ। ਭਾਰਤੀ ਧਰਮ ਸ਼ਾਸਤਰ ਦਾ ਅਧਿਐਨ ਕਰਨ 'ਤੇ ਇਕ ਗੱਲ ਪ੍ਰਤੱਖ ਸਨਮੁਖ ਹੁੰਦੀ ਹੈ ਕਿ ਜੀਵਨ ਨੂੰ ਸਾਫ਼-ਸੁਥਰਾ, ਸੁਹਜ ਭਰਪੂਰ, ਸੁਖਦਾਇਕ ਤੇ ਲੰਮੇਰਾ ਕਰਨ ਲਈ ਬਹੁਤ ਸਾਰੇ ਸਾਧਨ ਤੇ ਵਿਧੀਆਂ ਦੱਸੀਆਂ ਗਈਆਂ। ਇਸ ਦਾ ਅਸਰ ਇਹ ਹੋਇਆ ਕਿ ਹਰ ਮਾਨਵ ਨੇ ਜੀਵਨ-ਯਾਤਰਾ ਨੂੰ ਅਨੰਦਮਈ ਬਣਾਉਣ ਲਈ, ਘਰ-ਪਰਿਵਾਰ ਦਾ ਤਿਆਗ ਕਰਨਾ ਸ਼ੁਰੂ ਕਰ ਦਿੱਤਾ, ਜਿਸ ਨੇ ਗ਼ੁਲਾਮੀ ਨੂੰ ਭਾਰਤ ਵਿਚ ਦਾਹਵਤ ਦਿੱਤੀ। ਗ਼ੁਲਾਮੀ ਨੂੰ ਖ਼ੁਸ਼ਆਮਦੀਦ ਕਹਿਣ ਕਾਰਨ ਹੀ ਅਸੀਂ ਸਦੀਆਂ ਤੀਕ ਵਿਦੇਸ਼ੀ ਹਮਲਾਵਰਾਂ ਦੇ ਗ਼ੁਲਾਮ ਹੋ ਗਏ। ਇਹ ਗ਼ੁਲਾਮੀ ਵੀ ਕੇਵਲ ਪ੍ਰਬੰਧਕੀ ਨਹੀਂ, ਸਗੋਂ ਧਾਰਮਿਕ, ਸਮਾਜਿਕ, ਰਾਜਨੀਤਕ, ਆਰਥਿਕ ਤੇ ਜੀਵਨ ਦੇ ਹਰ ਪਹਿਲੂ ਨਾਲ ਸੰਬੰਧਿਤ ਵੀ ਸੀ। ਸਿੱਖ ਧਰਮ ਦੇ ਆਗ਼ਾਜ਼ ਨਾਲ ਹੀ ਹਰ ਮਾਨਵ ਨੂੰ ਇਹ ਵਿਚਾਰ ਸਮਝਾਉਣ ਦਾ ਯਤਨ ਕੀਤਾ ਗਿਆ, ਜੇਕਰ ਜੀਵਨ ਦਾ ਅੰਤ ਹੋਣਾ ਹੀ ਹੈ ਤਾਂ ਫਿਰ ਪਤਮਈ-ਇੱਜ਼ਤ ਵਾਲਾ ਤੇ ਅਣਖ ਭਰਪੂਰ ਜੀਵਨ ਜੀਵਿਆ ਜਾਏ। ਜੇਕਰ ਪਤ ਨਹੀਂ ਤਾਂ ਸਾਡੇ ਕੀਤੇ ਸਾਰੇ ਧਰਮ-ਕਰਮ ਨਿਸਫਲ ਜਾਣਗੇ। ਗੁਰਬਾਣੀ ਦਾ ਉਪਦੇਸ਼ ਸਮੇਂ-ਸਥਾਨ ਸਮਾਜਿਕ ਵਰਗ ਵੰਡ ਦੀਆਂ ਸੀਮਾਵਾਂ ਤੋਂ ਸੁਤੰਤਰ ਹੈ:

ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ॥੬॥

(ਰਾਮਕਲੀ ਮਹਲਾ ੧, ਪੰਨਾ 903)

ਹਰ ਜੀਵ ਦਾ ਜੀਵਨ ਇਸ ਸੰਸਾਰ 'ਤੇ ਸੀਮਤ ਹੈ। ਹਰੇਕ ਨੇ ਇਕ ਨਾ ਇਕ ਦਿਨ ਜਾਣਾ ਹੈ। ਕੇਵਲ ਤੇ ਕੇਵਲ ਇਕ ਪਰਮਾਤਮਾ ਹੈ ਜੋ ਜਨਮ-ਮਰਨ ਤੋਂ ਰਹਿਤ ਹੈ, ਉਸ ਦੀ ਪੂਜਾ ਉਪਾਸ਼ਨਾ ਕਰਨੀ ਬਣਦੀ ਹੈ। ਜੇਕਰ ਜੀਵਨ ਮਿਲਿਆ ਹੀ ਮਰਨ

ਦੀ ਸ਼ਰਤ ਉੱਤੇ ਹੈ ਤਾਂ ਫਿਰ ਇਸ ਨੂੰ ਮਰਦਾਂ ਵਾਂਗ ਸੂਰਮਿਆਂ ਨਿਆਈਂ ਜੀਵਿਆ ਜਾਵੇ। ਸੰਸਾਰ ਦੀ ਨਾਸ਼ਮਾਨਤਾ ਬਾਰੇ ਗੁਰਬਾਣੀ ਸਪੱਸ਼ਟ ਕਰਦੀ ਹੈ:

ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ॥
ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ॥੧੭॥

(ਵਾਰ ਮਾਰੂ ਮਹਲਾ ੫, ਪੰਨਾ 1100)

ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ॥ *(ਸਿਰੀਰਾਗ ਮ: ੧, ਪੰਨਾ 63)*

ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਹਰ ਮਾਨਵ, ਜੋ ਵੀ ਇਸ ਸੰਸਾਰ 'ਤੇ ਆਇਆ ਹੈ ਲੰਮੀ ਉਮਰ ਮੰਗਦਾ ਹੈ, ਕੋਈ ਮਰਨਾ ਨਹੀਂ ਚਾਹੁੰਦਾ। ਜਦੋਂ ਕਿ ਸੱਚ ਇਹ ਹੈ ਕਿ ਮੌਤ ਨਿਸਚਿਤ ਹੈ, ਲੱਖ ਯਤਨ ਕਰ ਲਵੋ, ਇਕ ਦਿਨ ਮੌਤ ਨੇ ਆ ਕੇ ਗਲਵਕੜੀ ਪਾ ਹੀ ਲੈਣੀ ਹੈ। ਇਹ ਵੀ ਸੱਚ ਹੈ ਕਿ ਜੋ ਮੌਤ ਨੂੰ ਪ੍ਰਵਾਨ ਕਰ ਲੈਂਦਾ ਹੈ, ਸਦ-ਜੀਵਤ ਹੋ ਜਾਂਦਾ ਹੈ। ਉਸ ਦੀ ਸਰੀਰਕ ਮੌਤ ਤਾਂ ਭਾਵੇਂ ਹੋ ਜਾਵੇ, ਪਰ ਆਤਮਿਕ ਤੌਰ 'ਤੇ ਉਹ ਅਮਰ ਹੋ ਜਾਂਦਾ ਹੈ। ਆਤਮਾ ਪਰਮ-ਆਤਮਾ ਦੀ ਅੰਸ਼ ਹੈ, ਜੋ ਜਨਮ-ਮਰਨ ਤੋਂ ਰਹਿਤ ਹੈ:

ਜਨਮਿ ਨ ਮਰੈ ਨ ਆਵੈ ਨ ਜਾਇ॥
ਨਾਨਕ ਕਾ ਪ੍ਰਭੁ ਰਹਿਓ ਸਮਾਇ॥੪॥੧॥ *(ਭੈਰਉ ਮਹਲਾ ੫, ਪੰਨਾ 1136)*

ਖ਼ੁਦਾ-ਖ਼ਸਮ ਦੇ ਬਣ ਕੇ ਜੇਕਰ ਜੀਵਨ ਜੀਵਿਆ ਜਾਵੇ ਤਾਂ ਮੌਤ ਨਹੀਂ ਹੁੰਦੀ, ਅਮਰਤਾ ਹੁੰਦੀ ਹੈ। ਮਾਲਕ ਦਾ ਬੰਦਾ ਬਣਨ ਨਾਲ ਮਨੁੱਖ ਅਮਰ ਹੋ ਜਾਂਦਾ ਹੈ। ਗੁਰਮਤਿ ਅਨੁਸਾਰ ਮੌਤ ਜੀਵਨ ਦਾ ਅੰਤ ਨਹੀਂ, ਸੰਪੂਰਨਤਾ ਹੈ। ਪਰ ਸਾਨੂੰ ਮੌਤ ਬਾਰੇ ਗਿਆਨ ਹੋਣਾ ਚਾਹੀਦਾ ਹੈ ਕਿ ਮਰਨਾ ਕਿਹੜਾ ਪ੍ਰਵਾਨ ਹੈ ? ਮਰ ਤਾਂ ਹਰੇਕ ਮਨੁੱਖ ਨੇ ਜਾਣਾ ਹੈ ਇਹ ਅੰਤਿਮ ਸੱਚ ਹੈ ਪਰ ਕੀ ਖ਼ੁਦਕੁਸ਼ੀ ਕਰ ਕੇ, ਨਸ਼ਿਆਂ ਦੇ ਆਦੀ ਹੋ, ਨਾ-ਮੁਰਾਦ ਬਿਮਾਰੀਆਂ 'ਚ ਗ਼ਲਤਾਨ ਹੋ ਜਾਂ ਫਿਰ ਗ਼ੁਲਾਮੀ ਦੀ ਮੌਤ ਮਰਨਾ ਪ੍ਰਵਾਨ ਹੈ ? ਗੁਰਮਤਿ 'ਚ ਇਸ ਤਰ੍ਹਾਂ ਮਰਨ ਨੂੰ ਨਕਾਰਿਆ ਗਿਆ। ਗੁਰਮਤਿ 'ਚ ਤਾਂ ਮਰਨ ਨੂੰ ਪਹਿਲਾਂ ਪ੍ਰਵਾਨ ਕਰਨਾ ਪੈਂਦਾ ਹੈ:

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥੧॥

(ਵਾਰ ਮਾਰੂ ਮਹਲਾ ੫, ਪੰਨਾ 1102)

ਕੁਦਰਤ ਦੇ ਕਰਤੇ ਨੂੰ ਰੋਮ-ਰੋਮ ਤੋਂ ਸਮਰਪਿਤ ਹੋ ਕਿਰਤ ਕਰਦਿਆਂ, ਕਰਤਾਰ-ਕਰਤਾਰ ਕਰਨ ਨਾਲ, ਕਰਤੇ 'ਚ ਅਭੇਦ ਹੋ ਸਕੀਦਾ ਹੈ। ਇਸ ਤਰ੍ਹਾਂ ਕਰਤੇ ਦੀ ਕੀਰਤੀ ਅਭੇਦਤਾ ਪ੍ਰਦਾਨ ਕਰਦੀ ਹੈ, ਜਿਸ ਨਾਲ ਜੀਵ ਦਾ ਜੀਵਨ-ਮਰਨ ਦਾ ਸੁਆਲ ਹੀ ਖ਼ਤਮ ਹੋ ਜਾਂਦਾ ਹੈ:

ਮਰਨ ਜੀਵਨ ਕੀ ਸੰਕਾ ਨਾਸੀ॥
ਆਪਨ ਰੰਗਿ ਸਹਜ ਪਰਗਾਸੀ॥੧॥ *(ਪ੍ਰਭਾਤੀ, ਕਬੀਰ ਜੀ, ਪੰਨਾ 1349)*

ਭਗਤ ਕਬੀਰ ਜੀ ਨੇ ਮਰਨ-ਮੌਤ ਬਾਰੇ ਬਹੁਤ ਕੁਝ ਸਪੱਸ਼ਟ ਕੀਤਾ ਹੈ। ਉਨ੍ਹਾਂ ਦੇ ਕਥਨ ਅਨੁਸਾਰ ਸਾਰਾ ਸੰਸਾਰ ਆਉਣ-ਜਾਣ ਦੇ ਚੱਕਰ ਵਿਚ ਹੈ। ਰੋਜ਼ਾਨਾ ਹੀ ਮੌਤਾਂ ਹੋ ਰਹੀਆਂ ਹਨ ਅੰਤ ਨੂੰ ਹਰੇਕ ਨੇ ਮੌਤ ਦੇ ਸਨਮੁੱਖ ਹੋਣਾ ਹੈ ਪਰ ਮਰਨਾ ਕੋਈ ਭੀ ਨਹੀਂ ਜਾਣਦਾ। ਕਿਸੇ ਨੂੰ ਨਹੀਂ ਪਤਾ ਕਿਹੜੀ ਮੌਤ ਪ੍ਰਵਾਨ ਚੜ੍ਹਦੀ ਹੈ, ਜਿਸ ਨਾਲ ਮਨੁੱਖ ਦਾ ਜਨਮ-ਮਰਨ ਮੁੱਕ ਜਾਵੇ। ਇਹ ਸੁਆਲ ਭਗਤ ਕਬੀਰ ਜੀ ਨੇ ਮਨੁੱਖਤਾ ਦੇ ਸਾਹਮਣੇ ਰੱਖਿਆ ਸੀ, ਉਨ੍ਹਾਂ ਦਾ ਫ਼ੁਰਮਾਨ ਹੈ:

ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ॥
ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ॥੧॥

(ਵਾਰ ਬਿਹਾਗੜੇ ਕੀ, ਸਲੋਕ ਕਬੀਰ, ਪੰਨਾ 555)

ਵਿਚਾਰ ਅਧੀਨ ਪੰਕਤੀ 'ਚ ਦੋਨੋਂ ਸ਼ਬਦ 'ਮਰਣੁ' ਤੇ 'ਸੂਰਿਆ' ਬਹੁਤ ਮਹੱਤਵਪੂਰਣ ਤੇ ਸਿਧਾਂਤਕ ਹਨ। ਉਹ ਕਿਹੜੀ ਮੌਤ ਹੈ, ਜਿਸ ਨੂੰ ਪ੍ਰਾਪਤ ਕੀਤਿਆਂ ਸੂਰਮੇ ਦਾ ਰੁਤਬਾ ਪ੍ਰਾਪਤ ਹੋ ਸਕੇ?

ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥

(ਵਡਹੰਸੁ ਮਹਲਾ ੧, ਪੰਨਾ 580)

ਗੁਰੂ ਨਾਨਕ ਦੇਵ ਜੀ ਉਪਦੇਸ਼ ਕਰਦੇ ਹਨ ਕਿ ਮਰਣਾ ਉਹੀ ਪ੍ਰਵਾਨ ਹੈ ਜੋ ਹੱਕ, ਸੱਚ, ਇਨਸਾਫ਼ ਲਈ ਲੜਦਿਆਂ, ਜਬਰ-ਜ਼ੁਲਮ, ਅੱਤਿਆਚਾਰ ਦਾ ਵਿਰੋਧ ਕਰਦਿਆਂ, ਬਿਨਾਂ ਕਿਸੇ ਦੀ ਅਧੀਨਗੀ-ਗ਼ੁਲਾਮੀ ਸਹਿਣ ਕਰਦਿਆਂ ਹੋਵੇ। ਜੋ ਇਸ ਤਰ੍ਹਾਂ ਆਪਣੇ ਜੀਵਨ ਨੂੰ ਸੰਪੂਰਨ ਕਰਦਾ ਹੈ, ਉਹੀ ਸ਼ਹੀਦ ਤੇ ਸੂਰਮੇ ਦੇ ਰੁਤਬੇ ਨੂੰ ਪ੍ਰਾਪਤ ਕਰਦਾ ਹੈ। ਸੂਰਮਾ ਉਹੀ ਹੈ ਜੋ ਧਰਮ, ਸੱਚ, ਇਨਸਾਫ਼ ਖ਼ਾਤਰ ਬੋਟੀ-ਬੋਟੀ ਤਾਂ ਹੋ ਜਾਂਦਾ ਹੈ ਪਰ ਸੁਤੰਤਰ ਸਿੱਖ ਸੱਚ, ਹੋਂਦ-ਹਸਤੀ ਤੇ ਪਹਿਚਾਣ ਨੂੰ ਬਰਕਰਾਰ ਰੱਖਦਾ ਹੈ। ਅਜਿਹੇ ਸੂਰਮੇ ਸਮੇਂ-ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਹੋ, ਮੌਤ 'ਤੇ ਫ਼ਤਹਿ ਪ੍ਰਾਪਤ ਕਰ ਸ਼ਹੀਦ ਸਦਵਾਉਂਦੇ ਹਨ। ਬਾਬਾ ਕਬੀਰ ਜੀ ਸਪੱਸ਼ਟ ਕਰਦੇ ਹਨ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥

(ਮਾਰੂ ਕਬੀਰ ਜੀ, ਪੰਨਾ 1105)

ਭਗਤ ਕਬੀਰ ਜੀ ਨੇ ਤਾਂ ਸਤਿਗੁਰੂ ਪਰਮਾਤਮਾ ਨੂੰ 'ਸੂਰਮੇ' ਸ਼ਬਦ ਨਾਲ ਸੰਬੋਧਨ ਕੀਤਾ ਹੈ:

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥੧੯੪॥

(ਸਲੋਕ ਕਬੀਰ ਜੀ, ਪੰਨਾ 1374)

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਫ਼ੁਰਮਾਨ ਕਰਦੇ ਹਨ ਕਿ ਆਮ ਆਦਮੀ

ਮੌਤ ਬਾਰੇ ਕੁਝ ਨਹੀਂ ਜਾਣਦਾ ਕਿ ਕਿਸ ਕਿਸਮ ਦੀ ਮੌਤ ਆਵੇਗੀ ਤੇ ਕਿਸ ਤਰ੍ਹਾਂ ਮਰਾਂਗੇ ਪਰ ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਜੇਕਰ ਕਰਤਾ ਪੁਰਖ ਹਮੇਸ਼ਾ ਯਾਦ ਰਹੇ ਤਾਂ ਮਨੁੱਖ ਦੀ ਸਮਰਪਿਤ ਭਾਵਨਾ ਕਰਕੇ ਮੌਤ ਸਹਿਲੀ, ਸੁਖਾਵੀਂ ਤੇ ਸਫਲ ਹੋ ਜਾਂਦੀ ਹੈ :

ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ॥

(ਵਾਰ ਬਿਹਾਗੜੇ ਕੀ, ਮਹਲਾ ੩, ਪੰਨਾ 555)

ਭਾਵ ਹੈ ਕਿ ਮੌਤ ਨੂੰ ਵੀ ਰਜ਼ਾ ਕਰਕੇ ਮੰਨਣਾ, ਇਸ ਤਰ੍ਹਾਂ ਮੌਤ ਭਾਵੇਂ ਤੱਤੀ ਤਵੀ 'ਤੇ ਆਵੇ, ਰਣ ਤੱਤੇ ਵਿਚ, ਆਰੇ ਦੇ ਦੰਦਿਆਂ ਹੇਠ, ਉਬਲਦੀ ਦੇਗ 'ਚ, ਰੂਈ 'ਚ ਲਪੇਟ ਕੇ, ਚਮਕੌਰ ਵਰਗੇ ਦੁਨੀਆਂ ਦੇ ਸਭ ਤੋਂ ਅਸਾਵੇਂ ਯੁੱਧ 'ਚ, ਸਰਹਿੰਦ ਦੀਆਂ ਦੀਵਾਰਾਂ 'ਚ ਆਦਿ ਸਭ ਥਾਵਾਂ 'ਤੇ ਹਰ ਸਮੇਂ, ਹਰ ਹਾਲਤ 'ਚ ਪ੍ਰਵਾਨ ਹੈ।

ਸਿੱਖ ਧਰਮ, ਦਰਸ਼ਨ ਤੇ ਇਤਿਹਾਸ ਸੂਰਮਿਆਂ ਦੀ ਸੂਰਮਗਤੀ ਨਾਲ ਭਰਪੂਰ ਹੈ। ਸ਼ਹੀਦ ਹਰੇਕ ਸਤਿਕਾਰਤ ਹੈ, ਸ਼ਹੀਦ ਦਾ ਪਵਿੱਤਰ ਖ਼ੂਨ ਜਿਸ ਧਰਤੀ 'ਤੇ ਵੀ ਡੁੱਲ੍ਹ ਜਾਵੇ, ਉਹ ਧਰਤ ਸੁਹਾਵੀ, ਪਵਿੱਤਰ, ਪੂਜਨੀਕ ਤੇ ਇਤਿਹਾਸਕ ਹੋ ਨਿਬੜਦੀ ਹੈ। ਸ਼ਹੀਦ ਰੁਤਬੇ ਤੇ ਸਤਿਕਾਰ ਕਰਕੇ ਸਭ ਸਤਿਕਾਰਯੋਗ ਹਨ। ਸ਼ਹੀਦਾਂ ਦੇ ਜੀਵਨ-ਦਰਸ਼ਨ ਤੋਂ ਮਿਲਦੀ ਰੌਸ਼ਨੀ ਦੀ ਲਾਲੀ ਵੀ ਬਰਾਬਰ ਹੁੰਦੀ ਹੈ, ਪਰ ਬਾਲ-ਵਰੇਸ 'ਚ ਲਾ-ਸੁਰਖ਼ ਬੁੱਲ੍ਹੀਆਂ ਵਾਲੇ ਬਾਲ ਸ਼ਹੀਦਾਂ ਸਾਹਿਬਜ਼ਾਦਿਆਂ ਦੀ ਦਾਸਤਾਨ ਪੜ੍ਹ ਕੇ ਹਰੇਕ ਦੇ ਮਨ 'ਚ ਝਰਨਾਹਟ ਜ਼ਰੂਰ ਛਿੜਦੀ ਹੈ। ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦੇ ਸੱਤ ਦਿਨਾਂ 'ਚ ਸ਼ਹੀਦੀ ਜਾਮ ਪੀ ਗਏ। ਇਨ੍ਹਾਂ ਸੱਤ ਦਿਨਾਂ ਨੂੰ 'ਸ਼ਹੀਦੀ-ਸਪਤਾਹ' ਵਜੋਂ ਯਾਦ ਕੀਤਾ ਜਾਂਦਾ ਹੈ। ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ 'ਚ ਸਨਮੁੱਖ ਹੋ ਲੜਦੇ ਹੋਏ ਸ਼ਹੀਦੀ ਜਾਮ ਪੀ ਕੇ, ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਧਰਮ ਹੇਤ ਸਾਕਾ ਕਰਨ ਵਾਲੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਗੋਦੀ ਦਾ ਹਮੇਸ਼ਾ ਵਾਸਤੇ ਸ਼ਿੰਗਾਰ ਬਣ ਗਏ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾਸਤਾਨ ਬਹੁਤ ਦਰਦਮਈ ਹਾਲਤਾਂ ਤੇ ਜ਼ਾਲਮ ਸਰਕਾਰ ਸਰਹਿੰਦ ਦੀ ਦਰਿੰਦਗੀ ਨੂੰ ਰੂਪਮਾਨ ਕਰਦੀ ਹੈ। 7 ਤੇ 9 ਸਾਲ ਤੋਂ ਵੀ ਘੱਟ ਸੰਸਾਰਕ ਉਮਰ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜਾਬਰਾਂ, ਜ਼ਾਲਮਾਂ ਨੇ ਜ਼ੁਲਮ ਦੀ ਇੰਤਹਾ ਕਰਦਿਆਂ ਜਿਊਂਦੇ-ਜੀਅ ਨੀਹਾਂ 'ਚ ਚਿਣ ਕੇ ਸ਼ਹੀਦ ਕਰ ਦਿੱਤਾ। ਛੋਟੀਆਂ ਜਿੰਦਾਂ - ਵੱਡਾ ਸਾਕਾ ਕਰ ਆਪਣੀ ਬਾਲ-ਵਰੇਸ 'ਚ ਹੀ ਬਾਬਿਆਂ, ਸੂਰਮਿਆਂ ਤੇ ਸ਼ਹੀਦਾਂ ਦਾ ਰੁਤਬਾ ਪ੍ਰਾਪਤ ਕਰ ਗਏ। ਬਾਬਾ ਫ਼ਤਹਿ ਸਿੰਘ ਨੇ ਸਭ ਤੋਂ ਛੋਟੀ ਉਮਰ 'ਚ ਮੌਤ 'ਤੇ ਫ਼ਤਹਿ ਪਾਈ। ਇਕ ਪਾਸੇ ਇਨ੍ਹਾਂ ਦਿਨਾਂ 'ਚ ਬਾਲ-ਵਰੇਸ ਦੇ ਸ਼ਹੀਦ ਹੋ ਬਾਬੇ ਸਦਵਾਏ ਤੇ ਦੂਸਰੇ ਪਾਸੇ 83 ਸਾਲ ਦੀ ਬਜ਼ੁਰਗ ਮਾਤਾ, ਮਾਤਾ ਗੁਜਰੀ ਜੀ ਵੀ ਸ਼ਹੀਦੀ ਜਾਮ ਪੀ ਕੇ ਗੁਰੂ-ਪਤੀ, ਗੁਰੂ ਤੇਗ਼ ਬਹਾਦਰ ਜੀ ਨਾਲ ਕੀਤਾ ਇਕਰਾਰ ਸੰਪੂਰਨ ਕਰ ਗਏ। ਸ਼ਹੀਦਾਂ ਨੂੰ ਅਸੀਂ ਸਮੇਂ-ਸਥਾਨ ਦੀਆਂ ਦੀਵਾਰਾਂ 'ਚ ਕੈਦ ਨਹੀਂ ਕਰ ਸਕਦੇ, ਉਨ੍ਹਾਂ ਦੁਆਰਾ ਸਥਾਪਤ ਕੀਤੇ ਕੀਰਤੀਮਾਨ ਤੇ ਮਾਰਗ

ਸਮੁੱਚੀ ਮਾਨਵਤਾ ਲਈ ਸਾਂਝੇ ਹੁੰਦੇ ਹਨ। ਜੇਕਰ ਮਨੁੱਖ ਗੁਰੂ ਕਿਰਪਾ - ਮਿਹਰ ਸਦਕਾ ਹਉਮੈ, ਹੰਕਾਰ, ਖ਼ੁਦੀ ਨੂੰ ਮਾਰ ਕੇ, ਖ਼ੁਦੀ-ਬਖ਼ੀਲੀ, ਚੋਰੀ, ਜਾਰੀ, ਖ਼ੁਸ਼ਾਮਦ, ਨਿੰਦਾ, ਈਰਖਾ, ਦਵੈਸ਼, ਮੈਂ-ਮੇਰੀ ਦੀ ਭਾਵਨਾ ਤੋਂ ਮੁਕਤ ਹੋ ਜਾਵੇ, ਫਿਰ ਮਨੁੱਖ ਦਾ ਬਾਰ-ਬਾਰ ਮਰਨਾ ਨਹੀਂ ਹੁੰਦਾ। ਲੋੜ ਹੈ, ਜੀਵਨ-ਮੁਕਤ ਹੋਣ ਦੀ :

ਗੁਰ ਪ੍ਰਸਾਦਿ ਜੀਵਤੁ ਮਰੈ ਤਾ ਫਿਰਿ ਮਰਣੁ ਨ ਹੋਇ ॥੨॥

(ਵਾਰ ਬਿਹਾਗੜੇ ਕੀ, ਮਹਲਾ ੩, ਪੰਨਾ 554)

ਗੁਰੂ ਦੀ ਕਿਰਪਾ ਦੇ ਪਾਤਰ ਬਨਣ ਵਾਸਤੇ ਸੂਝ-ਸਮਝ, ਸਮਰਪਣ ਭਾਵਨਾ ਦੀ ਜ਼ਰੂਰਤ ਹੈ। ਗਿਆਨ ਦੇ ਪ੍ਰਕਾਸ਼ ਨਾਲ ਅਗਿਆਨਤਾ ਦਾ ਹਨੇਰਾ ਦੂਰ ਕਰਦਿਆਂ, ਸ਼ਬਦ-ਗੁਰੂ ਨੂੰ ਸਮਰਪਿਤ ਹੁੰਦਿਆਂ ਮੇਰ-ਤੇਰ, ਮੈਂ-ਮੇਰੀ ਤੇ ਆਪਾ-ਭਾਵ ਮਿਟਾ ਕੇ ਜੀਵਨ ਜੀਵਿਆ ਜਾ ਸਕਦਾ ਹੈ। ਗੁਰਬਾਣੀ ਦਾ ਕਥਨ ਹੈ ਕਿ ਸ਼ਬਦ ਦੀ ਤਾਬਿਆ 'ਚ ਸਦ-ਜੀਵਨ ਹੀ ਜੀਵਨ ਹੈ, ਮੌਤ ਕਿਧਰੇ ਨਹੀਂ, ਅਨੰਦ ਹੀ ਅਨੰਦ ਹੈ, ਦੁੱਖ-ਦਲਿੱਦਰ, ਆਲਸ ਕਿਧਰੇ ਨਹੀਂ :

ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥
ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥੩॥

(ਸੋਰਠਿ ਮਹਲਾ ੩, ਪੰਨਾ 604)

ਲੋੜ ਹੈ ਇਨ੍ਹਾਂ ਸਤਿਕਾਰਤ ਬਾਬਿਆਂ, ਸੂਰਮਿਆਂ, ਸ਼ਹੀਦਾਂ ਪਾਸੋਂ ਸੱਚ, ਧਰਮ, ਇਨਸਾਫ਼ ਦੀ ਪ੍ਰੇਰਨਾ ਲੈ ਕੇ ਜਬਰ-ਜ਼ੁਲਮ, ਧਾਰਮਿਕ, ਸਮਾਜਿਕ, ਰਾਜਨੀਤਕ ਬੁਰਾਈਆਂ ਦੇ ਵਿਰੁੱਧ ਸਮੇਂ ਸਿਰ ਸੱਚ ਬੋਲਣ ਦੀ। ਸਤਿਗੁਰੂ ਰਹਿਮਤ ਕਰਨ, ਅਸੀਂ ਇਨ੍ਹਾਂ ਸ਼ਹੀਦਾਂ ਦੇ ਜੀਵਨ-ਦਰਸ਼ਨ ਤੇ ਸ਼ਹੀਦੀ-ਦਾਸਤਾਨ ਤੋਂ ਰੌਸ਼ਨੀ ਪ੍ਰਾਪਤ ਕਰ ਆਪਣਾ ਵਰਤਮਾਨ ਤੇ ਭਵਿੱਖ ਸਵਾਰ ਸਕੀਏ!

ਬਧਾ ਚਟੀ ਜੋ ਭਰੇ...

ਗੁਰਬਾਣੀ ਦੇ ਰਾਗ ਪ੍ਰਬੰਧ, ਅੰਕ ਪ੍ਰਬੰਧ, ਸ਼ਬਦਾਂ, ਛੰਤਾਂ, ਅਸ਼ਟਪਦੀਆਂ, ਵਾਰਾਂ ਦੀ ਤਰਤੀਬ ਨੂੰ ਜੇਕਰ ਪ੍ਰਮੁੱਖ ਤੌਰ 'ਤੇ ਦੇਖਿਆ ਜਾਵੇ ਤਾਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦੈਵੀ ਸੰਪਾਦਨ ਕਲਾ ਦੇ ਨਜ਼ਾਰੇ ਪ੍ਰਤੱਖ ਹੁੰਦੇ ਹਨ, ਵਾਰਾਂ ਵਿਚ ਪਉੜੀਆਂ ਦੇ ਨਾਲ ਸਲੋਕਾਂ ਨੂੰ ਵਿਸ਼ੇ ਅਨੁਸਾਰ ਅੰਕਿਤ ਕੀਤਾ ਗਿਆ ਹੈ। ਫਿਰ ਖ਼ੂਬੀ ਦੇਖੋ ਕਿ ਵਾਰ ਮੂਲ ਰੂਪ ਪਉੜੀਆਂ ਦੇ ਰੂਪ ਵਿਚ ਹੁੰਦੀ ਹੋਈ ਵੀ ਸਲੋਕਾਂ ਤੋਂ ਵੱਖ ਕਰ ਕੇ ਨਹੀਂ ਦੇਖੀ ਜਾ ਸਕਦੀ। ਵਾਰ ਵਿਚਲੇ ਸਲੋਕਾਂ ਦਾ ਸੰਬੰਧ ਪਉੜੀਆਂ ਨਾਲ, ਪਰ ਮੂਲ ਰੂਪ ਵਿਚ ਪਉੜੀਆਂ ਅਲੱਗ ਬਾਣੀਕਾਰ ਦੀ ਰਚਨਾ ਹਨ ਤੇ ਸਲੋਕ ਦੂਸਰੇ ਗੁਰੂ ਵਿਅਕਤੀ ਦੇ ਵੀ ਹੋ ਸਕਦੇ ਹਨ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਕੇਵਲ 63 ਪਾਵਨ ਸਲੋਕ ਮਿਲਦੇ ਹਨ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੱਖ-ਵੱਖ ਵਾਰਾਂ ਵਿਚ ਪਉੜੀ ਦੇ ਨਾਲ ਅੰਕਿਤ ਕੀਤੇ ਹਨ। ਵਿਚਾਰ ਅਧੀਨ ਸਲੋਕ ਸੂਹੀ ਕੀ ਵਾਰ ਮਃ ੩ ਵਿਚ ਅੰਕਿਤ ਹੈ। ਇਸ ਵਾਰ ਵਿਚ ਗੁਰਦੇਵ ਦੇ 11 ਸਲੋਕ ਹਨ। ਚਾਰ ਪਾਵਨ ਸਲੋਕ ਪਉੜੀ ਨੰ: 7 ਵਿਚ ਆਏ ਹਨ। ਪੂਰਾ ਸਲੋਕ :

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥
ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥

(ਵਾਰ ਸੂਹੀ, ਮਹਲਾ ੨, ਪੰਨਾ 787)

ਇਸ ਸਲੋਕ ਦੇ ਅਰਥ ਸੰਦਰਭ ਵਿਚ ਹੀ ਦੇਖੇ ਜਾ ਸਕਦੇ ਹਨ। ਬਧਾ, ਚਟੀ, ਗੁਣ, ਉਪਕਾਰ, ਆਦਿ ਸ਼ਬਦ ਗੁਰਬਾਣੀ ਵਿਚ ਵਿਭਿੰਨ ਰੂਪ ਵਿਚ ਵੱਖ-ਵੱਖ ਥਾਵਾਂ 'ਤੇ ਆਏ ਹਨ :

ਬਧਾ : ਬੰਨ੍ਹਿਆ ਹੋਇਆ, ਗ਼ੁਲਾਮ, ਮਜਬੂਰ।

ਚਟੀ : ਜੁਰਮਾਨਾ (ਇਹ ਸ਼ਬਦ ਕੇਵਲ ਇਕ ਵਾਰੀ ਗੁਰਬਾਣੀ ਵਿਚ ਆਇਆ ਹੈ)।
ਹਾਕਮ ਦਾ ਬੱਧਾ ਜੋ ਚੱਟੀ ਭਰਦਾ ਹੈ, ਉਹ ਗੁਣ ਅਤੇ ਉਪਕਾਰ ਵਿਚ ਸ਼ੁਮਾਰ ਨਹੀਂ।

ਗੁਣ : ਸਿਫ਼ਤ, ਸ਼ੀਲ, ਸੁਭਾਉ, ਹੁਨਰ, ਤਾਸੀਰ, ਫਲ, ਕਰਮ, ਨਿਆਉਂ, ਆਦਿ।

ਉਪਕਾਰ: ਸੰਗਯਾ—ਸਹਾਇਤਾ, ਮਦਦ, ਭਲਿਆਈ, ਨੇਕੀ, ਨੌਕਰੀ, ਚਾਕਰੀ, ਮਿਹਰਬਾਨੀ, ਆਦਿ।

ਸੰਸਾਰ ਵਿਚ ਵਿਚਰਦਿਆਂ ਅਸੀਂ ਜਿਹੜਾ ਵੀ ਕਾਰਜ ਕਰਦੇ ਹਾਂ, ਉਸ ਦੇ ਦੋ ਹੀ ਪੱਖ ਹਨ। ਆਪਣੇ ਵਾਸਤੇ, ਦੂਸਰੇ ਲਈ। ਆਪਣੇ ਵਾਸਤੇ ਸਿਫ਼ਤ ਸਾਲਾਹ ਦਾ ਕਾਰਨ ਬਣੇ ਅਤੇ ਦੂਸਰੇ ਵਾਸਤੇ ਉਪਕਾਰ ਦਾ ਸਾਧਨ। ਬਾਬਾ ਫ਼ਰੀਦ ਜੀ ਵੀ ਸਪੱਸ਼ਟ ਕਰਦੇ ਹਨ ਕਿ ਜਿਨ੍ਹਾਂ ਕੰਮਾਂ ਵਿਚ ਗੁਣ ਨਹੀਂ, ਸਿਫ਼ਤ ਸਾਲਾਹ ਨਹੀਂ, ਬਦਨਾਮੀ ਦਾ ਕਾਰਨ ਬਣਦੇ ਹਨ, ਉਨ੍ਹਾਂ ਨੂੰ ਵਿਸਾਰ ਹੀ ਦੇਣਾ ਚਾਹੀਦਾ ਹੈ, ਭਾਵ ਛੱਡਣ ਵਿਚ ਹੀ ਭਲਾ ਹੈ, ਨਹੀਂ ਤਾਂ ਮਾਲਕ ਦੇ ਦਰ 'ਤੇ ਵੀ ਸ਼ਰਮਿੰਦਗੀ ਉਠਾਉਣੀ ਪਵੇਗੀ। ਆਪ ਦਾ ਕਥਨ ਹੈ:

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥ *(ਸਲੋਕ ਫਰੀਦ ਜੀ, ਪੰਨਾ 1381)*

ਗੁਣਵਾਨ ਨਾਲ ਮਿਲਵਰਤਨ ਅਤੇ ਔਗੁਣਿਆਰੇ ਨਾਲ ਨਾ-ਮਿਲਵਰਤਨ ਦਾ ਆਦੇਸ਼ ਵੀ ਗੁਰਬਾਣੀ ਕਰਦੀ ਹੈ:

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥

(ਸੂਹੀ ਛੰਤ ਮਹਲਾ ੧, ਪੰਨਾ 766)

ਕਿਸੇ ਕਥਨ ਨੂੰ ਲੋਕ-ਮੁਹਾਵਰੇ ਵਿਚ ਪ੍ਰਵਾਨਗੀ ਮਿਲਣੀ, ਉਸ ਕਥਨ ਦੀ ਸਾਰਥਿਕਤਾ ਨੂੰ ਪ੍ਰਤੱਖ ਕਰਦੀ ਹੈ। ਵਿਚਾਰ ਅਧੀਨ ਪਾਵਨ ਪੰਕਤੀ ਵੀ ਲੋਕ-ਮੁਹਾਵਰੇ ਵਜੋਂ ਆਮ ਬੋਲ-ਚਾਲ ਵਿਚ ਸ਼ਾਮਲ ਹੈ। ਬਧਾ ਤੋਂ ਭਾਵ ਗ਼ੁਲਾਮ, ਮਜਬੂਰ। ਚਟੀ ਤੋਂ ਭਾਵ ਬਿਨਾਂ ਕਸੂਰ ਤੋਂ ਕਿਸੇ ਨੂੰ ਨੁਕਸਾਨ ਪਹੁੰਚਾਉਣਾ। ਮੈਨੂੰ ਤਾਂ ਚੱਟੀ ਪੈ ਗਈ, ਮੈਨੂੰ ਕੀ ਚੱਟੀ ਪਈ ਹੈ? ਆਮ ਹੀ ਅਸੀਂ ਸੁਣਦੇ ਹਾਂ।

ਸੰਸਾਰ ਦਾ ਕੋਈ ਵੀ ਧਾਰਮਿਕ, ਸਮਾਜਿਕ, ਰਾਜਸੀ ਕਾਰਜ ਜੇਕਰ ਮਨ-ਬਚਨ-ਕਰਮ ਕਰਕੇ ਨਹੀਂ ਕੀਤਾ ਜਾਂਦਾ ਤਾਂ ਉਹ 'ਬਧਾ ਚਟੀ' ਭਰਨਾ ਹੀ ਹੁੰਦਾ ਹੈ। ਢਾਬੇ ਦੀ ਪੱਕੀ ਰੋਟੀ ਤੇ ਮਾਂ ਦੁਆਰਾ ਤਿਆਰ ਕੀਤੀ ਰੋਟੀ 'ਚ ਢੇਰ ਸਾਰਾ ਅੰਤਰ ਹੁੰਦਾ ਹੈ। ਮਾਂ ਦੀ ਬਣਾਈ ਰੋਟੀ 'ਚ ਅਪਣੱਤ-ਪਿਆਰ ਭਾਵਨਾ ਦੀ ਮਹਿਕ ਹੁੰਦੀ ਹੈ, ਜਦ ਕੇ ਢਾਬੇ ਦੀ ਰੋਟੀ 'ਚ ਬਾਕੀ ਸਾਰੇ ਗੁਣ ਹੁੰਦੇ ਹਨ, ਇਹ ਨਹੀਂ। ਇਕ ਮਜਬੂਰੀ ਵੱਸ ਖਾਣਾ ਤਿਆਰ ਕਰ ਰਿਹਾ, ਜਿਸ ਦੀ ਉਸ ਨੂੰ ਮਜ਼ਦੂਰੀ ਮਿਲਣੀ ਹੈ ਪਰ ਦੂਸਰੇ ਪਾਸੇ ਮਾਂ ਭਾਵਨਾ ਅਧੀਨ ਕਾਰਜਸ਼ੀਲ ਹੈ। ਕੋਈ ਵੀ ਕੰਮ ਕਿਸ ਤਰ੍ਹਾਂ ਹੋਇਆ, ਇਹ ਨਿਰਭਰ ਕਰਦਾ ਹੈ ਕਿ ਕੰਮ ਕਰਨ ਵਾਲਾ ਕੌਣ ਹੈ? ਤੇ ਦੂਸਰਾ ਕੰਮ ਕਿਸ ਵਾਸਤੇ ਹੋ ਰਿਹਾ ਹੈ? ਜਿਸ ਵਾਸਤੇ ਕੰਮ ਹੁੰਦਾ ਹੈ, ਉਸ ਵਾਸਤੇ 'ਉਪਕਾਰ' ਹੁੰਦਾ ਹੈ। ਗੁਣ, ਮਨ-ਬਚਨ-ਕਰਮ ਦੀ ਇਕਾਗਰਤਾ 'ਚੋਂ ਨਿਕਲਣਾ ਹੈ। ਮਜ਼ਦੂਰ, ਮਜ਼ਦੂਰੀ ਵਾਸਤੇ ਕੰਮ ਕਰਦਾ ਹੈ ਨਾ ਕਿ ਭਾਵਨਾ ਕਰਕੇ। ਇਸ ਵਿਚ ਉਪਕਾਰ ਤੇ ਗੁਣ ਨਹੀਂ ਹੋ

ਸਕਦੇ। ਪਰ ਮਾਂ ਬੱਚੇ ਦੀ ਸੇਵਾ-ਸੰਭਾਲ, ਪਰਿਵਾਰ ਦੀ ਪਰਵਰਿਸ਼ ਭਾਵਨਾ ਨਾਲ ਕਰਦੀ ਹੈ। ਉਸ ਵਿਚ ਗੁਣ ਵੀ ਹੈ ਤੇ ਉਪਕਾਰ ਵੀ।

ਜੇਕਰ ਅਸੀਂ ਗੁਰੂ ਅੰਗਦ ਸਾਹਿਬ ਜੀ ਦੇ ਅਧਿਆਤਮਕ ਜੀਵਨ ਦੇ ਦਰਸ਼ਨ ਕਰੀਏ ਤਾਂ ਸਾਨੂੰ ਕਿਧਰੇ ਵੀ ਮਜਬੂਰੀ ਨਜ਼ਰ ਨਹੀਂ ਆਉਂਦੀ, ਪਰ ਉਨ੍ਹਾਂ ਸਮਾਜ ਵਿਚ ਹੋ ਰਹੇ ਦਿਖਾਵੇ ਦੇ ਕਾਰਜਾਂ ਨੂੰ ਤੱਕ ਕੇ ਹੀ ਜੀਵਨ ਸੱਚ, ਇਸ ਪਾਵਨ ਪੰਕਤੀ ਰਾਹੀਂ ਰੂਪਮਾਨ ਕੀਤਾ ਹੈ। ਗੁਰੂ ਨਾਨਕ ਸਾਹਿਬ ਦੇ ਦਰਬਾਰ ਵਿਚ ਟਹਿਲ ਸੇਵਾ ਕਰਨ ਵਾਲੇ ਤਾਂ ਅਨੇਕਾਂ ਸਨ ਪਰ ਜੋ ਭਾਵਨਾ ਗੁਰੂ ਅੰਗਦ ਸਾਹਿਬ ਨੂੰ ਪ੍ਰਾਪਤ ਹੋਈ, ਕਿਸੇ ਹੋਰ ਦੇ ਹਿੱਸੇ ਨਹੀਂ ਆਈ। ਗੁਰੂ ਅੰਗਦ ਸਾਹਿਬ ਦੇ ਜੀਵਨ ਦਰਸ਼ਨ ਨੂੰ ਜੇਕਰ ਉਪਰੀ ਨਜ਼ਰੇ ਵੀ ਦੇਖਿਆ ਜਾਵੇ ਤਾਂ ਉਨ੍ਹਾਂ ਦੇ ਜੀਵਨ ਦੇ ਹਰ ਪਲ ਵਿਚ ਗੁਰੂ ਨਾਨਕ ਸਾਹਿਬ ਪ੍ਰਤੀ ਸਮਰਪਣ ਦੀ ਭਾਵਨਾ ਪ੍ਰਤੱਖ ਪ੍ਰਗਟ ਹੁੰਦੀ ਹੈ।

ਗੁਰੂ ਅੰਗਦ ਸਾਹਿਬ ਜੀ ਦੇ ਵਿਚਾਰ ਅਧੀਨ ਪਾਵਨ ਸਲੋਕ ਪ੍ਰਗਟਾਏ ਵਿਚਾਰਾਂ ਦੀ ਪ੍ਰੋੜ੍ਹਤਾ ਹੋਰ ਸਲੋਕਾਂ ਵਿਚ ਵੀ ਹੁੰਦੀ ਹੈ। ਜਿਵੇਂ ਚਾਕਰ/ਚਾਕਰੀ ਜਾਂ ਸੇਵਕ/ਸੇਵਕੀ ਦੀਆਂ ਧਾਰਨਾਵਾਂ ਸੰਬੰਧੀ ਉਨ੍ਹਾਂ ਦੇ ਵਿਚਾਰ ਬਹੁਤ ਹੀ ਸਪੱਸ਼ਟ ਹਨ। ਗੁਰਦੇਵ ਸਮਝਾਉਂਦੇ ਹਨ ਕਿ ਚਾਕਰ ਦਾ ਮੂਲ ਕੰਮ ਚਾਕਰੀ ਵਿਚ ਮਾਲਕ ਦੇ ਹੁਕਮ ਅਨੁਸਾਰ ਲੱਗੇ ਰਹਿਣਾ ਹੈ। ਚਾਕਰ ਵਾਸਤੇ ਹੁਕਮ ਅਨੁਸਾਰ ਚਾਕਰੀ ਕਰਦਿਆਂ ਹੁਕਮੀ ਬੰਦਾ ਬਣਨਾ ਜ਼ਰੂਰੀ ਹੈ। ਜੇਕਰ ਉਹ ਸਮਝੇ ਕਿ ਮੈਂ ਚਾਕਰੀ ਵੀ ਕਰਾਂ ਤੇ ਮਾਲਕ ਨਾਲ ਵਾਦ-ਵਿਵਾਦ ਵੀ ਕਰਾਂ ਤਾਂ ਦੋਵੇਂ ਕੰਮ ਵਿਅਰਥ ਸਾਬਤ ਹੋਣਗੇ :

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥

(ਵਾਰ ਆਸਾ, ਮਹਲਾ ੨, ਪੰਨਾ 474)

ਸੇਵਕ ਦਾ ਕੰਮ ਮਾਲਕ ਦਾ ਹੁਕਮ ਮੰਨਣਾ ਹੈ, ਉਸ ਦਾ ਕੰਮ ਮਾਲਕ ਦੀ ਬਰਾਬਰੀ ਕਰਨਾ ਨਹੀਂ। ਜੇਕਰ ਕੋਈ ਵਿਅਕਤੀ ਅਗਿਆਨਤਾ ਵੱਸ ਇਸ ਤਰ੍ਹਾਂ ਕਰਦਾ ਹੈ ਤਾਂ ਉਹ ਆਪਣੇ ਮੂਲ ਨੂੰ ਗੁਆ ਲੈਂਦਾ ਹੈ :

ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥
ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ॥

(ਵਾਰ ਆਸਾ ਮਹਲਾ ੧, ਪੰਨਾ 474)

ਗੁਰੂ ਅੰਗਦ ਸਾਹਿਬ ਜੀ ਦੁਆਰਾ ਉਚਾਰਨ ਕੀਤੇ ਹੋਏ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਰਾਗਾਂ ਵਿਚ ਅੰਕਿਤ ਵਾਰਾਂ ਨਾਲ ਸ਼ਾਮਲ ਹਨ। ਸਾਰੇ ਹੀ ਸਲੋਕ ਸਮਾਜਿਕ, ਰਾਜਸੀ, ਧਾਰਮਿਕ, ਆਰਥਿਕ ਸਰੋਕਾਰਾਂ ਨਾਲ ਸੰਬੰਧਿਤ ਹਨ। ਕਿਸੇ ਵੀ ਖੇਤਰ ਵਿਚ ਜੇਕਰ ਅਸੀਂ ਮਜਬੂਰੀ ਵੱਸ ਕਾਰਜਸ਼ੀਲ ਹੁੰਦੇ ਹਾਂ ਤਾਂ ਇਹ ਕਿਸੇ ਤਰ੍ਹਾਂ ਲਾਹੇਵੰਦ ਨਹੀਂ। ਕਿਸੇ ਵੀ ਕੰਮ ਵਿਚ ਕਰਨ ਵਾਲੇ ਦੀ ਰੁਚੀ ਨਹੀਂ ਤਾਂ ਕੰਮ ਕਿਸੇ ਵਾਸਤੇ ਵੀ ਲਾਹੇਵੰਦ ਨਹੀਂ ਹੋਵੇਗਾ। ਪਰ ਗੁਰੂ ਅੰਗਦ ਸਾਹਿਬ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਪਾਰਸ ਛੋਹ ਨੇ ਪਰਿਵਾਰਕ ਮੋਹ ਲਿਬੜੇ ਹੱਥਾਂ ਤੇ ਹਉਮੈ

ਦੇ ਚਿੱਕੜ ਤੋਂ ਸੁਤੰਤਰ ਕਰ ਦਿੱਤਾ। ਕੰਮ ਵਿਚ ਹੱਥ ਲਿਬੜਨ, ਬਸਤਰ ਲਿਬੜਨ, ਸਰੀਰ ਲਿਬੜੇ, ਤਨ-ਮਨ ਦੀ ਸ਼ਮੂਲੀਅਤ ਹੋਵੇ, ਤਦ ਹੀ ਕਾਰਜ ਸ਼ੋਭਨੀਕ ਹੋਵੇਗਾ। ਸੇਵਾ ਤਾਂ ਆਗਿਆ ਪਾਲਣ ਤੇ ਸਿਦਕ ਭਰੋਸੇ ਦੀ ਹੈ। ਸੇਵਕ ਜੇਕਰ ਸਲਾਮ ਵੀ ਕਰਦਾ ਹੈ ਤੇ ਜਵਾਬ ਵੀ ਦਿੰਦਾ ਹੈ ਅਤੇ ਉਹ ਸੇਵਕ ਅਖਵਾਉਂਦਾ ਹੈ ਤਾਂ ਗ਼ਲਤ ਹੈ, ਉਹ ਸੇਵਕ ਨਹੀਂ। ਗੁਰੂ ਨਾਨਕ ਸਾਹਿਬ ਦੀ ਸੰਗਤ ਨੇ ਭਾਈ ਲਹਿਣਾ ਜੀ ਨੂੰ ਗੁਰਮਤਿ ਟਕਸਾਲ ਵਿਚ ਐਸਾ ਢਾਲਿਆ ਕਿ ਮਾੜੇ-ਚੰਗੇ ਕਰਮ ਦਾ ਵਿਚਾਰ ਹੀ ਭੁੱਲ ਗਏ। ਉਹ ਤਾਂ ਕੇਵਲ ਆਗਿਆ ਪਾਲਕ ਹੋ ਗਏ, ਉਨ੍ਹਾਂ ਨੇ ਹਰ ਆਗਿਆ ਨੂੰ ਸਮਰਪਣ ਭਾਵਨਾ ਨਾਲ ਸਵੀਕਾਰ ਕੀਤਾ।

ਗੁਰੂ ਅੰਗਦ ਸਾਹਿਬ ਜੀ ਦੀ ਰਚੀ ਬਾਣੀ ਉਨ੍ਹਾਂ ਦੀ ਜੀਵਨ ਸ਼ੈਲੀ ਨੂੰ ਪ੍ਰਗਟ ਕਰਦੀ ਹੈ। ਜੇਕਰ ਅਸੀਂ ਇਹ ਕਹਿ ਲਈਏ ਕਿ ਉਨ੍ਹਾਂ ਦੁਆਰਾ ਰਚਿਤ ਸਲੋਕ ਉਨ੍ਹਾਂ ਦੇ ਅਧਿਆਤਮਕ ਸਵੈ-ਜੀਵਨ ਨੂੰ ਰੂਪਮਾਨ ਕਰਦੇ ਹਨ ਤਾਂ ਇਹ ਗ਼ਲਤ ਨਹੀਂ ਹੋਵੇਗਾ। ਹਰੇਕ ਸਲੋਕ ਵਿਚ ਕੁਝ ਗੁੱਝੇ ਭੇਦ ਹਨ ਤੇ ਵਿਸਮਾਦੀ ਰਮਜ਼ਾਂ ਸ਼ਾਮਲ ਹਨ, ਜਿਵੇਂ :

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥

(ਵਾਰ ਸਿਰੀਰਾਗ, ਮਹਲਾ ੨, ਪੰਨਾ 83)

ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ ॥

(ਵਾਰ ਸਿਰੀਰਾਗ, ਮਹਲਾ ੨, ਪੰਨਾ 89)

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥ *(ਵਾਰ ਮਾਝ, ਮਹਲਾ ੨, ਪੰਨਾ 139)*

ਉਨ੍ਹਾਂ ਦੇ ਉੱਚ-ਆਤਮਿਕ ਅਨੁਭਵ ਨੂੰ ਵੀ ਰੂਪਮਾਨ ਕਰਦੇ ਹਨ।

ਅਸੀਂ ਪਹਿਲਾਂ ਵਿਚਾਰ ਕਰ ਚੁੱਕੇ ਹਾਂ ਕਿ ਬਾਣੀ ਦਾ ਹਰ ਸਲੋਕ, ਸ਼ਬਦ, ਅਸ਼ਟਪਦੀ, ਛੰਤ ਆਦਿ ਰੂਪ ਸੰਦਰਭ ਵਿਚ ਉਚਾਰਨ ਕੀਤੇ ਗਏ ਹਨ। ਇਨ੍ਹਾਂ ਦੇ ਅਰਥ-ਭਾਵ ਵੀ ਸੰਦਰਭ ਵਿਚ ਹੀ ਹਨ। ਵਿਚਾਰ ਅਧੀਨ ਸਲੋਕ ਦੇ ਅਰਥ-ਭਾਵ ਵੀ ਪਹਿਲੇ ਸਲੋਕਾਂ ਤੇ ਪਉੜੀ ਨਾਲ ਸੰਬੰਧਿਤ ਹਨ। ਇਸ ਤੋਂ ਪਹਿਲਾ ਸਲੋਕ ਹੈ :

ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ ॥
ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ ॥

(ਵਾਰ ਸੂਹੀ, ਮਹਲਾ ੨, ਪੰਨਾ 787)

ਸੰਸਾਰ ਤੇ ਮਨੁੱਖੀ ਜੀਵਨ ਥੋੜ੍ਹ-ਚਿਰਾ ਹੈ। ਇਕ ਦਿਨ ਇਸ ਸੰਸਾਰ ਤੋਂ ਹਰੇਕ ਨੇ ਪਰਲੋਕ ਪਿਆਨਾ ਕਰ ਜਾਣਾ ਹੈ। ਮਾਨਵ ਦਾ ਜੀਵਨ ਮਨੋਰਥ ਪ੍ਰਭੂ-ਪ੍ਰਾਪਤੀ ਹੈ। ਪਰ ਮਨੁੱਖ ਜੇਕਰ ਸਮੇਂ ਸਿਰ ਇਸ ਕਾਰਜ ਵਾਸਤੇ ਯਤਨ ਕਰੇ ਤਾਂ ਉਸ ਨੂੰ ਪਛਤਾਉਣਾ ਨਹੀਂ ਪੈਂਦਾ। ਜੀਵਨ ਮਨੋਰਥ ਦੀ ਪ੍ਰਾਪਤੀ ਵਾਸਤੇ ਹਰੇਕ ਮਨੁੱਖ ਨੂੰ ਇਕ ਮਨ, ਇਕ ਚਿੱਤ ਹੋ ਕੇ ਪ੍ਰਭੂ-ਪਰਮਾਤਮਾ ਦੀ ਹੋਂਦ ਨੂੰ ਹਰ ਥਾਂ 'ਤੇ ਸਵੀਕਾਰਨਾ ਤੇ ਸਤਿਕਾਰਨਾ ਜ਼ਰੂਰੀ ਹੈ। ਪਰ ਕੁਝ ਲੋਕ ਪ੍ਰਭੂ-ਪਰਮਾਤਮਾ ਦੀ ਪ੍ਰਾਪਤੀ ਵਾਸਤੇ ਘਰ-ਬਾਰ ਦਾ ਤਿਆਗ ਕਰ ਦਿੰਦੇ ਹਨ। ਜੰਗਲਾਂ, ਬੇਲਿਆਂ ਅਤੇ ਪਹਾੜਾਂ ਦੀ ਖ਼ਾਕ

ਛਾਣਦੇ ਹਨ। ਇਹ ਵੀ ਅਗਿਆਨਤਾ ਹੈ। ਕਈ ਧੂਣੀਆਂ ਧੁਖਾ ਕੇ ਤਪੱਸਿਆ ਤੇ ਹੱਠ ਕਰਦੇ ਹਨ, ਇਹ ਵੀ ਚੱਟੀ ਭਰਨ ਵਾਲੀ ਗੱਲ ਹੈ। ਸੰਸਾਰਕ ਕਾਰ-ਵਿਹਾਰ, ਪ੍ਰਭੂ-ਭਗਤੀ, ਸੇਵਾ ਸਿਮਰਨ ਤਦ ਹੀ ਠੀਕ ਹੋਵੇਗਾ, ਜੇਕਰ ਮਨ-ਬਚਨ-ਕਰਮ ਤੋਂ ਕੀਤਾ ਜਾਵੇ, ਭਾਵ ਸੰਬੰਧਿਤ ਕਾਰਜ ਵਿਚ ਕਾਰਜਸ਼ੀਲ ਹੋਣਾ ਤਾਂ ਹੀ ਸਾਰਥਿਕ ਹੋਵੇਗਾ ਜੇਕਰ ਕੰਮ ਵਿਚ ਚਿੱਤ ਲੱਗੇ, ਖ਼ੁਸ਼ੀ ਨਾਲ ਕੀਤਾ ਜਾਵੇ। ਜੇਕਰ ਕੰਮ ਚਿੱਤ ਲਗਾ ਕੇ ਖ਼ੁਸ਼ੀ ਨਾਲ ਨਾ ਕੀਤਾ ਜਾਵੇ, ਉਸ ਦੇ ਕਰਨ ਵਾਲੇ ਲਈ ਵੀ ਲਾਹੇਵੰਦ ਨਹੀਂ ਹੋਵੇਗਾ ਤੇ ਨਾ ਹੀ ਜਿਸ ਵਾਸਤੇ ਕੀਤਾ ਗਿਆ, ਉਸ ਵਾਸਤੇ ਉਪਕਾਰ ਹੋਵੇਗਾ।

ਗੁਰਦੇਵ ਅਗਲੇ ਸਲੋਕ ਵਿਚ ਵੀ ਏਸੇ ਹੀ ਵਿਸ਼ੇ ਨੂੰ ਬਾਖ਼ੂਬੀ ਨਿਭਾਉਂਦੇ ਹਨ ਕਿ ਹੱਠ ਕਰ ਕੇ ਕੀਤਾ ਗਿਆ ਕੰਮ ਭਾਵੇਂ ਉਹ ਭਗਤੀ ਹੀ ਕਿਉਂ ਨਾ ਹੋਵੇ, ਲਾਭਕਾਰੀ ਨਹੀਂ। ਪ੍ਰਭੂ-ਭਗਤੀ ਵੀ ਤਾਂ ਪ੍ਰੇਮ ਦਾ ਮਾਰਗ ਹੈ ਜਿਸ ਤੋਂ ਪ੍ਰਾਪਤੀ ਮਨ ਚਿੱਤ ਇਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ:

ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ ॥
ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥

(ਵਾਰ ਸੂਹੀ, ਮਹਲਾ ੨, ਪੰਨਾ 787)

ਇਸ ਤਰ੍ਹਾਂ ਹੀ ਸਵਾਲ ਜਵਾਬ ਦੋਨੋਂ ਇਕੱਠੇ ਨਹੀਂ ਹੋ ਸਕਦੇ। ਇਕ ਸਮਰਪਣ ਦੀ ਭਾਵਨਾ ਨੂੰ ਪ੍ਰਗਟ ਕਰਦਾ ਹੈ ਤੇ ਦੂਸਰਾ ਹੰਕਾਰ ਦੀ ਭਾਵਨਾ ਨੂੰ ਰੂਪਮਾਨ ਕਰਦਾ ਹੈ। ਜੇਕਰ ਅਸੀਂ ਕੋਈ ਵੀ ਕਾਰਜ ਮਜਬੂਰੀ ਵੱਸ ਕਰਦੇ ਹਾਂ ਤਾਂ ਉਸ ਵਿਚ ਸਮਰਪਣ ਭਾਵਨਾ ਨਹੀਂ ਹੁੰਦੀ। ਪਰ ਜੇਕਰ ਕੋਈ ਕਾਰਜ ਖ਼ੁਸ਼ੀ ਨਾਲ ਮਨ-ਬਚਨ-ਕਰਮ ਤੋਂ ਕੀਤਾ ਜਾਵੇ ਤਾਂ ਉਸ ਵਿਚ ਸਵੈਮਾਨ ਤਾਂ ਹੋ ਸਕਦਾ ਹੈ, ਪਰ ਹੰਕਾਰ ਨਹੀਂ।

ਭਾਈ ਸਾਹਿਬ ਭਾਈ ਗੁਰਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਵਿਚਾਰ ਅਧੀਨ ਸਲੋਕ ਨੂੰ ਹੋਰ ਸਪੱਸ਼ਟ ਕਰਨ ਲਈ ਉਦਾਹਰਣ ਪੇਸ਼ ਕਰਦੇ ਹਨ ਕਿ:

ਗਦਹਾ ਦੇਹੀ ਖਉਲੀਐ ਸਾਰ ਨ ਜਾਣੈ ਨਰਕ ਭਵੰਦਾ।
ਸਾਧ ਸੰਗਤਿ ਗੁਰਸ਼ਬਦ ਸੁਣ ਭਾਉ ਭਗਤ ਹਿਰਦੇ ਨ ਧਰੰਦਾ।
ਅੰਨਾਂ ਅਖੀਂ ਹੋਵਈ ਬੋਲਾ ਕੰਨੀ ਸੁਣ ਨ ਸੁਣੰਦਾ।
ਬਧਾ ਚਟੀ ਜਾਇ ਭਰੰਦਾ। *(ਵਾਰ 33, ਪਉੜੀ 16)*

ਜੇਕਰ ਸਭ ਸੁਗੰਧੀਆਂ ਗਧੇ ਨੂੰ ਮਲ ਦੇਈਏ ਤਾਂ ਰੂੜੀਆਂ 'ਚ ਫਿਰਨ ਵਾਲੇ ਨੂੰ ਕੀ ਇਨ੍ਹਾਂ ਦੀ ਸਾਰ ਹੈ? ਉਵੇਂ ਹੀ ਮਨਮੁਖ ਸਤਿਸੰਗਤ ਵਿਚ ਆ ਕੇ ਗੁਰ-ਸ਼ਬਦ ਸੁਣਦਾ ਹੈ ਪਰ ਉਹ ਭਾਉ-ਭਗਤੀ ਨੂੰ ਦਿਲ ਵਿਚ ਨਹੀਂ ਧਾਰਦਾ। ਉਹ ਅੱਖਾਂ ਦੇ ਹੁੰਦਿਆਂ ਅੰਨ੍ਹਾ ਤੇ ਕੰਨਾਂ ਦੇ ਹੁੰਦਿਆਂ ਬੋਲ਼ਾ ਹੋ ਜਾਂਦਾ ਹੈ, ਭਾਵ ਸਤਿਸੰਗਤ ਦੇ ਦਰਸ਼ਨ ਕਰਦਿਆਂ ਹੋਇਆਂ ਅੰਨ੍ਹਾ ਤੇ ਕੰਨੀਂ ਸੁਣਦਿਆਂ ਵੀ ਨਾ ਮੰਨਣ ਕਰਕੇ ਬੋਲ਼ਾ ਬਣ ਜਾਂਦਾ ਹੈ। ਕਿਸੇ ਦੇ ਕਹੇ ਕਹਾਏ ਜੇ ਉਹ ਮਜਬੂਰੀ ਵੱਸ ਸਾਧਸੰਗਤ ਵਿਚ ਜਾ ਬੈਠਦਾ ਹੈ ਤਾਂ ਇਹ ਬੱਧਾ ਚੱਟੀ ਭਰਨ ਵਾਲੀ ਹੀ ਗੱਲ ਹੈ।

ਹੋਰ ਸਪੱਸ਼ਟਤਾ ਵਾਸਤੇ ਭਾਈ ਗੁਰਦਾਸ ਜੀ ਹੋਰਨਾਂ ਉਦਾਹਰਣਾਂ ਰਾਹੀਂ ਸਾਨੂੰ ਸੰਸਾਰਕ ਜੀਵਾਂ ਨੂੰ ਸਮਝਾਉਣ ਦਾ ਯਤਨ ਕਰਦੇ ਹਨ, ਜਿਵੇਂ :

ਦੂਜਾ ਭਾਉ ਦੁਬਾਜਰਾ ਬਧਾ ਕਰੈ ਸਲਾਮੁ ਨ ਭਾਵੈ।
ਢੀਂਗ ਜੁਹਾਰੀ ਢੀਂਗੁਲੀ ਗਲਿ ਬਧੇ ਓਹੁ ਸੀਸੁ ਨਿਵਾਵੈ।
ਗਲਿ ਬਧੇ ਜਿਉ ਨਿਕਲੈ ਖੂਹਹੁ ਪਾਣੀ ਉਪਰਿ ਆਵੈ।
ਬਧਾ ਚਟੀ ਜੋ ਭਰੈ ਨ ਗੁਣ ਨਾ ਉਪਕਾਰੁ ਚੜ੍ਹਾਵੈ।

(ਵਾਰ 33, ਪਉੜੀ 16)

ਗੁਰਬਾਣੀ ਦਾ ਇਸ ਬਾਰੇ ਸਪੱਸ਼ਟ ਫ਼ੈਸਲਾ ਹੈ ਕਿ ਉਹ ਲੋਕ ਲੂਣ-ਹਰਾਮੀ ਹਨ, ਜੋ ਮਾਲਕ ਦੇ ਕਹੇ 'ਤੇ ਅਮਲ ਨਹੀਂ ਕਰਦੇ। ਮਾਲਕ ਭਾਵੇਂ ਇਥੇ ਪ੍ਰਭੂ-ਪਰਮਾਤਮਾ ਨੂੰ ਕਿਹਾ ਗਿਆ ਹੈ ਪਰ ਜੇਕਰ ਅਸੀਂ ਸੰਸਾਰਕ ਪੱਧਰ 'ਤੇ ਵੀ ਦੇਖੀਏ ਤਾਂ ਮਾਲਕ ਦੇ ਹੁਕਮ ਅਨੁਸਾਰ ਕਰਮ ਨਾ ਕਰਨ ਵਾਲੇ ਨੂੰ ਹਰਾਮੀ ਕਿਹਾ ਜਾਂਦਾ ਹੈ ਕਿ ਫਲਾਣਾ ਮਨੁੱਖ ਲੂਣ-ਹਰਾਮੀ, ਅਕਿਰਤਘਣ ਹੈ। ਜੋ ਵੀ ਜੀਵ ਮਜਬੂਰੀ ਵੱਸ ਮਾਲਕ ਨੂੰ ਸਲਾਮ ਕਰੇਗਾ, ਉਹ ਖ਼ਸਮ-ਮਾਲਕ ਦੇ ਮਨ ਨੂੰ ਪਿਆਰਾ ਨਹੀਂ ਲੱਗਦਾ। ਗੁਰਬਾਣੀ ਦਾ ਪਾਵਨ ਸ਼ਬਦ ਹੈ :

ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ ॥
ਬਧੇ ਕਰਨਿ ਸਲਾਮ ਖਸਮ ਨ ਭਾਣਿਆ ॥ *(ਵਾਰ ਮਾਝ ਮਹਲਾ ੧, ਪੰਨਾ 143)*

ਤੱਤ-ਸਾਰ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਜੇਕਰ ਅਸੀਂ ਸੇਵਾ, ਸਿਮਰਨ, ਘਾਲ-ਕਮਾਈ, ਸੰਸਾਰਕ ਤੇ ਅਧਿਆਤਮਕ ਪੱਧਰ 'ਤੇ ਕੁਝ ਪ੍ਰਾਪਤੀ ਕਰਨੀ ਹੈ ਤਾਂ ਉਸ ਦਾ ਆਦਰਸ਼ਕ ਮਾਡਲ, ਗੁਰੂ ਅੰਗਦ ਸਾਹਿਬ ਜੀ ਦੀ ਜੀਵਨ ਸ਼ੈਲੀ ਹੈ, ਜਿਸ ਨੂੰ ਅਪਣਾ ਕੇ ਅਸੀਂ ਆਪਣਾ ਲੋਕ-ਪਰਲੋਕ ਸਵਾਰ ਸਕਦੇ ਹਾਂ ਪਰ ਮਜਬੂਰੀ ਵੱਸ ਕੀਤਾ ਕਾਰਜ ਕਿਸੇ ਵਾਸਤੇ ਵੀ ਲਾਹੇਵੰਦ ਨਹੀਂ ਹੋਵੇਗਾ।

ਸ਼ਹੀਦੀ ਸਪਤਾਹ ਦੀ ਦਾਸਤਾਨ...

"ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ" ਦੇ ਬਚਨ 'ਚ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਸਪੱਸ਼ਟ ਕਰਦੇ ਹਨ ਕਿ ਪੋਹ ਦੇ ਮਹੀਨੇ 'ਚ ਤੁਖਾਰ, ਕੱਕਰ, ਬਰਫ਼, ਪਾਲਾ, ਠੰਡ ਪੈਣ ਕਾਰਨ ਕੁਦਰਤ ਦੇ ਖਿੜਾਓ 'ਚ ਪਤਝੜ ਆ ਜਾਂਦੀ ਹੈ। ਸੂਰਜ ਦੀ ਗਰਮਾਇਸ਼ ਨਾ ਮਿਲਣ ਕਾਰਨ ਪ੍ਰਕਿਰਤੀ ਦੇ ਦਰੱਖ਼ਤ, ਫੁੱਲ, ਵਣ-ਤ੍ਰਿਣ ਸਭ ਮੁਰਝਾ ਜਾਂਦੇ ਹਨ। ਇਸ ਕੁਦਰਤੀ ਤਬਦੀਲੀ ਕਾਰਨ ਮਨੁੱਖੀ ਮਨ-ਸਰੀਰ ਵੀ ਖ਼ੁਸ਼ਕੀ ਮਹਿਸੂਸ ਕਰਦਾ ਹੈ ਪਰ ਜਿਹੜਾ ਮਾਨਵ ਸ਼ਕਤੀ ਤੇ ਸਦਾ ਵਿਗਾਸ ਦੇ ਅਮੁੱਕ ਸੋਮੇ ਕਰਤਾ ਪੁਰਖ ਨਾਲ ਆਪਣਾ ਸਦੀਵੀ ਸੰਬੰਧ ਬਣਾ ਲੈਂਦਾ ਹੈ, ਉਹ ਇਸ ਦਸ਼ਾ 'ਚ ਵੀ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿ ਗੁਜ਼ਾਰ ਸਕਦਾ ਹੈ। ਗੁਰੂ ਅਰਜਨ ਦੇਵ ਜੀ ਸਾਨੂੰ ਚੜ੍ਹਦੀ ਕਲਾ ਤੇ ਸਦਾ ਵਿਗਾਸ ਦਾ ਮਾਰਗ ਦਰਸਾਉਂਦੇ ਹਨ:

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥

(ਬਾਰਹ ਮਾਹਾ ਮਾਂਝ ਮਹਲਾ ੫, ਪੰਨਾ 135)

ਸਿਰਜਣਹਾਰ ਨੂੰ ਸਮਰਪਿਤ ਹੋ ਅਸੀਂ ਆਪਣਾ ਜੀਵਨ ਸੁਹਾਵਣਾ-ਸੁਖਮਈ ਬਣਾ ਸਕਦੇ ਹਾਂ। ਪੋਹ ਦੇ ਮਹੀਨੇ ਸਾਨੂੰ ਸਭ ਨੂੰ ਸਰਦੀ ਬਹੁਤ ਸਤਾਉਂਦੀ ਹੈ, ਪਰ ਅਨੰਦਪੁਰੀ ਦੇ ਅਨੰਦਮਈ ਵਾਤਾਵਰਣ, ਅਨੰਦਪੁਰ ਸਾਹਿਬ ਦੇ ਅੱਠ ਮਹੀਨੇ ਦੇ ਜ਼ਬਰਦਸਤ ਘੇਰੇ, ਅਨੰਦਪੁਰ ਸਾਹਿਬ ਨੂੰ ਛੱਡਣ, ਸਿਰਸਾ ਦੇ ਭਿਆਨਕ ਯੁੱਧ, ਪਰਿਵਾਰ ਵਿਛੋੜਾ, ਚਮਕੌਰ ਦੀ ਕੱਚੀ ਗੜ੍ਹੀ ਤੇ ਸਰਹਿੰਦ ਦੀਆਂ ਦੀਵਾਰਾਂ 'ਚ ਸਾਹਿਬਜ਼ਾਦਿਆਂ ਦੇ ਜਿਉਂਦੇ ਚਿਣੇ ਜਾਣ 'ਤੇ ਮਾਤਾ ਗੁਜਰੀ ਜੀ ਦੀ ਠੰਡੇ ਬੁਰਜ ਦੀ ਦਾਸਤਾਨ ਨੂੰ ਪੜ੍ਹ-ਸੁਣ ਕੇ ਮਨ-ਸਰੀਰ 'ਚ ਰੋਸ-ਰੋਹ ਤੇ ਜੋਸ਼ ਦੀ ਲਹਿਰ ਦੌੜਦੀ ਹੈ। 8 ਤੋਂ 13 ਪੋਹ ਦੇ ਇਹ ਦਿਨ ਸਿੱਖ-ਇਤਿਹਾਸ ਦੇ ਦਰਦਮਈ-ਗੰਭੀਰ ਪ੍ਰੀਖਿਆ ਦੇ ਦਿਨ ਸਨ। ਅਨੰਦਪੁਰ ਸਾਹਿਬ ਇਕ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ, ਸੇਵਕਾਂ ਦੀ ਪਰਖ ਕੀਤੀ, ਪੰਜ ਸਿਰਾਂ ਦੀ ਮੰਗ ਕਰ ਕੇ। ਪੰਜ ਪਿਆਰਿਆਂ ਦਾ ਰੁਤਬਾ ਹਾਸਲ ਕਰਨ ਵਾਲਿਆਂ ਨੇ ਗੁਰੂ ਚਰਨਾਂ 'ਚ ਸੀਸ ਭੇਂਟ ਕੀਤੇ ਤੇ ਗੁਰਦੇਵ ਨੇ ਵੀ ਗੁਰਸਿੱਖਾਂ ਨਾਲ ਅਹਿਦ ਕੀਤਾ ਕਿ ਗੁਰੂ ਗੋਬਿੰਦ ਸਿੰਘ ਸਮਾਂ ਆਉਣ 'ਤੇ ਆਪਣਾ ਸਰਬੰਸ ਵਾਰ ਕੇ ਸੁਰਖ਼ਰੂ ਹੋਵੇਗਾ। ਇਸ ਸ਼ਹੀਦੀ-ਸਪਤਾਹ 'ਚ ਗੁਰੂ ਜੀ ਨੇ ਕੀਤੇ ਕੌਲ ਨੂੰ ਪੂਰਿਆਂ ਕੀਤਾ।

ਅਨੰਦਪੁਰ ਸਾਹਿਬ ਨੂੰ ਲਾਹੌਰ ਦੇ ਸੂਬੇਦਾਰ ਜ਼ਬਰਦਸਤ ਖ਼ਾਂ, ਸਰਹਿੰਦ ਦੇ ਫ਼ੌਜਦਾਰ ਤੇ ਪਹਾੜੀ ਰਾਜਿਆਂ ਨੇ ਘੇਰਾ ਪਾ ਲਿਆ। ਅੱਠ ਮਹੀਨੇ ਤੀਕ ਰਹੇ ਇਸ

ਜ਼ਬਰਦਸਤ ਘੇਰੇ ਕਾਰਨ ਅਨੰਦਗੜ੍ਹ ਦੇ ਕਿਲ੍ਹੇ 'ਚ ਜਲ-ਪਾਣੀ, ਅੰਨ-ਦਾਣਾ ਆਉਣਾ ਬੰਦ ਹੋ ਗਿਆ। ਜੇਕਰ ਸਿੰਘ ਸੂਰਮੇ ਦੁਸ਼ਮਣ ਦਲਾਂ 'ਤੇ ਹਮਲਾ ਕਰ ਕੇ ਅੰਨ-ਪਾਣੀ ਦਾ ਪ੍ਰਬੰਧ ਕਰਦੇ, ਇਸ ਨਾਲ ਆਪਣਾ ਵੀ ਕਾਫ਼ੀ ਜਾਨੀ ਨੁਕਸਾਨ ਹੋ ਜਾਂਦਾ। ਵਿਸ਼ਾਲ ਤੇ ਲੰਮੇਰੇ ਘੇਰੇ ਦੇ ਬਾਵਜੂਦ ਸਿੰਘ ਚੜ੍ਹਦੀ ਕਲਾ 'ਚ ਸਨ। ਮੁਸੀਬਤ ਦੇ ਸਮੇਂ ਵੀ ਸਿੱਖਾਂ ਨੇ ਸਬਰ-ਸਿਦਕ ਤੋਂ ਕੰਮ ਲਿਆ। ਦੁਸ਼ਮਣ ਦਲਾਂ ਨੇ ਦੇਖਿਆ ਕਿ ਇਸ ਤਰ੍ਹਾਂ ਅਸੀਂ ਅਨੰਦਗੜ੍ਹ ਦੇ ਕਿਲ੍ਹੇ 'ਤੇ ਕਾਬਜ਼ ਨਹੀਂ ਹੋ ਸਕਾਂਗੇ ਤਾਂ ਉਨ੍ਹਾਂ ਕੁਰਾਨ ਸ਼ਰੀਫ਼ ਤੇ ਗਊ ਦੀਆਂ ਕਸਮਾਂ ਖਾ ਕੇ ਕਿਹਾ ਕਿ ਜੇਕਰ ਗੁਰੂ ਜੀ ਆਪਣੇ ਸਿੰਘਾਂ ਸਮੇਤ ਕਿਲ੍ਹੇ ਨੂੰ ਖ਼ਾਲੀ ਕਰਨ ਤਾਂ ਉਨ੍ਹਾਂ ਨੂੰ ਸੁਰੱਖਿਅਤ ਲਾਂਘਾ ਦਿੱਤਾ ਜਾਵੇਗਾ। ਬਸ ਕਿਲ੍ਹਾ ਖ਼ਾਲੀ ਕਰਨ ਦੀ ਦੇਰ ਸੀ ਕਿ ਦੁਸ਼ਮਣ ਦਲਾਂ ਨੇ ਭੁੱਖੇ ਭਾਣੇ ਸਿੰਘਾਂ 'ਤੇ ਹੱਲਾ ਬੋਲ ਦਿੱਤਾ। ਪੋਹ ਦੇ ਮਹੀਨੇ, ਬਾਰਸ਼ ਸਮੇਂ ਸ਼ੂਕਦੀ ਸਰਸਾ ਨਦੀ ਦੇ ਕੰਢੇ ਭਿਆਨਕ ਯੁੱਧ ਲੜਿਆ ਗਿਆ। ਭਾਈ ਬਚਿੱਤਰ ਸਿੰਘ ਤੇ ਕੁਝ ਹੋਰ ਸੂਰਮੇ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਸ਼ਹੀਦੀ ਜਾਮ ਪੀ ਗਏ। ਬੇਸ਼ੁਮਾਰ ਕੀਮਤੀ ਸਾਹਿਤਕ ਸਰਮਾਇਆ, ਇਤਿਹਾਸਕ ਗ੍ਰੰਥ ਸਦਾ ਵਾਸਤੇ ਸਰਸਾ ਨਦੀ ਦੀ ਭੇਟ ਚੜ੍ਹ ਗਏ। ਚਾਰ ਚੁਫੇਰੇ ਦੁਸ਼ਮਣ ਦਲ ਦੀ ਘੇਰਾਬੰਦੀ ਵਿਚ ਬਹੁਤ ਸਾਰੇ ਪਿਆਰੇ ਗੁਰਸਿਖ ਸ਼ਹੀਦ ਹੋ ਚੁੱਕੇ ਸਨ ਪਰ ਬਾਦਸ਼ਾਹ ਦਰਵੇਸ਼ ਸਰਸਾ ਦੇ ਕਿਨਾਰੇ ਅੰਮ੍ਰਿਤ ਵੇਲੇ ਸੰਗਤੀ ਨਿਤਨੇਮ 'ਆਸਾ ਕੀ ਵਾਰ' ਦਾ ਕੀਰਤਨ ਮੈਦਾਨੇ-ਜੰਗ 'ਚ ਕਰਨ ਦਾ ਆਦੇਸ਼ ਕਰਦੇ ਹਨ। ਸਰਸਾ ਕਿਨਾਰੇ ਹੀ ਕਲਗ਼ੀਧਰ ਦੇ ਪਰਿਵਾਰ ਦਾ ਸਦੀਵੀ ਵਿਛੋੜਾ ਪੈ ਗਿਆ। ਗੁਰੂ ਪਰਿਵਾਰ ਤਿੰਨ ਭਾਗਾਂ 'ਚ, ਤਿੰਨ ਦਿਸ਼ਾਵਾਂ 'ਚ ਵੰਡਿਆ ਗਿਆ। ਗੁਰੂ ਗੋਬਿੰਦ ਸਿੰਘ, ਦੋਨੋਂ ਵੱਡੇ ਸਾਹਿਬਜ਼ਾਦੇ ਤੇ ਗਿਣਤੀ ਦੇ ਸਿੰਘ, ਚਮਕੌਰ ਦੀ ਕੱਚੀ ਗੜ੍ਹੀ 'ਚ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਭਾਈ ਮਨੀ ਸਿੰਘ ਦੇ ਨਾਲ ਦਿੱਲੀ ਨੂੰ, ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਗੰਗੂ ਰਸੋਈਏ ਸਾਥ ਇਕ ਪਾਸੇ ਚੱਲ ਪਏ। ਚਮਕੌਰ ਦੀ ਕੱਚੀ ਗੜ੍ਹੀ ਵੱਡੇ ਸਾਹਿਬਜ਼ਾਦਿਆਂ, ਤਿੰਨ ਪਿਆਰਿਆਂ ਤੇ ਚਾਲ੍ਹੀ ਸਿੰਘਾਂ ਨੇ ਦਸ ਲੱਖ ਫ਼ੌਜ ਦਾ ਮੁਕਾਬਲਾ ਜਿਸ ਸੂਰਮਗਤੀ ਨਾਲ ਕੀਤਾ, ਉਸ ਨੂੰ ਵਿਸ਼ਵ ਦਾ ਸਭ ਤੋਂ ਅਸਾਵਾਂ ਯੁੱਧ ਕਿਹਾ ਜਾਂਦਾ ਹੈ। ਇਮਤਿਹਾਨ ਦੀ ਇਸ ਘੜੀ 'ਚ ਗੁਰੂ ਪਿਆਰਿਆਂ ਨੇ ਸਬਰ-ਸਿਦਕ ਤੇ ਸੂਰਮਗਤੀ ਨਾਲ ਸ਼ਹਾਦਤ ਦੀ ਦਾਸਤਾਨ ਲਿਖੀ। ਈਸਾਈ ਧਰਮ ਦੇ ਬਾਨੀ ਯੱਸੂ ਮਸੀਹ ਜਿਨ੍ਹਾਂ ਨੂੰ ਈਸਾ ਜੀ ਵੀ ਕਿਹਾ ਜਾਂਦਾ ਹੈ, 'ਤੇ ਇਕ ਦਿਨ ਇਮਤਿਹਾਨ ਦੀ ਘੜੀ ਆਈ ਜਦ ਯਹੂਦਾ ਇਨਕਰਿਹੂਤੀ (ਜੂਡ) ਨਾਂ ਦੇ ਵਿਅਕਤੀ ਨੇ ਮੁਖ਼ਬਰੀ ਕਰ ਕੇ ਤੀਹ ਚਾਂਦੀ ਦੇ ਟੁਕੜਿਆਂ ਬਦਲੇ ਈਸਾ ਜੀ ਨੂੰ ਪਕੜਾ ਦਿੱਤਾ। ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਪਕੜਾਉਣ ਦੀ ਮੁਖ਼ਬਰੀ ਗੰਗੂ ਬ੍ਰਾਹਮਣ ਨੇ ਵੀ ਧਨ ਦੇ ਲਾਲਚ 'ਚ ਹੀ ਕੀਤੀ ਸੀ। ਈਸਾ ਜੀ ਨੂੰ ਗ੍ਰਿਫ਼ਤਾਰ ਕਰ ਕੇ ਰੋਮਨ ਸ਼ਾਸਕਾਂ ਦੇ ਹਵਾਲੇ ਕੀਤਾ ਗਿਆ। ਯੱਸੂ ਤੇ ਉਸ ਦੇ ਦੋ ਸਾਥੀਆਂ ਨੂੰ ਸਲੀਬ (ਸੂਲੀ) 'ਤੇ ਚਾੜ੍ਹ ਕੇ ਸ਼ਹੀਦ ਕੀਤਾ। ਗ੍ਰਿਫ਼ਤਾਰੀ ਸਮੇਂ ਈਸਾ ਜੀ ਨੇ ਕਿਹਾ ਕਿ ਹੇ ਪ੍ਰਭੂ ਮੈਨੂੰ ਕਿਉਂ ਭੁਲਾ ਦਿੱਤਾ। ਯੱਸੂ ਨੂੰ ਕੋੜੇ ਮਾਰੇ ਗਏ। ਯੱਸੂ ਦੇ ਸੂਲੀ 'ਤੇ

ਚਾੜ੍ਹੇ ਜਾਣ ਤੋਂ ਪਹਿਲਾਂ ਬਚਨ ਸੀ, "ਹੇ ਮੇਰੇ ਪਿਤਾ, ਇਨ੍ਹਾਂ ਨੂੰ ਮੁਆਫ਼ ਕਰੀਂ ਕਿਉਂਕਿ ਇਹ ਨਹੀਂ ਜਾਣਦੇ ਇਹ ਕੀ ਕਰ ਰਹੇ ਹਨ।" ਇਕ ਪ੍ਰਚੱਲਿਤ ਕਥਨ ਅਨੁਸਾਰ ਯੱਸੂ ਨੇ ਪ੍ਰੀਖਿਆ ਸਮੇਂ ਕਿਹਾ ਕਿ ਹੇ ਪਰਮਾਤਮਾ ਮੈਨੂੰ ਇਮਤਿਹਾਨ 'ਚ ਨਾ ਪਾਓ। ਪਰ ਦੂਸਰੇ ਪਾਸੇ ਚਮਕੌਰ ਦੀ ਗੜ੍ਹੀ ਤੇ ਸਰਹਿੰਦ ਦੀ ਦੀਵਾਰ ਦੇ ਇਮਤਿਹਾਨ ਸਮੇਂ ਕਿਸੇ ਨੇ ਕੋਈ ਗਿਲਾ, ਸ਼ਿਕਵਾ ਸ਼ਿਕਾਇਤ ਨਹੀਂ ਕੀਤੀ, ਸਗੋਂ ਕਰਤੇ ਦੀ ਰਜ਼ਾ 'ਚ ਸਾਰੇ ਰਾਜ਼ੀ ਰਹੇ।

ਇਕ ਵੀ ਸਿੰਘ ਡੋਲਿਆ ਨਹੀਂ; ਅਧੀਨਗੀ, ਗ਼ੁਲਾਮੀ, ਇਸਲਾਮ ਨੂੰ ਪ੍ਰਵਾਨ ਨਹੀਂ ਕੀਤਾ; ਸਗੋਂ ਸਿੱਖੀ ਸਿਦਕ ਭਰੋਸੇ ਨੂੰ ਆਖ਼ਰੀ ਸਾਹਾਂ ਤੀਕ ਨਿਭਾਇਆ। ਵੱਡੇ ਸਾਹਿਬਜ਼ਾਦੇ, ਤਿੰਨ ਪਿਆਰੇ ਤੇ ਗੁਰੂ-ਪਿਆਰੇ ਸ਼ਹੀਦ ਹੋ ਚੁੱਕੇ ਸਨ। ਚਮਕੌਰ ਦੀ ਗੜ੍ਹੀ 'ਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ-ਪੰਥ ਦੀ ਸਰਵਉੱਚਤਾ ਨੂੰ ਪੰਜਾਂ ਪਿਆਰਿਆਂ ਦੇ ਰੂਪ 'ਚ ਸਵੀਕਾਰ ਤੇ ਸਤਿਕਾਰ ਕਰਦਿਆਂ, ਗੁਰੂ ਚੇਲੇ ਦੀ ਅਭੇਦਤਾ ਦੇ ਸਿਧਾਂਤ ਨੂੰ ਪ੍ਰਗਟ ਕੀਤਾ। ਗੁਰੂ-ਪੰਥ ਦੇ ਹੁਕਮ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੁਸ਼ਮਣ ਦਲਾਂ ਨੂੰ ਚੀਰਦੇ ਹੋਏ ਮਾਛੀਵਾੜੇ ਦੇ ਜੰਗਲਾਂ ਦੇ ਵਾਸੀ ਬਣੇ। ਅਫ਼ਗਾਨੀ ਤੇ ਤੁਖਾਰ ਦੇ ਘੋੜਿਆਂ ਦੇ ਸ਼ਾਹ ਸਵਾਰ, ਪ੍ਰਸ਼ਾਦੀ ਹਾਥੀ ਰੱਖਣ ਵਾਲੇ ਸੁਤੰਤਰ ਸਿੱਖ ਸੋਚ ਦੇ ਧਾਰਨੀ ਬਾਦਸ਼ਾਹਤ ਦੇ ਪ੍ਰਤੀਕ ਤਾਜ-ਬਾਜ਼, ਨਿਸ਼ਾਨ ਸਾਹਿਬ ਝੁਲਾਉਣ ਵਾਲੇ, ਨਗਾਰੇ 'ਤੇ ਚੋਟਾਂ ਲਗਵਾਉਣ ਵਾਲੇ ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਛੀਵਾੜੇ ਦੇ ਜੰਗਲਾਂ 'ਚ ਨੰਗੇ ਪੈਰੀ ਵਿਚਰਨਾ ਪਿਆ, ਪਰ ਕਿਧਰੇ ਗਿਲਾ, ਸ਼ਿਕਵਾ, ਸ਼ਿਕਾਇਤ ਨਹੀਂ ਸਗੋਂ ਮਿੱਤਰ ਪਿਆਰੇ ਨੂੰ ਪਿਆਰ ਨਾਲ ਕਹਿੰਦੇ ਹਨ :

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥
ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਣਾ॥

(ਖ਼ਿਆਲ ਪਾਤਸ਼ਾਹੀ ੧੦)

ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਸੂਬੇਦਾਰ ਨੇ ਬੰਦੀ ਬਣਾ, ਠੰਡੇ ਬੁਰਜ 'ਚ ਕੈਦ ਕਰ ਦਿੱਤਾ। ਬਜ਼ੁਰਗ ਮਾਤਾ ਗੁਜਰੀ ਤੇ ਨੰਨੇ-ਮੁੰਨੇ ਸਾਹਿਬਜ਼ਾਦਿਆਂ, ਗੁਰੂ ਪਰਿਵਾਰ, ਪਿਆਰੇ ਗੁਰਸਿੱਖਾਂ ਦਾ ਸਦੀਵੀ ਵਿਛੋੜਾ, ਸਫ਼ਰ ਦੀਆਂ ਦੁਸ਼ਵਾਰੀਆਂ ਦੇ ਦਰਪੇਸ਼ ਕਿਵੇਂ ਗੁਜ਼ਾਰੇ ਹੋਣਗੇ, ਠੰਡੇ ਬੁਰਜ 'ਚ ਦਿਨ-ਰਾਤ ? ਬੁਰਜ ਆਮ ਕਰਕੇ ਕਿਲ੍ਹਿਆਂ, ਸ਼ਾਹੀ ਮਹਿਲਾਂ ਦੇ ਕਿਨਾਰੇ, ਖੁੱਲ੍ਹੇ 'ਚ ਉੱਚੇ ਉਸਾਰੇ ਜਾਂਦੇ ਹਨ ਜਿਨ੍ਹਾਂ ਰਾਹੀਂ ਸੁਰੱਖਿਆ ਕਰਮਚਾਰੀ ਸੁਰੱਖਿਆ ਕਰਦੇ ਹਨ। ਬੁਰਜ ਗੋਲਕਾਰ, ਚਕੋਣੇ ਜਾਂ ਅਠਕੋਣੇ ਹੁੰਦੇ ਹਨ, ਜਿਨ੍ਹਾਂ ਤੋਂ ਸੁਰੱਖਿਆ ਕਰਮੀ ਚੁਫੇਰੇ ਦੇਖ ਸਕੇ। ਪੋਖ ਤੁਖਾਰ ਦਾ ਮਹੀਨਾ, ਉੱਚਾ ਖੁੱਲ੍ਹਾ ਬੁਰਜ, ਨੇੜੇ ਪਾਣੀ ਦੀ ਖਾਈ, ਖੁੱਲ੍ਹੇ ਖੇਤਰ ਦੀਆਂ ਬਰਫ਼ੀਲੀਆਂ ਸੀਤਲ ਹਵਾਵਾਂ, ਦੂਸਰੇ ਪਾਸੇ ਸਮੇਂ ਤੇ ਮੁਸੀਬਤਾਂ ਨਾਲ ਜੂਝ ਰਹੀ 83 ਸਾਲਾ ਦੀ ਬਜ਼ੁਰਗ ਮਾਤਾ ਨੇ ਬਾਲ-ਵਰੇਸ ਦੇ ਆਪਣੇ ਪੋਤਰਿਆਂ ਨੂੰ ਕਿਵੇਂ ਆਪਣੇ ਬਜ਼ੁਰਗ ਸਰੀਰ ਦੀ ਗਰਮਾਇਸ਼ ਨਾਲ ਗਰਮ ਰੱਖਿਆ ਹੋਵੇਗਾ ?

ਕਲਪਨਾ ਕਰਨੀ ਮੁਸ਼ਕਲ ਹੈ, ਸੋਚ ਸ਼ਕਤੀ, ਸਾਥ ਨਹੀਂ ਦੇਂਦੀ। ਕੁਦਰਤੀ ਨੇਮ ਅਨੁਸਾਰ ਬਾਲਾ ਤੇ ਬਜ਼ੁਰਗਾਂ ਨੂੰ ਸਰਦੀ ਛੇਤੀ ਪੋਹਦੀ ਤੇ ਸਤਾਉਂਦੀ ਹੈ। ਕਿਤਨੀ ਮਹਾਨ ਅਦੁੱਤੀ ਤੇ ਵਿਸ਼ੇਸ਼ ਹੈ, ਸਾਡੀ ਇਹ ਸਤਿਕਾਰਤ ਮਾਤਾ ਜੋ ਪੋਹ ਦੇ ਇਨ੍ਹਾਂ ਦਿਨਾਂ 'ਚ ਆਪਣੇ ਪੋਤਰਿਆਂ ਨੂੰ ਸਬਰ-ਸਿਦਕ ਸ਼ਹੀਦੀ ਦਾ ਪਾਠ ਦ੍ਰਿੜ ਕਰਵਾ ਗਈ। ਵਜ਼ੀਰ ਖ਼ਾਂ ਦੀ ਕਚਹਿਰੀ 'ਚ ਭੇਜਣ ਸਮੇਂ ਮਾਤਾ ਗੁਜਰੀ ਜੀ ਨੂੰ ਪਤਾ ਸੀ ਕਿ ਮੇਰੇ ਲਾਡਲੇ ਲਾਲ ਦੇ ਲਾਲਾਂ ਨੇ ਵਾਪਸ ਨਹੀਂ ਆਉਣਾ, ਸਗੋਂ ਵਿਰਸੇ-ਵਿਰਾਸਤ ਨੂੰ ਜ਼ਿੰਦਾ ਰੱਖਣ, ਸਿੱਖੀ ਦੀਆਂ ਨੀਹਾਂ ਨੂੰ ਮਜ਼ਬੂਤ ਕਰਨ ਲਈ ਸ਼ਹੀਦ ਹੋ ਜਾਣਾ ਹੈ। ਸੂਬੇਦਾਰ ਸਰਹਿੰਦ ਵਜ਼ੀਰ ਖ਼ਾਂ ਤੇ ਕਾਜ਼ੀ ਨੇ ਵਕਤੀ-ਖ਼ੁਸ਼ਾਮਦ ਭਰਪੂਰ ਫ਼ਤਵਾ ਸੁਣਾਉਣ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਬਾਲ-ਵਰੇਸ ਨੀਹਾਂ 'ਚ ਚਿਣ ਸ਼ਹੀਦ ਕਰ ਦਿੱਤਾ ਗਿਆ। ਬਾਬਾ ਫ਼ਤਹਿ ਸਿੰਘ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਲਾਲ ਛੋਟੇ ਸਾਹਿਬਜ਼ਾਦੇ ਸਨ ਜਿਨ੍ਹਾਂ ਦੀ ਅਗਵਾਈ 'ਚ ਗੁਰੂ ਦੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘ ਕਾਰਜਸ਼ੀਲ ਸਨ। ਫ਼ਤਹਿਗੜ੍ਹ ਸਾਹਿਬ ਦੀ ਧਰਤ ਸੁਹਾਵੀ 'ਤੇ ਮਾਤਾ ਗੁਜਰੀ ਜੀ ਨੇ ਆਪਣੇ ਲਾਡਲੇ ਪੋਤਰੇ ਬਾਬਾ ਫ਼ਤਹਿ ਸਿੰਘ ਨਾਲ ਅਨੰਦਪੁਰੀ 'ਚ ਕੀਤਾ ਕਰਾਰ ਪੂਰਾ ਕੀਤਾ। ਬਾਬਾ ਫ਼ਤਹਿ ਸਿੰਘ ਕੇਵਲ ਦੋ ਸਾਲ ਦੀ ਬਾਲ-ਵਰੇਸ 'ਚ ਸਨ ਕਿ ਮਾਤਾ ਜੀਤੋ ਜੀ ਅਕਾਲ ਚਲਾਣਾ ਕਰ ਗਏ। ਦਾਦੀ ਮਾਂ ਨੂੰ ਆਪਣੇ ਮਾਂ-ਮਹਿੱਟਰ ਪੋਤਰੇ ਦੀ ਪਾਲਣਾ ਕਰਨੀ ਪਈ। ਬਾਬਾ ਫ਼ਤਹਿ ਸਿੰਘ ਮਾਂ ਦੀ ਮੰਗ ਕਰਦੇ ਹਨ - ਮੇਰੀ ਮਾਂ ਕਿਥੇ ਹੈ ? ਮੈਂ ਮਾਂ ਪਾਸ ਜਾਣਾ ਹੈ। ਸਾਹਿਬਜ਼ਾਦੇ ਨੂੰ ਵਰਚਾਉਣ ਵਾਸਤੇ ਭਾਈ ਚੌਪਾ ਸਿੰਘ ਘੋੜਾ ਬਣਦਾ ਹੈ, ਖਿਡੌਣੇ ਤੇ ਮਠਿਆਈਆਂ ਦਿੱਤੀਆਂ ਜਾਂਦੀਆਂ ਹਨ ਪਰ ਫਿਰ ਵੀ ਬਾਬਾ ਫ਼ਤਹਿ ਸਿੰਘ ਮਾਂ ਨੂੰ ਮਿਲਣਾ ਲੋਚਦੇ ਹਨ। ਮਾਂ ਗੁਜਰੀ ਵੱਡਾ ਦਿਲ ਕਰ ਕੇ ਕਹਿੰਦੀ ਹੈ - ਪੁੱਤ ਤੇਰੀ ਮਾਂ ਸੱਚ-ਖੰਡ ਚਲੀ ਗਈ। ਸਾਹਿਬਜ਼ਾਦਾ ਕਹਿੰਦਾ - ਮੈਂ ਵੀ ਮਾਂ ਪਾਸ ਸੱਚ-ਖੰਡ ਜਾਣਾ ਹੈ। ਮਾਤਾ ਗੁਜਰੀ ਸੁਭਾਵਿਕ ਕਹਿੰਦੀ ਹੈ - ਲਾਲ ਜਿਸ ਦਿਨ ਤੂੰ ਸੱਚ-ਖੰਡ ਜਾਵੇਂਗਾ, ਤੇਰੀ ਦਾਦੀ ਮਾਂ ਵੀ ਨਾਲ ਜਾਵੇਗੀ! ਤੇਰੀ ਦਾਦੀ ਮਾਂ ਦਾ ਵੀ ਧਰਤੀ 'ਤੇ ਉਹ ਆਖ਼ਰੀ ਦਿਨ ਹੋਵੇਗਾ। ਮਾਤਾ ਗੁਜਰੀ ਜੀ ਨੇ ਬਾਬਾ ਫ਼ਤਹਿ ਸਿੰਘ ਨਾਲ ਅਨੰਦਪੁਰ ਦੀ ਧਰਤੀ 'ਤੇ ਕੀਤਾ ਕਰਾਰ ਸਰਹਿੰਦ ਦੀ ਧਰਤੀ 'ਤੇ ਪੂਰਾ ਕਰ ਦਿਖਾਇਆ। ਜਦ ਦਾਦੀ ਮਾਂ, ਮਾਂ ਗੁਜਰੀ ਨੂੰ ਖ਼ਬਰ ਮਿਲੀ ਕਿ ਤੇਰੇ ਪੋਤਰੇ ਸ਼ਹੀਦ ਹੋ ਚੁੱਕੇ ਹਨ, ਮਾਂ ਵੀ ਆਪਣੇ ਪੋਤਰਿਆਂ ਨਾਲ ਹੀ ਸੱਚਖੰਡ ਪਿਆਨਾ ਕਰ ਗਈ। ਸੋਹਣ ਸਿੰਘ ਸੀਤਲ ਜੀ ਕਥਨ ਕਰਦੇ ਹਨ:

ਚਲੋ ਮੇਰੇ ਹੀਰਿਓ! ਮੈਂ ਮਗਰੇ ਆਵਾਂ।
ਪੁੱਤਾਂ ਪਿੱਛੋਂ ਜਿਊਂਦੀਆਂ ਕਦ ਸੁਣੀਆਂ ਮਾਵਾਂ।

(ਮੇਰੇ ਇਤਿਹਾਸਕ ਲੈਕਚਰ, ਪੰਨਾ 125)

ਸਾਹਿਬਜ਼ਾਦਿਆਂ ਦੇ ਵਾਰਸ ਸਦਵਾਉਣ ਵਾਲਿਓ! ਇਨ੍ਹਾਂ ਦਿਨਾਂ 'ਚ ਮਹਿਸੂਸ ਕਰਕੇ ਦੇਖੋ, ਮਾਤਾ ਗੁਜਰੀ ਆਪਣੇ ਪੁੱਤ-ਪੋਤਰਿਆਂ ਦੀ ਸਲਾਮਤੀ ਵਾਸਤੇ ਬਜ਼ੁਰਗ

ਹੱਥਾਂ ਨਾਲ ਦੁਆ ਕਰਦੀ ਨਜ਼ਰ ਆਵੇਗੀ। ਸਰਹਿੰਦ ਦਾ ਸ਼ਹੀਦੀ ਸਾਕਾ ਵਾਪਰਨ ’ਤੇ ਸੰਸਾਰ ’ਤੇ ਹਾਹਾਕਾਰ ਮੱਚ ਗਈ। ਇਤਨਾ ਜਬਰ-ਜ਼ੁਲਮ, ਜ਼ੁਲਮ, ਲਾਲ ਹਨੇਰੀ ਝੁੱਲੀ। ਅਜਿਹਾ ਹੀ ਸ਼ਹੀਦੀ ਸਾਕਾ ਪਹਿਲਾਂ ਸੀਸਗੰਜ, ਚਾਂਦਨੀ ਚੌਕ ਦਿੱਲੀ ’ਚ ਦਿਨ-ਦਿਹਾੜੇ ਵਾਪਰ ਚੁੱਕਾ ਸੀ, ਜਿਸ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ :

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰਲੋਕ ॥੧੬॥ *(ਬਚਿੱਤ੍ਰ ਨਾਟਕ)*

ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਦੀ ਦਾਸਤਾਨ ਸੁਣ ਕੇ ਸਤਿਗੁਰੂ ਜੀ ਗ਼ਮਗੀਨ ਨਹੀਂ ਹੋਏ, ਸਗੋਂ ਫ਼ਖ਼ਰ ਨਾਲ ਕਿਹਾ ਸੀ :

ਇਨ ਪੁਤ੍ਰਨ ਕੇ ਸੀਸ ਪੇ ਵਾਰ ਦੀਏ ਸੁਤ ਚਾਰ ॥
ਚਾਰ ਮੁਏ ਤੋ ਕਿਆ ਭਯਾ ਜੀਵਤ ਕਈ ਹਜ਼ਾਰ ॥

ਦਸਮੇਸ਼ ਪਿਤਾ ਨੇ ਸਾਡੇ ਨਾਲ ਇਕ ਇਕਰਾਰ ਕੀਤਾ ਸੀ, ਜੋ ਪੂਰਾ ਕੀਤਾ :

ਪਹਿਲੇ ਪਿਤਾ ਕਟਾਯਾ ਅਬ ਬੇਟੇ ਕਟਾਊਂਗਾ।
ਨਾਨਕ ਕਾ ਬਾਗ਼ ਖ਼ੂਨਿ ਜਿਗਰ ਸੇ ਖਿਲਾਊਂਗਾ।

ਸਰਹਿੰਦ ਦੇ ਦਰਦਮਈ ਸਾਕੇ ’ਤੇ ਨਵਾਬ ਮਲੇਰਕੋਟਲੇ, ਮੋਤੀ ਮਹਿਰੇ ਤੇ ਦੀਵਾਨ ਟੋਡਰ ਮੱਲ ਨੇ ਹਾਅ ਦਾ ਨਾਅਰਾ ਮਾਰਿਆ, ਜਿਸ ਸਦਕਾ ਸਿੱਖ ਹਮੇਸ਼ਾ ਇਨ੍ਹਾਂ ਨੂੰ ਸਤਿਕਾਰ ਨਾਲ ਯਾਦ ਕਰਦੇ ਹਨ। ਬਹੁਤ ਸਾਰੇ ਦਾਨਿਸ਼ਮੰਦ ਲੇਖਕਾਂ, ਕਵੀਆਂ ਨੇ ਕਲਮਾਂ ਦੀ ਜ਼ੋਰ-ਅਜ਼ਮਾਈ ਕਰ ਕੇ ਇਸ ਅਨੋਖੀ ਸ਼ਹੀਦੀ ਦਾਸਤਾਨ ਨੂੰ ਰੂਪਮਾਨ ਕਰ, ਸ਼ਰਧਾ ਸਤਿਕਾਰ ਭੇਟ ਕਰਨ ਦਾ ਯਤਨ ਕੀਤਾ। ਇਹ ਦਾਸਤਾਨ ਹਮੇਸ਼ਾ ਚੱਲਦੀ ਰਹੇਗੀ। ਹਿੰਦੀ ਦੇ ਪ੍ਰਸਿੱਧ ਕਵੀ ਮੈਥਲੀ ਸ਼ਰਨ ਗੁਪਤ ਨੇ ਆਪਣੇ ਦਿਲ ਦੇ ਵਲਵਲਿਆਂ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਹੈ :

ਜਿਸ ਕੁਲ ਜਾਤਿ ਦੇਸ਼ ਕੇ ਬੱਚੇ, ਦੇ ਸਕਤੇ ਹੈਂ ਯੂੰ ਬਲੀਦਾਨ।
ਉਸ ਕਾ ਵਰਤਮਾਨ ਕੁਛ ਭੀ ਹੋ, ਪਰ ਭਵਿਸ਼ਯ ਹੈ ਮਹਾਂ ਮਹਾਨ।

ਦਸਮੇਸ਼ ਪਿਤਾ ਨੇ ਸਿੱਖੀ ਦੇ ਬਾਗ਼ ਨੂੰ ਪਿਤਾ, ਸਾਹਿਬਜ਼ਾਦਿਆਂ, ਬਜ਼ੁਰਗ ਮਾਤਾ ਗੁਜਰੀ, ਮਹਾਨ ਗੁਰਸਿੱਖਾਂ ਦੇ ਪਵਿੱਤਰ ਖ਼ੂਨ ਨਾਲ ਸਿੰਜ ਕੇ ਖਿੜਾਓ ਬਖ਼ਸ਼ਿਸ਼ ਕੀਤਾ ਤਾਂ ਕਿ ਇਹ ਬਾਗ਼ ਸਦਾ ਚੜ੍ਹਦੀ ਕਲਾ, ਸਦਾ ਵਿਗਾਸ ’ਚ ਸਦਾ ਵਿਗਸਦਾ ਰਹੇ। ਪਰ ਸਿੱਖ ਸਦਵਾਉਣ ਵਾਲਿਓ! ਦਸਮੇਸ਼ ਪਿਤਾ ਨੇ ਕਦੇ ਕਿਸੇ ਨੂੰ ਗੁਰੂ ਨਾਨਕ ਦੇ ਸਦਾ ਬਹਾਰ ਬਾਗ਼, ‘ਨਾਨਕ ਨਿਰਮਲ ਪੰਥ’ ਨੂੰ ਬਰਬਾਦ ਕਰਨ ਦਾ ਹੱਕ ਨਹੀਂ ਦਿੱਤਾ! ਇਨ ਪੁਤ੍ਰਨ ਦਾ ਇਹ ਕਰਮ ਧਰਮ ਨਹੀਂ, ਉਹ ਸਿੱਖੀ ਸਰੂਪ, ਵਿਚਾਰਧਾਰਾ, ਮਰਯਾਦਾ ਤੇ ਪਰੰਪਰਾ ਨਾਲ ਖਿਲਵਾੜ ਕਰਨ। ਸਾਹਿਬਜ਼ਾਦਿਆਂ ਦੇ ਇਹ ਬੋਲ ਸਾਨੂੰ ਕਦੇ ਵੀ ਨਹੀਂ ਭੁੱਲਣੇ ਚਾਹੀਦੇ :

ਹਮ ਜਾਨ ਦੇ ਕੇ ਔਰੋਂ ਕੀ ਜਾਨੇ ਬਚਾ ਚਲੇ।
ਸਿਖੀ ਕੀ ਨੀਂਵ ਹਮ ਹੈਂ ਸਰੋਂ ਪੇ ਉਠਾ ਚਲੇ।

ਇਕ ਪੁਰਾਤਨ ਰੀਤ ਸੀ ਜਦ ਵੀ 'ਗੁਰੂ ਮਾਰੀ ਸਰਹਿੰਦ', ਕੋਈ ਗੁਰੂ ਦਾ ਸਿੱਖ ਜਾਂਦਾ ਤਾਂ ਦੋ ਚਾਰ ਇੱਟਾਂ ਜ਼ਰੂਰ ਤੋੜਦਾ ਹੋਇਆ, ਰੋਸ ਤੇ ਰੋਹ ਦਾ ਇਜ਼ਹਾਰ ਕਰਦਾ। ਇਕ ਦਿਨ ਅਜਿਹਾ ਆਇਆ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਦਸਮੇਸ਼ ਪਿਤਾ ਤੋਂ ਥਾਪੜਾ ਪ੍ਰਾਪਤ ਕਰ ਸਰਹਿੰਦ ਦੀ ਇੱਟ-ਨਾਲ-ਇੱਟ ਖੜਕਾ ਦਿੱਤੀ...ਬਸਤੀ ਸਰਹੰਦ ਸ਼ਹਿਰ ਕੀ ਈਟੋਂ ਕਾ ਢੇਰ ਥੀ...ਇਹ ਰੋੜੀ (ਮਲਬਾ) ਅੰਗਰੇਜ਼ ਰਾਜ ਕਾਲ ਸਮੇਂ ਰੇਲਵੇ ਲਾਈਨ ਵਿਛਾਉਣ ਸਮੇਂ ਪਟੜੀ 'ਤੇ ਪਾਉਣ ਦੇ ਕੰਮ ਆਈ।

ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਕਥਨੀ-ਕਰਨੀ ਤੇ ਕਿਰਦਾਰ ਦੇ ਸੂਰਮੇ-ਸ਼ਹੀਦ ਸਨ। ਇਸ ਸ਼ਹੀਦੀ-ਸਪਤਾਹ ਸਮੇਂ ਸਾਡਾ ਕਾਰ-ਵਿਹਾਰ, ਅਚਾਰ-ਰਹਿਣ-ਸਹਿਣ, ਬੋਲ-ਚਾਲ ਤੇ ਖਾਣ-ਪੀਣ 'ਚ ਅੰਤਰ ਦਿਖਾਈ ਦੇਣਾ ਚਾਹੀਦਾ ਹੈ। ਪਰ ਸਿੱਖ ਸੋਚ ਸ਼ਕਤੀ ਨੂੰ ਤਾਂ ਦੀਮਕ ਲੱਗਦੀ ਭਾਸਦੀ ਹੈ। ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਿਉਂਕ ਲੱਗੀ ਲੱਕੜੀ ਤਾਂ ਬਲਣ ਯੋਗ ਵੀ ਨਹੀਂ ਹੁੰਦੀ। ਨਿੱਜੀ ਰੂਪ ਵਿਚ ਅਸੀਂ ਭਾਵੇਂ ਸਾਰੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਨੂੰ ਸ਼ਰਧਾ ਸਤਿਕਾਰ ਭੇਟ ਕਰਨ ਲਈ ਨਹੀਂ ਪਹੁੰਚ ਸਕਦੇ, ਪਰ ਸਾਨੂੰ ਇਨ੍ਹਾਂ ਦਿਨਾਂ ਦੇ ਸਦਮੇ ਦਾ ਅਹਿਸਾਸ ਜ਼ਰੂਰ ਹੋਣਾ ਚਾਹੀਦਾ ਹੈ। ਅਹਿਸਾਸ ਇਹ ਹੋਵੇ ਕਿ ਇਹ ਸਾਡਾ ਕੌਮੀ ਸ਼ਹੀਦੀ-ਸਪਤਾਹ ਹੈ, ਇਸ ਦੌਰਾਨ ਅਸਾਂ ਨੇ ਖ਼ੁਸ਼ੀ ਦੇ ਪ੍ਰੋਗਰਾਮ ਨਹੀਂ ਰੱਖਣੇ, ਇਸ ਕੌਮੀ ਸਭਾ ਦੇ ਦਿਨਾਂ 'ਚ ਗੰਭੀਰਤਾ ਤੇ ਗ਼ਮ ਦਾ ਅਹਿਸਾਸ ਹੋਵੇ।

ਗੁਰੂ ਸਵਾਰੇ ਸਿੱਖੋ! ਇਨ੍ਹਾਂ ਦਿਨਾਂ 'ਚ ਤੁਹਾਡੇ ਪਾਸੋਂ ਸੁਹਿਦਤਾ, ਗ਼ਮਗੀਨਤਾ, ਗੰਭੀਰਤਾ, ਦਾਨਸ਼ਮੰਦੀ ਦੀ ਖ਼ੁਸ਼ਬੂ ਆਉਣੀ ਚਾਹੀਦੀ ਹੈ, ਨਾ ਕਿ ਖ਼ੁਦਗ਼ਰਜ਼ੀ, ਲਾਲਸਾ ਵੱਸ, ਖ਼ੁਸ਼ਾਮਦ ਕਰਕੇ ਇਨ੍ਹਾਂ ਗਹਿਰ-ਗੰਭੀਰ ਵਿਰਾਸਤੀ ਇਤਿਹਾਸਕ ਪਲਾਂ ਨੂੰ ਗਵਾਉਣ ਦੀ ਬਦਬੂ। ਸਾਹਿਬਜ਼ਾਦਿਆਂ, ਪੋਖ ਤੁਖਾਰ ਦੀਆਂ ਬਰਫ਼ੀਲੀਆਂ ਰਾਤਾਂ ਕਿਵੇਂ ਠੰਡੇ ਬੁਰਜ 'ਚ ਬਜ਼ੁਰਗ ਮਾਤਾ ਗੁਜਰੀ ਨਾਲ ਗੁਜ਼ਾਰੀਆਂ ਸਨ ? ਇਨ੍ਹਾਂ ਪਲਾਂ ਦਾ ਅਹਿਸਾਸ ਕਰਨ ਵਾਸਤੇ ਕਲਪਨਾ ਕਰਨੀ ਚਾਹੀਦੀ ਹੈ। ਜੇਕਰ ਸੁਹਿਰਦ ਸਿੱਖਾਂ ਨੂੰ ਸਮਾਂ ਹੋਵੇ ਤਾਂ!

ਕਿਸੇ ਦਾ ਬੜਾ ਪਿਆਰਾ ਵਿਚਾਰ ਹੈ ਕਿ ਜਦ ਘਰ ਨੂੰ ਅੱਗ ਲੱਗ ਜਾਵੇ ਤਾਂ ਪਹਿਲਾਂ ਅੱਗ ਬੁਝਾਈ ਜਾਂਦੀ ਹੈ ਨਾ ਕਿ ਅੱਗ ਦੇ ਕਾਰਨਾਂ ਦੀ ਪੜਤਾਲ ਕੀਤੀ ਜਾਂਦੀ ਹੈ। ਅਸੀਂ ਸਿੱਖ ਸਦਵਾਉਣ ਵਾਲੇ ਅੱਜ ਮਹਾਨ ਵਿਰਸੇ-ਵਿਰਾਸਤ ਨਾਲੋਂ ਦੂਰ ਹੋ ਸਿੱਖੀ ਸਰੂਪ, ਸਿਧਾਂਤ ਤੇ ਮਰਯਾਦਾ ਨੂੰ ਤਿਲਾਂਜਲੀ ਦੇ ਰਹੇ ਹਾਂ। ਅਸੀਂ ਬਚਾਅ ਪੱਖ ਬਾਰੇ ਗੰਭੀਰ ਨਹੀਂ, ਸਗੋਂ ਇਕ ਦੂਸਰੇ 'ਤੇ ਦੂਸ਼ਣਬਾਜ਼ੀ ਲਗਾ ਜ਼ਿੰਮੇਵਾਰੀ ਤੋਂ ਫ਼ਾਰਗ ਹੋ ਰਹੇ ਹਾਂ। ਅਨੰਦਪੁਰ ਸਾਹਿਬ ਦੇ ਅਨੰਦਮਈ ਵਾਤਾਵਰਣ ਤੋਂ ਚਮਕੌਰ ਦੀ ਕੱਚੀ ਗੜ੍ਹੀ ਤੇ ਸਰਹਿੰਦ ਦੀਆਂ ਦੀਵਾਰਾਂ ਤੀਕ ਦੇ ਸਫ਼ਰ ਦੀ ਸਾਖੀ ਦੀ ਅਕੱਥ ਕਹਾਣੀ ਲੋਕ-ਮਾਨਸਿਕਤਾ 'ਚ ਘਰ ਕਰ ਚੁੱਕੀ ਹੈ। ਭਾਵੇਂ ਕਿ ਇਸ ਨੂੰ ਵਰਣਨ ਕਰਨ ਲਈ ਸਿੱਖ ਇਤਿਹਾਸ ਰਚਿਆ ਜਾ ਚੁੱਕਾ ਹੈ ਪਰ ਦਰਦ ਦੀ ਦਾਸਤਾਨ ਨੂੰ ਥੋੜ੍ਹਾ ਬਹੁਤਾ ਮਹਿਸੂਸ ਤਾਂ ਕੀਤਾ ਜਾ ਸਕਦਾ ਹੈ ਪਰ ਮੁਕੰਮਲ ਰੂਪ 'ਚ ਰੂਪਮਾਨ ਕਰਨਾ ਅਸੰਭਵ ਹੈ। ਸ਼ਹੀਦੀ

ਸਾਕੇ ਦੀ ਦਾਸਤਾਨ ਤਿਆਗ, ਕੁਰਬਾਨੀ, ਧਾਰਮਿਕ, ਸਮਾਜਿਕ ਸੁਤੰਤਰਤਾ, ਸਵੈ-ਵਿਸ਼ਵਾਸ, ਸੱਚ, ਸਬਰ, ਸਿਦਕ, ਸ਼ਹਾਦਤ ਦੀ ਅਨੋਖੀ ਦਾਸਤਾਨ ਹੈ। ਇਸ ਕੌਮੀ ਸਭਾ ਦਾ ਮੂਲ ਮਨੋਰਥ ਤੇ ਉਦੇਸ਼ ਸਾਹਿਬਜ਼ਾਦਿਆਂ ਤੇ ਬਜ਼ੁਰਗ ਮਾਤਾ ਗੁਜਰੀ ਜੀ ਦੀ ਸ਼ਹੀਦੀ ਦਾਸਤਾਨ ਨੂੰ ਯਾਦ ਕਰ ਕੇ ਮਹਾਨ ਵਿਰਸੇ ਨਾਲ ਜੁੜਨਾ ਹੈ। ਦੂਸ਼ਣਬਾਜ਼ੀ ਵਾਲੀ ਦੁਸ਼ਟ ਸਭਾ ਤੋਂ ਪਰਹੇਜ਼ ਕਰਦੇ ਹੋਏ ਸੰਤ ਸਭਾ 'ਚ ਸ਼ਾਮਲ ਹੋ ਕੇ ਧਰਮੀਆਂ ਦਾ ਜੈਕਾਰ ਕਰਨਾ ਹੈ। ਆਉ, ਇਨ੍ਹਾਂ ਦਿਨਾਂ 'ਚ ਗੁਰਮੁਖਾਂ ਵਾਂਗ ਸਫ਼ਾ ਵਿਛਾ ਕੇ ਸਭਾ 'ਚ ਬੈਠੀਏ ਤੇ ਯਾਦ ਕਰੀਏ ਮਹਾਨ ਕੁਰਬਾਨੀ ਦੀ ਦਾਸਤਾਨ ਨੂੰ...।

ਗੁਰਸਿਖੀ ਦਾ ਕਰਮੁ ਏਹੁ...

ਭਾਈ ਸਾਹਿਬ ਭਾਈ ਗੁਰਦਾਸ ਜੀ ਦੀਆਂ ਰਚਿਤ ਵਾਰਾਂ ਵਿੱਚੋਂ 28ਵੀਂ ਵਾਰ ਦੀ ਦਸਵੀਂ ਪਉੜੀ 'ਚੋਂ ਪਾਵਨ ਪੰਗਤੀ 'ਗੁਰਸਿਖੀ ਦਾ ਕਰਮੁ ਏਹੁ' ਹੈ। ਇਸ ਪੰਕਤੀ ਵਾਲੀ ਪਉੜੀ ਵਿਚ ਗੁਰਸਿੱਖ ਦੀ ਨਿੱਤ ਦੀ ਕਾਰ ਨੂੰ ਸਪੱਸ਼ਟ ਕੀਤਾ ਹੈ ਕਿ ਗੁਰਸਿੱਖ ਦਾ ਪਵਿੱਤਰ ਧਰਮ-ਕਰਤੱਵ ਇਹੀ ਹੈ ਕਿ ਜਿਵੇਂ ਗੁਰੂ-ਪਿਤਾ ਉਪਦੇਸ਼ ਕਰਦੇ ਹਨ ਉਸ ਉੱਪਰ ਚੱਲਣਾ। ਪਰ ਗੁਰੂ ਉਪਦੇਸ਼ ਉੱਪਰ ਚੱਲਣ ਦੀ ਸਮਰੱਥਾ ਉਸ ਗੁਰਸਿੱਖ ਪਾਸ ਹੀ ਹੋਵੇਗੀ ਜੋ ਗੁਰੂ ਦੀ ਬਖ਼ਸ਼ਿਸ਼ ਸਦਕਾ - ਗੁਰੂ ਸ਼ਰਨ ਵਿਚ ਆ ਕੇ ਆਪਾ-ਭਾਵ ਮਿਟਾ ਚੁੱਕਾ ਹੋਵੇਗਾ।

ਭਾਈ ਸਾਹਿਬ ਦੀਆਂ ਰਚਨਾਵਾਂ ਗੁਰਸਿਖੀ ਪ੍ਰੇਮ-ਪਿਆਰ ਨਾਲ ਭਰਪੂਰ ਹਨ। ਕੋਈ ਵੀ ਰਚਨਾ ਕਿਤਿਓਂ ਵੀ ਪੜ੍ਹ ਕੇ ਦੇਖੋ, ਗੁਰਸਿੱਖੀ ਦੀ ਸੁਗੰਧੀ ਤੇ ਗੁਰਮਤਿ ਗਿਆਨ ਦਾ ਪ੍ਰਕਾਸ਼ ਪ੍ਰਤੱਖ ਪ੍ਰਗਟ ਹੋਵੇਗਾ। ਗੁਰਸਿੱਖ ਸਦਵਾਉਣ ਵਾਲਿਆਂ ਨੂੰ ਆਪਣਾ ਮੂਲ ਪਛਾਣਨ ਲਈ ਇਹ ਰਚਨਾਵਾਂ ਆਰਸੀ ਰੂਪ ਹਨ। ਗੁਰਸਿੱਖ ਕੈਸਾ ਹੋਣਾ ਚਾਹੀਦਾ ਹੈ ? ਗੁਰਸਿੱਖ ਸਦਵਾਉਣ ਵਾਲੇ ਦੀ ਅਮਲੀ ਜੀਵਨ-ਜਾਚ, ਉਸ ਦਾ ਵਿਵਹਾਰ, ਕਿਰਦਾਰ, ਉਸ ਦੀ ਬੋਲ-ਬਾਣੀ, ਉਸ ਦਾ ਰਹਿਣ-ਸਹਿਣ, ਖਾਣ-ਪੀਣ, ਉੱਠਣ-ਬੈਠਣ, ਜਾਗਣ-ਸੌਣ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ? ਇਹ ਸਭ ਭਾਈ ਸਾਹਿਬ ਦੀਆਂ ਕਿਰਤਾਂ ਤੋਂ ਵਧੀਆ ਹੋਰ ਕਿਧਰੋਂ ਪ੍ਰਾਪਤ ਨਹੀਂ ਹੋ ਸਕਦਾ। ਅਸਲ ਵਿਚ ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਬਚਪਨ ਗੁਰਸਿੱਖੀ ਦੇ ਕੇਂਦਰ ਗੋਇੰਦਵਾਲ ਸਾਹਿਬ ਵਿਖੇ ਗੁਰਸਿੱਖੀ ਦੇ ਉੱਚ ਅਧਿਆਤਮਕ ਵਾਯੂਮੰਡਲ ਵਿਚ ਪ੍ਰਵਾਨ ਚੜ੍ਹਨ ਨਾਲ ਗੁਰਸਿੱਖੀ ਦੀ ਸੁਗੰਧੀ ਨਾਲ ਸਰਸ਼ਾਰ ਹੋਣਾ ਕੁਦਰਤੀ ਸੀ। ਬਾਲ-ਵਰੇਸ ਤੋਂ ਹੀ ਭਾਈ ਸਾਹਿਬ ਨੂੰ ਗੁਰਬਾਣੀ, ਗੁਰਮਤਿ ਵਿਚਾਰਧਾਰਾ ਤੇ ਗੁਰ-ਇਤਿਹਾਸ ਵਿਚ ਪ੍ਰਬੀਨ ਬਣਾਉਣ ਲਈ ਉਚੇਚੇ ਯਤਨ ਕੀਤੇ ਗਏ। ਵਿਸ਼ੇਸ਼ ਭਾਸ਼ਾਵਾਂ ਦਾ ਗਿਆਨ ਦਿਵਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਇਸ ਤਰ੍ਹਾਂ ਗੁਰਮਤਿ ਗਿਆਨ ਦੀ ਗੁੜ੍ਹਤੀ ਲੈ, ਭਾਈ ਸਾਹਿਬ ਗੁਰਮਤਿ ਗਿਆਨ ਦੀ ਟਕਸਾਲ ਵਿਚ ਜਵਾਨ ਹੋਏ।

ਭਾਈ ਸਾਹਿਬ ਦੀਆਂ ਰਚਨਾਵਾਂ ਗੁਰਸਿੱਖਾਂ ਲਈ ਪਾਵਨ ਪਵਿੱਤਰ ਹਨ। ਉਨ੍ਹਾਂ ਵਿਚ ਜੋ ਗੁਰਸਿਖੀ ਦੇ ਗੁਣ ਗਾਇਨ ਕੀਤੇ ਗਏ ਹਨ, ਅਸਲ ਵਿਚ ਉਹੀ ਗੁਣ ਹਨ ਜੋ ਭਾਈ ਸਾਹਿਬ ਜੀ ਨੇ ਨਿਮਾਣੇ ਗੁਰਸਿੱਖ ਵਜੋਂ ਜੀਵਨ ਭਰ ਗੁਰਸਿੱਖ ਬਣ, ਅਮਲ ਵਿਚ ਨਿਭਾਏ। ਇਹੀ ਕਾਰਨ ਹੈ ਕਿ ਉਨ੍ਹਾਂ ਦੇ ਮਨ ਵਿਚ ਗੁਰਸਿੱਖੀ ਪ੍ਰਚਾਰ ਪ੍ਰਤੀ ਹੁੱਬ ਨਿਰੰਤਰ ਬਣੀ ਰਹੀ ਤੇ ਉਮਰ ਭਰ ਗੁਰਸਿੱਖੀ ਦੇ ਗੁਣ ਗਾਇਨ ਕਰਦੇ

ਰਹੇ। ਗੁਰਮਤਿ ਗਿਆਨ ਦੇ ਅਮੁੱਕ-ਅਮੋਲਕ ਭੰਡਾਰੇ ਵਿੱਚੋਂ ਗੁਰਸਿੱਖੀ ਦੇ ਗੁਣ ਕਦੇ ਵਾਰਾਂ ਤੇ ਕਦੇ ਕਬਿੱਤ ਸਵੱਈਆਂ ਰਾਹੀਂ ਗਾਇਨ ਕਰਦੇ ਭਾਈ ਸਾਹਿਬ ਆਪਣੇ ਮਨ-ਅੰਤਰ ਦੇ ਚਾਉ ਨੂੰ ਪ੍ਰਗਟ ਕਰਦੇ ਹਨ।

ਗੁਰਸਿੱਖ ਦੇ ਇਹ ਗੁਣ ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਨਾ, ਗੁਰ-ਸੰਗਤਿ ਵਿਚ ਬੈਠ ਗੁਰਬਾਣੀ ਪੜ੍ਹਨੀ, ਸ੍ਰਵਣ ਕਰਨੀ, ਨਾਮ-ਅਭਿਆਸ ਕਰਨਾ, ਮਿੱਠਬੋਲੜੇ ਹੋਣਾ, ਥੋੜ੍ਹਾ ਖਾਵਣਾ, ਥੋੜ੍ਹਾ ਬੋਲਣਾ ਤੇ ਥੋੜ੍ਹਾ ਸੌਣਾ, ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ, ਲੰਗਰ ਦੇ ਬਰਤਨਾਂ ਨੂੰ ਮਾਂਜ-ਸਵਾਰ ਆਪਣੇ ਹੱਥਾਂ ਨੂੰ ਪਵਿੱਤਰ ਕਰਨਾ, ਪਾਣੀ-ਪੱਖੇ ਦੀ ਸੇਵਾ ਬਾਰੇ ਬਾਰ-ਬਾਰ ਆਇਆ ਜ਼ਿਕਰ ਭਾਈ ਸਾਹਿਬ ਦੇ ਨਿੱਤ-ਕਰਮ ਨੂੰ ਹੀ ਰੂਪਮਾਨ ਕਰਦਾ ਹੈ। ਜੀਵਨ-ਜਾਚ ਗੁਰਸਿੱਖੀ ਅਨੁਸਾਰ ਹੋਣਾ, ਗੁਰਮਤਿ ਵਿਚਾਰਧਾਰਾ ਦੇ ਅਣਥੱਕ ਪ੍ਰਚਾਰਕ ਤੇ ਗੁਰੂ-ਕਿਰਪਾ ਸਦਕਾ ਗੁਰਮਤਿ ਗਿਆਨ ਦਾ ਅਤੁੱਟ ਖ਼ਜ਼ਾਨਾ ਪਾਸ ਹੋਣ ਕਰਕੇ ਹੀ ਭਾਈ ਸਾਹਿਬ ਨੂੰ ਚੰਬੇ, ਜੰਮੂ, ਆਗਰੇ, ਉਜੈਨ, ਲਖਨਊ, ਕਾਂਸ਼ੀ, ਬਨਾਰਸ, ਬੁਰਹਾਨਪੁਰ, ਕਾਬਲ ਆਦਿ ਪ੍ਰਮੁੱਖ ਸਥਾਨਾਂ 'ਤੇ ਗੁਰਸਿੱਖੀ ਦਾ ਪ੍ਰਚਾਰ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਤੇ ਫਿਰ ਸਭ ਤੋਂ ਵੱਡਾ ਮਾਣ-ਸਤਿਕਾਰ ਭਾਈ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ ਲਿਖਾਰੀ ਹੋਣ ਦਾ, ਧੰਨ ਗੁਰੂ ਅਰਜਨ ਪਾਤਸ਼ਾਹ ਜੀ ਨੇ ਬਖ਼ਸ਼ਿਸ਼ ਕੀਤਾ। ਐਸੀ ਮਹਾਨ ਸੇਵਾ ਦੀ ਬਖ਼ਸ਼ਿਸ਼ ਉਸ ਗੁਰਸਿੱਖ ਨੂੰ ਹੀ ਪ੍ਰਾਪਤ ਹੋ ਸਕਦੀ ਸੀ, ਜੋ ਅੰਤਰ-ਆਤਮਾ ਤੋਂ ਗੁਰੂ-ਹੁਕਮ ਨੂੰ ਅਮਲ ਵਿਚ ਲਿਆਉਣ ਲਈ ਯਤਨਸ਼ੀਲ ਹੋਵੇਗਾ।

ਭਾਈ ਗੁਰਦਾਸ ਜੀ ਦੇ ਜੀਵਨ-ਦਰਸ਼ਨ ਤੇ ਰਚਨਾ ਦਾ ਪ੍ਰਮੁੱਖ ਉਦੇਸ਼ ਗੁਰਸਿੱਖੀ ਦੇ ਵੱਖ-ਵੱਖ ਪੱਖਾਂ ਦੀ ਵਿਆਖਿਆ ਕਰਨਾ ਪ੍ਰਗਟ ਹੁੰਦਾ ਹੈ। ਗੁਰਸਿੱਖੀ ਦੇ ਜਿਤਨੇ ਗੋਹਝ ਪੱਖਾਂ ਨੂੰ ਭਾਈ ਸਾਹਿਬ ਨੇ ਪ੍ਰਗਟ ਕੀਤਾ ਹੈ, ਉਹ ਅੱਜ ਤਕ ਕਿਸੇ ਹੋਰ ਦੇ ਹਿੱਸੇ ਨਹੀਂ ਆਇਆ। ਉਕਤ ਵਾਰ ਵਿਚ ਆਏ ਪ੍ਰਮੁੱਖ ਵਿਚਾਰਾਂ ਨੂੰ ਅਸੀਂ ਅਤੀ ਸੰਖੇਪ ਰੂਪ ਵਿਚ ਇਸ ਤਰ੍ਹਾਂ ਦੇ ਸਕਦੇ ਹਾਂ - ਗੁਰਸਿੱਖ ਗੁਰੂ-ਉਪਦੇਸ਼ ਨੂੰ ਹਿਰਦੇ ਵਿਚ ਵਸਾ, ਗੁਰ-ਸੰਗਤ ਕਰ, ਆਪਣੇ ਮੂਲ ਸਰੂਪ ਨੂੰ ਪਛਾਣਦਾ ਹੈ। ਸੰਸਾਰਕ ਕਾਰ-ਵਿਹਾਰ ਕਰਦਾ ਹੋਇਆ 'ਗੁਰਸਿੱਖੀ' ਦੇ ਘੇਰੇ ਤੋਂ ਬਾਹਰ ਨਹੀਂ ਜਾਂਦਾ। ਗੁਰਸਿੱਖ ਦੇ ਹਰ ਕਾਰਜ-ਕਰਮ ਵਿੱਚੋਂ ਗੁਰਸਿੱਖੀ ਦੀ ਖ਼ੁਸ਼ਬੋਈ ਆਪ-ਮੁਹਾਰੇ ਪ੍ਰਗਟ ਹੋ ਜਾਂਦੀ ਹੈ। ਗੁਰਸਿੱਖ ਮਨ, ਬਚਨ, ਕਰਮ ਕਰਕੇ ਇਕ ਹੈ, ਉਸ ਦੀ ਕਹਿਣੀ ਤੇ ਕਰਨੀ ਵਿਚ ਇਕਸੁਰਤਾ ਤੇ ਇਕਸਾਰਤਾ ਹੈ। ਊਚ-ਨੀਚ-ਜਾਤੀ ਭੇਦ-ਭਾਵ ਤੋਂ ਉੱਪਰ ਉੱਠ ਗੁਰਸਿੱਖ "ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ" ਦੇ ਅਲੌਕਿਕ ਸਿਧਾਂਤ ਨੂੰ ਅਮਲ ਵਿਚ ਪ੍ਰਗਟ ਕਰਦਾ ਹੈ। ਗੁਰਸਿੱਖ ਹਰੇਕ ਵਿੱਚੋਂ ਹੀ ਨਿਰੰਕਾਰੀ ਜੋਤ ਦੇ ਦਰਸ਼ਨ ਕਰਦਾ ਹੈ। ਗੁਰਸਿੱਖੀ ਦੇ ਸਿੱਖਣ, ਬੋਲਣ, ਚੱਲਣ, ਦੇਖਣ, ਪੂਜਣ, ਮੰਨਣ, ਜੀਵਣ, ਖਾਣ-ਪੀਣ ਆਦਿ ਅਨੇਕਾਂ ਪੱਖਾਂ ਤੋਂ ਸਾਨੂੰ ਭਾਈ ਸਾਹਿਬ ਜੀ ਨੇ ਇਸ ਵਾਰ ਰਾਹੀਂ ਜਾਣੂ ਕਰਵਾਇਆ ਹੈ। ਗੁਰਸਿੱਖੀ ਦੇ ਸਰੂਪ ਨਿਖੇੜਨ-ਨਿਖਾਰਨ ਲਈ ਪ੍ਰਚੱਲਿਤ ਮਤਾਂ-ਮਤਾਂਤਰਾਂ ਦੇ ਹਵਾਲੇ ਵੀ ਵਿਸਥਾਰ ਵਿਚ ਦਿੱਤੇ ਹਨ।

ਇਸ ਦੇ ਨਾਲ ਭਾਈ ਸਾਹਿਬ ਜੀ ਨੇ ਸਿੱਖੀ ਮਾਰਗ ਦੀ ਬਿਖਮਤਾ ਤੇ ਅਮੋਲਕਤਾ ਦਾ ਵਰਣਨ ਬੜੇ ਸੁੰਦਰ ਰੂਪ ਵਿਚ ਕੀਤਾ ਹੈ। ਗੁਰਸਿੱਖੀ ਦਾ ਮਾਰਗ ਖੰਡੇ ਦੀ ਧਾਰ 'ਤੇ ਚੱਲਣ ਵਾਂਗ ਹੈ। ਇਸ 'ਤੇ ਉਹੀ ਚੱਲ ਸਕਦਾ ਹੈ ਜਿਸ 'ਤੇ ਸਤਿਗੁਰੂ ਮਿਹਰਵਾਨ ਹੋ, ਗੁਰਸਿੱਖੀ ਜੀਵਨ ਬਖ਼ਸ਼ਿਸ਼ ਕਰ ਦਿੰਦੇ ਹਨ। ਗੁਰਸਿੱਖੀ ਦਾ ਮਾਰਗ ਅਪਣਾ ਕੇ ਗੁਰਸਿੱਖ ਆਪਣੇ ਗੁਰੂ ਤੋਂ ਬਿਨਾਂ ਕਿਸੇ ਦਾ ਓਟ-ਆਸਰਾ ਲੈਣਾ ਤਾਂ ਦੂਰ ਦੀ ਗੱਲ, ਕਿਸੇ ਹੋਰ ਵੱਲ ਝਾਕਦਾ ਵੀ ਨਹੀਂ।

ਗੁਰਸਿੱਖ ਦਾ ਪ੍ਰਮੁੱਖ ਕਰਮ ਗੁਰੂ ਦੱਸੇ ਮਾਰਗ 'ਤੇ ਚੱਲਣਾ ਹੈ। ਗੁਰਸਿੱਖ ਹੁਕਮੀ ਬੰਦਾ ਹੈ। ਗੁਰੂ-ਹੁਕਮ ਵਿਚ ਕਾਰ ਕਰਨੀ ਉਹ ਆਪਣਾ ਪਵਿੱਤਰ ਕਰਤੱਵ ਸਮਝਦਾ ਹੈ।

ਪਰ ਅਸੀਂ ਗੁਰਸਿੱਖ ਸਦਵਾਉਣ ਵਾਲੇ ਕੀ ਕਰ ਰਹੇ ਹਾਂ ? ਇਸ ਬਾਰੇ ਕੁਝ ਕਹਿਣ ਦੀ ਜ਼ਰੂਰਤ ਨਹੀਂ, ਕਿਉਂਕਿ ਹਰੇਕ ਆਪਣੇ ਬਾਰੇ ਵਧੇਰੇ ਭਲੀ ਪ੍ਰਕਾਰ ਜਾਣੂ ਹੈ। ਜੇ ਅਸੀਂ ਆਪਣੇ ਜੀਵਨ ਨੂੰ ਭਾਈ ਸਾਹਿਬ ਜੀ ਵੱਲੋਂ ਦੱਸੇ ਮਾਰਗ 'ਤੇ ਚੱਲ ਕੇ ਉਚੇਰਾ ਲੈ ਜਾਵਾਂਗੇ, ਤਦ ਹੀ ਅਸਾਂ ਗੁਰਸਿੱਖ ਅਖਵਾਉਣ ਵਾਲਿਆਂ ਪਾਸੋਂ ਗੁਰਸਿੱਖੀ ਦੀ ਸੁਗੰਧੀ ਆਵੇਗੀ। ਗੁਰਸਿੱਖੀ ਦੀ ਸੁਗੰਧੀ-ਖ਼ੁਸ਼ਬੋਈ ਪ੍ਰਾਪਤ ਕਰ ਕੇ ਹੀ ਗ਼ੈਰ-ਸਿੱਖ, ਸਿੱਖੀ ਦੇ ਵਾਯੂ-ਮੰਡਲ ਵਿਚ ਆ ਸਕਦੇ ਹਨ। ਇਸ ਤਰ੍ਹਾਂ ਸਹਿਜ ਸੁਭਾ ਹੀ ਗੁਰਸਿੱਖ-ਗੁਰਸਿੱਖੀ ਦੇ ਪ੍ਰਚਾਰ-ਪ੍ਰਸਾਰ ਵਿਚ ਵੱਡਾ ਹਿੱਸਾ ਪਾ ਸਕਦੇ ਹਨ। ਭਾਈ ਸਾਹਿਬ ਜੀ ਕਥਨ ਕਰਦੇ ਹਨ :

ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ।...
ਸਤਿਗੁਰ ਤੁਠੈ ਪਾਈਐ ਸਾਧ ਸੰਗਤਿ ਗੁਰਮਤਿ ਗੁਰ ਸਿਖੀ।

(ਵਾਰ 28, ਪਉੜੀ 1)

ਗੁਰਮੁਖਿ ਸੁਖ ਫਲੁ ਖਾਵਣਾ ਦੁਖ ਸੁਖ ਕਰਿ ਅਉਚਰ ਚਰਣਾ।
ਗੁਰਸਿਖੀ ਦਾ ਗਾਵਣਾ ਅੰਮ੍ਰਿਤ ਬਾਣੀ ਨਿਝਰੁ ਝਰਣਾ।
ਗੁਰਸਿਖੀ ਧੀਰਜੁ ਧਰਮੁ ਪਿਰਮ ਪਿਆਲਾ ਅਜਰੁ ਜਰਣਾ।
ਗੁਰਸਿਖੀ ਦਾ ਸੰਜਮੋ ਡਰਿ ਨਿਡਰੁ ਨਿਡਰਿ ਮੁਚ ਡਰਣਾ।
ਗੁਰਸਿਖੀ ਮਿਲਿ ਸਾਧ ਸੰਗਿ ਸਬਦ ਸੁਰਤਿ ਜਰੁ ਦੁਤਰੁ ਤਰਣਾ।
ਗੁਰਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰ ਸਿਖ ਕਰਣਾ।
ਗੁਰ ਕਿਰਪਾ ਗੁਰੁ ਸਿਖ ਗੁਰੁ ਸਰਣਾ ॥੧੦॥ *(ਵਾਰ 28, ਪਉੜੀ 10)*

ਪੰਥਕ ਜੀਵਨ ਵਿਚ ਸਿੱਖ ਰਹਿਤ ਮਰਯਾਦਾ ਦਾ ਮਹੱਤਵ

ਪੰਥਕ ਜੀਵਨ ਤੇ ਸਿੱਖ ਰਹਿਤ ਮਰਯਾਦਾ ਨੂੰ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਸਿੱਖ ਰਹਿਤ ਮਰਯਾਦਾ 'ਪੰਥ' ਵਾਸਤੇ ਹੈ ਤੇ ਪੰਥਕ ਜੀਵਨ 'ਸਿੱਖ ਰਹਿਤ ਮਰਯਾਦਾ' ਦਾ ਅਮਲੀ ਪ੍ਰਗਟਾਅ ਹੈ। ਸਿੱਖ ਰਹਿਤ ਮਰਯਾਦਾ, ਪੰਥਕ ਜੀਵਨ ਜੀਉਣ ਵਾਲਿਆਂ ਵਾਸਤੇ ਵਿਧਾਨ ਹੈ, ਜਿਸ ਨੂੰ ਸਾਡੇ ਪੁਰਖਿਆਂ ਨੇ 'ਗੁਰੂ-ਗ੍ਰੰਥ' ਤੇ 'ਗੁਰੂ-ਪੰਥ' ਦੇ ਅਦਬ-ਸਤਿਕਾਰ, ਪਦ-ਪਦਵੀ ਤੇ ਮਹਾਨਤਾ ਨੂੰ ਸਵੀਕਾਰਦਿਆਂ, ਗੁਰਬਾਣੀ ਤੇ ਗੁਰਮਤਿ ਵਿਚਾਰਧਾਰਾ ਦੀ ਰੌਸ਼ਨੀ ਵਿਚ ਨਿਰਧਾਰਤ ਕੀਤਾ। ਸਿੱਖ ਰਹਿਤ ਮਰਯਾਦਾ ਹਰ ਸਿੱਖ ਵਾਸਤੇ ਹੈ; ਜਿਹੜਾ ਵੀ ਤਨ-ਮਨ ਤੋਂ 'ਗੁਰੂ-ਗ੍ਰੰਥ' ਤੇ 'ਗੁਰੂ-ਪੰਥ' ਨੂੰ ਸਮਰਪਿਤ ਹੈ। ਇਹ ਮਰਯਾਦਾ ਕਿਸੇ ਇਕ ਦਲ, ਸੰਪਰਦਾ, ਟਕਸਾਲ, ਜਥੇਬੰਦੀ, ਸਭਾ, ਸੁਸਾਇਟੀ, ਸੰਸਥਾ, ਸ਼੍ਰੋਮਣੀ ਕਮੇਟੀ ਦੀ ਨਹੀਂ ਤੇ ਨਾ ਹੀ ਕਿਸੇ ਵਿਅਕਤੀ ਵਿਸ਼ੇਸ਼, ਸੰਸਥਾ ਦਾ ਇਸ 'ਤੇ ਇਕੱਲਿਆਂ ਅਧਿਕਾਰ ਹੈ। ਇਹੀ ਕਾਰਨ ਹੈ ਕਿ ਇਸ ਵਿਚ ਤਬਦੀਲੀ ਕਰਨ ਦਾ ਵੀ ਨਿਸਚਿਤ ਵਿਧੀ-ਵਿਧਾਨ ਹੈ; ਕੋਈ ਇਕ ਵਿਅਕਤੀ ਵਿਸ਼ੇਸ਼-ਸੰਸਥਾ ਇਸ ਵਿਚ ਮਨਚਾਹੀ ਤਬਦੀਲੀ ਵੀ ਨਹੀਂ ਕਰ ਸਕਦੀ। ਸਮੁੱਚੇ ਰੂਪ ਵਿਚ 'ਗੁਰੂ-ਪੰਥ' ਸਮੁੱਚੇ ਖ਼ਾਲਸਾ ਪੰਥ ਦੀਆਂ ਭਾਵਨਾਵਾਂ ਅਨੁਸਾਰ ਸਮੇਂ ਅਤੇ ਲੋੜ ਅਨੁਸਾਰ ਤਬਦੀਲੀ ਕਰ ਸਕਦਾ ਹੈ।

ਵਿਚਾਰ ਅਧੀਨ ਮਜ਼ਮੂਨ ਵਿਚ ਆਏ 'ਪੰਥਕ ਜੀਵਨ' ਤੇ 'ਰਹਿਤ ਮਰਯਾਦਾ' ਸ਼ਬਦਾਂ ਨੂੰ ਵਿਚਾਰਨ ਉਪਰੰਤ ਹੀ ਇਸ ਵਿਸ਼ੇ ਦੀ ਸਾਰਥਿਕਤਾ ਨੂੰ ਸਮਝਿਆ ਜਾ ਸਕਦਾ ਹੈ। ਗੁਰਮਤਿ ਵਿਚਾਰਧਾਰਾ ਵਿਚ 'ਪੰਥ' ਸ਼ਬਦ ਕਾਫ਼ੀ ਪ੍ਰਚੱਲਿਤ ਹੈ, ਜਿਵੇਂ ਪੰਥ, ਨਿਰਮਲ ਪੰਥ, ਸਿੱਖ ਪੰਥ, ਖ਼ਾਲਸਾ ਪੰਥ ਅਤੇ ਗੁਰੂ-ਪੰਥ ਮੁੱਖ ਤੌਰ 'ਤੇ ਥੋੜ੍ਹੇ ਅਲੱਗ ਭਾਵ ਸਹਿਤ ਵਰਤੋਂ ਵਿਚ ਆਏ ਹਨ। 'ਪੰਥ' ਦਾ ਅਰਥ ਹੈ (1) ਜਾਣਾ, ਫਿਰਨਾ; (2) ਮਾਰਗ, ਰਸਤਾ; (3) ਪਰਮਾਤਮਾ ਦੀ ਪ੍ਰਾਪਤੀ ਦਾ ਰਾਹ, ਧਰਮ, ਮਜ਼ਹਬ ਆਦਿ। ਗੁਰਬਾਣੀ, ਗੁਰਮਤਿ ਵਿਚਾਰਧਾਰਾ ਅਨੁਸਾਰ 'ਪੰਥ' ਸ਼ਬਦ ਦੀ ਜ਼ਿਆਦਾ ਵਰਤੋਂ ਮਾਰਗ, ਰਸਤੇ, ਧਰਮ ਜਾਂ ਮਜ਼ਹਬ ਦੇ ਅਰਥਾਂ ਵਿਚ ਹੋਈ ਮਿਲਦੀ ਹੈ, ਜਿਵੇਂ ਭਾਈ ਗੁਰਦਾਸ ਜੀ ਦੇ ਕਥਨ ਤੋਂ ਸਪੱਸ਼ਟ ਹੈ :

ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।

(ਵਾਰ 1, ਪਉੜੀ 45)

ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।

(ਵਾਰ 1, ਪਉੜੀ 31)

'ਪੰਥ' ਸ਼ਬਦ ਗੁਰਬਾਣੀ ਤੇ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਵਿਚ ਇਕ-ਵਚਨ ਤੇ ਬਹੁ-ਵਚਨ ਦੇ ਅਰਥਾਂ ਵਿਚ ਕਈ ਵਾਰ ਆਇਆ ਹੈ। 'ਪੰਥ' ਸ਼ਬਦ ਭਾਵੇਂ ਕਿ ਆਪਣੇ ਆਪ ਵਿਚ ਹੀ ਬਹੁ-ਵਚਨ ਹੈ, ਪਰ ਕਈ ਵਾਰ ਇਸ ਦੇ ਬਹੁ-ਵਚਨ ਤੇ ਇਕ-ਵਚਨ ਅਰਥਾਂ ਨੂੰ ਨਿਖੇੜ ਕੇ ਦਰਸਾਉਣ ਲਈ ਇਸ ਦੇ ਸ਼ਬਦ-ਜੋੜ ਵਿਚ ਔਂਕੜ ਦੀ ਵਾਧ-ਘਾਟ ਕੀਤੀ ਗਈ ਹੈ। ਗੁਰਬਾਣੀ ਵਿਚ 'ਪੰਥ' ਸ਼ਬਦ 'ਥ' ਮੁਕਤੇ ਦੇ ਰੂਪ ਵਿਚ ਕੇਵਲ ਚਾਰ ਵਾਰ ਆਇਆ ਹੈ, ਜਿਵੇਂ:

ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ॥

(ਗਉੜੀ ਮ: ੯, ਪੰਨਾ 219)

'ਪੰਥ' ਸ਼ਬਦ 'ਥ' ਦੇ ਪੈਰ 'ਚ ਔਂਕੜ ਨਾਲ ਗੁਰਬਾਣੀ ਵਿਚ 50 ਵਾਰ ਦੇ ਕਰੀਬ ਆਇਆ ਹੈ, ਜਿਵੇਂ:

ਲਹਣੈ ਪੰਥੁ ਧਰਮ ਕਾ ਕੀਆ॥ *(ਸਵਈਏ ਮਹਲੇ 4 ਕੇ, ਪੰਨਾ 1401)*

ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥

(ਸਵਈਏ ਮਹਲੇ 4 ਕੇ, ਪੰਨਾ 1406)

ਇਵੇਂ ਹੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ 'ਪੰਥ' ਸ਼ਬਦ 'ਥ' ਮੁਕਤਾ ਤੇ 'ਥੁ' (ਔਂਕੜ ਨਾਲ) ਕ੍ਰਮਵਾਰ 22 ਅਤੇ 33 ਵਾਰ ਆਇਆ ਹੈ। ਕੁਝ ਉਦਾਹਰਣਾਂ:

ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ। *(ਵਾਰ 3, ਪਉੜੀ 5)*

ਬਾਰਹ ਪੰਥ ਸਧਾਇਕੈ ਗੁਰਮੁਖਿ ਗਾਡੀ ਰਾਹ ਚਲਾਇਆ।

(ਵਾਰ 7, ਪਉੜੀ 12)

ਗੁਰਮੁਖਿ ਪੰਥ ਸੁਹਾਵੜਾ ਧੰਨ ਗੁਰੂ ਧੰਨ ਗੁਰੂ ਪਿਆਰੇ। *(ਵਾਰ 40, ਪਉੜੀ 6)*

ਨਿਜ ਪੰਥ ਰਚਾਇਓ ਖਾਲਸਾ ਧਰਿ ਤੇਜ ਕਰਾਰਾ। *(ਵਾਰ 41, ਪਉੜੀ 15)*

ਗੁਰਮੁਖਿ ਪੰਥੁ ਸੁਹੇਲੜਾ ਬਾਰਹ ਪੰਥ ਨ ਖੇਚਲ ਖਚੈ। *(ਵਾਰ 5, ਪਉੜੀ 1)*

ਚਾਰਿ ਵਰਨ ਗੁਰ ਸਿਖ ਕਰਿ ਗੁਰਮੁਖਿ ਸਚਾ ਪੰਥੁ ਚਲਾਇਆ।

(ਵਾਰ 29, ਪਉੜੀ 1)

ਉਪਰੋਕਤ ਸੰਖੇਪ ਵਰਣਨ ਤੋਂ 'ਪੰਥ' ਦੇ ਸ਼ਾਬਦਿਕ, ਅਧਿਆਤਮਕ, ਧਾਰਮਿਕ, ਸਮਾਜਿਕ ਤੇ ਇਤਿਹਾਸਕ ਸਰੂਪ ਤੇ ਮਹੱਤਤਾ ਦਾ ਸਹਿਜੇ ਹੀ ਅੰਦਾਜ਼ਾ ਹੋ ਸਕਦਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਜਿਸ ਸਿੱਖ ਦਾ ਜੀਵਨ 'ਪੰਥ' ਦੇ ਉਪਰੋਕਤ ਅਰਥਾਂ ਅਨੁਸਾਰੀ ਹੈ, ਉਹ 'ਪੰਥਕ ਜੀਵਨ' ਦਾ ਧਾਰਨੀ ਹੈ।

ਸਿਰਦਾਰ ਕਪੂਰ ਸਿੰਘ ਅਨੁਸਾਰ:

'ਪੰਥ' ਸ਼ਬਦ ਦਾ ਅਰਥ ਹੈ, ਰਾਹ ਜਾਂ ਜੀਵਨ ਦਾ ਚੰਗਾ ਢੰਗ। ਅਜੋਕੀ

ਸ਼ਬਦਾਵਲੀ ਵਿਚ 'ਪੰਥ' ਸਿੱਖ ਧਰਮ ਅਤੇ ਉਨ੍ਹਾਂ ਦੀ ਅਦਿੱਖ ਰਹੱਸਮਈ ਦੇਹ ਲਈ ਵਰਤਿਆ ਜਾਂਦਾ ਹੈ, ਜੋ ਇਸ ਧਰਮ ਨੂੰ ਮੰਨਦੇ ਹਨ ਅਤੇ ਧਰਤੀ ਉੱਪਰ ਰੱਬ ਦੇ ਹੁਕਮਾਂ ਨੂੰ ਲਾਗੂ ਕਰਵਾਉਣ ਲਈ ਯਤਨਸ਼ੀਲ ਹਨ। ਸਾਰੇ ਸੱਚੇ ਸਿੱਖ ਇਸ ਪੰਥ ਦੇ ਰਿਣੀ ਹਨ ਅਤੇ ਇਸ ਉੱਪਰ ਸ਼ਰਧਾ ਰੱਖਦੇ ਹਨ। ਇਕ ਸੱਚੇ ਸਿੱਖ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਆਪਣਾ ਸਭ ਕੁਝ ਸਿੱਖ ਪੰਥ ਤੋਂ ਕੁਰਬਾਨ ਕਰ ਦੇਵੇ। 'ਪੰਥ' ਦੀ ਸੰਪੂਰਨਤਾ ਇਸ ਨੂੰ 'ਗੁਰੂ-ਪਦਵੀ' ਪ੍ਰਾਪਤ ਹੋਣ ਨਾਲ ਹੋਈ। 'ਗੁਰੂ-ਪੰਥ' ਨੇ ਆਪਣੇ ਗੁਰਤਾ ਦੇ ਅਸੀਮ ਅਧਿਕਾਰਾਂ ਦੀ ਵਰਤੋਂ ਪਹਿਲੀ ਵਾਰ ਚਮਕੌਰ ਦੀ ਗੜ੍ਹੀ ਵਿਚ ਕੀਤੀ, ਜਦੋਂ ਪੰਥ ਦੇ ਵਾਲੀ ਗੁਰੂ ਗੋਬਿੰਦ ਸਿੰਘ ਜੀ ਨੂੰ ਪੰਥ ਨੇ ਆਦੇਸ਼ ਕੀਤਾ ਕਿ ਚਮਕੌਰ ਦੀ ਗੜ੍ਹੀ ਨੂੰ ਛੱਡ ਕੇ ਚਲੇ ਜਾਵਣ।

(ਸਿਰਦਾਰ ਕਪੂਰ ਸਿੰਘ ਵਿਸ਼ੇਸ਼ ਲੇਖ, ਪੰਨਾ 35)

ਪ੍ਰਿੰ. ਤੇਜਾ ਸਿੰਘ ਅਨੁਸਾਰ :

ਸੰਗਤ ਜਥੇਬੰਦ ਹੋ ਕੇ 'ਗੁਰੂ-ਪੰਥ' ਬਣ ਗਈ। ਇਸ ਵਿਚ ਹਰ ਇਕ ਅੰਮ੍ਰਿਤਧਾਰੀ ਸਿੱਖ ਧਾਰਮਿਕ ਤੌਰ 'ਤੇ ਬਰਾਬਰ ਪਦਵੀ ਰੱਖਦਾ ਹੈ।

(ਸਿੱਖ ਧਰਮ, ਪੰਨਾ 13)

ਗੁਰਬਾਣੀ ਦੀ ਰੌਸ਼ਨੀ ਵਿਚ ਸਿੱਖ ਵਾਸਤੇ ਸਵਾਰੇ ਬਣਾਏ ਪੰਧ ਦਾ ਨਾਮ 'ਪੰਥ' ਹੈ। 'ਪੰਥ' ਜੁਗਤਿ ਰੂਪ ਹੈ।

'ਸਿੱਖ ਰਹਿਤ ਮਰਯਾਦਾ' ਵਿਚ ਅੰਕਤ 'ਗੁਰੂ-ਪੰਥ' ਦੀ ਪਰਿਭਾਸ਼ਾ ਉਕਤ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੀ ਹੈ :

ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ-ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਿਮ ਰੂਪ ਬੰਨ੍ਹ ਕੇ ਗੁਰਿਆਈ ਸੌਂਪੀ। *(ਪੰਨਾ 27)*

ਏਵੇਂ ਪਾਵਨ ਗੁਰਬਾਣੀ ਵਿਚ 'ਰਹਿਤ' ਸ਼ਬਦ 'ਰਹਤ' ਤੇ 'ਰਹਿਤ' ਕਰਕੇ ਕੁੱਲ 47 ਵਾਰ ਆਇਆ ਹੈ। 'ਰਹਿਤ' ਸ਼ਬਦ ਸੰਗਯਾ ਹੈ, ਜਿਸ ਦਾ ਅਰਥ (1) ਰਹਤ, ਰਹਿਣੀ, ਧਾਰਨਾ; (2) ਸਿੱਖ ਨਿਯਮਾਂ ਦੀ ਪਾਬੰਦੀ; (3) ਸਿੱਖ ਧਰਮ ਦੇ ਨਿਯਮਾਂ ਅਨੁਸਾਰ ਰਹਿਣ ਦੀ ਕ੍ਰਿਆ ਆਦਿ ਕੀਤੇ ਮਿਲਦੇ ਹਨ।

ਰਹਿਤ ਦਾ ਅਰਥ ਹੈ ਜੀਵਨ, ਮਰਯਾਦਾ, ਚਾਲ-ਢਾਲ, ਚੱਜ-ਆਚਾਰ, ਅਸੂਲ, ਨਿਯਮ ਆਦਿ, ਜਿਸ ਅਨੁਸਾਰ ਸਿੱਖ ਨੇ ਜੀਵਨ-ਯਾਤਰਾ ਸਫਲੀ ਕਰਨੀ ਹੈ।

'ਸਿੱਖ' ਦਾ ਅਰਥ ਹੀ ਗੁਰੂ ਦੀ ਰਹਿਤ-ਮਰਯਾਦਾ ਅਨੁਸਾਰ ਚੱਲਣ ਵਾਲਾ ਸ਼ਖ਼ਸ ਜਾਂ ਸ਼ਖ਼ਸੀਅਤ ਹੈ। ਪਾਵਨ ਪਵਿੱਤਰ ਗੁਰਬਾਣੀ ਵਿਚ ਹਦਾਇਤ ਹੈ :

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥

(ਸੋਰਠਿ ਮਹਲਾ ੩, ਪੰਨਾ 601)

ਸਿੱਖ ਵਾਸਤੇ ਗੁਰੂ ਦਾ ਹੁਕਮ, ਭਾਣਾ, ਮਰਯਾਦਾ ਕੀ ਹੈ, ਇਸ ਬਾਰੇ ਪਾਵਨ

ਗੁਰਬਾਣੀ, ਦਸਮੇਸ਼ ਬਾਣੀ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਤੇ ਹੋਰ ਬਹੁਮੁੱਲੇ ਸਿੱਖ ਸਾਹਿਤ ਵਿਚ ਵਿਸਥਾਰ ਪੂਰਵਕ ਜਾਣਕਾਰੀ ਮਿਲਦੀ ਹੈ। ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਪ੍ਰਭਾਤੀ ਰਾਗ ਵਿਚ ਆਦੇਸ਼ ਕਰਦੇ ਹਨ ਕਿ ਸੱਚੀ ਰਹਿਤ ਰੱਖਣ ਨਾਲ ਮਨੁੱਖ ਨੂੰ ਹਮੇਸ਼ਾ ਸੁੱਖ ਮਿਲਦਾ ਹੈ:

ਸਚੀ ਰਹਤ ਸਚਾ ਸੁਖੁ ਪਾਏ॥ *(ਪ੍ਰਭਾਤੀ ਮਹਲਾ ੧, ਪੰਨਾ 1343)*

ਗੁਰਮੁਖ ਰਹਿਤ ਵਿਚ ਜੀਵਨ ਗੁਜ਼ਾਰਦਾ ਹੈ ਪਰ ਮਨਮੁਖ ਮਨ ਦੇ ਪਿੱਛੇ ਲੱਗ ਕੇ ਜੀਵਨ ਬਰਬਾਦ ਕਰ ਬਹਿੰਦਾ ਹੈ। ਮਨਮੁਖ ਪਾਸ ਕਥਨੀ ਤਾਂ ਹੈ ਪਰ ਰਹਿਣੀ ਨਹੀਂ, ਭਾਵ ਅਮਲ ਨਹੀਂ ਹੈ:

ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥
ਨਾਵਹੁ ਭੂਲੇ ਥਾਉ ਨ ਕੋਈ॥ *(ਬਿਲਾਵਲ ਮਹਲਾ ੧, ਪੰਨਾ 831)*

ਗੁਰਮਤਿ ਵਿਚਾਰਧਾਰਾ ਜਿਸ ਦਾ ਮੂਲ ਆਧਾਰ ਪਾਵਨ ਪਵਿੱਤਰ ਗੁਰਬਾਣੀ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਰਚਨਾ, ਸਿੱਖ ਰਹਿਤਨਾਮੇ, ਜਨਮ ਸਾਖੀਆਂ, ਸਿੱਖ ਇਤਿਹਾਸ ਤੇ ਹੋਰ ਬਹੁਮੁੱਲਾ ਸਿੱਖ ਸਾਹਿਤ ਹੈ, ਅਨੁਸਾਰ ਸਿੱਖੀ ਜੀਵਨ-ਜਾਚ ਐਸਾ ਮਾਰਗ ਹੈ, ਜਿਸ ਵਿਚ ਕਿਸੇ ਕਿਸਮ ਦੀ ਮੁਸ਼ਕਲ, ਰੁਕਾਵਟ ਜਾਂ ਬੰਦਸ਼ ਨਹੀਂ। ਸਿੱਖੀ ਮਾਰਗ ਨੂੰ 'ਸਿੱਖ ਰਹਿਤ ਮਰਯਾਦਾ' ਵਿਚ ਸੰਖੇਪ ਰੂਪ ਵਿਚ ਦਰਸਾਇਆ ਗਿਆ ਹੈ। ਕਹਿਣ ਦਾ ਭਾਵ ਕਿ ਸਿੱਖ ਰਹਿਤ ਮਰਯਾਦਾ 'ਗੁਰਮਤਿ ਵਿਚਾਰਧਾਰਾ' 'ਤੇ ਆਧਾਰਿਤ ਹੈ। ਇਹ ਮਰਯਾਦਾ ਕਿਸੇ ਵਿਅਕਤੀ ਵਿਸ਼ੇਸ਼ ਵੱਲੋਂ ਨਾ ਤਾਂ ਨਿਰਧਾਰਤ ਕੀਤੀ ਗਈ ਹੈ ਤੇ ਨਾ ਹੀ ਕਿਸੇ ਵਿਸ਼ੇਸ਼ ਸੰਪਰਦਾ, ਟਕਸਾਲ, ਜਥੇਬੰਦੀ, ਡੇਰੇ, ਦਲ, ਸੰਸਥਾ ਆਦਿ ਨਾਲ ਸੰਬੰਧਿਤ ਹੈ। ਇਹ ਤਾਂ ਸਮੁੱਚੇ ਪੰਥ ਵੱਲੋਂ ਸਮੁੱਚੇ ਪੰਥ ਵਾਸਤੇ, ਨਿਰਧਾਰਤ ਤੇ ਸਵੀਕਾਰਤ ਹੈ, ਜਿਸ ਦਾ ਕਾਰਜ-ਖੇਤਰ ਸਮੁੱਚਾ ਖ਼ਾਲਸਾ ਪੰਥ ਹੈ। ਕਿਸੇ ਘਰ-ਪਰਿਵਾਰ, ਡੇਰੇ, ਸੰਪਰਦਾ, ਟਕਸਾਲ, ਦਲ, ਜਥੇਬੰਦੀ ਆਦਿ ਦੀ ਵੀ ਨਿੱਜੀ ਮਰਯਾਦਾ ਹੋ ਸਕਦੀ ਹੈ, ਜਿਸ ਦਾ ਕਾਰਜ ਖੇਤਰ ਸੰਬੰਧਿਤ ਤਕ ਹੀ ਸੀਮਿਤ ਹੁੰਦਾ ਹੈ। ਉਸ ਦਾ ਕਾਰਜ-ਖੇਤਰ ਸਮੁੱਚਾ ਪੰਥ ਨਹੀਂ ਹੋ ਸਕਦਾ। ਰਹਿਤ ਮਰਯਾਦਾ ਦੇ ਇਸ ਤਰ੍ਹਾਂ ਦੇ ਵਖਰੇਵੇਂ ਨੂੰ ਵਿਤਕਰੇ-ਵਿਭਿੰਨਤਾ ਦੇ ਰੂਪ ਵਜੋਂ ਵੀ ਨਹੀਂ ਲੈਣਾ ਚਾਹੀਦਾ, ਕਿਉਂਕਿ ਵੱਖ-ਵੱਖ ਡੇਰੇ-ਸੰਪਰਦਾਵਾਂ, ਟਕਸਾਲਾਂ, ਸਭਾ ਸੁਸਾਇਟੀਆਂ ਵੀ 'ਪੰਥ' ਦਾ ਸਤਿਕਾਰਤ ਅੰਗ ਹਨ।

'ਸਿੱਖ ਰਹਿਤ ਮਰਯਾਦਾ' ਸੰਖੇਪ ਪਰ ਅਤੀ ਮਹੱਤਵਪੂਰਨ ਸਿੱਖ ਵਿਧਾਨ ਹੈ, ਜਿਸ ਨੂੰ 'ਗੁਰੂ-ਪੰਥ' ਦੀ ਪ੍ਰਵਾਨਗੀ ਹਾਸਲ ਹੈ। ਸਿੱਖ ਰਹਿਤ ਮਰਯਾਦਾ ਦੀ ਪੰਥਕ ਜੀਵਨ ਵਿਚ ਮਹੱਤਤਾ ਦਾ ਅੰਦਾਜ਼ਾ ਹਰ ਸਿੱਖ ਵੱਲੋਂ ਸੁਬ੍ਹਾ-ਸ਼ਾਮ ਕੀਤੀ ਜਾਣ ਵਾਲੀ ਅਰਦਾਸ ਦੇ ਇਨ੍ਹਾਂ ਸ਼ਬਦਾਂ ਤੋਂ ਸਹਿਜੇ ਹੀ ਹੋ ਜਾਂਦਾ ਹੈ:

'ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ...।'

ਅਰਦਾਸ ਦੇ ਇਸ ਬੰਦ ਵਿਚ 'ਰਹਿਤ ਦਾਨ' ਦੀ ਯਾਚਨਾ, ਸਿੱਖੀ ਦਾਨ, ਕੇਸ ਦਾਨ... ਨਾਮ ਦਾਨ ਤੇ ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਨਾਲ ਕੀਤੀ ਗਈ ਹੈ। ਹੇ ਅਕਾਲ ਪੁਰਖ ਵਾਹਿਗੁਰੂ! ਸਾਨੂੰ ਰਹਿਤ ਵਿਚ ਰਹਿਣ ਦੀ ਸਮਝ ਤੇ ਸਮਰੱਥਾ ਬਖ਼ਸ਼ੋ!

ਗੁਰਬਾਣੀ ਵਿਚ ਆਈ ਪਾਵਨ ਪੰਕਤੀ ਵੀ 'ਰਹਿਤ-ਮਰਯਾਦਾ' ਵਿਚ ਰਹਿਣ ਦੀ ਤਾਕੀਦ ਕਰਦੀ ਹੈ:

ਰਹਤ ਅਵਰ ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥ *(ਗਉੜੀ ਸੁਖਮਨੀ ਮ: ੫, ਪੰਨਾ 269)*

ਸਿੱਖ ਰਹਿਤਨਾਮਿਆਂ ਵਿਚ ਰਹਿਤ ਨੂੰ ਮੰਨਣ 'ਤੇ ਜ਼ੋਰ ਦਿੱਤਾ ਗਿਆ ਹੈ। ਰਹਿਤਨਾਮੇ ਦਾ ਬਚਨ ਹੈ:

ਰਹਿਣੀ ਰਹੈ ਸੋਈ ਸਿਖ ਮੇਰਾ।
ਓਹੁ ਠਾਕੁਰੁ ਮੈ ਉਸ ਕਾ ਚੇਰਾ। *(ਰਹਿਤਨਾਮਾ ਭਾਈ ਦੇਸਾ ਸਿੰਘ)*

ਮਨੁੱਖ ਇਕ ਚੇਤੰਨ, ਸਭਿਅਕ, ਸਮਾਜਿਕ ਪ੍ਰਾਣੀ ਹੈ। ਸਭਿਅਕ ਬਣਨ, ਅਖਵਾਉਣ ਵਾਸਤੇ ਹਰ ਪ੍ਰਾਣੀ ਨੂੰ ਨਿਯਮਾਂ ਆਧਾਰਿਤ ਜੀਵਨ ਗੁਜ਼ਾਰਨਾ ਚਾਹੀਦਾ ਹੈ। ਇਹ ਨਿਯਮ ਭਾਵੇਂ ਹਰ ਘਰ ਦੇ ਵੱਖ-ਵੱਖ ਹੋਣ, ਪਰ ਸਮੂਹਿਕ ਰੂਪ ਵਿਚ ਵਿਚਰਨ ਕਰਕੇ ਮਨੁੱਖ ਸਮੂਹ-ਸਮਾਜ ਦੇ ਨਿਯਮਾਂ ਨੂੰ ਮੰਨਣ ਵਾਸਤੇ ਪਾਬੰਦ ਹੈ। ਮਨੁੱਖੀ ਸਮਾਜ ਵਿਚ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਵੱਖ-ਵੱਖ ਲੋਕ ਵਿਚਰਦੇ ਹਨ, ਇਸ ਕਰਕੇ ਹਰ ਧਰਮ ਨੂੰ ਮੰਨਣ ਵਾਲਿਆਂ ਦੀ ਆਪੋ-ਆਪਣੀ ਜੀਵਨ-ਜਾਚ ਭਾਵ ਰਹਿਤ-ਮਰਯਾਦਾ ਹੁੰਦੀ ਹੈ। ਧਾਰਮਿਕ ਮਰਯਾਦਾ ਇਕ ਐਸਾ ਸਾਧਨ ਹੈ, ਜਿਸ ਰਾਹੀਂ ਸੰਬੰਧਿਤ ਧਰਮ ਦੇ ਪੈਰੋਕਾਰ, ਮੰਨਣ ਵਾਲੇ ਏਕਤਾ, ਇਕਸੁਰਤਾ ਤੇ ਇਕਸਾਰਤਾ ਦੀ ਲੜੀ ਵਿਚ ਬੱਝੇ ਰਹਿੰਦੇ ਹਨ।

ਸਿੱਖ ਦਾ ਸਮੁੱਚਾ ਜੀਵਨ ਪੰਥਕ ਜੀਵਨ ਹੈ। ਗੁਰਬਾਣੀ, ਸਿੱਖ ਧਰਮ, ਮਰਯਾਦਾ ਵਿਚ ਵਿਅਕਤੀ ਵਿਸ਼ੇਸ਼ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਗਈ। ਹਰ ਸਿੱਖ ਪੰਥ ਦੀ ਇਕ ਬਹੁਮੁੱਲੀ ਕੜੀ ਹੈ। ਸਿੱਖ ਬੱਚੇ ਦੇ ਜਨਮ ਤੋਂ ਲੈ ਕੇ ਅੰਤਿਮ ਰਸਮਾਂ ਤਕ ਉਹ ਪੰਥ ਦਾ ਅਨਿੱਖੜਵਾਂ ਹਿੱਸਾ ਹੈ। ਇਹੀ ਕਾਰਨ ਹੈ ਕਿ ਸਿੱਖ ਨੂੰ ਜਨਮ ਤੋਂ ਲੈ ਕੇ ਮੌਤ ਤਕ ਸਿੱਖ-ਰਹਿਣੀ ਵਿਚ ਰਹਿਣ ਦੀ ਤਾਕੀਦ ਕੀਤੀ ਗਈ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਸਿੱਖ ਦੀ ਸਾਰੀ ਜ਼ਿੰਦਗੀ ਪਰਉਪਕਾਰ ਵਾਲੀ ਹੈ। ਸਿੱਖ ਲਈ ਸ਼ਖ਼ਸੀ ਧਰਮ ਪੂਰਾ ਕਰਦਿਆਂ ਹੋਇਆਂ ਪੰਥਕ ਫ਼ਰਜ਼ ਵੀ ਪੂਰੇ ਕਰਨੇ ਹਨ। ਹਰ ਇਕ ਸਿੱਖ ਵੱਲੋਂ ਕੀਤੇ ਗਏ ਚੰਗੇ-ਮਾੜੇ ਵਿਵਹਾਰ ਦਾ ਅਸਰ ਸਮੁੱਚੇ ਪੰਥ 'ਤੇ ਪੈਂਦਾ ਹੈ। ਇਸ ਕਰਕੇ ਸਿੱਖ ਦੇ ਸ਼ਖ਼ਸੀ ਜੀਵਨ ਅਤੇ ਪੰਥਕ ਜੀਵਨ ਨੂੰ ਨਿਖੇੜ ਕੇ ਬਿਲਕੁਲ ਨਹੀਂ ਦੇਖਿਆ ਜਾ ਸਕਦਾ। ਸਿੱਖ-ਜਥੇਬੰਦੀ ਦਾ ਨਾਂ 'ਪੰਥ' ਹੈ ਅਤੇ ਸਿੱਖ ਨੇ ਪੰਥ ਦਾ ਇਕ ਅੰਗ ਹੋ ਕੇ ਆਪਣਾ ਧਰਮ ਨਿਬਾਹੁਣਾ ਹੈ। ਜਥੇਬੰਦੀ ਦੀ ਏਕਤਾ, ਇਕਸੁਰਤਾ ਦਾ ਪਤਾ ਉਸ ਵੱਲੋਂ ਅਪਣਾਏ ਜਾਣ ਵਾਲੇ ਨਿਯਮਾਂ ਤੇ ਰਹਿਤ ਤੋਂ ਲੱਗਦਾ ਹੈ। ਸਿੱਖ ਲਈ 'ਸਿੱਖ ਰਹਿਤ ਮਰਯਾਦਾ' ਅਨੁਸਾਰ ਜੀਵਨ ਸਫਲ ਕਰਨਾ

ਜ਼ਿੰਦਗੀ ਹੈ। 'ਸਿੱਖ ਰਹਿਤ ਮਰਯਾਦਾ' ਸੰਖੇਪ ਅਤੀ ਮਹੱਤਵਪੂਰਨ ਸਿੱਖ ਵਿਧਾਨ ਹੈ, ਜਿਸ ਨੂੰ ਗੁਰੂ-ਪੰਥ ਦੀ ਪ੍ਰਵਾਨਗੀ ਹਾਸਲ ਹੈ।

'ਸਿੱਖ ਰਹਿਤ ਮਰਯਾਦਾ' ਦੇ ਆਰੰਭ ਵਿਚ ਸਿੱਖ ਦੀ ਤਾਰੀਫ਼ ਭਾਵ ਪਰਿਭਾਸ਼ਾ ਦਿੱਤੀ ਗਈ ਹੈ। ਇਸ ਪਰਿਭਾਸ਼ਾ ਤੋਂ ਸਿੱਖ ਨੂੰ ਸਿੱਖ ਦੀ ਵਿਲੱਖਣ ਹੋਂਦ ਹਸਤੀ ਦਾ ਅਹਿਸਾਸ ਹੁੰਦਾ ਹੈ ਕਿ ਕੀ ਅਸੀਂ ਇਸਤਰੀ ਜਾਂ ਪੁਰਸ਼ ਰੂਪ ਵਿਚ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ 'ਤੇ ਨਿਸਚਾ ਰੱਖਦੇ ਹਾਂ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦੇ ਤਾਂ ਅਸੀਂ ਸਿੱਖ ਹਾਂ। 'ਸਿੱਖ ਰਹਿਤ ਮਰਯਾਦਾ' ਦੇ ਇਹ ਆਰੰਭਕ ਸ਼ਬਦ ਸਾਨੂੰ ਤਾੜਨਾ ਕਰਦੇ ਹਨ ਕਿ ਸਿੱਖ ਨੇ ਕਿਸੇ ਵੀ ਸਮੇਂ, ਕਿਸੇ ਵੀ ਰੂਪ ਵਿਚ ਸਿੱਖੀ ਦੀ ਉਪਰੋਕਤ 'ਰਾਮਕਾਰ' 'ਚੋਂ ਬਾਹਰ ਨਹੀਂ ਜਾਣਾ। ਇਹ ਪਰਿਭਾਸ਼ਾ ਹੀ ਵਿਅਕਤੀਵਾਦ ਨੂੰ ਮੰਨਣ ਵਾਲਿਆਂ, ਸ਼ਖ਼ਸੀਅਤਾਂ ਦੇ ਪੁਜਾਰੀਆਂ ਨੂੰ ਸਿੱਖੀ ਦੀ ਸਤਿਕਾਰਤ ਪਦ-ਪਦਵੀ ਤੇ ਮਾਣ ਤੋਂ ਵਿਹੂਣਾ ਕਰਦੀ ਹੈ।

'ਸਿੱਖ ਰਹਿਤ ਮਰਯਾਦਾ' ਅਨੁਸਾਰ ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ: (1) ਸ਼ਖ਼ਸੀ, ਅਤੇ (2) ਪੰਥਕ ਰਹਿਣੀ। ਸਾਡੇ ਪੁਰਖਿਆਂ ਨੇ ਸਾਨੂੰ ਸਮਝਾਉਣ ਖ਼ਾਤਰ ਸ਼ਖ਼ਸੀ ਅਤੇ ਪੰਥਕ ਰਹਿਣੀ ਨੂੰ ਅਲੱਗ-ਅਲੱਗ ਦਰਜ ਕੀਤਾ ਹੈ। ਪਰ ਸ਼ਖ਼ਸੀ ਰਹਿਣੀ ਅਤੇ ਪੰਥਕ ਰਹਿਣੀ ਨੂੰ ਇਕ ਦੂਜੇ ਤੋਂ ਨਿਖੇੜਿਆ ਨਹੀਂ ਜਾ ਸਕਦਾ। ਸ਼ਖ਼ਸੀ ਰਹਿਣੀ ਦਾ ਸਮੁੱਚਾਪਨ ਪੰਥਕ ਰਹਿਣੀ ਹੈ ਅਤੇ ਪੰਥਕ ਰਹਿਣੀ, ਸ਼ਖ਼ਸੀ ਦਾ ਸਮੁੱਚਾਪਨ ਹੈ। ਇਹ ਇਕ ਦੂਜੇ ਦੇ ਪੂਰਕ ਅਤੇ ਅੰਤਰ-ਆਧਾਰਿਤ ਹਨ। ਵਿਅਕਤੀਵਾਦ ਦੀ ਨਾਮੁਰਾਦ ਬਿਮਾਰੀ ਤੋਂ ਬਚਣ ਵਾਸਤੇ ਸਾਡੇ ਪੁਰਖਿਆਂ ਨੇ ਗੁਰਬਾਣੀ, ਗੁਰਮਤਿ ਵਿਚਾਰਧਾਰਾ, ਸਿੱਖ ਪਰੰਪਰਾਵਾਂ ਦਾ ਅਧਿਐਨ ਕਰ ਕੇ ਸਿੱਖ ਰਹਿਤ ਮਰਯਾਦਾ ਨਿਸਚਿਤ ਕੀਤੀ। ਇਸ ਵਿਚ ਕੋਈ ਸ਼ੱਕ ਨਹੀਂ ਕਿ 'ਸਿੱਖ ਰਹਿਤ ਮਰਯਾਦਾ' ਦਾ ਉਲੇਖ ਪਾਵਨ ਪਵਿੱਤਰ ਗੁਰਬਾਣੀ ਅਤੇ ਗੁਰਮਤਿ ਵਿਚਾਰਧਾਰਾ ਨਾਲ ਸੰਬੰਧਿਤ ਵਡਮੁੱਲੇ ਸਾਹਿਤ ਵਿਚ ਪਹਿਲਾਂ ਹੀ ਵਿਦਮਾਨ ਸੀ ਪਰ ਕਿਸੇ ਵੀ ਗੁਰਸਿੱਖ ਪਾਸ ਇਤਨਾ ਸਮਾਂ ਤੇ ਸਮਰੱਥਾ ਨਹੀਂ ਕਿ ਇਨ੍ਹਾਂ ਉਪਰੋਕਤ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰ ਕੇ ਆਪਣਾ ਜੀਵਨ-ਮਾਰਗ ਸੁਨਿਸਚਿਤ ਕਰ ਸਕੇ। ਗੁਰਸਿੱਖਾਂ ਦੀ ਸੁਖੈਨਤਾ ਵਾਸਤੇ ਗੁਰੂ-ਗ੍ਰੰਥ ਤੇ ਗੁਰੂ-ਪੰਥ ਨੂੰ ਸਮਰਪਿਤ ਹੁੰਦਿਆਂ ਨਿਸਚਿਤ ਕੀਤੀ ਗਈ 'ਸਿੱਖ ਰਹਿਤ ਮਰਯਾਦਾ' 24 ਪੰਨਿਆਂ ਦਾ ਇਕ ਸਿਧਾਂਤਕ, ਕਾਨੂੰਨੀ, ਧਾਰਮਿਕ, ਸਮਾਜਿਕ ਅਤੇ ਇਤਿਹਾਸਕ ਪਰੰਪਰਾਵਾਂ ਆਧਾਰਿਤ ਦਸਤਾਵੇਜ਼ ਹੈ, ਜਿਸ ਦੀ ਭਾਸ਼ਾ-ਸ਼ੈਲੀ ਬੜੀ ਸੰਕੋਚਵੀਂ, ਗੁੰਦਵੀਂ ਤੇ ਸੰਜਮੀ ਹੈ, ਜਿਸ ਦਾ ਅੰਦਾਜ਼ਾ 'ਸਿੱਖ ਦੀ ਤਾਰੀਫ਼' ਤੇ 'ਸਿੱਖ ਅਰਦਾਸ' ਤੋਂ ਸਹਿਜੇ ਹੀ ਹੋ ਜਾਂਦਾ ਹੈ। ਗੁਰਮਤਿ ਵਿਚਾਰਧਾਰਾ ਅਨੁਕੂਲ ਗੁਰਮਤਿ ਸਾਹਿਤ ਨਾਲ ਸੰਬੰਧਿਤ ਸ਼ਾਇਦ ਇਹ ਸਭ ਤੋਂ ਸੰਖੇਪ ਦਸਤਾਵੇਜ਼ ਹੈ, ਜਿਸ ਵਿਚ ਸਿੱਖ ਧਰਮ-ਸਿਧਾਂਤਾਂ, ਧਰਮ-ਦਰਸ਼ਨ, ਵਿਚਾਰਧਾਰਾ, ਪਰੰਪਰਾਵਾਂ, ਜਨਮ, ਨਾਮ, ਅੰਮ੍ਰਿਤ, ਵਿਆਹ ਅਤੇ ਮੌਤ ਸੰਬੰਧੀ ਸੰਸਕਾਰਾਂ ਨੂੰ ਬਾਖ਼ੂਬੀ ਦਰਜ ਕੀਤਾ ਗਿਆ ਹੈ। ਉਦਾਹਰਣ ਦੇ ਤੌਰ 'ਤੇ ਜੇਕਰ ਅਸੀਂ ਸ਼ਖ਼ਸੀ ਰਹਿਣੀ ਦਾ ਪੱਖ ਹੀ ਲਈਏ ਤਾਂ

ਇਸ ਵਿਚ ਨਾਮ-ਬਾਣੀ ਦਾ ਅਭਿਆਸ, ਗੁਰਮਤਿ ਦੀ ਰਹਿਣੀ ਤੇ ਸੇਵਾ ਨੂੰ ਦਰਸਾਇਆ ਗਿਆ ਹੈ। ਇਨ੍ਹਾਂ ਤਿੰਨਾਂ ਪੱਖਾਂ ਨੂੰ ਜੇਕਰ ਵਿਚਾਰਿਆ ਜਾਵੇ ਤਾਂ ਇਹ ਤਿੰਨੋਂ ਹੀ ਪੱਖ ਸ਼ਖ਼ਸੀ ਰਹਿਣੀ ਦੇ ਨਾਲ-ਨਾਲ ਪੰਥਕ ਰਹਿਣੀ ਦਾ ਵੀ ਅਟੁੱਟ ਹਿੱਸਾ ਹਨ। ਉਦਾਹਰਣ ਦੇ ਤੌਰ 'ਤੇ ਅਰਦਾਸ ਨੂੰ ਹੀ ਲਿਆ ਜਾਵੇ। ਅਰਦਾਸ ਸਿੱਖ ਸ਼ਖ਼ਸੀ ਰੂਪ ਵਿਚ ਵੀ ਕਰਦਾ ਹੈ ਅਤੇ ਪੰਥਕ ਰੂਪ ਵਿਚ ਵੀ। ਇਥੋਂ ਤਕ ਕਿ ਸਿੱਖ ਸਮਾਜ ਨਾਲ ਸੰਬੰਧਿਤ ਕੋਈ ਵੀ ਕਾਰਜ ਅਰਦਾਸ ਤੋਂ ਬਿਨਾਂ ਸੰਪੂਰਨ ਨਹੀਂ ਹੋ ਸਕਦਾ। ਬਲਿਹਾਰ ਜਾਈਏ ਆਪਣੇ ਪੁਰਖਿਆਂ ਦੇ, ਜਿਨ੍ਹਾਂ ਨੇ ਅਰਦਾਸ ਨੂੰ 'ਸਿੱਖ ਰਹਿਤ ਮਰਯਾਦਾ' ਦਾ ਜ਼ਰੂਰੀ ਆਰੰਭਕ ਅੰਗ ਬਣਾਇਆ ਅਤੇ ਤਾਕੀਦ ਕੀਤੀ ਕਿ ਹਰ ਸਿੱਖ ਨੇ ਸਵੇਰੇ-ਸ਼ਾਮ ਨਿੱਤਨੇਮ ਉਪਰੰਤ ਅਰਦਾਸ ਕਰਨੀ ਹੈ। ਇਸ ਤੋਂ ਵੱਡੀ ਪੰਥਕ ਜੀਵਨ ਸੰਬੰਧੀ 'ਸਿੱਖ ਰਹਿਤ ਮਰਯਾਦਾ' ਦੀ ਕੀ ਮਹੱਤਤਾ ਹੋ ਸਕਦੀ ਹੈ ਕਿ ਇਹ ਅਰਦਾਸ ਹਰ ਸਿੱਖ ਨੂੰ ਸੁਬ੍ਹਾ-ਸ਼ਾਮ ਨਿੱਜੀ ਰੂਪ ਵਿਚ ਅਤੇ ਹਰ ਕਾਰਜ ਭਾਵੇਂ ਉਹ ਨਿੱਜੀ ਹੋਵੇ ਜਾਂ ਪੰਥਕ ਸਮੇਂ ਕਰਨ ਦੀ ਤਾਕੀਦ ਕੀਤੀ ਗਈ ਹੈ ? ਅਰਦਾਸ ਜਿਹੜੀ ਕਿ ਪਾਵਨ ਪਵਿੱਤਰ ਗੁਰਬਾਣੀ, ਸਿੱਖ-ਸਿਧਾਂਤਾਂ, ਪਰੰਪਰਾਵਾਂ ਤੇ ਇਤਿਹਾਸ ਦਾ ਅਤੀ ਸੰਖੇਪ ਪਰ ਸਮੇਂ ਅਤੇ ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਵਡਮੁੱਲਾ ਦਸਤਾਵੇਜ਼ ਹੈ, ਇਸ ਦੀ ਉਦਾਹਰਣ ਵਿਸ਼ਵ ਧਰਮ-ਦਰਸ਼ਨ ਵਿਚ ਹੋਰ ਕਿਧਰੇ ਨਹੀਂ ਮਿਲਦੀ।

ਇਸ ਤਰ੍ਹਾਂ 'ਸਿੱਖ ਰਹਿਤ ਮਰਯਾਦਾ' ਵਿਚ ਹੀ ਸਾਨੂੰ ਗੁਰਦੁਆਰੇ ਦੀ ਮੱਦ ਵਿਚ ਤਾਕੀਦ ਕੀਤੀ ਗਈ ਹੈ ਕਿ ਗੁਰਦੁਆਰੇ ਦਾ ਵਿਧੀ-ਵਿਧਾਨ ਕੀ ਹੈ ? ਹਰ ਸਿੱਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਤੋਂ ਲੈ ਕੇ ਸੁਖਾਸਨ ਤਕ ਦੀ ਮਰਯਾਦਾ ਦ੍ਰਿੜ੍ਹ ਕਰਾਈ ਗਈ ਹੈ। ਇਸ ਵਿਚ ਹੀ ਸਪੱਸ਼ਟ ਕੀਤਾ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਅਦਬ-ਸਤਿਕਾਰ ਕਿਵੇਂ ਕਾਇਮ ਰੱਖਣਾ ਹੈ। ਇਸ ਭਾਗ ਵਿਚ ਹੀ ਸਪੱਸ਼ਟ ਕੀਤਾ ਗਿਆ ਹੈ ਕਿ ਗੁਰੂ ਖ਼ਾਲਸਾ ਪੰਥ ਦੇ ਪੰਜ ਪ੍ਰਮਾਣਿਤ ਤਖ਼ਤ ਹਨ। ਇਥੇ ਇਹ ਵੀ ਸਮਝਾਇਆ ਗਿਆ ਹੈ ਕਿ ਗੁਰਦੁਆਰੇ ਦੀ ਸੰਸਥਾ ਸਭ ਦੀ ਸਾਂਝੀ ਹੈ ਪਰ ਤਖ਼ਤਾਂ ਦਾ ਸੰਬੰਧ ਇਸ ਨੂੰ ਮੰਨਣ ਵਾਲੇ ਸਿੱਖਾਂ ਨਾਲ ਹੀ ਹੈ; ਗੁਰਦੁਆਰੇ ਵਿਚ ਹਰੇਕ ਨੂੰ ਬਰਾਬਰਤਾ ਹਾਸਲ ਹੈ ਪਰ ਤਖ਼ਤਾਂ ਦੇ ਖ਼ਾਸ ਅਸਥਾਨ ਉੱਤੇ ਕੇਵਲ ਰਹਿਤਵਾਨ ਅੰਮ੍ਰਿਤਧਾਰੀ (ਸਿੰਘ ਜਾਂ ਸਿੰਘਣੀ) ਹੀ ਚੜ੍ਹ ਸਕਦੇ ਹਨ।

ਏਸੇ ਤਰ੍ਹਾਂ ਹੀ 'ਸਿੱਖ ਰਹਿਤ ਮਰਯਾਦਾ' ਵਿਚ ਕੀਰਤਨ ਕਰਨ, ਹੁਕਮ ਲੈਣ, ਸਹਿਜ ਪਾਠ, ਅਖੰਡ ਪਾਠ, ਕੜਾਹ ਪ੍ਰਸ਼ਾਦ, ਗੁਰਬਾਣੀ ਦੀ ਕਥਾ, ਜਨਮ ਅਤੇ ਨਾਮ ਸੰਸਕਾਰ, ਅਨੰਦ ਸੰਸਕਾਰ, ਸੇਵਾ ਆਦਿ ਬਾਰੇ ਸੰਖੇਪ ਪਰ ਭਾਵਪੂਰਨ ਵਰਣਨ ਦਰਜ ਹੈ। ਇਸ ਤਰ੍ਹਾਂ ਹੀ ਪੰਥਕ-ਰਹਿਣੀ ਦੀ ਮੱਦ ਵਿਚ ਗੁਰੂ-ਪੰਥ, ਅੰਮ੍ਰਿਤ-ਸੰਸਕਾਰ, ਤਨਖ਼ਾਹ ਲਾਉਣ ਦੀ ਵਿਧੀ, ਗੁਰਮਤਾ ਕਰਨ ਦੀ ਵਿਧੀ ਬਾਰੇ ਬਹੁਤ ਹੀ ਮਹੱਤਵਪੂਰਨ ਸਿਧਾਂਤਕ ਜਾਣਕਾਰੀ ਅੰਕਿਤ ਹੈ।

'ਸਿੱਖ ਰਹਿਤ ਮਰਯਾਦਾ' ਦੇ ਮਹੱਤਵ ਨੂੰ ਭਲੀ ਭਾਂਤ ਜਾਣਨ/ਸਮਝਣ ਲਈ ਸਹਾਇਕ ਹੋ ਸਕਦੇ, ਇਸ ਦੇ ਕੁਝ ਅੰਸ਼ ਜੋ ਇਸ ਪ੍ਰਕਾਰ ਹਨ :

ਸੇਵਾ, ਸਫਲ ਉਹ ਹੈ ਜੋ ਥੋੜ੍ਹੇ ਯਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ। ਇਹ ਗੱਲ ਜਥੇਬੰਦੀ ਦੇ ਰਾਹੀਂ ਹੋ ਸਕਦੀ ਹੈ। ਸਿੱਖ ਨੇ ਸ਼ਖ਼ਸੀ ਧਰਮ ਪੂਰਾ ਕਰਦਿਆਂ ਹੋਇਆਂ ਨਾਲ ਹੀ ਪੰਥਕ ਫ਼ਰਜ਼ ਭੀ ਪੂਰੇ ਕਰਨੇ ਹਨ।... ਹਰ ਇਕ ਸਿੱਖ ਨੇ 'ਪੰਥ' ਦਾ ਇਕ ਅੰਗ ਹੋ ਕੇ ਭੀ ਆਪਣਾ ਧਰਮ ਨਿਭਾਉਣਾ ਹੈ। ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਨੂੰ ਅੰਤਿਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।" *(ਸ.ਫ਼ਾ 27)*

ਹਰ ਦੇਸ਼, ਹਰ ਮਜ਼੍ਹਬ ਤੇ ਜਾਤੀ ਦੇ ਇਸਤਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ ਜੋ ਸਿੱਖ ਧਰਮ ਗ੍ਰਹਿਣ ਕਰਨ 'ਤੇ ਉਸ ਦੇ ਅਸੂਲਾਂ ਉੱਪਰ ਚੱਲਣ ਦਾ ਪ੍ਰਣ ਕਰੇ।...

ਸਿੱਖ ਧਰਮ ਵਿਚ ਕਿਰਤਮ ਦੀ ਪੂਜਾ ਤਿਆਗ ਕੇ ਇਕ ਕਰਤਾਰ ਦੀ ਪ੍ਰੇਮਾ-ਭਗਤੀ ਤੇ ਉਪਾਸ਼ਨਾ ਦੱਸੀ ਹੈ। ਇਸ ਦੀ ਪੂਰਨਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛਕ ਕੇ ਰਹਿਤ-ਬਹਿਤ ਰੱਖਣਾ ਮੁੱਖ ਸਾਧਨ ਹਨ। *(ਸ.ਫ਼ਾ 28)*

ਫਿਰ ਪੰਜਾਂ ਪਿਆਰਿਆਂ 'ਚੋਂ ਕੋਈ ਸੱਜਣ ਰਹਿਤ ਦੱਸੇ - ਅੱਜ ਤੋਂ ਤੁਸੀਂ "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ" ਹੈ ਅਤੇ ਖ਼ਾਲਸਾ ਪੰਥ ਵਿਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਹਨ। ਜਨਮ ਆਪ ਦਾ ਕੇਸਗੜ੍ਹ ਸਾਹਿਬ ਦਾ ਤੇ ਵਾਸੀ ਅਨੰਦਪੁਰ ਸਾਹਿਬ ਦੀ ਹੋ। ਤੁਸੀਂ ਇਕ ਪਿਤਾ ਦੇ ਪੁੱਤਰ ਹੋਣ ਕਰਕੇ ਆਪਸ ਵਿਚ ਤੇ ਹੋਰ ਸਾਰੇ ਅੰਮ੍ਰਿਤ-ਧਾਰੀਆਂ ਦੇ ਧਾਰਮਿਕ ਭਰਾਤਾ ਹੋ। ਤੁਸੀਂ ਪਿਛਲੀ ਜਾਤ-ਪਾਤ, ਜਨਮ, ਦੇਸ਼, ਮਜ਼੍ਹਬ ਦਾ ਖ਼ਿਆਲ ਛੱਡ ਕੇ ਨਿਰੋਲ ਖ਼ਾਲਸਾ ਬਣ ਗਏ ਹੋ।

ਪੰਜਾਂ ਕੱਕਿਆਂ—ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ-ਸੰਗ ਰੱਖਣਾ।

ਇਹ ਚਾਰ ਕੁਰਹਿਤਾਂ ਨਹੀਂ ਕਰਨੀਆਂ :

1. ਕੇਸਾਂ ਦੀ ਬੇਅਦਬੀ
2. ਕੁੱਠਾ ਖਾਣਾ
3. ਪਰ-ਇਸਤਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ)
4. ਤਮਾਕੂ ਦਾ ਵਰਤਣਾ।

ਇਨ੍ਹਾਂ ਵਿੱਚੋਂ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇੱਛਾ ਵਿਰੁੱਧ ਅਨਭੋਲ ਹੀ ਕੋਈ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ ਨਹੀਂ। *(ਸ.ਫ਼ੇ 29-30)*

ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿਚ ਇਕ ਸੂਤ ਪਰੋਏ ਰਹਿਣਾ, ਰਹਿਤ ਵਿਚ ਕੋਈ ਭੁੱਲ ਹੋ ਜਾਵੇ ਤਾਂ ਖ਼ਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰ ਕੇ ਤਨਖ਼ਾਹ ਬਖ਼ਸ਼ਾਉਣੀ। ਅੱਗੇ ਲਈ ਸਾਵਧਾਨ ਰਹਿਣਾ।

ਜਿਸ ਕਿਸੇ ਸਿੱਖ ਪਾਸੋਂ ਰਹਿਤ ਵਿਚ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ-ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁਖ ਖੜੋ ਕੇ ਆਪਣੀ ਭੁੱਲ ਮੰਨੇ। *(ਸਫ਼ਾ 31)*

ਗੁਰ-ਸੰਗਤ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ ਗੁਰ-ਸੰਗਤ ਪਾਸ ਤਨਖ਼ਾਹ (ਡੰਡ) ਤਜਵੀਜ਼ ਕਰਨ।

ਸੰਗਤ ਨੂੰ ਬਖ਼ਸ਼ਣ ਵੇਲੇ ਹਠ ਨਹੀਂ ਕਰਨਾ ਚਾਹੀਦਾ। ਨਾ ਹੀ ਤਨਖ਼ਾਹ ਲੁਆਉਣ ਵਾਲੇ ਨੂੰ ਦੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ। ਤਨਖ਼ਾਹ ਕਿਸੇ ਕਿਸਮ ਦੀ ਸੇਵਾ, ਖ਼ਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ।"

ਉਕਤ ਉਲੇਖ ਅਧੀਨ ਵਾਕਾਂ ਦਾ ਅਧਿਐਨ ਤੇ ਵਿਸ਼ਲੇਸ਼ਣ ਪੰਥਕ ਜੀਵਨ ਵਿਚ 'ਸਿੱਖ ਰਹਿਤ ਮਰਯਾਦਾ' ਦੇ ਮਹੱਤਵ ਨੂੰ ਦ੍ਰਿੜ ਕਰਾਉਣ ਵਾਲਾ ਇਕ Base-Structure ਮੰਨਿਆ ਜਾ ਸਕਦਾ ਹੈ।

ਪੰਥਕ ਜੀਵਨ ਵਿਚ ਸੇਵਾ ਤੇ ਪਰਉਪਕਾਰ ਦਾ ਬਹੁਤ ਜ਼ਿਆਦਾ ਮਹੱਤਵ ਹੈ। ਗੁਰਦੁਆਰੇ ਸੇਵਾ ਤੇ ਪਰਉਪਕਾਰ ਦੇ ਸਿਖਲਾਈ ਕੇਂਦਰ ਹਨ।

ਪਰ ਅੱਜ ਸਿੱਖ ਪੰਥ ਇਕ ਕਰਤਾਰ ਦੀ ਪੂਜਾ ਉਪਾਸ਼ਨਾ ਦੇ 'ਸਿੱਖ ਰਹਿਤ ਮਰਯਾਦਾ' ਦੇ ਮੁੱਢਲੇ ਅਸੂਲਾਂ ਤੋਂ ਵੀ ਕਾਫ਼ੀ ਦੂਰ ਮਹਿਸੂਸ ਹੋ ਰਿਹਾ ਹੈ, ਤੇ ਵਿਅਕਤੀਵਾਦ ਤੇ ਡੇਰੇਦਾਰੀ ਦਾ ਗ਼ੁਲਾਮ ਬਣ ਰਿਹਾ ਹੈ। ਸਿੱਖ ਲਈ ਪੰਥਕ ਜੀਵਨ ਪ੍ਰਮੁੱਖਤਾ ਯੋਗ ਹੈ। ਸਿੱਖ ਨਿੱਜ ਵਾਸਤੇ ਨਹੀਂ ਬਲਕਿ ਪੰਥ ਵਾਸਤੇ ਹੈ। 'ਮੈਂ ਮਰਾਂ ਪੰਥ ਜੀਵੇ' ਦੀ ਭਾਵਨਾ ਹਰੇਕ ਸਿੱਖ ਦੇ ਅੰਦਰ ਵੱਸੀ ਹੋਣੀ ਚਾਹੀਦੀ ਹੈ।

'ਸਿੱਖ ਰਹਿਤ ਮਰਯਾਦਾ' ਇਕ ਪਾਸੇ ਸਪੱਸ਼ਟ ਜ਼ਾਬਤਾ ਅਪਨਾਉਣ ਤੇ ਦੂਜੇ ਪਾਸੇ ਗ਼ਲਤੀਆਂ-ਭੁੱਲਾਂ ਕਰਨ ਵਾਲਿਆਂ ਨੂੰ ਸੁਧਾਈ ਦਾ ਅਵਸਰ ਦੇਣ ਦਾ ਸਮਰਥਨ ਕਰਨ ਵਾਲੀ ਦਸਤਾਵੇਜ਼ੀ ਲਿਖਤ ਵੀ ਹੈ। 'ਸਿੱਖ ਰਹਿਤ ਮਰਯਾਦਾ' ਦਾ ਦੰਡ-ਵਿਧਾਨ ਦੁਨੀਆਂ ਵਿਚ ਆਪਣੀ ਉਦਾਹਰਣ ਆਪ ਹੈ। ਇਹ ਧਾਰਮਿਕ ਰੂਪ ਵਾਲੀ ਸਜ਼ਾ ਹੈ। ਇਹ ਭੁੱਲ ਕਰਨ ਵਾਲੇ ਨੂੰ ਗੁਰਬਾਣੀ ਪਾਠ ਅਤੇ ਹੱਥੀਂ ਸੇਵਾ ਦੇ ਵਿਭਿੰਨ ਰੂਪਾਂ ਰਾਹੀਂ ਸੁਧਾਰਨ ਵਾਲੀ ਹੈ। 'ਸਿੱਖ ਰਹਿਤ ਮਰਯਾਦਾ' ਸਮੁੱਚੇ ਤੌਰ 'ਤੇ ਗੁਰੂ ਨਾਲ ਜੋੜਨ ਵਾਲੀ ਹੈ ਨਾ ਕਿ ਗੁਰੂ ਨਾਲੋਂ ਤੋੜਨ ਵਾਲੀ। ਭੁੱਲਾਂ ਕਰਨ ਵਾਲੇ ਸਿੱਖ ਰਹਿਤ ਮਰਯਾਦਾ ਦੀ ਇਸ ਭਾਵਨਾ ਦਾ ਸਦਕਾ ਹੀ ਮੁੜ ਤਨਖ਼ਾਹ ਲਵਾ ਕੇ ਆਪਣੀ ਸੁਧਾਈ ਕਰਦੇ ਰਹੇ ਹਨ। ਪਰੰਤੂ ਵਰਤਮਾਨ ਸਮੇਂ ਇਸ ਸੰਬੰਧ ਵਿਚ ਗਿਰਾਵਟ ਦੇ ਦ੍ਰਿਸ਼ ਦ੍ਰਿਸ਼ਟੀਗੋਚਰ ਹੋ ਰਹੇ ਹਨ।

ਉਪਰੋਕਤ ਸੰਖੇਪ ਵਰਣਨ ਤੋਂ ਸਪੱਸ਼ਟ ਹੈ ਕਿ 'ਸਿੱਖ ਰਹਿਤ ਮਰਯਾਦਾ' ਪਾਵਨ ਪਵਿੱਤਰ ਗੁਰਬਾਣੀ, ਗੁਰਮਤਿ ਵਿਚਾਰਧਾਰਾ, ਸਿੱਖ ਸਿਧਾਂਤਾਂ, ਪਰੰਪਰਾਵਾਂ ਅਨੁਸਾਰੀ ਸਿੱਖ ਜੀਵਨ-ਜਾਚ ਹੈ , ਜਿਸ ਤੋਂ ਬਿਨਾਂ ਸਿੱਖੀ ਜੀਵਨ ਦੀ ਕਲਪਨਾ ਕਰਨੀ ਮੁਸ਼ਕਲ ਹੈ। 'ਸਿੱਖ ਰਹਿਤ ਮਰਯਾਦਾ' ਜਿਥੇ ਸਿੱਖ ਨੂੰ ਸਿੱਖ ਨਾਲ ਜੋੜਦੀ ਹੈ ਅਤੇ ਉਸ ਨੂੰ

ਇਹ ਅਹਿਸਾਸ ਕਰਵਾਉਂਦੀ ਹੈ ਕਿ ਹਰ ਸਿੱਖ ਗੁਰੂ-ਪੰਥ ਦਾ ਅਨਿੱਖੜਵਾਂ ਅੰਗ ਹੈ, ਉਥੇ ਸਮੂਹਿਕ ਸਿੱਖ ਸ਼ਕਤੀ ਨੂੰ ਵੀ ਪ੍ਰਗਟ ਕਰਦੀ ਹੈ। 'ਸਿੱਖ ਰਹਿਤ ਮਰਯਾਦਾ' ਅਸਲ ਵਿਚ ਅਜਿਹਾ 'ਨਿਰਮਲ-ਦਰਪਣ' ਹੈ ਜਿਸ ਰਾਹੀਂ ਹਰ ਗੁਰਸਿੱਖ ਇਹ ਦੇਖ ਸਕਦਾ ਹੈ ਕਿ ਉਹ 'ਗੁਰੂ-ਗ੍ਰੰਥ' ਤੇ 'ਗੁਰੂ-ਪੰਥ' ਪ੍ਰਤੀ ਕਿਥੋਂ ਤਕ ਸਮਰਪਿਤ ਹੈ। 'ਸਿੱਖ ਰਹਿਤ ਮਰਯਾਦਾ' ਸਿੱਖ ਨੂੰ ਪੰਥਕ ਪਰਿਵਾਰ ਦਾ ਸਤਿਕਾਰਤ ਮੈਂਬਰ ਹੋਣ ਦਾ ਮਾਣ ਦਿਵਾਉਂਦੀ ਹੈ।

'ਸਿੱਖ ਰਹਿਤ ਮਰਯਾਦਾ' ਇਕ ਐਸੀ ਮਜ਼ਬੂਤ ਦੀਵਾਰ ਹੈ, ਜੋ ਸਿੱਖ ਨੂੰ ਆਚਰਣਹੀਣਤਾ, ਦੁਰਾਚਾਰ, ਵੈਰ-ਵਿਰੋਧ, ਨਸ਼ਿਆਂ ਦੀ ਨਾ-ਮੁਰਾਦ ਬਿਮਾਰੀ, ਕੁਰਹਿਤਾਂ ਆਦਿ ਤੋਂ ਬਚਾ ਕੇ ਗੁਰੂ ਦਾ ਸੱਚਾ-ਸੁੱਚਾ ਸਿੱਖ ਹੋਣ ਦਾ ਮਾਣ-ਸਤਿਕਾਰ ਦਿਵਾਉਂਦੀ ਹੈ। ਲੋੜ ਹੈ ਹਰ ਸਿੱਖ ਨੂੰ ਕਿ ਉਹ ਆਪਣੇ ਜੀਵਨ-ਕਾਲ ਵਿਚ ਵਕਤ ਰਹਿੰਦੇ 'ਸਿੱਖ ਰਹਿਤ ਮਰਯਾਦਾ' ਨੂੰ ਪੜ੍ਹੇ, ਸਮਝੇ ਅਤੇ ਇਸ ਅਨੁਸਾਰੀ ਜੀਵਨ ਜੀਉਣ ਦਾ ਯਤਨ ਕਰੇ।

ਨਿਸ਼ਾਨਿ ਸਿਖੀ ਈਂ...

ਵਰਤਮਾਨ ਭਾਰਤ ਦੀ ਘਾੜਤ ਘੜਨ ਹਿਤ ਸਿੱਖ ਧਰਮ ਨੇ ਚੋਖਾ ਹਿੱਸਾ ਪਾਇਆ ਹੈ। ਸਿੱਖ ਧਰਮ ਦੇ ਆਦਿ ਆਰੰਭ ਕਰਤਾ, ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਆਪਣੇ ਸਮੇਂ ਭਾਰਤ ਦੀ ਸਮਾਜਿਕ, ਸਭਿਆਚਾਰਕ, ਰਾਜਸੀ ਤੇ ਧਾਰਮਿਕ ਖੇਤਰਾਂ ਵਿਚ ਆ ਚੁੱਕੀ ਗਿਰਾਵਟ ਨੂੰ ਪਾਵਨ-ਪਵਿੱਤਰ ਬਾਣੀ ਰਾਹੀਂ ਦਰਸਾਇਆ ਹੈ ਕਿ ਕਿਸ ਤਰ੍ਹਾਂ ਰਾਜਾ ਅਤੇ ਪਰਜਾ, ਬ੍ਰਾਹਮਣ, ਮੌਲਵੀ, ਕਾਜ਼ੀ ਆਪਣੇ ਆਪਣੇ ਇਖ਼ਲਾਕ ਤੋਂ ਗਿਰ ਚੁੱਕੇ ਸਨ :

ਰਾਜੇ ਸੀਹ ਮੁਕਦਮ ਕੁਤੇ... ॥ *(ਵਾਰ ਮਲਾਰ ਮਹਲਾ ੧, ਪੰਨਾ 1288)*

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
(ਵਾਰ ਮਾਝ ਮਹਲਾ ੧, ਪੰਨਾ 145)

ਨ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ ॥
(ਵਾਰ ਮਾਝ ਮਹਲਾ ੧, ਪੰਨਾ 149-50)

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥
(ਬਸੰਤੁ ਹਿੰਡੋਲੁ ਮਹਲਾ ੧, ਪੰਨਾ 1191)

ਅਜਿਹੀ ਰਸਾਤਲ ਦੀ ਹਾਲਤ ਨੂੰ ਪਹੁੰਚ ਚੁੱਕੇ ਭਾਰਤੀਆਂ ਦੀ ਆਤਮਾ ਨੂੰ ਝੰਜੋੜ ਕੇ ਜਗਾਉਣ ਤੇ ਗ਼ੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ 'ਨਾਨਕ ਨਿਰਮਲ ਪੰਥ' ਦੀ ਆਧਾਰ-ਸ਼ਿਲਾ ਰੱਖੀ। 'ਨਾਨਕ ਨਿਰਮਲ ਪੰਥ' ਦੇ ਮੈਂਬਰ ਬਣਨ ਲਈ ਪਹਿਲੀ ਸ਼ਰਤ ਇਹ ਰੱਖੀ ਗਈ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥

(ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਪੰਨਾ 1412)

ਇਸ ਕਾਰਜ ਦੀ ਸਿੱਧੀ ਲਈ ਹੀ ਗੁਰਦੇਵ ਜੀ ਨੇ ਉਦਾਸੀਆਂ ਕੀਤੀਆਂ ਤੇ ਸਮੇਂ ਦੇ ਹਾਕਮਾਂ, ਜਾਬਰਾਂ, ਬਾਬਰਾਂ ਦੇ ਜ਼ੁਲਮ ਦੇ ਵਿਰੁੱਧ ਆਵਾਜ਼ ਉਠਾਈ। ਇਨ੍ਹਾਂ ਜ਼ੁਲਮੀ ਹਨੇਰੀਆਂ ਨੂੰ ਠੱਲ੍ਹਣ ਲਈ ਹੀ ਪੰਜਵੇਂ ਤੇ ਨੌਵੇਂ ਨਾਨਕ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ। ਆਪਣੀ ਹੋਂਦ ਦੀ ਪਹਿਚਾਣ, ਅਸਲ ਨਾਲ ਜੁੜਨ ਤੇ ਸਵੈਮਾਨ

ਤੇ ਅਣਖ-ਮਈ ਜੀਵਨ ਜੀਉਣ, 'ਨਾਨਕ ਮਿਸ਼ਨ' ਦੀ ਪੂਰਤੀ ਲਈ ਰੱਬੀ ਆਦੇਸ਼ ਮੁਤਾਬਿਕ 30 ਮਾਰਚ, 1699 ਈ. ਨੂੰ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ ਪੰਥ' ਦੀ ਸਾਜਨਾ ਕੀਤੀ।

'ਖ਼ਾਲਸਾ' ਅਰਬੀ ਭਾਸ਼ਾ ਦਾ ਸ਼ਬਦ ਹੈ। ਇਹ ਸ਼ਬਦ ਉਸ ਜ਼ਮੀਨ-ਜਾਇਦਾਦ ਵਾਸਤੇ ਇਸਤੇਮਾਲ ਹੁੰਦਾ ਸੀ ਜਿਸ ਦਾ ਸੰਬੰਧ ਸਿੱਧਾ ਬਾਦਸ਼ਾਹ ਨਾਲ ਹੁੰਦਾ ਸੀ। ਖ਼ਾਲਸਾ ਉਸੇ ਤਰ੍ਹਾਂ ਅਕਾਲ ਪੁਰਖ ਵਾਹਿਗੁਰੂ ਨਾਲ ਸਿੱਧੇ ਰੂਪ ਵਿਚ ਸੰਬੰਧਿਤ ਹੈ, ਜੋ ਵਾਹਿਗੁਰੂ ਦੀ ਆਪਣੀ ਰਜ਼ਾ ਅਨੁਸਾਰ ਹੀ ਪ੍ਰਗਟ ਹੋਇਆ ਹੈ:

ਖਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖ਼ਾਲਸਾ ਪਰਮਾਤਮ ਕੀ ਮੌਜ॥

ਖ਼ਾਲਸਾ ਖ਼ੁਦਮੁਖ਼ਤਿਆਰ ਹੈ। ਇਹ ਖ਼ੁਦਮੁਖ਼ਤਿਆਰੀ ਹਲਤ-ਮੁਖੀ ਵੀ ਹੈ ਤੇ ਪਲਤ-ਮੁਖੀ ਵੀ ਹੈ। ਖ਼ਾਲਸਾ ਪੰਥ ਦੇ ਹਰ ਮੈਂਬਰ ਦਾ ਅੰਮ੍ਰਿਤਧਾਰੀ ਹੋਣਾ ਤੇ ਆਪਣੀ ਨਿਵੇਕਲੀ ਹੋਂਦ ਨੂੰ ਬਣਾਈ ਰੱਖਣ ਲਈ ਪੰਜ ਕਕਾਰੀ ਬਾਣੇ ਦਾ ਧਾਰਨੀ ਹੋਣਾ ਅਤੀ ਅਵੱਸ਼ਕ ਹੈ। ਖ਼ਾਲਸਈ ਸਰੂਪ ਨੂੰ ਬਣਾਈ ਰੱਖਣ ਲਈ ਹਰ ਸਿੱਖ ਰੋਜ਼ਾਨਾ ਗੁਰੂ ਚਰਨਾਂ 'ਚ ਅਰਦਾਸ ਕਰਦਾ ਹੈ—"ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ..." ਖ਼ਾਲਸਈ ਸਰੂਪ ਨੂੰ ਧਾਰਨਾ ਤੇ ਇਸ ਨੂੰ ਬਣਾਈ ਰੱਖਣਾ ਗੁਰਮਤਿ ਭਗਤੀ ਲਈ ਜ਼ਰੂਰੀ ਹੈ। ਆਪਣੇ ਗੁਰੂ ਵਲੋਂ ਬਖ਼ਸ਼ਿਸ਼ ਕੀਤੇ ਪੰਜ ਕਕਾਰੀ ਬਾਣੇ ਨੂੰ ਪਿਆਰ ਕਰਨਾ ਤੇ ਇਨ੍ਹਾਂ ਦੇ ਆਦਰਸ਼ਾਂ ਅਨੁਸਾਰੀ ਜੀਵਨ ਜੀਉਣਾ ਗੁਰਮਤਿ ਭਗਤੀ ਦਾ ਅੰਗ ਹੈ। ਡਾਕਟਰ ਤਾਰਨ ਸਿੰਘ ਦੇ ਕਥਨ ਅਨੁਸਾਰ "ਗੁਰੂ ਗੋਬਿੰਦ ਸਿੰਘ ਜੀ ਦਾ ਭਗਤ ਹੀ ਕਕਾਰ ਸਾਂਭ ਕੇ ਰੱਖ ਸਕਦਾ ਹੈ, ਹਰ ਕੋਈ ਨਹੀਂ ਸਾਂਭ ਸਕਦਾ।" ਭਾਵ ਗੁਰੂ ਆਸ਼ੇ ਅਨੁਸਾਰੀ ਜੀਵਨ ਜੀਉਣ ਤੇ ਗੁਰੂ ਦੇ ਉਪਦੇਸ਼ ਨੂੰ ਪਿਆਰ ਕਰਨ ਵਾਲਾ ਹੀ ਪੰਜ ਕਕਾਰਾਂ ਦੀ ਮਹਾਨਤਾ ਨੂੰ ਜਾਣ ਸਕਦਾ ਹੈ, ਅਜਿਹੇ ਸਿਦਕਵਾਨਾਂ ਕਕਾਰ ਭਗਤਾਂ ਨੇ ਸਿੱਖ-ਇਤਿਹਾਸ ਨੂੰ ਸਿਰਜਣ ਵਿਚ ਵਡਮੁੱਲਾ ਹਿੱਸਾ ਪਾਇਆ ਹੈ। ਸਾਡਾ ਸ਼ਹੀਦੀ ਇਤਿਹਾਸ ਕਕਾਰ ਭਗਤਾਂ ਦੀ ਹੀ ਬਦੌਲਤ ਹੋਂਦ ਵਿਚ ਆਇਆ ਹੈ। ਇਕ ਪਾਸੇ ਰਾਜ-ਭਾਗ ਦੇ ਲਾਲਚ ਤੇ ਦੂਸਰੇ ਪਾਸੇ ਗੁਰੂ ਬਖ਼ਸ਼ਿਸ਼ ਕਕਾਰ। ਸਮੁੱਚਾ ਸਿੱਖ-ਇਤਿਹਾਸ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਗੁਰਸਿੱਖਾਂ ਨੇ ਹਮੇਸ਼ਾ ਹੀ ਕਕਾਰਾਂ ਨੂੰ ਪਿਆਰ ਕੀਤਾ ਤੇ ਰਾਜ-ਭਾਗ ਤੇ ਨਵਾਬੀਆਂ ਨੂੰ ਠੁਕਰਾਇਆ।

ਨਿਰਬਲ, ਨਿਤਾਣੀ, ਸਾਹਸਹੀਣ ਤੇ ਗ਼ੁਲਾਮੀ ਦੇ ਆਦੀ ਹੋ ਚੁੱਕੇ ਭਾਰਤੀਆਂ ਵਿਚ ਨਵੀਂ ਰੂਹ ਫੂਕਣ ਲਈ, ਅਜਿਹਾ ਪੰਜ ਕਕਾਰੀ ਬਾਣਾ ਪਹਿਨਾਉਣਾ ਜ਼ਰੂਰੀ ਸੀ। ਇਨ੍ਹਾਂ ਲੋਕਾਂ ਦੀ ਹਾਲਤ ਇਥੋਂ ਤਕ ਨਿਘਰ ਚੁੱਕੀ ਸੀ ਕਿ ਇਹ 'ਰੋਟੀ-ਬੇਟੀ' ਦੀ ਰਾਖੀ ਨਹੀਂ ਸਨ ਕਰ ਸਕਦੇ। ਵਿਸਾਖੀ ਦੇ ਕ੍ਰਿਸ਼ਮੇ ਨੇ ਹੀ ਭਾਰਤੀ ਸਮਾਜ ਵਿਚ ਇਕ ਨਵਾਂ ਵਿਸ਼ਵਾਸ ਪੈਦਾ ਕੀਤਾ ਤੇ ਨਵੇਂ ਇਨਕਲਾਬ ਨੂੰ ਜਨਮ ਦਿੱਤਾ। ਖ਼ਾਲਸਾ ਪੰਥ ਦੀ ਸਾਜਨਾ ਕਰ, ਹਰ ਗੁਰਸਿੱਖ ਨੂੰ ਪੰਜ ਕਕਾਰੀ ਬਣਾ, ਪਹਿਲਾਂ ਗੁਰੂ ਜੀ ਵੱਲੋਂ ਇਹ ਤਾੜਨਾ ਕੀਤੀ ਗਈ:

ਨਿਸ਼ਾਨਿ ਸਿਖੀ ਈਂ ਪੰਜ ਹਰਫ਼ਿ ਕਾਫ਼॥
ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ਼॥

ਸਿੱਖੀ ਦੀ ਨਿਸ਼ਾਨੀ ਪੰਜ ਕਕਾਰੀ ਬਾਣਾ ਹੈ, ਜੋ ਵੀ ਸਿੱਖ ਅੰਮ੍ਰਿਤ ਦਾਤ ਪ੍ਰਾਪਤ ਕਰਦਾ ਹੈ, ਇਸ ਬਾਣੇ ਦਾ ਧਾਰਨੀ ਬਣ ਜਾਂਦਾ ਹੈ ਤੇ ਫਿਰ ਇਸ ਬਾਣੇ ਦੇ ਧਾਰਨੀ ਸ਼ਖ਼ਸ ਪਾਸੋਂ ਲੋਕਾਈ ਫਿਰ ਆਸ ਕਰਦੀ ਹੈ ਕਿ ਇਹ ਜ਼ੁਲਮ-ਜਬਰ ਦੇ ਵਿਰੁੱਧ ਲੜਨ ਵਾਲਾ, ਸਦਾਚਾਰੀ ਜੀਵਨ ਜੀਉਣ ਵਾਲਾ ਤੇ ਦੁਨਿਆਵੀ ਲਾਲਚ ਤੋਂ ਉੱਪਰ ਉਠਿਆ ਹੋਇਆ ਹੈ। ਲੋਕਾਈ ਦੇ ਇਸ ਵਿਸ਼ਵਾਸ ਨੂੰ ਬਣਾਈ ਰੱਖਣ ਲਈ ਇਸ ਬਾਣੇ ਦੇ ਧਾਰਨੀ ਦਾ ਵੀ ਪਵਿੱਤਰ ਧਰਮ ਕਰਤੱਵ ਬਣ ਜਾਂਦਾ ਹੈ ਕਿ ਉਸ ਦਾ ਸਿਰ ਤਾਂ ਭਾਵੇਂ ਚਲਾ ਜਾਵੇ ਪਰ ਗੁਰੂ ਤੋਂ ਬੇਮੁਖ ਨਾ ਹੋਵੇ। ਇਸ ਗੁਰਸਿੱਖੀ ਬਾਣੇ ਨੂੰ ਕਾਇਮ ਰੱਖਣ ਲਈ ਅਨੇਕਾਂ ਗੁਰੂ-ਭਗਤਾਂ ਨੇ ਆਰਿਆਂ ਨਾਲ ਆਪਾ ਚਿਰਵਾ, ਚਰਖੜੀ ਦੇ ਦੰਦਿਆਂ ਨਾਲ ਆਪਾ ਤੁੜਵਾ, ਰੰਬੀਆਂ ਨਾਲ ਖੋਪਰੀਆਂ ਲੁਹਾ, ਦੇਗਾਂ ਵਿਚ ਆਪਾ ਉਬਾਲ ਕੇ ਵੀ ਇਸ ਨੂੰ ਕਾਇਮ ਰੱਖਿਆ। ਇਹਨਾਂ ਗੁਰਮੁਖ ਗੁਰਸਿੱਖਾਂ ਦੀਆਂ ਜੀਵਨ ਕੁਰਬਾਨੀਆਂ ਨਾਲ ਸਿੱਖ-ਇਤਿਹਾਸ ਭਰਪੂਰ ਹੈ, ਗੁਰੂ ਕਿਰਪਾ ਸਦਕਾ ਕਿਸੇ ਵੀ ਗੁਰੂ ਵਾਲੇ ਨੇ ਅੱਜ ਤਕ ਕਕਾਰਾਂ ਨੂੰ ਪਹਿਨ ਕੇ ਕਦੇ ਪਿੱਛੇ ਪੈਰ ਨਹੀਂ ਪਾਇਆ, ਭਾਵੇਂ ਉਹਨਾਂ ਨੂੰ ਸ਼ਹਾਦਤ ਦਾ ਜਾਮ ਹੀ ਪੀਣਾ ਪਿਆ। ਗੁਰੂ ਜੀ ਵੀ ਰਹਿਤਵਾਨ ਨੂੰ ਪਿਆਰਦੇ ਹੋਏ ਫ਼ੁਰਮਾਨ ਕਰਦੇ ਹਨ:

ਰਹਿਣੀ ਰਹੈ ਸੋਈ ਸਿੱਖ ਮੇਰਾ...॥ *(ਰਹਿਤਨਾਮਾ ਭਾਈ ਦੇਸਾ ਸਿੰਘ ਜੀ)*

ਇਹ ਵੀ ਗੁਰੂ ਕਿਰਪਾ ਹੀ ਸਮਝਣੀ ਚਾਹੀਦੀ ਹੈ ਕਿ ਅੱਜ ਫੇਰ ਗੁਰ-ਸਿੱਖੀ ਦੇ ਬਾਗ਼ ਵਿਚ ਨਵੀਂ ਪੁੰਗਾਰ ਆਈ ਹੈ। ਜਦ ਵੀ ਸਿੱਖੀ ਦੀ ਪਰਖ ਹੋਈ, ਸਿੱਖੀ ਪ੍ਰਫੁੱਲਿਤ ਹੋਈ, ਕਦੇ ਘਟੀ ਨਹੀਂ। ਇਸ ਦੇ ਵਿਨਾਸ਼ ਦੇ ਬਹੁਤ ਸਾਰੇ ਜਾਬਰਾਂ ਨੇ ਯਤਨ ਕੀਤੇ ਪਰ ਉਹ ਦੁਸ਼ਟ ਆਪਣਾ ਹੀ ਨਾਮੋ-ਨਿਸ਼ਾਂ ਮਿਟਾ ਕੇ ਦੁਨੀਆਂ ਤੋਂ ਕੂਚ ਕਰ ਗਏ।

ਪੰਜ-ਕਕਾਰੀ ਬਾਣੇ ਦੇ ਧਾਰਨੀ ਬਣਨ ਤੇ ਰਹਿਤ ਦੀ ਪਰਪੱਕਤਾ ਲਈ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਤੇ ਸਪੱਸ਼ਟਤਾ ਬਹੁਤ ਜ਼ਰੂਰੀ ਹੈ। ਅਸਲ ਵਿਚ ਗੁਰਸਿੱਖੀ ਦੀ ਘਾੜਤ ਬਾਲ-ਪਨ ਤੋਂ ਹੀ ਘੜੀ ਜਾਣੀ ਚਾਹੀਦੀ ਹੈ। ਇਸ ਕਾਰਜ ਲਈ ਆਰੰਭ ਤੋਂ ਹੀ ਆਪਣੇ ਬੱਚਿਆਂ ਨੂੰ ਗੁਰਮਤਿ ਰਹਿਤ ਨਾਲ ਜੋੜਨਾ ਚਾਹੀਦਾ ਹੈ। ਇਸ ਕਾਰਜ ਦੀ ਸਫਲਤਾ ਲਈ ਹਰ ਗੁਰਸਿੱਖ ਪ੍ਰੇਮੀ ਨੂੰ ਵਿਅਕਤੀਗਤ ਰੂਪ ਵਿਚ ਤੇ ਹਰ ਸੰਸਥਾ ਨੂੰ ਸੰਸਥਾ-ਗਤ ਰੂਪ ਵਿਚ ਯਤਨਸ਼ੀਲ ਹੋਣਾ ਚਾਹੀਦਾ ਹੈ ਤੇ ਵੱਧ ਤੋਂ ਵੱਧ ਆਪਣਾ ਹਿੱਸਾ ਪਾਉਣਾ ਚਾਹੀਦਾ ਹੈ।

ਸਿੱਖ ਕੌਮ ਆਰੰਭ ਤੋਂ ਹੀ ਅਤੀ ਨਾਜ਼ਕ ਦੌਰ ਵਿੱਚੋਂ ਗੁਜ਼ਰ ਕੇ ਵਿਕਸਤ ਹੋਈ ਹੈ। ਹਰ ਮੁਸ਼ਕਲ ਸਮੇਂ ਕੌਮੀ ਰੰਗਤ ਵਿਚ ਨਿਖਾਰ ਆਇਆ। ਆਉਣ ਵਾਲਾ ਸਮਾਂ ਵੀ ਸਿੱਖਾਂ ਲਈ ਕੋਈ ਫੁੱਲਾਂ ਦੀ ਸੇਜ-ਮਈ ਪ੍ਰਤੀਤ ਨਹੀਂ ਹੁੰਦਾ। ਇਸ ਲਈ ਸਾਨੂੰ ਆਪਣੇ ਮਨ ਤੇ ਤਨ ਨੂੰ ਬਲਵਾਨ ਬਣਾਉਣ ਲਈ ਗੁਰਬਾਣੀ ਨਾਲ ਜੁੜਨਾ ਚਾਹੀਦਾ

ਹੈ। ਗੁਰਬਾਣੀ ਨੂੰ ਪੜ੍ਹਨ, ਸਮਝਣ ਤੇ ਅਮਲ 'ਚ ਲਿਆਉਣ ਨਾਲ ਅਸੀਂ ਮਾਨਸਿਕ ਤੇ ਸਰੀਰਕ ਰੂਪ 'ਚ ਤੰਦਰੁਸਤ ਤੇ ਬਲਵਾਨ ਹੋਵਾਂਗੇ। ਭਾਈ ਵੀਰ ਸਿੰਘ ਦੇ ਕਥਨ ਅਨੁਸਾਰ ਸਿੱਖ ਦਾ ਫ਼ਰਜ਼ ਹੈ ਕਿ ਉਹ ਸੁਰਤਿ ਨੂੰ ਬਲਵਾਨ ਕਰੇ, ਤਦ ਹੀ ਚੜ੍ਹਦੀ ਕਲਾ ਦਾ ਜੀਵਨ ਜੀਵਿਆ ਜਾ ਸਕਦਾ ਹੈ।

ਸਿੱਖੀ ਹੈ ਬਲਵਾਨ ਕਰਨਾ ਸੁਰਤਿ ਨੂੰ।
ਚੜ੍ਹਦੀ ਕਲਾ ਨਿਵਾਸ ਸਦ ਹੀ ਰਖਣਾ।

ਕੌਮੀ ਵਿਰਾਸਤ ਨੂੰ ਕਾਇਮ ਰੱਖਣ ਲਈ ਤੇ ਖ਼ਾਲਸਾ ਆਦਰਸ਼ਾਂ ਦੀ ਸਥਾਪਤੀ ਲਈ ਹਰ ਸਮੇਂ ਹਰ ਸਿੱਖ ਲਈ ਰਹਿਤ ਵਿਚ ਪਰਪੱਕਤਾ ਦੀ ਜ਼ਰੂਰਤ ਹੈ। ਇਸ ਸਮੇਂ ਕੌਮ 'ਤੇ ਨਸ਼ਿਆਂ ਤੇ ਭਰੂਣ ਹੱਤਿਆ ਦੇ ਲੱਗ ਰਹੇ ਮਨਹੂਸ ਦਾਗ਼ਾਂ ਨੂੰ ਧੋਣ ਵਾਸਤੇ ਜ਼ਰੂਰੀ ਹੈ ਕਿ ਖ਼ਾਲਸਈ ਰਹਿਤ 'ਸਿੱਖ ਰਹਿਤ ਮਰਯਾਦਾ' ਨੂੰ ਮਨ-ਬਚ-ਕਰਮ ਤੋਂ ਲਾਗੂ ਕੀਤਾ ਜਾਵੇ। ਪੰਜ ਕਕਾਰੀ ਰਹਿਤ ਕੇਵਲ ਦਿਖਾਵੇ ਮਾਤਰ ਨਾ ਹੋਵੇ, ਸਗੋਂ ਕਕਾਰਾਂ ਨਾਲ ਜੁੜੀ ਗੁਰੂ ਭਗਤੀ ਨੂੰ ਅਮਲ ਵਿਚ ਦ੍ਰਿੜ ਕਰ, ਆਦਰਸ਼ਕ ਜੀਵਨ ਜੀਅ, ਸਮਾਜ ਨੂੰ ਨਵੀਂ ਸੇਧ ਪ੍ਰਦਾਨ ਕੀਤੀ ਜਾਵੇ। ਕੌਮੀ ਨਿਸ਼ਾਨੇ ਦੀ ਪ੍ਰਾਪਤੀ ਵਿਚ ਕਈ ਰੁਕਾਵਟਾਂ ਆ ਸਕਦੀਆਂ ਹਨ ਤੇ ਰਸਤਾ ਵੀ ਬਿਖੜਾ ਹੈ, ਇਸ ਲਈ ਹਮੇਸ਼ਾ ਸੁਚੇਤ ਰਹਿਣਾ :

ਵਕਤਿ ਫ਼ੁਰਸਤ ਹੈ ਕਹਾਂ, ਕਾਮ ਅਭੀ ਬਾਕੀ ਹੈ।
ਸ.ਫਰ ਕਾ ਇਹਤਮਾਮ ਕਰ, ਸ.ਫਰ ਅਭੀ ਬਾਕੀ ਹੈ।

ਕੇਸ, ਸਿੱਖ ਤੇ ਸਹਿਜਧਾਰੀ

ਅੱਜ-ਕੱਲ੍ਹ ਅਖ਼ਬਾਰਾਂ 'ਚ ਇਹ ਵਿਸ਼ਾ ਅਕਾਰਣ ਚਰਚਾ 'ਚ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ ਇਹ ਪੁੱਛਿਆ ਗਿਆ ਸੀ, 'ਕੀ ਜਿਹੜਾ ਮਨੁੱਖ ਕੇਸ/ਦਾੜ੍ਹੀ ਕੁਤਰਦਾ ਜਾਂ ਮੁੰਨਦਾ ਹੈ, ਉਹ ਸਿੱਖ ਗੁਰਦੁਆਰਾ ਐਕਟ 1925 ਅਨੁਸਾਰ ਸਹਿਜਧਾਰੀ ਸਿੱਖ ਹੈ ?' ਸਿੱਖ ਗੁਰਦੁਆਰਾ ਐਕਟ ਅਨੁਸਾਰ ਹੀ ਜੁਆਬ ਨਾਂਹ-ਪੱਖੀ ਹੈ। ਕੇਸ/ਦਾੜ੍ਹੀ ਕੁਤਰਨ ਜਾਂ ਮੁੰਨਣ ਵਾਲਾ ਸਹਿਜਧਾਰੀ ਸਿੱਖ ਨਹੀਂ ਹੋ ਸਕਦਾ। ਕੋਰਟ ਵੱਲੋਂ ਸਿੱਖ ਗੁਰਦੁਆਰਾ ਐਕਟ ਅਨੁਸਾਰ ਪੁੱਛਿਆ ਗਿਆ, ਜਿਸ ਦਾ ਜੁਆਬ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੇ ਦਿੱਤਾ ਗਿਆ ਹੈ, ਪਰ ਹੈਰਾਨ ਹਾਂ ਕਿ ਕੁਝ ਸਮਕਾਲੀ ਅਖ਼ਬਾਰਾਂ ਦੇ ਨਾਮਵਰ ਕਾਲਮਨਵੀਸ ਸਿੱਖ ਤੇ ਸਹਿਜਧਾਰੀ ਦੇ ਮਸਲੇ ਨੂੰ ਉਲਝਾ ਰਹੇ ਹਨ। ਉਹ ਸਿੱਖ ਰਹਿਤ ਮਰਯਾਦਾ ਤੇ ਸਿੱਖ ਗੁਰਦੁਆਰਾ ਐਕਟ 1925 'ਚ ਦਰਜ ਪਰਿਭਾਸ਼ਾ ਨੂੰ ਰਲਗੱਡ ਕਰ ਰਹੇ ਹਨ। ਇਨ੍ਹਾਂ ਨੇ ਸਿੱਖ ਰਹਿਤ ਮਰਯਾਦਾ 'ਚ ਅੰਕਿਤ ਸਿੱਖ ਦੀ ਪਰਿਭਾਸ਼ਾ ਨੂੰ ਪੜ੍ਹਿਆ ਵਿਚਾਰਿਆ ਨਹੀਂ; ਦੂਸਰਾ ਸਿੱਖ ਰਹਿਤ ਮਰਯਾਦਾ 'ਚ 'ਸਹਿਜਧਾਰੀ' ਸ਼ਬਦ ਹੀ ਸ਼ਾਮਲ ਨਹੀਂ ਹੈ ਤਾਂ ਫਿਰ ਕਿਸ ਕੁਚੇਸ਼ਟਤਾ ਕਰਕੇ ਅਜਿਹਾ ਕੀਤਾ ਜਾ ਰਿਹਾ ਹੈ ? ਸਿੱਖਾਂ ਨੂੰ ਕੇਸਾਂ ਦੀ ਮਹੱਤਤਾ ਤੇ ਜ਼ਰੂਰਤ, ਗ਼ੈਰ-ਸਿੱਖ ਸਮਝਾ ਰਹੇ ਹਨ। ਭਾਵੇਂ ਕਿ ਅੱਜ ਬਹੁਤ ਸਾਰੇ ਸਿੱਖ ਅਖਵਾਉਣ ਵਾਲੇ ਕੇਸਾਂ ਦੀ ਬੇਅਦਬੀ ਜਾਣੇ-ਅਨਜਾਣੇ, ਹਾਲਾਤ ਵੱਸ, ਪੱਛਮੀ ਪ੍ਰਭਾਵ, ਹੀਰੋਇਜ਼ਮ ਦੇ ਸ਼ਿਕਾਰ ਜਾਂ ਧਰਮ ਪ੍ਰਚਾਰ ਦੀ ਘਾਟ ਕਰ ਕੇ ਕਰ ਰਹੇ ਹਨ ਪਰ ਇਸ ਦਾ ਮਤਲਬ ਇਹ ਨਹੀਂ ਕਿ ਸਿੱਖ ਹੋਂਦ-ਹਸਤੀ ਤੇ ਪਹਿਚਾਣ ਦੇ ਲਖਾਇਕ ਕੇਸਾਂ ਦੀ ਬੇਅਦਬੀ ਕਰ ਕੇ, ਕੇਸਾਂ ਦੀ ਮਹੱਤਤਾ ਤੋਂ ਮੁਨਕਰ ਹੋ ਜਾਵੇ।

ਸਿੱਖ ਰਹਿਤ ਮਰਯਾਦਾ 'ਚ ਸਿੱਖ ਦੀ ਜੋ ਤਾਰੀਫ਼ ਦਿੱਤੀ ਗਈ ਹੈ, ਉਸ 'ਚ ਸਪੱਸ਼ਟ ਕੀਤਾ ਹੈ ਕਿ 'ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।'

ਪਰਿਭਾਸ਼ਕ ਸ਼ਬਦਾਵਲੀ ਹਮੇਸ਼ਾ ਹੀ ਸੰਕੋਚਵੀਂ, ਸੀਮਤ ਤੇ ਗੁੰਦਵੀਂ ਹੁੰਦੀ ਹੈ, ਜਿਸ ਦੇ ਸਾਰ-ਵਿਸਥਾਰ ਦੀ ਹਮੇਸ਼ਾ ਲੋੜ ਹੁੰਦੀ ਹੈ। ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ 'ਚ ਬਾਰ-ਬਾਰ ਅੰਕਿਤ ਹੈ ਕਿ ਸਿੱਖੀ ਸਰੂਪ ਸਾਬਤ-ਸੂਰਤ ਮਨੁੱਖ ਦਾ ਹੈ।

ਇਥੋਂ ਤੀਕ ਕਿ ਅਕਾਲ ਪੁਰਖ ਦਾ ਸਰਗੁਣ ਸਰੂਪ ਜੋ ਮੰਨਿਆ ਗਿਆ ਹੈ, ਉਹ ਵੀ ਕੇਸਾਧਾਰੀ ਹੈ। ਫਿਰ ਗੁਰੂ ਬਾਣੀ ਤੇ ਗੁਰੂ ਸਾਹਿਬਾਨ ਦੀ ਸਿੱਖਿਆ ਨੂੰ ਮੰਨਣ ਵਾਲਾ ਕੇਸਾਂ ਤੋਂ ਬਿਨਾਂ ਕਿਵੇਂ ਹੋਵੇਗਾ ?

ਸਿੱਖ ਰਹਿਤ ਮਰਯਾਦਾ ਸਿੱਖੀ ਵਿਧਾਨ ਹੈ, ਜਿਸ ਨੂੰ ਗੁਰੂ-ਪੰਥ ਦੀ ਪ੍ਰਵਾਨਗੀ ਹਾਸਲ ਹੈ। ਇਸ ਵਿਚ ਕੇਸਾਂ ਦੀ ਮਹੱਤਤਾ ਤੇ ਲੋੜ 'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਹਰ ਸਿੱਖ ਸੁਬ੍ਹਾ-ਸ਼ਾਮ ਜੋ ਅਰਦਾਸ ਕਰਦਾ ਹੈ, ਉਸ ਵਿਚ ਉਨ੍ਹਾਂ ਨੂੰ ਯਾਦ ਕਰਦਾ ਹੈ ਜਿਨ੍ਹਾਂ ਨੇ ਸਿੱਖੀ ਕੇਸਾਂ-ਸੁਆਸਾਂ ਨਾਲ ਨਿਬਾਹੀ। ਉਨ੍ਹਾਂ ਦਾ ਸਤਿਕਾਰ ਤੇ ਅਭਿਨੰਦਨ ਹਰ ਸਿੱਖ ਕਰਦਾ ਹੈ।

ਫਿਰ ਹਰ ਸਿੱਖ ਸਮੂਹਿਕ ਮੰਗ ਕਰਦਾ ਹੈ ਕਿ ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ ਤੇ ਰਹਿਤ ਦਾਨ... ਜਿਸ ਤੋਂ ਭਾਵ ਹੈ ਕਿ ਕੇਸ ਸਿੱਖ ਨੂੰ ਗੁਰੂ ਦੀ ਅਮਾਨਤ ਰੂਪ 'ਚ ਮਿਲੇ ਹਨ ਤੇ ਗੁਰੂ-ਪਿਤਾ ਹੀ ਕੇਸਾਂ ਦੇ ਮਾਣ-ਪਿਆਰ ਤੇ ਸਤਿਕਾਰ ਨਿਬਾਹ ਸਕਣ ਦੀ ਸ਼ਕਤੀ ਤੇ ਸਮਰੱਥਾ ਬਖ਼ਸ਼ਿਸ਼ ਕਰ ਸਕਦਾ ਹੈ। ਕੇਸ ਗੁਰੂ ਨਾਲ ਜੁੜੇ ਹੋਣ ਦੀ ਪਹਿਲੀ ਨਿਸ਼ਾਨੀ ਹੈ।

ਦੂਸਰਾ, ਤਖ਼ਤਾਂ 'ਤੇ ਹਰ ਸਿੱਖ, ਗ਼ੈਰ-ਸਿੱਖ ਦੀ ਅਰਦਾਸ ਹੋ ਸਕਦੀ ਹੈ ਪਰ ਸਿੱਖੀ ਦੀ ਪਦ-ਪਦਵੀ ਤੋਂ ਗਿਰੇ ਪਤਿਤ ਤੇ ਤਨਖ਼ਾਹੀਏ ਦੀ ਅਰਦਾਸ ਨਹੀਂ ਹੋ ਸਕਦੀ। ਇਸ ਤੋਂ ਵੱਡੀ ਸਜ਼ਾ ਹੋਰ ਕੀ ਹੋ ਸਕਦੀ ਹੈ ਕੇਸਾਂ ਨੂੰ ਤਿਲਾਂਜਲੀ ਦੇਣ ਵਾਲੇ ਸਿੱਖ ਨੂੰ ?

ਫਿਰ ਸਿੱਖ ਰਹਿਤ ਮਰਯਾਦਾ ਦੇ ਪੰਨਾ 20 'ਤੇ ਅੰਕਿਤ ਹੈ—'ਕੇਸ ਲੜਕੇ ਕੇ ਜੋ ਹੋਏ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ, ਕੇਸ ਉਹੀ (ਜਮਾਂਦਰੂ) ਰੱਖੇ, ਨਾਮ ਸਿੰਘ ਰੱਖੇ। ਸਿੱਖ ਆਪਣੇ ਲੜਕੇ-ਲੜਕੀਆਂ ਦੇ ਕੇਸ ਸਾਬਤ ਰੱਖੇ।'

ਅੰਮ੍ਰਿਤ-ਸੰਸਕਾਰ ਸਮੇਂ ਸਪੱਸ਼ਟ ਕੀਤਾ ਗਿਆ ਹੈ ਕਿ ਘੱਟੋ-ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ ਨੇ ਕੇਸੀ ਇਸ਼ਨਾਨ ਕੀਤਾ ਹੋਵੇ ਅਤੇ ਹਰ ਪ੍ਰਾਣੀ ਜਿਸ ਨੇ ਅੰਮ੍ਰਿਤ-ਪਾਨ ਕਰਨਾ ਹੋਵੇ, ਉਸ ਨੇ ਕੇਸੀ ਇਸ਼ਨਾਨ ਕੀਤਾ ਹੋਵੇ। ਹਰੇਕ, ਪੰਜ ਕਕਾਰਾਂ ਦਾ ਧਾਰਨੀ ਹੋਵੇ। ਪਹਿਲਾ ਕਕਾਰ ਫਿਰ ਕੇਸ ਹੈ। ਅੰਮ੍ਰਿਤ ਛਕਾਉਣ ਸਮੇਂ ਪੰਜ ਛੱਟੇ ਕੇਸਾਂ 'ਚ ਪਾਏ ਜਾਂਦੇ ਹਨ। ਰਹਿਤਾਂ ਤੋਂ ਬਾਅਦ ਕੁਰਹਿਤਾਂ ਬਾਰੇ ਦੱਸਿਆ ਜਾਂਦਾ ਹੈ, ਜੋ ਚਾਰ ਹਨ - ਪਹਿਲੀ ਕੁਰਹਿਤ - ਕੇਸਾਂ ਦੀ ਬੇਅਦਬੀ। ਸੋ ਉਪਰੋਕਤ ਸੰਖੇਪ ਵਰਣਨ ਤੋਂ ਸਪੱਸ਼ਟ ਹੈ ਕਿ ਹਰ ਸਿੱਖ ਸਦਵਾਉਣ ਵਾਲੇ ਨੇ ਕੇਸਾਂ ਦੀ ਸੰਭਾਲ ਤੇ ਸਤਿਕਾਰ ਕਰਨਾ ਹੈ, ਬੇਅਦਬੀ ਨਹੀਂ ਕਰਨੀ। ਕੇਸਾਂ ਦੀ ਬੇਅਦਬੀ ਕਰਨ ਵਾਲਾ, ਸਿੱਖ ਪਦ-ਪਦਵੀ ਤੋਂ ਵਿਹੂਣਾ ਹੋ ਜਾਂਦਾ ਹੈ। ਕੇਸਾਧਾਰੀ ਹੋ ਕੇ ਜੋ ਕੇਸ ਕਟਾਉਂਦਾ ਹੈ, ਉਹ ਸਿਰਗੁੰਮ ਹੈ, ਸਹਿਜਧਾਰੀ ਸਿੱਖ ਨਹੀਂ। ਪਰ ਕੇਸਾਂ ਦੀ ਬੇਅਦਬੀ ਕਰਨ ਵਾਲਾ ਨਵਾਂ ਬਹਾਨਾ ਬਣਾਏਗਾ ਕਿ ਸਿੱਖ ਗੁਰਦੁਆਰਾ ਐਕਟ ਵਿਚ ਤਾਂ ਦਾੜ੍ਹੀ/ਕੇਸ ਕੁਤਰਨ ਜਾਂ ਮੁੰਨਣ ਬਾਰੇ ਹੀ ਜ਼ਿਕਰ ਹੈ, ਸਰੀਰ ਦੇ ਬਾਕੀ ਹਿੱਸੇ ਦੇ ਕੇਸਾਂ ਬਾਰੇ ਤਾਂ ਜ਼ਿਕਰ ਨਹੀਂ ! ਸਿੱਖ ਸ਼ਬਦਾਵਲੀ ਵਿਚ ਵਾਲਾਂ ਨੂੰ ਸਤਿਕਾਰ ਵਜੋਂ

ਕੇਸ ਕਿਹਾ ਜਾਂਦਾ ਹੈ। ਕੇਸਾਂ ਜਾਂ ਵਾਲਾਂ ਦੀ ਸਰੀਰ 'ਤੇ ਵਿਆਪਕਤਾ ਤੋਂ ਇਨ੍ਹਾਂ ਦੀ ਲੋੜ ਤੇ ਮਹੱਤਤਾ ਸਪੱਸ਼ਟ ਹੋ ਜਾਂਦੀ ਹੈ। ਸਾਡੇ ਦੇਸ਼ ਦੀ ਬਦਕਿਸਮਤੀ ਹੈ ਕਿ ਮੁਗ਼ਲ ਰਾਜ-ਕਾਲ ਸਮੇਂ ਜੇਕਰ ਸਜ਼ਾ ਵਜੋਂ ਕੇਸ ਕਤਲ ਕਰਾਉਣ ਦਾ ਹੁਕਮ ਦਿੱਤਾ ਗਿਆ, ਤਾਂ ਜੁ ਭਾਰਤੀ ਹਿੰਦੂ ਕੇਸਾਧਾਰੀ ਹੋਣ ਕਰਕੇ ਸਿੱਖ ਨਾ ਸਮਝਿਆ ਜਾਵੇ ਤਾਂ ਅਸੀਂ ਕੇਸ ਕਤਲ ਕਰਨ ਦੀ ਸਜ਼ਾ ਨੂੰ ਫ਼ੈਸ਼ਨ ਪ੍ਰਵਾਨ ਕਰ ਲਿਆ। ਉਸ ਸਮੇਂ ਸਿੱਖਾਂ ਦਾ ਕਿਉਂਕਿ ਨਿੱਤ ਸ਼ਿਕਾਰ ਕੀਤਾ ਜਾਂਦਾ ਸੀ। ਮੇਰੇ ਭਾਰਤ ਮਹਾਨ ਦੇ ਹਿੰਦੂ-ਵਾਸੀਆਂ ਨੇ ਆਪਣੀ ਪਿਤਾ-ਪੁਰਖੀ ਜਟਾ-ਜੂਟ ਕੇਸਾਧਾਰੀ ਪਹਿਚਾਣ ਨੂੰ ਮਿਟਾ ਦਿੱਤਾ ਕਿ ਅਸੀਂ ਸਿੱਖਾਂ ਵਾਂਗ ਜਬਰ-ਜ਼ੁਲਮ ਦੇ ਸ਼ਿਕਾਰ ਨਾ ਹੋ ਜਾਈਏ। ਰਾਮਾਇਣ, ਮਹਾਂਭਾਰਤ, ਰਾਮ-ਲੀਲ੍ਹਾ, ਕ੍ਰਿਸ਼ਨ-ਲੀਲ੍ਹਾ ਆਦਿ ਦੇ ਸਾਰੇ ਪਾਤਰ ਅੱਜ ਵੀ ਕੇਸਾਧਾਰੀ ਬਣਾਏ ਜਾਂਦੇ ਹਨ, ਨਕਲੀ ਦਾੜ੍ਹੀ ਕੇਸ ਲਗਾ ਕੇ ! ਜਬਰ-ਜ਼ੁਲਮ ਤੋਂ ਡਰ ਕੇ ਪਹਿਲਾਂ ਭਾਰਤੀਆਂ ਨੇ ਆਪਣੀ ਵਿਰਾਸਤ ਨੂੰ ਤਿਲਾਂਜਲੀ ਦਿੱਤੀ ਤੇ ਨਕਲ ਕਰਨ ਲੱਗਿਆਂ ਵੀ ਅਸਲ ਸਰੂਪ ਨਹੀਂ ਦਰਸਾ ਸਕਦੇ !!

ਮੇਰਾ ਭਾਰਤ ਮਹਾਨ ਦੇ ਹਿੰਦੂ ਪ੍ਰਚਾਰਕ ਵੀਰ, ਸੰਤ, ਮਹਾਂਪੁਰਸ਼ ਅੱਜ ਵੀ ਜ਼ਿਆਦਾਤਰ ਕੇਸਾਧਾਰੀ ਸਰੂਪ 'ਚ ਹਨ, ਉਹ ਭਾਵੇਂ ਬਜ਼ੁਰਗ ਬਾਪੂ ਆਸਾ ਰਾਮ ਹੋਣ ਜਾਂ ਯੋਗ ਪ੍ਰਚਾਰਕ ਸਵਾਮੀ ਰਾਮਦੇਵ, ਜਾਂ ਆਰਟ ਆਫ਼ ਲਿਵਿੰਗ ਦੇ ਮੁਖੀ ਸ਼੍ਰੀ ਰਵੀ ਸ਼ੰਕਰ ਸਾਰੇ ਹੀ ਕੇਸਾਧਾਰੀ ਹਨ। ਅਧਿਆਤਮਕ ਤੌਰ 'ਤੇ ਭਾਰਤੀ ਸੰਸਕ੍ਰਿਤੀ ਅਨੁਸਾਰ ਕੇਸ ਪ੍ਰਭੂ-ਪਰਮਾਤਮਾ ਨਾਲ ਇਕਮਿਕ ਹੋਣ ਦੀ ਮੋਹਰ ਤੇ ਮਿਹਰ ਦੀ ਨਿਸ਼ਾਨੀ ਹੈ।

ਗੁਰਮਤਿ ਵਿਚਾਰਧਾਰਾ ਮਨੁੱਖ ਨੂੰ ਪ੍ਰਭੂ-ਰਜ਼ਾ ਵਿਚ ਜੀਵਨ ਜੀਉਣ ਦੀ ਤਾਕੀਦ ਕਰਦੀ ਹੈ। ਇਹੀ ਕਾਰਨ ਹੈ ਕਿ ਗੁਰਮਤਿ ਵਿਚ ਪ੍ਰਭੂ ਸਿਰਜਤ 'ਸਾਬਤ ਸੂਰਤ' ਜੀਵ ਨੂੰ ਹੀ ਪ੍ਰਵਾਨ ਕੀਤਾ ਗਿਆ ਹੈ। ਪ੍ਰਭੂ ਹੁਕਮ ਅਨੁਸਾਰ ਹਰ ਜੀਵ ਦੇ ਲੋੜ ਅਨਸੁਾਰ ਅੰਗ ਸਿਰਜੇ ਹੋਏ ਹਨ, ਕਿਸੇ ਵੀ ਜੀਵ ਦਾ ਕੋਈ ਅੰਗ ਬੇਲੋੜਾ ਤੇ ਵਾਧੂ ਨਹੀਂ ਹੁੰਦਾ। ਮਨੁੱਖ ਪ੍ਰਭੂ ਸਿਰਜਤ ਕੁਦਰਤ ਦਾ ਸਭ ਤੋਂ ਹੁਸੀਨ ਤੇ ਚੇਤੰਨ ਪ੍ਰਾਣੀ ਹੈ, ਇਸ ਧਰਤੀ ਦੇ ਸਭ ਜੀਵਾਂ 'ਤੇ ਮਨੁੱਖ ਦੀ ਹੀ ਸਿਰਦਾਰੀ ਹੈ। ਮਨੁੱਖੀ ਸਰੀਰ ਦੀ ਘਾੜਤ ਕਰਤੇ ਦੀ ਸਿਰਜਣਾ ਸ਼ਕਤੀ ਦੀ ਚਰਮਸੀਮਾ ਹੀ ਕਹੀ ਜਾ ਸਕਦੀ ਹੈ। ਮਨੁੱਖੀ ਸਰੀਰ ਦੇ ਹੋਰ ਅੰਗਾਂ ਵਾਂਗ ਕੇਸ ਮਨੁੱਖੀ ਸਰੀਰ ਦਾ ਅਤਿਅੰਤ ਮਹੱਤਵਪੂਰਨ ਅੰਗ ਹਨ। ਸਰੀਰਿਕ ਅੰਗਾਂ ਦਾ ਧਰਮ ਹੈ, ਉਹ ਨਿਰੰਤਰ ਕਾਰਜਸ਼ੀਲ ਤੇ ਵਿਕਾਸਸ਼ੀਲ ਰਹਿੰਦੇ ਹਨ। ਇਨ੍ਹਾਂ ਦੀ ਲੋੜ ਤੇ ਮਹੱਤਤਾ ਦਾ ਅੰਦਾਜ਼ਾ ਸਾਰੇ ਸਰੀਰ ਤੇ ਇਨ੍ਹਾਂ ਦੀ ਵਿਆਪਕਤਾ ਤੇ ਗਿਣਤੀ ਤੋਂ ਸਹਿਜੇ ਹੀ ਹੋ ਸਕਦਾ ਹੈ। ਮਨੁੱਖ ਅਗਿਆਨਤਾ ਵੱਸ ਕੁਦਰਤ ਦੇ ਨਿਯਮਾਂ ਦੀ ਉਲੰਘਣਾ ਕਰਨ ਦਾ ਯਤਨ ਕੇਸਾਂ ਦੀ ਬੇਅਦਬੀ ਕਰ ਕੇ ਕਰਦਾ ਹੈ ਪਰ ਦੇਖੋ ਕੁਦਰਤੀ ਕਰਾਮਾਤ ਕਿ ਬੱਚੇ ਦੇ ਜਨਮ ਸਮੇਂ ਕੇਸ ਹੁੰਦੇ ਹਨ ਤੇ ਮਨੁੱਖ ਦੇ ਅੰਤਿਮ ਸੁਆਸਾਂ ਤਕ ਨਿਰੰਤਰ ਵਿਕਾਸ ਕਰਦੇ ਰਹਿੰਦੇ ਹਨ। ਹੁਣ ਤਾਂ ਇਹ ਵੀ ਸਾਬਤ ਹੋ ਚੁੱਕਾ ਹੈ ਕਿ ਮੌਤ ਉਪਰੰਤ ਵੀ ਕੇਸ ਕੁਝ ਸਮਾਂ ਵਿਕਾਸ ਕਰਦੇ ਰਹਿੰਦੇ ਹਨ। ਜਿਤਨਾ ਮਰਜ਼ੀ ਮਨੁੱਖ ਇਨ੍ਹਾਂ ਨੂੰ ਮਿਟਾਉਣ

ਦਾ ਯਤਨ ਕਰੇ, ਇਹ ਆਪਣੀ ਹੋਂਦ ਹਸਤੀ ਤੇ ਮਹੱਤਵ ਦਾ ਪ੍ਰਗਟਾ ਕਰਦੇ ਹੀ ਰਹਿੰਦੇ ਹਨ। ਕੇਸ ਕੱਟਣ ਵਾਲੇ ਯਤਨਸ਼ੀਲ ਰਹਿੰਦੇ ਹਨ ਕਿ ਕੇਸ ਨਾ ਹੋਣ ਪਰ ਕੁਦਰਤ ਮਨੁੱਖ ਨੂੰ ਉਸ ਦੀ ਅਲਪੱਗਤਾ-ਅਗਿਆਨਤਾ ਦਾ ਅਹਿਸਾਸ ਕਰਾਉਣ ਲਈ ਕੇਸਾਂ ਦੀ ਹੋਂਦ ਨਿਰੰਤਰ ਬਣਾਈ ਰੱਖਦੀ ਹੈ। ਖ਼ੈਰ, ਅਸੀਂ ਇਥੇ ਆਮ ਮਨੁੱਖ ਦੀ ਗੱਲ ਨਹੀਂ ਕਰ ਰਹੇ, ਅਸੀਂ ਤਾਂ ਪ੍ਰਭੂ ਰਜ਼ਾ ਵਿਚ ਜੀਵਨ ਜੀਉਣ ਵਾਲੇ ਜੀਊੜੇ, ਗੁਰਮਤਿ ਵਿਚਾਰਧਾਰਾ ਦੇ ਧਾਰਨੀ ਗੁਰਸਿੱਖ ਦੀ ਗੱਲ ਕਰਨੀ ਚਾਹੁੰਦੇ ਹਾਂ।

'ਨਾਨਕ ਨਿਰਮਲ ਪੰਥ' ਦੇ ਪਾਂਧੀ ਬਣਨ ਲਈ ਪਹਿਲੀ ਸ਼ਰਤ ਕੇਸਾਧਾਰੀ ਹੋਣਾ ਹੈ। ਕੇਸ ਸਿੱਖ ਹੋਣ ਦੀ ਪਹਿਲੀ ਨਿਸ਼ਾਨੀ ਤੇ ਮੁੱਢਲੀ ਸ਼ਰਤ ਹੈ। ਇਹੀ ਕਾਰਨ ਹੈ ਕਿ ਸਿੱਖ ਨੂੰ ਵਿਸ਼ਵ ਵਿਚ ਆਪਣੇ ਧਰਮ, ਮਜ਼ਹਬ, ਅਕੀਦੇ ਬਾਰੇ ਕਿਧਰੇ ਜਾਣ-ਪਹਿਚਾਣ ਕਰਾਉਣ ਦੀ ਲੋੜ ਨਹੀਂ ਪੈਂਦੀ। ਕੇਸ ਗੁਰੂ ਦੀ ਮੋਹਰ ਹਨ। ਗੁਰਮਤਿ ਵਿਚਾਰਧਾਰਾ ਅਨੁਸਾਰ ਪਰਮਾਤਮਾ ਦਾ ਸਰੂਪ ਵੀ ਕੇਸਾਧਾਰੀ ਹੀ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:

ਤੇਰੇ ਬੰਕੇ ਲੋਇਣ ਦੰਤ ਰੀਸਾਲਾ॥
ਸੋਹਣੇ ਨਕ ਜਿਨ ਲੰਮੜੇ ਵਾਲਾ॥ *(ਵਡਹੰਸੁ ਮਹਲਾ ੧, ਪੰਨਾ 567)*

ਕੇਸ ਅਧਿਆਤਮਕਤਾ ਦੇ ਚਿੰਨ੍ਹ ਤੇ ਗਿਆਨ-ਪ੍ਰਕਾਸ਼ ਮਈ ਵਿਅਕਤੀ ਦੀ ਪਹਿਚਾਣ ਹਨ। ਇਹੀ ਕਾਰਨ ਹੈ ਕਿ ਸੰਸਾਰ ਦੇ ਬਹੁਤ ਸਾਰੇ ਧਾਰਮਿਕ, ਅਧਿਆਤਮਕ ਨੇਤਾ-ਮੁਖੀ ਕੇਸਾਧਾਰੀ ਹੁੰਦੇ ਹਨ ਅਤੇ ਅੱਜ ਵੀ ਹਨ। ਜਿਵੇਂ ਆਧੁਨਿਕ ਕਾਲ ਦੇ ਧਾਰਮਿਕ ਦਾਰਸ਼ਨਿਕ ਵਿਅਕਤੀ ਅਰਵਿੰਦੋ ਘੋਸ਼, ਰਾਬਿੰਦਰਨਾਥ ਟੈਗੋਰ, ਆਚਾਰੀਆ ਰਜਨੀਸ਼ ਆਦਿ ਸਭ ਕੇਸਧਾਰੀ ਸਨ।

ਕੇਸ ਕੇਵਲ ਗਿਆਨ-ਪ੍ਰਕਾਸ਼, ਅਧਿਆਤਮਕਤਾ ਦੇ ਹੀ ਲਖਾਇਕ ਨਹੀਂ, ਸਗੋਂ ਇਹ ਤਾਂ ਮਰਦਾਊਪੁਣੇ, ਸੂਰਬੀਰਤਾ, ਨਿਰਭੈਤਾ, ਅਣਖ, ਆਨ-ਸ਼ਾਨ ਦੇ ਵੀ ਪ੍ਰਤੀਕ ਹਨ। ਪੰਜਾਬੀ ਜ਼ੁਬਾਨ ਦੇ ਇਹ ਮੁਹਾਵਰੇ ਇਸ ਗੱਲ ਦੀ ਭਰਪੂਰ ਸ਼ਾਹਦੀ ਭਰਦੇ ਹਨ: ਦਾੜ੍ਹੀ ਖੇਹ ਪਾਉਣੀ, ਦਾਹੜੀ ਪੁੱਟਣੀ, ਦਾੜ੍ਹੀ ਮੁੰਨਵਾਉਣੀ, ਗੁੱਤ ਮੁੰਨਣੀ, ਮੁੱਛਾਂ ਕੱਟਵਾ ਲੈਣੀਆਂ, ਮੁੱਛ ਦਾ ਸੁਆਲ ਆਦਿ।

ਸਿੱਖ ਧਰਮ ਵਿਚ ਤਾਂ ਕੇਸ ਮੁੱਢਲੀ-ਸ਼ਰਤ ਤੇ ਪਹਿਚਾਣ ਹਨ। ਸਿੱਖਾਂ ਦੀ ਜੇਕਰ ਅੱਜ ਤਕ ਵਿਸ਼ਵ ਵਿਚ ਆਪਣੀ ਵਿਸ਼ਵ-ਵਿਆਪੀ ਵਿਲੱਖਣ ਹੋਂਦ-ਹਸਤੀ ਪਹਿਚਾਣ ਹੈ, ਤਾਂ ਉਹ ਵਿਲੱਖਣ ਵਿਚਾਰਧਾਰਾ ਤੇ ਕੇਸਾਧਾਰੀ ਸਰੂਪ ਕਰਕੇ ਹੀ ਹੈ। ਜੇਕਰ ਸਿੱਖਾਂ ਲਈ ਕੇਸਾਧਾਰੀ ਸਰੂਪ ਨਿਰਧਾਰਤ ਨਾ ਹੁੰਦਾ ਤਾਂ ਅੱਜ ਨੂੰ ਬ੍ਰਾਹਮਣਵਾਦ ਦੇ ਦੈਂਤ ਨੇ ਸਿੱਖ ਧਰਮ ਨੂੰ ਨਿਗਲ ਲਿਆ ਹੁੰਦਾ।

ਇਤਿਹਾਸ ਇਸ ਗੱਲ ਦਾ ਸਾਖੀ ਹੈ ਕਿ ਜਦੋਂ ਗੁਰੂ ਬਾਬੇ ਨਾਨਕ ਜੀ ਨੇ ਧਰਮ-ਲੋਕਾਈ ਨੂੰ ਸੋਧਣ ਦਾ ਕਾਰਜ ਆਰੰਭ ਕੀਤਾ ਤਾਂ ਉਨ੍ਹਾਂ ਆਪਣੇ ਸਾਥੀ ਭਾਈ ਮਰਦਾਨੇ ਨੂੰ ਹਦਾਇਤ ਕੀਤੀ ਕਿ ਭਾਈ ਮਰਦਾਨਿਆਂ! ਇਹਨਾਂ ਤਿੰਨ ਗੱਲਾਂ ਨੂੰ ਪੱਲੇ ਬੰਨ੍ਹ ਲੈ: ਪਹਿਲੀ, ਕੇਸ ਨਹੀਂ ਕਟਾਉਣੇ; ਦੂਜੀ, ਅੰਮ੍ਰਿਤ ਵੇਲਾ ਨਹੀਂ ਖੁੰਝਾਉਣਾ; ਤੀਜਾ,

ਆਏ-ਗਏ ਅਤਿਥੀਆਂ ਦੀ ਸੇਵਾ ਪਿਆਰ ਨਾਲ ਕਰਨੀ। ਇਸ ਤੋਂ ਸਪੱਸ਼ਟ ਹੈ ਕਿ ਕੇਸ ਰੱਖਣ ਦਾ ਗੁਰਸਿੱਖਾਂ ਲਈ ਆਰੰਭ ਤੋਂ ਹੀ ਹੁਕਮ ਹੈ। ਦਸ ਗੁਰੂ ਸਾਹਿਬਾਨ ਦਾ ਸਰੂਪ ਕੇਸਾਧਾਰੀ ਸੀ। ਇਸ 'ਤੇ ਕੋਈ ਗੁਰਸਿੱਖ ਸਦਾਉਣ ਵਾਲਾ ਸੰਦੇਹ ਨਹੀਂ ਕਰ ਸਕਦਾ, ਮਨਮੁਖ-ਬੇਮੁਖ ਜੋ ਮਰਜ਼ੀ ਕਹੀ ਜਾਵੇ, ਉਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਗੁਰਮਤਿ ਵਿਚ ਰਹਿਤ ਨੂੰ ਅਮਲ ਵਿਚ ਲਿਆਉਣ 'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਉਸ ਮਨੁੱਖ ਨੂੰ ਮਨਮੁਖ ਆਖਦੇ ਹਨ ਜੋ ਕਥਨੀ ਤਾਂ ਕਰਦਾ ਹੈ ਪਰ ਰਹਿਤ ਦਾ ਧਾਰਨੀ ਨਹੀਂ, ਭਾਵ ਜਿਸ ਦੀ ਕਹਿਣੀ-ਕਥਨੀ-ਕਰਨੀ ਵਿਚ ਇਕਸਾਰਤਾ-ਇਕਸੁਰਤਾ ਨਹੀਂ, ਉਹ ਮਨਮੁਖ ਹੈ, ਗੁਰਸਿੱਖ ਨਹੀਂ। ਗੁਰੂ ਹੁਕਮ ਹੈ :

ਗਿਆਨੁ ਧਿਆਨੁ ਸਭੁ ਗੁਰ ਤੇ ਹੋਈ॥
ਸਾਚੀ ਰਹਤ ਸਾਚਾ ਮਨਿ ਸੋਈ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥ *(ਬਿਲਾਵਲੁ ਮਹਲਾ ੧, ਪੰਨਾ 831)*

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਵੀ ਫ਼ੁਰਮਾਨ ਹੈ :

ਰਹਤ ਅਵਰ ਕਛੁ ਅਵਰ ਕਮਾਵਤ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥

(ਗਉੜੀ ਸੁਖਮਨੀ ਮ: ੫, ਪੰਨਾ 269)

ਜੋ ਗੁਰੂ ਹੁਕਮ ਨੂੰ ਮੰਨਦਾ ਹੈ, ਉਹੀ ਗੁਰੂ ਦਾ ਹੈ ਤੇ ਗੁਰੂ ਵੀ ਉਸ ਦੀ ਹੀ ਬਹੁੜੀ ਕਰਦਾ ਹੈ। ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਉਹੀ ਗੁਰਸਿੱਖ-ਗੁਰਭਾਈ ਹੈ ਜੋ ਗੁਰੂ ਹੁਕਮ-ਭਾਣੇ ਨੂੰ ਮੰਨਦਾ ਹੈ। ਜੋ ਗੁਰੂ-ਭਾਣੇ ਨੂੰ ਨਹੀਂ ਮੰਨਦਾ, ਉਹ ਗੁਰੂ ਤੋਂ ਦੂਰ ਹੈ। ਜੋ ਗੁਰੂ ਤੋਂ ਦੂਰ ਹੈ, ਉਹ ਗੁਰੂ ਦਾ ਸਿੱਖ ਕਦਾਚਿਤ ਨਹੀਂ ਹੋ ਸਕਦਾ :

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥

(ਸੋਰਠਿ ਮਹਲਾ ੩, ਪੰਨਾ 601)

ਹੁਣ ਗੁਰਸਿੱਖ ਕਹਾਉਣ ਵਾਲੇ ਨੇ ਸੋਚਣਾ ਸਮਝਣਾ ਤੇ ਅਮਲ ਕਰਨਾ ਹੈ ਕਿ ਜੇ ਉਸ ਨੇ ਗੁਰਸਿੱਖ ਸਦਵਾਉਣਾ ਹੈ ਤਾਂ ਉਸ ਨੂੰ ਗੁਰੂ ਦਰਸਾਈ ਰਹਿਤ ਦਾ ਧਾਰਨੀ ਬਣਨਾ ਪਵੇਗਾ, ਨਹੀਂ ਤਾਂ ਮਨਮੁਖ ਲਈ ਸਾਰੇ ਰਾਹ ਖੁੱਲ੍ਹੇ ਹਨ। ਸਿੱਖ ਹੋ ਕੇ ਕੇਸਾਂ ਦੀ ਬੇਅਦਬੀ ਕਰਨ ਵਾਲਾ ਗੁਰਸਿੱਖ ਨਹੀਂ, 'ਸਿਰਗੁੰਮ' ਹੈ, 'ਕੁਰਹਿਤੀਆ' ਹੈ। ਸਾਰੇ ਹੀ ਰਹਿਤਨਾਮੇ ਇਸ ਗੱਲ ਦੀ ਸ਼ਾਹਦੀ ਭਰਦੇ ਹਨ। ਦਸਮੇਸ਼ ਪਿਤਾ, ਹਜ਼ੂਰ ਦੇ ਹਜ਼ੂਰੀ ਕਵੀ ਭਾਈ ਨੰਦ ਲਾਲ ਜੀ ਪੰਜ ਕਕਾਰਾਂ ਨੂੰ ਸਿੱਖ ਹੋਣ ਦੀ ਨਿਸ਼ਾਨੀ ਦੱਸਦੇ ਹਨ। ਇਨ੍ਹਾਂ ਤੋਂ ਬਿਨਾਂ ਸਿੱਖ ਨਹੀਂ ਅਖਵਾਇਆ ਜਾ ਸਕਦਾ। ਇਹ ਹਨ : ਕੇਸ, ਕੜਾ, ਕਿਰਪਾਨ, ਕਛਹਿਰਾ, ਕੰਘਾ। ਪਰ ਕੇਸਾਂ ਤੋਂ ਬਿਨਾਂ ਦੂਸਰੇ ਚਾਰ ਕਕਾਰ ਬੇ-ਅਰਥ ਹਨ। ਭਾਈ ਸਾਹਿਬ ਕਥਨ ਕਰਦੇ ਹਨ :

ਨਿਸ਼ਾਨਿ ਸਿਖੀ ਈਂ ਪੰਜ ਹਰਫ਼ਿ ਕਾਫ਼।
ਹਰਗ਼ਿਜ਼ ਨ ਬਾਸ਼ਦ ਈਂ ਪੰਜ ਮੁਆਫ਼।
ਕੜਾ ਕਾਰਦੋ ਕੱਛ ਕੰਘਾ ਬਿਦਾਂ।
ਬਿਲਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ।

ਗੁਰਬਿਲਾਸ ਪਾਤਸ਼ਾਹੀ ਦਸਵੀਂ ਅਨੁਸਾਰ ਗੁਰਦੇਵ ਦਾ ਹੁਕਮ ਹੈ:

ਬਿਨਾ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ।
ਗਹੇ ਕਾਨ ਤਾਕੌਂ, ਕਿਤੈ ਲੈ ਸਿਧਾਨੋ॥੯੮॥
ਇਹੇ ਮੋਰ ਆਗਿਆ ਸੁਨੋ ਲੈ ਪਿਆਰੇ।
ਬਿਨਾ ਤੇਗ ਕੇਸੰ ਦਿਵੋ ਨ ਦਿਦਾਰੇ॥੯੯॥

ਭਾਈ ਸਾਹਿਬ ਸਿੰਘ ਜੀ ਦਾ ਵੀ ਕਥਨ ਹੈ:

ਗੁਰ ਕੀ ਛਾਪ ਸਿਰ ਕੇਸ ਦੀ ਪਾਹੁਲ
ਦੇਇ ਉਤਾਰ ਸੋ ਬੇਮੁਖ ਜਾਨਹੁ...॥੩੧॥ *(ਮੁਕਤਿਨਾਮਾ)*

ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਵਿਚ ਆਇਆ ਹੈ:

ਪਾਂਖਹੁ ਬਿਨ ਬਿਹੰਗ (ਪੰਛੀ) **ਜਿਮ ਹੋਈ।**
ਊਰਬ (ਉਨ) **ਬਿਨਾ ਭੇਡ ਜਿਮ ਕੋਈ।**
ਬਸਨ (ਬਸਤਰ) **ਬਿਨਾਂ ਨਾਰੀ ਹੈ ਜੈਸੇ।**

ਭਾਈ ਚਉਪਾ ਸਿੰਘ ਲਿਖਦੇ ਹਨ:

ਗੁਰੂ ਕਾ ਸਿੱਖ ਕੇਸ ਮੁਹਰ ਨਿਸ਼ਾਨੀ ਸਿਖੀ ਦੀ ਜਾਣੇ। *(ਰਹਿਤਨਾਮਾ ਹਜ਼ੂਰੀ)*

ਕੇਸ ਗੁਰੂ ਦੀ ਮੋਹਰ ਛਾਪ ਹਨ। ਜਿਸ ਪਾਸ ਗੁਰੂ ਦੀ ਮੋਹਰ ਹੈ, ਉਹ ਕੁਦਰਤੀ ਹੈ ਕਿ ਇਸ ਦੀ ਕੀਮਤ ਨੂੰ ਜਾਣਦਾ ਹੋਇਆ, ਇਨ੍ਹਾਂ ਦੇ ਮਹੱਤਵ ਨੂੰ ਬਣਾਈ ਰੱਖਣ ਲਈ ਇਨ੍ਹਾਂ ਦੀ ਸੇਵਾ-ਸੰਭਾਲ ਕਰੇਗਾ। ਇਹੀ ਕਾਰਨ ਹੈ ਕਿ ਸਿੱਖ ਆਪਣੇ ਗੌਰਵਮਈ ਸਰੂਪ ਦੀ ਪਹਿਚਾਣ ਕਰਕੇ, ਉੱਚ ਆਚਰਨ ਦਾ ਸਾਕਾਰ ਸਰੂਪ ਹੈ, ਕਿਉਂਕਿ ਕੇਸ ਉੱਚ ਆਚਰਨ, ਚੰਗੇ ਇਖ਼ਲਾਕ ਦੇ ਪ੍ਰਤੀਕ ਹਨ।

ਮੁਗ਼ਲ ਕਾਲ ਵਿਚ ਸਿੱਖਾਂ ਨੂੰ ਸਿੱਖੀ ਭਾਵ ਕੇਸਾਧਾਰੀ ਸਰੂਪ ਰੱਖਣ ਲਈ ਬਹੁਤ ਵੱਡੀ ਕੀਮਤ ਚੁਕਾਉਣੀ ਪਈ। ਸਿੱਖਾਂ ਦਾ ਸ਼ਿਕਾਰ ਕਰਨ ਵਾਲੀ ਮੁਗ਼ਲ ਹਕੂਮਤ ਪਾਸ ਸਿੱਖਾਂ ਦੀ ਹੀ ਪਹਿਚਾਣ ਸੀ - ਸਿੱਖਾਂ ਦਾ ਕੇਸਾਧਾਰੀ ਸਰੂਪ। ਹਜ਼ਾਰਾਂ ਉਦਾਹਰਣਾਂ ਹਨ ਕਿ ਸਿੱਖਾਂ ਨੇ ਸਿਰ ਤਾਂ ਦੇ ਦਿੱਤੇ ਪਰ ਕੇਸ ਕਤਲ ਨਹੀਂ ਕਰਵਾਏ। ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖੇ ਗਏ - ਇਸ ਨਾਲ ਕੇਸ, ਸਿੱਖੀ ਸਿਦਕ ਤੇ ਭਰੋਸੇ ਦਾ ਲਖਾਇਕ ਬਣੇ। ਇਤਿਹਾਸ ਵਿੱਚੋਂ ਇਕ ਵੀ ਉਦਾਹਰਣ ਅਜਿਹੀ ਨਹੀਂ ਮਿਲਦੀ ਕਿ ਇਕ ਵੀ ਗੁਰੂ ਕੇ ਅਖਵਾਉਣ ਵਾਲੇ ਗੁਰਸਿੱਖ ਨੇ ਜੀਵਨ ਦੀ ਸ਼ਰਤ 'ਤੇ ਕੇਸ ਕਟਾਏ ਹੋਣ। ਸਗੋਂ ਸਾਡੀ ਪੰਥਕ ਅਰਦਾਸ ਵਿਚ ਪਹਿਲਾਂ ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ ਦੀ ਮੰਗ ਕੀਤੀ ਗਈ ਕਿ ਹੇ ਸਤਿਗੁਰੂ! ਅਸਾਂ ਨੂੰ ਇਤਨਾ ਬਲ-ਉਤਸ਼ਾਹ ਬਖ਼ਸ਼ਣਾ ਕਿ

ਅਸੀਂ ਸਿੱਖੀ ਕੇਸਾਂ ਸੰਗ ਨਿਭਾ ਸਕੀਏ! ਇਹ ਕੇਸਾਧਾਰੀ ਸਰੂਪ ਦੇ ਧਾਰਨੀ ਲੋਕ ਹੀ 'ਸਿਰਦਾਰ' ਅਖਵਾਏ, ਨਹੀਂ ਤਾਂ ਬਾਊ ਜੀ - ਲਾਲਾ ਜੀ ਤਾਂ ਆਮ ਪ੍ਰਚੱਲਿਤ ਹੈ ਹੀ ਸੀ!

ਜੋ ਵਾਸੀ ਹੈ 'ਕੇਸਗੜ੍ਹ' ਦਾ, ਉਹ ਕੇਸਾਂ ਤੋਂ ਬਿਨਾਂ ਕਿਸ ਤਰ੍ਹਾਂ ਰਹਿ ਸਕਦਾ ਹੈ! ਅਰਦਾਸ ਦੇ ਇਹ ਸ਼ਬਦ, ਕਿਸੇ ਗੁਰਸਿੱਖ ਨੂੰ ਵਿਸਰ ਨਹੀਂ ਸਕਦੇ ਕਿ - ਜਿਨ੍ਹਾਂ ਸਿੰਘਾਂ ਸਿੰਘਣੀਆਂ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, **ਸਿੱਖੀ ਕੇਸਾਂ ਸੁਆਸਾਂ** ਨਾਲ ਨਿਭਾਈ ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ!

ਕੀ ਅਰਦਾਸ ਦੇ ਇਸ ਬੰਦ ਨੂੰ ਸਵੇਰੇ-ਸ਼ਾਮ ਯਾਦ ਕਰਨ ਵਾਲਾ ਗੁਰਸਿੱਖ 'ਕੇਸਾਂ' ਤੋਂ ਬਿਨਾਂ ਹੋ ਸਕਦਾ ਹੈ ? ਹਰਗਿਜ਼ ਨਹੀਂ! ਗੁਰਸਿੱਖਾਂ ਵਿਚ ਦੁਫੇੜ ਪਾਉਣ, ਨਵੀਂ ਦੁਬਿਧਾ ਪੈਦਾ ਕਰਨ ਲਈ ਕਈ ਨਾਸਤਿਕ ਬਿਰਤੀਆਂ ਦੇ ਧਾਰਨੀ ਲੋਕ - ਗੁਰਸਿੱਖ ਦੇ ਸਰੂਪ ਬਾਰੇ ਵਿਵਾਦ ਖੜ੍ਹਾ ਕਰ ਰਹੇ ਹਨ ਕਿ ਸਿੱਖ ਸਦਾਉਣ ਵਾਲੇ ਲਈ ਇਹ ਜ਼ਰੂਰੀ ਨਹੀਂ ਕਿ ਉਹ ਕੇਸਾਧਾਰੀ ਹੋਵੇ। ਦੂਸਰੇ ਧਰਮਾਂ 'ਚੋਂ ਸਹਿਜੇ-ਸਹਿਜੇ ਗੁਰਬਾਣੀ, ਸਿੱਖ ਸਿਧਾਂਤਾਂ, ਮਰਯਾਦਾ, ਸਿੱਖ ਪਰੰਪਰਾਵਾਂ ਵੱਲ ਪ੍ਰੇਰਿਤ ਹੋ ਰਿਹਾ ਤਾਂ ਭਾਵੇਂ ਸਹਿਜਧਾਰੀ ਸਦਵਾ ਲਵੇ ਪਰ ਸਿੱਖਾਂ 'ਚੋਂ ਕੇਸ ਕਤਲ ਕਰਨ ਵਾਲਾ ਤਾਂ ਕਾਤਲ ਦਾ ਰੁਤਬਾ ਅਖ਼ਤਿਆਰ ਕਰੇਗਾ - ਸਹਿਜਧਾਰੀ ਦਾ ਨਹੀਂ। ਭਾਈ ਕਾਨ੍ਹ ਸਿੰਘ ਨਾਭਾ ਨੇ ਸਹਿਜਧਾਰੀ ਦੀ ਜੋ ਤਸਵੀਰ *ਮਹਾਨ ਕੋਸ਼* 'ਚ ਪ੍ਰਕਾਸ਼ਤ ਕੀਤੀ ਹੈ, ਉਹ ਵੀ ਕੇਸਾਧਾਰੀ ਮਨੁੱਖ ਦੀ ਹੈ। ਭਾਰਤ ਦੇ 'ਨੋਬਲ ਐਵਾਰਡ' ਪ੍ਰਾਪਤ ਕਰਨ ਵਾਲੇ ਡਾ. ਰਾਬਿੰਦਰਨਾਥ ਟੈਗੋਰ ਨੇ ਭਾਈ ਤਾਰੂ ਸਿੰਘ ਬਾਰੇ ਜੋ ਕਵਿਤਾ ਦੇ ਦੋ ਬੰਦ ਲਿਖੇ ਹਨ, ਉਹ ਸਾਡੀ ਨੌਜੁਆਨ ਪੀੜ੍ਹੀ ਵਾਸਤੇ ਪ੍ਰੇਰਨਾਦਾਇਕ ਤੇ ਲਾਭਕਾਰੀ ਹਨ:

> "ਮੈਨੂੰ ਤੇਰੀ ਭਰੀ ਜਵਾਨੀ 'ਤੇ ਰਹਿਮ ਆਉਂਦਾ ਹੈ
> ਜਾ ਮੈਂ ਬਖ਼ਸ਼ਦਾ ਹਾਂ ਤੇਰੀ ਜਾਨ
> ਬੱਸ ਇਸ ਦੇ ਇਵਜ਼ ਵਿਚ ਮੈਨੂੰ ਤੂੰ ਇਕ ਤੋਹਫ਼ਾ ਦੇ ਜਾ, ਜਾਣ ਲੱਗਿਆ
> ਤੋਹਫ਼ਾ ਦੇ ਜਾ ਆਪਣੇ ਖ਼ੂਬਸੂਰਤ ਲੰਮੇ ਵਾਲ।"
> "ਮਨਜ਼ੂਰ ਹੈ ਬਾਦਸ਼ਾਹ", ਭਾਈ ਤਾਰੂ ਸਿੰਘ ਨੇ ਕਿਹਾ,
> "ਤੂੰ ਵੀ ਕੀ ਕਰੇਂਗਾ ਯਾਦ
> ਕਿਸੇ ਸਿੱਖ ਕੋਲੋਂ ਕੁਝ ਮੰਗਿਆ ਸੀ
> ਦੇ ਜਾਵਾਂਗਾ ਤੈਨੂੰ ਆਪਣੇ ਸੁਹਣੇ ਲੰਮੇ ਵਾਲ
> ਪਰ ਇਕੱਲੇ ਵਾਲ ਨਹੀਂ
> ਆਪਣਾ ਸਿਰ ਵੀ ਦੇ ਕੇ ਜਾਵਾਂਗਾ ਨਾਲ।" *(ਟੈਗੋਰ ਰਚਨਾਵਲੀ, ਪੰਨਾ 136)*

ਗੁਰਦੁਆਰੇ ਸਭ ਦੇ ਸਾਂਝੇ ਹਨ, ਇਸ ਲਈ ਸਹਿਜਧਾਰੀ (ਇਨ੍ਹਾਂ ਅਨੁਸਾਰ ਕਲੀਨ ਸੇਵਨ) ਗੁਰਦੁਆਰਾ ਪ੍ਰਬੰਧ ਵਿਚ ਹਿੱਸੇਦਾਰ ਹਨ। ਕਿਤਨੀ ਹਾਸੋਹੀਣੀ ਤੇ

ਬੇਅਰਥ ਦਲੀਲ ਹੈ ! ਕੱਲ੍ਹ ਨੂੰ ਇਹ ਲੋਕ ਕਹਿਣਗੇ ਕਿ ਗੁਰਦੁਆਰਿਆਂ ਵਿਚ ਹਿੰਦੂ, ਈਸਾਈ, ਮੁਸਲਮਾਨ, ਬੋਧੀ, ਜੈਨੀ, ਜੋਗੀ ਆਦਿ ਆ ਸਕਦੇ ਹਨ—ਇਸ ਕਰਕੇ ਇਨ੍ਹਾਂ ਨੂੰ ਪ੍ਰਬੰਧ ਵਿਚ ਸ਼ਾਮਲ ਕਰਨਾ ਚਾਹੀਦਾ ਹੈ ? ਜੋ (ਸਿੱਖ) ਕੇਸ ਕਤਲ ਕਰਦਾ ਹੈ, ਉਹ 'ਸਿਰਗੁੰਮ' ਹੈ, 'ਪਤਿਤ' ਹੈ। ਸਿੱਖ ਨਹੀਂ, ਫਿਰ ਕੇਸਾਂ ਨੂੰ ਤਿਲਾਂਜਲੀ ਦੇਣ ਵਾਲਾ 'ਸਹਿਜਧਾਰੀ' ਕਿਵੇਂ ਬਣ ਗਿਆ ? ਗੁਰਦੁਆਰੇ ਸਿੱਖ ਧਰਮ ਅਸਥਾਨ ਹਨ ਤੇ ਇਨ੍ਹਾਂ ਦਾ ਪ੍ਰਬੰਧ ਰਹਿਤ-ਬਹਿਤ ਦੇ ਧਾਰਨੀ ਅੰਮ੍ਰਿਤਧਾਰੀ-ਸੂਝਵਾਨ ਗੁਰਸਿੱਖਾਂ ਨੂੰ ਹੀ ਕਰਨ ਦਾ ਹੱਕ ਹੈ।

ਸਿਖੀ ਅਤੇ ਚੜ੍ਹਦੀ ਕਲਾ

ਖ਼ਾਲਸਾ-ਪੰਥ ਆਪਣੀ ਸਾਜਣਾ ਦੀਆਂ ਤਿੰਨ ਸ਼ਤਾਬਦੀਆਂ ਸੰਪੂਰਨ ਕਰ ਚੁੱਕਾ ਹੈ। ਇਤਿਹਾਸਕ ਦਿਹਾੜੇ ਨੂੰ ਮਨਾਉਣ ਤੇ ਯਾਦਗਾਰੀ ਬਣਾਉਣ ਲਈ ਦੇਸ਼-ਵਿਦੇਸ਼ ਵਿਚ ਵਿਅਕਤੀਗਤ, ਸਮੂਹਿਕ, ਸੰਸਥਾਗਤ ਰੂਪ ਵਿਚ ਯਤਨ ਹੋਏ ਹਨ। ਮੰਤਵ ਸਭ ਦਾ ਸਾਂਝਾ ਰਿਹਾ ਹੈ ਕਿ ਇਸ ਪਾਵਨ ਅਵਸਰ ਨੂੰ ਐਸੇ-ਢੰਗ ਤਰੀਕਿਆਂ ਤੇ ਵਿਉਂਤਬੰਦੀ ਨਾਲ ਮਨਾਇਆ ਜਾਵੇ ਕਿ ਆਉਣ-ਵਾਲੀਆਂ ਪੀੜ੍ਹੀਆਂ ਤੇ ਗ਼ੈਰ-ਸਿੱਖ, ਖ਼ਾਲਸਾ-ਪੰਥ ਦੀ ਵਿਲੱਖਣ ਹੋਂਦ-ਹਸਤੀ ਤੇ ਨਿਰਮਲ ਵਿਚਾਰਧਾਰਾ ਤੋਂ ਪ੍ਰੇਰਨਾ ਉਤਸ਼ਾਹ ਪ੍ਰਾਪਤ ਕਰ, ਨਾਨਕ-ਨਿਰਮਲ ਪੰਥ ਦੇ ਪਾਂਧੀ ਬਣ ਮਾਣ ਮਹਿਸੂਸ ਕਰਨ। ਇਹ ਸੁਭਾਗ ਸਮਾਂ ਜਿਨ੍ਹਾਂ ਵੀ ਗੁਰੂ-ਪਿਆਰਿਆਂ ਨੂੰ ਦੇਖਣ-ਮਾਨਣ ਦਾ ਸਤਿਗੁਰੂ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਪ੍ਰਾਪਤ ਹੋਇਆ, ਉਹ ਸੁਭਾਗੇ ਇਨਸਾਨ ਹੋਣਗੇ। ਇਹ ਇਤਿਹਾਸਕ ਅਵਸਰ, ਉਨ੍ਹਾਂ ਸਭ ਲਈ ਜੀਵਨ ਦੀ ਸਭ ਤੋਂ ਮਹੱਤਵਪੂਰਨ ਅਭੁੱਲ ਯਾਦ ਬਣੀ। ਸਮੁੱਚੀ ਕੌਮ ਵਿਚ ਇਸ ਇਤਿਹਾਸਕ ਦਿਹਾੜੇ ਨੂੰ ਮਨਾਉਣ ਲਈ ਦਿਲੀ ਚਾਉ ਤੇ ਰੀਝ ਉੱਘੜ ਕੇ ਪ੍ਰਗਟ ਹੋਈ ਹੈ। ਇਸ ਸੰਬੰਧੀ ਇਕ 'ਚੇਤਨਾ ਲਹਿਰ' ਚੱਲ ਪਈ ਹੈ।

ਵਿਸ਼ਵ ਦੇ ਇਤਿਹਾਸ ਵਿਚ ਸਿੱਖ ਕੌਮ ਨੂੰ ਹੀ ਇਹ ਮਾਣ ਹਾਸਲ ਹੈ ਕਿ ਇਹ ਨਿਸਚਿਤ ਦਿਨ 'ਤੇ ਆਪਣਾ ਕੌਮੀ ਸਾਜਣਾ ਦਿਵਸ ਹਰ ਸਾਲ ਮਨਾਉਂਦੀ ਹੈ। ਕੌਮ ਨੇ ਆਪਣੀ ਤੀਸਰੀ ਜਨਮ ਸ਼ਤਾਬਦੀ ਹਰ ਪੱਖੋਂ ਪੰਥਕ ਜਾਹੋ-ਜਲਾਲ ਤੇ ਖ਼ਾਲਸਈ ਪਰੰਪਰਾਵਾਂ ਅਨੁਸਾਰ ਮਨਾਈ - ਇਸ ਲਈ ਹਰ ਗੁਰਸਿੱਖ ਨੇ ਆਪਣਾ ਸਰੋਕਾਰ ਦਿਖਾਇਆ ਹੈ। ਇਹ ਮੌਕਾ ਸੀ ਜਿਸ 'ਤੇ ਕੌਮੀ ਪਹਿਚਾਣ ਨੂੰ ਵਿਸ਼ਵ ਵਿਚ ਪ੍ਰਚਾਰਿਆ-ਪ੍ਰਸਾਰਿਆ ਜਾ ਸਕਦਾ ਸੀ। ਕੌਮ ਦੇ ਸੂਝਵਾਨ ਲੀਡਰ, ਧਾਰਮਿਕ ਆਗੂਆਂ ਨੇ ਤੀਸਰੀ ਸ਼ਤਾਬਦੀ ਨੂੰ ਮਨਾਉਣ ਲਈ ਗੰਭੀਰ ਤੌਰ 'ਤੇ ਉਸਾਰੂ ਪ੍ਰੋਗਰਾਮ ਉਲੀਕੇ। ਇਸ ਤੋਂ ਇਹ ਭਰੋਸਾ ਹੋਰ ਵੀ ਸੁਨਿਸਚਿਤ ਹੋਇਆ ਕਿ ਸਿੱਖ ਕੌਮ ਦਾ ਭਵਿੱਖ ਬਹੁਤ ਹੀ ਚੜ੍ਹਦੀ ਕਲਾ ਵਾਲਾ ਹੋਵੇਗਾ। ਜੇ ਕਿਧਰੇ ਬਾਹਰੀ ਸਰੂਪ ਵਿਚ ਵਕਤੀ ਤੌਰ 'ਤੇ ਢਿੱਲ-ਮੱਠ ਆਈ ਹੈ, ਉਹ ਆਉਣ ਵਾਲੇ ਸਮੇਂ ਵਿਚ ਦੂਰ ਹੋ ਜਾਵੇਗੀ।

ਇਹ ਸਮਾਂ ਸਾਡੇ ਲਈ ਆਤਮ-ਚਿੰਤਨ ਤੇ ਸਵੈ-ਪੜਚੋਲ ਦਾ ਵੀ ਸੀ। ਇਸ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਸਿਧਾਂਤਕ ਤੇ ਵਿਚਾਰਧਾਰਕ ਰੂਪ ਵਿਚ ਸਾਡੇ ਪਾਸ ਅਮੀਰ ਵਿਰਾਸਤੀ ਖ਼ਜ਼ਾਨਾ ਹੈ ਜਿਸ ਦਾ ਵਿਸ਼ਵ ਦੇ ਧਾਰਮਿਕ ਇਤਿਹਾਸ

ਵਿਚ ਕੋਈ ਸਾਨੀ ਨਹੀਂ ਅਤੇ ਫਿਰ ਸ਼ਾਨਾ-ਮੱਤਾ ਸਾਡਾ ਇਤਿਹਾਸਕ ਪਿਛੋਕੜ ਹੈ। ਇਸ ਆਧਾਰ 'ਤੇ ਹੀ ਅਸੀਂ ਇਹ ਕਹਿਣ ਦੀ ਖ਼ੁੱਲ੍ਹ ਲੈ ਸਕਦੇ ਹਾਂ ਕਿ ਖ਼ਾਲਸਾ-ਪੰਥ ਦੇ ਖ਼ਾਲਸ ਸਿਧਾਂਤ ਤੇ ਵਿਚਾਰਧਾਰਾ ਹੀ 21ਵੀਂ ਸਦੀ ਵਿਚ ਨਸ਼ਿਆਂ ਵਿਚ ਗ਼ਲਤਾਨ ਮਨੁੱਖੀ ਸਮਾਜ, ਏਡਜ਼ ਵਰਗੀਆਂ ਨਾਮੁਰਾਦ ਭਿਆਨਕ ਬਿਮਾਰੀਆਂ ਨਾਲ ਗ੍ਰਸੀ ਲੋਕਾਈ, ਪਦਾਰਥਵਾਦ ਦੀ ਅੰਨ੍ਹੀ ਦੌੜ ਵਿਚ ਭਟਕੀ ਹੋਈ ਮਨੁੱਖਤਾ ਨੂੰ ਮਾਰਗ-ਦਰਸ਼ਨ, ਸੇਧ ਤੇ ਅਗਵਾਈ ਪ੍ਰਦਾਨ ਕਰ ਸਕਦੀ ਹੈ।

ਬਾਹਰੀ ਸਰੂਪ ਵਿਚ ਜੇਕਰ ਕਿਧਰੇ ਕਮਜ਼ੋਰੀ ਅਥਵਾ ਢਿੱਲ-ਮੱਠ ਆਈ ਹੈ ਤਾਂ ਇਸ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਪਰ ਇਸ ਨੂੰ ਕੌਮ ਦੀ ਹੋਂਦ-ਹਸਤੀ 'ਤੇ ਪ੍ਰਸ਼ਨ-ਚਿੰਨ੍ਹ ਨਹੀਂ ਸਮਝਣਾ ਚਾਹੀਦਾ। ਕਿਸੇ ਵਿਅਕਤੀ-ਵਿਸ਼ੇਸ਼ ਦੀ ਹੋਂਦ-ਹਸਤੀ ਦੇ ਭਵਿੱਖ ਬਾਰੇ ਤਾਂ ਸ਼ੱਕ ਕੀਤਾ ਜਾ ਸਕਦਾ ਹੈ ਪਰ ਕੌਮੀ ਪੱਧਰ 'ਤੇ ਅਜਿਹਾ ਸੋਚਣਾ ਕਿਸੇ ਵੀ ਤਰ੍ਹਾਂ ਵਾਜਬ ਨਹੀਂ। ਅਕਾਲ ਪੁਰਖ ਦੇ ਹੁਕਮ ਵਿਚ ਅਕਾਲ ਪੁਰਖ ਦੇ ਰੂਪ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਵੱਲੋਂ ਸਾਜਿਆ ਹੋਇਆ ਖ਼ਾਲਸਾ-ਪੰਥ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇਗਾ। ਚੜ੍ਹਦੀ ਕਲਾ ਦਾ ਪ੍ਰਤੀਕ ਗੁਰੂ ਦਾ ਸਿੱਖ ਨਿਰਾਸ਼ਾਵਾਦੀ ਸੋਚ ਦਾ ਧਾਰਨੀ ਹੋ ਹੀ ਨਹੀਂ ਸਕਦਾ। ਭਾਵੇਂ ਕਿ ਇਸ ਬਾਰੇ ਦੋ ਰਾਵਾਂ ਨਹੀਂ ਕਿ ਬਾਹਰੀ ਸਰੂਪ ਤੋਂ ਪੰਜਾਬ ਵਿਚ ਵਿਸ਼ੇਸ਼ ਕਰਕੇ ਢਿੱਲ ਦੇਖਣ ਨੂੰ ਮਿਲਦੀ ਹੈ। ਇਹ ਖੇਤਰੀ ਤੇ ਵਕਤੀ ਸਮੱਸਿਆ ਤਾਂ ਹੋ ਸਕਦੀ ਹੈ ਪਰ ਕੌਮੀ ਨਹੀਂ। ਪੰਜਾਬ ਜਿਸ ਦੌਰ ਵਿੱਚੋਂ ਪਿਛਲੇ ਸਮੇਂ ਗੁਜ਼ਰਿਆ, ਉਹ ਵੀ ਇਸ ਦਾ ਇਕ ਕਾਰਨ ਹੈ ਕਿਉਂਕਿ ਸਰਕਾਰੀ ਤਸ਼ੱਦਦ ਕਰਕੇ ਬਹੁਤ ਸਾਰੇ ਗੁਰਸਿੱਖ ਸਦਾਉਣ ਵਾਲੇ ਆਪਣੇ ਬਚਾਅ ਲਈ ਸਿੱਖੀ ਸਰੂਪ ਤੋਂ ਦੂਰ ਹੋ ਗਏ ਪਰ ਸਮੇਂ ਦੇ ਬਦਲਾਓ ਨਾਲ ਉਹ ਫਿਰ ਆਪਣੇ ਅਸਲ ਸਰੂਪ ਨੂੰ ਧਾਰਨ ਕਰ ਰਹੇ ਹਨ। ਦੂਸਰਾ, ਟੀ.ਵੀ. ਕਲਚਰ, ਸਿੱਖ-ਸਭਿਆਚਾਰ 'ਤੇ ਭਾਰੂ ਹੋ ਰਿਹਾ ਹੈ। ਤੀਸਰਾ, ਫ਼ੈਸ਼ਨਪ੍ਰਸਤੀ ਤੇ ਹੀਰੋਇਜ਼ਮ ਦੇ ਸ਼ਿਕਾਰ ਸਾਡੇ ਨੌਜੁਆਨ ਵਿਦਿਆਰਥੀ ਵੀ ਪਤਿਤਪੁਣੇ ਦੀ ਲਹਿਰ ਦੇ ਜਾਣੇ-ਅਣਜਾਣੇ ਸ਼ਿਕਾਰ ਹੋਏ ਹਨ।

ਅਜਿਹੇ ਹੀ ਪਤਿਤਪੁਣੇ ਤੇ ਨਸ਼ਿਆਂ ਵਿਚ ਗ਼ਲਤਾਨ ਸਿੱਖ ਸਦਵਾਉਣ ਵਾਲਿਆਂ ਨੂੰ ਸੁਚੇਤ ਕਰਨ ਲਈ ਖ਼ਾਲਸਾ ਮਾਰਚ, ਅੰਮ੍ਰਿਤ-ਅਭਿਲਾਖੀ ਮਾਰਚ, ਅੰਮ੍ਰਿਤ-ਪ੍ਰਚਾਰ ਯਾਤਰਾ, ਗੁਰਮਤਿ ਚੇਤਨਾ ਸਮਾਗਮ ਤੇ ਖ਼ਾਲਸਾ ਦਰਬਾਰ ਇਸ ਪਾਸੇ ਸਲਾਹੁਣਯੋਗ ਉੱਦਮ ਹਨ ਜਿਨ੍ਹਾਂ ਨਾਲ ਇਸ ਪਤਿਤ-ਲਹਿਰ ਨੂੰ ਕਾਫ਼ੀ ਮੋੜਾ ਪਿਆ ਹੈ। ਇਹ ਸਮਾਗਮ ਕੌਮੀ ਸ਼ਕਤੀ ਦਾ ਪ੍ਰਦਰਸ਼ਨ ਵੀ ਕਰਦੇ ਹਨ ਅਤੇ ਖ਼ਾਲਸਈ ਸਰੂਪ ਦਾ ਪ੍ਰਗਟਾਵਾ ਵੀ, ਜਿਨ੍ਹਾਂ ਤੋਂ ਪ੍ਰੇਰਨਾ, ਉਤਸ਼ਾਹ ਲੈ, ਸਾਡੇ ਭੁੱਲੇ ਵੀਰ ਘਰ ਪਰਤ ਰਹੇ ਹਨ। ਪਰਿਵਾਰਿਕ ਤੇ ਸੰਸਥਾਗਤ ਪੱਧਰ 'ਤੇ ਸੁਹਿਰਦ ਯਤਨ ਕਰਨ ਦੀ ਲੋੜ ਹੈ। ਸਾਡਾ ਭਵਿੱਖ ਬਹੁਤ ਰੌਸ਼ਨ ਹੈ।

ਹਰ ਪਰਿਵਾਰ ਦਾ ਮੁਖੀ ਆਪਣੇ ਧਾਰਮਿਕ-ਨੈਤਿਕ ਫ਼ਰਜ਼ ਨੂੰ ਪਹਿਚਾਣੇ ਤੇ ਭਵਿੱਖ ਨੂੰ ਨਿਸਚਿਤ ਕਰਨ ਲਈ ਆਪਣੇ ਬੱਚਿਆਂ ਨੂੰ ਸਿੱਖ ਵਿਚਾਰਧਾਰਾ ਤੇ ਸਿੱਖ-ਇਤਿਹਾਸ ਦੀ ਜਾਣਕਾਰੀ ਪ੍ਰਦਾਨ ਕਰੇ।

ਸਕੂਲਾਂ-ਕਾਲਜਾਂ ਵਿਚ ਅਧਿਆਪਕ ਆਪਣੇ ਫ਼ਰਜ਼ ਨੂੰ ਪਹਿਚਾਣਦੇ ਹੋਏ

ਚਰਿੱਤਰ ਨਿਰਮਾਣ ਕਰਨ ਲਈ ਗੁਰਬਾਣੀ ਦੇ ਅਟੱਲ ਸਿਧਾਂਤਾਂ ਤੇ ਸ਼ਾਨਾ-ਮੱਤੇ ਸਿੱਖ-ਇਤਿਹਾਸ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ। ਗੁਰੂ ਸਾਹਿਬਾਨ ਦੇ ਨਾਮ 'ਤੇ ਖ਼ਾਲਸਾ ਸਕੂਲਾਂ-ਕਾਲਜਾਂ ਅੰਦਰ ਸਿੱਖੀ ਸਰੂਪ ਤੇ ਦਸਤਾਰ ਦੀ ਵਰਦੀ ਨੂੰ ਲਾਜ਼ਮੀ ਕੀਤਾ ਜਾਵੇ। ਖ਼ਾਲਸਾ ਸਕੂਲਾਂ-ਕਾਲਜਾਂ ਵਿਚ ਦਾਖ਼ਲੇ ਸਮੇਂ ਸਿੱਖੀ ਸਰੂਪ ਸਾਬਤ-ਸੂਰਤ ਹੋਣ ਦੀ ਸ਼ਰਤ ਲਾਜ਼ਮੀ ਕੀਤੀ ਜਾਵੇ; ਪਤਿਤ ਵਿਦਿਆਰਥੀਆਂ ਦਾ ਇਨ੍ਹਾਂ ਸੰਸਥਾਵਾਂ ਵਿਚ ਦਾਖ਼ਲਾ ਵਰਜਿਤ ਕੀਤਾ ਜਾਵੇ। ਸਕੂਲਾਂ-ਕਾਲਜਾਂ ਵਿਚ ਧਾਰਮਿਕ ਵਿੱਦਿਆ ਜ਼ਰੂਰੀ ਵਿਸ਼ੇ ਵਜੋਂ ਪੜ੍ਹਾਈ ਜਾਵੇ। ਸਭ ਤੋਂ ਵੱਧ ਸਕੂਲਾਂ-ਕਾਲਜਾਂ ਦੇ ਅਧਿਆਪਕ ਆਪ ਉੱਚ ਜੀਵਨ ਦੇ ਧਾਰਨੀ ਹੋ ਆਪ ਨਵੇਂ ਕੀਰਤੀਮਾਨ ਸਥਾਪਤ ਕਰਨ ਤਾਂ ਜੁ ਬੱਚੇ ਉਨ੍ਹਾਂ ਤੋਂ ਪ੍ਰੇਰਨਾ, ਉਤਸ਼ਾਹ ਪ੍ਰਾਪਤ ਕਰ ਸਕਣ। ਆਦਰਸ਼ਕ ਸਿੱਖ ਸ਼ਖ਼ਸੀਅਤ ਦੀ ਘਾੜਤ ਵਿਚ ਇਸ ਤਰ੍ਹਾਂ ਪਰਿਵਾਰ ਤੇ ਸਕੂਲ-ਕਾਲਜ ਦੇ ਮੁਖੀ, ਪ੍ਰਬੰਧਕ, ਅਧਿਆਪਕ ਬਹੁਤ ਸਹਾਈ ਹੋ ਸਕਦੇ ਹਨ।

ਸਿੱਖ ਸੰਸਥਾਵਾਂ ਵਿਚ ਸਿੱਖੀ ਸਰੂਪ ਦੇ ਧਾਰਨੀ ਗੁਰਸਿੱਖਾਂ ਨੂੰ ਸੇਵਾ ਸਮੇਂ ਪਹਿਲ ਦਿੱਤੀ ਜਾਵੇ। ਆਰਮੀ ਤੇ ਪੰਜਾਬ ਪੁਲਿਸ ਵਿਚ ਸਿੱਖੀ ਸਰੂਪ ਸੰਬੰਧੀ ਜ਼ਰੂਰ ਹੀ ਚਿੰਤਾਜਨਕ ਗਿਰਾਵਟ ਆਈ ਹੈ। ਫ਼ੌਜ ਵਿਚ ਪਹਿਲਾਂ ਇਹ ਨਿਯਮ ਹੁੰਦਾ ਸੀ ਕਿ ਹਰ ਸਿੱਖ ਫ਼ੌਜੀ ਨੂੰ ਸਿੱਖੀ ਸਰੂਪ ਦੇ ਧਾਰਨੀ ਹੋਣਾ ਤੇ ਅੰਮ੍ਰਿਤ ਛਕਣਾ ਜ਼ਰੂਰੀ ਸੀ ਜੋ ਕਿ ਆਜ਼ਾਦ ਭਾਰਤ ਵਿਚ ਅਮਲ ਵਿਚ ਨਹੀਂ ਆ ਰਿਹਾ। ਇਸ ਨਿਯਮ ਨੂੰ ਬਹਾਲ ਕਰਨਾ ਜ਼ਰੂਰੀ ਹੈ।

ਇਸ ਤਰ੍ਹਾਂ ਹੀ ਪੰਜਾਬ ਪੁਲਿਸ ਵਿਚ ਕੇਸਾਂ ਦੀ ਬੇਅਦਬੀ ਕਰਨਾ ਤੇ ਦਸਤਾਰ ਦੀ ਥਾਂ ਪਟਕੇ ਬੰਨ੍ਹਣੇ ਜਿਵੇਂ-ਕਿਵੇਂ ਵਰਦੀ ਦਾ ਹਿੱਸਾ ਪ੍ਰਤੀਤ ਹੁੰਦੇ ਹਨ। ਅਸੀਂ ਇਸ ਗੱਲ ਦੇ ਹਾਮੀ ਨਹੀਂ ਕਿ ਕਿਸੇ ਨੂੰ ਜ਼ਬਰਦਸਤੀ ਕੇਸ ਰਖਾਏ ਜਾਣ, ਪਰ ਇਹ ਸੁਹਿਰਦ ਇੱਛਾ ਜ਼ਰੂਰ ਕਰਦੇ ਹਾਂ ਕਿ ਜਿਨ੍ਹਾਂ ਮੁਲਾਜ਼ਮਾਂ ਦੇ ਨਾਮ ਨਾਲ 'ਸਿੰਘ' ਪਦਵੀ ਲੱਗਦੀ ਹੈ, ਉਹ ਜ਼ਰੂਰ ਸਿੱਖੀ ਸਰੂਪ ਦੇ ਧਾਰਨੀ ਹੋਣ ਤੇ ਦਸਤਾਰ ਨੂੰ ਆਪਣਾ ਤਾਜ ਸਮਝਣ। ਗ਼ੁਲਾਮੀ ਦੀ ਪ੍ਰਤੀਕ 'ਟੋਪੀ' ਨੁਮਾ ਪਗੜੀ ਨੂੰ ਉਤਾਰ ਸਿੱਖੀ ਸ਼ਾਨ, ਸੁਤੰਤਰ ਸਿੱਖ ਸੋਚ, ਹੋਂਦ-ਹਸਤੀ ਦੀ ਪ੍ਰਤੀਕ ਦਸਤਾਰ ਸਜਾਉਣ।

ਇਹ ਵੀ ਡੂੰਘੀ ਤਰ੍ਹਾਂ ਸੋਚਣ-ਵਿਚਾਰਨ ਦਾ ਸਰੋਕਾਰ ਹੈ ਕਿ ਅਸੀਂ ਜੋ ਸਿੱਖ ਪਰਿਵਾਰਾਂ ਤੇ ਸਿੱਖ ਸਮਾਜ ਵਿਚ ਪੈਦਾ ਹੋਏ ਹਾਂ, ਸਾਨੂੰ ਆਪਣੀ-ਹੋਂਦ-ਹਸਤੀ ਤੇ ਵਿਲੱਖਣਤਾ ਦਾ ਉਹ ਅਹਿਸਾਸ ਕਿਉਂ ਨਹੀਂ, ਜੋ ਗ਼ੈਰ-ਸਿੱਖ ਸਮਾਜ ਵਿਚ ਵੱਸਣ ਵਾਲੇ ਗੁਰਸਿੱਖਾਂ ਨੂੰ ਹੈ ? ਇਹ ਅਹਿਸਾਸ ਪੰਜਾਬ ਦੀ ਧਰਤੀ ਤੋਂ ਹਜ਼ਾਰਾਂ ਮੀਲ ਦੂਰ ਵੱਸੇ ਉਨ੍ਹਾਂ ਪ੍ਰੀਤਵਾਨ ਗੁਰਸਿੱਖਾਂ ਨੂੰ ਹੋਇਆ ਜਿਨ੍ਹਾਂ ਨੇ ਸਿੱਖੀ ਸਰੂਪ, ਦਸਤਾਰ, ਕਕਾਰਾਂ ਸਮੇਤ ਵਿੱਦਿਆ ਪ੍ਰਾਪਤ ਕਰਨ ਤੇ ਫਿਰ ਉਨ੍ਹਾਂ ਦੇਸ਼ਾਂ ਵਿਚ ਸਰਵਿਸ ਕਰਨ ਲਈ ਲੰਮਾ ਸਮਾਂ ਸੰਘਰਸ਼ ਕੀਤਾ। ਸ਼ਾਇਦ ਇਹੀ ਕਾਰਨ ਹੈ ਕਿ ਪੰਜਾਬ ਦਾ ਨੌਜੁਆਨ ਆਪਣੀ ਦਸਤਾਰ ਪ੍ਰਤੀ ਇੰਨਾ ਸੁਚੇਤ ਨਹੀਂ ਜਿੰਨੇ ਕਿ ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਦੇਸ਼ਾਂ ਵਿਚ ਵੱਸੇ ਤੇ ਸਰਕਾਰੀ ਮਹਿਕਮਿਆਂ ਵਿਚ ਸੇਵਾ ਕਰਦੇ ਗੁਰਸਿੱਖ। ਲੋੜ ਹੈ ਉਨ੍ਹਾਂ ਗੁਰਸਿੱਖਾਂ ਤੋਂ ਪ੍ਰੇਰਨਾ ਲੈਣ ਦੀ ਜਿਨ੍ਹਾਂ ਲੰਮਾ ਸਮਾਂ ਸੰਘਰਸ਼ ਕਰ ਕੇ

ਸਾਬਤ-ਸੂਰਤ ਦਸਤਾਰਧਾਰੀ ਸਰੂਪ ਨੂੰ ਕਾਇਮ ਰੱਖਦਿਆਂ ਦੇਸ਼-ਵਿਦੇਸ਼ ਵਿਚ ਨਾਮਣਾ ਖੱਟਿਆ ਹੈ। ਜਿਨ੍ਹਾਂ ਨੇ ਅਮੀਰ ਸਿੱਖੀ ਵਿਰਸੇ ਤੇ ਸਰੂਪ ਨੂੰ ਤਿਲਾਂਜਲੀ ਦੇ ਕੇ ਉੱਚ ਅਹੁਦੇ ਪ੍ਰਾਪਤ ਕਰ ਲਏ ਹਨ, ਸਾਨੂੰ ਉਨ੍ਹਾਂ ਨੂੰ ਚੜ੍ਹਦੀ ਕਲਾ ਦੇ ਸਿੱਖੀ ਮਾਰਗ ਤੋਂ ਦੂਰ ਹੋਣ ਦੀ ਗ਼ਲਤੀ ਦਾ ਅਹਿਸਾਸ ਕਰਵਾਉਣ ਤੋਂ ਪਾਸਾ ਜਾਂ ਟਾਲਾ ਨਹੀਂ ਵੱਟਣਾ ਚਾਹੀਦਾ। ਇਹ ਸਾਡਾ ਗੁਰੂ-ਬਖ਼ਸ਼ਿਆ ਪ੍ਰਮੁੱਖ ਫ਼ਰਜ਼ ਹੈ। ਇਹ ਸਾਡਾ ਪ੍ਰਮੁੱਖ ਸਰੋਕਾਰ ਬਣਨਾ ਚਾਹੀਦਾ ਹੈ।

ਸਾਡਾ ਨਿਸ਼ਾਨਾ ਇੱਕੋ ਹੋਣਾ ਚਾਹੀਦਾ ਹੈ ਕਿ ਸਿੱਖੀ ਸੁਰਤਿ ਬਲਵਾਨ ਹੋਵੇ ਤੇ ਸਿੱਖ ਜਿਥੇ ਵੀ ਹੋਣ, ਚੜ੍ਹਦੀ ਕਲਾ ਵਿਚ ਵਿਚਰਨ ਤੇ ਵੱਸਣ। ਭਾਈ ਵੀਰ ਸਿੰਘ ਦੀਆਂ ਇਹ ਦੋ ਪੰਕਤੀਆਂ ਯਾਦ ਕਰਨ ਤੇ ਸੰਭਾਲਣ ਯੋਗ ਹਨ :

ਸਿੱਖੀ ਹੈ ਬਲਵਾਨ, ਕਰਨਾ ਸੁਰਤਿ ਨੂੰ
ਚੜ੍ਹਦੀ ਕਲਾ ਨਿਵਾਸ, ਸਦ ਹੀ ਰੱਖਣਾ।

ਸਵੇਰੇ-ਸ਼ਾਮ "ਨਾਨਕ ਨਾਮ ਚੜ੍ਹਦੀ ਕਲਾ" ਦੀ ਅਰਦਾਸ ਕਰਨ ਵਾਲਾ ਸਿੱਖ ਹਮੇਸ਼ਾ ਚੜ੍ਹਦੀ ਕਲਾ ਵਿਚ ਵਿਚਰੇਗਾ। ਨਿਰਾਸ਼ਾਵਾਦੀ ਸਿੱਖ ਹੋ ਹੀ ਨਹੀਂ ਸਕਦਾ।

ਸਿੱਖ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ

ਹੋਲਾ ਮਹੱਲਾ ਸਿੱਖਾਂ ਦਾ ਇਕ ਅਹਿਮ ਦਿਹਾੜਾ ਹੈ ਜੋ ਕਿ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਸਿੱਖ, ਹੋਲੀ ਦੇ ਪਰੰਪਰਾਗਤ ਰੂਪ ਨੂੰ ਪ੍ਰਵਾਨ ਨਹੀਂ ਕਰਦਾ ਕਿਉਂਕਿ ਲੋਕਾਂ ਨੇ ਇਕ-ਦੂਜੇ 'ਤੇ ਰੰਗ, ਗੰਦ-ਮੰਦ ਸੁੱਟਣ, ਖਰੂਦ ਮਚਾਉਣ, ਸ਼ਰਾਬ ਪੀਣ, ਮੰਦਾ ਬੋਲਣ ਆਦਿ ਘਟੀਆ ਹਰਕਤਾਂ ਨੂੰ ਹੋਲੀ ਦਾ ਅੰਗ ਸਮਝ ਛੱਡਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਸ਼ੁਰੂ ਕੀਤਾ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਅਣਖ ਨੂੰ ਜਗਾ ਕੇ, ਉਨ੍ਹਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਕਰਨ ਲਈ, ਹੋਲੀ ਨੂੰ 'ਹੋਲੇ ਮਹੱਲੇ' ਦੇ ਰੂਪ ਵਿਚ ਮਨਾਉਣ ਦੀ ਰੀਤ ਚਲਾਈ। ਚੇਤ ਵਦੀ ਏਕਮ, ਸੰਮਤ 1757 (1700 ਈ.) ਨੂੰ ਦਸਮ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਵਿਖੇ 'ਹੋਲਗੜ੍ਹ' ਦੇ ਸਥਾਨ 'ਤੇ ਪਹਿਲੀ ਵਾਰ 'ਹੋਲਾ ਮਹੱਲਾ' ਮਨਾਇਆ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਦਸਮੇਸ਼ ਪਿਤਾ ਨੇ 'ਹੋਲੇ ਮਹੱਲੇ' ਨੂੰ ਸੁਤੰਤਰ ਸਿੱਖ ਸੋਚ ਅਨੁਸਾਰ ਮਨਾਉਣ ਦਾ ਆਰੰਭ ਖ਼ਾਲਸਾ ਪੰਥ ਦੀ ਸਿਰਜਣਾ ਤੋਂ ਤੁਰੰਤ ਬ਼ਾਅਦ ਕੀਤਾ ਤਾਂ ਕਿ ਖ਼ੁਦ-ਮੁਖ਼ਤਿਆਰ ਖ਼ਾਲਸਾ, ਆਪਣੀ ਵਿਲੱਖਣ ਹੋਂਦ-ਹਸਤੀ ਅਨੁਸਾਰ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਦਿਨ-ਦਿਹਾਰ ਵੀ ਵਿਲੱਖਣ ਤੇ ਨਿਰਾਲੇ ਰੂਪ ਵਿਚ ਮਨਾ, ਆਪਣੀ ਸੁਤੰਤਰ ਹੋਂਦ ਤੇ ਨਿਆਰੇਪਨ ਦਾ ਪ੍ਰਗਟਾਵਾ ਕਰ ਸਕੇ। ਗੁਰਦੇਵ ਦਾ ਆਸ਼ਾ ਪੰਜਾਬੀਆਂ ਦੇ ਮਨਾਂ ਵਿੱਚੋਂ ਗ਼ੁਲਾਮੀ ਦੇ ਅੰਸ਼ ਨੂੰ ਮੂਲੋਂ ਹੀ ਖ਼ਤਮ ਕਰਨਾ ਸੀ ਤਾਂ ਕਿ ਉਹ ਸੋਚ-ਵਿਚਾਰ ਤੇ ਵਿਵਹਾਰ ਵਿਚ ਸੁਤੰਤਰ ਹੋ ਵਿਚਰ ਸਕਣ। ਨਿਰਬਲ, ਨਿਤਾਣੀ, ਸਾਹਸਹੀਣ ਤੇ ਗ਼ੁਲਾਮ ਮਾਨਸਿਕਤਾ ਦੇ ਆਦੀ ਹੋ ਚੁੱਕੇ ਭਾਰਤੀਆਂ ਵਿਚ ਜਬਰ-ਜ਼ੁਲਮ ਦੇ ਖ਼ਿਲਾਫ਼ ਲੜਨ-ਮਰਨ ਦੀ ਸ਼ਕਤੀ ਭਰਨ ਲਈ ਗੁਰਦੇਵ-ਪਿਤਾ ਵੱਲੋਂ ਚੁੱਕੇ ਗਏ ਇਹ ਇਤਿਹਾਸਕ ਇਨਕਲਾਬੀ ਕਦਮ ਸਨ।

ਹੋਲੀ ਭਾਰਤ ਦਾ ਮੌਸਮੀ ਤਿਉਹਾਰ ਹੈ, ਜੋ ਬਸੰਤ-ਬਹਾਰ ਦੀ ਆਗਮਨ ਦੀ ਖ਼ੁਸ਼ੀ ਵਿਚ ਮਨਾਉਣਾ ਸ਼ੁਰੂ ਹੋਇਆ। ਪੋਖ ਤੁਖਾਰ ਦੇ ਮੌਸਮ ਕਾਰਨ ਸਾਰੇ ਪਾਸੇ ਵੀਰਾਨਗੀ ਤੇ ਪੱਤਝੜ ਹੁੰਦੀ ਹੈ। ਮੌਸਮ ਦੇ ਬਦਲ ਜਾਣ ਨਾਲ ਸਾਰੀ ਕੁਦਰਤ ਆਪਣੇ ਨਵੇਂ ਨਿਵੇਕਲੇ ਰੰਗ ਵਿਚ ਰੰਗੀ ਜਾਂਦੀ ਹੈ। ਕੁਦਰਤੀ ਪੁੰਗਾਰ, ਸੁਹੱਪਣ ਤੇ ਮੌਸਮੀ ਰੰਗਾਂ ਦਾ ਰੰਗ ਮਾਨਣ ਤੇ ਕੁਦਰਤ ਦੇ ਮੌਲਣ ਨੂੰ ਖ਼ੁਸ਼ਆਮਦੀਦ ਕਹਿਣ ਵਾਸਤੇ ਸਾਡੇ ਪੁਰਖਿਆਂ ਨੇ 'ਹੋਲੀ' ਦਾ ਦਿਨ ਖ਼ੁਸ਼ੀ-ਖੇੜੇ ਵਜੋਂ ਮਨਾਉਣਾ ਸ਼ੁਰੂ ਕੀਤਾ ਹੋਵੇਗਾ।

ਹੋਲੀ ਦਾ ਸੰਬੰਧ ਪੁਰਾਤਨ ਕਹਾਣੀ ਨਾਲ ਜੋੜਿਆ ਜਾਂਦਾ ਹੈ ਕਿ ਹਰਨਾਖਸ਼

ਨੇ ਆਪਣੇ ਪੁੱਤਰ ਪ੍ਰਹਿਲਾਦ ਨੂੰ ਸਬਕ ਸਿਖਾਉਣ ਵਾਸਤੇ ਵਿਉਂਤ ਉਲੀਕੀ ਕਿ ਪ੍ਰਹਿਲਾਦ ਨੂੰ ਅੱਗ ਵਿਚ ਸਾੜਿਆ ਜਾਵੇ। ਕਿਹਾ ਜਾਂਦਾ ਹੈ ਕਿ ਹਰਨਾਖਸ਼ ਦੀ ਭੈਣ ਹੋਲਿਕਾ ਨੂੰ ਵਰ ਪ੍ਰਾਪਤ ਸੀ ਕਿ ਉਸ ਨੂੰ ਅਗਨੀ ਸਾੜਦੀ ਨਹੀਂ। ਇਸ ਲਈ ਹਰਨਾਖਸ਼ ਨੇ ਪ੍ਰਹਿਲਾਦ ਨੂੰ ਹੋਲਿਕਾ ਦੀ ਗੋਦ ਵਿਚ ਦੇ ਕੇ ਚਿਖਾ 'ਤੇ ਬਿਠਾ ਦਿੱਤਾ। ਜਦ ਅੱਗ ਲਾਈ ਗਈ ਤਾਂ ਪ੍ਰਭੂ-ਪਰਮਾਤਮਾ ਨੇ ਆਪਣੇ ਭਗਤ ਪ੍ਰਹਿਲਾਦ ਨੂੰ ਬਚਾ ਲਿਆ ਪਰ ਹੋਲਿਕਾ ਸੜ ਗਈ। ਹੋਲਿਕਾ ਦੇ ਸੜ ਜਾਣ ਦੇ ਪ੍ਰਤੀਕ ਵਜੋਂ ਇਸ ਦਿਨ ਅੱਗ ਬਾਲੀ ਜਾਂਦੀ ਹੈ। ਪ੍ਰਭੂ ਕਿਰਪਾ ਸਦਕਾ ਪ੍ਰਹਿਲਾਦ ਤਾਂ ਬਚ ਗਿਆ, ਪਰ ਦੁਸ਼ਟ ਹਰਨਾਖਸ਼ ਮਾਰਿਆ ਗਿਆ। ਗੁਰਬਾਣੀ ਦਾ ਪਾਵਨ ਕਥਨ ਹੈ:

ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥

(ਆਸਾ ਮਹਲਾ 4, ਪੰਨਾ 451)

ਹੋਲੀ ਦੇ ਦਿਨ ਲੋਕ ਇਕ ਦੂਸਰੇ 'ਤੇ ਰੰਗ ਸੁੱਟ ਕੇ ਖ਼ੁਸ਼ੀ ਦਾ ਇਜ਼ਹਾਰ ਕਰਦੇ ਹਨ ਪਰ ਦੁਨਿਆਵੀ ਲੋਕਾਂ ਨੇ ਬਸੰਤ ਰੁੱਤ ਦੇ ਚੜ੍ਹਾਓ, ਜੋ ਚੜ੍ਹਦੀ ਕਲਾ ਦਾ ਪ੍ਰਤੀਕ ਹੈ, ਨੂੰ ਭੁੱਲ ਕੇ ਰਵਾਇਤ ਅਨੁਸਾਰ ਕੇਵਲ ਰੰਗ ਸੁੱਟਣਾ, ਗੰਦ ਸੁੱਟਣਾ ਹੀ ਹੋਲੀ ਸਮਝ ਲਿਆ। ਗ਼ੁਲਾਮੀ ਤੇ ਗ਼ਰੀਬੀ ਕਾਰਨ ਭਾਰਤੀਆਂ ਦੀ ਮਾਨਸਿਕ ਹਾਲਤ ਬਹੁਤ ਹੀ ਪਸਤ ਹੋ ਚੁੱਕੀ ਸੀ, ਜਿਸ ਨੂੰ ਨਵੇਂ ਰੱਬੀ ਰੰਗ ਵਿਚ ਰੰਗਣ ਲਈ ਸਿੱਖ ਗੁਰੂ ਸਾਹਿਬਾਨ ਨੇ ਸਦਾ ਖਿੜਾਓ ਤੇ ਚਾਓ ਦੇ ਪ੍ਰਤੀਕ ਬਸੰਤ ਬਹਾਰ ਦੇ ਇਸ ਦਿਨ ਨੂੰ 'ਜੀ ਆਇਆਂ' ਕਹਿਣ ਵਾਸਤੇ 'ਪ੍ਰਹਿਲਾਦ' ਵਰਗੇ ਪ੍ਰਭੂ ਭਗਤਾਂ ਦੀ ਸੰਗਤ ਵਿਚ ਮਿਲ ਕੇ ਹੋਲੀ ਮਨਾਉਣ ਦਾ ਉਪਦੇਸ਼ ਦਿੱਤਾ ਤਾਂ ਕਿ ਅਸੀਂ ਸਾਰੇ ਦੁਨਿਆਵੀ ਰੰਗਾਂ ਦੀ ਥਾਂ ਰੂਹਾਨੀ ਰੰਗਾਂ ਵਿਚ ਰੰਗੇ ਜਾਈਏ:

ਆਜੁ ਹਮਾਰੈ ਬਨੇ ਫਾਗ॥
ਪ੍ਰਭ ਸੰਗੀ ਮਿਲਿ ਖੇਲਨ ਲਾਗ॥
ਹੋਲੀ ਕੀਨੀ ਸੰਤ ਸੇਵ॥
ਰੰਗੁ ਲਾਗਾ ਅਤਿ ਲਾਲ ਦੇਵ॥ *(ਬਸੰਤੁ ਮਹਲਾ ੫, ਪੰਨਾ 1180)*

'ਹੋਲਾ' ਸ਼ਬਦ 'ਹੋਲੀ' ਦਾ ਧੜੱਲੇਦਾਰ ਬਦਲਵਾਂ ਰੂਪ ਹੈ ਜੋ ਡਿੱਗਿਆਂ-ਢੱਠਿਆਂ ਦੇ ਹਿਰਦੇ ਅੰਦਰ ਉਤਸ਼ਾਹ ਤੇ ਹੁਲਾਸ ਪੈਦਾ ਕਰਦਾ ਹੈ। ਸਿੱਖਾਂ ਨੇ ਉਸ ਸਮੇਂ ਦੇ ਲੋਕਾਂ ਦੇ ਮਨਾਂ 'ਚ ਚੜ੍ਹਦੀ ਕਲਾ ਤੇ ਸੂਰਬੀਰਤਾ ਦਾ ਜਜ਼ਬਾ ਭਰਨ ਲਈ ਅਨੇਕਾਂ ਅਜਿਹੇ 'ਬੋਲੇ' ਪ੍ਰਚੱਲਿਤ ਕੀਤੇ ਹਨ, ਜਿਨ੍ਹਾਂ ਨੂੰ 'ਖ਼ਾਲਸਈ ਬੋਲੇ' ਕਿਹਾ ਜਾਂਦਾ ਹੈ, ਜਿਸ ਤਰ੍ਹਾਂ 'ਇਕ' ਨੂੰ 'ਸਵਾ ਲੱਖ' ਕਹਿਣਾ, 'ਮੌਤ' ਨੂੰ 'ਚੜ੍ਹਾਈ ਕਰਨਾ' ਕਹਿ ਦੇਣਾ, 'ਤੇਗ਼' ਨੂੰ 'ਤੇਗ਼ਾ', 'ਦੇਗ' ਨੂੰ 'ਦੇਗਾ', 'ਦਸਤਾਰ' ਨੂੰ 'ਦਸਤਾਰਾ', 'ਮੁੱਛਾਂ' ਨੂੰ 'ਮੁਛਹਿਰਾ', 'ਦਾੜ੍ਹੀ' ਨੂੰ 'ਦਾੜ੍ਹਾ'। ਇਸੇ ਤਰ੍ਹਾਂ ਹੋਲੀ ਨੂੰ 'ਹੋਲਾ' ਕਹਿਣਾ ਸਿੱਖਾਂ ਦੀ ਵਿਲੱਖਣਤਾ ਅਤੇ ਚੜ੍ਹਦੀ ਕਲਾ ਦੀ ਭਾਵਨਾ ਨੂੰ ਪ੍ਰਗਟਾਉਂਦਾ ਹੈ। ਕਵੀ ਨਿਹਾਲ ਸਿੰਘ ਦੇ ਸ਼ਬਦਾਂ ਵਿਚ:

ਬਰਛਾ ਢਾਲ ਕਟਾਰਾ ਤੇਗਾ, ਕੜਛਾ ਦੇਗਾ ਗੋਲਾ ਹੈ,
ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰਦੌਨਾ ਟੋਲਾ ਹੈ,
ਸੁਭਟ ਸੁਚਾਲਾ ਅਰ ਲਖ ਬਾਹਾਂ, ਕਲਗਾ ਸਿੰਘ ਸੁਚੋਲਾ ਹੈ,
ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ 'ਹੋਲਾ' ਹੈ। *(ਮਹਾਨ ਕੋਸ਼, ਪੰਨਾ 283)*

'ਹੋਲੀ' ਤੋਂ 'ਹੋਲਾ ਮਹੱਲਾ' ਕੇਵਲ ਸ਼ਬਦ ਜੋੜ ਦੀ ਤਬਦੀਲੀ ਹੀ ਨਹੀਂ, ਇਹ ਤਾਂ ਗ਼ੁਲਾਮ ਮਾਨਸਿਕਤਾ ਤੋਂ ਆਜ਼ਾਦ ਸੋਚ-ਵਿਚਾਰ ਤੇ ਚੜ੍ਹਦੀ ਕਲਾ ਵਿਵਹਾਰ ਦੀ ਤਬਦੀਲੀ ਦਾ ਪ੍ਰਗਟਾਅ ਹੈ।

ਭਾਰਤ ਸਦੀਆਂ ਤੀਕ ਵਿਦੇਸ਼ੀ ਹਮਲਾਵਰਾਂ ਦਾ ਗ਼ੁਲਾਮ ਰਿਹਾ। ਇਹੀ ਕਾਰਨ ਹੈ ਕਿ ਭਾਰਤੀਆਂ ਦੇ ਸ਼ੌਕ, ਮੌਜ-ਮੇਲੇ ਤੇ ਤਿਉਹਾਰ ਵੀ ਗ਼ੁਲਾਮ ਮਾਨਸਿਕਤਾ ਨੂੰ ਰੂਪਮਾਨ ਕਰਦੇ ਹਨ। ਭਾਰਤੀ ਲੋਕ ਤਨ, ਮਨ, ਧਰਮ, ਸਮਾਜ ਤੇ ਰਾਜਸੀ ਸੋਚ ਕਰਕੇ ਗ਼ੁਲਾਮ ਸਨ। ਗ਼ੁਲਾਮੀ ਦੀ ਦਲ-ਦਲ 'ਚੋਂ ਆਜ਼ਾਦ ਸੋਚ, ਸੁਤੰਤਰ ਹੋਂਦ-ਹਸਤੀ ਤੇ ਨਿਆਰੇਪਨ ਨੂੰ ਪ੍ਰਗਟ ਕਰਨਾ ਸਚਮੁੱਚ ਅਦਭੁੱਤ ਕਰਾਮਾਤ ਸੀ। ਇਹ ਚਿੜੀਆਂ ਤੋਂ ਬਾਜ਼ ਤੁੜਾਉਣ, ਇਕ ਨੂੰ ਸਵਾ ਲੱਖ ਨਾਲ ਲੜਾਉਣ ਤੇ ਅਸੰਭਵ ਨੂੰ ਸੰਭਵ ਕਰਨ ਦੇ ਤੁਲ ਸੀ। ਊਚ-ਨੀਚ, ਭਰਮ-ਭੇਖ, ਜਾਤ-ਪਾਤ, ਕਰਮ-ਵੰਡ, ਰੰਗ-ਨਸਲ ਦੇ ਹਰ ਤਰ੍ਹਾਂ ਦੇ ਵਿਤਕਰਿਆਂ ਵਖਰੇਵਿਆਂ ਨੂੰ ਦੂਰ ਕਰ, ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਭੂ-ਸੱਤਾ ਸੰਪੰਨ, ਸੁਤੰਤਰ ਸੋਚ-ਵਿਚਾਰ, ਵਿਹਾਰ ਲਈ ਖ਼ਾਲਸਾ ਫ਼ੌਜ ਦੀ ਸਥਾਪਨਾ ਕੀਤੀ। ਭਾਰਤੀ ਲੋਕ ਉਸ ਸਮੇਂ ਘਰ-ਪਰਿਵਾਰ ਵਿਚ ਹੀ ਰੰਗ, ਗੰਦ-ਮੰਦ ਆਪਣਿਆਂ 'ਤੇ ਸੁੱਟ ਕੇ ਮਨ-ਪਰਚਾਵਾ ਕਰਦੇ ਸਨ।

ਗੁਰਦੇਵ ਪਿਤਾ ਨੇ ਭਾਰਤੀਆਂ ਨੂੰ ਖ਼ੂਨ ਦੀ ਹੋਲੀ, ਆਜ਼ਾਦੀ, ਸੁਤੰਤਰਤਾ, ਸਵੈਮਾਣ, ਸਵੈਹੋਂਦ ਦੇ ਪ੍ਰਗਟਾਅ ਲਈ ਖ਼ਾਲਸਈ ਖੇਡਾਂ ਖੇਡਣ ਲਈ ਮੈਦਾਨ ਤਿਆਰ ਕਰ ਕੇ ਦਿੱਤਾ, ਕਿਉਂਕਿ ਪਰੰਪਰਕ ਹੋਲੀ ਤੇ ਲੱਠਮਾਰ ਹੋਲੀ ਨਾਲ ਭਾਰਤੀ ਦੇਵੀਆਂ ਦੀ ਇੱਜ਼ਤ ਗ਼ਜ਼ਨੀ ਦੇ ਬਜ਼ਾਰਾਂ 'ਚੋਂ ਨਿਲਾਮ ਹੋਣ ਤੋਂ ਬਚ ਨਹੀਂ ਸੀ ਸਕਦੀ।

ਹੋਲੀ ਸ਼ਬਦ ਦਸਮੇਸ਼ ਬਾਣੀ 'ਚ ਵੀ ਦੋ ਵਾਰੀ ਆਇਆ ਹੈ। ਇਕ ਵਾਰ 'ਬਚਿਤ੍ਰ ਨਾਟਕ' 'ਚ ਤੇ ਦੂਸਰੀ ਵਾਰ 'ਕ੍ਰਿਸ਼ਨਾਵਤਾਰ' 'ਚ :

ਮਨੋ ਸੂਰ ਬੈਠੇ ਭਲੀ ਖੇਲ ਹੋਲੀ॥੧੯॥ *(ਦਸਮ ਗ੍ਰੰਥ, ਪੰਨਾ 64)*

ਅਬ...ਨੋ ਹੋਲੀ ਖੇਲਬੋ॥ *(ਕ੍ਰਿਸ਼ਨਾਵਤਾਰ)*

ਮਾਘ ਮਹੀਨਾ ਬੀਤ ਜਾਣ, ਫਗਣ ਦੇ ਮਹੀਨੇ ਦੀ ਆਮਦ ਨਾਲ ਰੁੱਤ ਬਦਲੀ ਤਾਂ ਲੋਕਾਂ ਨੇ ਰਲ-ਮਿਲ ਕੇ ਹੋਲੀ ਖੇਡਣੀ ਸ਼ੁਰੂ ਕੀਤੀ।

ਮਾਘ ਬਿਤੀਤਿ ਭਏ ਰੁਤ ਫਾਗੁਨ ਆਇ ਗਈ ਸਭ ਖੇਲਤ ਹੋਰੀ (ਹੋਲੀ)॥
(ਦਸਮ ਗ੍ਰੰਥ, ਪੰਨਾ 281)

ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਮੁਤਾਬਿਕ 'ਮਹੱਲਾ' ਅਰਬੀ ਦੇ ਸ਼ਬਦ 'ਮਹੱਲਹੋ' ਦਾ ਤਦਭਵ ਹੈ, ਜਿਸ ਦਾ ਭਾਵ ਉਸ ਸਥਾਨ ਤੋਂ ਹੈ, ਜਿਥੇ 'ਫ਼ਤਹ' ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। 'ਹੋਲੇ ਮਹੱਲੇ' ਵਾਲੇ ਦਿਨ ਖ਼ਾਲਸੇ ਨੂੰ ਦੋ ਦਲਾਂ ਵਿਚ ਵੰਡ

ਕੇ, ਦਸਮ ਪਾਤਸ਼ਾਹ ਮਸਨੂਈ (ਨਕਲੀ) ਯੁੱਧ ਕਰਵਾਇਆ ਕਰਦੇ ਸਨ। ਇਕ ਦਲ ਨਿਸਚਿਤ ਸਥਾਨ 'ਤੇ ਕਾਬਜ਼ ਹੋ ਜਾਂਦਾ, ਦੂਜਾ ਉਸ 'ਤੇ ਹਮਲਾ ਕਰ ਕੇ ਕਿਲ੍ਹਾ ਖੋਹਣ ਦਾ ਯਤਨ ਕਰਦਾ। ਇਸ ਤਰ੍ਹਾਂ ਨਕਲੀ ਯੁੱਧ ਦੁਆਰਾ ਯੁੱਧ-ਜੁਗਤੀ ਅਤੇ ਪੈਂਤੜੇਬਾਜ਼ੀ ਦਾ ਅਭਿਆਸ ਹੁੰਦਾ। ਯੁੱਧ ਦੇ ਨਗਾਰੇ ਵੱਜਦੇ, ਹਥਿਆਰਾਂ ਦਾ ਟਕਰਾਓ ਹੁੰਦਾ, ਜੈਕਾਰੇ ਗੂੰਜਦੇ ਅਤੇ 'ਫ਼ਤਹ' ਦੀਆਂ ਖ਼ੁਸ਼ੀਆਂ ਮਨਾਈਆਂ ਜਾਂਦੀਆਂ। ਜਿਹੜਾ ਦਲ ਜਿੱਤ ਪ੍ਰਾਪਤ ਕਰਦਾ, ਉਸ ਨੂੰ ਗੁਰਦੇਵ ਪਿਤਾ, ਗੁਰੂ-ਦਰਬਾਰ ਵੱਲੋਂ ਸਿਰੋਪਾਓ ਦੀ ਬਖ਼ਸ਼ਿਸ਼ ਕਰਦੇ। ਫਿਰ ਉਥੇ ਹੀ ਦਰਬਾਰ ਸੱਜਦਾ ਅਤੇ ਸ਼ਸਤਰਧਾਰੀ ਸਿੰਘ ਆਪੋ-ਆਪਣੇ ਕਰਤੱਵ ਵਿਖਾਉਂਦੇ। ਪਹਿਲਾ 'ਮਹੱਲਾ' ਸ਼ਬਦ ਇਸੇ ਭਾਵ ਵਿਚ ਵਰਤਿਆ ਜਾਂਦਾ ਰਿਹਾ, ਪਰ ਹੌਲੀ-ਹੌਲੀ ਇਹ ਸ਼ਬਦ ਉਸ ਜਲੂਸ ਲਈ ਪ੍ਰਚੱਲਿਤ ਹੋ ਗਿਆ ਜੋ 'ਫ਼ਤਹ' ਉਪਰੰਤ ਫ਼ੌਜੀ ਸੱਜ-ਧੱਜ ਅਤੇ ਨਗਾਰਿਆਂ 'ਤੇ ਚੋਟ ਨਾਲ ਨਿਕਲਦਾ। 'ਹੋਲੇ ਮਹੱਲੇ' ਦੇ ਜਲੂਸ ਦੀ ਪ੍ਰਥਾ ਹੁਣ ਤਕ ਜਾਰੀ ਹੈ। ਇਸ ਤਰ੍ਹਾਂ ਪਤਾ ਲੱਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗ਼ੁਲਾਮੀ ਅਤੇ ਹਕੂਮਤੀ ਜਬਰ ਵਿਰੁੱਧ ਲੋਕ-ਮਨਾਂ ਅੰਦਰ ਨਵਾਂ ਉਤਸ਼ਾਹ ਅਤੇ ਕੁਰਬਾਨੀ ਦਾ ਜਜ਼ਬਾ ਭਰਨ ਲਈ 'ਹੋਲੀ' ਨੂੰ 'ਹੋਲੇ' ਦਾ ਰੂਪ ਦਿੱਤਾ।

ਇਥੇ ਇਹ ਗੱਲ ਵਰਣਨਯੋਗ ਹੈ ਕਿ ਉਸ ਸਮੇਂ ਬਾਦਸ਼ਾਹ ਔਰੰਗਜ਼ੇਬ ਵੱਲੋਂ 1687 ਈ. 'ਚ ਜਾਰੀ ਕੀਤੇ ਫ਼ੁਰਮਾਨ ਅਨੁਸਾਰ ਹਿੰਦੁਸਤਾਨੀ ਲੋਕਾਂ ਨੂੰ ਸ਼ਸਤਰ ਧਾਰਨ ਕਰਨ, ਘੋੜ-ਸਵਾਰੀ ਕਰਨ ਅਤੇ ਦਸਤਾਰ ਸਜਾਉਣ ਦੀ ਸਖ਼ਤ ਮਨਾਹੀ ਸੀ। ਦਸਤਾਰ ਕੇਵਲ ਉਹੋ ਹੀ ਸਜਾ ਸਕਦਾ ਸੀ, ਜਿਸ ਨੂੰ ਬਾਦਸ਼ਾਹ ਵੱਲੋਂ ਦਰਬਾਰੀ ਬਖ਼ਸ਼ੀ ਜਾਵੇ। ਘੋੜੇ ਦੀ ਸਵਾਰੀ, ਨਿਸ਼ਾਨ, ਨਗਾਰਾ ਅਤੇ ਫ਼ੌਜ ਰੱਖਣੀ ਹਕੂਮਤ ਵਿਰੁੱਧ ਬਗ਼ਾਵਤ ਦੇ ਤੁਲ ਸੀ, ਜਿਸ ਦੀ ਸਜ਼ਾ ਮੌਤ ਅਤੇ ਘਰ-ਘਾਟ ਨੂੰ ਉਜਾੜਨਾ ਤਕ ਹੋ ਸਕਦੀ ਸੀ। ਇਸੇ ਕਰਕੇ ਆਮ ਲੋਕ ਹਕੂਮਤੀ ਜਬਰ ਵਿਰੁੱਧ ਮੂੰਹ ਨਹੀਂ ਸਨ ਖੋਲ੍ਹਦੇ। ਗੁਰੂ ਜੀ ਨੇ ਲੋਕਾਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਬਲਵਾਨ ਬਣਾਉਣ ਲਈ ਹਰ ਸੰਭਵ ਯਤਨ ਕੀਤਾ। ਪ੍ਰਚੱਲਿਤ ਤਿਉਹਾਰਾਂ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਇਸੇ ਲੜੀ ਦੀ ਕੜੀ ਹੈ, ਜਿਨ੍ਹਾਂ ਨੂੰ ਆਮ ਲੋਕ ਘਟੀਆ ਅਤੇ ਪਿਛਾਂਹ-ਖਿੱਚੂ ਤਰੀਕੇ ਨਾਲ ਮਨਾਉਂਦੇ ਚਲੇ ਆ ਰਹੇ ਸਨ। ਹੁਣ ਤੇਗ਼ਾਂ-ਤਲਵਾਰਾਂ, ਨਿਸ਼ਾਨ, ਨਗਾਰੇ ਅਤੇ ਘੋੜਿਆਂ ਦੇ ਨਜ਼ਾਰੇ ਖ਼ਾਲਸੇ ਦੇ ਤਿਉਹਾਰ ਬਣ ਗਏ। ਹਕੂਮਤ ਦੀਆਂ ਨਜ਼ਰਾਂ ਵਿਚ ਸੰਗੀਨ ਜੁਰਮ ਸਮਝੀਆਂ ਜਾਂਦੀਆਂ 'ਜੰਗੀ-ਮਸ਼ਕਾਂ' ਖ਼ਾਲਸੇ ਦੀਆਂ ਰਵਾਇਤੀ ਖੇਡਾਂ ਬਣ ਗਈਆਂ। ਸਿੱਟੇ ਵਜੋਂ ਗ਼ੁਲਾਮੀ ਦੀ 'ਬੂ' ਲੋਕਾਂ ਦਾ ਦਮ ਘੁੱਟਣ ਲੱਗੀ ਅਤੇ ਉਹ ਜਬਰ-ਜ਼ੁਲਮ ਦੇ ਖ਼ਿਲਾਫ਼ ਜੂਝਣ ਲਈ ਮੈਦਾਨਿ-ਜੰਗ ਵਿਚ ਨਿੱਤਰਨ ਲੱਗੇ। ਇਨ੍ਹਾਂ ਜੰਗੀ ਮਸ਼ਕਾਂ ਤੇ ਸਿੱਖਾਂ ਦੀ ਚੜ੍ਹਦੀ ਕਲਾ ਸਦਕਾ ਹੀ ਪੰਜਾਬ ਦੀ ਧਰਤੀ 'ਤੇ ਵਿਦੇਸ਼ੀ ਹਮਲਾਵਰਾਂ ਵੱਲੋਂ ਹੋਣ ਵਾਲੇ ਨਿੱਤ ਦੇ ਹਮਲੇ ਸਦਾ ਲਈ ਬੰਦ ਹੋ ਗਏ। ਜੇਕਰ ਨਿਰਪੱਖ ਇਤਿਹਾਸ ਦੇ ਵਿਦਿਆਰਥੀ ਵਜੋਂ ਭਾਰਤੀ ਇਤਿਹਾਸ ਦੇ ਸੰਦਰਭ ਵਿਚ ਪੰਜਾਬ ਦਾ ਇਤਿਹਾਸ ਪੜ੍ਹਿਆ ਜਾਵੇ ਤਾਂ ਪ੍ਰਤੱਖ ਪ੍ਰਗਟ ਹੁੰਦਾ ਹੈ ਕਿ ਗੁਰੂ ਸਾਹਿਬਾਨ ਦੁਆਰਾ ਦਰਸਾਈ ਜੀਵਨ-ਜਾਚ ਸਦਕਾ ਹੀ ਪੰਜਾਬ ਬਾਕੀ ਭਾਰਤ ਨਾਲੋਂ

ਸਭ ਤੋਂ ਬਾਅਦ 'ਚ ਗ਼ੁਲਾਮ ਹੋਇਆ ਤੇ ਸਭ ਤੋਂ ਪਹਿਲਾਂ ਸੁਤੰਤਰਤਾ ਦੀ ਜੰਗ ਵੀ ਇਥੇ ਹੀ ਲੜੀ ਗਈ। ਪ੍ਰੋ. ਪੂਰਨ ਸਿੰਘ ਦੇ ਸ਼ਬਦ 'ਪੰਜਾਬ ਜੀਉਂਦਾ ਗੁਰਾਂ ਦੇ ਨਾਂ 'ਤੇ' ਬਹੁਤ ਸਾਰੇ ਧਾਰਮਿਕ, ਸਮਾਜਿਕ, ਰਾਜਸੀ ਤੇ ਇਤਿਹਾਸਕ ਤੱਥ ਕਸੌਟੀ 'ਤੇ ਸਹੀ ਬੈਠਦੇ ਹਨ।

ਉਪਰੋਕਤ ਸਾਰੀ ਵਿਚਾਰ-ਚਰਚਾ ਦਾ ਮਕਸਦ ਸਿਰਫ਼ ਇਹ ਦਰਸਾਉਣਾ ਹੈ ਕਿ ਸਤਿਗੁਰਾਂ ਨੇ ਕਿਸ ਤਰ੍ਹਾਂ ਲੋਕਾਂ ਦੀ ਮਾਨਸਿਕਤਾ ਵਿਚ ਚੜ੍ਹਦੀ ਕਲਾ ਦਾ ਅਹਿਸਾਸ ਜਗਾ ਕੇ, ਉਨ੍ਹਾਂ ਨੂੰ ਜਬਰ-ਜ਼ੁਲਮ ਤੇ ਅਨਿਆਂ ਦੇ ਖ਼ਿਲਾਫ਼ ਜੂਝਣ ਦੇ ਸਮਰੱਥ ਬਣਾਇਆ, ਕਿਸ ਤਰ੍ਹਾਂ ਦੱਬੇ-ਕੁਚਲੇ, ਲਿਤਾੜੇ ਅਤੇ ਸਾਹ-ਸਤਹੀਣ ਲੋਕਾਂ ਵਿਚ ਨਵੀਂ ਰੂਹ ਫੂਕ ਕੇ ਉਨ੍ਹਾਂ ਨੂੰ ਅਣਖ ਨਾਲ ਜੀਣਾ ਸਿਖਾਇਆ। ਇਹ ਸਭ ਗੁਰੂ ਜੀ ਦੀ ਸੁਚੱਜੀ ਤੇ ਸੁਹਿਰਦ ਅਗਵਾਈ ਦੇ ਸਦਕਾ ਹੀ ਸੰਭਵ ਹੋਇਆ। ਹੋਲਾ ਮਹੱਲਾ ਹੁਣ ਵੀ ਸਿੱਖ-ਸ਼ਕਤੀ ਦੇ ਪ੍ਰਦਰਸ਼ਨ ਵਜੋਂ ਅਨੰਦਪੁਰ ਸਾਹਿਬ ਵਿਖੇ ਖ਼ਾਲਸਈ ਜਾਹੋ-ਜਲਾਲ ਨਾਲ ਮਨਾਇਆ ਜਾਂਦਾ ਹੈ। ਸ਼ਾਇਦ ਇਹ ਪੰਜਾਬ ਦਾ ਸਭ ਤੋਂ ਵੱਡਾ ਲੋਕ ਇਕੱਠ ਹੋਵੇ। ਵਿਸ਼ੇਸ਼ ਦੀਵਾਨ ਸਜਦੇ ਹਨ ਤੇ ਖ਼ਾਲਸਈ ਸ਼ਾਨ ਪ੍ਰਗਟ ਕਰਦਾ 'ਮਹੱਲਾ' ਚੜ੍ਹਦਾ ਹੈ ਜੋ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਅਰੰਭ ਹੋ ਕੇ ਕਿਲ੍ਹਾ ਅਨੰਦਗੜ੍ਹ ਦੇ ਸਥਾਨ ਹੁੰਦਾ ਹੋਇਆ ਕਿਲ੍ਹਾ ਹੋਲਗੜ੍ਹ ਸਾਹਿਬ ਵਿਖੇ ਸੰਪੂਰਨ ਹੁੰਦਾ ਹੈ। ਨਿਹੰਗ ਸਿੰਘ ਰਵਾਇਤੀ ਖ਼ਾਲਸਈ ਬਾਣੇ ਵਿਚ ਖ਼ਾਲਸਈ ਖੇਡਾਂ ਦੁਆਰਾ ਆਪਣੀ ਗੁਰੂ-ਬਖ਼ਸ਼ੀ ਵਿਲੱਖਣ ਹੋਂਦ-ਹਸਤੀ ਦਾ ਖ਼ੂਬਸੂਰਤ ਪ੍ਰਦਰਸ਼ਨ 'ਚਰਨ ਗੰਗਾ' ਦੇ ਕਿਨਾਰੇ ਕਰਦੇ ਹਨ। ਹੋਲੇ-ਮਹੱਲੇ ਦੇ ਦੀਵਾਨ ਆਮ ਕਰਕੇ ਪਿੰਡਾਂ ਵਿਚ ਸਜਦੇ ਸਨ ਜਿਨ੍ਹਾਂ ਵਿਚ ਉੱਚ-ਕੋਟੀ ਦੇ ਢਾਡੀ ਤੇ ਕਵੀਸ਼ਰ ਸਿੱਖ-ਇਤਿਹਾਸ ਦੀ ਤਸਵੀਰ ਨੂੰ ਹੂ-ਬ-ਹੂ ਪ੍ਰਗਟ ਕਰਦੇ ਸਨ, ਜਿਸ ਨਾਲ ਨੌਜੁਆਨੀ ਆਪਣੇ ਅਮੀਰ ਇਤਿਹਾਸ ਤੇ ਵਿਰਾਸਤ ਨਾਲ ਜੁੜਦੀ। ਅੱਜ ਲੋੜ ਹੈ ਇਸ ਪਰੰਪਰਾ ਨੂੰ ਸਥਾਈ ਬਣਾਇਆ ਜਾਵੇ। ਦਾਸ ਨੇ ਭੀ ਨਿੱਜੀ ਰੂਪ ਵਿਚ ਸਿੱਖ-ਇਤਿਹਾਸ ਤੇ ਸਿਧਾਂਤਾਂ ਦੀ ਮੁੱਢਲੀ ਜਾਣਕਾਰੀ ਆਪਣੇ ਪਿੰਡ ਖ਼ਾਨੋਵਾਲ 'ਚ ਪ੍ਰਸਿੱਧ ਢਾਡੀ ਗਿਆਨੀ ਸੋਹਣ ਸਿੰਘ ਜੀ ਸੀਤਲ ਵੱਲੋਂ ਲੱਗਣ ਵਾਲੇ ਦੀਵਾਨਾਂ ਵਿੱਚੋਂ ਹੀ ਪ੍ਰਾਪਤ ਕੀਤੀ।

ਅਜੋਕੇ ਸਮੇਂ 'ਹੋਲੇ ਮਹੱਲੇ' ਦੀ ਮੂਲ-ਭਾਵਨਾ ਨੂੰ ਉਜਾਗਰ ਕਰਨ ਦੀ ਬਹੁਤ ਲੋੜ ਹੈ। ਸਮਾਜ ਵਿਚ ਪ੍ਰਚੱਲਿਤ ਹੋ ਚੁੱਕੀਆਂ ਅਨੇਕ ਤਰ੍ਹਾਂ ਦੀਆਂ ਬੁਰਾਈਆਂ ਅਤੇ ਕੁਰੀਤੀਆਂ ਦੀ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਲਈ ਲੋਕ-ਮਨਾਂ ਅੰਦਰ ਚੇਤਨਾ ਪੈਦਾ ਕਰਨੀ ਚਾਹੀਦੀ ਹੈ। ਲੋਕਾਂ ਦੀਆਂ ਭਾਵਨਾਵਾਂ ਨੂੰ ਸੌੜੇ, ਸਵਾਰਥੀ ਹਿੱਤਾਂ ਦੀ ਪੂਰਤੀ ਲਈ ਵਰਤਣ ਦੀ ਬਜਾਇ, ਉਨ੍ਹਾਂ ਨੂੰ ਹੱਕ, ਸੱਚ ਤੇ ਇਨਸਾਫ਼ ਦੀ ਸਥਾਪਤੀ ਲਈ ਪ੍ਰੇਰਿਤ ਕਰਨ ਦੀ ਲੋੜ ਹੈ ਤਾਂ ਕਿ ਵਰਤਮਾਨ ਸਮੇਂ ਵੀ ਹੋਲਾ ਮਹੱਲਾ ਸਿੱਖ ਚੜ੍ਹਦੀ ਕਲਾ ਦਾ ਨਜ਼ਾਰਾ ਪੇਸ਼ ਕਰ ਸਕੇ, ਜਿਸ ਤੋਂ ਪ੍ਰੇਰਨਾ ਉਤਸ਼ਾਹ ਪ੍ਰਾਪਤ ਕਰ, ਨਸ਼ਿਆਂ ਦੀ ਗ਼ੁਲਾਮ ਹੋ ਰਹੀ ਪੰਜਾਬੀ-ਨੌਜੁਆਨੀ ਨੂੰ ਠੱਲ੍ਹ ਪਵੇ। ਮਾਨਸਿਕ ਅਤੇ ਸਰੀਰਕ ਸਿਹਤ ਹੀ ਕੌਮ ਦੀ ਚੜ੍ਹਦੀ ਕਲਾ ਨੂੰ ਪ੍ਰਗਟ ਕਰਦੀ ਹੈ, ਜਿਸ ਵੱਲ ਸਾਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਸ੍ਰੀ ਅੰਮ੍ਰਿਤਸਰ ਤੇ ਦੀਵਾਲੀ

ਸਾਹਿਬ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਵਰੋਸਾਏ ਪਾਵਨ ਪਵਿੱਤਰ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਦੀ ਆਪਣੀ ਮਹੱਤਤਾ 'ਤੇ ਪਹਿਚਾਣ ਤੇ ਆਪਣਾ ਹੀ ਇਤਿਹਾਸਕ ਗੌਰਵ ਹੈ। ਅੰਮ੍ਰਿਤਸਰ ਏਸ਼ੀਆ ਮਹਾਂਦੀਪ ਦਾ ਪ੍ਰਮੁੱਖ ਧਾਰਮਿਕ-ਇਤਿਹਾਸਕ ਸ਼ਹਿਰ ਹੈ, ਜਿਸ ਨੂੰ ਪੰਜਾਬ ਦਾ ਦਿਲ ਤੇ ਗੁਰਸਿੱਖਾਂ ਦੀ ਜਿੰਦ-ਜਾਨ ਕਹਿ ਲਿਆ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀ ਹੋਵੇਗੀ। ਅੰਮ੍ਰਿਤਸਰ ਸਿੱਖ-ਧਰਮ ਦਾ ਕੇਂਦਰੀ ਸਥਾਨ, ਸਿੱਖ-ਵਿਸ਼ਵਾਸਾਂ ਦਾ ਧੁਰਾ, ਗੁਰਸਿੱਖਾਂ ਲਈ ਪ੍ਰੇਰਨਾ-ਸ੍ਰੋਤ ਤੇ ਸ਼ਕਤੀ ਦਾ ਪ੍ਰਮੁੱਖ ਸੋਮਾ, ਸਿੱਖ ਪਰੰਪਰਾਵਾਂ ਤੇ ਸਿੱਖ ਗੌਰਵ ਦੀ ਜੀਉਂਦੀ-ਜਾਗਦੀ ਮਿਸਾਲ ਹੈ।

ਅੰਮ੍ਰਿਤਸਰ ਕੇਵਲ ਸਿੱਖਾਂ ਲਈ ਹੀ ਨਹੀਂ, ਸਗੋਂ ਵਿਸ਼ਵ ਦੇ ਲੋਕਾਂ ਲਈ ਵਿਸ਼ਵ-ਧਰਮ ਮੰਦਰ, ਸ੍ਰੀ ਹਰਿਮੰਦਰ ਸਾਹਿਬ ਕਰਕੇ ਖਿੱਚ ਦਾ ਕੇਂਦਰ ਹੈ। ਸੰਸਾਰ ਦੇ ਕਿਸੇ ਵੀ ਕੋਨੇ ਵਿੱਚੋਂ ਕੋਈ ਵੀ ਕਿਸੇ ਸਮੇਂ ਬਿਨਾਂ ਕਿਸੇ ਰੋਕ-ਟੋਕ ਦੇ ਅੰਮ੍ਰਿਤਸਰ ਦੇ ਦਰਸ਼ਨ-ਇਸ਼ਨਾਨ ਕਰ ਸਕਦਾ ਹੈ। ਜਾਤੀ, ਨਸਲ ਜਾਂ ਖੇਤਰੀ ਭਿੰਨ-ਭੇਦ ਇਥੇ ਨਹੀਂ ਪੁੱਛਿਆ ਜਾਂਦਾ। ਇਹੀ ਕਾਰਨ ਹੈ ਕਿ ਹਰ ਫ਼ਿਰਕੇ, ਹਰ ਧਰਮ ਨਾਲ ਸੰਬੰਧਿਤ ਲੋਕ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਇਸ਼ਨਾਨ ਕਰ ਕੇ ਆਪਣੇ ਆਪ ਨੂੰ ਵਡਭਾਗੇ ਸਮਝਦੇ ਹਨ। ਸ੍ਰੀ ਅੰਮ੍ਰਿਤਸਰ ਜੀ ਦੀ ਸਿਰਜਣਾ ਦੇ ਸਮੇਂ ਤੋਂ ਹੀ ਹਰ ਕਿੱਤੇ ਦੇ ਲੋਕਾਂ ਨੂੰ ਇਥੇ ਵਸਾਇਆ ਗਿਆ ਸੀ।

ਸ੍ਰੀ ਗੁਰੂ ਰਾਮਦਾਸ ਜੀ ਨੇ ਪਾਵਨ ਅੰਮ੍ਰਿਤ ਸਰੋਵਰ ਦੀ ਆਰੰਭਤਾ ਕਰਵਾਈ ਤੇ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਰੋਵਰ ਨੂੰ ਸੰਪੂਰਨ ਤੇ ਪੱਕਿਆਂ ਕਰ, ਵਿਚਕਾਰ 'ਹਰਿਮੰਦਰ' ਦਾ ਨਿਰਮਾਣ ਕਰਵਾਇਆ। ਅੰਮ੍ਰਿਤ-ਸਰੋਵਰ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਣਾ ਦਾ ਉਦੇਸ਼ ਚਹੁੰ ਵਰਣਾਂ ਨੂੰ ਸਾਂਝੀਵਾਲਤਾ ਤੇ ਮਾਨਵਵਾਦੀ ਸਾਂਝ ਦਾ ਉਪਦੇਸ਼ ਦੇਣਾ ਸੀ। ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਣਾ ਤੇ ਇਮਾਰਤ-ਕਲਾ ਅਲੌਕਿਕ, ਅਨੂਠੀ ਤੇ ਵਿਲੱਖਣ ਹੈ। ਇਸੇ ਲਈ ਤਾਂ ਸ਼ਹੀਦਾਂ ਦੇ ਸਿਰਤਾਜ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਦੇ ਅਦੁੱਤੀ ਹੋਣ ਬਾਰੇ ਫ਼ੁਰਮਾਨ ਕਰਦੇ ਹਨ :

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥ *(ਫੁਨਹੇ ਮਹਲਾ ੫, ਪੰਨਾ 1362)*

1604 ਈਸਵੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਕਰ, ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਤੇ ਬਾਬਾ ਬੁੱਢਾ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਹੋਣ ਦਾ ਮਾਣ

ਬਖ਼ਸ਼ਿਆ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਸਿੱਖ-ਧਰਮ ਦੇ ਕੇਂਦਰੀ ਅਸਥਾਨ ਦਾ ਨਿਰਮਾਣ ਕਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਕਰ ਕੇ ਸਿੱਖ ਧਰਮ ਨੂੰ ਪੱਕੇ ਪੈਰੀਂ ਖੜਾ ਕਰ ਦਿੱਤਾ। ਧਰਮ ਪ੍ਰਚਾਰ-ਪ੍ਰਸਾਰ ਹਿੱਤ ਗੁਰੂ ਅਰਜਨ ਦੇਵ ਜੀ ਵੱਲੋਂ ਕੀਤੇ ਗਏ ਕਾਰਜਾਂ ਕਰਕੇ ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਖੇਤਰ ਬਹੁਤ ਵੱਧ ਗਿਆ। ਸਿੱਖਾਂ ਦੀ ਆਪਣੀ ਹੋਂਦ ਤੇ ਹਸਤੀ ਪ੍ਰਤੱਖ ਦਿਖਾਈ ਦੇਣ ਲੱਗੀ। ਸਰਬ-ਸਾਂਝੇ ਧਰਮ ਮੰਦਰ ਦੀ ਉਸਾਰੀ ਤੇ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹੋ ਜਾਣ ਨਾਲ ਬਹੁਤ ਸਾਰੇ ਹਿੰਦੂ ਮੁਸਲਮਾਨ ਗੁਰੂ-ਘਰ ਵੱਲ ਪ੍ਰੇਰਿਤ ਹੋਏ। ਸ੍ਰੀ ਹਰਿਮੰਦਰ ਸਾਹਿਬ - "ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ" ਦਾ ਉਪਦੇਸ਼ ਆਪਣੀ ਅਰੰਭਤਾ ਤੋਂ ਮਾਨਵਤਾ ਨੂੰ ਦਿੰਦਾ ਆ ਰਿਹਾ ਹੈ। ਇਸੇ ਲਈ ਮੌਲਾਨਾ ਜ਼ਫ਼ਰ ਅਲੀ ਨੇ ਕਿਹਾ ਸੀ :

ਹਰਿਮੰਦਰ ਕੀ ਬੁਨਿਆਦ ਕੀ ਈਂਟ ਦੇ ਰਹੀ ਹੈ ਗਵਾਹੀ,
ਕਿ ਕਬੀ ਅਹਿਲੇ ਮਜ਼ਹਬ ਮੇਂ ਦੋਸਤੀ ਮੁਸਕਰਾਈ ਥੀ।

ਸਿੱਖਾਂ ਲਈ ਅੰਮ੍ਰਿਤਸਰ ਦੀ ਇਤਿਹਾਸਕ ਮਹੱਤਤਾ ਤੇ ਮਾਨਤਾ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲੱਗ ਸਕਦਾ ਹੈ ਕਿ ਵਿਸ਼ਵ ਦੇ ਕੋਨੇ-ਕੋਨੇ ਵਿਚ ਬੈਠੇ ਗੁਰਸਿੱਖ ਸਵੇਰੇ-ਸ਼ਾਮ ਰੋਜ਼ਾਨਾ ਅਰਦਾਸ ਦੇ ਇਹ ਸ਼ਬਦ ਦਿਲ ਦੀਆਂ ਗਹਿਰਾਈਆਂ ਵਿੱਚੋਂ ਉਚਾਰਦੇ ਹਨ :

ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ।

ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਕਰਨੇ ਹਰ ਸਿੱਖ ਲੋਚਦਾ ਹੈ। ਸਦੀਆਂ ਬੀਤ ਗਈਆਂ, ਸਦੀਆਂ ਬੀਤ ਜਾਣਗੀਆਂ, ਪਰ ਅੰਮ੍ਰਿਤਸਰ ਸਿੱਖ-ਸਿਧਾਂਤਾਂ, ਸਿੱਖ-ਮਰਯਾਦਾ ਤੇ ਸਿੱਖ-ਸ਼ਕਤੀ ਦੇ ਪ੍ਰੇਰਨਾ-ਸ੍ਰੋਤ ਵਜੋਂ ਜਾਣਿਆ-ਪਹਿਚਾਣਿਆ, ਸਤਿਕਾਰਿਆ ਜਾਵੇਗਾ। ਸ੍ਰੀ ਹਰਿਮੰਦਰ ਸਾਹਿਬ ਕਿਸੇ ਵਿਅਕਤੀ-ਵਿਸ਼ੇਸ਼ ਦੀ ਮਹਾਨਤਾ ਨੂੰ ਨਹੀਂ ਪ੍ਰਗਟਾਉਂਦਾ, ਇਹ ਤਾਂ ਪਰਮਾਤਮਾ ਦੀ ਏਕਤਾ, ਮਨੁੱਖੀ-ਬਰਾਬਰਤਾ, ਸਰਬ-ਸਾਂਝੀਵਾਲਤਾ ਦਾ ਉਪਦੇਸ਼ ਸਮੁੱਚੀ ਮਾਨਵਤਾ ਨੂੰ ਦੇ ਰਿਹਾ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਦਿਨ-ਰਾਤ ਕੇਵਲ ਪਰਮਾਤਮਾ ਦੀ ਕੀਰਤੀ ਹੀ ਗਾਈ ਜਾਂਦੀ ਹੈ ਤੇ ਉਹ ਵੀ ਕੇਵਲ ਗੁਰਬਾਣੀ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦੇ ਰੂਪ ਵਿਚ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਸਤਿਗੁਰਾਂ ਦੇ ਪ੍ਰਕਾਸ਼-ਗੁਰਪੁਰਬ, ਗੁਰ-ਗੱਦੀ ਦਿਵਸ, ਜੋਤੀ ਜੋਤਿ ਸਮਾਉਣ ਦੇ ਦਿਹਾੜੇ, ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼-ਦਿਵਸ ਤੇ ਗੁਰ-ਗੱਦੀ ਦਿਵਸ ਮਨਾਏ ਜਾਂਦੇ ਹਨ। ਪਰ ਇਨ੍ਹਾਂ ਪਾਵਨ ਇਤਿਹਾਸਕ ਗੁਰਪੁਰਬਾਂ ਨੂੰ ਮਨਾਉਣ ਦਾ ਢੰਗ ਵੀ ਅਲੌਕਿਕ ਹੈ। ਸੰਬੰਧਿਤ ਗੁਰਪੁਰਬ ਸੰਬੰਧੀ ਗੁਰਬਾਣੀ ਦੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ ਤੇ ਅਰਦਾਸ ਵਿਚ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਜਾਂਦਾ ਹੈ। ਇਨ੍ਹਾਂ ਸਾਰਿਆਂ ਗੁਰਪੁਰਬਾਂ ਸੰਬੰਧੀ ਧਾਰਮਿਕ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ

ਵਿਖੇ ਕੀਤੇ ਜਾਂਦੇ ਹਨ, ਜਿਥੇ ਵਿਦਵਾਨ ਬੁਲਾਰੇ, ਇਤਿਹਾਸਕਾਰ, ਵਿਆਖਿਆਕਾਰ, ਰਾਗੀ, ਢਾਡੀ, ਕਵੀਸ਼ਰ ਗੁਰਪੁਰਬਾਂ ਦੀ ਇਤਿਹਾਸਕ ਮਹੱਤਤਾ ਬਾਰੇ ਸੰਗਤਾਂ ਨੂੰ ਜਾਣੂ ਕਰਵਾਉਂਦੇ ਹਨ। ਇਨ੍ਹਾਂ ਇਤਿਹਾਸਕ ਗੁਰਪੁਰਬਾਂ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਖ਼ਾਲਸੇ ਦਾ ਸਾਜਣਾ ਦਿਵਸ 'ਵਿਸਾਖੀ' ਅਤੇ 'ਦੀਵਾਲੀ' ਦਾ ਦਿਨ 'ਬੰਦੀ-ਛੋੜ ਦਿਵਸ' ਦੇ ਰੂਪ ਵਿਚ ਪੰਥਕ ਤੌਰ 'ਤੇ ਮਨਾਏ ਜਾਂਦੇ ਹਨ।

'ਦੀਪਾਵਲੀ' ਸੰਸਕ੍ਰਿਤ ਮੂਲ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਦੀਵੇ ਜਗਾਉਣੇ, ਚਾਨਣ ਕਰਨਾ। ਇਹ ਚਾਨਣ ਕਿਸੇ ਖ਼ਾਸ ਖ਼ੁਸ਼ੀ ਦਾ ਪ੍ਰਗਟਾਵਾ ਕਰਦਾ ਹੈ। ਦੂਜੇ ਧਰਮਾਂ ਵਿਚ ਦੀਵਾਲੀ, ਦੀਪ-ਪੂਜਾ ਤੇ ਲੱਛਮੀ-ਪੂਜਾ ਦੇ ਰੂਪ ਵਿਚ ਮਨਾਈ ਜਾਂਦੀ ਹੈ, ਪਰ ਸਿੱਖ ਇਹ ਦਿਹਾੜਾ ਆਪਣੇ ਗੌਰਵਮਈ ਵਿਰਸੇ ਨੂੰ ਯਾਦ ਕਰਨ ਲਈ ਮਨਾਉਂਦੇ ਹਨ। ਸਿੱਖ ਦੀਵਾਲੀ ਨਹੀਂ ਮਨਾਉਂਦੇ, ਸਿੱਖ ਤਾਂ ਬੰਦੀ-ਛੋੜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ੍ਰੀ ਅੰਮ੍ਰਿਤਸਰ ਆਗਮਨ ਦੀ ਖ਼ੁਸ਼ੀ ਵਿਚ ਦੀਵੇ ਜਗਾਉਂਦੇ ਹਨ, ਰੌਸ਼ਨੀ ਕਰ ਕੇ, ਆਤਿਸ਼ਬਾਜ਼ੀ ਚਲਾ ਕੇ ਆਪਣੇ ਪਿਆਰੇ ਸਤਿਗੁਰੂ ਨੂੰ ਸਤਿਕਾਰ ਭੇਟ ਕਰਦੇ ਹਨ। ਇਸ ਤਰ੍ਹਾਂ ਸਿੱਖਾਂ ਨੇ ਦੀਵਾਲੀ ਵਾਲੇ ਦਿਨ ਨੂੰ 'ਬੰਦੀ-ਛੋੜ ਦਿਵਸ' ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਮਨਾਉਣਾ ਸ਼ੁਰੂ ਕਰ ਦਿੱਤਾ ਤੇ ਫਿਰ ਇਹ ਲੋਕ-ਉਕਤੀ ਪ੍ਰਚੱਲਿਤ ਹੋ ਗਈ :

ਦਾਲ ਰੋਟੀ ਘਰ ਦੀ, ਦੀਵਾਲੀ ਅੰਬਰਸਰ ਦੀ।

ਇਤਿਹਾਸ ਪੜ੍ਹਿਆਂ-ਵਾਚਿਆਂ ਪਤਾ ਲੱਗਦਾ ਹੈ ਕਿ ਮੁਗ਼ਲ ਸਰਕਾਰ ਆਰੰਭ ਤੋਂ ਹੀ ਆਜ਼ਾਦ ਪ੍ਰਤੱਖ ਹੋਂਦ-ਹਸਤੀ, ਸੁਤੰਤਰ ਸਿੱਖ-ਸੋਚ ਦੇ ਧਾਰਨੀ ਸਿੱਖ-ਪੰਥ ਦੇ ਵਿਰੁੱਧ ਰਹੀ। ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਹੋਈ ਸ਼ਕਤੀ ਕਿਸੇ ਤਰ੍ਹਾਂ ਵੀ ਸੁਖਾਵੀਂ ਨਹੀਂ ਸੀ ਲੱਗਦੀ। ਇਹੀ ਕਾਰਨ ਸੀ ਕਿ ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦੀ ਦੇਣੀ ਪਈ।

ਬਾਦਸ਼ਾਹ ਜਹਾਂਗੀਰ ਨੂੰ ਖ਼ਿਆਲ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਿੱਖ ਲਹਿਰ ਮੂਲੋਂ ਹੀ ਦੱਬ ਜਾਏਗੀ, ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿੱਛੋਂ "ਦਲਿ ਭੰਜਨ ਗੁਰੁ ਸੂਰਮਾ" ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰ-ਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕਰ, ਚੰਗੇ ਘੋੜੇ ਤੇ ਸ਼ਸਤਰ ਭੇਟਾ ਹਿੱਤ ਲਿਆਉਣ ਲਈ ਹੁਕਮਨਾਮੇ ਜਾਰੀ ਕਰ ਕੇ ਇਹ ਸਪੱਸ਼ਟ ਕਰ ਦਿੱਤਾ ਕਿ ਸੱਚ ਦਾ ਚੰਦ੍ਰਮਾ ਜਬਰ-ਜ਼ੁਲਮ ਦੀ ਸ਼ਕਤੀ ਨਾਲ ਢੱਕਿਆ ਨਹੀਂ ਗਿਆ, ਸਗੋਂ ਸੱਚ ਦਾ ਪ੍ਰਕਾਸ਼ ਕਰਨ ਲਈ ਹੋਰ ਚਮਕੇਗਾ। ਜਹਾਂਗੀਰ ਪਾਸ ਇਹ ਖ਼ਬਰਾਂ ਪਹੁੰਚਣੀਆਂ ਸ਼ੁਰੂ ਹੋਈਆਂ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕਰ ਕੇ ਹਥਿਆਰਬੰਦ ਸੈਨਾ ਤਿਆਰ ਕਰ ਲਈ ਹੈ ਤੇ ਆਪਣੇ ਆਪ ਨੂੰ 'ਸੱਚਾ ਪਾਤਸ਼ਾਹ' ਅਖਵਾਉਣਾ ਸ਼ੁਰੂ ਕਰ ਦਿੱਤਾ ਹੈ। ਜਹਾਂਗੀਰ ਇਹ ਸਭ ਸੁਣ ਕੇ ਹੈਰਾਨ-ਪਰੇਸ਼ਾਨ ਹੋਇਆ। ਉਹ ਤਾਂ ਪਹਿਲਾਂ ਹੀ 'ਨਾਨਕ ਨਿਰਮਲ ਪੰਥ' ਨੂੰ ਬੰਦ ਕਰਨ ਬਾਰੇ ਸੋਚ ਰਿਹਾ ਸੀ, ਜਿਹੜਾ ਕਿ ਉਸ ਲਈ ਇਕ ਵੰਗਾਰ ਬਣ ਕੇ ਪ੍ਰਗਟ ਹੋ ਰਿਹਾ ਸੀ।

ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ ਤੇ ਹੱਕ-ਸੱਚ ਦੀ ਆਵਾਜ਼ ਤੋਂ ਵਿਸ਼ੇਸ਼ ਖ਼ਤਰਾ ਮਹਿਸੂਸ ਕਰਦਿਆਂ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਬਣਾ ਲਿਆ, ਜਿਥੇ ਕਿ ਪਹਿਲਾਂ ਹੀ ਬਾਈਧਾਰ ਦੇ ਹਿੰਦੂ ਰਾਜੇ ਬੰਦੀ (ਕੈਦੀ) ਬਣਾਏ ਹੋਏ ਸਨ। ਗੁਰੂ ਜੀ ਦੀ ਗ੍ਰਿਫ਼ਤਾਰੀ ਨਾਲ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖਾਂ ਵਿਚ ਇਹ ਤੌਖ਼ਲਾ ਤੇ ਬੇਚੈਨੀ ਵੱਧ ਗਈ ਕਿ ਗੁਰੂ ਅਰਜਨ ਦੇਵ ਜੀ ਵਾਂਗ ਕਿਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਵੀ ਸ਼ਹੀਦ ਨਾ ਕਰ ਦਿੱਤਾ ਜਾਵੇ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਅਗਵਾਈ ਵਿਚ ਸੰਗਤਾਂ ਮਸ਼ਾਲਾਂ ਜਗਾ ਕੇ ਗੁਰਬਾਣੀ ਪੜ੍ਹਦਿਆਂ ਗੁਰੂ ਜੀ ਦੀ ਰਿਹਾਈ ਲਈ ਸ਼ਾਂਤਮਈ ਪ੍ਰਦਰਸ਼ਨ ਕਰਦੀਆਂ। ਕਦੇ-ਕਦੇ ਗਵਾਲੀਅਰ ਪਹੁੰਚ ਸੰਗਤਾਂ ਕਿਲ੍ਹੇ ਦੀ ਪਰਿਕਰਮਾ ਕਰ ਆਪਣੇ ਪਿਆਰੇ ਗੁਰੂ ਪ੍ਰਤੀ ਸਤਿਕਾਰ ਪ੍ਰਗਟ ਕਰਦੀਆਂ। ਸਿੱਖ ਸੰਗਤਾਂ ਵੱਲੋਂ ਹੋ ਰਹੇ ਸ਼ਾਂਤਮਈ ਪ੍ਰਦਰਸ਼ਨ ਤੇ ਸਾਈਂ ਮੀਆਂ ਮੀਰ ਵਰਗੇ ਇਨਸਾਫ਼-ਪਸੰਦ ਮੁਸਲਮਾਨਾਂ ਦੇ ਦਖ਼ਲ ਨਾਲ ਗੁਰੂ ਸਾਹਿਬ ਜੀ ਦੀ ਰਿਹਾਈ ਸੰਭਵ ਹੋਈ। ਗੁਰੂ ਜੀ ਨੇ ਆਪਣੇ ਨਾਲ ਬੰਦੀ ਬਾਈਧਾਰ ਦੇ 52 ਹਿੰਦੂ ਰਾਜਿਆਂ ਨੂੰ ਵੀ ਬਾਦਸ਼ਾਹ ਦੀ ਕੈਦ ਤੋਂ ਮੁਕਤ ਕਰਵਾਇਆ, ਜਿਸ ਕਰਕੇ ਗੁਰੂ ਜੀ ਨੂੰ 'ਬੰਦੀ-ਛੋੜ' ਕਿਹਾ ਜਾਣ ਲੱਗਾ।

ਰਿਹਾਈ ਉਪਰੰਤ ਜਦੋਂ ਗੁਰੂ ਜੀ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਪਹੁੰਚੇ ਤਾਂ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖਾਂ ਨੇ ਘਿਉ ਦੇ ਦੀਵੇ ਜਗਾ, ਆਓ-ਭਗਤੀ ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਉਸ ਦਿਨ ਦੀਵਾਲੀ ਸੀ ਭਾਵੇਂ ਕਿ ਸਿੱਖਾਂ ਦਾ ਦੀਵਾਲੀ ਦੇ ਪਰੰਪਰਾਗਤ ਤਿਉਹਾਰ ਨਾਲ ਕੋਈ ਸੰਬੰਧ ਨਹੀਂ, ਪਰ ਉਸ ਦਿਨ ਤੋਂ ਸਿੱਖ ਦੀਵਾਲੀ ਨੂੰ 'ਬੰਦੀ-ਛੋੜ' ਦਿਵਸ ਦੇ ਰੂਪ ਵਿਚ ਮਨਾਉਣ ਲੱਗ ਪਏ।

ਜਿਵੇਂ ਉੱਪਰ ਦੱਸਿਆ ਗਿਆ ਹੈ ਕਿ ਸਮੇਂ ਦੀਆਂ ਸਰਕਾਰਾਂ ਨੇ ਸਿੱਖ ਧਰਮ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ, ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਤੇ ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਜਦ ਸਿੰਘ ਜੰਗਲਾਂ, ਪਹਾੜਾਂ ਅਤੇ ਰੇਗਿਸਤਾਨਾਂ ਵਿਚ ਰਹਿ ਕੇ ਜ਼ਾਲਮ ਹਕੂਮਤ ਨਾਲ ਟੱਕਰ ਲੈ ਰਹੇ ਸਨ, ਉਸ ਸਮੇਂ ਵੀ ਸਮੇਂ ਦੇ ਹਾਕਮਾਂ ਵੱਲੋਂ ਸਿੰਘਾਂ ਦੇ ਸ੍ਰੀ ਅੰਮ੍ਰਿਤਸਰ ਦਾਖ਼ਲੇ 'ਤੇ ਸਖ਼ਤ ਪਾਬੰਦੀ ਲਾਈ ਹੋਈ ਸੀ। ਪੱਤਾ-ਪੱਤਾ ਸਿੰਘਾਂ ਦਾ ਵੈਰੀ ਸੀ, ਸਿੰਘਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਸਨ। ਅਜਿਹੇ ਬਿਖੜੇ ਵੇਲੇ ਵੀ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖ ਜਾਨ 'ਤੇ ਖੇਡ ਕੇ ਗੁਰੂ-ਘਰ ਦੇ ਦਰਸ਼ਨ-ਇਸ਼ਨਾਨ ਕਰ ਜਾਂਦੇ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਦਰ 'ਜੋਤਿ' ਜਗਾਉਣ ਦੀ ਖ਼ਾਤਰ 'ਸ਼ਹੀਦੀ' ਤਕ ਵੀ ਪਾ ਜਾਂਦੇ। ਮੱਸੇ ਰੰਘੜ ਤੋਂ ਲੈ ਕੇ ਮੀਰ ਮੰਨੂ, ਅਦੀਨਾ ਬੇਗ, ਅਬਦਾਲੀ ਤੇ ਸਮੇਂ ਦੀਆਂ ਸਰਕਾਰਾਂ ਆਦਿ ਕਈਆਂ ਨੇ ਸਿੱਖਾਂ ਨੂੰ ਆਪਣੇ ਸੋਮੇ ਨਾਲੋਂ ਤੋੜਨ ਲਈ ਹਰ ਹੀਲਾ ਕੀਤਾ। ਜ਼ਕਰੀਆ ਖ਼ਾਨ ਨੇ ਨਾਦਰ ਸ਼ਾਹ ਨੂੰ ਦੱਸਿਆ ਕਿ ਸਿੱਖਾਂ ਦੀ ਸ਼ਕਤੀ ਦਾ ਸੋਮਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹੈ ਤਾਂ ਨਾਦਰ ਸ਼ਾਹ ਨੇ ਉਸ ਨੂੰ ਸਲਾਹ ਦਿੱਤੀ ਕਿ ਇਨ੍ਹਾਂ ਦੇ ਇਸ ਰੂਹਾਨੀ ਸੋਮੇ ਨੂੰ ਹੀ ਮੁਕਾ ਦਿਓ!

ਨਾਦਰ ਸ਼ਾਹ ਤੇ ਜ਼ਕਰੀਆ ਖ਼ਾਨ ਦੇ ਇਤਿਹਾਸਕ ਵਾਰਤਾਲਾਪ ਤੋਂ ਸਪੱਸ਼ਟ ਹੈ ਕਿ ਘੋਰ ਯੁੱਧਾਂ, ਭਾਜੜਾਂ ਤੇ ਹਮਲਿਆਂ ਵੇਲੇ ਵੀ ਸਿੱਖ ਵੱਧ ਤੋਂ ਵੱਧ ਗਿਣਤੀ ਵਿਚ ਦੀਵਾਲੀ ਦੇ ਮੌਕੇ ਅੰਮ੍ਰਿਤਸਰ ਇਕੱਠੇ ਹੁੰਦੇ। ਇਥੇ ਹੀ ਭਵਿੱਖ ਦੀਆਂ ਯੋਜਨਾਵਾਂ ਬਣਾਈਆਂ ਜਾਂਦੀਆਂ, ਪ੍ਰਬੰਧਕੀ ਮਸਲੇ ਨਜਿੱਠੇ ਜਾਂਦੇ ਤੇ ਪੰਥਕ ਫ਼ੈਸਲੇ ਲਏ ਜਾਂਦੇ। ਦੀਵਾਲੀ ਦਾ ਦਿਨ ਸਾਨੂੰ ਭਾਈ ਮਨੀ ਸਿੰਘ ਦੀ ਮਹਾਨ ਸ਼ਹਾਦਤ ਦੀ ਵੀ ਯਾਦ ਦਿਵਾਉਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਭਾਈ ਮਨੀ ਸਿੰਘ ਜੀ ਨੇ ਦੀਵਾਲੀ ਦੇ ਮੌਕੇ ਸਿੱਖਾਂ ਦਾ ਇਕੱਠ ਸੱਦਣ ਲਈ ਸਮੇਂ ਦੀ ਸਰਕਾਰ ਦੀ ਰਜ਼ਾਮੰਦੀ ਪ੍ਰਾਪਤ ਕਰ ਲਈ, ਪਰ ਜਦ ਉਨ੍ਹਾਂ ਨੂੰ ਇਹ ਪਤਾ ਚੱਲਿਆ ਕਿ ਜ਼ਕਰੀਆ ਖ਼ਾਨ ਦੀਵਾਲੀ ਦੇ ਮੌਕੇ 'ਤੇ ਇਕੱਠੇ ਹੋਏ ਸਿੱਖਾਂ ਨੂੰ ਮਾਰ-ਮੁਕਾਉਣਾ ਚਾਹੁੰਦਾ ਹੈ ਤਾਂ ਉਨ੍ਹਾਂ ਇਹ ਇਕੱਠ ਮੁਲਤਵੀ ਕਰ ਦਿੱਤਾ, ਇਸ ਕਰਕੇ ਹੀ ਉਨ੍ਹਾਂ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ। ਭਾਵੇਂ ਕਿ ਭਾਈ ਮਨੀ ਸਿੰਘ ਦੀ ਸ਼ਹਾਦਤ ਦੀਵਾਲੀ ਵਾਲੇ ਦਿਨ ਨਹੀਂ ਹੋਈ ਪਰ ਕਿਉਂਕਿ ਉਨ੍ਹਾਂ ਦੀ ਸ਼ਹਾਦਤ ਦਾ ਕਾਰਨ ਦੀਵਾਲੀ ਮਨਾਉਣਾ ਹੀ ਸੀ, ਇਸ ਕਰਕੇ ਸਿੱਖ ਜਿਥੇ ਦੀਵਾਲੀ ਦੇ ਸਮੇਂ ਬੰਦੀ-ਛੋੜ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸ਼ਰਧਾ ਸਤਿਕਾਰ ਭੇਟ ਕਰਦੇ ਹਨ, ਉਥੇ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਨੂੰ ਵੀ ਯਾਦ ਕਰ ਆਪਣਾ ਸਤਿਕਾਰ ਦਿੰਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਰਿਹਾਈ ਸਮੇਂ ਕੀਤੀ ਗਈ ਦੀਪਮਾਲਾ ਦੀਵਾਲੀ ਦੇ ਦਿਨ ਗੁਰਸਿੱਖਾਂ ਦੀ ਇਕੱਤਰਤਾ ਬੁਲਾਉਣ ਕਰਕੇ ਇਹ ਦਿਨ ਸਿੱਖਾਂ ਲਈ ਇਕ ਯਾਦਗਾਰੀ ਦਿਨ ਬਣ ਗਿਆ ਤੇ ਹਰ ਸਾਲ ਦੀਵਾਲੀ ਦੇ ਸਮੇਂ ਖ਼ਾਲਸਾ ਪੰਥ ਇਕੱਤਰ ਹੋ ਕੇ ਪੰਥਕ ਹਿੱਤਾਂ ਲਈ ਵਿਚਾਰਾਂ ਕਰਦਾ ਤੇ ਭਵਿੱਖ ਦੀਆਂ ਯੋਜਨਾਵਾਂ ਬਣਾਉਂਦਾ ਹੈ। ਇਨ੍ਹਾਂ ਇਕੱਤਰਤਾਵਾਂ ਨੂੰ ਸਰਬੱਤ ਖ਼ਾਲਸਾ ਦਾ ਨਾਮ ਦਿੱਤਾ ਜਾਂਦਾ ਤੇ ਹੋਏ ਫ਼ੈਸਲਿਆਂ ਨੂੰ 'ਗੁਰਮਤਾ' ਕਿਹਾ ਜਾਂਦਾ ਹੈ।

ਦੀਵਾਲੀ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਕੰਪਲੈਕਸ 'ਤੇ ਮੁਕੰਮਲ ਰੂਪ ਵਿਚ ਦੀਪਮਾਲਾ ਕੀਤੀ ਜਾਂਦੀ ਹੈ। ਸ਼ਰਧਾਲੂਆਂ ਵੱਲੋਂ ਸਰੋਵਰ ਦੇ ਕੰਢੇ ਜਗਾਏ ਹੋਏ ਦੀਵੇ ਤੇ ਮੋਮਬੱਤੀਆਂ ਤੇ ਦੀਪਮਾਲਾ ਇਕ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ, ਜਿਸ ਦੀ ਖ਼ੂਬਸੂਰਤੀ ਨੂੰ ਅੱਖਰਾਂ ਵਿਚ ਬਿਆਨ ਕਰਨਾ ਅਸੰਭਵ ਹੈ, ਇਹ ਤਾਂ ਦੇਖਣ 'ਤੇ ਹੀ ਅਨੁਭਵ ਹੋਵੇਗਾ। ਇਤਿਹਾਸਕ-ਦ੍ਰਿਸ਼ਟੀ ਤੋਂ ਦੇਖਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੀਵਿਆਂ ਵਿਚ ਤੇਲ ਨਹੀਂ ਬਲ ਰਿਹਾ ਬਲਕਿ ਕੌਮਾਂ ਨੂੰ ਰੌਸ਼ਨੀ ਪ੍ਰਦਾਨ ਕਰਨ ਲਈ 'ਸ਼ਹੀਦਾਂ ਦੀ ਚਰਬੀ' ਬਲ ਰਹੀ ਹੈ। ਜ਼ੁਲਮ ਤੇ ਪਾਪ ਦੀ ਹਨੇਰੀ ਨੂੰ ਦੂਰ ਕਰਨ ਲਈ ਸੂਰਬੀਰ ਆਪਣੀ ਚਰਬੀ ਦੀਵਿਆਂ ਵਿਚ ਪਾਉਣ ਲਈ ਖੜੇ ਦਿੱਸਣਗੇ। ਦੀਵਿਆਂ ਦੀ ਰੌਸ਼ਨੀ ਵਿਚ ਸ੍ਰੀ ਹਰਿਮੰਦਰ ਸਾਹਿਬ ਵਿੱਚੋਂ ਇਹ ਨਾਦ ਗੂੰਜਦਾ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ *(ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਪੰਨਾ 1412)*

ਦੀਵਾਲੀ ਵਾਲੇ ਦਿਨ ਸ਼ਾਮ ਨੂੰ 'ਰਹਰਾਸਿ' ਦੇ ਪਾਠ ਆਰੰਭ ਹੋਣ ਤੋਂ ਪਹਿਲਾਂ ਹੀ ਸੰਗਤਾਂ ਆਤਿਸ਼ਬਾਜ਼ੀ ਦਾ ਨਜ਼ਾਰਾ ਦੇਖਣ ਤੇ ਦਰਸ਼ਨੀ ਡਿਓਢੀ ਤੋਂ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੌਮ ਦੇ ਨਾਂ ਸੰਦੇਸ਼ ਸ੍ਰਵਣ ਕਰਨ ਲਈ ਜੁੜ ਬੈਠਦੀਆਂ ਹਨ। 'ਰਹਰਾਸਿ' ਦੇ ਪਾਠ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਚਾਰ ਕੋਨਿਆਂ ਵਿੱਚੋਂ ਆਤਿਸ਼ਬਾਜ਼ ਆਤਿਸ਼ਬਾਜ਼ੀ ਚਲਾਉਂਦੇ ਹਨ। ਇਹ ਨਜ਼ਾਰਾ ਦੇਖਿਆਂ ਹੀ ਬਣਦਾ ਹੈ।

ਸਿੱਖ ਸ੍ਰੀ ਅੰਮ੍ਰਿਤਸਰ ਤੋਂ ਜੀਵਨ ਦੀ ਰੌਅ ਪ੍ਰਾਪਤ ਕਰਦਾ ਹੈ। ਅੰਮ੍ਰਿਤਸਰ ਤੋਂ ਜੀਵਨ ਦੀ ਰੌਸ਼ਨੀ ਪ੍ਰਾਪਤ ਕਰ ਆਪਣੇ ਜੀਵਨ 'ਚੋਂ ਹਨੇਰਾ ਦੂਰ ਕਰਦਾ ਹੈ। ਮੱਸਿਆ ਦੀ ਕਾਲੀ ਬੋਲੀ ਅੰਧੇਰੀ ਰਾਤ ਵਿਚ ਜਗ ਰਹੇ ਦੀਵੇ ਸਾਨੂੰ ਜੀਵਨ ਦਾ ਰਾਹ ਦਰਸਾਉਂਦੇ ਹਨ। ਮਨੁੱਖ ਹਨੇਰਾ ਨਹੀਂ, ਪ੍ਰਕਾਸ਼ ਲੋਚਦਾ ਹੈ। ਇਤਿਹਾਸਕ ਘਟਨਾਵਾਂ ਨੂੰ ਰੂਪਮਾਨ ਕਰਦੇ ਇਹ ਦੀਵੇ, ਸਾਨੂੰ ਪ੍ਰੇਰਨਾ ਤੇ ਉਤਸ਼ਾਹ ਬਖ਼ਸ਼ਦੇ ਹਨ ਕਿ ਜ਼ਿੰਦਗੀ 'ਪੂਰਨਮਾਸ਼ੀ ਦੀ ਰਾਤ' ਬਣ ਜਾਵੇ ਭਾਵ ਜ਼ਿੰਦਗੀ ਜੀਉਣ ਦੀ ਜਾਚ ਸਾਨੂੰ ਆ ਜਾਵੇ। ਇਹ ਸੱਚ ਦਾ ਪ੍ਰਕਾਸ਼ ਤਾਂ ਹੀ ਹੋ ਸਕਦਾ ਹੈ, ਜੇ ਸਤਿਗੁਰੂ ਆਪ ਕਿਰਪਾ ਕਰਨ। ਗੁਰਦੇਵ ਹੁਕਮ ਕਰਦੇ ਹਨ :

ਸਗਲੀ ਰੈਣਿ ਗੁਦਰੀ ਅੰਧਿਆਰੀ ਸੇਵਿ ਸਤਿਗੁਰੁ ਚਾਨਣੁ ਹੋਇ ॥

(ਸਿਰੀਰਾਗੁ ਮਹਲਾ ੧, ਪੰਨਾ 78)

ਸਤਿਗੁਰੂ ਦੇ ਹੁਕਮ ਵਿਚ ਚੱਲ ਕੇ ਹੀ ਗਿਆਨ ਦਾ ਪ੍ਰਕਾਸ਼ ਹੋ ਸਕਦਾ ਹੈ। ਲੱਛਮੀ-ਪੂਜਾ ਤਾਂ ਅਗਿਆਨਤਾ ਦੇ ਹਨੇਰੇ ਨੂੰ ਹੋਰ ਗੂੜ੍ਹਾ ਕਰਦੀ ਹੈ। ਅਗਿਆਨਤਾ ਵੱਸ ਮਨੁੱਖ ਦੇਵਣਹਾਰ ਦਾਤਾਰ ਨੂੰ ਵਿਸਾਰ ਦਿੰਦਾ ਹੈ। ਲੋੜ ਹੈ ਮਨੁੱਖ ਦੇ ਮੱਸਿਆ ਰੂਪੀ ਜੀਵਨ ਦੀ ਰਾਤ ਵਿਚ ਗਿਆਨ ਰੂਪੀ ਦੀਵਾ ਬਾਲਣ ਦੀ। ਗੁਰੂ ਨਾਨਕ ਪਾਤਸ਼ਾਹ ਅਗਵਾਈ ਬਖ਼ਸ਼ਦੇ ਹਨ :

ਪੋਥੀ ਪੁਰਾਣ ਕਮਾਈਐ ॥
ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਣਿ ਜਲਾਈਐ ॥੨॥
ਇਹੁ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣੁ ਸਾਹਿਬ ਤਉ ਮਿਲੈ ॥ *(ਸਿਰੀਰਾਗੁ ਮਹਲਾ ੧, ਪੰਨਾ 25)*

ਗੁਰੂ ਅਰਜਨ ਦੇਵ ਜੀ ਦੇ ਉਪਦੇਸ਼ ਅਨੁਸਾਰ :

ਦੂਖੁ ਅੰਧੇਰਾ ਘਰ ਤੇ ਮਿਟਿਓ ॥
ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥ *(ਗਉੜੀ ਮਹਲਾ ੫, ਪੰਨਾ 241)*

ਆਓ ! ਗਿਆਨ ਰੂਪੀ ਦੀਵੇ ਨਾਲ ਆਪਣੇ ਅੰਦਰ ਪੱਸਰੇ ਕੂੜ (ਅਗਿਆਨਤਾ) ਦੇ ਹਨੇਰੇ ਨੂੰ ਦੂਰ ਕਰੀਏ, ਤਾਂ ਹੀ ਅਸੀਂ ਦੀਵਾਲੀ ਦੇ ਦੀਵਿਆਂ ਤੋਂ ਰੌਸ਼ਨੀ ਲੈ ਕੇ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਹੋ ਸਕਦੇ ਹਾਂ।

ਦਰਸ਼ਨੀ ਡਿਉਢੀ ਦੇ ਦਰਵਾਜ਼ਿਆਂ ਦੀ ਦਾਸਤਾਨ

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ, ਸਿੱਖ ਕੌਮ ਦਾ ਪ੍ਰਮੁੱਖ ਕੇਂਦਰੀ ਧਾਰਮਿਕ ਅਸਥਾਨ ਹੈ। ਅੰਮ੍ਰਿਤ-ਸਰੋਵਰ ਦੇ ਦਰਮਿਆਨ ਸੁਸ਼ੋਭਿਤ ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਹੀ ਬਾਣੀ ਦੀਆਂ ਉੱਠਦੀਆਂ ਧੁਨਾਂ ਅੰਮ੍ਰਿਤ ਸਰੋਵਰ ਦੀਆਂ ਲਹਿਰਾਂ ਨਾਲ ਮਿਲ ਕੇ ਚੌਗਿਰਦੇ ਦੇ ਵਾਤਾਵਰਨ ਨੂੰ ਅਧਿਆਤਮਕ ਸੁਗੰਧੀ ਨਾਲ ਸਰਸ਼ਾਰ ਕਰਦੀਆਂ ਹਨ। ਪ੍ਰਵੇਸ਼ ਦੁਆਰ ਤੋਂ ਪਰਿਕਰਮਾ ਵਿਚ ਪੈਰ ਧਰਦਿਆਂ ਹੀ ਹਰ ਯਾਤਰੂ ਆਪਣੇ ਆਪ ਨੂੰ ਪ੍ਰੀਤਮ ਕੇ ਦੇਸ਼ ਦਾ ਵਾਸੀ ਅਨੁਭਵ ਕਰਦਾ ਹੈ। ਯਾਤਰੂ ਭਾਵੇਂ ਕਿਸੇ ਦੇਸ਼, ਧਰਮ, ਜਾਤੀ, ਨਸਲ ਜਾਂ ਖਿੱਤੇ ਦਾ ਹੋਵੇ, ਸ੍ਰੀ ਹਰਿਮੰਦਰ ਸਾਹਿਬ ਦੇ ਚੌਗਿਰਦੇ ਵਿਚ ਆਪਣੇ ਆਪ ਨੂੰ ਅਧਿਆਤਮਕ ਰੰਗਤ ਵਿਚ ਰੰਗਿਆ ਮਹਿਸੂਸ ਕਰਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਾਨਵਤਾ ਲਈ ਸਰਬ ਸਾਂਝਾ ਧਾਰਮਿਕ ਅਸਥਾਨ ਹੈ, ਜਿਥੋਂ ਹਰ ਧਰਮ, ਜਾਤੀ, ਨਸਲ, ਦੇਸ਼ ਦਾ ਮਾਨਵ ਅਧਿਆਤਮਕ ਖ਼ੁਰਾਕ, ਮਾਨਸਿਕ-ਸ਼ਾਂਤੀ ਤੇ ਆਤਮਿਕ-ਤ੍ਰਿਪਤੀ ਬਿਨਾਂ ਰੋਕ ਟੋਕ, ਪ੍ਰਾਪਤ ਕਰ ਸਕਦਾ ਹੈ। ਸ੍ਰੀ ਹਰਿਮੰਦਰ ਸਾਹਿਬ ਮਾਨਵੀ ਪਿਆਰ, ਇਤਫ਼ਾਕ, ਰੱਬੀ ਏਕਤਾ, ਬਰਾਬਰਤਾ, ਸਰਬ ਸਾਂਝੀਵਾਲਤਾ ਦਾ ਸਦੀਵੀ ਅਮਲੀ ਪ੍ਰਗਟਾਅ ਹੈ।

ਸਿੱਖਾਂ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਇਕ ਧਾਰਮਿਕ ਕੇਂਦਰ ਹੀ ਨਹੀਂ, ਸਗੋਂ ਸਿੱਖ ਕੌਮ ਦੀ ਵਿਲੱਖਣ ਹੋਂਦ-ਹਸਤੀ, ਸਵੈਮਾਣ, ਇਤਿਹਾਸ ਤੇ ਵਿਰਾਸਤ ਦੀ ਜਗਦੀ ਜੋਤ ਹੈ। ਸਿੱਖ ਕੌਮ ਦੀ ਹੋਂਦ-ਹਸਤੀ, ਧਰਮ, ਸਮਾਜ ਤੇ ਰਾਜਨੀਤੀ, ਸ੍ਰੀ ਹਰਿਮੰਦਰ ਸਾਹਿਬ ਦੇ ਸੰਕਲਪ, ਸਿਧਾਂਤ ਤੇ ਇਤਿਹਾਸ ਨਾਲ ਜੁੜੀ ਹੋਈ ਹੈ। ਸ੍ਰੀ ਹਰਿਮੰਦਰ ਸਾਹਿਬ ਦਾ ਸੰਕਲਪ, ਸਿਧਾਂਤ ਤੇ ਸਰੂਪ ਪਾਵਨ ਬਾਣੀ ਵਿਚ ਅੰਕਿਤ ਹੈ, ਜਿਸ ਨੂੰ ਸਰਗੁਣ ਸਰੂਪ ਵਿਚ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਪ੍ਰਗਟ ਕਰ, ਮਾਨਵਤਾ ਨੂੰ ਆਦਰਸ਼ਕ ਧਰਮ ਮੰਦਿਰ ਦਾ ਸਾਖਸ਼ਾਤ ਰੂਪ ਭੇਟ ਕੀਤਾ। ਸ੍ਰੀ ਹਰਿਮੰਦਰ ਸਾਹਿਬ ਦੇ ਸੰਕਲਪ-ਸਿਧਾਂਤ, ਗੌਰਵਮਈ ਇਤਿਹਾਸਕ ਵਿਰਸੇ, ਅੰਦਰੂਨੀ ਤੇ ਬਾਹਰੀ ਸੁੰਦਰਤਾ ਨੂੰ ਕਲਮਬੱਧ ਕਰਨਾ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਸ੍ਰੀ ਹਰਿਮੰਦਰ ਸਾਹਿਬ ਤਾਂ ਅਨੁਭਵ ਦਾ ਵਿਸ਼ਾ ਹੈ। ਇਸ ਲੇਖ ਵਿਚ ਅਸੀਂ ਕੇਵਲ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਦਰਸ਼ਨੀ ਡਿਉਢੀ ਦੇ ਦਰਵਾਜ਼ਿਆਂ ਦੀ ਦਾਸਤਾਨ ਨੂੰ ਰੂਪਮਾਨ ਕਰਨ ਦਾ ਯਤਨ ਕਰਾਂਗੇ।

ਭਾਰਤ ਦੇ ਸਾਰੇ ਹੀ ਵਿਸ਼ੇਸ਼ ਧਰਮ ਮੰਦਰ ਤੇ ਧਰਮੀ ਲੋਕ ਧਾੜਵੀਆਂ-

ਲੁਟੇਰਿਆਂ, ਬਾਬਰਕਿਆਂ ਅਤੇ ਹੋਰ ਹਮਲਾਵਰਾਂ ਦੇ ਨਿਸ਼ਾਨੇ 'ਤੇ ਰਹੇ, ਭਾਵੇਂ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਹੈ ਤੇ ਭਾਵੇਂ ਪ੍ਰਸਿੱਧ ਹਿੰਦੂ ਮੰਦਰ ਸੋਮਨਾਥ। ਸੋਮਨਾਥ ਦੇ ਮੰਦਰ ਨੂੰ ਵੀ ਦੇਸ਼ੀ-ਵਿਦੇਸ਼ੀ ਹਮਲਾਵਰਾਂ ਨੇ ਛੇ ਵਾਰ ਢਾਹਿਆ ਤੇ ਤਬਾਹ ਕੀਤਾ। ਹਰ ਵਾਰ ਮੰਦਰ ਦੀ ਨਵ-ਉਸਾਰੀ ਪ੍ਰੇਮੀਆਂ, ਸ਼ਰਧਾਲੂਆਂ ਵੱਲੋਂ ਕੀਤੀ ਗਈ। ਇਸ ਤਰ੍ਹਾਂ ਹੀ ਸਿੱਖ ਹੋਂਦ-ਹਸਤੀ, ਪਹਿਚਾਣ ਤੇ ਸ਼ਕਤੀ ਦੇ ਪ੍ਰਤੀਕ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬਾਬਰਕਿਆਂ (ਹਮਲਾਵਰਾਂ) ਨੇ ਕਈ ਵਾਰ ਢਾਹਿਆ, ਪਾਵਨ ਅੰਮ੍ਰਿਤ ਸਰੋਵਰ ਨੂੰ ਪੂਰਿਆ ਤੇ ਸਿੱਖੀ ਦੇ ਸੋਮੇ ਨੂੰ ਬੰਦ ਕਰਨ ਦੇ ਯਤਨ ਕੀਤੇ, ਪਰ ਅਜਿਹੇ ਕੋਝੇ ਕਾਰੇ ਕਰਨ ਵਾਲੇ ਖ਼ੁਦ ਮਰ-ਮਿਟ ਗਏ ਅਤੇ ਬਾਬੇਕਿਆਂ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਸਰੋਵਰ ਦੀ ਕਾਰ-ਸੇਵਾ ਰਾਹੀਂ ਨਵ-ਉਸਾਰੀ ਕਰ ਕੇ ਜਿਊਂਦੀ-ਜਾਗਦੀ ਕੌਮ ਦਾ ਸਬੂਤ ਦਿੱਤਾ। ਅੰਮ੍ਰਿਤ ਸਰੋਵਰ ਦਰਮਿਆਨ ਸੁਸ਼ੋਭਿਤ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਹਰ ਪ੍ਰੇਮੀ ਨੂੰ ਇਕ ਰਸਤੇ 'ਚੋਂ ਗੁਜ਼ਰਨਾ ਪੈਂਦਾ ਹੈ, ਜਿਸ ਨੂੰ ਦਰਸ਼ਨੀ ਦਰਵਾਜ਼ਾ - ਦਰਸ਼ਨੀ ਡਿਉਢੀ ਕਿਹਾ ਜਾਂਦਾ ਹੈ। ਦਰਸ਼ਨੀ ਦਰਵਾਜ਼ੇ 'ਚੋਂ ਲੰਘ ਕੇ ਪੁਲ ਦੇ ਰਸਤੇ ਪ੍ਰੇਮੀ ਜੀਊੜੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਪ੍ਰਤੀ ਸ਼ਰਧਾ-ਸਤਿਕਾਰ ਪ੍ਰਗਟ ਕਰਦੇ ਅਤੇ ਸੁਖ-ਸ਼ਾਂਤੀ-ਸਹਿਜ ਪ੍ਰਾਪਤ ਕਰਦੇ ਹਨ।

ਦਰਸ਼ਨੀ ਡਿਉਢੀ ਦਾ ਅਰਥ

ਇਸ ਦਾ ਅਰਥ ਹੈ, ਘਰ ਵਿਚ ਦਾਖ਼ਲ ਹੋਣ ਦਾ ਦਰਵਾਜ਼ਾ, ਪ੍ਰਵੇਸ਼ ਦੁਆਰ, ਮਹਿਲ ਦਾ ਦਰਸ਼ਨੀ ਦਰਵਾਜ਼ਾ, ਦਹਿਲੀਜ਼, ਘਰ ਦੇ ਬੂਹੇ ਅੱਗੇ ਬਣਿਆ ਚਬੂਤਰਾ। ਡਿਉਢੀ ਸ਼ਾਹੀ ਕਿਲ੍ਹਿਆਂ, ਹਵੇਲੀਆਂ ਤੇ ਸਰਦਾਰਾਂ ਦੇ ਘਰਾਂ ਦੇ ਬਾਹਰ ਸ਼ਾਹੀ ਸ਼ਾਨ ਨੂੰ ਰੂਪਮਾਨ ਕਰਨ ਤੇ ਸ਼ਕਤੀ ਦਾ ਪ੍ਰਦਰਸ਼ਨ ਕਰਨ ਵਾਸਤੇ ਬਣਾਈਆਂ ਜਾਂਦੀਆਂ ਸਨ। ਡਿਉਢੀ ਤੋਂ ਸੰਬੰਧਿਤ ਧਰਮ ਮੰਦਰ, ਵਿਅਕਤੀ, ਰਾਜ-ਘਰਾਣੇ ਦੀ ਸ਼ਕਤੀ ਸਮਰੱਥਾ ਦਾ ਪਤਾ ਚੱਲਦਾ ਸੀ। ਘਰ ਵਿਚ ਭੁੱਖ ਨੰਗ ਹੋਵੇ ਤਾਂ ਡਿਉਢੀ ਤਾਮੀਰ ਨਹੀਂ ਕਰਵਾਈ ਜਾ ਸਕਦੀ। ਬੂਹੇ ਅੱਗੇ ਡਿਉਢੀ ਇਸ ਅਰਥ ਨੂੰ ਰੂਪਮਾਨ ਕਰਦੀ ਹੈ। ਚੱਕ ਰਾਮਦਾਸ ਤੇ ਸ੍ਰੀ ਦਰਬਾਰ ਸਾਹਿਬ ਦੇ ਵਿਚਕਾਰ ਗੁਰੂ ਅਰਜਨ ਦੇਵ ਜੀ ਨੇ ਇਕ ਡਿਉਢੀ ਬਣਾਈ ਜਿਸ ਨੂੰ ਦਰਸ਼ਨੀ ਡਿਉਢੀ ਕਹਿੰਦੇ ਹਨ। ਉਥੇ ਹੁਣ ਮਾਈ ਸੇਵਾਂ ਬਜ਼ਾਰ ਦੇ ਅਖ਼ੀਰ ਵਿਚ ਗੁਰਦੁਆਰਾ ਹੈ। ਗੁਰਮਤਿ ਸ਼ਬਦਾਵਲੀ 'ਚ ਦਰਵਾਜ਼ੇ ਲਈ ਸ਼ਬਦ ਕਵਾਟ, ਕਵਾੜ, ਕਿਵਾੜ, ਕਪਾਟ, ਪਟ, ਤਖ਼ਤੇ, ਪੌਰ ਆਦਿ ਵਰਤੇ ਮਿਲਦੇ ਹਨ। ਦਰਸ਼ਨੀ ਡਿਉਢੀ, ਦਰਸ਼ਨੀ ਦਰਵਾਜ਼ਾ, ਦਰਸ਼ਨੀ ਦਵਾਰ, ਦਰਸ਼ਨੀ ਪੌਰ ਭਾਵ ਦੇਖਣਯੋਗ ਦਰਵਾਜ਼ਾ, ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਮੁੱਖ ਦਰਵਾਜ਼ਾ ਹੈ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* 'ਚ ਜ਼ਿਕਰ ਹੈ :

ਦ੍ਵਾਰ ਦਰਸ਼ਨੀ ਸਰ ਤਟ ਕੀਜਹਿ। *(ਅਧਿ: 53, ਛੰਤ 5)*

ਸੁੰਦਰ ਬਨਯੋ ਦਰਸ਼ਨੀ ਪੌਰ। *(ਅਧਿ: 56, ਛੰਤ 2)*

ਸਿੱਖਾਂ 'ਤੇ ਬੜੀ ਵਾਰ ਬੜੇ ਬਿਖੜੇ ਸਮੇਂ ਆਏ, ਦੁਸ਼ਮਣ ਅੰਮ੍ਰਿਤਸਰ ਦੀ ਬੇਅਦਬੀ ਕਰ ਕੇ ਸਿੱਖਾਂ ਨੂੰ ਚਿੜਾਉਂਦੇ ਸਨ। ਪਰ ਸਵੇਰੇ-ਸ਼ਾਮ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹਮੇਸ਼ਾ ਚੜ੍ਹਦੀ ਕਲਾ 'ਚ ਰਹੀ ਤੇ ਰਹੇਗੀ। 1762 ਈ. ਵਿਚ ਅਹਿਮਦ ਸ਼ਾਹ ਅਬਦਾਲੀ ਦਾ ਪੁੱਤਰ ਤੈਮੂਰ ਸ਼ਾਹ ਪੰਜਾਬ ਦਾ ਹਾਕਮ ਬਣਿਆ, ਉਸ ਨੇ ਪਹਿਲਾ ਕੰਮ ਸ੍ਰੀ ਹਰਿਮੰਦਰ ਸਾਹਿਬ ਨੂੰ ਮਿਟਾਉਣ ਦਾ ਹੀ ਕੀਤਾ। ਉਹ ਸਿੱਖਾਂ ਨੂੰ ਮੂਲੋਂ ਹੀ ਮੁਕਾਉਣਾ ਚਾਹੁੰਦਾ ਸੀ। ਉਸ ਨੂੰ ਦੱਸਿਆ ਗਿਆ ਕਿ ਸਿੱਖ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਤੇ ਅੰਮ੍ਰਿਤਸਰ ਸਰੋਵਰ 'ਚ ਇਸ਼ਨਾਨ ਕਰ ਕੇ ਜੀਵਨ ਦਾਨ ਪ੍ਰਾਪਤ ਕਰਦੇ ਹੋਏ ਮੌਤ ਨੂੰ ਵੀ ਮਖ਼ੌਲਾਂ ਕਰਦੇ, ਜੇਤੂ ਸ਼ਕਤੀ ਤੇ ਰੂਹ ਦੀ ਖ਼ੁਰਾਕ ਪ੍ਰਾਪਤ ਕਰਦੇ ਹਨ। 10 ਅਪ੍ਰੈਲ, 1762 ਨੂੰ ਅਹਿਮਦ ਸ਼ਾਹ ਦੁਰਾਨੀ ਨੇ ਵੱਡੇ ਘੱਲੂਘਾਰੇ ਤੋਂ ਮੁੜਦਿਆਂ ਸ੍ਰੀ ਹਰਿਮੰਦਰ ਸਾਹਿਬ ਦੀਆਂ ਨੀਹਾਂ 'ਚ ਬਾਰੂਦ ਭਰ ਕੇ ਪਵਿੱਤਰ ਇਤਿਹਾਸਕ ਇਮਾਰਤ ਨੂੰ ਉਡਾ ਦਿੱਤਾ ਅਤੇ ਅੰਮ੍ਰਿਤਸਰ ਸਰੋਵਰ ਨੂੰ ਪੂਰ ਦਿੱਤਾ। ਸਿੱਖ ਸਰਦਾਰਾਂ ਨੇ ਅਰਦਾਸ ਬੇਨਤੀ ਕਰ ਕੇ ਚੜ੍ਹਦੀ ਕਲਾ ਦਾ ਸਬੂਤ ਦਿੰਦਿਆਂ ਅਕਤੂਬਰ, 1764 ਈ. ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਨਵ-ਉਸਾਰੀ ਆਰੰਭ ਕੀਤੀ। ਬਿਕ੍ਰਮੀ 1833 (1776 ਈ.) 'ਚ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਬਣ ਕੇ ਦੁਬਾਰਾ ਤਿਆਰ ਹੋ ਗਈ। ਪੁਲ ਅਤੇ ਦਰਸ਼ਨੀ ਦਰਵਾਜ਼ਾ ਸਾਦਾ ਪਰ ਬਹੁਤ ਮਜ਼ਬੂਤ ਬਣਾਏ ਗਏ। ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ 'ਤੇ ਸੋਨਾ ਲਗਾਉਣ ਸਮੇਂ ਦਰਸ਼ਨੀ ਡਿਉਢੀ ਦੇ ਦਰਵਾਜ਼ੇ ਨਵੇਂ ਬਣਾਏ ਗਏ। ਦਰਸ਼ਨੀ ਦਰਵਾਜ਼ੇ ਵਾਸਤੇ ਹਾਥੀ ਦੰਦ ਦੀ ਨੱਕਾਸ਼ੀ ਵਾਲੀ ਜੋੜੀ ਚਾਉ-ਮਲ੍ਹਾਰ ਤੇ ਰੀਝ ਨਾਲ ਬੜੇ ਮੁੱਲ 'ਚ ਤਿਆਰ ਕਰਵਾਈ ਗਈ। ਸ੍ਰੀ ਹਰਿਮੰਦਰ ਸਾਹਿਬ, ਹਰਿ ਕੀ ਪਉੜੀ, ਪਰਿਕਰਮਾ, ਪੁਲ, ਦਰਸ਼ਨੀ ਡਿਉਢੀ ਤੇ ਸਰੋਵਰ ਦੀ ਪਰਿਕਰਮਾ 'ਚ ਸੰਗਮਰਮਰ, ਸੋਨੇ, ਚਾਂਦੀ, ਗੱਚ, ਮੀਨਾਕਾਰੀ ਤੇ ਜੜਤ ਦਾ ਕੰਮ ਮਹਾਰਾਜਾ ਰਣਜੀਤ ਸਿੰਘ ਨੇ 1803 ਈ. 'ਚ ਆਰੰਭ ਕਰਵਾਇਆ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਦਰਵਾਜ਼ਿਆਂ ਲਈ ਸੁਨਹਿਰੀ ਜੋੜੀਆਂ ਤਿਆਰ ਕਰਵਾਈਆਂ ਗਈਆਂ। ਇਕ ਮਹਾਰਾਜਾ ਰਣਜੀਤ ਸਿੰਘ, ਦੋ ਮਹਾਰਾਜਾ ਖੜਕ ਸਿੰਘ ਤੇ ਉਨ੍ਹਾਂ ਦੀ ਮਾਤਾ ਵੱਲੋਂ ਤੇ ਚੌਥੀ ਸੁਨਹਿਰੀ ਜੋੜੀ ਮਹਾਰਾਣੀ ਚੰਦ ਕੌਰ ਵੱਲੋਂ ਤਿਆਰ ਕਰਵਾਈ ਗਈ। ਇਹ ਸਾਰੇ ਦਰਵਾਜ਼ੇ ਗਿਆਨੀ ਸੰਤ ਸਿੰਘ ਜੀ ਰਾਹੀਂ ਮਿਸਤਰੀ ਮੁਹੰਮਦ ਯਾਰ ਖ਼ਾਂ ਦੀ ਦੇਖ-ਰੇਖ 'ਚ ਤਿਆਰ ਹੋਏ। ਚਾਰ ਜੋੜੀਆਂ ਚਾਂਦੀ ਦੀਆਂ ਵੀ ਬਣਾਈਆਂ। 1803 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸੁਨਹਿਰੀਕਰਨ ਦਾ ਕਾਰਜ ਆਰੰਭਿਆ ਸੀ ਜੋ 1830 ਈ. ਦੇ ਕਰੀਬ ਸੰਪੂਰਨ ਹੋਇਆ। ਮਹਾਰਾਜਾ ਰਣਜੀਤ ਸਿੰਘ ਤੋਂ ਪਿੱਛੋਂ ਮਹਾਰਾਜਾ ਸ਼ੇਰ ਸਿੰਘ ਤਕ ਫ਼ਰਸ਼, ਚੌਗਾਠ, ਦਰਸ਼ਨੀ ਦਰਵਾਜ਼ੇ ਅਤੇ ਜੜਤ ਦਾ ਕੰਮ ਬਰਾਬਰ ਹੁੰਦਾ ਰਿਹਾ। *ਤਾਰੀਖ਼-ਏ-ਦਰਬਾਰ ਸਾਹਿਬ, ਰੀਪੋਰਟ ਸ੍ਰੀ ਦਰਬਾਰ ਸਾਹਿਬ* (ਊਧਮ ਸਿੰਘ, ਲਾਹੌਰ), *ਤਵਾਰੀਖ਼ ਸ੍ਰੀ ਅੰਮ੍ਰਿਤਸਰ* (ਸ. ਕਰਮ ਸਿੰਘ ਹਿਸਟੋਰੀਅਨ), *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ* (ਗਿਆਨੀ ਕਿਰਪਾਲ ਸਿੰਘ, ਸਾਬਕਾ

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ) ਅਨੁਸਾਰ ਦਰਸ਼ਨੀ ਦਰਵਾਜ਼ਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਮੁਹੰਮਦ ਯਾਰ ਕਾਰੀਗਰ ਰਾਹੀਂ ਸ੍ਰੀ ਦੇਸ ਰਾਜ ਦੀ ਨਿਗਰਾਨੀ 'ਚ 1826 ਈ. ਨੂੰ ਸੰਪੂਰਨ ਕੀਤਾ। ਦੋਨੋਂ ਦਰਵਾਜ਼ੇ ਭਾਈ ਸੰਤ ਸਿੰਘ ਜੀ ਗਿਆਨੀ ਦੀ ਨਿਗਰਾਨੀ 'ਚ ਮੁਹੰਮਦ ਯਾਰ ਖ਼ਾਂ ਮਿਸਤਰੀ ਨੇ ਹਾਥੀ ਦੰਦ ਦੀ ਮੀਨਾਕਾਰੀ ਨਾਲ ਤਿਆਰ ਕੀਤੇ।

ਦਰਸ਼ਨੀ ਡਿਉਢੀ ਬਾਹਰੋਂ 66 ਫ਼ੁੱਟ ਲੰਬੀ ਤੇ 36 ਫ਼ੁੱਟ ਚੌੜੀ ਹੈ। ਦਰਵਾਜ਼ੇ ਦੀ ਵੱਡੀ ਚੌਗਾਠ ਸੰਗਮਰਮਰ ਦੀ ਹੈ ਜੋ 10 ਫ਼ੁੱਟ ਉੱਚੀ, ਸਾਢੇ ਅੱਠ ਫ਼ੁੱਟ ਚੌੜੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਬਣੇ ਦਰਸ਼ਨੀ ਡਿਉਢੀ ਦਰਵਾਜ਼ੇ ਦੇ ਅੰਦਰੋਂ 45 ਫ਼ੁੱਟ ਲੰਮੀ ਤੇ 14 ਫ਼ੁੱਟ ਚੌੜੀ ਹੈ। ਦਰਸ਼ਨੀ ਡਿਉਢੀ ਦੀ ਦੋ-ਮੰਜ਼ਲੀ ਇਮਾਰਤ ਹੈ। ਵਿਚਕਾਰਲੇ ਵੱਡੇ ਦਰਵਾਜ਼ੇ ਨੂੰ ਹੀ ਦਰਸ਼ਨੀ ਡਿਉਢੀ ਕਿਹਾ ਜਾਂਦਾ ਹੈ। ਦਰਸ਼ਨੀ ਡਿਉਢੀ ਦੇ ਦਰਵਾਜ਼ੇ ਦਾ ਬਾਹਰੀ ਆਕਾਰ ਇਸ ਤਰ੍ਹਾਂ ਹੈ : ਦਰਵਾਜ਼ੇ ਦੀ ਲੰਬਾਈ 118 ਇੰਚ, ਚੌੜਾਈ 54 ਇੰਚ, ਦਰਵਾਜ਼ੇ ਦੀ ਰੋਕ ਮੋਟਾਈ 5 ਇੰਚ - ਚੌੜਾਈ 3 ਇੰਚ, ਚੂਥੀ ਉਪਰ ਲੰਬਾਈ 3 ਇੰਚ ਹੇਠਾਂ 2 ਇੰਚ, ਹੇਠਲੇ ਪਾਸੇ ਸਰੀਏ ਦੀ ਸੇਣੀ (ਗੋਲੀ) ਹੈ। ਸੱਜੇ ਦਰਵਾਜ਼ੇ ਵਿਚ ਇਕ ਬਾਰੀ ਹੈ - ਜਿਸ ਦੀ ਲੰਬਾਈ 32 ਇੰਚ ਤੇ ਚੌੜਾਈ 21 ਇੰਚ ਹੈ। ਹਰ ਦਰਵਾਜ਼ੇ ਨੂੰ 21 ਵੱਖ-ਵੱਖ ਆਕਾਰ ਦੇ ਦਿਲੇ ਹਨ, ਇਨ੍ਹਾਂ ਦਰਵਾਜ਼ਿਆਂ ਦੇ ਹੇਠਲੇ ਪਾਸੇ ਦੀ ਲੱਕੜ ਬੁਰੀ ਤਰ੍ਹਾਂ ਗਲ ਚੁੱਕੀ ਹੈ ਤੇ ਮੀਨਾਕਾਰੀ ਬਹੁਤ ਸਾਰੀ ਉਖੜ ਚੁੱਕੀ ਹੈ। ਬਾਰੀ ਨੂੰ ਦਰਵਾਜ਼ੇ ਨਾਲ ਬੰਦ ਰੱਖਣ ਵਾਸਤੇ ਕੁੰਡਾ ਤੇ ਚਿਟਕਣੀ ਲੱਗੀ ਹੋਈ ਹੈ। ਦੋਨਾਂ ਦਰਵਾਜ਼ਿਆਂ ਨੂੰ ਜੋੜਨ ਵਾਸਤੇ ਅਰਲ ਦਾ ਪ੍ਰਬੰਧ ਹੈ। ਦਰਸ਼ਨੀ ਦਰਵਾਜ਼ੇ ਦੀ ਵੱਡੀ ਜੋੜੀ ਉਪਰ ਅੰਦਰੋਂ ਹਾਥੀ ਦੰਦ, ਬਾਹਰੋਂ ਰੂਪਹਿਰੀ (ਚਾਂਦੀ) ਦਾ ਕੰਮ ਹੋਇਆ ਹੈ। ਇਸ ਦੀ ਛੱਤ 'ਤੇ ਰਾਜਾ ਸੰਗਤ ਸਿੰਘ ਜੀਂਦ ਵਾਲਿਆਂ ਨੇ ਸੁਨਹਿਰੀ ਜੜਤ ਦਾ ਕੰਮ ਕਰਵਾਇਆ। ਦਰਸ਼ਨੀ ਡਿਉਢੀ ਦੇ ਉਪਰ ਤੋਸ਼ਾਖ਼ਾਨਾ ਸੁਸ਼ੋਭਿਤ ਹੈ ਜਿਸ ਦੀ ਹਿਫ਼ਾਜ਼ਤ ਲਈ ਦਰਸ਼ਨੀ ਡਿਉਢੀ ਦੇ ਸਨਮੁਖ ਇਕ ਚੌਬਦਾਰ ਪਹਿਰੇ 'ਤੇ ਹੁੰਦਾ ਹੈ ਅਤੇ ਜਿਸ ਦੀ ਸੇਵਾ ਹਰ ਆਉਣ-ਜਾਣ ਵਾਲੇ ਸ਼ਰਧਾਲੂ 'ਤੇ ਨਿਗਾਹ ਰੱਖਣਾ ਅਤੇ ਕੜਾਹ ਪ੍ਰਸ਼ਾਦ ਦੀ ਪਰਚੀ ਪਕੜ, ਪਾੜ ਕੇ ਡਰੰਮ 'ਚ ਪਾਉਣਾ ਹੈ ਤਾਂ ਕਿ ਤਸੱਲੀ ਹੋ ਸਕੇ ਕਿ ਦੇਗ ਸ੍ਰੀ ਹਰਿਮੰਦਰ ਸਾਹਿਬ 'ਚ ਮਰਯਾਦਾ ਅਨੁਸਾਰ ਤਿਆਰ ਹੋਈ ਹੈ। ਰਾਤ ਨੂੰ ਇਸ ਦੇ ਹੱਥ ਵਿਚ ਸ੍ਰੀ ਸਾਹਿਬ ਹੁੰਦੀ ਹੈ ਪਰ ਦਿਨ ਦੇ ਸਮੇਂ ਚਾਂਦੀ ਦਾ ਆਸਾ, ਚੌਬ (ਡਾਂਗ) ਹੁੰਦੀ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਕਿਵਾੜ (ਦਰਸ਼ਨੀ ਡਿਉਢੀ ਦੇ ਕਿਵਾੜ) ਗਰਮੀਆਂ 'ਚ ਅੰਮ੍ਰਿਤ ਵੇਲੇ 2-00 ਵਜੇ ਖੁੱਲ੍ਹਦੇ ਹਨ ਤੇ ਰਾਤ ਨੂੰ 11-00 ਵਜੇ ਬੰਦ ਹੁੰਦੇ ਹਨ। ਸਰਦੀਆਂ ਵਿਚ ਸਵੇਰੇ 3-00 ਵਜੇ ਖੁੱਲ੍ਹਦੇ ਹਨ ਅਤੇ ਰਾਤ ਨੂੰ 10-00 ਵਜੇ ਬੰਦ ਹੁੰਦੇ ਹਨ। ਕਿਵਾੜ ਖੁੱਲ੍ਹਣ ਤੋਂ ਪਹਿਲਾਂ ਪ੍ਰੇਮੀ, ਸ਼ਰਧਾਲੂ ਰਲ ਕੇ ਪ੍ਰੇਮ ਭਾਵਨਾ ਨਾਲ ਦਰਸ਼ਨੀ ਡਿਉਢੀ ਦੇ ਸਨਮੁਖ ਸੁਖਮਨੀ ਸਾਹਿਬ ਦਾ ਪਾਠ ਕਰਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਬਿਹਬਲ ਸੰਗਤਾਂ ਪ੍ਰੇਮ ਨਾਲ ਦਰਸ਼ਨੀ ਡਿਉਢੀ ਦੇ ਸਨਮੁਖ ਸ਼ਬਦ ਪੜ੍ਹਦੀਆਂ ਹਨ :

ਦਰਮਾਦੇ ਠਾਢੇ ਦਰਬਾਰਿ ॥
ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲਿ੍ ਕਿਵਾਰ ॥

(ਬਿਲਾਵਲੁ ਕਬੀਰ ਜੀ, ਪੰਨਾ 856)

ਇਸ਼ਨਾਨ ਦੀ ਸੇਵਾ ਸਮੇਂ ਕੇਵਲ ਮੈਨੇਜਰ ਸ੍ਰੀ ਦਰਬਾਰ ਸਾਹਿਬ ਵੱਲੋਂ ਜਾਰੀ ਸ਼ਨਾਖ਼ਤੀ ਕਾਰਡ ਵਾਲੇ ਅੰਮ੍ਰਿਤਧਾਰੀ ਗੁਰਸਿੱਖ ਹੀ ਦਰਸ਼ਨੀ ਦਰਵਾਜ਼ੇ ਦੀ ਬਾਰੀ ਰਾਹੀਂ ਅੰਦਰ ਪ੍ਰਵੇਸ਼ ਕਰਦੇ ਹਨ। ਚੌਬਦਾਰ ਸ਼ਨਾਖ਼ਤੀ ਕਾਰਡ ਦੇਖ ਕੇ ਹੀ ਅੰਦਰ ਸੇਵਾ ਵਾਸਤੇ ਭੇਜਦਾ ਹੈ। ਇਹ ਪ੍ਰੇਮੀ ਸ੍ਰੀ ਹਰਿਮੰਦਰ ਸਾਹਿਬ ਦੀ ਧੁਲਾਈ, ਸਫ਼ਾਈ, ਇਸ਼ਨਾਨ ਦੀ ਸੇਵਾ ਪ੍ਰੇਮ ਨਾਲ ਕਰਦੇ ਹਨ, ਜਿਸ ਦੀ ਨਿਗਰਾਨੀ ਫ਼ਰਾਸ਼ ਕਰਦਾ ਹੈ।

ਕੁਝ ਸਮੇਂ ਤੋਂ ਦਰਸ਼ਨੀ ਡਿਉਢੀ ਦੇ ਦਰਵਾਜ਼ਿਆਂ ਬਾਰੇ ਫ਼ਜ਼ੂਲ ਦਾ ਵਾਦ-ਵਿਵਾਦ ਸ਼ੁਰੂ ਹੋ ਗਿਆ ਹੈ ਕਿ ਇਹ ਦਰਵਾਜ਼ੇ ਸੋਮਨਾਥ ਮੰਦਰ ਦੇ ਹਨ ? ਬਿਨਾਂ ਪੜ੍ਹੇ ਵਿਚਾਰੇ ਕੁਝ ਸਿਆਸੀ ਲੋਕਾਂ ਵੱਲੋਂ ਵੀ ਬਿਆਨ ਦਾਗ਼ੇ ਗਏ ਕਿ ਇਹ ਦਰਵਾਜ਼ੇ ਸੋਮਨਾਥ ਮੰਦਰ ਦੇ ਹਨ, ਜਿਨ੍ਹਾਂ ਨੂੰ ਅਬਦਾਲੀ ਤੋਂ ਸਿੰਘਾਂ ਨੇ 'ਲੁੱਟਿਆ' ਤੇ ਦਰਸ਼ਨੀ ਡਿਉਢੀ ਨੂੰ ਲਗਾ ਦਿੱਤੇ...। ਹੁਣ ਇਹ ਦਰਵਾਜ਼ੇ ਭਾਜਪਾ ਦੇ ਦਬਾਅ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਿੰਦੂਆਂ ਨੂੰ ਵਾਪਸ ਕਰ ਸਕਦੀ ਹੈ।...ਵਗ਼ੈਰਾ ਵਗ਼ੈਰਾ...। ਆਓ ਇਨ੍ਹਾਂ ਦਰਵਾਜ਼ਿਆਂ ਦੀ ਅਸਲੀਅਤ ਤੋਂ ਜਾਣੂ ਹੋਣ ਦਾ ਯਤਨ ਕਰੀਏ...

ਭਾਰਤ ਦੇ ਪ੍ਰਸਿੱਧ ਹਿੰਦੂ ਧਰਮ ਮੰਦਰ ਸੋਮਨਾਥ ਮੰਦਰ ਦਾ ਇਤਿਹਾਸ ਵੀ ਸ੍ਰੀ ਹਰਿਮੰਦਰ ਸਾਹਿਬ ਨਾਲ ਕੁਝ ਗੱਲਾਂ ਕਰਕੇ ਮਿਲਦਾ ਹੈ। ਇਸ ਨੂੰ 1024 ਈ. ਵਿਚ ਮਹਿਮੂਦ ਗ਼ਜ਼ਨਵੀ ਨੇ ਤਬਾਹ ਕਰ ਦਿੱਤਾ। ਸੋਮਨਾਥ ਮੰਦਰ ਨੂੰ ਦੇਸ਼-ਵਿਦੇਸ਼ ਦੇ ਵੱਖ-ਵੱਖ ਹਮਲਾਵਰਾਂ ਨੇ ਛੇ ਵਾਰ ਢਾਹਿਆ। 1296 ਈ. ਵਿਚ ਸੁਲਤਾਨ ਅਲਾਉਦੀਨ ਖ਼ਿਲਜੀ ਨੇ ਇਸ ਨੂੰ ਤਬਾਹ ਕੀਤਾ (ਢਾਹਿਆ)। 1375 ਈ. ਅਤੇ 1451 ਈ. ਵਿਚ ਗੁਜਰਾਤ ਦੇ ਹੀ ਸੁਲਤਾਨਾਂ ਨੇ ਇਸ ਨੂੰ ਢਾਹਿਆ। 1701 ਈ. ਵਿਚ ਔਰੰਗਜ਼ੇਬ ਬਾਦਸ਼ਾਹ ਨੇ ਇਸ ਨੂੰ ਢਾਹਿਆ ਤੇ ਇਸ ਥਾਂ ਇਕ ਮਸਜਿਦ ਉਸਾਰ ਦਿੱਤੀ। 1783 ਈ. ਵਿਚ ਰਾਣੀ ਅਹਿਲਬਾਦੀ ਹੋਲਕਰ (ਇੰਦੌਰ) ਨੇ ਇਸ ਨੂੰ ਫਿਰ ਤਾਮੀਰ ਕਰਵਾਇਆ। 1951 ਈ. 'ਚ ਦੇਸ਼ ਦੀ ਆਜ਼ਾਦੀ ਉਪਰੰਤ ਮੌਜੂਦਾ ਸਰੂਪ ਦਾ ਸੋਮਨਾਥ ਮੰਦਰ ਸ੍ਰੀ ਸੋਮਨਾਥ ਟਰੱਸਟ ਵੱਲੋਂ ਤਾਮੀਰ ਕੀਤਾ ਗਿਆ ਹੈ। ਮੌਜੂਦਾ ਸੋਮਨਾਥ ਮੰਦਰ 7ਵੀਂ ਵਾਰ ਪਹਿਲੀ ਥਾਂ 'ਤੇ ਉਸਾਰਿਆ ਗਿਆ ਹੈ। 1951 ਈ. ਵਿਚ ਡਾ. ਰਾਜਿੰਦਰ ਪ੍ਰਸ਼ਾਦ ਰਾਸ਼ਟਰਪਤੀ ਭਾਰਤ ਸਰਕਾਰ ਨੇ ਨਵੇਂ ਮੰਦਰ ਦੀ ਆਰੰਭਤਾ ਸਮੇਂ ਕਿਹਾ : The Somnath Temple signifies that the power of creation is always greater that the power of destruction.

ਸੋਮਨਾਥ ਮੰਦਰ ਦੇ ਦਰਵਾਜ਼ਿਆਂ ਸੰਬੰਧੀ ਵੀ ਚੋਖਾ ਵਿਵਾਦ ਰਿਹਾ ਹੈ। ਇਸ ਵਿਵਾਦ ਨੂੰ ਹਾਊਸ ਆਫ਼ ਕਾਮਨਜ਼, ਯੂ.ਕੇ. ਵੱਲੋਂ ਦਰਵਾਜ਼ਿਆਂ ਬਾਰੇ 1842 ਦੀ ਇਤਿਹਾਸਕ ਘੋਸ਼ਣਾ ਸੰਬੰਧੀ ਹੋਈ ਬਹਿਸ ਨੇ ਹਮੇਸ਼ਾ ਲਈ ਸਮਾਪਤ ਕਰ ਦਿੱਤਾ।

'Proclamation of the Gates' Incident

In 1842, Edward Law, 1st Earl of Ellenborough issued his famous 'Proclamation of the Gates' in which he ordered the British army in Afghanistan to return via Ghazni and bring back to India the sandalwood gates from the tomb of Mahmud of Ghazni in Ghazni, Afghanistan. These were believed to have been looted by Mahmud from Somnath. There was a debate in the House of Commons in London in 1843 on the question of the gates of the Somanath temple.* After much cross-fire between the British Government and the opposition, the gates were uprooted and brought back in triumph. But on arrival, they were found to be of Egyptian workmanship and not associated in any way with India. So they were placed in a store-room in the Agra Fort where they still lie to the present day.

ਉਕਤ ਦਾ ਅਨੁਵਾਦ: 1842 ਈ. ਵਿਚ ਐਲਨਬਰੋ ਦੇ ਪਹਿਲੇ ਅਰਲ ਐਡਵਰਡ ਲਾਅ ਨੇ ਸੋਮਨਾਥ ਦੇ ਦਰਵਾਜ਼ਿਆਂ ਬਾਰੇ ਨਿਮਨਲਿਖਤ ਘੋਸ਼ਣਾ ਕੀਤੀ। ਅਫ਼ਗਾਨਿਸਤਾਨ ਵਿਚ ਮੌਜੂਦ ਬ੍ਰਿਟਿਸ਼ ਆਰਮੀ ਨੂੰ ਇਹ ਆਦੇਸ਼ ਕੀਤਾ ਕਿ ਉਹ ਵਾਪਸੀ 'ਤੇ ਮਹਿਮੂਦ ਗ਼ਜ਼ਨਵੀ ਦੇ ਮਕਬਰੇ ਦੇ ਸੰਦਲ ਦੀ ਲੱਕੜੀ ਦੇ ਬਣੇ ਹੋਏ ਦਰਵਾਜ਼ੇ ਲੈ ਕੇ ਆਉਣ। ਇਹ ਖ਼ਿਆਲ ਕੀਤਾ ਜਾਂਦਾ ਸੀ ਕਿ ਇਹ ਦਰਵਾਜ਼ੇ ਮਹਿਮੂਦ ਗ਼ਜ਼ਨਵੀ ਸੋਮਨਾਥ ਮੰਦਰ ਤੋਂ ਉਤਾਰ ਕੇ ਲੈ ਗਿਆ ਸੀ। 1843 ਨੂੰ ਹਾਊਸ ਆਫ਼ ਕਾਮਨਜ਼, ਲੰਡਨ ਵਿਚ ਇਸ ਸੁਆਲ 'ਤੇ ਸਰਕਾਰ ਅਤੇ ਵਿਰੋਧੀ ਧਿਰ ਵਿਚ ਗਰਮਾ-ਗਰਮ ਬਹਿਸ ਹੋਈ। ਫ਼ੈਸਲੇ ਅਨੁਸਾਰ ਜਿੱਤ ਦੀ ਨਿਸ਼ਾਨੀ ਵਜੋਂ ਦਰਵਾਜ਼ੇ ਉਖਾੜ ਕੇ ਵਾਪਸ ਲਿਆਂਦੇ ਗਏ। ਨਿਰਖ-ਪਰਖ ਉਪਰੰਤ ਇਹ ਸਾਬਤ ਹੋਇਆ ਕਿ ਇਹ ਦਰਵਾਜ਼ੇ ਮਿਸਰ ਦੀ ਕਾਰਾਗਰੀ ਨਮੂਨੇ ਅਨੁਸਾਰ ਬਣੇ ਹਨ ਅਤੇ ਇਨ੍ਹਾਂ ਦਾ ਭਾਰਤ ਨਾਲ ਕਿਸੇ ਤਰ੍ਹਾਂ ਵੀ ਸੰਬੰਧ ਨਹੀਂ। ਇਸ ਕਰਕੇ ਦਰਵਾਜ਼ਿਆਂ ਨੂੰ ਆਗਰੇ ਦੇ ਕਿਲ੍ਹੇ ਦੇ ਮਾਲ-ਗੁਦਾਮ 'ਚ ਰੱਖ ਦਿੱਤਾ ਗਿਆ, ਜਿਹੜੇ ਹੁਣ ਵੀ ਉਥੇ ਮੌਜੂਦ ਹਨ।

ਇਤਿਹਾਸਕ ਤੱਥ ਹੈ ਕਿ ਸਿੱਖ ਸ਼ਰਧਾਲੂ ਤੇ ਸਿੱਖ-ਇਤਿਹਾਸ ਨੂੰ ਜਾਨਣ ਵਾਲੇ ਇਸ ਸੱਚਾਈ ਤੋਂ ਭਲੀਭਾਂਤ ਜਾਣੂ ਹਨ ਕਿ ਹੈਦਰਾਬਾਦ (ਮਹਾਰਾਸ਼ਟਰ) ਦੇ ਨਵਾਬ ਨੇ ਅਮੋਲਕ ਅਤੇ ਨਿਹਾਇਤ ਸੁੰਦਰ ਚਾਨਣੀ ਮਿੱਤਰਤਾ ਦੀ ਨਿਸ਼ਾਨੀ ਵਜੋਂ ਮਹਾਰਾਜਾ ਰਣਜੀਤ ਸਿੰਘ ਨੂੰ ਭੇਂਟ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਜਿਸ ਨੂੰ ਰਾਮ ਬਾਗ਼ 'ਚ ਲਗਵਾਇਆ ਤੇ ਹੇਠ ਬੈਠ ਗਏ। ਜਦ ਉਨ੍ਹਾਂ ਨੇ ਚਾਨਣੀ ਦੀ ਸੁੰਦਰਤਾ ਤੇ ਸ਼ਾਨ ਦੇਖੀ ਤਾਂ ਉਹ ਬੋਲ ਉੱਠੇ, ਇਹ ਬਹੁਮੁੱਲੀ ਸੁਗ਼ਾਤ ਤਾਂ ਗੁਰੂ ਰਾਮਦਾਸ ਪਾਤਸ਼ਾਹ

* *The United Kingdom House of Commons Debate,* March 9, 1943, on the Somnath (Prabhas Patan) Proclamation, Junagadh 1948. pp. 584-602, 620, 630-32, 656, 674.

ਦੇ ਦਰਬਾਰ 'ਚ ਚਾਹੀਦੀ ਹੈ, ਮੈਨੂੰ ਇਸ ਦੇ ਵਰਤਣ ਦਾ ਹੱਕ ਨਹੀਂ ! ਉਨ੍ਹਾਂ ਨੇ ਚਾਨਣੀ ਉਤਰਵਾ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਭੇਟ ਕੀਤੀ, ਜਿਸ 'ਤੇ ਉਨ੍ਹਾਂ ਨੂੰ ਚਾਨਣੀ ਹੇਠ ਬੈਠਣ ਕਰਕੇ ਤਨਖ਼ਾਹ (ਧਾਰਮਿਕ ਸਜ਼ਾ) ਵੀ ਲਾਈ ਗਈ। ਮਹਾਰਾਜਾ ਰਣਜੀਤ ਸਿੰਘ ਵੱਲੋਂ ਭਨੋੜੀ ਜ਼ਿਲ੍ਹਾ ਕਾਂਗੜਾ ਤੇ ਨਰੈਣਪੁਰ ਜ਼ਿਲ੍ਹਾ ਗੁਰਦਾਸਪੁਰ ਦੇ ਦੋ ਪਿੰਡ ਤਨਖ਼ਾਹ ਵਜੋਂ ਸ੍ਰੀ ਦਰਬਾਰ ਸਾਹਿਬ ਨਾਲ ਜਾਗੀਰ ਲਗਾਈ ਗਈ। ਜਿਸ ਮਹਾਰਾਜੇ ਦੀ ਸ੍ਰੀ ਹਰਿਮੰਦਰ ਸਾਹਿਬ ਪ੍ਰਤੀ ਅਜਿਹੀ ਸ਼ਰਧਾ ਭਾਵਨਾ ਸੀ, ਕੀ ਉਹ ਕਿਸੇ ਧਾੜਵੀ ਵੱਲੋਂ ਹਿੰਦੂ ਮੰਦਰ ਦੇ ਉਤਾਰੇ ਹੋਏ ਦਰਵਾਜ਼ੇ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਨੂੰ ਲਗਵਾ ਦੇਵੇਗਾ ? ਮਨ ਹਰਗਿਜ਼ ਇਸ ਦਲੀਲ ਨੂੰ ਮਨਜ਼ੂਰ ਨਹੀਂ ਕਰਦਾ। ਜੇਕਰ ਸਿੱਖ ਸਰਦਾਰ ਤੇ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਦੀਆਂ ਚਾਰ-ਚਾਰ ਜੋੜੀਆਂ ਸੋਨੇ ਅਤੇ ਚਾਂਦੀ ਦੀਆਂ ਤਿਆਰ ਕਰਵਾ ਸਕਦੇ ਹਨ ਤਾਂ ਉਨ੍ਹਾਂ ਨੂੰ ਦਰਸ਼ਨੀ ਡਿਉਢੀ ਲਈ ਦਰਵਾਜ਼ੇ ਲੁਟੇਰਿਆਂ ਪਾਸੋਂ ਖੋਹ ਕੇ ਲਗਵਾਉਣ ਦੀ ਕੀ ਮਜਬੂਰੀ ਸੀ ? ਅਜਿਹਾ ਕਰਨਾ ਸਿੱਖ ਸੋਚ ਅਨੁਸਾਰ ਵੀ ਨਹੀਂ ਤੇ ਨਾ ਹੀ ਕੋਈ ਸਿੱਖ ਅਜਿਹਾ ਕਰਨਾ ਸੋਚ ਸਕਦਾ ਹੈ।

ਗੁਰੂ ਦਾ ਸਿੱਖ ਧਾੜਵੀ ਜਾਂ ਲੁਟੇਰਾ ਹੋ ਹੀ ਨਹੀਂ ਸਕਦਾ। ਸਿੱਖ ਤਾਂ ਗੁਰੂ ਘਰ ਦਾ ਸ਼ਰਧਾਲੂ, ਸਬਰ-ਸਿਦਕ ਵਿਚ ਰਹਿ ਕੇ ਸਵੇਰੇ-ਸ਼ਾਮ ਸਰਬੱਤ ਦਾ ਭਲਾ ਹੀ ਲੋਚਦਾ ਹੈ। ਜੇਕਰ ਸਤਾਰ੍ਹਵੀਂ-ਅਠਾਰ੍ਹਵੀਂ ਸਦੀ ਦੇ ਇਤਿਹਾਸ ਦੇ ਪੰਨਿਆਂ 'ਤੇ ਪੰਛੀ-ਝਾਤ ਵੀ ਪਾਈ ਜਾਵੇ ਤਾਂ ਸਪੱਸ਼ਟ ਹੁੰਦਾ ਹੈ ਕਿ ਸਿੱਖਾਂ ਨੇ ਅਨੇਕਾਂ ਵਾਰ ਭਾਰਤ ਦੀ ਇੱਜ਼ਤ ਆਬਰੂ ਦੀਆਂ ਪ੍ਰਤੀਕ ਧਨ-ਦੌਲਤ ਲੜਕੀਆਂ ਨੂੰ ਧਾੜਵੀਆਂ ਪਾਸੋਂ ਛੁਡਵਾ ਕੇ ਸੰਬੰਧਿਤਾਂ ਦੇ ਘਰੋ-ਘਰੀ ਪਹੁੰਚਾਉਣ ਦੀ ਵਡਮੁੱਲੀ ਸੇਵਾ ਕੀਤੀ।

ਦੂਸਰਾ, ਕੀ ਦਰਸ਼ਨੀ ਡਿਉਢੀ ਬਣਾਉਣ ਸਮੇਂ ਇਸ ਦੇ ਦਰਸ਼ਨੀ ਦਰਵਾਜ਼ੇ ਦੀ ਲੰਬਾਈ-ਚੌੜਾਈ-ਉਚਾਈ ਸੋਮਨਾਥ ਦੇ ਮੰਦਰ ਦੇ ਦਰਵਾਜ਼ਿਆਂ ਦੀ ਗਿਣਤੀ-ਮਿਣਤੀ ਕਰਕੇ ਕਰਵਾਈ ਗਈ ਸੀ ? ਇਸ ਨੂੰ ਵੀ ਕੋਈ ਦਾਨਸ਼ਵਰ ਪ੍ਰਵਾਨ ਨਹੀਂ ਕਰੇਗਾ। ਮੰਨ ਲਵੋ ਕਿ ਸੋਮਨਾਥ ਦੇ ਮੰਦਰ ਦੇ ਦਰਵਾਜ਼ੇ ਸਿੱਖਾਂ ਨੇ ਗ਼ਜ਼ਨੀ ਦੇ ਲੁਟੇਰਿਆਂ ਪਾਸੋਂ ਖੋਹ ਲਏ ਹੋਣ, ਤਦ ਵੀ ਇਹ ਨਹੀਂ ਮੰਨਿਆ ਜਾ ਸਕਦਾ ਕਿ ਸਿੱਖਾਂ ਨੇ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ 'ਤੇ ਲਗਾ ਦਿੱਤਾ ਹੋਵੇ। ਇਹ ਵੀ ਮੰਨਿਆ ਨਹੀਂ ਜਾ ਸਕਦਾ ਕਿ ਦਰਵਾਜ਼ੇ ਮਿਲ ਗਏ ਹੋਣ ਤੇ ਉਨ੍ਹਾਂ ਅਨੁਸਾਰ ਦਰਸ਼ਨੀ ਡਿਉਢੀ ਤਿਆਰ ਕਰਵਾਈ ਗਈ ਹੋਵੇ। ਗ਼ਜ਼ਨੀ ਦੇ ਲੁਟੇਰਿਆਂ ਤਾਂ ਸੈਂਕੜੇ ਕੁਇੰਟਲ ਸੋਨਾ ਲੁੱਟਿਆ ਸੀ, ਉਹ ਤਾਂ ਸਿੱਖਾਂ ਨੇ ਵਾਪਸ ਲਿਆ ਕੇ ਸੰਭਾਲਿਆ ਨਾ, ਇਹ ਦਰਵਾਜ਼ੇ ਹੀ ਸੰਭਾਲਣੇ ਸਨ ਤੇ ਜਾਨ ਨਾਲੋਂ ਪਿਆਰੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਨੂੰ ਲਾਉਣੇ ਸਨ ? ਸੋ ਇਹ ਸਭ ਬੇਤੁਕੀਆਂ ਬੇਹੂਦਾ ਗੱਲਾਂ ਹਨ।

ਸੋਮਨਾਥ ਮੰਦਰ ਦੇ ਦਰਵਾਜ਼ੇ ਤਾਂ ਕੀ, ਕਿਸੇ ਵੀ ਚੀਜ਼ ਦਾ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨੀ ਦਰਵਾਜ਼ੇ ਨਾਲ ਮੁਕਾਬਲਾ ਕਰਨਾ ਗ਼ਲਤ ਹੈ। ਦਰਸ਼ਨੀ ਦਰਵਾਜ਼ਿਆਂ ਨੂੰ ਕਬਜ਼ੇ ਨਹੀਂ ਹਨ। ਪੁਰਾਤਨ ਰਵਾਇਤ ਅਨੁਸਾਰ ਦੋਨਾਂ ਦਰਵਾਜ਼ਿਆਂ ਨੂੰ ਉਪਰ ਦੋ ਚੂਥੀਆਂ ਲੱਗੀਆਂ ਹੋਈਆਂ ਹਨ ਅਤੇ ਹੇਠਾਂ ਲੋਹੇ ਦੀਆਂ ਗੋਲੀਆਂ,

ਜਿਨ੍ਹਾਂ 'ਤੇ ਦਰਵਾਜ਼ੇ ਦਾ ਸਾਰਾ ਭਾਰ ਟਿਕਦਾ ਹੈ। ਸੋਮਨਾਥ ਦੇ ਮੰਦਰ ਨੂੰ ਇੰਨ-ਬਿੰਨ, ਹੂ-ਬ-ਹੂ ਚੌਗਾਠ ਤੇ ਚੂਥੀਆਂ ਲੱਗੀਆਂ ਹੋਈਆਂ ਹਨ ? ਭਾਵ ਕਿ ਇਹ ਸਭ ਬੇਕਾਰ ਦਾ ਵਾਦ-ਵਿਵਾਦ ਹੈ।

ਦੂਸਰਾ, ਇਹ ਮਹਾਰਾਜਾ ਰਣਜੀਤ ਸਿੰਘ ਤੇ ਸਿੱਖ ਸਰਦਾਰਾਂ ਦੀ ਬਹਾਦਰੀ ਦਾ ਪ੍ਰਗਟਾਅ ਨਹੀਂ - ਗੁਰੂ ਰਾਮਦਾਸ ਪਾਤਸ਼ਾਹ ਦੇ ਦਰਬਾਰ ਪ੍ਰਤੀ ਉਨ੍ਹਾਂ ਦੀ ਸ਼ਰਧਾ, ਭਾਵਨਾ, ਸਤਿਕਾਰ ਤੇ ਸਮਰਪਿਤ ਭਾਵਨਾ 'ਤੇ ਪ੍ਰਸ਼ਨ-ਚਿੰਨ੍ਹ ਹੈ ? ਅਜਿਹਾ ਹਰਗਿਜ਼ ਨਹੀਂ ਹੋ ਸਕਦਾ। ਬੇਕਾਰ ਦੇ ਸੁਆਲ ਪੈਦਾ ਕਰ ਕੇ ਕੌਮ ਵਿਚ ਦੁਬਿਧਾ ਨਹੀਂ ਖੜ੍ਹੀ ਕਰਨੀ ਚਾਹੀਦੀ। ਪਤਾ ਨਹੀਂ ਕਿਸ ਨੇ ਇਹ ਅਫ਼ਵਾਹ ਛੱਡ ਦਿੱਤੀ ਹੈ ਕਿ ਇਹ ਦਰਸ਼ਨੀ ਦਰਵਾਜ਼ੇ ਸੋਮਨਾਥ ਮੰਦਰ ਦੇ ਹਨ ਤੇ ਇਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵਾਪਸ ਕਰ ਦੇਵੇਗੀ ? ਸ੍ਰੀ ਹਰਿਮੰਦਰ ਸਾਹਿਬ ਦੀ ਤਾਂ ਚਰਨ ਧੂੜ ਨੂੰ ਸਿੱਖ ਮਸਤਕ ਨਾਲ ਲਾਉਂਦੇ ਤੇ ਸੰਭਾਲਦੇ ਹਨ, ਕਿਹੜਾ ਸਿੱਖ ਇਤਿਹਾਸਕ-ਵਿਰਾਸਤੀ ਮਹੱਤਤਾ ਵਾਲੇ ਦਰਵਾਜ਼ਿਆਂ ਨੂੰ ਵਾਪਸ ਕਰਨ ਬਾਰੇ ਸੋਚਣ ਵੀ ਦੇਵੇਗਾ ? ਇਹ ਸਭ ਬੇਤੁਕੀਆਂ ਅਫ਼ਵਾਹਾਂ ਹਨ।

ਦਰਸ਼ਨੀ ਦਰਵਾਜ਼ੇ ਲੰਬਾਈ-ਚੌੜਾਈ ਅਨੁਸਾਰ ਹਾਥੀ ਦੰਦ, ਚਾਂਦੀ ਤੇ ਨੱਕਾਸ਼ੀ ਆਦਿ ਦਾ ਕੰਮ ਹੋਣ ਕਰਕੇ ਬਹੁਤ ਭਾਰੇ ਹਨ। ਦਰਵਾਜ਼ਿਆਂ ਦੀਆਂ ਬਾਹੀਆਂ, ਦਿਲੇ ਖ਼ਰਾਬ ਹੋਣ ਕਰਕੇ ਡਿੱਗ ਰਹੇ ਹਨ। ਇਨ੍ਹਾਂ ਦਰਵਾਜ਼ਿਆਂ ਨੂੰ ਟਿਕਾਉਣ ਵਾਸਤੇ ਜੋ ਚੂਥੀਆਂ ਹਨ, ਉਹ ਸਮੇਂ ਨਾਲ ਖ਼ਸਤਾ ਹੋ ਜਾਂਦੀਆਂ ਹਨ ਜਿਨ੍ਹਾਂ ਦੇ ਖ਼ਰਾਬ ਹੋਣ ਕਾਰਨ ਇਨ੍ਹਾਂ ਦਰਵਾਜ਼ਿਆਂ ਦੀ ਸਾਂਭ-ਸੰਭਾਲ 'ਚ ਦਿੱਕਤ ਆਉਂਦੀ ਹੈ। ਭਾਰੇ ਦਰਵਾਜ਼ੇ ਦੀਆਂ ਚੂਥੀਆਂ ਖ਼ਰਾਬ ਹੋਣ ਕਾਰਨ ਇਹ ਕਿਸੇ ਸਮੇਂ ਵੀ ਡਿੱਗ ਸਕਦੇ ਹਨ ਤੇ ਜਿਨ੍ਹਾਂ ਦੇ ਡਿੱਗਣ ਨਾਲ ਅਚਾਨਕ ਜਾਨੀ-ਮਾਲੀ ਨੁਕਸਾਨ ਹੋ ਸਕਦਾ ਹੈ। ਸਾਡੀ ਸਮਝ ਅਨੁਸਾਰ ਇਹ ਕਾਰਜ ਸਮੇਂ ਸਿਰ ਕਰਵਾਇਆ ਜਾ ਰਿਹਾ ਹੈ। ਵਿਰਾਸਤ ਦੀ ਸੇਵਾ-ਸੰਭਾਲ ਵਾਸਤੇ ਸਾਨੂੰ ਯਤਨਸ਼ੀਲ ਰਹਿਣਾ ਚਾਹੀਦਾ ਹੈ। ਜੇਕਰ ਅਸੀਂ ਵਿਰਾਸਤੀ ਵਸਤਾਂ ਦੀ ਸੇਵਾ-ਸੰਭਾਲ ਸਮੇਂ ਸਿਰ ਨਹੀਂ ਕਰਾਂਗੇ ਤਾਂ ਉਹ ਬਰਬਾਦ ਹੋ ਜਾਣਗੀਆਂ। ਜਥੇਦਾਰ ਅਵਤਾਰ ਸਿੰਘ ਪ੍ਰਧਾਨ, ਸ਼੍ਰੋਮਣੀ ਕਮੇਟੀ ਵੱਲੋਂ ਇਹ ਸਮੇਂ ਸਿਰ ਲਿਆ ਸਹੀ ਫ਼ੈਸਲਾ ਹੈ। ਇਹ ਜ਼ਰੂਰ ਹੈ ਕਿ ਇਨ੍ਹਾਂ ਦੀ ਸੁਰੱਖਿਅਤ ਸੰਭਾਲ ਵਾਸਤੇ ਇਨ੍ਹਾਂ ਦਾ ਅਸਲ ਨਮੂਨਾ ਕਾਇਮ ਰਹਿਣਾ ਚਾਹੀਦਾ ਹੈ। ਦਰਸ਼ਨੀ ਡਿਉਢੀ ਦੇ ਦਰਵਾਜ਼ਿਆਂ ਦੀ ਸੇਵਾ ਪਹਿਲਾਂ ਅੰਤ੍ਰਿੰਗ ਕਮੇਟੀ 'ਚ ਹੋਏ ਫ਼ੈਸਲੇ ਅਨੁਸਾਰ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ, ਬਰਮਿੰਘਮ ਨੂੰ ਸੌਂਪੀ ਗਈ, ਪਰ ਫਿਰ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ।

ਅੰਤ੍ਰਿੰਗ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮਤਾ ਨੰ: 308 ਮਿਤੀ 08-03-2010 ਰਾਹੀਂ ਇਤਿਹਾਸਕ ਤੇ ਵਿਰਾਸਤੀ ਦਰਵਾਜ਼ਿਆਂ ਦੀ ਸੇਵਾ-ਸੰਭਾਲ ਕਰਨ ਵਾਸਤੇ ਸੇਵਾ ਚਾਰ ਜੁਲਾਈ, 2010 ਨੂੰ ਪੰਥਕ ਰਵਾਇਤਾਂ ਅਨੁਸਾਰ ਆਰੰਭ ਹੋਈ ਹੈ। ਗਿ. ਗੁਰਬਚਨ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗਿ. ਜਸਵਿੰਦਰ ਸਿੰਘ ਜੀ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਗਿ. ਇਕਬਾਲ

ਸਿੰਘ ਜੀ ਜਥੇਦਾਰ ਤਖ਼ਤ ਪਟਨਾ ਸਾਹਿਬ, ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਰਾਜਿੰਦਰ ਸਿੰਘ ਮਹਿਤਾ ਅੰਤ੍ਰਿੰਗ ਕਮੇਟੀ ਮੈਂਬਰ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਾਹਿਬਾਨ, ਮੈਂਬਰਾਨ ਸ਼੍ਰੋਮਣੀ ਕਮੇਟੀ, ਅਧਿਕਾਰੀਆਂ ਤੇ ਭਾਰੀ ਗਿਣਤੀ 'ਚ ਸੰਗਤਾਂ ਦੀ ਹਾਜ਼ਰੀ 'ਚ ਸੇਵਾ ਆਰੰਭ ਹੋਈ। ਦਰਵਾਜ਼ਿਆਂ ਦੀ ਸੇਵਾ ਸ੍ਰੀ ਹਰਿਮੰਦਰ ਸਾਹਿਬ ਸਮੂਹ 'ਚ ਹੀ ਹੋ ਰਹੀ ਹੈ। ਇਨ੍ਹਾਂ ਵਿਰਾਸਤੀ ਦਰਵਾਜ਼ਿਆਂ ਦੀ ਕੋਈ ਕੀਮਤ ਨਹੀਂ ਅੰਕੀ ਜਾ ਸਕਦੀ - ਇਹ ਅਮੁੱਲੇ ਹਨ। ਕਾਰਨ ਇਨ੍ਹਾਂ 'ਤੇ ਹਾਥੀ ਦੰਦ, ਚਾਂਦੀ ਦਾ ਹੋਇਆ ਕੰਮ ਨਹੀਂ, ਸਗੋਂ ਇਨ੍ਹਾਂ ਦਾ ਸਰੋਕਾਰ ਤੇ ਸੰਬੰਧ ਸ੍ਰੀ ਹਰਿਮੰਦਰ ਸਾਹਿਬ ਨਾਲ ਹੈ ਜੋ ਸਿੱਖਾਂ ਦੀ ਆਨ-ਸ਼ਾਨ, ਪਹਿਚਾਣ ਤੇ ਮਾਣ ਹੈ। ਸੋ ਦਰਸ਼ਨੀ ਡਿਉਢੀ ਦੇ ਦਰਸ਼ਨੀ ਦਰਵਾਜ਼ਿਆਂ ਨੂੰ ਸਤਿਕਾਰ ਸਹਿਤ ਉਤਾਰ ਕੇ ਸ਼ੀਸ਼ੇ ਦੇ ਬਣੇ ਵਿਸ਼ੇਸ਼ ਕੈਬਨਾਂ 'ਚ ਸੁਰੱਖਿਅਤ ਕਰ ਲਿਆ ਗਿਆ ਹੈ। ਦਰਸ਼ਨੀ ਡਿਉਢੀ 'ਚ ਆਰਜ਼ੀ ਤੌਰ 'ਤੇ ਸੁੰਦਰ ਦਰਸ਼ਨੀ ਦਰਵਾਜ਼ੇ ਲਗਾ ਦਿੱਤੇ ਗਏ ਹਨ ਤਾਂ ਕਿ ਰੋਜ਼ਾਨਾ ਦੀ ਮਰਯਾਦਾ ਵਿਚ ਵਿਘਨ ਨਾ ਪਵੇ।

ਦਾਨ-ਦਸਵੰਧ ਤੇ ਦਾਨਸ਼ਮੰਦੀ

'ਨਾਮ, ਦਾਨ, ਇਸ਼ਨਾਨ' ਸ਼ਬਦ ਧਾਰਮਿਕ ਬੋਲ-ਚਾਲ 'ਚ ਆਮ ਵਰਤੇ ਜਾਂਦੇ ਹਨ, ਜਿਨ੍ਹਾਂ ਦਾ ਸੰਬੰਧ ਲੋਕ-ਪਰਲੋਕ ਸਵਾਰਨ ਨਾਲ ਮੰਨਿਆ ਗਿਆ। ਨਾਮ, ਦਾਨ, ਇਸ਼ਨਾਨ ਕਿਵੇਂ, ਕਿਥੇ, ਕਿਸ ਲਈ, ਕਿਸ ਨੇ ਤੇ ਕਦੋਂ ਕਰਨਾ ਹੈ, ਇਹ ਧਾਰਮਿਕ ਆਗੂ, ਪ੍ਰੋਹਿਤ ਸ਼੍ਰੇਣੀ ਨਿਸਚਿਤ ਕਰਦੀ ਹੈ। ਖ਼ਾਸ ਕਰਕੇ ਨਾਮ ਕਿਸ ਦਾ, ਕਿਸ ਤਰ੍ਹਾਂ, ਕਿਸ ਨੇ ਜਪਣਾ ਹੈ ਅਤੇ ਦਾਨ ਕਿਸ ਨੇ, ਕਿਸ ਦਾ, ਕਿਸ ਨੂੰ ਕਰਨਾ ਹੈ, ਨਿਰਧਾਰਿਤ ਸੀ। ਇਸ ਤਰ੍ਹਾਂ ਸਮਾਜ, ਧਾਰਮਿਕ ਤੌਰ 'ਤੇ ਦੋ ਸ਼੍ਰੇਣੀਆਂ 'ਚ ਵੰਡਿਆ ਗਿਆ। ਇਕ ਨਾਮ ਜਪਾਉਣ ਵਾਲੇ ਦੂਸਰੇ ਜਪਣ ਵਾਲੇ। ਇਕ ਦਾਨ ਲੈਣ ਤੇ ਦੂਸਰੇ ਦਾਨ ਦੇਣ ਵਾਲੇ। ਨਾਮ-ਦਾਨ ਹੈ ਕੀ ? ਇਸ ਬਾਰੇ ਕਿਸੇ ਨੂੰ ਵੀ ਪਤਾ ਹੋਵੇ ਜਾਂ ਨਾ, ਪਰ ਸਮਾਜ 'ਚ ਇਕ ਧਿਰ ਚਤੁਰ ਹੋਣ ਕਰਕੇ ਲੁੱਟਦੀ ਤੇ ਦੂਸਰੀ ਅਗਿਆਨੀ ਹੋਣ ਕਾਰਨ ਲੁੱਟੀ ਜਾਂਦੀ ਰਹੀ। ਧਰਮ ਦਾ ਸੰਬੰਧ ਮੂਲ ਰੂਪ 'ਚ ਸ਼ਰਧਾ, ਵਿਸ਼ਵਾਸ 'ਤੇ ਆਧਾਰਿਤ ਸੀ, ਦਲੀਲ-ਅਪੀਲ ਦੀ ਕੋਈ ਥਾਂ ਨਹੀਂ ਸੀ। ਭਗਤੀ ਲਹਿਰ ਸਮੇਂ ਸਭ ਤੋਂ ਪਹਿਲਾਂ ਭਗਤ ਕਬੀਰ ਜੀ ਨੇ ਧਰਮ ਦੀ ਪਰਿਭਾਸ਼ਾ ਨਿਸਚਿਤ ਕਰਦਿਆਂ ਐਲਾਨ ਕੀਤਾ ਕਿ "ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ" ਸਪੱਸ਼ਟ ਕਰ ਦਿੱਤਾ ਕਿ ਧਰਮੀ ਹੋਣ ਵਾਲੇ ਮਨੁੱਖ ਦਾ ਵਿਵੇਕਸ਼ੀਲ-ਗਿਆਨਵਾਨ ਹੋਣਾ ਨਿਹਾਇਤ ਜ਼ਰੂਰੀ ਹੈ, ਨਹੀਂ ਤਾਂ ਤੁਹਾਨੂੰ ਜਾਤ ਧਰਮ ਦੇ ਨਾਂ 'ਤੇ ਨਾਮ, ਦਾਨ, ਇਸ਼ਨਾਨ ਦ੍ਰਿੜ੍ਹ ਕਰਾਉਂਦਿਆਂ ਠੱਗਿਆ ਜਾ ਸਕਦਾ ਹੈ। ਗੁਰਮਤਿ ਵਿਚਾਰਧਾਰਾ 'ਚ ਗਿਆਨ ਨੂੰ ਬਹੁਤ ਪ੍ਰਮੁੱਖਤਾ ਦਿੱਤੀ ਗਈ ਹੈ। 'ਆਸਾ ਕੀ ਵਾਰ' 'ਚ ਸਪੱਸ਼ਟ ਕੀਤਾ ਗਿਆ ਹੈ ਕਿ ਪਹਿਲਾਂ ਇਹ ਜਾਣ ਲੈਣਾ ਕਰ ਕਿ, ਜਿਸ 'ਤੇ ਤੂੰ ਦਇਆ, ਰਹਿਮ ਕਰ ਕੇ, ਪੁੰਨ, ਦਾਨ, ਕਰ ਰਿਹਾ ਹੈਂ, ਉਹ ਇਸ ਦਾ ਅਧਿਕਾਰੀ ਵੀ ਹੈ ? ਗੁਰਦੇਵ ਸਪੱਸ਼ਟ ਕਰਦੇ ਹਨ :

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥

(ਵਾਰ ਆਸਾ ਮਹਲਾ ੧, ਪੰਨਾ 468)

'ਨਾਮੁ-ਦਾਨੁ-ਇਸਨਾਨੁ' ਸ਼ਬਦ ਗੁਰਬਾਣੀ 'ਚ ਨੌਂ ਵਾਰ ਇਕੱਠਾ ਆਇਆ ਹੈ, ਪਰ ਹਰ ਥਾਂ ਪ੍ਰਮੁੱਖਤਾ ਨਾਮ ਦੀ ਹੈ। ਨਾਮ ਦਾ ਹੀ ਜਾਪ ਕਰਨਾ ਹੈ ਤੇ ਦੂਸਰਿਆਂ ਨੇ ਨਾਮ ਨਾਲ ਜੁੜਨ ਲਈ ਸਹਾਇਕ ਸਿੱਧ ਹੋਣਾ ਹੈ। ਨਾਮ ਦੇ ਨਾਲ ਹੀ ਮਨ ਦਾ ਇਸ਼ਨਾਨ ਕਰਨਾ ਹੈ। ਸਰੀਰਕ ਅਰੋਗਤਾ ਵਾਸਤੇ ਜਲ ਇਸ਼ਨਾਨ ਜ਼ਰੂਰੀ ਹੈ ਪਰ ਮਾਨਸਿਕ ਪਵਿੱਤਰਤਾ-ਨਿਰਮਲਤਾ ਵਾਸਤੇ ਆਚਰਣਕ ਉੱਚਤਾ ਇਸ ਤੋਂ ਵਧੇਰੇ

ਜ਼ਰੂਰੀ ਹੈ। ਵਿਚਾਰਾਂ ਦੀ ਸਪੱਸ਼ਟਤਾ ਤੇ ਪ੍ਰਪੱਕਤਾ ਹੀ ਜੀਵਨ ਆਚਾਰ ਦਾ ਆਧਾਰ ਬਣਦੀ ਹੈ। ਪਾਵਨ ਗੁਰਬਾਣੀ ਸਪੱਸ਼ਟ ਕਰਦੀ ਹੈ :

ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥
(ਸਿਰੀਰਾਗੁ ਮਹਲਾ ੫, ਪੰਨਾ 46)

ਨਾਮੁ ਦਾਨੁ ਇਸਨਾਨੁ ਦਿੜਾਇਆ ॥ *(ਸਿਰੀਰਾਗੁ ਮਹਲਾ ੫, ਪੰਨਾ 74)*

ਖ਼ੈਰ ਇਸ ਲੇਖ 'ਚ ਅਸੀਂ 'ਦਾਨ-ਦਸਵੰਧ' ਸ਼ਬਦ ਨੂੰ ਗੁਰਮਤਿ ਵਿਚਾਰਧਾਰਾ ਦੀ ਰੌਸ਼ਨੀ 'ਚ ਸਮਝਣ ਦਾ ਯਤਨ ਕਰ ਰਹੇ ਹਾਂ। 'ਦਾਨ' ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ 'ਦਾਨ', 'ਦਾਨੁ' ਤੇ 'ਦਾਨਿ' ਸ਼ਬਦ ਜੋੜਾਂ 'ਚ ਕ੍ਰਮਵਾਰ 44, 234 ਤੇ 7 ਵਾਰ ਆਇਆ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ 'ਚ ਵੀ 'ਦਾਨ' ਸ਼ਬਦ 19/19 ਵਾਰ ਆਇਆ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਦਾਨ ਦਾ ਅਰਥ ਹੈ ਦੇਣ ਦਾ ਕਰਮ, ਦੇਣ ਯੋਗ ਧਨ, ਉਹ ਵਸਤੂ ਜੋ ਦਾਨ ਵਿਚ ਦਿੱਤੀ ਗਈ ਹੋਵੇ। ਮਹਿਸੂਲ, ਕਰ, ਟੈਕਸ ਆਦਿ ਅਰਥਾਂ 'ਚ ਵੀ 'ਦਾਨ' ਸ਼ਬਦ ਦੀ ਵਰਤੋਂ ਹੋਈ ਮਿਲਦੀ ਹੈ, ਜਿਵੇਂ ਗੁਰਬਾਣੀ 'ਚ ਕਥਨ ਹੈ :

ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ ॥੪॥ *(ਆਸਾ ਮਹਲਾ ੧, ਪੰਨਾ 416)*

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
(ਤਿਲੰਗ ਮਹਲਾ ੧, ਪੰਨਾ 722)

ਹਿੰਦੂ ਵਿਸ਼ਵਕੋਸ਼ ਅਨੁਸਾਰ ਦਾਨ ਦੇ ਅਰਥ ਹਨ—ਕਿਸੇ ਵਸਤੂ ਤੋਂ ਆਪਣਾ ਅਧਿਕਾਰ ਸਮਾਪਤ ਕਰ ਕੇ ਕਿਸੇ ਦੂਸਰੇ ਦਾ ਅਧਿਕਾਰ ਸਥਾਪਤ ਕਰਨਾ ਦਾਨ ਹੈ। *ਹਿੰਦੂ ਵਿਸ਼ਵ ਸ਼ਬਦ ਸਾਗਰ* ਅਨੁਸਾਰ ਦੇਣ ਦਾ ਕਾਰਜ, ਲੈਣ ਵਾਲੇ ਤੋਂ ਬਦਲੇ ਵਿਚ ਕੁਝ ਨਾ ਚਾਹ ਕੇ ਜਾਂ ਲੈ ਕੇ ਉਦਾਰਤਾ ਵੱਸ ਦੇਣ ਦਾ ਕਾਰਜ। ਉਹ ਧਰਮ ਅਰਥ ਕਰਮ ਜਿਸ ਵਿਚ ਸ਼ਰਧਾ ਜਾਂ ਦਇਆ ਪੂਰਵਕ ਦੂਸਰੇ ਨੂੰ ਧਨ ਆਦਿ ਦਿੱਤਾ ਜਾਂਦਾ ਹੈ। ਦਾਨ ਦੀਆਂ ਚਾਰ ਕਿਸਮਾਂ ਦੱਸੀਆਂ ਗਈਆਂ ਹਨ :

1. ਨਿਤਦਾਨ, 2. ਨਮਿਤਕ ਦਾਨ, 3. ਕਾਮਦਾਨ, 4. ਵਿਮਲ ਦਾਨ।

ਵੈਦਿਕ ਰੀਤੀ ਅਨੁਸਾਰ ਇਥੇ ਇਸ ਮਾਤ ਲੋਕ 'ਚ ਪੰਡਿਤ-ਪ੍ਰੋਹਿਤ ਨੂੰ ਕੀਤਾ ਦਾਨ ਤੁਹਾਨੂੰ ਪਰਲੋਕ 'ਚ ਸੁੱਖ ਦੇਵੇਗਾ। ਪੰਡਿਤ-ਪੁਜਾਰੀ ਸਵਰਗ ਦਾ ਸੁੰਦਰ ਸੁਹਾਣਾ ਸਰੂਪ ਅਤੇ ਨਰਕ ਦਾ ਡਰਾਉਣਾ ਰੂਪ ਪ੍ਰਗਟ ਕਰ ਕੇ ਆਮ ਲੋਕਾਂ ਪਾਸੋਂ ਧਨ-ਦੌਲਤ ਬਟੋਰਦੇ ਸਨ।

ਗੁਰਬਾਣੀ 'ਚ 'ਦਾਨ' ਸ਼ਬਦ ਆਮ ਕਰਕੇ ਸੇਵਾ ਤੇ ਪੁੰਨ ਕਰਮ ਦੇ ਅਰਥਾਂ 'ਚ ਆਇਆ ਹੈ। ਹਰ ਸਿੱਖ ਅਭਿਲਾਖੀ, ਜਗਿਆਸੂ ਦੇ ਰੂਪ ਨਾਮ-ਦਾਨ ਦੀ ਜਾਚਨਾ ਬਾਰ-ਬਾਰ ਕਰਦਾ ਹੈ ਕਿ ਮੈਨੂੰ ਸਤਿਗੁਰੂ ਆਪਣੇ ਨਾਮ ਦਾ ਦਾਨ ਬਖ਼ਸ਼ਿਸ਼ ਕਰ। ਨਾਮ-ਦਾਨ ਦੀ ਪ੍ਰਾਪਤੀ ਨਾਲ ਜਗਿਆਸੂ ਪਰਮਾਤਮਾ ਦੀ ਹੋਂਦ ਨੂੰ ਸਰਬ-ਸ਼ਕਤੀਮਾਨ, ਸਰਬ-ਵਿਆਪਕ ਮੰਨਦਾ ਹੋਇਆ ਹਿਰਦੇ 'ਚ ਮਹਿਸੂਸ ਕਰਦਾ ਹੈ ਤੇ

ਦੂਸਰਿਆਂ ਨੂੰ ਇਲਾਹੀ ਨਦਰਿ ਦੇ ਪਾਤਰ ਬਣਨ ਲਈ ਪ੍ਰੇਰਿਤ ਕਰਦਾ ਹੈ। ਗੁਰਬਾਣੀ ਦਾ ਕਥਨ ਹੈ:

ਮਹਾ ਦਾਨਿ ਸਤਿਗੁਰ ਗਿਆਨਿ ਮਨਿ ਚਾਉ ਨ ਹੁਟੈ ॥

(ਸਵਈਏ ਮਹਲੇ ਪੰਜਵੇ ਕੇ, ਪੰਨਾ 1407)

ਗੁਰੂ ਦੇ ਗਿਆਨ ਵਾਲੇ ਬੜੇ ਦਾਨੀ ਹਨ, ਉਨ੍ਹਾਂ ਦੇ ਮਨ ਵਿਚ ਹਮੇਸ਼ਾ ਹੀ ਉਤਸ਼ਾਹ ਚਾਓ ਹੁੰਦਾ ਹੈ। ਗੁਰਬਾਣੀ ਸੇਧ ਬਖ਼ਸ਼ਿਸ਼ ਕਰਦੀ ਹੈ ਕਿ ਗਿਆਨ ਤੋਂ ਬਿਨਾਂ ਤਾਂ ਪੂਜਾ, ਉਪਾਸ਼ਨਾ, ਦਾਨ-ਪੁੰਨ ਆਦਿ ਕਰਨੇ ਵੀ ਸਫਲ ਨਹੀਂ ਹੋ ਸਕਦੇ:

ਗਿਆਨ ਹੀਣੰ ਅਗਿਆਨ ਪੂਜਾ ॥

(ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਪੰਨਾ 1412)

ਗੁਰਮਤਿ ਗਿਆਨ ਦੀ ਪ੍ਰਾਪਤੀ ਨਾਲ ਸਾਨੂੰ ਸਮਝ ਆਉਂਦੀ ਹੈ ਕਿ ਅਸੀਂ ਪ੍ਰਭੂ-ਪਰਮਾਤਮਾ ਵੱਲੋਂ ਬਖ਼ਸ਼ਿਸ਼ ਦਾਨ ਦੇ ਅਧਿਕਾਰੀ ਬਣਨਾ ਹੈ ਨਾ ਕਿ ਦਾਨੀ ਬਣ ਦਾਤਾਰ ਦੇ ਸ਼ਰੀਕ ਸਦਵਾਉਣਾ ਹੈ। ਦਾਤਾ, ਦੇਣ ਵਾਲਾ ਇਕ ਹੀ ਹੈ। ਭਗਤ ਕਬੀਰ ਜੀ ਦਾ ਕਥਨ ਹੈ:

ਊਰਵਾਰਿ ਪਾਰਿ ਸਭ ਏਕੋ ਦਾਨੀ ॥੪॥੨॥੧੦॥੬੧॥

(ਗਉੜੀ ਕਬੀਰ ਜੀ, ਪੰਨਾ 337)

ਦਾਤਾ, ਦਾਨ ਕਰਨ ਵਾਲੇ ਨੂੰ ਕਿਹਾ ਗਿਆ ਹੈ ਜੋ ਗੁਰਮਤਿ ਵਿਚਾਰਧਾਰਾ ਅਨੁਸਾਰ ਇਕ ਹੀ ਹੈ। ਗੁਰਵਾਕ ਹੈ:

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥

(ਵਾਰ ਆਸਾ ਮਹਲਾ ੧, ਪੰਨਾ 463)

ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥ *(ਸਿਰੀਰਾਗੁ ਮਹਲਾ ੩, ਪੰਨਾ 65)*

ਇਕ ਦਾਤਾਰ ਪਾਸੋਂ ਅਸੀਂ ਦਾਤ-ਦਾਨ ਦੀ ਮੰਗ ਕਰਦੇ ਹਾਂ। ਮੰਗ ਕਰਨ ਵਾਲਾ ਮੰਗਤਾ, ਭਿਖਾਰੀ, ਜਾਚਕ ਤਾਂ ਹੈ, ਦਾਤਾ ਨਹੀਂ ਹੋ ਸਕਦਾ:

ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥

(ਸੋਰਠਿ ਮਹਲਾ ੧, ਪੰਨਾ 597)

ਗੁਰਬਾਣੀ ਅਸਲ 'ਚ ਸਾਨੂੰ ਸੇਧ ਬਖ਼ਸ਼ਿਸ਼ ਕਰਦੀ ਹੈ, ਅਸੀਂ ਦਾਨ ਕਰ ਕੇ ਦਾਤਾਰ ਹੋਣ ਦਾ ਭਰਮ ਤੇ ਹਉਮੈ ਨਾ ਪਾਲੀਏ ਤੇ ਨਾ ਹੀ ਦਾਨ ਪ੍ਰਾਪਤ ਕਰਨ ਵਾਲੇ ਨੂੰ ਹੀਣ ਭਾਵਨਾ ਦਾ ਸ਼ਿਕਾਰ ਬਣਾਈਏ। ਦਾਤਾਰ-ਦਾਤਾ ਇਕ ਹੈ ਜੋ ਸਭਨਾਂ ਨੂੰ ਦੇਣ ਵਾਲਾ ਹੈ। ਸਾਡਾ ਫ਼ਰਜ਼ ਤਾਂ ਇਤਨਾ ਹੈ ਕਿ ਅਸੀਂ ਉਸ ਨੂੰ ਭੁੱਲੀਏ ਨਾ:

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥

(ਜਪੁ ਜੀ, ਪੰਨਾ 2)

"ਸਭਨਾ ਦਾਤਾ ਏਕੁ ਤੂ ਮਾਣਸ ਦਾਤਿ ਨ ਹੋਇ" ਤੋਂ ਤਾਂ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ ਕਿ ਮਾਨਵ ਤਾਂ ਕੇਵਲ ਦਾਤਾਂ ਪ੍ਰਾਪਤ ਕਰਨ ਵਾਲਾ ਹੈ, ਦਾਤਾਰ ਭਾਵ

ਦਾਨੀ ਹੋ ਹੀ ਨਹੀਂ ਸਕਦਾ। ਸੰਖੇਪ ਰੂਪ 'ਚ ਅਸੀਂ ਕਹਿ ਸਕਦੇ ਹਾਂ ਕਿ ਦਾਨ ਕਰ ਕੇ ਦਾਤਾਰ ਹੋਣ ਦਾ ਭਰਮ ਤੇ ਹਉਮੈ ਨਹੀਂ ਕਰਨੀ, ਸਗੋਂ ਸੇਵਾ ਕਰਨੀ ਹੈ, ਜੋ ਦੀਰਘ ਰੋਗ ਹਉਮੈ ਦੀ ਸਸਤੀ-ਸਰਲ ਦਵਾਈ ਹੈ। ਸੇਵਾ ਮਨੁੱਖ ਤਨ-ਮਨ-ਧਨ ਨਾਲ ਕਰ ਸਕਦਾ ਹੈ। ਸੇਵਾ ਕਰ ਕੇ ਸਹਿਜ, ਸਵੈ-ਮਾਣ ਤੇ ਸੰਤੁਸ਼ਟੀ ਮਹਿਸੂਸ ਹੋਵੇਗੀ ਪਰ ਜੇਕਰ ਸੇਵਾ ਕਰ ਕੇ ਸੇਵਾ ਕਰਨ ਦੀ ਹਉਮੈ ਹੋ ਜਾਵੇ ਤਾਂ ਇਹ ਲਾ-ਇਲਾਜ ਹੋ ਜਾਵੇਗੀ। ਸਿੱਖ ਤਾਂ ਸਵੇਰੇ-ਸ਼ਾਮ ਅਰਦਾਸ ਕਰਨ ਸਮੇਂ ਹਉਮੈ, ਹੰਕਾਰ ਨੂੰ ਮਿਟਾ ਕੇ, ਨਿਮਰਤਾ ਸਹਿਤ ਗੁਰੂ ਨੂੰ ਆਪਾ ਸਮਰਪਣ ਕਰਦਾ ਹੋਇਆ ਇਹ ਸ਼ਬਦ ਦੁਹਰਾਉਂਦਾ ਹੋਇਆ :

> **ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ...**

ਦੀ ਜਾਚਨਾ ਕਰਦਾ ਹੈ। ਇਸ ਤਰ੍ਹਾਂ ਸਿੱਖ ਆਪਣੇ ਸਿੱਖ ਹੋਣ ਦੀ ਹਉਮੈ ਵੀ ਨਹੀਂ ਪਾਲਦਾ, ਸਗੋਂ ਸੱਤ ਪ੍ਰਕਾਰ ਦੇ ਦਾਨਾਂ ਦੀ ਰੋਜ਼ਾਨਾ ਮੰਗ ਕਰਦਾ ਹੋਇਆ, ਗੁਰੂ ਨੂੰ ਆਪਾ ਸਮਰਪਿਤ ਕਰ, ਸਕੂਨ ਮਹਿਸੂਸ ਕਰਦਾ ਹੈ। ਸਿੱਖ ਤਾਂ ਦਾਨ ਦੀ ਮੰਗ ਕਰਦਾ ਹੈ, ਦਾਨ ਦਿੰਦਾ ਨਹੀਂ, ਜਿੰਨੀ ਦੇਰ ਦਾਨ ਦੀ ਮੰਗ ਕਰਦਾ ਰਹੇਗਾ, ਉਸ ਦੀ ਗੁਰੂ ਨਾਲ ਬਣ ਆਵੇਗੀ।

ਗੁਰਮਤਿ ਵਿਚਾਰਧਾਰਾ ਅਨੁਸਾਰ ਮਾਨਵ ਦੇ ਵੱਸ ਵਿਚ ਕੁਝ ਵੀ ਨਹੀਂ, ਹਰ ਵਸਤ ਦਾ ਮਾਲਕ ਪਰਮਾਤਮਾ ਹੀ ਹੈ ਤੇ ਪਰਮਾਤਮਾ ਨੂੰ ਪਾਉਣ ਦਾ ਤਰੀਕਾ ਨਾਮ, ਸੇਵਾ, ਸਿਮਰਨ ਦਾ ਮਾਰਗ ਹੈ। ਪ੍ਰਭੂ ਹੋਂਦ ਨੂੰ ਸਰਬ-ਵਿਆਪਕ ਮੰਨ ਕੇ ਹਰ ਪਲ ਉਸ ਨੂੰ ਯਾਦ ਰੱਖਿਆ ਜਾਵੇ। ਸੰਸਾਰ ਦੀ ਕੋਈ ਵੀ ਵਸਤੂ, ਦਾਨ, ਪੁੰਨ, ਕਰਮ, ਰਾਮ ਨਾਮ ਦੇ ਬਰਾਬਰ ਨਹੀਂ ਪਹੁੰਚ ਸਕਦੀ। ਭਾਵੇਂ ਮਨੁੱਖ ਆਪਣੀ ਸਮਰੱਥਾ ਅਨੁਸਾਰ ਗਊਆਂ, ਘੋੜੇ, ਹਾਥੀ, ਸੇਜਾ, ਆਪਣੀ ਇਸਤਰੀ, ਜ਼ਮੀਨ, ਜਾਇਦਾਦ ਆਦਿ ਸਭ ਕੁਝ ਦਾਨ ਕਰ ਦੇਵੇ ਤੇ ਇਸ ਤਰ੍ਹਾਂ ਨਿਰੰਤਰ ਕਰਦਾ ਰਹੇ, ਇਥੋਂ ਤਕ ਕਿ ਆਪਣੇ ਆਪ ਨੂੰ, ਆਪਣੇ ਬਰਾਬਰ ਸੋਨਾ ਵੀ ਦਾਨ ਕਰ ਦੇਵੇ, ਤਦ ਵੀ ਪ੍ਰਭੂ ਨਾਮ ਦੀ ਬਰਾਬਰੀ ਨਹੀਂ ਹੋ ਸਕਦੀ। ਜੇਕਰ ਅਜਿਹਾ ਨਹੀਂ ਹੋ ਸਕਦਾ, ਤਦ ਕਰਨਾ ਹੀ ਕਿਉਂ ? ਅਗਿਆਨਤਾ ਵੱਸ ਸਾਡੇ ਕੁਝ ਗ੍ਰੰਥੀ ਸਿੰਘ ਵੀ ਅਨੰਦ ਕਾਰਜ ਸਮੇਂ ਕਹਿ ਦਿੰਦੇ ਹਨ ਕਿ ਲੜਕੀ ਦੇ ਪਰਿਵਾਰ ਵੱਲੋਂ ਲੜਕੀ (ਕੰਨਿਆ ਦਾਨ) ਹੀ ਦਾਨ ਕਰ ਦਿੱਤੀ, ਹੋਰ ਕੀ ਕਰ ਸਕਦੇ ਹਨ! ਇਹ ਗੁਰਮਤਿ ਵਿਚਾਰਧਾਰਾ ਪ੍ਰਤੀ ਬੇਸਮਝੀ ਦਾ ਪ੍ਰਗਟਾਅ ਹੈ! ਪਰ ਮਨੁੱਖ ਇਨ੍ਹਾਂ ਫੋਕਟ ਕਰਮਾਂ ਤੋਂ ਤਦ ਹੀ ਹਟੇਗਾ, ਜੇਕਰ ਉਨ੍ਹਾਂ ਨੂੰ ਬਿਬੇਕ ਬੁੱਧੀ ਗਿਆਨ ਦੀ ਪ੍ਰਾਪਤੀ ਹੋਵੇਗੀ।

> **ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ**
> **ਐਸੋ ਦਾਨੁ ਨਿਤ ਨਿਤਹਿ ਕੀਜੈ ॥**
> **ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ**
> **ਰਾਮ ਨਾਮ ਸਰਿ ਤਊ ਨ ਪੂਜੈ ॥੩॥** *(ਰਾਮਕਲੀ ਨਾਮਦੇਉ ਜੀ, ਪੰਨਾ 973)*

ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ ॥
ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ ॥੧॥
ਪ੍ਰਭ ਜੀ ਕੋ ਨਾਮੁ ਜਪਤ ਮਨ ਚੈਨ ॥ *(ਧਨਾਸਰੀ ਮਹਲਾ ੫, ਪੰਨਾ 674)*

ਕਰਮ-ਕਾਂਡ ਤੇ ਦਿਖਾਵੇ ਦੀ ਬਿਰਤੀ ਅਧੀਨ ਕੀਤੇ ਧਾਰਮਿਕ ਕਾਰਜ ਜਿਵੇਂ ਪੂਜਾ, ਭੁੱਖੇ ਰਹਿਣਾ, ਤਿਲਕ ਲਗਾਉਣਾ, ਇਸ਼ਨਾਨ, ਤੀਰਥ, ਖ਼ੈਰਾਤ (ਦਾਨ) ਦੇਣਾ, ਬਹੁਤਾ ਦਾਨ ਕਰਨ ਨਾਲ ਪ੍ਰਭੂ-ਪਰਮਾਤਮਾ ਭਿੱਜਦਾ ਨਹੀਂ, ਖ਼ੁਸ਼ ਨਹੀਂ ਹੁੰਦਾ, ਭਾਵੇਂ ਜ਼ੁਬਾਨ 'ਚੋਂ ਮਿੱਠੇ ਬੋਲ ਬੋਲਦਾ ਹੋਵੇ। ਕੇਵਲ ਤੇ ਕੇਵਲ ਪਰਮਾਤਮਾ ਦੀ ਹੋਂਦ ਨੂੰ ਮੰਨਦਿਆਂ, ਸਵੀਕਾਰਦਿਆਂ ਉਸ ਨੂੰ ਹਰ ਸਮੇਂ ਯਾਦ ਕਰਨਾ ਚਾਹੀਦਾ ਹੈ। ਗੁਰੂ ਤੇਗ਼ ਬਹਾਦਰ ਜੀ ਵੀ ਸਪੱਸ਼ਟ ਸੰਦੇਸ਼ ਦਿੰਦੇ ਹਨ, ਉਹ ਧਾਰਮਿਕ ਕਾਰਜ ਜਿਨ੍ਹਾਂ ਦੇ ਕਰਨ ਨਾਲ ਮਨ 'ਚ ਹੰਕਾਰ ਦੀ ਬਿਰਤੀ ਪੈਦਾ ਹੋਵੇ, ਉਹ ਸਭ ਵਿਅਰਥ ਹਨ। ਇਹ ਤਾਂ ਹਾਥੀ ਦੇ ਨਹਾਉਣ ਵਾਂਗ ਹੈ, ਕਿਉਂਕਿ ਹਾਥੀ ਨਹਾ ਕੇ ਫਿਰ ਮਿੱਟੀ ਆਪਣੇ ਉੱਪਰ ਪਾ ਲੈਂਦਾ ਹੈ:

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥
(ਸਲੋਕ ਮਹਲਾ ੯, ਪੰਨਾ 1428)

ਗੁਰਬਾਣੀ 'ਚ ਬਾਰ-ਬਾਰ ਹਰੀ ਦੇ ਨਾਮ ਦਾ ਦਾਨ ਪਰਮਾਤਮਾ ਪਾਸੋਂ ਭਿਖਾਰੀ ਬਣ ਮੰਗਣ ਵਾਸਤੇ ਕਿਹਾ ਗਿਆ ਹੈ। ਭਾਵੇਂ ਕੋਈ ਵਿਅਕਤੀ ਤੀਰਥਾਂ 'ਤੇ ਕਰੋੜਾਂ ਵਾਰ ਇਸ਼ਨਾਨ ਕਰੇ, ਚੁੱਭੀਆਂ ਲਾ ਲਵੇ ਅਤੇ ਲੱਖਾਂ, ਅਰਬਾਂ, ਖਰਬਾਂ ਰੁਪਇਆ ਧਨ-ਦੌਲਤ ਦੇ ਰੂਪ 'ਚ ਦਾਨ ਕਰ ਦੇਵੇ, ਪਰ ਇਹ ਸਭ ਕੁਝ ਵੀ ਉਸ ਜਗਿਆਸੂ ਦੇ ਬਰਾਬਰ ਨਹੀਂ ਪਹੁੰਚ ਸਕੇਗਾ, ਜਿਸ ਦੇ ਹਿਰਦੇ 'ਚ ਵਾਹਿਗੁਰੂ ਦੇ ਨਾਮ ਦਾ ਨਿਵਾਸ ਹੈ:

ਕੋਟਿ ਮਜਨ ਕੀਨੋ ਇਸਨਾਨ ॥
ਲਾਖ ਅਰਬ ਖਰਬ ਦੀਨੋ ਦਾਨੁ ॥
ਜਾ ਮਨਿ ਵਸਿਓ ਹਰਿ ਕੋ ਨਾਮੁ ॥੧॥ *(ਗਉੜੀ ਮਹਲਾ ੫, ਪੰਨਾ 202)*

ਗੁਰੂ ਗੋਬਿੰਦ ਸਿੰਘ ਜੀ ਵੀ ਸਾਨੂੰ ਇਹੀ ਦ੍ਰਿੜ੍ਹ ਕਰਵਾਉਂਦੇ ਹਨ ਕਿ ਭਾਵੇਂ ਮਨੁੱਖ ਕਰੋੜਾਂ ਤੀਰਥਾਂ ਦਾ ਇਸ਼ਨਾਨ ਕਰ ਲਵੇ, ਬਹੁਤ ਦਾਨ ਪੁੰਨ ਕਰ ਲਵੇ, ਵੱਖ-ਵੱਖ ਤਰ੍ਹਾਂ ਦੇ ਵਰਤ ਰੱਖ ਲਵੇ, ਭੇਖ ਧਾਰਨ ਕਰ ਕੇ ਭਾਵੇਂ ਉਹ ਦੇਸ਼-ਵਿਦੇਸ਼ 'ਚ ਘੁੰਮਦਾ ਫਿਰੇ, ਜਟਾਵਾਂ ਰੱਖ ਲਵੇ ਪਰ ਪ੍ਰਭੂ-ਪਿਆਰਾ ਇਸ ਤਰ੍ਹਾਂ ਨਹੀਂ ਮਿਲਣਾ। ਭਾਵੇਂ ਕਰੋੜਾਂ ਆਸਨ ਕਰੇ, ਯੋਗ ਮਤ ਦੇ ਸਾਰੇ ਅੰਗ ਧਾਰਨ ਕਰ ਲਵੇ, ਤਿਆਗੀ ਹੋ ਜਾਵੇ ਤੇ ਆਪਣਾ ਆਪਾ ਮਾਰਨ, ਸਵੈਂ ਦੀ ਹੋਂਦ ਨੂੰ ਖ਼ਤਮ ਕਰਨ ਵਾਸਤੇ ਮੂੰਹ ਵੀ ਕਾਲਾ ਕਰ ਲਵੇ, ਪਰ ਕਰਤਾ ਪੁਰਖ ਵਾਹਿਗੁਰੂ ਦੇ ਦੀਨ ਦਿਆਲ ਅਕਾਲ ਸਰੂਪ ਪਰਮਾਤਮਾ ਦਾ ਨਾਮ ਜਪੇ ਬਿਨਾਂ, ਸਭ ਯਮਰਾਜ ਦੇ ਵੱਸ 'ਚ ਪੈਂਦੇ ਹਨ:

ਤੀਰਥ ਕੋਟ ਕੀਏ ਇਸ਼ਨਾਨ ਦੀਏ ਬਹੁ ਦਾਨ ਮਹਾ ਬ੍ਰਤ ਧਾਰੇ ॥
ਦੇਸ ਫਿਰਿਓ ਕਰਿ ਭੇਸ ਤਪੋਧਨ ਕੇਸ ਧਰੇ ਨ ਮਿਲੇ ਹਰਿ ਪਿਆਰੇ ॥
(ਦਸਮ ਗ੍ਰੰਥ-ਅ.ਉ.-252/1, ਪੰਨਾ 35)

ਗੁਰਮਤਿ ਅਨੁਸਾਰ ਸਿੱਖ ਨੇ ਆਪਣੀ ਸਮਰੱਥਾ ਅਨੁਸਾਰ ਕਿਰਤ ਕਮਾਈ 'ਚੋਂ ਲੋੜਵੰਦਾਂ ਦੀ ਸਹਾਇਤਾ ਸੇਵਾ ਦੇ ਰੂਪ 'ਚ ਕਰਨੀ ਹੈ। ਗੁਰੂ ਨਾਨਕ ਸਾਹਿਬ ਜੀ ਦਾ ਉਪਦੇਸ਼ ਹੈ ਕਿ ਜਿਵੇਂ ਕਿਸਾਨ ਧਰਤੀ ਦੀ ਨਿਰਖ ਪਰਖ ਕਰ, ਵਾਹ ਸਵਾਰ ਕੇ ਬੀਜ ਪਾਉਂਦਾ ਹੈ, ਇਸ ਤਰ੍ਹਾਂ ਹੀ ਸੋਚ ਸਮਝ ਕੇ ਹੀ ਕਿਰਤ-ਕਮਾਈ ਦਾ ਹਿੱਸਾ ਲੋੜਵੰਦਾਂ ਨੂੰ ਦੇਣਾ ਚਾਹੀਦਾ ਹੈ। ਜਿਹੜੇ ਕਿਸਾਨ ਕੱਲਰ ਵਿਚ ਬੀਜ, ਬੀਜ ਦੇਂਦੇ ਹਨ, ਉਨ੍ਹਾਂ ਦੇ ਹੱਥ ਵੀ ਕੁਝ ਨਹੀਂ ਆਉਂਦਾ। ਇਸ ਤਰ੍ਹਾਂ ਬਿਨਾਂ ਸੋਚੇ ਸਮਝੇ ਕਿਰਤ ਕਮਾਈ ਕਿਸੇ ਵਿਹਲੜ ਨੂੰ ਦੇਣਾ ਦਾਨ ਨਹੀਂ, ਸਗੋਂ ਵਿਹਲੜਾਂ ਵਾਸਤੇ ਐਸ਼-ਪ੍ਰਸਤੀ ਦਾ ਸਾਧਨ ਬਣੇਗੀ :

ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ *(ਆਸਾ ਮਹਲਾ ੧, ਪੰਨਾ 419)*

ਸਿੱਖ ਨੂੰ ਯਤਨਸ਼ੀਲ ਹੋਣਾ ਚਾਹੀਦਾ ਹੈ ਕਿ ਲੋੜਵੰਦ ਵਾਸਤੇ ਭੋਜਨ, ਕੱਪੜੇ, ਦਵਾਈ, ਦਾਰੂ ਦਾ ਪ੍ਰਬੰਧ ਕਰਨ 'ਚ ਆਪਣਾ ਯੋਗਦਾਨ ਪਾਵੇ। ਲੋੜਵੰਦ ਵਿਦਿਆਰਥੀਆਂ ਦੀਆਂ ਫ਼ੀਸਾਂ, ਪੁਸਤਕਾਂ, ਕੱਪੜੇ ਦੇ ਰੂਪ 'ਚ ਸਹਾਇਤਾ ਕਰਨੀ ਸਮਾਜਿਕ ਉੱਨਤੀ 'ਚ ਲਾਹੇਵੰਦ ਹੋਵੇਗੀ। ਗੁਰਮਤਿ ਵਿਚ ਧਰਮ ਅਰਥ, ਲੋਕ ਕਲਿਆਣਕਾਰੀ ਕਾਰਜਾਂ, ਲੋੜਵੰਦਾਂ ਦੀ ਮਦਦ, ਮਾਨਸਿਕ ਸੰਤੁਸ਼ਟੀ ਵਾਸਤੇ ਸੰਗਤ-ਪੰਗਤ ਗੁਰਦੁਆਰੇ 'ਚ ਸੇਵਾ, ਪਿੰਗਲਵਾੜੇ ਤੇ ਯਤੀਮਖ਼ਾਨੇ ਦੀ ਸੰਸਥਾ 'ਚ ਆਪਣੇ ਵਿੱਤ ਅਨੁਸਾਰ ਯੋਗਦਾਨ ਪਾਉਣਾ ਸੇਵਾ ਹੀ ਦਾਨ ਹੈ। ਅਸਲ 'ਚ ਦਾਨ ਕਰਨ ਨਾਲ ਮਨੁੱਖ ਦੀ ਬਿਰਤੀ ਹੰਕਾਰੀ ਹੁੰਦੀ ਹੈ ਜਦ ਕਿ ਸੇਵਾ ਕਰ ਕੇ ਸੇਵਕ ਦੀ ਉਪਾਧੀ ਤੇ ਸਵੈਮਾਣ ਦੀ ਪ੍ਰਾਪਤੀ ਹੁੰਦੀ ਹੈ :

ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇਕੈ ਭਲਾ ਮਨਾਵੈ।
(ਭਾਈ ਗੁਰਦਾਸ ਜੀ, ਵਾਰ 6, ਪਉੜੀ 12)

'ਦਸਵੰਧ' ਸ਼ਬਦ ਦਾ ਅਰਥ ਹੈ ਦਸਵਾਂ ਹਿੱਸਾ। 'ਦਸਵੰਧ' ਸ਼ਬਦ ਪਾਵਨ ਗੁਰਬਾਣੀ ਤੇ ਭਾਈ ਗੁਰਦਾਸ ਜੀ ਦੀ ਰਚਨਾ ਵਿਚ ਨਹੀਂ ਮਿਲਦਾ। ਦਸਵੰਧ ਅਸਲ 'ਚ ਆਪਣੀ ਕਿਰਤ ਕਮਾਈ ਦੀ ਬਚਤ 'ਚੋਂ ਦਸਵਾਂ ਹਿੱਸਾ ਲੋਕ ਕਲਿਆਣਕਾਰੀ ਕਾਰਜਾਂ, ਸੇਵਾ ਹਿੱਤ ਖ਼ਰਚ ਨੂੰ ਕਿਹਾ ਗਿਆ ਹੈ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* 'ਚ ਜ਼ਿਕਰ ਹੈ :

ਜੋ ਅਪਨੀ ਕਛੁ ਕਰਹੁ ਕਮਾਈ।
ਗੁਰ ਹਿਤ ਦਿਹੁ ਦਸਵੰਧ ਬਨਾਈ।

'ਦਸਵੰਧ' ਸ਼ਬਦ ਦਾ ਆਧਾਰ ਦਸੌਂਧ ਹੈ, ਜਿਸ ਦਾ ਅਰਥ ਹੈ ਦਸ਼ਮਾਸ਼, ਦਸਵਾਂ ਭਾਗ, ਦਸਵਾਂ ਹਿੱਸਾ, ਕਿਰਤ ਕਮਾਈ ਦੀ ਬਚਤ ਵਿੱਚੋਂ ਦਸਵਾਂ ਹਿੱਸਾ, ਕਰਤਾਰ ਅਰਥ ਦੇਣਾ ਸਿੱਖ ਧਰਮ 'ਚ ਮੰਨਿਆ ਗਿਆ :

ਦਸ ਨਖ ਕਰ ਜੋ ਕਾਰ ਕਮਾਵੈ, ਤਾਂ ਕਰ ਜੋ ਧਨ ਘਰ ਮੈ ਆਵੈ।
ਤਿਸ ਤੇ ਗੁਰੁ ਦਸੌਂਧ ਜੋ ਦੇਈ, ਸਿੰਘ ਸੁਯਸ ਬਹੁ ਜਗ ਮਹਿ ਲੇਈ।
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਮੁਸਲਮਾਨਾਂ 'ਚ ਜ਼ਕਾਤ ਦੇਣ ਦਾ ਵਿਧਾਨ ਹੈ। ਈਸਾਈ ਧਰਮ 'ਚ ਵੀ ਦਸੌਂਧ ਦੇਣ ਦੀ ਰੀਤ ਪ੍ਰਚੱਲਿਤ ਹੈ। ਹਿੰਦੂ ਰੀਤੀ ਅਨੁਸਾਰ ਗ੍ਰਿਹਸਥੀਆਂ ਨੂੰ ਕੁਲ ਆਮਦਨੀ ਵਿੱਚੋਂ ਦੇਵਤਿਆਂ ਅਰਥ ਇੱਕੀਵਾਂ ਹਿੱਸਾ ਤੇ ਬ੍ਰਾਹਮਣ ਗ੍ਰਿਹਸਥੀ ਤੀਹਵਾਂ ਹਿੱਸਾ ਦੇਵੇ ਪਰ ਇਹ ਤਾਂ ਮਨੁੱਖਤਾ ਵਿਚ ਵੰਡੀ ਪਾਉਣ ਵਾਲੀ ਗੱਲ ਹੈ, ਜਿਸ ਨੂੰ ਗੁਰਮਤਿ ਪ੍ਰਵਾਨ ਨਹੀਂ ਕਰਦੀ। ਜਿਵੇਂ ਅਸੀਂ ਆਰੰਭ 'ਚ ਜ਼ਿਕਰ ਕੀਤਾ ਹੈ ਕਿ ਦਾਨ-ਦਸਵੰਧ ਦੇਣ ਵਾਲਾ ਵਿਵੇਕਸ਼ੀਲ, ਗਿਆਨਵਾਨ ਭਾਵ ਦਾਨਿਸ਼ਮੰਦ ਹੋਣਾ ਜ਼ਰੂਰੀ ਹੈ, ਨਹੀਂ ਤਾਂ ਤੁਹਾਡੀ ਦਸਾਂ ਨਹੁੰਆਂ ਦੀ ਕੀਤੀ ਕਮਾਈ, ਤੁਹਾਡੇ ਪਾਸੋਂ ਦਾਨ ਤੇ ਦਸਵੰਧ ਦੇ ਨਾਂ 'ਤੇ ਕੋਈ ਭੇਖੀ-ਅਡੰਬਰੀ ਲੁੱਟ ਸਕਦਾ ਹੈ। ਸਪੱਸ਼ਟ ਹੈ ਕਿਰਤ ਕਮਾਈ ਦਾ ਹਿੱਸਾ ਧਰਮ ਅਰਥ ਦੇਵੇ ਪਰ ਪਾਪ ਦੀ ਕਮਾਈ ਦਾ ਨਹੀਂ, ਪਾਪ ਦੀ ਕਮਾਈ ਵੰਡੋਗੇ ਤਾਂ ਪਾਪ ਹੀ ਵਧੇਗਾ।

ਭਲੇ ਕਰਮ ਕਰਨ ਵਾਸਤੇ ਸਾਨੂੰ ਕਿਰਤ-ਕਮਾਈ, ਧਨ-ਦੌਲਤ ਦਾ ਹੀ ਨਹੀਂ, ਸਗੋਂ ਸਮੇਂ ਦਾ ਦਸਵੰਧ ਵੀ ਕੱਢਣਾ ਚਾਹੀਦਾ ਹੈ। ਇਸ ਦਸਵੰਧ ਦੇ ਸਮੇਂ ਤੁਸੀਂ ਬੰਦਗੀ, ਹੱਥੀਂ ਸੇਵਾ, ਗੁਰਬਾਣੀ ਪਾਠ-ਵਿਚਾਰ, ਧਾਰਮਿਕ, ਨੈਤਿਕ ਕਦਰਾਂ-ਕੀਮਤਾਂ ਬਾਰੇ ਵੀਚਾਰ ਤੇ ਅਮਲ ਕਰ ਸਕਦੇ ਹੋ। ਕੁਝ ਇਤਿਹਾਸਕਾਰ ਜਿਵੇਂ ਇੰਦੂ ਭੂਸ਼ਨ ਬੈਨਰਜੀ, ਦਸਵੰਧ ਨੂੰ ਦਾਨ ਦਾ ਵਿਕਸਿਤ ਰੂਪ ਮੰਨਦੇ ਹਨ। ਵੈਦਿਕ ਰੀਤੀ ਅਨੁਸਾਰ ਦਾਨ ਦਾ ਜੋ ਸੰਕਲਪ ਹੈ, ਉਸ ਦੀ ਗੁਰਮਤਿ 'ਚ ਕੋਈ ਥਾਂ ਨਹੀਂ। ਜਿਵੇਂ ਅਸੀਂ ਪਹਿਲਾਂ ਜ਼ਿਕਰ ਕੀਤਾ ਕਿ ਗੁਰਮਤਿ 'ਚ ਦਾਨ ਤੋਂ ਭਾਵ ਸੇਵਾ ਹੈ, ਜੋ ਸਿੱਖ ਨੇ ਆਪਣੀ ਕਿਰਤ ਕਮਾਈ 'ਚੋਂ ਲੋੜਵੰਦਾਂ ਦੀ ਮਦਦ ਕਰਕੇ ਕਰਨੀ ਹੈ।

ਦਸਵੰਧ ਦੀ ਸੰਸਥਾ ਦਾ ਮੁੱਢਲਾ ਰੂਪ ਗੁਰੂ ਰਾਮਦਾਸ ਜੀ ਦੇ ਸਮੇਂ ਸਨਮੁਖ ਹੁੰਦਾ ਹੈ। ਮਸੰਦ ਲੋਕ, ਦਸਵੰਧ ਦੀ ਰਕਮ ਗੁਰੂ ਘਰ - ਸੰਗਤੀ ਕਾਰਜ ਵਾਸਤੇ ਇਕੱਤਰ ਕਰ ਕੇ ਗੁਰੂ ਦਰਬਾਰ ਭੇਟ ਕਰਦੇ ਸਨ। ਆਮ ਕਰਕੇ ਗੁਰੂ-ਘਰ ਵੱਲੋਂ ਥਾਪੇ ਗਏ ਮਸੰਦ ਗੁਰਸਿੱਖਾਂ ਦੀ ਕਾਰ-ਭੇਟਾ ਦਸਵੰਧ ਰੂਪ ਵਿਚ ਵਿਸਾਖੀ ਜਾਂ ਦੀਵਾਲੀ ਸਮੇਂ ਗੁਰੂ-ਘਰ ਭੇਟ ਕਰਦੇ। ਦਸਵੰਧ ਦਾ ਸਿੱਖਾਂ 'ਚ ਕੋਈ ਨਿਸਚਿਤ ਵਿਧਾਨ ਨਹੀਂ, ਸਗੋਂ ਗੁਰਸਿੱਖ ਆਪਣੀ ਸ਼ਕਤੀ-ਸਮਰੱਥਾ ਅਨੁਸਾਰ ਧਨ-ਦੌਲਤ, ਸੋਨਾ, ਚਾਂਦੀ, ਘੋੜੇ ਤੇ ਹਥਿਆਰ ਭੇਟ ਕਰ ਕੇ ਗੁਰੂ ਕਿਰਪਾ ਦੇ ਪਾਤਰ ਬਣਦੇ :

> **ਦਸਵੰਧ ਗੁਰੂ ਨਹੀਂ ਦੇਵਹੀ ਝੂਠ ਬੋਲਿ ਜੋ ਖਾਇ।**
> **ਕਹਿ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੁ ਨ ਬਿਸਾਹੁ ॥੧੪॥**

(ਤਨਖ਼ਾਹਨਾਮਾ ਭਾਈ ਨੰਦ ਲਾਲ ਜੀ)

> **ਦੇਹੁ ਦਸਵੰਧ ਗੁਰ ਹਿਤ ਸਦਾ, ਦਾਰਿਦ ਸਦਨ ਹੋਹਿ ਨਹਿ ਕਦਾ।**

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਸਿੱਖ ਧਰਮ ਤੋਂ ਪਹਿਲਾਂ ਧਰਮਾਂ 'ਚ ਅੱਖਾਂ ਮੀਟ ਕੇ ਵਿਸ਼ਵਾਸ ਕਰਨ ਲਈ ਕਿਹਾ ਜਾਂਦਾ ਸੀ ਅਤੇ ਧਰਮ ਤੇ ਦਾਨਸ਼ਮੰਦੀ ਦਾ ਵਿਰੋਧ ਰਿਹਾ ਹੈ ਪਰ ਗੁਰਮਤਿ ਵਿਚ ਤਾਂ ਮੰਗ ਹੀ ਇਹ ਕੀਤੀ ਜਾਂਦੀ ਹੈ:

ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ਰਹਾਉ॥
(ਸੋਰਠਿ ਮਹਲਾ ੫, ਪੰਨਾ 641)

ਦਾਨਸ਼ਮੰਦ-ਅਕਲਮੰਦ ਉਹ ਹੈ ਜੋ ਆਪਣੇ ਮਨ ਨੂੰ ਗੁਰਮਤਿ ਵੀਚਾਰ ਰਾਹੀਂ ਸਾਫ਼ ਕਰਦਾ ਹੈ ਅਤੇ ਨਿੱਤ ਅਰਦਾਸ ਕਰਦਾ ਹੈ ਕਿ ਸਤਿਗੁਰੂ ਬਿਬੇਕ ਬੁੱਧੀ ਦੀ ਬਖ਼ਸ਼ਿਸ਼ ਕਰੇ :

ਦਾਨਸਬੰਦੁ ਸੋਈ ਦਿਲਿ ਧੋਵੈ॥ *(ਧਨਾਸਰੀ ਮਹਲਾ ੧, ਪੰਨਾ 662)*

ਕਾਜੀ ਮੁਲਾਂ ਮਉਲਵੀ ਮੁਫਤੀ ਦਾਨਸਵੰਦ ਬੰਦੇਰੇ।
(ਭਾਈ ਗੁਰਦਾਸ ਜੀ, ਵਾਰ 40, ਪਉੜੀ 8)

ਦਾਨਸ਼ਮੰਦ, ਅਕਲਮੰਦ, ਸਿਆਣੇ, ਸੂਝਵਾਨ, ਬੁੱਧੀਮਾਨ, ਅਕਲ ਵਾਲੇ ਦੀ ਅਤੇ ਗਿਆਨੀ ਜੀਵ ਦੀ ਗੁਰਬਾਣੀ 'ਚ ਬਹੁਤ ਸਿਫ਼ਤ ਕੀਤੀ ਗਈ ਹੈ, ਪਰ ਅਕਲ ਵਿਹੂਣੇ ਬਾਰੇ ਕੀ ਕਿਹਾ ਜਾਵੇ :

ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ॥
(ਗਉੜੀ ਮਹਲਾ ੧, ਪੰਨਾ 229)

ਗੁਰੂ ਨਾਨਕ ਸਾਹਿਬ ਦਾ ਕਥਨ ਹੈ ਕਿ ਉਨ੍ਹਾਂ ਨੂੰ ਕੀ ਕਿਹਾ ਜਾ ਸਕਦਾ ਹੈ, ਜੋ ਅਕਲ, ਸਿਆਣਪ ਤੋਂ ਵਿਹੂਣੇ ਹਨ। ਸਿਆਣਪ ਸੂਝ-ਸਮਝ ਨਾਲ ਹੀ ਸਾਹਿਬ-ਮਾਲਕ ਨੂੰ ਸਿਮਰਿਆ ਜਾ ਸਕਦਾ ਹੈ ਤੇ ਅਕਲ ਨਾਲ ਅਕਾਲ ਦੇ ਪੁਜਾਰੀ ਬਣ ਮਾਣ-ਸਤਿਕਾਰ ਪ੍ਰਾਪਤ ਹੁੰਦਾ ਹੈ। ਗੁਰੂ ਤੋਂ ਬਖ਼ਸ਼ਿਸ਼ ਹੋਈ ਬਿਬੇਕ-ਬੁੱਧੀ, ਗਿਆਨ ਰੂਪੀ ਸੁਰਮਾ ਹੀ ਸੰਸਾਰਕ ਵਹਿਮਾਂ-ਭਰਮਾਂ, ਭੁਲੇਖਿਆਂ ਤੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰ ਸਕਦਾ ਹੈ :

ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ॥ *(ਆਸਾ ਮਹਲਾ ੫, ਪੰਨਾ 456)*

ਗੁਰੂ ਸਾਹਿਬਾਨ ਤਾਂ ਸਮਕਾਲੀ ਧਾਰਮਿਕ-ਸਮਾਜਿਕ ਢਾਂਚੇ 'ਤੇ ਕਰਾਰੀ ਚੋਟ ਕਰਦੇ ਹੋਏ ਸਾਨੂੰ ਸਭ ਨੂੰ ਸਮਝਾਉਂਦੇ ਹਨ ਕਿ ਬਿਬੇਕ ਬੁਧੀ, ਗਿਆਨਵਾਨ ਹੋਣ ਤੋਂ ਬਿਨਾਂ ਤਾਂ ਇਸ ਤਰ੍ਹਾਂ ਹੈ ਕਿ ਜਿਵੇਂ ਪੰਡਿਤ, ਪ੍ਰੋਹਿਤ, ਵਿਆਖਿਆਕਾਰ, ਪਰਮਾਤਮਾ ਦੇ ਗੁਣ ਗਾ ਕੇ ਦੂਸਰਿਆਂ ਨੂੰ ਧਰਮ-ਕਰਮ ਵੱਲ ਲਾ ਰਹੇ ਹਨ, ਇਹ ਦਾਨਸ਼ਮੰਦ ਲੋਕ ਨਹੀਂ, ਇਹ ਤਾਂ ਧਰਮ ਦੇ ਨਾਂ 'ਤੇ ਧੋਖਾ ਕਰ ਰਹੇ ਹਨ। ਪੇਟ ਦੀ ਭੁੱਖ ਖ਼ਾਤਰ, ਆਪਣੀਆਂ ਸੰਸਾਰਕ ਲੋੜਾਂ ਨੂੰ ਪੂਰਿਆਂ ਕਰਨ ਵਾਸਤੇ ਇਨ੍ਹਾਂ ਨੇ ਘਰਾਂ 'ਚ ਧਰਮ ਮੰਦਰ ਉਸਾਰ ਲਏ ਹਨ ਤਾਂ ਕਿ ਪੂਜਾ ਦਾ ਧਨ ਇਕੱਤਰ ਹੋ ਸਕੇ :

ਗਿਆਨ ਵਿਹੂਣਾ ਗਾਵੈ ਗੀਤ॥
ਭੁਖੇ ਮੁਲਾਂ ਘਰੇ ਮਸੀਤਿ॥ *(ਵਾਰ ਸਾਰੰਗ, ਮਹਲਾ ੧, ਪੰਨਾ 1245)*

ਗਿਆਨੀ ਮਨੁੱਖ ਵੱਲੋਂ ਵਿਖਾਵੇ ਦਾ 'ਗਿਆਨੀ' ਨਹੀਂ ਹੋਣਾ ਚਾਹੀਦਾ, ਸਗੋਂ ਉਸ ਨੂੰ ਹਰ ਸਮੇਂ ਸੁਚੇਤ ਰਹਿਣਾ ਚਾਹੀਦਾ ਹੈ ਤਾਂ ਹੀ ਉਸ ਨੂੰ ਭਲੇ-ਬੁਰੇ,

ਚੰਗੇ-ਮਾੜੇ ਕਰਮ ਦੀ ਪਹਿਚਾਣ ਹੁੰਦੀ ਹੈ। ਅਗਿਆਨੀ ਮਨੁੱਖ ਹੀ ਦੂਸਰਿਆਂ ਦੇ ਪਿੱਛੇ ਲੱਗ ਕੇ ਆਪਣੇ ਧਨ-ਦੌਲਤ ਤੇ ਸਮੇਂ ਦੀ ਬਰਬਾਦੀ ਕਰਦਾ ਹੈ:

ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ॥

(ਵਾਰ ਬਿਹਾਗੜੇ ਕੀ, ਮਹਲਾ ੩, ਪੰਨਾ 556)

ਸਿਆਣਪ ਨਾਲ ਹੀ ਮਾਨਵ ਸਿੱਖ ਧਰਮ ਧਾਰਨ ਕਰਦਾ ਹੈ, ਅਕਲ ਨਾਲ ਹੀ ਪੂਜਾ-ਉਪਾਸ਼ਨਾ, ਸੇਵਾ ਕਰਦਾ ਹੈ। ਬਾਕੀ ਗੱਲਾਂ ਸਭ ਵਿਅਰਥ ਹਨ, ਇਹ ਅਸਲ ਮਾਰਗ ਹੈ ਕਿ ਸਿਆਣਪ ਦਾ ਪੱਲਾ ਪਕੜਨਾ ਚਾਹੀਦਾ ਹੈ। ਹਰ ਗੁਰਸਿੱਖ ਨੂੰ ਗਿਆਨ ਪ੍ਰਾਪਤ ਕਰ ਕੇ ਦਾਨਸ਼ਮੰਦ ਬਣਨਾ ਚਾਹੀਦਾ ਹੈ। ਦਾਨਸ਼ਮੰਦ ਹੀ ਧਰਮ ਦੇ ਜਜ਼ਬੇ, ਭਾਵਨਾ ਤੇ ਵਿਚਾਰਧਾਰਾ ਤੇ ਦਰਸ਼ਨ ਨੂੰ ਸਮਝ ਕੇ, ਗੁਰਸਿੱਖੀ ਦੀ ਖ਼ੁਸ਼ਬੋਈ ਨੂੰ ਹੋਰਨਾਂ 'ਚ ਬਖੇਰ-ਵੰਡ ਸਕਦਾ ਹੈ। ਗੁਰੂ ਨਾਨਕ ਸਾਹਿਬ ਦਾ ਸਿੱਖ ਅਸਲ 'ਚ ਅਕਲਮੰਦ-ਦਾਨਸ਼ਮੰਦ ਹੈ ਜੋ ਦਿਲ ਤੇ ਦਿਮਾਗ਼ ਤੋਂ ਕੰਮ ਲੈਂਦਾ ਹੈ। ਸਿੱਖ ਵਿਚ ਜਜ਼ਬਾ ਵੀ ਹੈ ਤੇ ਵੀਚਾਰ ਵੀ। ਵੀਚਾਰ ਤੋਂ ਵਿਹੂਣੇ ਮਨੁੱਖ ਨਿਰੇ ਜਜ਼ਬੇ ਅਧੀਨ ਅੰਧ-ਵਿਸ਼ਵਾਸੀ ਹੋ ਜਾਣਗੇ। ਅੰਧ-ਵਿਸ਼ਵਾਸੀ, ਵਹਿਮਾਂ, ਭਰਮਾਂ, ਪਾਖੰਡਾਂ ਦਿਖਾਵੇ ਦੇ ਸ਼ਿਕਾਰ ਹੋ ਜਾਣਗੇ, ਜਿਨ੍ਹਾਂ ਦੀ ਗੁਰਮਤਿ 'ਚ ਕੋਈ ਥਾਂ ਨਹੀਂ।

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥੧॥

(ਵਾਰ ਸਾਰੰਗ, ਮਹਲਾ ੧, ਪੰਨਾ 1245)

ਭਾਈ ਗੁਰਦਾਸ ਜੀ ਨੇ ਬਿਬੇਕ ਬੁੱਧੀ, ਦਾਨਸ਼ਮੰਦ, ਅਕਲਮੰਦੀ ਦੀ ਪ੍ਰਾਪਤੀ ਨੂੰ ਸਰਵੋਤਮ ਮੰਨਦਿਆਂ ਸਪੱਸ਼ਟ ਕਰ ਦਿੱਤਾ ਕਿ ਦਾਨ ਕਰ ਕੇ ਜੇਕਰ ਸੌ ਮੰਦਰ ਵੀ ਸੋਨੇ ਦੇ ਉਸਾਰ ਕੇ ਦਾਨ 'ਚ ਦਿੱਤੇ ਜਾਣ ਤਾਂ ਵੀ ਇਹ ਇਤਨਾ ਪੁੰਨ ਕਰਮ ਨਹੀਂ ਬਣਦਾ ਜਿਤਨਾ ਕਿ ਸਿੱਖ ਭਾਵ ਜਗਿਆਸੂ ਨੂੰ ਸ਼ਬਦ ਦੀ ਸੋਝੀ ਕਰਵਾ ਦੇਣੀ। ਅਰਥ-ਭਾਵ ਬਹੁਤ ਸਪੱਸ਼ਟ ਹਨ ਕਿ ਇਕ ਵਿਅਕਤੀ ਦੇ ਜੀਵਨ ਵਿੱਚੋਂ ਅਗਿਆਨਤਾ ਰੂਪੀ ਹਨੇਰੇ ਨੂੰ ਦੂਰ ਕਰ ਕੇ ਗੁਰੂ ਜੋਤਿ ਦੇ ਪ੍ਰਕਾਸ਼ ਨਾਲ ਪ੍ਰਕਾਸ਼ਮਾਨ ਕਰਨਾ, ਸਭ ਤੋਂ ਵੱਡਾ ਪੁੰਨ ਕਰਮ ਸੇਵਾ ਹੈ। ਆਓ! ਇਸ ਮਾਰਗ 'ਤੇ ਚੱਲਣ ਦਾ ਯਤਨ ਕਰੀਏ:

ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,
ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਸੇਵਾ ਦਾ ਸਿੱਖ ਸੰਕਲਪ

ਸੇਵਾ ਸਾਧਨਾ ਦਾ ਮਾਰਗ ਹੈ ਜਿਸ ਦਾ ਮਾਨਵਤਾ ਦੇ ਭਲੇ ਵਿਚ ਵੀ ਵਿਸ਼ੇਸ਼ ਸਥਾਨ ਹੈ। ਹਉਮੈ ਅਗਿਆਨਤਾ ਤੇ ਹੰਕਾਰ ਪੈਦਾ ਕਰਦੀ ਹੈ ਜਦ ਕਿ ਸੇਵਾ ਨਿਮਰਤਾ, ਸਮਰਪਣ, ਸਵੈਮਾਣ ਤੇ ਗਿਆਨ ਪ੍ਰਕਾਸ਼ ਕਰਾਉਂਦੀ ਹੈ। ਪਰ ਸੇਵਾ ਕਰਨੀ ਏਨੀ ਆਸਾਨ ਵੀ ਨਹੀਂ ਜਿਤਨੀ ਅਸੀਂ ਸਮਝੀ ਬੈਠੇ ਹਾਂ। ਬਹੁਤ ਵਾਰ ਅਸੀਂ ਸੇਵਾ ਕਰਨ ਦਾ ਦਿਖਾਵਾ ਕਰਦੇ ਹਾਂ, ਸੇਵਾ ਨਹੀਂ। ਸੇਵਾ ਕਰਨ ਵਾਲੇ ਨੂੰ ਸੇਵਕ ਕਿਹਾ ਗਿਆ ਹੈ। ਸੇਵਕ ਦਾ ਪਰਮਾਤਮਾ ਦੀ ਹੋਂਦ-ਹਸਤੀ 'ਚ ਅਟੁੱਟ ਵਿਸ਼ਵਾਸ ਹੋਣਾ, ਸਤਿ ਸੰਤੋਖ ਦੇ ਧਾਰਨੀ ਹੋਣਾ, ਸੰਸਾਰਕ ਬੰਧਨਾਂ ਤੋਂ ਮੁਕਤ, ਮੰਦੇ ਬੁਰੇ ਕਰਮਾਂ ਤੋਂ ਬਚ ਕੇ, ਧਰਮ ਦੀ ਕਿਰਤ ਕਰ ਕੇ ਕਮਾਉਣ ਦੀ ਬਿਰਤੀ ਦੇ ਧਾਰਨੀ ਹੋਣਾ ਜ਼ਰੂਰੀ ਹੈ। ਫਿਰ ਸਾਹਿਬ ਦੀ ਬਖ਼ਸ਼ਿਸ਼ ਨਾਲ ਸੇਵਕ ਦੀ ਉਪਾਧੀ ਪ੍ਰਾਪਤ ਕਰਦੇ ਹਨ :

ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ ॥
ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥

(ਵਾਰ ਆਸਾ ਮਹਲਾ ੧, ਪੰਨਾ 466-67)

ਧਰਮੀ ਮਨੁੱਖ ਹੀ ਸੇਵਕ ਹੋ ਸਕਦਾ ਹੈ, ਉਸ ਦਾ ਕਿਰਤੀ ਹੋਣਾ ਵੀ ਜ਼ਰੂਰੀ ਹੈ, ਵਿਹਲੜ ਸੇਵਾ ਵੀ ਨਹੀਂ ਕਰ ਸਕਦਾ। ਉਪਰੋਕਤ ਸਦਗੁਣਾਂ ਦੇ ਧਾਰਨੀ ਮਾਨਵ ਸੇਵਕ ਬਣ, ਲੋਕ-ਪਰਲੋਕ 'ਚ ਸਵੈਮਾਣ ਤੇ ਸਤਿਕਾਰ ਦਾ ਅਧਿਕਾਰੀ ਬਣਦਾ ਹੈ। ਭਾਰਤੀ ਧਰਮ ਪਰੰਪਰਾ 'ਚ ਸਿੱਖ ਸੇਵਾ ਦਾ ਸੰਕਲਪ ਤੇ ਸਿਧਾਂਤ ਨਿਰਮਲ-ਵਿਲੱਖਣ ਤੇ ਸਰਵ ਪ੍ਰਵਾਣਿਤ ਹੈ। ਸੇਵਾ ਦੇ ਸਿਧਾਂਤ ਨਾਲ ਮਨੁੱਖੀ ਬਰਾਬਰੀ, ਸਮਾਨਤਾ, ਭਾਈਚਾਰਕ ਏਕਤਾ ਸਿੱਧੇ ਰੂਪ 'ਚ ਜੁੜੀ ਹੋਈ ਹੈ, ਜਦੋਂ ਕਿ ਭਾਰਤੀ ਧਰਮ ਪਰੰਪਰਾ ਜਾਤ-ਪਾਤ, ਵਰਗ-ਵੰਡ, ਛੂਤ-ਛਾਤ ਕਾਰਨ ਮਨੁੱਖ ਨੂੰ ਮਨੁੱਖ ਨਾਲੋਂ ਹਰ ਸਮੇਂ-ਸਥਾਨ 'ਤੇ ਨਿਖੇੜਦੀ ਸੀ। ਬ੍ਰਾਹਮਣ ਸੇਵਾ ਕਰਦਾ ਨਹੀਂ ਸੀ, ਸੇਵਾ ਕਰਾਉਂਦਾ ਸੀ। ਸ਼ੂਦਰ ਦਾ ਧਰਮ ਕੇਵਲ ਪਰਾਈ ਕਿਰਤ ਕਰਨਾ ਸੀ ਤੇ ਖੱਤਰੀ ਬ੍ਰਾਹਮਣ ਪਰਾਈ ਕਿਰਤ 'ਤੇ ਪਲਦੇ ਸਨ :

ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ ॥

(ਵਾਰ ਆਸਾ, ਮਹਲਾ ੨, ਪੰਨਾ 469)

ਬ੍ਰਾਹਮਣੀ ਧਰਮ ਨੇ ਚਾਰ ਵਰਣਾਂ ਨੂੰ ਵੱਖ-ਵੱਖ ਕੰਮ ਵੰਡੇ ਹੋਏ ਸਨ। ਛੱਤ੍ਰੀ

ਦਾ ਕਾਰਜ ਬ੍ਰਾਹਮਣ ਦੀ ਸੇਵਾ ਕਰਨਾ ਸੀ। ਵੈਸ਼, ਛੱਤ੍ਰੀਆਂ ਦੀ ਪੂਜਾ, ਉਪਾਸਨਾ ਤੇ ਸੇਵਾ ਕਰਦੇ। ਸ਼ੂਦਰ ਵਿਚਾਰਾ ਸਾਰਿਆਂ ਦਾ ਹੀ ਸੇਵਾਦਾਰ ਸੀ। ਉਨ੍ਹਾਂ ਸਾਰਿਆਂ ਨੂੰ ਸੇਵਾ 'ਚ ਹਰ ਸਮੇਂ ਹਾਜ਼ਰ ਰਹਿਣਾ ਪੈਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਇਸ ਵਰਗ ਵੰਡ ਨੂੰ ਇਸ ਤਰ੍ਹਾਂ ਰੂਪਮਾਨ ਕਰਦੇ ਹਨ:

ਬਰਨ ਬਰਨ ਅਪਨੀ ਕ੍ਰਿਤ ਲਾਏ॥
ਚਾਰ ਚਾਰ ਹੀ ਬਰਨ ਚਲਾਏ॥
ਛਤ੍ਰੀ ਕਰੈਂ ਬਿੱਪ੍ਰ ਕੀ ਸੇਵਾ॥
ਬੈਸ ਲਖੈ ਛੱਤ੍ਰੀ ਕਹ ਦੇਵਾ॥੮੩੮॥
ਸ਼ੂਦ੍ਰ ਸਭਨ ਕੀ ਸੇਵ ਕਮਾਵੈ॥ *(ਰਾਮਵਤਾਰ, ਪਾ: ੧੦)*

'ਸੇਵਾ' ਸ਼ਬਦ ਗੁਰਬਾਣੀ 'ਚ ਸੇਵ, ਸੇਵਿ ਤੇ ਸੇਵਾ ਸ਼ਬਦ-ਜੋੜਾਂ 'ਚ ਕ੍ਰਮਵਾਰ 136, 120 ਤੇ 422 ਵਾਰ ਆਇਆ ਹੈ। 'ਸੇਵਾ' ਸ਼ਬਦ ਦੇ ਵੱਖ-ਵੱਖ ਸੰਦਰਭਾਂ 'ਚ ਵੱਖ-ਵੱਖ ਅਰਥ ਮਿਲਦੇ ਹਨ ਜਿਵੇਂ ਸੇਵ, ਪਿਆਰ, ਸੁਖ, ਸੇਵਾ ਕਰਨੀ, ਚਾਕਰੀ ਕਰਨਾ, ਭਰੋਸਾ ਰੱਖਣਾ, ਪੂਜਾ ਕਰਨਾ, ਖ਼ਿਦਮਤ, ਉਪਾਸ਼ਨਾ ਆਦਿ ਹੈ। ਸਿੰਧੀ 'ਚ ਸੇਵਾ ਵਾਸਤੇ ਸ਼ਬਦ 'ਸ਼ੇਵ' ਆਇਆ, ਜਿਸ ਦਾ ਅਰਥ ਪੂਜਾ, ਭੇਟਾ ਹੈ। ਇਸ ਤਰ੍ਹਾਂ ਹੀ ਫ਼ਾਰਸੀ 'ਚ ਸ਼ੇਹਵ, ਤਰੀਕਾ, ਕ਼ਾਇਦਾ, ਆਦਤ, ਸੁਭਾਓ, ਭੇਟਾ ਆਦਿ।

ਸੇਵਾ ਤੋਂ ਭਾਵ ਟਹਿਲ, ਖ਼ਿਦਮਤ ਕਰਨਾ, ਪੂਜਾ ਕਰਨਾ, ਸਤਿਕਾਰ ਕਰਨਾ ਹੈ। ਬਿਨਾਂ ਕਿਸੇ ਸੇਵਾ ਫਲ ਤੋਂ ਦੂਸਰਿਆਂ ਦੇ ਭਲੇ ਹਿਤ ਕੀਤਾ ਕਾਰਜ, ਸੇਵਾ ਸਦਵਾ ਸਕਦਾ ਹੈ। ਨਾਨਕ ਨਿਰਮਲ ਪੰਥ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਸੇਵਾ ਕਰਨਾ ਅਖੌਤੀ ਨੀਚ ਜਾਤ ਦੇ ਲੋਕਾਂ ਦਾ ਹੀ ਧਰਮ-ਕਰਮ ਸੀ। ਜਿਸ ਨਾਲ ਸੇਵਾ ਕਰਾਉਣ ਵਾਲਾ ਹਉਮੈ ਹੰਕਾਰ ਦਾ ਧਾਰਨੀ ਹੁੰਦਾ ਤੇ ਕਰਨ ਵਾਲੇ ਨੂੰ ਛੋਟੇ ਹੋਣ ਦਾ ਅਹਿਸਾਸ। ਗੁਰਮਤਿ ਵਿਚਾਰਧਾਰਾ ਨੇ ਇਸ ਵਿਤਕਰੇ-ਵਖਰੇਵੇਂ ਨੂੰ ਸਦਾ ਲਈ ਸਮਾਪਤ ਕਰਦਿਆਂ ਸੇਵਕ ਨੂੰ ਸਿਰਦਾਰ ਹੋਣ ਦਾ ਸਤਿਕਾਰ ਬਖ਼ਸ਼ਿਸ਼ ਕੀਤਾ। ਸਿੱਖ ਵਾਹਿਗੁਰੂ ਨੂੰ ਸਰਬ-ਵਿਆਪੀ ਮੰਨਦਾ ਤੇ ਮਹਿਸੂਸ ਕਰਦਾ ਹੈ। ਇਹੀ ਕਾਰਨ ਹੈ ਕਿ ਸਿੱਖ ਸੇਵਾ ਹਮੇਸ਼ਾ ਸਤਿਗੁਰੂ ਦੀ ਹੀ ਕਰਦਾ ਹੈ। ਦੁਖੀ ਤੇ ਲੋੜਵੰਦ ਮਾਨਵਤਾ ਦੀ ਸੇਵਾ ਕਰਦਿਆਂ ਸਿੱਖ ਰੱਬੀ ਹੁਲਾਸ ਮਹਿਸੂਸ ਕਰਦਾ ਹੈ। ਸਿੱਖੀ 'ਚ ਸੇਵਾ ਤਾਂ ਕਰਤੇ ਨੂੰ ਰੀਝਾਉਣ ਤੇ ਪਾਉਣ ਦੀ ਪ੍ਰਕਿਰਿਆ ਹੈ। ਸੇਵਾ 'ਚ ਵਿਖਾਵੇ ਨੂੰ ਕੋਈ ਥਾਂ ਨਹੀਂ, ਇਹ ਤਾਂ ਆਪਣੀ ਹੋਂਦ-ਹਸਤੀ ਨੂੰ ਮਿਟਾਉਣ ਦਾ ਦੂਸਰਾ ਨਾਂ ਹੈ:

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥ *(ਵਾਰ ਆਸਾ, ਮ: ੨, ਪੰਨਾ 474)*

ਭਗਤ ਕਬੀਰ ਜੀ ਦਾ ਕਥਨ ਹੈ, ਸੇਵਾ ਸਿਮਰਨ ਦੋ ਅਲੱਗ-ਅਲੱਗ ਸ਼ਬਦ ਤੇ ਸੰਕਲਪ ਹਨ ਪਰ ਇਨ੍ਹਾਂ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ। ਸੇਵਕ ਹੀ ਸਿਮਰਨ ਕਰਦਾ ਹੈ ਤੇ ਸਿਮਰਨ ਕਰਨ ਵਾਲਾ ਹੀ ਸੇਵਾ ਕਰ ਸਕਦਾ ਹੈ। ਬਿਨਾਂ ਕਿਸੇ ਉਜਰਤ ਇਵਜ਼ਾਨੇ ਦੇ ਸਮਾਜ ਭਲਾਈ ਲਈ ਕੀਤਾ ਕਾਰਜ ਸੇਵਾ ਹੈ। ਸੰਨਿਆਸੀ, ਜੋਗੀ, ਵੈਰਾਗੀ, ਵਿਹਲੜ, ਅਖੌਤੀ ਸਾਧ ਆਦਿ ਕਿਰਤ ਕਰਨ 'ਚ ਵਿਸ਼ਵਾਸ ਨਹੀਂ ਰੱਖਦੇ

ਤੇ ਉਹ ਦੂਸਰਿਆਂ ਦੀ ਕਿਰਤ 'ਤੇ ਪਲਦੇ ਹਨ। ਉਹ ਭਜਨ ਬੰਦਗੀ ਨੂੰ ਹੀ ਕਿਰਤ ਮੰਨਦੇ ਹਨ ਤੇ ਜੀਵਨ ਜੀਉਣ ਲਈ ਦੂਸਰਿਆਂ 'ਤੇ ਨਿਰਭਰ ਹਨ। ਭਗਤੀ ਲਹਿਰ ਨੇ ਇਸ ਵਿਚ ਤਬਦੀਲੀ ਲਿਆਂਦੀ :

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥੧੬੪॥

(ਸਲੋਕ ਕਬੀਰ ਜੀ, ਪੰਨਾ 1373)

ਗੁਰੂ ਨਾਨਕ ਦੇਵ ਜੀ ਨੇ ਤਾਕੀਦ ਕਰ ਦਿੱਤੀ :

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥ *(ਸਿਰੀਰਾਗੁ ਮਹਲਾ ੧, ਪੰਨਾ 26)*

ਸੇਵਾ ਕਰ ਕੇ ਸੇਵਾ ਤੇ ਸਿਮਰਨ ਦੇ ਰੂਪ 'ਚ ਐਸਾ ਬੀਜ, ਬੀਜਿਆ ਜਾ ਸਕਦਾ ਹੈ ਜੋ ਸਦ ਹਰਿਆ ਭਰਿਆ ਹੁੰਦਾ ਹੈ, ਜਿਸ ਨੂੰ ਬਾਰ੍ਹਾਂ ਮਹੀਨੇ ਹੀ ਫੁੱਲ-ਫਲ ਲੱਗਦੇ ਹਨ। ਇਹ ਇਕ ਐਸਾ ਪੌਦਾ ਹੈ ਜਿਸ ਦੀ ਠੰਡੀ ਸੀਤਲ ਛਾਂ ਹੈ, ਸੰਘਣੇ ਫਲ ਹਨ ਤੇ ਪੰਛੀ ਇਸ 'ਤੇ ਕਲੋਲਾਂ ਕਰਦੇ ਹਨ। ਸੇਵਕ ਦਾ ਜੀਵਨ-ਦਰਸ਼ਨ ਬਹੁਤ ਪਵਿੱਤਰ ਹੁੰਦਾ ਹੈ, ਜਿਸ 'ਤੇ ਮਾਨਵ ਸਮਾਜ ਮਾਣ ਕਰਦਾ ਹੈ, ਕਰਦਾ ਰਹੇਗਾ। ਭਗਤ ਕਬੀਰ ਜੀ ਦਾ ਕਥਨ ਹੈ :

ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ ॥
ਸੀਤਲ ਛਾਇਆ ਗਹਿਰ ਫਲ ਪੰਖੀ ਕੇਲ ਕਰੰਤ ॥

(ਸਲੋਕ ਕਬੀਰ ਜੀ, ਪੰਨਾ 1376)

ਸੇਵਾ ਦੀ ਸ਼ਕਤੀ ਨੇ ਸਮਾਜਿਕ ਧਾਰਮਿਕ ਨਾ ਬਰਾਬਰੀ, ਵਰਣ, ਵਰਗ-ਵੰਡ, ਅਮੀਰ-ਗ਼ਰੀਬ ਦੇ ਪਾੜੇ, ਛੂਤ-ਛਾਤ ਦੀ ਬਿਮਾਰੀ ਨੂੰ ਜੜ੍ਹੋਂ ਉਖੇੜ ਕੇ ਇਕ ਪੰਗਤ 'ਚ ਬਿਠਾ ਦਿੱਤਾ। ਸੰਗਤ-ਪੰਗਤ, ਗੁਰੂ ਕੇ ਲੰਗਰ 'ਚ ਸੇਵਾ ਕਰਨ ਨਾਲ ਮਾਨਵ ਆਪਣੇ ਨਿਜਤਵ ਨੂੰ ਮਾਰ ਕੇ, ਗੁਰੂ ਨੂੰ ਸਮਰਪਿਤ ਹੋ ਜਾਂਦਾ ਹੈ। ਸੇਵਾ ਹੀ ਇਕ ਸਾਧਨਾ, ਸ਼ਕਤੀ ਹੈ ਜੋ ਖ਼ਾਲਕ ਤੇ ਖ਼ਲਕਤ ਦੀ ਦੂਰੀ ਨੂੰ ਮਿਟਾ ਕੇ ਇਕ ਤਲ 'ਤੇ ਲੈ ਆਉਂਦੀ ਹੈ। ਸੇਵਾ ਸਫਲ ਉਹ ਹੈ ਜਿਸ ਵਿਚ ਸੇਵਕ ਦਿਖਾਈ ਨਾ ਦੇਵੇ। ਸੇਵਾ 'ਚੋਂ ਨਿਜਤਵ ਤੇ ਹੰਕਾਰ ਮਨਫ਼ੀ ਹੈ। ਆਪਣੀ ਹੋਂਦ-ਹਸਤੀ ਤੇ ਪਹਿਚਾਣ ਨੂੰ ਮਿਟਾ ਕੇ ਕੀਤੀ ਸੇਵਾ ਸਫਲ ਤੇ ਸੰਪੂਰਨ ਹੁੰਦੀ ਹੈ।

ਸਿੱਖ ਧਰਮ ਵਿਸ਼ਵ ਦਾ ਆਧੁਨਿਕ ਧਰਮ ਹੈ, ਜਿਸ ਵਿਚ ਅਕਾਲ ਪੁਰਖ ਨੂੰ ਸਵੀਕਾਰਨ, ਮੰਨਣ ਅਤੇ ਜਪਣ ਦਾ ਉਪਦੇਸ਼ ਦ੍ਰਿੜ ਕਰਵਾਇਆ ਗਿਆ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਪ੍ਰਭੂ-ਪਰਮਾਤਮਾ ਨੂੰ ਪਾਉਣ-ਰੀਝਾਉਣ ਦਾ ਢੰਗ-ਤਰੀਕਾ ਸੇਵਾ ਅਤੇ ਸਿਮਰਨ ਹੈ। ਸੇਵਾ ਪ੍ਰਭੂ-ਭਗਤੀ ਦਾ ਨਿਰਮਲ-ਨਿਸ਼ਕਾਮ ਸਾਧਨ ਹੈ। ਸੇਵਾ ਕਰਨ ਵਾਲਾ ਮਨੁੱਖ ਕੇਵਲ ਆਪਾ ਹੀ ਨਹੀਂ ਸਵਾਰਦਾ, ਸਗੋਂ ਸਮਾਜ ਅਤੇ ਮਾਨਵਤਾ ਵਾਸਤੇ ਸਦਉਪਯੋਗੀ ਘਾਲਣਾ ਘਾਲਦਾ ਹੈ। ਸੇਵਾ, ਦੀਰਘ ਰੋਗ ਹਉਮੈ ਦੀ ਸਫਲ ਤੇ ਸਸਤੀ ਦਵਾਈ ਹੈ। ਪਰ ਮਨੁੱਖ ਨੂੰ ਸੇਵਾ ਕਰਦਿਆਂ ਸੇਵਕ ਹੋਣ ਦੀ

ਹਉਮੈ ਨਾ ਹੋ ਜਾਵੇ, ਇਸ ਵਾਸਤੇ ਗੁਰਮਤਿ ਸੇਵਕ ਵਾਸਤੇ ਸਤਿ, ਸੰਤੋਖ, ਸੰਜਮ, ਸਹਿਜ, ਸਿਦਕ, ਸਦਾਚਾਰ ਤੇ ਤਿਆਗ ਦੇ ਸਦਗੁਣਾਂ ਦਾ ਧਾਰਨੀ ਹੋਣਾ ਜ਼ਰੂਰੀ ਸਵੀਕਾਰਦੀ ਹੈ। ਸੇਵਕ ਵਾਸਤੇ ਕਰਤੇ ਦੇ ਭਉ ਵਿਚ ਕਿਰਤੀ ਤੇ ਉੱਚ-ਆਚਰਣ ਦਾ ਧਾਰਨੀ ਹੋਣਾ ਜ਼ਰੂਰੀ ਹੈ, ਨਹੀਂ ਤਾਂ ਸੇਵਾ ਕੇਵਲ ਵਿਖਾਵਾ ਤੇ ਭੇਖ ਬਣ ਕੇ ਰਹਿ ਜਾਵੇਗੀ।

ਸੇਵਾ ਦਾ ਕਾਰਜ ਖੇਤਰ ਬਹੁਤ ਵਿਸ਼ਾਲ ਹੈ। ਇਸ਼ਟ ਦੇਵ ਤੋਂ ਲੈ ਕੇ ਕੁਦਰਤ 'ਚ ਵੱਸਣ ਵਾਲੇ ਹਰ ਜੀਵ-ਜੰਤੂ ਦੀ ਸੇਵਾ ਹੋ ਸਕਦੀ ਹੈ। ਸੇਵਾ ਮਨੁੱਖ ਆਪਣੇ ਮਾਤਾ-ਪਿਤਾ, ਗੁਰੂ, ਪਰਿਵਾਰ, ਸਮਾਜ, ਧਰਮ ਦੀ ਕਰ ਸਕਦਾ ਹੈ। ਸੇਵਾ ਕਰਨ ਵਾਲੇ ਦੀ ਦ੍ਰਿਸ਼ਟੀ ਬਹੁਤ ਵਿਸ਼ਾਲ ਤੇ ਭੈ-ਭਾਵਨੀ ਵਾਲੀ ਹੋਣੀ ਚਾਹੀਦੀ ਹੈ। ਸੇਵਕ ਵਾਸਤੇ ਕੋਈ ਦੁਸ਼ਮਣ ਨਹੀਂ, ਸਾਰੀ ਕਾਇਨਾਤ ਹੀ ਉਸ ਦੀ ਦੋਸਤ ਹੈ। ਗੁਰਬਾਣੀ ਸਾਨੂੰ ਸੋਧ ਬਖ਼ਸ਼ਿਸ਼ ਕਰਦੀ ਹੈ:

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥

(ਧਨਾਸਰੀ ਮਹਲਾ ੫, ਪੰਨਾ 671)

ਗੁਰੂ ਰਾਮਦਾਸ ਪਾਤਸ਼ਾਹ ਨੇ ਸਾਨੂੰ ਸਭ ਨੂੰ ਸੇਵਕ ਬਣਨ ਵਾਸਤੇ ਮਾਰਗ ਦਰਸਾਇਆ ਹੈ। ਸੇਵਕ ਸਦਵਾਉਣ ਵਾਸਤੇ ਸਭ ਤੋਂ ਪਹਿਲਾਂ ਮਾਂ-ਬਾਪ ਦਾ ਆਗਿਆਕਾਰੀ ਤੇ ਫਿਰ ਕਰਤਾਰ, ਕਰਤਾ ਪੁਰਖ ਦਾ ਹੁਕਮੀ ਬੰਦਾ ਬਣਨਾ ਹੈ। ਜਿਹੜਾ ਵਿਅਕਤੀ ਆਪਣੇ ਮਾਂ-ਬਾਪ ਦਾ ਕਹਿਣਾ ਨਹੀਂ ਮੰਨੇਗਾ, ਉਹ ਸਮਾਜ 'ਚ ਚੰਗਾ ਸ਼ਹਿਰੀ ਬਣ ਕੇ ਵੀ ਨਹੀਂ ਵਿਚਰ ਸਕੇਗਾ। ਗੁਰਦੇਵ ਪਿਤਾ ਜੀ ਦਾ ਸਾਨੂੰ ਆਦੇਸ਼ ਹੈ ਕਿ ਅਸੀਂ ਆਪਣੇ ਮਾਂ-ਬਾਪ ਦਾ ਸਤਿਕਾਰ ਕਰੀਏ, ਜਿਹਨਾਂ ਨੇ ਸਾਨੂੰ ਪਾਲ ਪੋਸ ਕੇ ਵੱਡਾ ਕੀਤਾ ਹੈ। ਮਾਂ-ਬਾਪ ਨਾਲ ਝਗੜਾ ਕਰਨਾ, ਉਨ੍ਹਾਂ ਦਾ ਕਹਿਣਾ ਨਾ ਮੰਨਣਾ ਪਾਪ ਹੈ:

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥੧॥

(ਸਾਰਗ ਮਹਲਾ ੪, ਪੰਨਾ 1200)

ਮਾਤਾ-ਪਿਤਾ ਦੀ ਸੇਵਾ ਕਰਨ ਬਾਰੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਪਦੇਸ਼ ਹੈ ਕਿ ਮਾਤਾ-ਪਿਤਾ ਦੀ ਆਗਿਆ ਦਾ ਪਾਲਣ, ਟਹਿਲ ਸੇਵਾ ਰੋਜ਼ਾਨਾ ਕਰਨੀ ਚਾਹੀਦੀ ਹੈ:

ਬ੍ਰਿਧ ਮਾਤ ਅਰੁ ਤਾਤ ਕੀ ਸੇਵਾ ਕਰਿਯੋ ਨਿੱਤ॥

(ਚਰਿੱਤ੍ਰ 81, 92-1, ਪੰਨਾ 915)

ਭਾਈ ਗੁਰਦਾਸ ਜੀ ਦਾ ਵੀ ਕਥਨ ਹੈ, ਮਾਂ-ਬਾਪ ਨੂੰ ਛੱਡ ਕੇ ਹੋਰਨਾਂ ਦੀ ਸੇਵਾ ਕਰਨੀ, ਦਾਨ-ਪੁੰਨ ਕਰਨਾ ਸਭ ਵਿਅਰਥ ਹੈ। ਸਗੋਂ ਇਹ ਤਾਂ ਮੂਰਖਤਾ, ਅਗਿਆਨਤਾ ਦਾ ਪ੍ਰਗਟਾਅ ਹੈ:

ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।

(ਵਾਰ 37, ਪਉੜੀ 13)

ਗੁਰੂ ਦੀ ਸੇਵਾ 'ਚ ਗੁਰੂ ਦੀ ਵਿਅਕਤੀਗਤ ਤੇ ਬਾਹਰੀ ਸੇਵਾ ਸ਼ਾਮਲ ਹੈ। ਜਿਵੇਂ ਪੈਰ ਦਬਾਉਣੇ, ਮੁੱਠੀ-ਚਾਪੀ ਕਰਨੀ, ਇਸ਼ਨਾਨ ਕਰਾਉਣਾ, ਪੱਖਾ ਝੱਲਣਾ, ਝਾੜੂ ਦੇਣਾ, ਬਰਤਨ ਸਾਫ਼ ਕਰਨਾ ਆਦਿ ਸ਼ਾਮਲ ਹੈ। ਸੇਵਾ, ਸਿਮਰਨ ਤੇ ਸਮਰਪਿਤ ਭਾਵਨਾ ਨਾਲ ਹੀ ਭਾਈ ਲਹਿਣਾ ਜੀ ਗੁਰੂ ਦੇ ਸਿੱਖ, ਗੁਰੂ ਅੰਗਦ ਦੇਵ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ ਤੇ ਨਾਨਕ ਨਿਰਮਲ ਪੰਥ ਦੀ ਅਗਵਾਈ ਕਰਦੇ ਹਨ। ਭਾਈ ਜੋਧ ਨਾਮੀ ਗੁਰੂ ਦਾ ਸਿੱਖ ਜੋ ਗੁਰੂ ਦਾ ਰਸੋਈਆ ਭਾਵ ਲੰਗਰ 'ਚ ਸੇਵਾ ਕਰਦਾ ਸੀ, ਲਾਂਗਰੀ ਵਜੋਂ ਸੇਵਾ ਕਰਦਿਆਂ ਉਸ ਦਾ ਸੁਭਾਓ ਦੇਵਤੇ ਸਮਾਨ ਬਣ ਗਿਆ ਅਤੇ ਬਿਖਮ ਸੰਸਾਰ ਰੂਪੀ ਭਵਜਲ ਨੂੰ ਸਹਿਜ ਹੀ ਪਾਰ ਕਰ ਗਿਆ। ਸਮਰੱਥ ਸਤਿਗੁਰੂ ਦੀ ਸੇਵਾ ਕਰਨ ਨਾਲ ਸੇਵਕ ਆਪਣਾ ਲੋਕ-ਪਰਲੋਕ ਸਵਾਰ ਸਕਦਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ:

ਜੋਧੁ ਰਸੋਈਆ ਦੇਵਤਾ ਗੁਰ ਸੇਵਾ ਕਰਿ ਦੁਤਰ ਤਾਰੀ।
ਪੂਰੇ ਸਤਿਗੁਰ ਪੈਜ ਸਵਾਰੀ॥੧੫॥ *(ਵਾਰ 11, ਪਉੜੀ 15)*

ਸੰਗਤ-ਪੰਗਤ, ਲੰਗਰ ਗੁਰਦੁਆਰੇ ਰੂਪੀ ਟਕਸਾਲ 'ਚ ਗੁਰਦੇਵ ਨੇ ਆਪਣੇ ਪਿਆਰੇ ਸਿੱਖਾਂ ਨੂੰ ਸੇਵਾ 'ਚ ਲਾ ਕੇ ਉਨ੍ਹਾਂ ਦੀ ਜੀਵਨ ਘਾੜਤ ਘੜ ਸਫਲ ਕਰ ਦਿੱਤੀ:

ਸਾਧ ਸੰਗਤਿ ਕਰਿ ਧਰਮਸਾਲ ਸਿਖ ਸੇਵਾ ਲਾਏ। *(ਵਾਰ 9, ਪਉੜੀ 17)*

ਸੇਵਾ ਦੀ ਸ਼ਕਤੀ-ਸਮਰੱਥਾ ਦਾ ਅੰਦਾਜ਼ਾ ਅਸੀਂ ਸਹਿਜੇ ਹੀ ਸੇਵਕ ਰੂਪ 'ਚ ਵਿਚਰੇ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦੇ ਜੀਵਨ ਦਰਸ਼ਨ ਤੋਂ ਲਗਾ ਸਕਦੇ ਹਾਂ, ਜਦ ਸਿੱਖ-ਸੇਵਕ, ਗੁਰੂ ਰੂਪ ਹੋ ਨਾਨਕ ਨਿਰਮਲ ਪੰਥ ਦੀ ਅਗਵਾਈ ਕਰਨ ਲੱਗੇ। ਸੇਵਕ ਹੀ ਗੁਰੂ 'ਚ ਬੂੰਦ ਵਾਂਗ ਅਭੇਦ ਹੋ, ਸਾਗਰ ਰੂਪ ਹੋ ਜਾਂਦਾ ਹੈ। ਭਾਈ ਗੁਰਦਾਸ ਜੀ ਸਪੱਸ਼ਟ ਕਰਦੇ ਹਨ:

ਅਮਰਹੁ ਗੁਰੁ ਰਾਮਦਾਸੁ ਗੁਰ ਸੇਵਾ ਗੁਰੁ ਹੋਇ ਸਮਾਇਆ।
(ਵਾਰ 26, ਪਉੜੀ 34)

ਸੇਵਾ ਸੰਕਲਪ, ਸਿਧਾਂਤ ਤੇ ਕਾਰਜ ਖੇਤਰ ਬਹੁਤ ਪੁਰਾਣਾ, ਵਿਸ਼ਾਲ ਤੇ ਵਿਕਸਿਤ ਹੈ, ਜਿਸ ਦੀ ਹਰ ਧਰਮ 'ਚ ਵਿਸ਼ੇਸ਼ ਥਾਂ ਹੈ। ਸੇਵਾ ਤਨ, ਮਨ, ਧਨ ਤੇ ਸੁਰਤਿ ਨਾਲ ਵੀ ਕੀਤੀ ਜਾ ਸਕਦੀ ਹੈ ਅਤੇ ਇਸ ਦਾ ਕਾਰਜ ਖੇਤਰ ਨਿੱਜੀ, ਸਮੂਹਿਕ, ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਵੀ ਹੋ ਸਕਦਾ ਹੈ।

ਸਿੱਖ ਰਹਿਤ ਮਰਯਾਦਾ ਅਨੁਸਾਰ ਸੇਵਾ ਸਿੱਖ ਧਰਮ ਦਾ ਇਕ ਉੱਘਾ ਅੰਗ ਹੈ। ਇਸ ਨੂੰ ਨਮੂਨੇ ਮਾਤਰ ਸਿਖਾਉਣ ਲਈ ਗੁਰਦੁਆਰਿਆਂ 'ਚ ਹੀ ਪ੍ਰਬੰਧ ਕੀਤਾ ਹੁੰਦਾ ਹੈ। ਗੁਰੂ ਕੇ ਲੰਗਰ ਦੇ ਦੋ ਭਾਵ ਹਨ: ਇਕ ਸਿੱਖਾਂ ਨੂੰ ਸੇਵਾ ਸਿਖਾਉਣਾ, ਦੂਜਾ ਊਚ-ਨੀਚ, ਛੂਤ-ਛਾਤ ਦਾ ਭਰਮ ਮਿਟਾਉਣਾ।

ਸੇਵਾ ਤਨ-ਮਨ-ਧਨ ਨਾਲ ਕੀਤੀ ਜਾ ਸਕਦੀ ਹੈ। ਤਨ ਦੀ ਸੇਵਾ 'ਚ ਸਰੀਰ ਕਾਰਜਸ਼ੀਲ ਰਹਿੰਦਾ ਹੈ, ਵਿਅਕਤੀਤਵ ਮਿੱਟਦਾ ਹੈ, ਹੰਕਾਰ ਦੂਰ ਹੁੰਦਾ ਹੈ ਤੇ ਸਵੈਮਾਣ

ਮਹਿਸੂਸ ਹੁੰਦਾ ਹੈ। ਬਾਹਰੀ ਰੂਪ 'ਚ ਤਨ ਨਾਲ ਅਸੀਂ ਸੰਗਤਾਂ ਦੇ ਝੂਠੇ ਬਰਤਨਾਂ ਤੋਂ ਮੈਲ ਉਤਾਰ ਰਹੇ ਹੁੰਦੇ ਹਾਂ ਪਰ ਹਕੀਕਤ 'ਚ ਇਸ ਨਾਲ ਆਪਣੇ ਆਪ ਸਾਡੇ ਮਨ 'ਤੇ ਲੱਗੀ ਹੋਈ ਹਉਮੈ-ਹੰਕਾਰ ਦੀ ਮੈਲ ਉਤਰ ਰਹੀ ਹੁੰਦੀ ਹੈ। ਹੱਥਾਂ ਨਾਲ ਅਸੀਂ ਗੁਰਦੁਆਰੇ, ਪਿੰਗਲਵਾੜੇ, ਕੋਹੜੀ-ਘਰਾਂ ਅਤੇ ਹਸਪਤਾਲਾਂ 'ਚ ਲੋੜਵੰਦ ਮਰੀਜ਼ਾਂ ਦੀ ਸੇਵਾ ਕਰ ਸਕਦੇ ਹਾਂ। ਹੱਥੀਂ ਸੇਵਾ ਨੂੰ ਸਰਵ-ਉੱਤਮ ਮੰਨਿਆ, ਸਵੀਕਾਰਿਆ ਤੇ ਸਤਿਕਾਰਿਆ ਗਿਆ ਹੈ। ਸਰੀਰਕ ਸੇਵਾ 'ਚ ਲੋਕਾਈ ਦੇ ਸੁੱਖ ਵਾਸਤੇ ਸਫ਼ਾਈ, ਧੁਲਾਈ, ਪਾਣੀ ਭਰਨਾ-ਪਿਆਉਣਾ, ਲੰਗਰ ਤਿਆਰ ਕਰਨਾ-ਵਰਤਾਉਣਾ, ਬਰਤਨ ਚੁੱਕਣੇ, ਸਾਫ਼ ਕਰਨੇ, ਜੋੜੇ ਝਾੜਨੇ, ਮਰੀਜ਼ਾਂ, ਗ਼ਰੀਬਾਂ, ਲੋੜਵੰਦਾਂ ਦੀ ਸੇਵਾ ਆਦਿ ਸ਼ਾਮਲ ਹੈ। ਸੁਨਾਮੀ, ਹੜ੍ਹ, ਭੂਚਾਲ ਆਦਿ ਕੁਦਰਤੀ ਆਫ਼ਤਾਂ ਸਮੇਂ ਮਾਨਵਤਾ ਦੀ ਮਦਦ ਕਰਨੀ ਸੇਵਾ 'ਚ ਸ਼ਾਮਲ ਹੈ। ਦਿਖਾਵੇ ਵਾਸਤੇ ਨਹੀਂ ਪਰ ਮਨ ਨਾਲ ਜਦ ਅਸੀਂ ਗੁਰੂ ਜੀ ਦੀ ਬਾਣੀ ਪੜ੍ਹ-ਸੁਣ ਰਹੇ ਹਾਂ ਤਾਂ ਵੀ ਸੇਵਾ ਦੇ ਕੁੰਭ 'ਚ ਸ਼ਾਮਲ ਹੋਵਾਂਗੇ। ਮਨ ਨਾਲ ਅਸੀਂ ਵਿਚਾਰ ਕਰ ਕੇ, ਗੁਰੂ ਦੇ ਸ਼ਬਦ ਨੂੰ ਸਮਝ ਕੇ ਕਮਾਉਂਦੇ ਹਾਂ। ਸ਼ਬਦ ਦੀ ਸੂਝ ਪ੍ਰਾਪਤ ਹੋਣ 'ਤੇ ਦੂਸਰਿਆਂ ਨੂੰ ਵਿਚਾਰਾਂ ਰਾਹੀਂ ਸਮਝਾਉਣਾ ਮਨ ਦੀ ਸੇਵਾ 'ਚ ਸ਼ਾਮਲ ਹੈ। ਗੁਰਬਾਣੀ ਦਾ ਪਾਵਨ ਕਥਨ ਹੈ:

ਗੁਰ ਕੀ ਸੇਵਾ ਸਬਦੁ ਵੀਚਾਰੁ ॥ *(ਗਉੜੀ ਮਹਲਾ ੧, ਪੰਨਾ 223)*

ਆਤਮਿਕ ਸੇਵਾ 'ਚ ਪਰਮਾਤਮਾ ਦੇ ਬਚਨਾਂ ਨੂੰ ਸੁਣਨਾ, ਮੰਨਣਾ ਤੇ ਅਮਲ 'ਚ ਲਿਆਉਣਾ ਹੈ। ਧਨ ਦੀ ਸੇਵਾ ਕੇਵਲ ਅਮੀਰ ਤੇ ਖ਼ੁਸ਼ਹਾਲ ਆਦਮੀ ਹੀ ਕਰ ਸਕਦੇ ਹਨ। ਕਿਰਤ ਕਮਾਈ ਕਰਨ ਵਾਲੇ ਮਾਇਕ ਰੂਪ ਵਿਚ ਬਹੁਤੀ ਸਹਾਇਤਾ ਨਹੀਂ ਕਰ ਸਕਦੇ। ਧਨ ਨਾਲ ਅਸੀਂ ਲੋੜਵੰਦਾਂ, ਬੇਆਸਰਿਆਂ, ਅਪਾਹਜਾਂ ਦੀ ਸਹਾਇਤਾ, ਵਾਤਾਵਰਣ ਨੂੰ ਬਚਾਉਣ ਤੇ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਵਿਚ ਹਿੱਸਾ ਪਾ ਸਕਦੇ ਹਾਂ। ਪਿੰਗਲਵਾੜਾ ਭਗਤ ਪੂਰਨ ਸਿੰਘ, ਸਿੱਖਾਂ ਦੀ ਸੇਵਾ ਦੀ ਆਦਰਸ਼ਕ ਸ਼ਿਰੋਮਣੀ ਸੰਸਥਾ ਹੈ। ਏਸੇ ਤਰ੍ਹਾਂ ਯਤੀਮਖ਼ਾਨੇ, ਕੋਹੜੀ-ਘਰ, ਬਿਰਧ-ਘਰ, ਹਸਪਤਾਲਾਂ, ਸਕੂਲਾਂ 'ਚ ਵੀ ਸੰਗਤੀ ਰੂਪ 'ਚ ਸੇਵਾ ਕਮਾ ਸਕਦੇ ਹਾਂ। ਸਾਡੇ ਸਮਾਜ 'ਚ ਫੈਲੇ ਭ੍ਰਿਸ਼ਟਾਚਾਰ, ਰਿਸ਼ਵਤਖ਼ੋਰੀ, ਭਰੂਣ ਹੱਤਿਆ, ਬਲਾਤਕਾਰੀਆਂ, ਕੁਦਰਤ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਨਸ਼ਰ ਕਰਨਾ ਵੀ ਸੇਵਾ 'ਚ ਸ਼ੁਮਾਰ ਹੋਵੇਗਾ।

ਸੇਵਾ ਕਰਨ ਕਰਾਉਣ ਵਾਲੇ ਆਪਣੇ-ਪਰਾਏ, ਦੋਸਤ-ਦੁਸ਼ਮਣ ਦੀ ਵਰਗ ਵੰਡ ਨਹੀਂ ਕਰਦੇ। ਮੈਦਾਨੇ-ਜੰਗ ਵਿਚ ਭਾਈ ਘਨੱਈਆ ਜੀ ਨੇ ਦੁਸ਼ਮਣਾਂ-ਦੋਸਤਾਂ ਨੂੰ ਬਰਾਬਰ ਪਾਣੀ ਪਿਲਾ, ਜ਼ਖ਼ਮੀਆਂ ਦੀ ਮਲ੍ਹਮ-ਪੱਟੀ ਕਰ ਸੇਵਾ ਦੀ ਸਰਵ-ਉੱਤਮ ਉਦਾਹਰਣ ਸਾਡੇ ਸਨਮੁੱਖ ਪੇਸ਼ ਕੀਤੀ ਹੈ। ਇਹੀ ਕਾਰਨ ਹੈ ਕਿ ਮੁਸ਼ਕਲਾਂ-ਮੁਸੀਬਤਾਂ 'ਚ ਫਸੀ ਮਾਨਵਤਾ ਦੀ ਸੇਵਾ-ਸੰਭਾਲ ਕਰਨੀ ਗੁਰਸਿੱਖ ਆਪਣਾ ਪਰਮ ਧਰਮ ਕਰਤੱਵ ਮੰਨਦਾ ਤੇ ਸਵੀਕਾਰਦਾ ਹੈ। ਸਿੱਖ ਸੇਵਾਦਾਰ ਹੈ, ਗੁਰੂ, ਧਰਮ ਤੇ ਸਮਾਜ ਦਾ। ਗੁਰੂ ਘਰ ਦੀ ਸੇਵਾ ਵਿਅਕਤੀਗਤ ਤੇ ਸਮੂਹਿਕ ਵੀ ਹੋ ਸਕਦੀ ਹੈ, ਪਰ ਸਮੂਹਿਕ ਸੇਵਾ ਵਧੇਰੇ ਸਫਲ ਹੁੰਦੀ ਹੈ, ਜਿਸ ਵਿਚ ਮਾਨਵ ਨੂੰ ਸੇਵਾ ਦਾ ਹੰਕਾਰ ਵੀ ਨਹੀਂ ਚੰਬੜਦਾ।

ਸੇਵਾ ਦੁੱਖਾਂ ਦੀ ਨਵਿਰਤੀ, ਸੁੱਖ ਦੀ ਪ੍ਰਾਪਤੀ, ਮਾਨਸਿਕ-ਅਧਿਆਤਮਕ ਸੰਤੁਸ਼ਟੀ ਤੇ ਸਕੂਨ ਵਾਸਤੇ ਹੀ ਜ਼ਰੂਰੀ ਨਹੀਂ, ਸਗੋਂ ਸਮਾਜਿਕ ਮਾਣ-ਸਤਿਕਾਰ ਵਾਸਤੇ ਵੀ ਸਦ-ਉਪਯੋਗੀ ਹੈ। ਸੇਵਕ ਸਦਵਾਉਣ ਵਾਸਤੇ ਸਦਗੁਣਾਂ ਦਾ ਧਾਰਨੀ ਹੋਣਾ ਜ਼ਰੂਰੀ ਹੈ, ਪਰ ਸੇਵਕ ਸੁਸਤ, ਸੁਆਰਥੀ ਅਤੇ ਵਿਹਲੜ ਨਹੀਂ ਹੋ ਸਕਦਾ। ਸੇਵਾ 'ਚ ਤਾਂ ਮਨੁੱਖ ਸਮਾਜ ਦੇ ਭਲੇ ਵਾਸਤੇ ਤਨ-ਮਨ-ਧਨ ਨਿਛਾਵਰ ਹੀ ਨਹੀਂ ਕਰਦਾ, ਸਗੋਂ ਉਹ ਤਾਂ ਖ਼ੂਨ ਦਾਨ ਤੇ ਮਰਨ ਉਪਰੰਤ ਅੱਖਾਂ ਤੇ ਹੋਰ ਲੋੜਵੰਦ ਅੰਗ ਲੋੜਵੰਦਾਂ ਨੂੰ ਦੇ ਕੇ ਸਮਾਜ ਦੀ ਸਾਰਥਿਕ ਸੇਵਾ ਕਰਨ ਦਾ ਸਤਿਕਾਰ ਹਾਸਲ ਕਰ ਸਕਦਾ ਹੈ। ਸੇਵਾ ਸਫਲ ਸੰਪੂਰਨ ਉਹੀ ਹੈ ਜਿਸ ਨਾਲ ਮਾਲਕ ਵਾਹਿਗੁਰੂ ਦੀ ਬਖ਼ਸ਼ਿਸ਼ ਹਾਸਲ ਹੋ ਸਕੇ :

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥

(ਵਾਰ ਗਉੜੀ ਮ: 4, ਪੰਨਾ 314)

ਸਵੇਰੇ ਸ਼ਾਮ ਸਰਬੱਤ ਦਾ ਭਲਾ ਮੰਨਣ ਵਾਲੇ ਗੁਰਸਿੱਖ ਨਿਰਸੁਆਰਥੀ ਹੋ ਸੇਵਾ-ਸਿਮਰਨ ਕਰਦਿਆਂ, ਸੇਵਕ ਦੀ ਪਦਵੀ ਪ੍ਰਾਪਤ ਕਰ ਲੈਂਦੇ ਹਨ। ਸੇਵਕ, ਭਾਈ ਲਹਿਣਾ ਜੀ ਵਾਂਗ ਆਪਣੀ ਹੋਂਦ-ਹਸਤੀ ਨੂੰ ਮਿਟਾ, ਮਾਲਕ ਦਾ ਰੂਪ ਹੀ ਹੋ ਜਾਂਦਾ ਹੈ। ਗੁਰਬਾਣੀ ਦਾ ਪਾਵਨ ਕਥਨ ਹੈ :

ਹਰਿ ਕਾ ਸੇਵਕੁ ਸੋ ਹਰਿ ਜੇਹਾ॥ *(ਮਾਰੂ ਸੋਲਹੇ ਮਹਲਾ ੫, ਪੰਨਾ 1076)*

ਗੁਰਮਤਿ ਵਿਚਾਰਧਾਰਾ ਅਨੁਸਾਰ 'ਗੁਰਦੁਆਰੇ' ਦੀ ਸੰਸਥਾ ਸਿੱਖੀ ਸਦਗੁਣ, ਸੇਵਾ ਦੇ ਆਦਰਸ਼ ਨੂੰ ਸਿੱਖਣ, ਕਮਾਉਣ ਤੇ ਦਰਸਾਉਣ ਦੀ ਸਰਵ-ਉੱਤਮ ਸੰਸਥਾ ਹੈ।

ਗੁਰਬਾਣੀ ਦੇ ਕਥਨ "ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ" ਅਨੁਸਾਰ ਜਿਨ੍ਹਾਂ ਸੇਵਕਾਂ ਦਾ ਹਿਰਦਾ ਪਵਿੱਤਰ ਹੈ, ਦਵੈਸ਼, ਈਰਖਾ, ਨਫ਼ਰਤ, ਮੈਂ-ਮੇਰੀ ਦੀ ਭਾਵਨਾ ਤੋਂ ਸੁਤੰਤਰ ਹੈ, ਉਨ੍ਹਾਂ ਦੀ ਕੀਤੀ ਸੇਵਾ, ਚਾਕਰੀ ਕਬੂਲ ਹੁੰਦੀ ਹੈ। ਗੁਰੂ ਦੀ ਰਹਿਮਤ ਬਖ਼ਸ਼ਿਸ਼ ਤੋਂ ਬਿਨਾਂ ਸੇਵਾ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਸੇਵਕ ਵਿਚ ਨਿਮਰਤਾ ਸਹਿਜ ਹੋਣੀ ਜ਼ਰੂਰੀ ਹੈ। ਮਾਲਕ ਦੀ ਸੇਵਾ ਕਰ ਕੇ ਸੇਵਕ ਕਹਾਉਂਦਾ ਹੈ। ਮਾਲਕ ਦੀ ਕਿਰਪਾ ਰਹਿਮਤ ਕਰਕੇ ਸੇਵਕ ਮਾਲਕ ਦਾ ਹੀ ਰੂਪ ਹੋ ਜਾਂਦਾ ਹੈ :

ਸਾਹਿਬ ਤੇ ਸੇਵਕੁ ਸੇਵ ਸਾਹਿਬ ਤੇ ਕਿਆ ਕੋ ਕਹੈ ਬਹਾਨਾ॥

(ਬਿਲਾਵਲੁ ਮਹਲਾ ੩, ਪੰਨਾ 797)

ਕਠੋਰ ਚਿੱਤ ਵਾਲੇ ਦੀ ਸੇਵਾ ਵਿਅਰਥ ਜਾਂਦੀ ਹੈ। ਮੇਰ-ਤੇਰ ਦਾ ਫ਼ਰਕ ਮਿਟਾ ਕੇ ਸੇਵਾ ਕਰਨ ਵਾਲੇ ਸੇਵਕ ਆਪਣੀ ਘਾਲ ਕਮਾਈ ਸਫਲੀ ਕਰ ਜਾਂਦੇ ਹਨ। ਨਿੰਦਕ, ਲੋਭੀ, ਲਾਲਚੀ ਮਨੁੱਖ ਕਠੋਰ ਦਿਲ ਹੋ ਜਾਂਦੇ ਹਨ, ਗੁਰੂ ਦੇ ਉਪਦੇਸ਼ ਅਨੁਸਾਰ ਸੇਵਾ ਨਹੀਂ ਕਮਾਉਂਦੇ, ਉਹ ਤਾਂ ਚੋਰਾਂ ਦੇ ਚੋਰ ਹਨ :

ਗੁਰ ਸੇਵ ਤਰੇ ਤਜਿ ਮੇਰ ਤੋਰ॥
ਨਰ ਨਿੰਦਕ ਲੋਭੀ ਮਨਿ ਕਠੋਰ॥
ਗੁਰ ਸੇਵ ਨ ਭਾਈ ਸਿ ਚੋਰ ਚੋਰ॥੨॥ *(ਬਸੰਤੁ ਮਹਲਾ ੧, ਪੰਨਾ 1170)*

ਸੇਵਾ 'ਚ ਗਿਣਤੀ-ਮਿਣਤੀ ਦੀ ਵੀ ਕੋਈ ਥਾਂ ਨਹੀਂ, ਮੈਂ ਇਹ ਕੀਤਾ, ਮੈਂ ਇਥੇ-ਇਥੇ ਸੇਵਾ ਕੀਤੀ? ਅਜਿਹੀ ਸੇਵਾ ਵੀ ਕਬੂਲ ਨਹੀਂ ਹੁੰਦੀ:

ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ॥
(ਵਾਰ ਸਾਰੰਗ ਮਹਲਾ ੪, ਪੰਨਾ 1246)

ਮਨੁੱਖ ਨੇ ਹੋਰ ਸਭ ਦੀ ਸੇਵਾ-ਸੰਭਾਲ ਕਰਨੀ ਹੈ, ਪਰ ਕੇਵਲ ਮਾਇਆ ਜੋ ਸਰਪਣੀ ਨਿਆਈਂ ਹੈ, ਇਸ ਦੀ ਸੇਵਾ ਨਹੀਂ ਕਰਨੀ। ਮਾਇਆ ਦਾ ਅਰਥ ਅਗਿਆਨਤਾ ਵੀ ਹੈ; ਭਾਵ ਮਨੁੱਖ ਨੇ ਅਗਿਆਨਤਾ ਦੀ ਪੂਜਾ-ਉਪਾਸ਼ਨਾ, ਸੇਵਾ ਨਹੀਂ ਕਰਨੀ, ਸਗੋਂ ਉਸ ਨੇ ਗਿਆਨ ਦੇ ਪ੍ਰਕਾਸ਼ ਨਾਲ ਅਗਿਆਨ ਰੂਪੀ ਹਨੇਰੇ ਨੂੰ ਦੂਰ ਕਰ ਸਮਾਜ ਨੂੰ ਰੌਸ਼ਨ ਕਰਨਾ ਹੈ। ਮਾਇਆ, ਭਰਮ, ਭੁਲੇਖੇ, ਅਗਿਆਨਤਾ 'ਚ ਮਨੁੱਖ ਆਪਣਾ ਹੀ ਨੁਕਸਾਨ ਨਹੀਂ ਕਰਦਾ, ਸਗੋਂ ਸਮਾਜ ਲਈ ਵੀ ਹਾਨੀਕਾਰਕ ਸਿੱਧ ਹੁੰਦਾ ਹੈ। ਵਹਿਮ, ਭਰਮ, ਭੁਲੇਖੇ, ਅਗਿਆਨਤਾ, ਦੂਈ, ਦਵੈਸ਼, ਮਾਇਆ ਕਾਰਨ ਹੈ ਜੋ ਇਨ੍ਹਾਂ ਨੂੰ ਪਾਲਦੇ ਹਨ, ਫਿਰ ਮਾਇਆ ਉਨ੍ਹਾਂ ਨੂੰ ਹੀ ਖਾ ਜਾਂਦੀ ਹੈ:

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥
(ਵਾਰ ਗੂਜਰੀ ਮ: ੩, ਪੰਨਾ 510)

ਸੇਵਾ ਕਰਨਾ ਵੀ ਬੀਰ-ਬਹਾਦਰਾਂ ਦਾ ਕਾਰਜ ਹੈ। ਬੁਜ਼ਦਿਲ, ਕਮਜ਼ੋਰ, ਕਾਇਰ, ਡਰਪੋਕ, ਖ਼ੁਦਗ਼ਰਜ਼ ਵਿਅਕਤੀ ਸੇਵਾ ਵੀ ਨਹੀਂ ਕਰ ਸਕਦਾ, ਕਿਉਂਕਿ ਸੇਵਾ ਦਾ ਕਾਰਜ ਖੇਤਰ ਅਤਿ ਬਿਖੜਾ, ਮੁਸ਼ਕਲਾਂ ਭਰਪੂਰ ਤੇ ਅਸੀਮ ਹੈ। ਸੇਵਕ ਨੂੰ ਰਣਤੱਤੇ-ਯੁੱਧ ਦੇ ਮੈਦਾਨ ਵਿਚ ਵੀ ਸੇਵਾ ਕਰਨੀ ਪੈ ਸਕਦੀ ਹੈ। ਕਮਜ਼ੋਰ ਦਿਲ ਵਾਲਾ ਤਾਂ ਗੰਭੀਰ ਜ਼ਖ਼ਮੀਆਂ ਨੂੰ ਦੇਖ ਵੀ ਨਹੀਂ ਸਕਦਾ, ਉਨ੍ਹਾਂ ਨੂੰ ਮਲ੍ਹਮ-ਪੱਟੀ ਕਿਵੇਂ ਕਰੇਗਾ? ਚੱਲਦੀਆਂ ਤਲਵਾਰਾਂ, ਵਰ੍ਹਦੀਆਂ ਗੋਲੀਆਂ 'ਚ ਫੱਟੜਾਂ ਦੀ ਸਹਾਇਤਾ, ਸੇਵਾ ਕਰਨੀ ਸੂਰਮਗਤੀ ਦਾ ਪ੍ਰਗਟਾਅ ਹੈ। ਪਿੰਗਲਵਾੜੇ, ਕੋਹੜੀ-ਘਰਾਂ, ਹਸਪਤਾਲਾਂ 'ਚ ਪਿੰਗਲਿਆਂ, ਲੂਲ੍ਹਿਆਂ, ਲੰਗੜਿਆਂ, ਅਪਾਹਜਾਂ, ਗੰਭੀਰ ਕੁਰਲਾਉਂਦੇ ਜ਼ਖ਼ਮੀਆਂ ਦੀ ਸੇਵਾ-ਸੰਭਾਲ, ਕਮਜ਼ੋਰ ਦਿਲ ਵਾਲਾ ਇਨਸਾਨ ਨਹੀਂ ਕਰ ਸਕਦਾ। ਜਿਸ ਨੇ ਮੈਂ-ਮੇਰੀ ਨੂੰ ਮਾਰਿਆ ਹੋਵੇਗਾ, ਉਹੀ ਇਹ ਪੁੰਨ ਕਰਮ ਕਰ ਸਕੇਗਾ। ਸੇਵਾ ਕਰਨ ਸਮੇਂ ਮੈਂ-ਮੇਰੀ ਨੂੰ ਮਾਰਨਾ ਪੈਂਦਾ ਹੈ, ਸਭ ਨੂੰ ਬਰਾਬਰ ਸਤਿਕਾਰ, ਪਿਆਰ, ਹਮਦਰਦੀ ਦੀ ਭਾਵਨਾ ਨਾਲ ਦੇਖਣਾ ਪੈਂਦਾ ਹੈ। ਸੇਵਾ ਕੋਈ ਵੀ ਕਰ ਦੇਖੋ, ਉਸ ਵਿਚ 'ਹਉ' ਹੈ ਤਾਂ ਤੁਹਾਨੂੰ ਸਹਿਜ-ਸਕੂਨ, ਸਵੈਮਾਣ ਦੀ ਪ੍ਰਾਪਤੀ ਨਹੀਂ ਹੋਵੇਗੀ। ਜੇਕਰ ਤੁਹਾਡੀ ਦ੍ਰਿਸ਼ਟੀ 'ਚ ਭਾਈ ਘਨੱਈਆ ਜੀ, ਭਗਤ ਪੂਰਨ ਸਿੰਘ ਜੀ ਵਾਲੀ ਅੰਸ਼ ਮਾਤਰ ਵੀ ਦ੍ਰਿਸ਼ਟੀ ਆ ਜਾਵੇ ਤਾਂ ਤੁਹਾਨੂੰ ਸਭ 'ਚ ਕਲਗ਼ੀਧਰ ਦੇ ਹੀ ਦੀਦਾਰ ਹੋਣਗੇ।

ਕਲਗ਼ੀਧਰ ਦੇ ਦੀਦਾਰ ਦੀ ਝਲਕ, ਝਲਕਾਰੇ ਤੇ ਨਜ਼ਾਰੇ ਦੂਰ-ਦ੍ਰਿਸ਼ਟੀ ਵਾਲਾ ਮਾਨਵ ਹੀ ਮਹਿਸੂਸ ਤੇ ਅਨੁਭਵ ਕਰ ਸਕੇਗਾ।

ਅਸੀਂ ਮਾਨਸਿਕ ਤੌਰ 'ਤੇ ਇਤਨੇ ਕਮਜ਼ੋਰ ਹਾਂ ਕਿ ਲੜਾਈ ਦੇ ਮੈਦਾਨ, ਹਸਪਤਾਲਾਂ, ਪਿੰਗਲਵਾੜੇ, ਕੋਹੜੀ-ਘਰਾਂ 'ਚ ਜ਼ਖ਼ਮੀਆਂ ਦੇ ਗਹਿਰੇ ਜ਼ਖ਼ਮਾਂ, ਨਾਸੂਰਾਂ ਨੂੰ ਅੱਖਾਂ ਨਾਲ ਤੱਕ ਨਹੀਂ ਸਕਦੇ, ਜ਼ਖ਼ਮੀਆਂ ਪਾਸੋਂ ਜ਼ਖ਼ਮਾਂ ਤੇ ਦਵਾਈਆਂ ਦੀ ਬਦਬੂ ਨੂੰ ਸਹਾਰ ਨਹੀਂ ਸਕਦੇ, ਅਸੀਂ ਨੱਕ 'ਤੇ ਰੁਮਾਲ ਰੱਖ ਲੈਂਦੇ ਹਾਂ। ਜ਼ਖ਼ਮੀਆਂ, ਅਪਾਹਜਾਂ, ਕੋਹੜੀਆਂ ਦੀ ਕੁਰਲਾਹਟ ਨੂੰ ਸਾਡੇ ਕੰਨ ਸੁਣ ਨਹੀਂ ਸਕਦੇ। ਅਖੌਤੀ ਸਾਧਾਂ-ਸੰਤਾਂ, ਰਾਜਨੀਤਕਾਂ, ਧਰਮ ਦੇ ਠੇਕੇਦਾਰਾਂ ਦੀ ਬਾਹਰੀ ਠਾਠ-ਬਾਠ, ਪਹਿਰਾਵੇ, ਐਸ਼-ਪ੍ਰਸਤੀ ਵਾਲੀਆਂ ਹਰਕਤਾਂ ਨੂੰ ਤੱਕ ਕੇ ਸਾਡੇ ਮਨ ਵਿਚ ਇਨ੍ਹਾਂ ਪ੍ਰਤੀ ਨਫ਼ਰਤ ਪੈਦਾ ਨਹੀਂ ਹੁੰਦੀ, ਸਗੋਂ ਅਸੀਂ ਅਹਿਸਾਸੇ-ਕਮੱਤਰੀ ਦੇ ਸ਼ਿਕਾਰ ਹੋ ਜਾਂਦੇ ਹਾਂ। ਇਨ੍ਹਾਂ ਸਮਾਜ ਦੁਸ਼ਮਣ ਤਾਕਤਾਂ ਦੀ ਪਹਿਚਾਣ ਕਰਨੀ ਤੇ ਇਨ੍ਹਾਂ ਨੂੰ ਨਸ਼ਰ ਕਰਨਾ ਵੀ ਸੇਵਾ ਹੀ ਹੋਵੇਗੀ। ਸਮਾਜਿਕ ਚੇਤਨਤਾ ਵਾਸਤੇ ਇਨ੍ਹਾਂ ਬਹੁ-ਰੂਪੀਆਂ ਨੂੰ ਨਸ਼ਰ ਕਰਨ ਸਮੇਂ ਸੱਚ ਬੋਲਣ ਦਾ ਬਹੁ-ਉਪਯੋਗੀ ਕਾਰਜ ਹੋਵੇਗਾ।

ਜਿਸ ਗੁਰੂ ਦੇ ਪਿਆਰੇ ਨੇ ਸੇਵਾ ਦੇ ਇਸ ਖੇਤਰ 'ਚ ਹਰ ਪਲ ਵਿਚਰ ਕੇ ਸੇਵਕ ਦੀ ਉਪਾਧੀ ਪ੍ਰਾਪਤ ਕਰਨੀ ਹੈ, ਉਹ ਕਿਤਨਾ ਬਲਵਾਨ ਤੇ ਬਹਾਦਰ ਹੋਵੇਗਾ, ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ। ਗੁਰੂ ਦੇ ਉਪਦੇਸ਼ ਅਨੁਸਾਰ ਸੇਵਾ ਕਰਨ ਵਾਲਾ ਬਚਨ ਦਾ ਬਲੀ ਤੇ ਕਥਨੀ-ਕਰਨੀ ਦੀ ਇਕਸਾਰਤਾ 'ਚ ਵੀ ਸੂਰਮਾ ਹੁੰਦਾ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਸੇਵਕ ਸੂਰਮੇ ਦੇ ਦਰਸ਼ਨ ਕਰਾਉਂਦੇ ਹਨ :

ਗੁਰ ਸੇਵਾ ਪਰਧਾਨ ਸੇਵਕ ਸੂਰ ਹੈ। *(ਵਾਰ 3, ਪਉੜੀ 10)*

ਸਿੱਖਾਂ ਨੇ ਸੇਵਾ ਦੇ ਵਿਸ਼ਾਲ ਖੇਤਰ 'ਚ ਵੀ ਨਾਮਣਾ ਖੱਟਿਆ ਹੈ ਤੇ ਖੱਟ ਰਹੇ ਹਨ। ਗੁਰਮਤਿ ਵਿਚਾਰਧਾਰਾ ਅਨੁਸਾਰ ਮਾਨਵ ਜਿਸ ਤਰ੍ਹਾਂ ਦੇ ਬੀਜ, ਬੀਜਦਾ ਹੈ, ਉਸ ਤਰ੍ਹਾਂ ਦਾ ਹੀ ਉਸ ਨੂੰ ਫਲ ਪ੍ਰਾਪਤ ਹੁੰਦਾ ਹੈ। ਕਿੱਕਰਾਂ ਦੇ ਬੀਜ, ਬੀਜ ਕੇ ਦਾਖਾਂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਧਰਤੀ 'ਚ ਜੋ ਅਸੀਂ ਬੀਜਾਂਗੇ, ਉਸ ਦਾ ਫਲ ਸਾਨੂੰ ਪ੍ਰਾਪਤ ਹੋਵੇਗਾ। ਪਰ ਭਾਈ ਗੁਰਦਾਸ ਜੀ ਸਪੱਸ਼ਟ ਕਰਦੇ ਹਨ ਕਿ ਸੇਵਾ ਦਾ ਕਾਰਜ ਖੇਤਰ ਇਸ ਤੋਂ ਅਦਭੁੱਤ, ਵਿਲੱਖਣ ਤੇ ਭਿੰਨ ਹੈ। ਕਰਤਾ ਪੁਰਖ, ਕੁਦਰਤ ਤੇ ਮਾਨਵਤਾ ਦੇ ਭਲੇ ਹਿੱਤ ਕੀਤੇ ਸੇਵਾ ਕਾਰਜਾਂ ਦੇ ਸੇਵਾ ਫਲ 'ਚ ਸਭ ਫਲ ਪ੍ਰਾਪਤ ਹੋ ਜਾਂਦੇ ਹਨ :

ਧਰਤੀ ਬੀਜੈ ਸੁ ਲੁਣੈ ਸਤਿਗੁਰੁ ਸੇਵਾ ਸਭ ਫਲ ਚੂਰੈ। *(ਵਾਰ 40, ਪਉੜੀ 3)*

ਸੇਵਾ ਕਰਨ 'ਚ ਇਤਨੀ ਸ਼ਕਤੀ ਹੈ ਕਿ ਪਸ਼ੂ ਬਿਰਤੀ ਦਾ ਧਾਰਨੀ ਮਾਨਵ ਤੇ ਪਰੇਤ-ਆਤਮਾ ਵੀ ਦੇਵ ਸਰੂਪ ਪ੍ਰਾਪਤ ਕਰ ਸਕਦੀ ਹੈ। ਸੇਵਾ ਕਰਨ ਨਾਲ ਸੇਵਕ ਏਨਾ ਬਲਵਾਨ-ਬੀਰ, ਭਾਵ ਬਹਾਦਰ ਹੋ ਜਾਂਦਾ ਹੈ ਕਿ ਔਗੁਣ, ਅਗਿਆਨਤਾ, ਅਲਪਗਤਾ ਨੂੰ ਲਿਤਾੜਦਾ ਹੋਇਆ ਮਾਨਵ ਸਮਾਜ ਦੀ ਅਗਵਾਈ ਕਰਨ ਵਾਲਾ

ਆਗੂ ਬਣ ਜਾਂਦਾ ਹੈ। ਲੋੜ ਹੈ ਪ੍ਰੇਮ-ਭਾਵ ਨਾਲ ਲੋੜਵੰਦਾਂ, ਦੁਖੀ ਮਾਨਵਤਾ ਦੀ ਸੇਵਾ ਕਰਨ ਦੀ:

ਪਸੂ ਪਰੇਤਹੁ ਦੇਵ ਕਰਿ ਸਤਿਗੁਰ ਦੇਵ ਸੇਵ ਭੈ ਪਾਏ। *(ਵਾਰ 28, ਪਉੜੀ 11)*

ਭਗਤ ਪੂਰਨ ਸਿੰਘ ਜੀ ਨੇ ਪਿੰਗਲਵਾੜਾ ਸਥਾਪਤ ਕਰ ਕੇ ਵਰਤਮਾਨ ਸਮੇਂ ਸੇਵਾ ਦੇ ਸਿੱਖ ਸੰਕਲਪ ਨੂੰ ਅਮਲੀ ਰੂਪ 'ਚ ਉਜਾਗਰ ਕੀਤਾ ਹੈ। ਸੇਵਾ ਦਾ ਇਹ ਸਰੂਪ ਬਿਲਕੁਲ ਭਾਈ ਘਨੱਈਆ ਜੀ ਵਾਂਗ ਮਨੁੱਖੀ ਸਮਾਨਤਾ, ਭਾਈਚਾਰਕ ਬਰਾਬਰਤਾ ਤੇ ਸਰਬੱਤ ਦੇ ਭਲੇ ਦੀ ਭਾਵਨਾ ਦੀ ਤਰਜਮਾਨੀ ਕਰਦਾ ਹੈ। ਸਮੂਹਿਕ ਰੂਪ 'ਚ ਸਿੱਖ, ਸਿੱਖ ਸੰਸਥਾ ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਵਿੱਦਿਆ ਦੇ ਖੇਤਰ 'ਚ ਤੇ ਲੋਕ ਕਲਿਆਣਕਾਰੀ ਕਾਰਜਾਂ ਵਾਸਤੇ ਆਰਥਿਕ ਸਹਾਇਤਾ ਤੇ ਕੁਦਰਤੀ ਆਫ਼ਤਾਂ ਜਿਵੇਂ ਹੜ੍ਹ ਆਉਣਾ, ਭੂਚਾਲ, ਸੁਨਾਮੀ ਸਮੇਂ ਸੇਵਾ ਦੇ ਸਿੱਖ ਸੰਕਲਪ ਨੂੰ ਅਮਲੀ ਰੂਪ 'ਚ ਪ੍ਰਗਟ ਕਰ ਚੁੱਕੀ ਹੈ। ਸੇਵਾ ਦੀ ਇਸ ਭਾਵਨਾ ਨੂੰ ਹਰ ਸਮੇਂ ਹਰ ਸਥਿਤੀ 'ਚ ਮਨੁੱਖਤਾ ਦੇ ਭਲੇ ਤੇ ਕੁਦਰਤੀ ਵਾਤਾਵਰਣ ਨੂੰ ਬਣਾਈ ਰੱਖਣਾ ਚਾਹੀਦਾ ਹੈ। ਗੁਰਬਾਣੀ 'ਚ ਪਵਨ-ਪਾਣੀ ਤੇ ਧਰਤੀ ਨੂੰ ਜੀਵਨ ਦਾ ਆਧਾਰ ਮੰਨਿਆ ਗਿਆ ਹੈ। ਇਨ੍ਹਾਂ 'ਚ ਸਮਤੋਲ, ਵਾਤਾਵਰਣ ਦੀ ਸ਼ੁੱਧਤਾ, ਕੁਦਰਤੀ ਖਿੜਾਓ, ਸਮਾਜ ਨੂੰ ਨਸ਼ਾ ਮੁਕਤ ਕਰਨ, ਮਿਲਾਵਟ, ਰਿਸ਼ਵਤਖ਼ੋਰੀ ਤੋਂ ਬਚਾਉਣ 'ਚ ਸਿੱਖਾਂ ਤੇ ਸਿੱਖ ਸੰਸਥਾਵਾਂ ਨੂੰ ਭਰਪੂਰ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਕਿ ਸੇਵਾ ਦੇ ਸਿੱਖ ਸੰਕਲਪ ਨੂੰ ਅਸੀਂ ਨਿੱਜਤਵ ਨਾਲੋਂ ਨਿਖੇੜ ਕੇ ਸਰਬੱਤ ਦੇ ਭਲੇ ਨਾਲ ਜੋੜਨ 'ਚ ਸਹਾਈ ਸਿੱਧ ਹੋ ਸਕੀਏ।

ਧਰਮ ਮੰਦਰਾਂ ਦੀ ਉਸਾਰੀ ਤੇ ਸੁੰਦਰੀਕਰਣ ਵੀ ਕੌਮੀ ਉਸਾਰੀ 'ਚ ਵਿਸ਼ੇਸ਼ ਯੋਗਦਾਨ ਪਾਉਂਦਾ ਹੈ। ਸਿੱਖਾਂ ਨੇ ਗੁਰਦੁਆਰਿਆਂ ਦੀਆਂ ਸ਼ਾਨਦਾਰ ਇਮਾਰਤਾਂ ਦੀ ਉਸਾਰੀ, ਵਿਸ਼ਾਲ ਲੰਗਰ ਘਰਾਂ, ਹਸਪਤਾਲਾਂ ਤੇ ਲੋਕ ਕਲਿਆਣਕਾਰੀ ਕਾਰਜ, ਦੇਸ਼ ਦੀ ਸੁਤੰਤਰਤਾ, ਇੱਜ਼ਤ ਆਬਰੂ ਵਾਸਤੇ ਅਣਗਿਣਤ ਕੁਰਬਾਨੀਆਂ ਕਰ ਕੇ ਆਪਣਿਆਂ-ਬਿਗਾਨਿਆਂ ਦੀ ਖ਼ੂਬ ਵਾਹ-ਵਾਹ ਖੱਟੀ ਹੈ। ਆਓ ਹੁਣ ਸੋਨੇ-ਸੰਗਮਰਮਰ, ਸਰੀਰਾਂ, ਸ਼ਖ਼ਸੀਅਤਾਂ ਦੀ ਸੇਵਾ ਨਾਲੋਂ ਸ਼ਬਦ-ਗੁਰੂ ਦੇ ਸਿਧਾਂਤ ਤੇ ਵਿਚਾਰਧਾਰਾ ਨੂੰ ਸਮਝਣ-ਸਮਝਾਉਣ ਤੇ ਸਤਿਕਾਰ ਦੀ ਸੇਵਾ ਕਰ ਕੇ ਗੁਰਸਿੱਖੀ ਦੀ ਸਦੀਵੀ-ਸਰਵ-ਕਲਿਆਣਕਾਰੀ ਮਹਿਕ ਤੋਂ ਦੂਸਰਿਆਂ ਨੂੰ ਜਾਣੂ ਕਰਾਈਏ। ਗੁਰਬਾਣੀ ਅਨੁਸਾਰ ਸਿੱਖ ਸੇਵਕ ਨੇ ਸਤਿ, ਸੰਤੋਖ, ਸਹਿਜ, ਸੰਜਮ, ਸਾਦਗੀ ਦੇ ਧਾਰਨੀ ਹੋ ਸ਼ਬਦ-ਗੁਰੂ ਨੂੰ ਸਮਰਪਿਤ ਹੁੰਦਿਆਂ, ਗਿਆਨ ਖੜਗ ਦੀ ਸਹਾਇਤਾ ਨਾਲ ਧਾਰਮਿਕ, ਸਮਾਜਿਕ, ਰਾਜਨੀਤਕ ਤੇ ਵਿਵਹਾਰਕ ਕੁਰੀਤੀਆਂ ਦਾ ਸਫ਼ਾਇਆ ਕਰ, ਵਹਿਮਾਂ-ਭਰਮਾਂ, ਪਾਖੰਡਾਂ ਤੇ ਅਗਿਆਨਤਾ ਨੂੰ ਦੂਰ ਕਰਦਿਆਂ, ਗਿਆਨ ਪ੍ਰਕਾਸ਼ ਨਾਲ ਜਗਤ ਨੂੰ ਰੌਸ਼ਨ ਕਰਨਾ ਹੈ।

ਸਾਕਾ ਨਨਕਾਣਾ ਸਾਹਿਬ...

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਪਿਤਾ, ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ 'ਧਰਮ ਹੇਤ ਸਾਕਾ' ਕਿਹਾ ਹੈ, ਜਿਸ ਤੋਂ 'ਸਾਕਾ' ਸ਼ਬਦ ਸਿੱਖ ਸ਼ਬਦਾਵਲੀ ਦਾ ਅਨਿੱਖੜਵਾਂ ਅੰਗ ਬਣ ਗਿਆ ਹੈ। ਸਾਕੇ ਦਾ ਅਰਥ ਹੈ, ਕੋਈ ਐਸਾ ਕਰਮ ਜੋ ਇਤਿਹਾਸ ਵਿਚ ਪ੍ਰਸਿੱਧ ਰਹਿਣ ਲਾਇਕ ਹੋਵੇ। ਵਚਿੱਤਰ, ਅਨੋਖੀ, ਅਦੁੱਤੀ, ਅਜੀਬ ਘਟਨਾ ਨੂੰ ਸਾਕਾ ਕਿਹਾ ਜਾਂਦਾ ਹੈ। ਸਪੱਸ਼ਟ ਹੈ ਕਿ ਇਹ ਸ਼ਬਦ ਭਾਰੀ ਦੁਖਾਂਤਕ ਘਟਨਾ ਵਾਸਤੇ ਵਰਤਿਆ ਜਾਂਦਾ ਹੈ। ਜਬਰ-ਜ਼ੁਲਮ ਦਾ ਮੁਕਾਬਲਾ ਸ਼ਾਂਤਮਈ ਹਾਲਤਾਂ 'ਚ ਸਬਰ ਨਾਲ ਕਰਨ ਵਾਲੇ ਸ਼ਹੀਦ ਅਖਵਾਉਂਦੇ ਹਨ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖਾਂ ਨੂੰ ਇਸ ਅਰਥ-ਭਾਵ ਵਾਲੇ ਸਾਕਿਆਂ ਸਨਮੁਖ ਹੋਣਾ ਪਿਆ—ਜੱਲ੍ਹਿਆਂਵਾਲੇ ਬਾਗ਼ ਦਾ ਸਾਕਾ, ਨਨਕਾਣਾ ਸਾਹਿਬ ਦਾ ਸਾਕਾ, ਸਾਕਾ ਪੰਜਾ ਸਾਹਿਬ, ਸਾਕਾ ਗੁਰੂ ਕਾ ਬਾਗ਼ ਆਦਿ। ਅੰਗਰੇਜ਼ੀ ਸ਼ਾਸਕਾਂ ਦੀ ਸ਼ਹਿ 'ਤੇ ਮਹੰਤ-ਸ਼ਾਹੀ ਦੇ ਤਾਂਡਵ ਨਾਚ ਨੂੰ ਦੁਖਾਂਤ ਦੀ ਦਰਦਨਾਕ ਕਹਾਣੀ ਨੂੰ ਸਾਕਾ ਨਨਕਾਣਾ ਸਾਹਿਬ ਰੂਪਮਾਨ ਕਰਦਾ ਹੈ। ਇਨ੍ਹਾਂ ਸਾਕਿਆਂ ਨੂੰ ਬੀਰ-ਰਸੀ ਲੋਕ ਬੋਲਾਂ 'ਚ, ਢਾਡੀ ਵਾਰਾਂ ਰਾਹੀਂ ਪ੍ਰਗਟ ਕਰਨ ਲਈ 'ਸਾਕਾ ਕਾਵਿ' ਰੂਪ ਪ੍ਰਚੱਲਿਤ ਹੋਇਆ।

ਸਾਕਾ ਨਨਕਾਣਾ ਸਾਹਿਬ ਦੋ ਸ਼ਬਦਾਂ ਦਾ ਸੁਮੇਲ ਹੈ। ਨਨਕਾਣਾ ਸਾਹਿਬ, ਨਾਨਕਿਆਣਾ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਨਾਨਕ ਆਯਨ - ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਯਨ ਭਾਵ ਘਰ। ਇਸ ਧਰਤ-ਸੁਹਾਵੀ ਦਾ ਪਹਿਲਾ ਨਾਂ ਰਾਇਪੁਰ ਫਿਰ ਤਲਵੰਡੀ ਰਾਇ ਭੋਇ ਤੇ ਸਦੀਵੀ ਨਾਉਂ ਨਨਕਾਣਾ ਸਾਹਿਬ ਰੂਪਮਾਨ ਹੋਇਆ। ਨਨਕਾਣਾ ਸਾਹਿਬ ਦੀ ਧਰਤੀ 'ਤੇ ਗੁਰੂ ਨਾਨਕ ਸਾਹਿਬ ਜੀ ਨੇ ਅਨੇਕਾਂ ਅਲੌਕਿਕ ਚੋਜ ਕੀਤੇ, ਜਿਨ੍ਹਾਂ ਬਾਰੇ ਇਥੇ ਵਿਸਥਾਰ 'ਚ ਲਿਖਿਆ ਨਹੀਂ ਜਾ ਸਕਦਾ। ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ 'ਤੇ 1613 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਆਗਮਨ ਨਾਲ ਯਾਦਗਾਰੀ ਸਥਾਨ ਸਥਾਪਤ ਹੋਇਆ, ਜੋ ਸਮੇਂ ਦੇ ਬੀਤਣ ਨਾਲ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਨਾਂ ਨਾਲ ਵਿਸ਼ਵ ਪ੍ਰਸਿੱਧ ਹੋਇਆ। ਉਦਾਸੀ ਸੰਪਰਦਾ ਦੇ ਮੁਖੀ ਬਾਬਾ ਅਲਮਸਤ ਨੂੰ ਗੁਰਦੁਆਰਾ ਜਨਮ ਅਸਥਾਨ ਦੀ ਸੇਵਾ-ਸੰਭਾਲ ਗੁਰੂ ਹਰਿਗੋਬਿੰਦ ਸਾਹਿਬ ਨੇ ਸੌਂਪੀ। ਇਸ ਤਰ੍ਹਾਂ ਆਰੰਭ ਤੋਂ ਹੀ ਇਸ ਪਵਿੱਤਰ ਅਸਥਾਨ ਦਾ ਪ੍ਰਬੰਧ ਉਦਾਸੀ ਸੰਪਰਦਾ ਦੇ ਮਹੰਤ-ਪੁਜਾਰੀ ਹੀ ਕਰਦੇ ਰਹੇ। ਸਿੱਖ ਰਾਜ-ਕਾਲ ਸਮੇਂ ਗੁਰਦੁਆਰਿਆਂ ਦੇ ਨਾਂ ਲੱਗੀਆਂ ਬੇਸ਼ੁਮਾਰ

ਜਗੀਰਾਂ-ਜਾਇਦਾਦਾਂ ਨੇ ਮਹੰਤਾਂ ਨੂੰ ਆਲਸੀ-ਅਯਾਸ਼ ਤੇ ਭਰਿਸ਼ਟ-ਕੁਕਰਮੀ ਕਰ ਦਿੱਤਾ। ਸਿੱਖ ਰਾਜ ਦਾ ਸੂਰਜ ਅਸਤ ਹੋਣ ਦੀ ਦੇਰ ਸੀ ਕਿ ਮਹੰਤਾਂ-ਪੁਜਾਰੀਆਂ ਨੇ ਅੰਗਰੇਜ਼ ਭਗਤ ਬਣ ਐਸ਼-ਪ੍ਰਸਤੀ ਕਰਨੀ ਸ਼ੁਰੂ ਕਰ ਦਿੱਤੀ। ਮਹੰਤ-ਪੁਜਾਰੀ ਗੁਰਦੁਆਰਿਆਂ ਦੀਆਂ ਜ਼ਮੀਨਾਂ-ਜਾਇਦਾਦਾਂ ਨੂੰ ਆਪਣੀ ਨਿੱਜੀ ਪਿਤਾ-ਪੁਰਖੀ ਮਾਲਕੀ ਮਹਿਸੂਸ ਕਰਨ ਲੱਗੇ। ਬਦਕਿਸਮਤੀ ਨਾਲ ਸਿੱਖੀ ਦੇ ਸੋਮੇ ਗੁਰਦੁਆਰੇ, ਮਹੰਤਾਂ-ਪੁਜਾਰੀਆਂ ਵਾਸਤੇ ਐਸ਼-ਪ੍ਰਸਤੀ ਤੇ ਖਰ-ਮਸਤੀ ਦੇ ਡੇਰੇ (ਅੱਡੇ) ਬਣ ਗਏ। ਜਦ ਸਿੱਖਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ 'ਤੇ ਸਨ, ਤਦ ਵੀ ਗੁਰਦੁਆਰਾ ਪ੍ਰਬੰਧ ਆਮ ਕਰਕੇ ਪਿਤਾ-ਪੁਰਖੀ ਮਹੰਤਾਂ-ਉਦਾਸੀਆਂ ਤੇ ਨਿਰਮਲਿਆਂ ਪਾਸ ਹੀ ਸੀ। ਗੁਰੂ-ਘਰ ਦਾ ਪ੍ਰਬੰਧ ਉਤਨਾ ਸਮਾਂ ਠੀਕ-ਠਾਕ ਚੱਲਦਾ ਰਿਹਾ, ਜਿੰਨਾ ਸਮਾਂ ਸਿੱਖ ਕਦਰਾਂ-ਕੀਮਤਾਂ ਅਨੁਸਾਰ ਇਹ ਜੀਵਨ ਬਸਰ ਕਰਦੇ ਰਹੇ ਪਰ ਜਦ ਵੀ ਮਹੰਤਾਂ-ਪੁਜਾਰੀਆਂ, ਧਰਮੀ ਸਦਵਾਉਣ ਵਾਲਿਆਂ ਪ੍ਰਬੰਧਕਾਂ ਦਾ ਜੀਵਨ "ਕਰਤੂਤ ਪਸੂ ਕੀ ਮਾਨਸ ਜਾਤ" ਵਾਲਾ ਹੋ ਜਾਵੇਗਾ ਤਾਂ ਗਿਰਾਵਟ ਆਉਣੀ ਨਿਸਚਿਤ ਹੈ। ਮਹੰਤਾਂ ਦੇ ਕੁਕਰਮਾਂ-ਦੁਰਾਚਾਰਾਂ ਦੇ ਦਾਗ਼ ਨੂੰ ਧੋਣ ਵਾਸਤੇ ਪਵਿੱਤਰ ਖ਼ੂਨ ਦੀ ਜ਼ਰੂਰਤ ਸੀ ਜਿਸ ਨੂੰ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੇ ਪੂਰਾ ਕੀਤਾ। ਇਸ ਸਮੇਂ ਸਿੱਖ ਸਮਾਜ ਵਿਚ ਸਿੱਖ ਜਾਗ੍ਰਤੀ ਵਜੋਂ ਸਿੰਘ ਸਭਾ ਲਹਿਰ ਚੱਲ ਰਹੀ ਸੀ। ਚੇਤਨ ਗੁਰਸਿੱਖਾਂ ਨੇ ਗੁਰਦੁਆਰਾ ਪ੍ਰਬੰਧ ਨੂੰ, ਪਰਿਵਾਰਕ ਪ੍ਰਬੰਧ ਤੋਂ ਪੰਥਕ ਪ੍ਰਬੰਧ 'ਚ ਲਿਆਉਣ ਲਈ ਕਮਰਕੱਸੇ ਕਰ ਲਏ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਨੂੰ ਮਹੰਤਾਂ ਦੇ ਪ੍ਰਬੰਧ ਤੋਂ ਆਜ਼ਾਦ ਕਰਾਉਣ ਲਈ ਗੁਰਸਿੱਖ ਮਰਜੀਵੜਿਆਂ ਦਾ ਸ਼ਾਂਤਮਈ ਜਥਾ 21 ਫ਼ਰਵਰੀ, 1921 ਨੂੰ ਦਰਸ਼ਨੀ ਡਿਉਢੀ ਰਸਤੇ ਅੰਦਰ ਦਾਖ਼ਲ ਹੋਇਆ, ਜਿਥੇ ਇਨ੍ਹਾਂ ਨਾਨਕ ਨਾਮ ਲੇਵਾ ਗੁਰਸਿੱਖਾਂ ਦਾ 'ਸੁਆਗਤ' ਮਹੰਤ, ਉਸ ਦੇ ਗੁੰਡਿਆਂ, ਬਦਮਾਸ਼ਾਂ ਨੇ ਗੋਲੀਆਂ, ਡਾਂਗਾਂ, ਬਰਛੀਆਂ, ਤਲਵਾਰਾਂ ਆਦਿ ਮਾਰੂ ਹਥਿਆਰਾਂ ਨਾਲ ਕੀਤਾ, ਪਰ ਗੁਰੂ ਕੇ ਲਾਲ ਸ਼ਾਂਤਮਈ ਰਹਿ ਸ਼ਹਾਦਤ ਪ੍ਰਾਪਤ ਕਰ ਗਏ, ਗੁਰੂ-ਘਰ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਖ਼ਾਤਰ।

ਸਾਕਾ ਨਨਕਾਣਾ ਸਾਹਿਬ ਵਾਪਰਨ ਸਮੇਂ ਕੁਝ ਭੱਟੀ ਮੁਸਲਮਾਨਾਂ, ਬਾਬਾ ਕਰਤਾਰ ਸਿੰਘ ਬੇਦੀ, ਮੰਗਲ ਸਿੰਘ ਕੂਕਾ ਆਦਿ ਨੇ ਕੁਕਰਮੀ ਮਹੰਤਾਂ ਦਾ ਸਾਥ ਦਿੱਤਾ। ਮਹੰਤ ਨਾਰਾਇਣ ਦਾਸ ਤੇ ਮਿਸਟਰ ਕਰੀ ਡੀ.ਸੀ. ਅਤੇ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਡਵੀਜ਼ਨ ਦੀ ਸ਼ਹਿ 'ਤੇ ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਖ਼ੂਨ ਨਾਲ ਲਾਲ ਹੋ ਗਈ। ਬਾਬਾ ਕਰਤਾਰ ਸਿੰਘ ਬੇਦੀ ਨੂੰ ਕੁਝ ਸਮੇਂ ਬਾਅਦ ਪੰਥ ਨਾਲ ਕੀਤੀ ਗ਼ਦਾਰੀ ਦਾ ਅਹਿਸਾਸ ਹੋਇਆ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਗੁਰੂ-ਪੰਥ ਦੇ ਸਨਮੁਖ ਪੇਸ਼ ਹੋਇਆ, ਜਿਸ 'ਤੇ ਉਸ ਨੂੰ ਹੁਣ ਤੀਕ ਦੀ ਸਭ ਤੋਂ ਸਖ਼ਤ ਧਾਰਮਿਕ ਤਨਖ਼ਾਹ ਲਾਈ ਗਈ।

ਇਹ ਦੁਖਾਂਤਕ ਸਾਕਾ ਗੁਰੂ ਨਾਨਕ ਸਾਹਿਬ ਦੇ ਘਰ 'ਚ ਵਾਪਰਿਆ, ਇਸ ਤੋਂ ਵੱਧ ਦਰਦਨਾਕ ਘਟਨਾ ਕੀ ਹੋ ਸਕਦੀ ਹੈ। ਹਰ ਸਿੱਖ ਵਾਸਤੇ ਨਨਕਾਣਾ ਸਾਹਿਬ

ਪਹਿਲੀ ਪਵਿੱਤਰ ਮੁਕੱਦਸ ਧਰਤੀ ਹੈ ਪਰ ਮਹੰਤ ਨਰੈਣ ਦਾਸ ਗੁਰੂ-ਘਰ ਦਾ ਸਭ ਤੋਂ ਵੱਡਾ ਦੋਖੀ, ਅਕ੍ਰਿਤਘਣ, ਬਨਾਰਸੀ ਠੱਗ ਵੀ ਇਥੇ ਹੀ ਸਾਬਤ ਹੋਇਆ। ਗੁਰੂ-ਘਰ ਆਏ ਪ੍ਰੀਤਵਾਨਾਂ-ਸ਼ਰਧਾਲੂਆਂ ਦੀ ਇੱਜ਼ਤ ਨਾਲ ਖੇਡਣਾ ਇਸ ਦਾ ਨਿੱਤ ਕਰਮ ਬਣਨ ਕਰਕੇ ਇਹ ਕੁਕਰਮੀ ਬਣ ਚੁੱਕਾ ਸੀ। ਇਨ੍ਹਾਂ ਕੁਕਰਮੀ ਮਹੰਤਾਂ-ਪੁਜਾਰੀਆਂ ਦੀਆਂ ਕਰਤੂਤਾਂ ਕਰਕੇ ਧਰਮ ਕਰਮ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ 'ਚੋਂ ਗ਼ਾਇਬ ਹੋ ਚੁੱਕਾ ਸੀ। ਇਹੀ ਪ੍ਰਮੁੱਖ ਕਾਰਨ ਸੀ ਕਿ ਗੁਰਦੁਆਰਾ ਪ੍ਰਬੰਧ ਨੂੰ ਵਿਅਕਤੀ-ਪ੍ਰਬੰਧ ਤੋਂ ਆਜ਼ਾਦ ਕਰਵਾ ਕੇ ਸੰਗਤੀ-ਪ੍ਰਬੰਧ ਹੇਠ ਲਿਆਉਣ ਲਈ ਗੁਰਸਿੱਖਾਂ ਨੂੰ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਆਰੰਭ ਕਰਨੀ ਪਈ, ਜਿਸ ਤਹਿਤ ਸਭ ਤੋਂ ਪਹਿਲਾਂ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ 5 ਅਕਤੂਬਰ, 1920 ਨੂੰ ਪੰਥਕ ਪ੍ਰਬੰਧ 'ਚ ਲਿਆ ਗਿਆ। ਫਿਰ 20 ਅਕਤੂਬਰ, 1920 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ 'ਚ ਆਇਆ।

ਸ਼ਾਂਤਮਈ ਸਿੱਖ ਸੇਵਕਾਂ ਦੇ ਖ਼ੂਨ ਨਾਲ ਮਹੰਤ ਨਰੈਣ ਦਾਸ ਤੇ ਉਸ ਦੇ ਗੁੰਡਿਆਂ ਨੇ ਗੁਰਦੁਆਰਾ ਜਨਮ ਅਸਥਾਨ ਵਿਚ ਹੋਲੀ ਖੇਡੀ। ਇਹ ਗੁਰਦੁਆਰਿਆਂ ਦੀ ਸੁਤੰਤਰਤਾ, ਆਜ਼ਾਦੀ ਲਈ ਕੀਤਾ ਗਿਆ ਸਤਿਆਗ੍ਰਹਿ ਸੀ। ਜਬਰ-ਜ਼ੁਲਮ ਤੇ ਅਤਿਆਚਾਰ ਦੇ ਵਿਰੁੱਧ ਸਤਿ-ਸੰਤੋਖ, ਸਬਰ ਦੇ ਧਾਰਨੀ ਹੋ ਸ਼ਾਂਤਮਈ ਰਹਿ ਕੇ ਕੀਤਾ ਗਿਆ ਵਿਦਰੋਹ, ਰੋਸ ਤੇ ਰੋਹ ਸੀ।

ਮਹੰਤ ਨਰੈਣ ਦਾਸ ਦੇ ਬਦਮਾਸ਼ਾਂ ਦੇ ਜਬਰ-ਜ਼ੁਲਮ ਦੀ ਇੰਤਹਾ ਦੇਖੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬੈਠਾ ਸਿੰਘ ਵੀ ਸ਼ਹੀਦ ਹੋ ਗਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ 'ਚ ਵੀ ਗੋਲੀਆਂ ਲੱਗੀਆਂ, ਜਿਸ ਨੂੰ 'ਸ਼ਹੀਦੀ ਬੀੜ' ਕਿਹਾ ਜਾਂਦਾ ਹੈ ਜਿਸ ਦੇ 21 ਫ਼ਰਵਰੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਹਰ ਸਾਲ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ। ਨਨਕਾਣਾ ਸਾਹਿਬ ਦੇ ਸਾਕੇ ਸਮੇਂ ਗੁਰਸਿੱਖਾਂ ਦੇ ਸਤਿ-ਸਿਦਕ, ਸਬਰ ਦੀ ਪਰਖ ਹੋਈ। ਗੁਰੂ ਕੇ ਲਾਲਾਂ ਨੇ "ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥" ਦੇ ਮਹਾਂਵਾਕ ਨੂੰ ਪ੍ਰਤੱਖ ਕਰ ਦਿਖਾਇਆ। ਇਨ੍ਹਾਂ ਸ਼ਹੀਦਾਂ ਦੇ ਪਵਿੱਤਰ ਖ਼ੂਨ ਸਦਕਾ ਹੀ ਅੰਗਰੇਜ਼ ਰਾਜ-ਕਾਲ ਸਮੇਂ ਸੁਤੰਤਰ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹੋਂਦ 'ਚ ਆਈ, ਜਿਸ ਨੂੰ ਸਿੱਖ ਪਾਰਲੀਮੈਂਟ ਹੋਣ ਦਾ ਮਾਣ-ਸਤਿਕਾਰ ਹਾਸਲ ਹੈ। ਇਸ ਦੁਖਾਂਤਕ ਸਾਕੇ ਨੂੰ ਸ਼ਬਦੀ ਰੂਪ ਨਹੀਂ ਦਿੱਤਾ ਜਾ ਸਕਦਾ, ਕਲਪਨਾ ਕਰਕੇ ਦੇਖੋ! ਅੰਮ੍ਰਿਤ ਵੇਲੇ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ 'ਤੇ ਦਰਸ਼ਨ-ਦੀਦਾਰ ਕਰ ਰਹੇ ਸ਼ਾਂਤਮਈ ਗੁਰਸਿੱਖਾਂ 'ਤੇ ਜਦੋਂ ਮਹੰਤ ਤੇ ਉਸ ਦੇ ਬਦਮਾਸ਼ਾਂ ਨੇ ਗੋਲੀਆਂ ਦਾ ਮੀਂਹ ਵਰਸਾਇਆ ਹੋਵੇਗਾ, ਕਿਤਨੀ ਕਰੁਣਮਈ-ਦੁਖਦਾਈ ਉਹ ਘੜੀ ਹੋਵੇਗੀ - ਕੇਵਲ ਕਲਪਨਾ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਨੇ ਆਪਣੇ ਪਾਕ-ਪਵਿੱਤਰ ਖ਼ੂਨ ਨਾਲ ਮਹੰਤਾਂ ਦੇ ਪਾਪਾਂ ਨੂੰ ਧੋ ਕੇ ਪਵਿੱਤਰ ਕਰ ਦਿੱਤਾ। ਕੋਮਲ ਦਿਲ ਕਵੀ ਚਰਨ ਸਿੰਘ ਸ਼ਫ਼ਰੀ ਦੇ ਬੋਲ ਹਨ:

ਸੜਦੇ ਜੰਡ ਨੇ ਪੁੱਛਿਆ ਭੱਠ ਕੋਲੋਂ,
ਸੜਨ ਵਾਲਾ ਕੀ ਸੜ ਕੇ ਮਰ ਗਿਆ ਏ ?
ਭਖਦੇ ਭੱਠ ਨੇ ਅੱਗੋਂ ਜੁਆਬ ਦਿੱਤਾ,
ਉਹ ਤਾਂ ਮੈਨੂੰ ਵੀ ਠੰਡਿਆਂ ਕਰ ਗਿਆ ਏ...।

ਕਿਤਨੇ ਸਬਰ, ਸਹਿਜ ਸੀਤਲਤਾ ਧਾਰਨੀ ਹੋਣਗੇ ਗੁਰੂ-ਘਰ ਦੇ ਪਰਵਾਨੇ-ਗੁਰਸਿੱਖ, ਜਿਨ੍ਹਾਂ ਨੂੰ ਜਿੰਦਾ ਜੰਡ ਨਾਲ ਬੰਨ੍ਹ, ਭੱਠ ਵਿਚ ਸਾੜਿਆ ਗਿਆ ਪਰ ਕਿਸੇ ਨੇ ਸੀਅ ਨਹੀਂ ਉਚਾਰੀ। ਭਾਈ ਲਛਮਣ ਸਿੰਘ ਜੀ ਧਾਰੋਵਾਲੀ ਤੇ ਭਾਈ ਦਲੀਪ ਸਿੰਘ ਵਰਗੇ ਪ੍ਰਮੁੱਖ ਸਿੱਖ ਆਗੂ ਅਨੇਕਾਂ ਸਿੰਘਾਂ ਸਮੇਤ ਸ਼ਹਾਦਤ ਦਾ ਜਾਮ ਪੀ ਗਏ। ਇਹ ਵੀ ਤਾਂ ਧਰਮ ਹੇਤ ਸਾਕੇ ਦੀ ਦਾਸਤਾਨ ਹੈ। ਮਹੰਤ ਨਰੈਣ ਦਾਸ ਦੀ ਉਹ ਹਵੇਲੀ ਜਿਥੇ ਬੈਠ ਕੇ ਉਹ ਐਸ਼-ਪ੍ਰਸਤੀ ਤੇ ਖਰ-ਮਸਤੀ ਕਰਦਾ ਸੀ, ਦਾ ਨਾਮੋ-ਨਿਸ਼ਾਨ ਮਿਟ ਚੁੱਕਾ ਹੈ। ਸ਼ਹੀਦਾਂ ਦੀ ਯਾਦ 'ਚ ਲੱਗੇ ਸਾਇਨ ਬੋਰਡ ਦੀ ਸਿਆਹੀ ਵੀ ਫਿੱਕੀ ਪੈ ਚੁੱਕੀ ਹੈ। ਗੁਰਦੁਆਰਾ ਜਨਮ-ਅਸਥਾਨ ਦੇ ਨਜ਼ਦੀਕ ਸਥਿਤ ਸ਼ਹੀਦੀ ਖੂਹ ਤੇ ਜੰਡ ਦਾ ਦਰੱਖ਼ਤ ਸ਼ਹੀਦਾਂ ਦੀ ਸ਼ਹੀਦੀ ਦਾਸਤਾਨ ਬਿਆਨ ਕਰਦਾ ਹੈ। ਜੰਡ ਦੇ ਦਰੱਖ਼ਤ ਦੀ ਸਾਂਭ-ਸੰਭਾਲ ਹੋਣੀ ਜ਼ਰੂਰੀ ਹੈ। ਅਪ੍ਰੈਲ, 1921 'ਚ ਮਹੰਤ ਨਰੈਣ ਦਾਸ ਤੇ ਉਸ ਦੇ ਚਾਟੜਿਆਂ 'ਤੇ ਮੁਕੱਦਮਾ ਚੱਲਣਾ ਸ਼ੁਰੂ ਹੋਇਆ। 12 ਅਕਤੂਬਰ, 1921 ਨੂੰ ਮਹੰਤ ਨਰੈਣ ਦਾਸ ਤੇ ਉਸ ਦੇ 7 ਸਾਥੀਆਂ ਨੂੰ ਮੌਤ ਦੀ ਸਜ਼ਾ, 8 ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਪਰ ਹਾਈਕੋਰਟ ਨੇ ਮਹੰਤ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰ ਦਿੱਤੀ। ਪਰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਜੀ ਦੀ ਇਤਿਹਾਸਕ ਇਮਾਰਤ, ਵਿਸ਼ਾਲ ਦਰਸ਼ਨੀ ਡਿਉਢੀ ਤੇ ਖੁੱਲ੍ਹਾ ਵੇਹੜਾ ਸਮੇਂ-ਸਥਾਨ ਤੋਂ ਸੁਤੰਤਰ ਗੁਰੂ ਨਾਨਕ ਵਿਚਾਰਧਾਰਾ ਨੂੰ ਅੱਜ ਵੀ ਰੂਪਮਾਨ ਕਰਦੇ ਹਨ। ਇਹ ਸਾਕੇ ਸਿੱਖੀ-ਸਿਦਕ, ਸਬਰ, ਸਾਹਸ ਤੇ ਸ਼ਹਾਦਤ ਦੇ ਪ੍ਰਤੱਖ ਨਜ਼ਾਰੇ ਪ੍ਰਗਟ ਕਰਦੇ ਹਨ। ਲੋੜ ਹੈ ਇਨ੍ਹਾਂ ਤੋਂ ਪ੍ਰੇਰਨਾ ਲੈ ਸਿੱਖ ਜੀਵਨ-ਜਾਚ 'ਚ ਸਤਿ-ਸੰਤੋਖ ਦੇ ਧਾਰਨੀ ਹੋ ਸਮੇਂ ਦੇ ਹਾਣੀ ਹੋਣ ਦੀ!

ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ 'ਚ ਸਥਾਪਤ ਕੀਤਾ ਅਤੇ *ਸ਼ਹੀਦੀ ਜੀਵਨ* ਪੁਸਤਕ ਉਚੇਚੇ ਤੌਰ 'ਤੇ ਲਿਖਵਾਈ, ਜਿਸ ਵਿਚ 86 ਸ਼ਹੀਦਾਂ ਦਾ ਜੀਵਨ ਵਰਣਨ ਕੀਤਾ ਗਿਆ।

ਦੇਸ਼ ਵੰਡ ਸਮੇਂ ਤੀਕ ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਕਰਦੀ ਰਹੀ, ਪਰ ਬਟਵਾਰੇ ਨਾਲ ਜਿਥੇ ਸਿੱਖਾਂ ਦਾ ਬੇਸ਼ੁਮਾਰ ਜਾਨੀ ਤੇ ਮਾਲੀ ਨੁਕਸਾਨ ਹੋਇਆ, ਉਸ ਦੇ ਨਾਲ ਜਿੰਦ-ਜਾਨ ਤੋਂ ਪਿਆਰੇ ਗੁਰਦੁਆਰੇ-ਗੁਰਧਾਮਾਂ ਤੋਂ ਵੀ ਸਿੱਖ ਵਿੱਛੜ ਗਏ। ਸਿੱਖ ਹਿਰਦਿਆਂ ਨੂੰ ਪਹੁੰਚੇ ਜ਼ਖ਼ਮ ਅਜੇ ਅੱਲੇ ਹੀ ਸਨ ਕਿ ਦੇਸ਼ ਵੰਡ ਸਮੇਂ ਜ਼ਖ਼ਮ ਫਿਰ ਹਰੇ ਹੋ ਗਏ। ਵਿਛੋੜੇ ਦੇ ਨਾਸੂਰ ਨੂੰ ਭਰਨ ਵਾਸਤੇ ਹਰ ਸਿੱਖ ਸਵੇਰੇ-ਸ਼ਾਮ ਇਨ੍ਹਾਂ ਗੁਰਦੁਆਰਿਆਂ-ਗੁਰਧਾਮਾਂ ਦੇ ਦਰਸ਼ਨ-ਦੀਦਾਰ ਲਈ ਅਰਜ਼ੋਈ-ਜੋਦੜੀ ਕਰਦਾ ਹੈ।

ਜਿਸ ਧਰਤ ਸੁਹਾਵੀ ਤੋਂ 'ਨਾਨਕ ਨਿਰਮਲ ਪੰਥ' ਦਾ ਆਗ਼ਾਜ਼ ਹੋਇਆ, ਉਸ ਧਰਤੀ ਦੇ ਜ਼ੱਰੇ-ਜ਼ੱਰੇ ਨਾਲ ਹਰ ਨਾਨਕ ਨਾਮ ਲੇਵਾ ਦੀ ਮੁਹੱਬਤ ਹੋਣੀ ਲਾਜ਼ਮੀ ਹੈ। ਇਸੇ ਧਰਤੀ ਤੋਂ ਚੱਲ ਕੇ ਗੁਰੂ ਨਾਨਕ ਦੇਵ ਜੀ ਨੇ 'ਸਚੁ ਸੁਣਾਇਸੀ ਸਚ ਕੀ ਬੇਲਾ' ਦਾ ਸੰਦੇਸ਼ ਸਮੁੱਚੀ ਮਾਨਵਤਾ ਨੂੰ ਦਿੱਤਾ ਸੀ। ਗੁਰੂ ਨਾਨਕ ਨੇ ਜਬਰ-ਜ਼ੁਲਮ ਦੇ ਵਿਰੁੱਧ ਬੁਲੰਦ-ਆਵਾਜ਼ ਸਮੇਂ ਦੇ ਬਾਦਸ਼ਾਹ ਬਾਬਰ ਨੂੰ ਜਾਬਰ ਕਹਿ ਸਮੇਂ-ਸਥਾਨ ਤੇ ਪ੍ਰਸਥਿਤੀਆਂ ਤੋਂ ਪ੍ਰਭਾਵਿਤ ਨਾ ਹੁੰਦਿਆਂ ਹੋਇਆਂ ਸਮੇਂ ਸਿਰ ਸੱਚ ਦੇ ਸਿਧਾਂਤ ਲਿਖੇ, ਸੱਚ ਦੇ ਸੋਹਲੇ ਗਾਏ, ਸੱਚ ਨੂੰ ਜੀਵਨ 'ਚ ਜੀਅ ਕੇ ਦਰਸਾਇਆ। ਪਰ ਅੱਜ ਅਸੀਂ ਗੁਰੂ ਨਾਨਕ ਦੇਵ ਜੀ ਦੇ ਸਿੱਖ ਸਦਵਾਉਣ ਵਾਲੇ ਹੀ ਬਹੁਤੇ ਸਮੇਂ ਸਿਰ ਸੱਚ ਕੀ ਬੋਲਣਾ, ਸੱਚ ਬੋਲਣ ਤੋਂ ਹੀ ਕੰਨੀਂ ਕਤਰਾਉਂਦੇ ਹਾਂ।

ਸ੍ਰੀ ਅਕਾਲ ਤਖ਼ਤ ਸਾਹਿਬ : ਧਾਰਮਿਕ ਸੇਵਾ ਤੇ ਸਨਮਾਨ

ਸ੍ਰੀ ਅਕਾਲ ਤਖ਼ਤ ਸਾਹਿਬ, ਸਿੱਖ ਕੌਮ ਦਾ ਸਰਵ-ਉੱਚ ਅਸਥਾਨ ਹੈ। ਗੁਰੂ ਗ੍ਰੰਥ - ਗੁਰੂ ਪੰਥ ਨੂੰ ਤਨ-ਮਨ ਤੋਂ ਸਮਰਪਿਤ ਹੋਣਾ ਹੀ ਸਿੱਖੀ ਦੀ ਮੂਲ ਨਿਸ਼ਾਨੀ ਹੈ। ਇਤਿਹਾਸਕ ਹਵਾਲੇ ਮਿਲਦੇ ਹਨ ਸਿੱਖ ਰਾਜੇ, ਮਿਸਲਾਂ ਦੇ ਸਰਦਾਰ, ਰਿਆਸਤਾਂ ਦੇ ਮੁਖੀ ਤੇ ਅਹਿਲਕਾਰ ਆਦਿ ਆਪਣੀ ਸਾਰੀ ਸ਼ਾਨੋ-ਸ਼ੌਕਤ ਬਾਹਰ ਬੁੰਗਿਆਂ 'ਚ ਛੱਡ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ, ਗੁਰੂ-ਪੰਥ ਨੂੰ ਰੋਮ-ਰੋਮ ਤੋਂ ਸਮਰਪਿਤ ਹੁੰਦੇ। ਸੰਸਾਰਕ ਮਾਣ-ਸਤਿਕਾਰ ਤੇ ਪਦਵੀਆਂ ਰੂਪੀ ਹੰਕਾਰ ਨੂੰ ਬਾਹਰ ਛੱਡ ਕੇ ਖ਼ਾਲਸੇ ਦੀ ਪ੍ਰਭੂ-ਸੱਤਾ, ਸਰਵ-ਸ੍ਰੇਸ਼ਟਤਾ, ਸਰਵ-ਉੱਚ ਅਸਥਾਨ ਤੋਂ ਸੁਤੰਤਰ ਸਿੱਖ ਸੋਚ, ਹੋਂਦ ਹਸਤੀ, ਰੂਹਾਨੀ ਬਖ਼ਸ਼ਿਸ਼ ਨੂੰ ਪ੍ਰਾਪਤ ਕਰਦੇ। ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਨੂੰ ਭਾਵੇਂ ਕਿਸੇ ਕਿਸਮ ਦੀ ਸੇਵਾ (ਤਨਖ਼ਾਹ) ਲੱਗ-ਮਿਲ ਜਾਵੇ ਜਾਂ ਸਿਰੋਪਾਓ ਦੀ ਬਖ਼ਸ਼ਿਸ਼ ਹੋ ਜਾਵੇ, ਉਹ ਸਤਿਕਾਰ ਸਹਿਤ ਪ੍ਰਵਾਨ ਕਰਦੇ। ਇਹ ਉਹ ਅਸਥਾਨ ਹੈ ਜਿਥੇ ਸਿੱਖ ਸਮਰਪਣ ਦੀ ਭਾਵਨਾ ਨਾਲ ਹਾਜ਼ਰ ਹੁੰਦੇ ਤੇ ਸਿੱਖ ਹੋਣ ਦਾ ਮਾਣ ਮਹਿਸੂਸ ਕਰਦੇ।

ਧਾਰਮਿਕ ਤੌਰ 'ਤੇ ਵੱਖ-ਵੱਖ ਧਰਮਾਂ 'ਚ ਧਰਮ ਵਿਰੋਧੀ ਗਤੀਵਿਧੀਆਂ ਕਰਨ ਕਾਰਨ ਸੰਬੰਧਿਤ ਸਮਾਜ 'ਚੋਂ ਛੇਕਣ (ਰੋਟੀ-ਬੇਟੀ ਦੀ ਸਾਂਝ ਨਾ ਰੱਖਣ) ਦੀ ਬਹੁਤ ਪੁਰਾਤਨ ਬਲਵਾਨ ਪਰੰਪਰਾ ਹੈ। ਈਸਾਈ ਮਤ 'ਚ ਵੀ ਇਸ ਦਾ ਜ਼ਿਕਰ ਮਿਲਦਾ ਹੈ। ਅੰਗਰੇਜ਼ੀ ਸ਼ਬਦ Excommunication ਦੇ ਅਰਥ ਈਸਾਈ ਬਰਾਦਰੀ 'ਚੋਂ ਬਾਹਰ ਕਰਨ ਤੋਂ ਹੀ ਹਨ। ਇਸਲਾਮ 'ਚ ਹਜ਼ਰਤ ਮੁਹੰਮਦ ਸਾਹਿਬ ਦੇ ਸਮੇਂ ਦੇ ਹਵਾਲੇ ਇਸ ਸੰਬੰਧੀ ਮਿਲਦੇ ਹਨ। ਗਿਆਨੀ ਤਨਵੀਰ ਅਹਿਮਦ ਕਾਦੀਆਂ ਅਨੁਸਾਰ ਇਸਲਾਮਿਕ ਪਰੰਪਰਾ 'ਚ ਸ਼ਬਦ 'ਮੁਕਾਤਿਆਂ' ਵਰਤਿਆ ਜਾਂਦਾ ਹੈ, ਜਿਸ ਦਾ ਅਰਥ ਹੈ 'ਤਲੁੱਕਾਤ ਨੂੰ ਬੰਦ ਕਰਨਾ'। ਹਜ਼ਰਤ ਮੁਹੰਮਦ ਸਾਹਿਬ ਨੇ ਤਿੰਨ ਵਿਅਕਤੀਆਂ ਨਾਲੋਂ ਇਸ ਕਰਕੇ ਜਮਾਤ ਦੇ ਤਲੁੱਕਾਤ ਤੋੜ ਲਏ ਕਿਉਂਕਿ ਉਨ੍ਹਾਂ ਨੇ ਜਹਾਦ, ਭਾਵ ਧਰਮ ਯੁੱਧ 'ਚ ਜਾਣ ਤੋਂ ਨਾਂਹ ਕਰ ਦਿੱਤੀ ਸੀ। ਜਿਨ੍ਹਾਂ ਲੋਕਾਂ ਦਾ ਸਮਾਜਿਕ ਬਾਈਕਾਟ ਕੀਤਾ ਗਿਆ, ਉਨ੍ਹਾਂ ਦੀਆਂ ਧਰਮ ਪਤਨੀਆਂ ਨੇ ਵੀ ਆਪਣੇ ਪਤੀਆਂ ਨਾਲੋਂ ਤਲੁੱਕਾਤ ਤੋੜ ਲਏ ਪਰ ਉਹ ਤੌਬਾ ਕਰਨ 'ਤੇ ਦੁਬਾਰਾ ਇਸਲਾਮ 'ਚ ਸ਼ਾਮਲ ਹੋ ਸਕਦੇ ਹਨ। ਜਮਾਤੀ ਨਿਜ਼ਾਮ 'ਚ ਖ਼ਾਰਜ ਕਰਨ ਦਾ ਭਾਵ ਗੱਲਬਾਤ ਤੇ ਰਿਸ਼ਤੇਦਾਰੀ ਖ਼ਤਮ ਕਰਨਾ ਹੈ। 'ਮੁਕਾਤਿਆਂ' ਦਾ ਜ਼ਿਕਰ 'ਕੁਰਾਨੇ ਸ਼ਰੀਫ਼' ਤੇ 'ਹਦੀਸ ਬੁਖ਼ਾਰੀ'

'ਚ ਵੀ ਹੈ। ਅਸੀਂ ਦੇਖਦੇ ਹਾਂ ਕਿ ਹਿੰਦੂ ਸਮਾਜ ਵਿੱਚੋਂ ਤਾਂ ਕੁਝ ਜਾਤੀਆਂ ਨੂੰ ਅਖੌਤੀ ਨੀਵੀਂ ਜਾਤ ਕਿਹਾ ਜਾਂਦਾ ਸੀ, ਅਜਿਹੇ ਲੋਕਾਂ ਨੂੰ ਧਰਮ-ਕਰਮ ਕਰਨ, ਪੂਜਾ ਉਪਾਸ਼ਨਾ ਦਾ ਅਧਿਕਾਰ ਹੀ ਨਹੀਂ ਸੀ। ਗੁਰਬਾਣੀ 'ਚ ਪਾਵਨ ਕਥਨ ਮਿਲਦਾ ਹੈ:

ਬਿਦਰ ਦਾਸੀ ਸੁਤੁ ਛੋਕ ਛੋਹਰਾ ਕ੍ਰਿਸਨੁ ਅੰਕਿ ਗਲਿ ਲਾਵੈਗੋ ॥੨॥

(ਕਾਨੜਾ ਮਹਲਾ 4, ਪੰਨਾ 1309)

'ਛੋਕ' ਦਾ ਅਰਥ ਹੈ, ਛੇਕਿਆ ਹੋਇਆ, ਭਾਵ ਅਰਥ ਸਪੱਸ਼ਟ ਹਨ ਕਿ ਬਿਦਰ ਦਾਸੀ ਦਾ ਪੁੱਤਰ ਜਿਸ ਨੂੰ ਸਮਾਜ ਨੇ ਛੇਕਿਆ ਹੋਇਆ ਸੀ, ਨੂੰ ਭਗਵਾਨ ਕ੍ਰਿਸ਼ਨ ਗਲ ਲਾਹੁਣਗੇ।

'ਖ਼ਾਰਜ' ਅਰਬੀ ਸ਼ਬਦ ਖ਼ਾਰਿਜ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਬਾਹਰ ਨਿਕਲਣਾ, ਬਾਹਰ ਕੀਤਾ ਹੋਇਆ, ਰੱਦ ਕੀਤਾ, ਬੇਦਖ਼ਲ, ਅਲੱਗ, ਜੁਦਾ। ਕਈ ਵਾਰ ਬਾਪ ਵੀ ਆਪਣੇ ਬੱਚਿਆਂ ਨੂੰ ਜਾਇਦਾਦ 'ਚੋਂ ਖ਼ਾਰਜ ਕਰ ਦੇਂਦੇ ਹਨ।

'ਛੇਕਣਾ' ਦਾ ਅਰਥ ਹੈ ਸ਼ਕ/ਛੇਕ ਕਰਨਾ, ਮੋਰੀ ਕਰਨਾ, ਪਾੜਨਾ, ਵਿਥ ਕਰਨਾ, ਬਰਾਦਰੀ 'ਚੋਂ ਕੱਢਣਾ, ਪੰਗਤ ਤੋਂ ਬਾਹਰ ਕੱਢਣਾ। ਗੁਰੂ-ਪੰਥ ਨੂੰ ਸਮਰਪਿਤ ਹੋਣ ਨਾਲ ਸਰੀਰਕ ਤੇ ਆਤਮਿਕ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਪੰਥਕ ਪਰਿਵਾਰ ਨਾਲੋਂ ਟੁੱਟਣ ਨਾਲ ਸਰੀਰਕ, ਮਾਨਸਿਕ ਦੁੱਖ ਨਸੀਬ ਹੁੰਦਾ ਹੈ। ਅੰਤਰੀਵ ਤੌਰ 'ਤੇ ਮਨੁੱਖ ਬਿਮਾਰ ਮਾਨਸਿਕਤਾ ਦਾ ਸ਼ਿਕਾਰ ਹੋ ਜਾਂਦਾ ਹੈ। ਕਾਰਨ ਸਪੱਸ਼ਟ ਹੈ, ਮਨੁੱਖ ਸਮਾਜਿਕ ਪ੍ਰਾਣੀ ਹੋਣ ਕਾਰਨ ਇਕੱਲਤਾ ਨੂੰ ਭਾਰੀ ਸਜ਼ਾ ਮਹਿਸੂਸ ਕਰਦਾ ਹੈ। ਗੁਰੂ ਸਾਹਿਬਾਨ ਦੇ ਸਮੇਂ ਤੇ ਬਾਅਦ ਦੇ ਇਤਿਹਾਸਕ ਤੌਰ 'ਤੇ ਅਜਿਹੇ ਹਵਾਲੇ ਮਿਲਦੇ ਹਨ, ਜਿਨ੍ਹਾਂ 'ਚ ਰਾਏ ਸੱਤੇ ਬਲਵੰਡ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਮਿਲਦਾ ਹੈ। ਪਰ ਇਕ ਗੱਲ ਸਪੱਸ਼ਟ ਹੈ, ਸੰਬੰਧਿਤ ਵਿਅਕਤੀਆਂ ਦਾ ਸਮਾਜਿਕ ਭਾਈਚਾਰਕ ਬਾਈਕਾਟ ਹੁੰਦਾ ਹੈ, ਕਿਸੇ ਵਿਅਕਤੀ ਨੂੰ ਸੰਬੰਧਿਤ ਧਰਮ 'ਚੋਂ ਖ਼ਾਰਜ ਨਹੀਂ ਕੀਤਾ ਜਾ ਸਕਦਾ, ਸੰਬੰਧਿਤ ਜਮਾਤ-ਸਮਾਜ 'ਚੋਂ ਤਾਂ ਛੇਕਿਆ ਜਾ ਸਕਦਾ ਹੈ। ਤਨਖ਼ਾਹ/ ਧਾਰਮਿਕ ਸੇਵਾ ਕਿਸੇ ਵੀ ਰੂਪ ਵਿਚ ਸਜ਼ਾ ਨਹੀਂ, ਇਹ ਤਾਂ ਅਹਿਸਾਸ ਹੈ ਅਪਣੱਤ ਦਾ। ਜੇਕਰ ਕਿਸੇ ਦੇ ਬਣ ਕੇ ਰਹੀਏ ਤਾਂ ਸਾਨੂੰ ਮਾਣ ਸਤਿਕਾਰ ਵੀ ਮਿਲਦਾ ਹੈ। ਜੇਕਰ ਅਸੀਂ ਗੁਰੂ ਗ੍ਰੰਥ - ਗੁਰੂ ਪੰਥ ਦੇ ਬਣ ਕੇ ਜੀਵਨ ਜੀ ਸਕਾਂਗੇ ਤਾਂ ਗੁਰੂ ਵੀ ਹਮੇਸ਼ਾ ਸਾਡੀ ਬਹੁੜੀ ਕਰੇਗਾ।

ਆਮ ਕਰਕੇ ਕਿਹਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਥਾਪਤ ਪੰਥਕ ਧਿਰ ਅਨੁਸਾਰ ਫ਼ੈਸਲੇ ਹੁੰਦੇ ਹਨ ਪਰ ਇਹ ਸੱਚ ਨਹੀਂ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਰਤਨ ਸ੍ਰੀਮਾਨ ਮਾਸਟਰ ਤਾਰਾ ਸਿੰਘ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸਮੁੱਚੀ ਕਾਰਜਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਆਦਿਕ ਨੂੰ ਪਹਿਲਾਂ ਤਨਖ਼ਾਹ ਲੱਗ ਚੁੱਕੀ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਵੀ ਧਾਰਮਿਕ ਸੇਵਾ ਨਿਭਾ ਚੁੱਕੇ ਹਨ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਸ. ਨਵਤੇਜ ਸਿੰਘ ਕਾਉਣੀ,

ਸ. ਮਹਿੰਦਰ ਸਿੰਘ ਰੁਮਾਣਾ, ਸ. ਜਗਦੀਸ਼ ਸਿੰਘ ਝੀਂਡਾ ਤੇ ਸ. ਸੁਖਵੰਤ ਸਿੰਘ ਥੇਹਗੁਜਰ ਆਦਿ ਨੂੰ ਤਨਖ਼ਾਹ ਲਾਈ ਗਈ, ਜੋ ਉਨ੍ਹਾਂ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕੀਤੀ।

ਵਰਤਮਾਨ ਸਮੇਂ ਸ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ, ਸ. ਜੋਗਿੰਦਰ ਸਿੰਘ ਸੰਪਾਦਕ *ਸਪੋਕਸਮੈਨ*, ਪ੍ਰੋ. ਦਰਸ਼ਨ ਸਿੰਘ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਆਦਿ ਨੂੰ ਸਿੱਖ ਸਿਧਾਂਤਾਂ, ਮਰਯਾਦਾ ਤੇ ਪਰੰਪਰਾ ਵਿਰੁੱਧ ਕਾਰਵਾਈਆਂ ਕਰਨ ਕਰਕੇ ਪਹਿਲਾਂ ਤਨਖ਼ਾਹੀਆ ਕਰਾਰ ਦਿੱਤਾ ਗਿਆ ਤੇ ਫਿਰ ਪੰਥ 'ਚੋਂ ਛੇਕ ਦਿੱਤਾ ਗਿਆ। ਪ੍ਰੋ. ਦਰਸ਼ਨ ਸਿੰਘ ਅਜਿਹੀ ਪਹਿਲੀ ਸ਼ਖ਼ਸੀਅਤ ਹਨ, ਜਿਨ੍ਹਾਂ ਨੂੰ ਕੌਮ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੋਣ ਦਾ ਮਾਣ ਬਖ਼ਸ਼ਿਸ਼ ਕੀਤਾ ਤੇ ਫਿਰ ਪੰਥ 'ਚੋਂ ਖ਼ਾਰਜ ਵੀ ਕਰਨਾ ਪਿਆ।

ਵਰਤਮਾਨ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਮੁੱਖ ਨੇਤਾ, ਮੁੱਖ ਮੰਤਰੀ ਪੰਜਾਬ, ਸ. ਪ੍ਰਕਾਸ਼ ਸਿੰਘ ਬਾਦਲ ਨੇ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰੂ ਗ੍ਰੰਥ - ਗੁਰੂ ਪੰਥ ਦੀ ਸਰਵ-ਉੱਚਤਾ ਨੂੰ ਸਵੀਕਾਰਿਆ-ਸਤਿਕਾਰਿਆ ਅਤੇ ਜਾਤੀ ਤੌਰ 'ਤੇ ਵੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ 5 ਜੂਨ, 2003 ਨੂੰ ਹਾਜ਼ਰ ਹੋ ਕੇ, ਗੁਰੂ-ਪੰਥ ਦੇ ਆਦੇਸ਼ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ।

ਗੁਰੂ ਦਾ ਇਹ ਬਿਰਦ ਹੈ ਕਿ ਭੁੱਲਿਆਂ-ਵਿਸਰਿਆਂ ਨੂੰ ਗਲ ਲਾਉਂਦਾ ਹੈ। ਮਨੁੱਖੀ ਸੁਭਾਓ ਹੈ ਹਮੇਸ਼ਾ ਹੀ ਖ਼ੂਨਾਮੀਆਂ-ਗ਼ਲਤੀਆਂ ਕਰਦੇ ਰਹਿਣਾ, ਪਰ ਗੁਰੂ ਦਾ ਸੁਭਾਓ ਹੈ ਕਿ ਪਤਿਤਾਂ ਨੂੰ ਪਵਿੱਤਰ ਕਰਨਾ :

ਹਮਰੋ ਸਹਾਉ ਸਦਾ ਸਦ ਭੂਲਨ ਤੁਮ੍ਰੋ ਬਿਰਦੁ ਪਤਿਤ ਉਧਰਨ ॥

(ਬਿਲਾਵਲੁ ਮਹਲਾ ੫, ਪੰਨਾ 828)

ਗੁਰੂ-ਪੰਥ ਵੱਲੋਂ ਖ਼ਾਰਜ ਕੀਤੇ ਗਏ ਵਿਅਕਤੀ ਕਿਸੇ ਵੀ ਸਮੇਂ ਗੁਰੂ-ਪੰਥ ਦੇ ਸਿਧਾਂਤ, ਮਰਯਾਦਾ ਤੇ ਪਰੰਪਰਾਵਾਂ ਨੂੰ ਸਵੀਕਾਰ ਕਰ ਕੇ ਸਮਰਪਣ ਭਾਵਨਾ ਨਾਲ ਗੁਰੂ ਪਰਿਵਾਰ ਦੇ ਦੁਬਾਰਾ ਮੈਂਬਰ ਬਣ ਸਕਦੇ ਹਨ, ਸਿਰਫ਼ ਆਪਣੀ ਹਉਮੈ, ਹੰਕਾਰ ਨੂੰ ਛੱਡਣਾ ਤੇ ਜ਼ਮੀਰ ਦੀ ਆਵਾਜ਼ ਨੂੰ ਸੁਣਨਾ ਜ਼ਰੂਰੀ ਹੈ। ਜਦ ਵੀ ਉਹ ਚਾਹੇ, ਸੰਬੰਧਿਤ ਜਮਾਤ-ਸਮਾਜ-ਪੰਥ ਦਾ ਹਿੱਸੇਦਾਰ ਬਣ ਸਕਦਾ ਹੈ ਬਸ਼ਰਤਿ ਕਿ ਉਸ ਨੂੰ ਆਪਣੀ ਗ਼ਲਤੀ/ਊਣਤਾਈ ਜਾਂ ਹਉਮੈ-ਹੰਕਾਰ ਦਾ ਅਹਿਸਾਸ ਹੋ ਜਾਵੇ। ਜਦ ਅਜਿਹਾ ਹੋ ਜਾਂਦਾ ਹੈ ਤਾਂ ਗੁਰੂ-ਪੰਥ ਆਪਣੇ ਬਿਰਦ ਅਨੁਸਾਰ "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ" ਪਿਆਰ ਗਲਵਕੜੀ 'ਚ ਹੀ ਨਹੀਂ ਲੈਂਦਾ, ਸਗੋਂ ਸੱਤਾ-ਬਲਵੰਡ ਦੀਆਂ ਭੁੱਲਾਂ ਨੂੰ ਬਖ਼ਸ਼ ਕੇ ਸਨਮਾਨ, ਰੁਤਬੇ ਤੇ ਸਤਿਕਾਰ ਵੀ ਦੇਂਦਾ ਹੈ। ਲੋੜ ਸਿਰਫ਼ ਇਹੀ ਹੈ ਕਿ ਅਸੀਂ ਆਪਾ ਸਮਰਪਣ ਕਰੀਏ ਤੇ ਸਾਨੂੰ ਆਪਣੀ ਅਲਪਗਤਾ ਦਾ ਅਹਿਸਾਸ ਹੋਵੇ :

ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ ॥
ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥੧॥

(ਕਲਿਆਨ ਮਹਲਾ ੪, ਪੰਨਾ 1321)

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਮੇਂ-ਸਮੇਂ ਜਾਰੀ ਕੀਤੇ ਗਏ ਹੁਕਮਨਾਮਿਆਂ ਤੇ ਆਦੇਸ਼ਾਂ ਦਾ ਅਧਿਐਨ ਕਰਨ 'ਤੇ ਦਾਸ ਦਾ ਇਹ ਦ੍ਰਿੜ੍ਹ ਵਿਸ਼ਵਾਸ ਬਣ ਗਿਆ ਹੈ ਕਿ ਸਿੱਖ ਸਦਵਾਉਣ ਵਾਲੇ ਨੂੰ ਇਕ ਨਾ ਇਕ ਦਿਨ, ਕਿਸੇ ਨਾ ਕਿਸੇ ਰੂਪ 'ਚ ਗੁਰੂ-ਪੰਥ ਦੀ ਸਰਵ-ਉੱਚਤਾ ਸਵੀਕਾਰ ਕਰਦਿਆਂ ਸਮਰਪਣ ਕਰਨਾ ਹੀ ਪੈਂਦਾ ਹੈ। ਕਈ ਵਾਰ ਮਨੁੱਖ ਹੰਕਾਰ ਵੱਸ ਮਹਿਸੂਸ ਕਰਦਾ ਹੈ ਕਿ ਮੇਰਾ ਤਾਂ ਗੁਜ਼ਾਰਾ ਹੋ ਹੀ ਜਾਣਾ ਹੈ, ਮੈਨੂੰ ਕਿਸੇ ਦੀ ਕੀ ਪ੍ਰਵਾਹ, ਪਰ ਸਮੇਂ ਦੇ ਨਾਲ ਹਰ ਮਨੁੱਖ ਆਤਮਿਕ ਤੌਰ 'ਤੇ ਟੁੱਟਿਆ ਹੋਇਆ ਮਹਿਸੂਸ ਕਰਦਾ ਹੈ। ਹੁਣ ਤਕ ਜੇਕਰ ਇਤਿਹਾਸ ਨੂੰ ਵੇਖਿਆ ਜਾਵੇ ਤਾਂ ਇਹ ਸੱਚ ਪ੍ਰਗਟ ਹੁੰਦਾ ਹੈ। ਬੇਦਖ਼ਲ ਕੀਤਾ ਵਿਅਕਤੀ ਜਾਂ ਉਸ ਦਾ ਪਰਿਵਾਰ ਇਸ ਬੋਝ ਨੂੰ ਉਤਾਰਨ ਪ੍ਰਤੀ ਯਤਨਸ਼ੀਲ ਹੁੰਦਾ ਹੈ। ਕੁਝ ਕੁ ਉਦਾਹਰਣਾਂ:

ਪੰਚ ਖ਼ਾਲਸਾ ਦੀਵਾਨ, ਭਸੌੜ ਵੱਲੋਂ *ਗੁਰਮੁਖੀ ਕੋਰਸ* ਪੁਸਤਕ ਛਾਪ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਅਦਲਾ-ਬਦਲੀ ਅਤੇ ਵਾਧ-ਘਾਟ ਕਰ ਕੇ ਗੁਰਬਾਣੀ ਤੇ ਉਸ ਦੇ ਕ੍ਰਮ ਨੂੰ ਭੰਗ ਕੀਤਾ। ਮੂਲਮੰਤ੍ਰ, ਅਰਦਾਸ ਤੇ ਅੰਮ੍ਰਿਤ-ਸੰਚਾਰ ਵਿਧੀ ਦੇ ਵਿਰੋਧ 'ਚ ਵੀ ਉਨ੍ਹਾਂ ਨੇ ਕਾਰਵਾਈ ਕੀਤੀ। ਇਨ੍ਹਾਂ ਕਾਰਨਾਂ ਕਰਕੇ 2 ਅਗਸਤ, 1928 ਈ. ਨੂੰ ਬਾਬੂ ਤੇਜਾ ਸਿੰਘ ਤੇ ਬੀਬੀ ਨਰਿੰਜਣ ਕੌਰ ਨੂੰ ਪੰਥ 'ਚੋਂ ਖ਼ਾਰਜ ਕੀਤਾ ਗਿਆ ਸੀ। ਬਾਬੂ ਤੇਜਾ ਸਿੰਘ ਤੇ ਬੀਬੀ ਨਰਿੰਜਣ ਕੌਰ ਦੇ ਜਾਨਸ਼ੀਨ, ਸ. ਮਨਮੋਹਨ ਸਿੰਘ ਤੇ ਸਮੂਹ ਨੇ 3 ਮਈ, 2011 ਨੂੰ ਭੁੱਲ ਬਖ਼ਸ਼ਾਈ।

5 ਜੁਲਾਈ, 1977 ਈ. ਨੂੰ *ਦਸਮ ਗ੍ਰੰਥ ਨਿਰਣੈ* ਪੁਸਤਕ ਲਿਖ ਕੇ ਪੰਥ ਦੇ ਬੁਨਿਆਦੀ ਅਸੂਲਾਂ 'ਤੇ ਭਾਰੀ ਸੱਟ ਮਾਰਨ ਕਾਰਨ ਸ. ਭਾਗ ਸਿੰਘ ਅੰਬਾਲਵੀ ਉਪਰ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪਾਬੰਦੀਆਂ ਆਇਦ ਕੀਤੀਆਂ ਗਈਆਂ। ਅੰਬਾਲਵੀ ਨੇ 7 ਮਾਰਚ, 1980 ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਭੁੱਲ ਬਖ਼ਸ਼ਾਈ। ਜੂਨ, 1984 ਈ. ਭਾਈ ਨਰਾਇਣ ਸਿੰਘ ਕਲੇਰਾਂ ਵਾਲਿਆਂ ਨੂੰ ਪੰਥਕ ਰਵਾਇਤਾਂ ਦੀ ਉਲੰਘਣਾ ਕਰਨ ਕਰਕੇ ਪੰਥ 'ਚੋਂ ਖ਼ਾਰਜ ਕੀਤਾ ਗਿਆ ਸੀ। ਜਿਨ੍ਹਾਂ ਦੀਆਂ ਭੁੱਲਾਂ ਉਨ੍ਹਾਂ ਦੇ ਉਤਰਾਧਿਕਾਰੀ ਭਾਈ ਘਾਲਾ ਸਿੰਘ ਨਾਨਕਸਰ ਸੰਪ੍ਰਦਾ ਕਲੇਰਾਂ, ਲੁਧਿਆਣਾ ਨੇ 4 ਸਤੰਬਰ, 2003 ਨੂੰ ਧਾਰਮਿਕ ਸੇਵਾ ਪ੍ਰਵਾਨ ਕਰ ਕੇ ਬਖ਼ਸ਼ਵਾਈਆਂ।

ਏਸੇ ਤਰ੍ਹਾਂ ਹੀ ਸ. ਗੁਰਮੁਖ ਸਿੰਘ ਨਾਨਕਸਰ ਵਾਲਿਆਂ ਨੂੰ 20 ਅਪ੍ਰੈਲ, 1998 ਨੂੰ ਪੰਥ 'ਚੋਂ ਖ਼ਾਰਜ ਕੀਤਾ ਗਿਆ। ਇਸ ਕਰਕੇ ਭਾਈ ਗੁਰਮੁਖ ਸਿੰਘ ਅਹਿਸਾਸੇ-ਕਮੱਤਰੀ ਦੇ ਸ਼ਿਕਾਰ ਹੋ, ਸਖ਼ਤ ਬੀਮਾਰ ਹੋ ਗਏ। ਹਾਲਾਤ ਅਜਿਹੇ ਬਣ ਗਏ ਕਿ ਸਾਹ ਪੂਰੇ ਨਾ ਹੋਣ ਕਾਰਨ ਭਾਰੀ ਕਸ਼ਟ ਆ ਗਿਆ। ਅਖ਼ੀਰ ਇਨ੍ਹਾਂ ਦੇ ਸਪੁੱਤਰ ਸ. ਗੁਰਚਰਨ ਸਿੰਘ ਤੇ ਮੁਖੀ ਸੱਜਣ ਲਿਖਤੀ ਮੁਆਫ਼ੀਨਾਮਾ ਲੈ ਕੇ 3 ਮਾਰਚ, 2004 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋਏ। ਅਕਾਲ ਪੁਰਖ ਦਾ ਭਾਣਾ ਅਗਲੇ ਦਿਨ ਹੀ ਭਾਈ ਗੁਰਮੁਖ ਸਿੰਘ ਸੁਆਸ ਪੂਰੇ ਕਰ ਗਏ।

ਗੁਰੂ-ਪੰਥ ਸਮੇਂ-ਸਮੇਂ ਸਿੱਖ ਸੇਵਕਾਂ ਨੂੰ ਮਾਣ ਸਤਿਕਾਰ ਸਿਰੋਪਾਓ ਦੀ ਬਖ਼ਸ਼ਿਸ਼

ਵੀ ਕਰਦਾ ਰਿਹਾ ਹੈ। ਸਿਰੋਪਾਓ ਦੇ ਰੂਪ 'ਚ ਪ੍ਰਾਪਤ ਹਰ ਵਸਤੂ 'ਚ ਗੁਰੂ ਦੀ ਸਰਵ-ਵਿਆਪਕ ਸਰਵ-ਸ਼ਕਤੀਮਾਨ ਹੋਂਦ ਦਾ ਅਹਿਸਾਸ ਹੁੰਦਾ ਹੈ ਜੋ ਅਮੋਲਕ ਹੈ। ਪੀਰ ਬੁੱਧੂ ਸ਼ਾਹ ਦੀ ਲਾਸਾਨੀ-ਵਿਲੱਖਣ, ਪ੍ਰੇਮ ਭਾਵਨਾ ਤੇ ਕੁਰਬਾਨੀ ਨੂੰ ਤੱਕ ਕੇ ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਪਿਆਰ ਨਿਸ਼ਾਨੀ ਵਜੋਂ ਕੁਝ ਦੇਣਾ ਚਾਹਿਆ ਤਾਂ ਪੀਰ ਬੁੱਧੂ ਸ਼ਾਹ ਦੇ ਸ਼ਬਦ ਸਨ: "ਗੁਰਦੇਵ! ਜੇ ਤਰੁੱਠੇ ਹੋ ਤਾਂ ਕੰਘਾ ਕੇਸਾਂ ਸਮੇਤ ਬਖ਼ਸ਼ਿਸ਼ ਕਰ ਦਿਓ।" ਕਲਗ਼ੀਧਰ ਪਿਤਾ ਜੀ ਨੇ ਪੀਰ ਬੁੱਧੂ ਸ਼ਾਹ ਨੂੰ ਇਹ ਬਖ਼ਸ਼ਿਸ਼ ਕਰ ਦਿੱਤੀ। ਪੀਰ ਬੁੱਧੂ ਸ਼ਾਹ ਜੀ ਤਾਂ ਕੰਘੇ ਦੀ ਕੇਸਾਂ ਸਮੇਤ ਮੰਗ ਕਰ ਰਹੇ ਹਨ ਪਰ ਜਾਣੇ-ਅਣਜਾਣੇ ਕੁਝ ਗੁਰਸਿਖ ਸਦਵਾਉਣ ਵਾਲੇ ਗੁਰੂ ਕੀ ਮੋਹਰ ਕੇਸਾਂ ਦੀ ਖ਼ੁਦ ਬੇਅਦਬੀ ਕਰ ਰਹੇ ਹਨ, ਉਹ ਆਪਣੇ-ਆਪ ਗੁਰੂ-ਪੰਥ ਦੀ ਰਾਮਕਾਰ ਤੋਂ ਬਾਹਰ ਜਾ ਕੇ ਗੁਰੂ ਨੂੰ ਬੇਦਾਵਾ ਦੇ ਰਹੇ ਹਨ। ਸ਼ਾਇਦ ਉਨ੍ਹਾਂ ਨੂੰ ਅਹਿਸਾਸ ਨਹੀਂ ਕਿ ਬੇਦਾਵਾ ਦੇਣਾ ਤਾਂ ਆਸਾਨ ਹੈ ਪਰ ਬੇਦਾਵਾ ਪੜਵਾਉਣ ਵਾਸਤੇ ਸੀਸ ਵੀ ਗੁਰੂ ਨੂੰ ਭੇਟ ਕਰ ਮਾਫ਼ੀ ਲਈ ਤਰਲੇ ਲੈਣੇ ਪੈਂਦੇ ਹਨ। ਫਿਰ ਹੀ ਤਰਸ ਕਰ ਕੇ ਗੁਰੂ ਆਪਣੀ ਪਿਆਰੀ ਗਲਵਕੜੀ ਦਾ ਨਿੱਘ ਮਾਨਣ ਦਾ ਅਧਿਕਾਰੀ ਬਣਾਉਂਦਾ ਹੈ।

ਸਿਰੋਪਾਓ, ਸਿਰੇਪਾਉ ਤੇ ਸਿਰੋਪਾਉ ਤਿੰਨ ਸ਼ਬਦ ਜੋੜਾਂ ਨਾਲ ਚਾਰ ਵਾਰ ਗੁਰਬਾਣੀ 'ਚ ਅੰਕਿਤ ਹੈ ਜਿਸ ਦਾ ਅਰਥ ਹੈ ਸਿਰ ਤੋਂ ਪੈਰਾਂ ਤੀਕ ਪਹਿਰਣ ਦੀ ਪੋਸ਼ਾਕ-ਖ਼ਿੱਲਤ। ਖ਼ਿੱਲਤ ਦਾ ਅਰਥ ਹੈ ਬਾਦਸ਼ਾਹ ਵੱਲੋਂ ਮਿਲੀ ਪੁਸ਼ਾਕ, ਜੋ ਸ਼ਾਹੀ ਸਨਮਾਨ ਦਾ ਚਿੰਨ੍ਹ ਹੈ। ਸਿਰੋਪਾਉ ਦਾ ਭਾਵ ਹੈ ਉਹ ਰੂਹਾਨੀ ਪੁਸ਼ਾਕ ਜੋ ਗੁਰੂ ਦਰ ਤੋਂ ਸਿੱਖ-ਸੇਵਕਾਂ ਨੂੰ ਬਖ਼ਸ਼ਿਸ਼ ਦੇ ਰੂਪ 'ਚ ਪ੍ਰਾਪਤ ਹੁੰਦੀ ਹੈ। ਸਿਰੋਪਾਓ ਫ਼ਾਰਸੀ ਸ਼ਬਦ ਸਰਾਪਾ ਦਾ ਪੰਜਾਬੀ ਰੂਪ ਹੈ। ਸਰਾਪਾ ਸ਼ਬਦ ਫ਼ਾਰਸੀ ਸ਼ਬਦ 'ਅਜ਼ ਸਰ ਤਾ ਪਾ' ਦਾ ਸੰਖੇਪ, ਸਿਰ ਤੋਂ ਪੈਰਾਂ ਤੀਕ ਭਾਵ ਸਰਵ ਅੰਗ*। ਸਿਰੋਪਾਓ ਦੇ ਸਮਾਨ ਅਰਥਕ ਸ਼ਬਦ ਸਤਿਕਾਰ, ਆਦਰ, ਸਨਮਾਨ ਆਦਿ ਹਨ ਪਰ ਸਿਰੋਪਾਉ ਰੂਹਾਨੀਅਤ ਦਾ ਪ੍ਰਤੀਕ ਹੈ, ਸਨਮਾਨ ਜਦੋਂ ਕਿ ਸੰਸਾਰਕ ਭਾਵਨਾ ਨੂੰ ਰੂਪਮਾਨ ਕਰਦਾ ਹੈ।

ਗੁਰੂ-ਪੰਥ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ-ਘਰ ਤੋਂ ਵਰੋਸਾਈਆਂ ਸ਼ਖ਼ਸੀਅਤਾਂ ਨੂੰ ਸਨਮਾਨ-ਸਤਿਕਾਰ ਦੇਣ ਦੀ ਮਰਯਾਦਾ ਤੇ ਪਰੰਪਰਾ ਬਹੁਤ ਪੁਰਾਣੀ ਹੈ। ਸਮੇਂ-ਸਮੇਂ ਸਿੱਖ ਵਿਦਵਾਨਾਂ, ਇਤਿਹਾਸਕਾਰਾਂ, ਲੇਖਕਾਂ, ਪੰਥ ਸੇਵਕਾਂ ਆਦਿ ਨੂੰ ਸਨਮਾਨ ਦਿੱਤਾ ਜਾਂਦਾ ਰਿਹਾ। ਇਤਿਹਾਸਕ ਤੌਰ 'ਤੇ ਮਿਲਦੇ ਹਵਾਲਿਆਂ ਅਨੁਸਾਰ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਦੇ ਕਰਤਾ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਨਮਾਨ-ਸਤਿਕਾਰ ਦੀ ਬਖ਼ਸ਼ਿਸ਼ ਹੋਈ। ਸ੍ਰੀ ਮਾਨ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਨੇ ਬਹੁਤ ਲੰਮਾ ਸਮਾਂ ਕੌਮ ਦੀ ਅਗਵਾਈ ਵੱਖ-ਵੱਖ ਪਦਵੀਆਂ 'ਤੇ ਬਿਰਾਜਮਾਨ ਹੋ ਕੇ ਕੀਤੀ। ਉਹ ਗੁਰੂ-ਗ੍ਰੰਥ-ਪੰਥ ਨੂੰ ਰੋਮ-ਰੋਮ ਤੋਂ ਸਮਰਪਿਤ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਨੂੰ ਧਾਰਮਿਕ ਸੇਵਾ ਵੀ ਲਾਈ ਗਈ। ਉਨ੍ਹਾਂ ਦੇ ਨਾਂ ਨਾਲ 'ਪੰਥ ਰਤਨ' ਸ਼ਬਦ ਪੱਕੇ ਤੌਰ 'ਤੇ ਜੁੜ ਚੁੱਕਾ

* *ਮਹਾਨ ਕੋਸ਼*, ਪੰਨਾ 169.

ਹੈ ਪਰ ਇਸ ਬਾਰੇ ਲਿਖਤੀ ਵੇਰਵਾ ਪ੍ਰਾਪਤ ਨਹੀਂ। ਸਿਰਦਾਰ ਕਪੂਰ ਸਿੰਘ ਜੀ ਇੱਕੋ-ਇਕ ਸਿੱਖ ਸ਼ਖ਼ਸੀਅਤ ਹਨ ਜਿਨ੍ਹਾਂ ਨੂੰ 'ਪ੍ਰੋਫ਼ੈਸਰ ਆਫ਼ ਸਿੱਖਇਜ਼ਮ' ਦੀ ਉਪਾਧੀ 13 ਅਕਤੂਬਰ, 1973 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਾਪਤ ਹੋਈ। ਪ੍ਰਾਪਤ ਵੇਰਵਿਆਂ ਅਨੁਸਾਰ ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ (ਭਾਈ ਸਾਹਿਬ) 4 ਜੂਨ, 1927, ਭਾਈ ਸਾਹਿਬ ਭਾਈ ਰਣਧੀਰ ਸਿੰਘ (ਭਾਈ ਸਾਹਿਬ) 15 ਸਤੰਬਰ, 1931, ਭਾਈ ਸਾਹਿਬ ਸਰਦਾਰ ਹਰਿਭਜਨ ਸਿੰਘ ਯੋਗੀ (ਭਾਈ ਸਾਹਿਬ) 13 ਜੁਲਾਈ, 1974, ਸਰਦਾਰ ਦੀਦਾਰ ਸਿੰਘ ਬੈਂਸ (ਭਾਈ ਸਾਹਿਬ) 18 ਜਨਵਰੀ, 1984, ਜਥੇਦਾਰ ਗੁਰਚਰਨ ਸਿੰਘ ਟੌਹੜਾ (ਪੰਥ ਰਤਨ) ਤੇ ਗਿਆਨੀ ਸੰਤ ਸਿੰਘ ਮਸਕੀਨ (ਗੁਰਮਤਿ ਵਿਦਿਆ ਮਾਰਤੰਡ) 27 ਮਾਰਚ, 2005 ਅਕਾਲ ਚਲਾਣੇ ਉਪਰੰਤ, ਡਾ. ਰਘਬੀਰ ਸਿੰਘ ਬੈਂਸ, ਕੈਨੇਡਾ (ਸਿੱਖ ਸਕਾਲਰ ਆਫ਼ ਕੰਪਿਊਟਰ ਏਜ) 10 ਜਨਵਰੀ, 2006, ਭਾਈ ਜਸਬੀਰ ਸਿੰਘ ਖ਼ਾਲਸਾ (ਪੰਥ ਰਤਨ) 4 ਅਗਸਤ 2007 ਅਕਾਲ ਚਲਾਣੇ ਉਪਰੰਤ, ਬਾਬਾ ਨਿਹਾਲ ਸਿੰਘ ਜੀ ਮੁਖੀ ਤਰਨਾ ਦਲ (ਭਾਈ ਸਾਹਿਬ) 29 ਮਾਰਚ, 2008, ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਦੇ ਆਗੂ ਭਾਈ ਮਹਿੰਦਰ ਸਿੰਘ (ਭਾਈ ਸਾਹਿਬ) 28 ਜੂਨ, 2010, ਸ. ਰੂਪ ਸਿੰਘ (ਸਿੱਖ ਸਕਾਲਰ) 11 ਅਪ੍ਰੈਲ, 2011, ਸ. ਸਰਨ ਸਿੰਘ ਆਈ.ਏ.ਐਸ. (ਸ਼੍ਰੋਮਣੀ ਸਿੱਖ ਲੇਖਕ) ਤੇ ਸ. ਕਰਤਾਰ ਸਿੰਘ ਠਕਰਾਲ (ਸ਼੍ਰੋਮਣੀ ਸਿੱਖ ਸੇਵਕ) 8 ਅਕਤੂਬਰ, 2011 ਆਦਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿਚ ਸ਼ਾਮਲ ਹਨ।

5 ਦਸੰਬਰ, 2011 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਲੰਮੇਰਾ ਸਮਾਂ ਪ੍ਰਧਾਨ ਵਜੋਂ ਸੇਵਾ ਕਰ ਚੁੱਕੇ, ਸ. ਪ੍ਰਕਾਸ਼ ਸਿੰਘ ਬਾਦਲ ਸਰਪ੍ਰਸਤ ਸ਼੍ਰੋਮਣੀ ਅਕਾਲੀ ਦਲ ਤੇ ਮੁੱਖ ਮੰਤਰੀ, ਪੰਜਾਬ ਦੀਆਂ ਸੇਵਾਵਾਂ ਦਾ ਸਤਿਕਾਰ ਕੀਤਾ ਗਿਆ। ਸ. ਪ੍ਰਕਾਸ਼ ਸਿੰਘ ਬਾਦਲ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਗਾਏ ਮੋਰਚਿਆਂ 'ਚ ਲੰਮੀ ਜੇਲ੍ਹ ਯਾਤਰਾ ਤੇ ਤਸ਼ੱਦਦ ਨੂੰ ਝੱਲ ਚੁੱਕੇ ਹਨ। ਗੁਰੂ ਗ੍ਰੰਥ - ਗੁਰੂ ਪੰਥ ਦੇ ਸਿਧਾਂਤ ਨੂੰ ਸਮਰਪਿਤ ਹੁੰਦਿਆਂ ਸ. ਪ੍ਰਕਾਸ਼ ਸਿੰਘ ਬਾਦਲ 5 ਜੂਨ 2003 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੇ ਸਨਮੁਖ ਹਾਜ਼ਰ ਹੋਏ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਨੂੰ 5 ਦਸੰਬਰ, 2011 ਨੂੰ 'ਪੰਥ ਰਤਨ-ਫ਼ਖ਼ਰੇ-ਕੌਮ' ਦੇ ਸਨਮਾਨ ਦੀ ਬਖ਼ਸ਼ਿਸ਼ ਕੀਤੀ ਗਈ।

ਗੁਰਪੁਰਵਾਸੀ ਡਾ. ਹਰਨਾਮ ਸਿੰਘ ਸ਼ਾਨ ਨੂੰ 'ਸ਼੍ਰੋਮਣੀ ਸਿੱਖ ਸਾਹਿਤਕਾਰ' ਸਨਮਾਨ ਦੇਣ ਦੀ ਸਿਫ਼ਾਰਸ਼ ਅੰਤ੍ਰਿੰਗ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ) ਦੇ ਮਤਾ ਨੰ: 400 ਮਿਤੀ 16/10/10 ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਪਾਸ ਕੀਤੀ ਗਈ, ਜਿਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨਗੀ ਵੀ ਮਿਲ ਗਈ, ਪਰ ਇਸ ਸਮੇਂ ਦੌਰਾਨ ਹੀ ਡਾ. ਸਾਹਿਬ ਚੜ੍ਹਾਈ ਕਰ ਗਏ।

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਗੁਰੂ-ਪੰਥ ਦੇ ਸਿਧਾਂਤ ਅਨੁਸਾਰ ਕਈ ਵਾਰ ਜਾਣੇ-ਅਣਜਾਣੇ ਹੋਈਆਂ ਭੁੱਲਾਂ ਲਈ ਧਾਰਮਿਕ ਸੇਵਾ ਕਰਨੀ ਤੇ ਫਿਰ ਇਸ ਅਸਥਾਨ

ਤੋਂ ਹੀ ਸਨਮਾਨ ਪ੍ਰਾਪਤ ਹੋਣਾ ਬਹੁਤ ਹੀ ਘੱਟ ਭਾਗਸ਼ੀਲ ਸ਼ਖ਼ਸੀਅਤਾਂ ਦੇ ਹਿੱਸੇ ਆਉਂਦਾ ਹੈ। ਦਾਸ ਨੇ ਯਤਨ ਕਰ ਕੇ ਵੇਰਵੇ ਇਕੱਤਰ ਕਰ ਕੇ ਸੰਗਤਾਂ ਦੇ ਦ੍ਰਿਸ਼ਟੀਗੋਚਰ ਕਰਨ ਦਾ ਯਤਨ ਕੀਤਾ ਹੈ ਤਾਂ ਕਿ ਆਉਣ ਵਾਲੇ ਸਮੇਂ 'ਚ ਲੇਖਕਾਂ, ਬੁੱਧੀਜੀਵੀਆਂ ਤੇ ਵਿਦਵਾਨਾਂ ਨੂੰ ਸਾਰਥਿਕ ਜਾਣਕਾਰੀ ਪ੍ਰਾਪਤ ਹੋ ਜਾਵੇ। ਇਹ ਕੋਈ ਫ਼ੈਸਲਾ ਨਹੀਂ, ਕੇਵਲ ਜਾਣਕਾਰੀ ਪ੍ਰਸਤੁਤ ਕੀਤੀ ਹੈ, ਹੋ ਸਕਦਾ ਹੈ, ਬਹੁਤ ਸਾਰੇ ਵੇਰਵੇ ਦੇਣੇ ਰਹਿ ਗਏ ਹੋਣ ਜਿਨ੍ਹਾਂ ਲਈ ਅਗਾਊਂ ਖਿਮਾ ਯਾਚਨਾ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ-ਪੰਥ ਵੱਲੋਂ ਸਨਮਾਨ-ਸਤਿਕਾਰ ਰੂਪੀ ਸਿਰੋਪਾਓ ਦੀ ਬਖ਼ਸ਼ਿਸ਼ ਪ੍ਰਾਪਤ ਵਿਅਕਤੀ ਦੀ ਗੁਰੂ ਗ੍ਰੰਥ - ਗੁਰੂ ਪੰਥ ਤੇ ਕੌਮ ਪ੍ਰਤੀ ਜ਼ਿੰਮੇਵਾਰੀ 'ਚ ਓੜਕਾਂ ਦਾ ਵਾਧਾ ਹੋ ਜਾਂਦਾ ਹੈ। ਸਮਰਪਣ ਭਾਵਨਾ ਕੇਵਲ ਸੇਵਕ ਰੂਪ 'ਚ ਹੀ ਸਫਲੀ ਹੋ ਸਕਦੀ ਹੈ, ਜੋ ਗੁਰੂ ਮਿਹਰ ਦੀ ਪ੍ਰਤੀਕ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਸਮਰਪਣ 'ਚ ਹੀ ਸੁਤੰਤਰਤਾ ਤੇ ਰੂਹਾਨੀਅਤ ਹੈ। ਰੂਹਾਨੀਅਤ ਦਾ ਕਿਣਕਾ ਸਿਰਪਾਓ ਰੂਪ ਵਿਚ ਪ੍ਰਾਪਤ ਕਰ ਕੇ ਸਿੱਖ ਨਵਾਬੀਆਂ ਨੂੰ ਠੋਕਰਾਂ ਮਾਰਦਾ ਹੋਇਆ ਨਿੱਤ ਅਰਦਾਸ ਕਰਦਾ ਹੈ, ਕਿ "ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ... ਬਖ਼ਸ਼ਿਸ਼ ਕਰ ਦਿਓ।" ਅਰਦਾਸ ਦੇ ਇਨ੍ਹਾਂ ਬੋਲਾਂ 'ਚ ਸਮਰਪਣ, ਨਿਮਰਤਾ, ਸਵੈ-ਵਿਸ਼ਵਾਸ ਤੇ ਭਰੋਸਾ ਵੀ ਭਰਪੂਰ ਹੈ।

ਰਿਸਦੇ ਜ਼ਖ਼ਮ ਜੂਨ '84 ਦੇ...

ਜੂਨ, 1984 'ਚ ਭਾਰਤ ਸਰਕਾਰ ਨੇ ਮਾਨਵਤਾ ਦੇ ਸਰਬ-ਸਾਂਝੇ ਧਰਮ ਮੰਦਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲਾ ਕਰ ਕੇ ਸਿੱਖ ਮਾਨਸਿਕਤਾ ਨੂੰ ਐਸੇ ਜ਼ਖ਼ਮ ਦਿੱਤੇ, ਜਿਹੜੇ ਰਿਸਦੇ-ਰਿਸਦੇ ਨਾਸੂਰ ਬਣ ਚੁੱਕੇ ਹਨ, ਜਿਨ੍ਹਾਂ ਨੂੰ ਸਵੇਰੇ-ਸ਼ਾਮ ਸਰਬੱਤ ਦਾ ਭਲਾ ਮੰਗਣ ਵਾਲਾ ਗੁਰਸਿੱਖ ਤਾਂ ਕਦੇ ਨਹੀਂ ਭੁਲਾ ਸਕੇਗਾ। ਸੰਖੇਪ ਵਿਚ ਜੇ ਗੱਲ ਕਰੀਏ ਤਾਂ ਇਹ ਫ਼ੌਜੀ ਹਮਲਾ ਸੀ, ਸ੍ਰੀ ਹਰਿਮੰਦਰ ਸਾਹਿਬ 'ਤੇ! ਫ਼ੌਜੀ ਹਮਲਾ ਕਿਸੇ ਦੂਸਰੇ ਦੇਸ਼ ਦੀ ਫ਼ੌਜ 'ਤੇ ਕੀਤਾ ਜਾਂਦਾ ਹੈ। ਦੁਸ਼ਮਣ ਦੇਸ਼ ਦੇ ਨਿਹੱਥੇ-ਨਿਰਦੋਸ਼ ਨਾਗਰਿਕਾਂ 'ਤੇ ਉਹ ਵੀ ਨਹੀਂ ਕੀਤਾ ਜਾਂਦਾ, ਕਿਉਂਕਿ ਕੌਮਾਂਤਰੀ ਕਾਨੂੰਨਾਂ ਤਹਿਤ ਕਿਸੇ ਦੁਸ਼ਮਣ ਦੇਸ਼ 'ਤੇ ਹਮਲਾ ਕਰਨ ਦੇ ਵੀ ਕੁਝ ਕਾਨੂੰਨ ਹੁੰਦੇ ਹਨ ? ਪਰ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਸਮੇਂ ਕੇਵਲ ਇਕ ਹੀ ਕਾਨੂੰਨ ਸੀ, ਸਿੱਖਾਂ ਵਾਸਤੇ ਕੋਈ ਕਾਨੂੰਨ ਨਹੀਂ; ਇਨ੍ਹਾਂ ਨੂੰ ਸਬਕ ਸਿਖਾਉਣਾ ਹੈ !!

ਜੂਨ '84 'ਚ ਸ੍ਰੀ ਹਰਿਮੰਦਰ ਸਾਹਿਬ 'ਤੇ ਭਾਰਤੀ ਫ਼ੌਜ ਨੇ ਜੋ ਹਮਲਾ ਕੀਤਾ, ਉਹ ਦੁਸ਼ਮਣ ਦੇਸ਼, ਤੇ ਦੁਸ਼ਮਣ ਦੇਸ਼ ਦੇ ਸੈਨਿਕਾਂ 'ਤੇ ਨਹੀਂ ਸੀ, ਸਗੋਂ ਆਪਣੇ ਦੇਸ਼ 'ਚ ਵੱਸਣ ਵਾਲੇ ਆਪਣੇ ਨਾਗਰਿਕਾਂ 'ਤੇ ਜਿਨ੍ਹਾਂ 'ਚ ਨਿਰਦੋਸ਼ ਹੀ ਨਿਰਦੋਸ਼ ਸਿੱਖ ਬੱਚੇ-ਬੁੱਢੇ, ਜਵਾਨ ਮਰਦ-ਔਰਤ ਮਾਰੇ ਗਏ ਤੇ ਸ਼ਹੀਦ ਹੋ ਗਏ। ਹੈ ਕੋਈ ਐਸਾ ਕਾਨੂੰਨ-ਐਸੀ ਸਰਕਾਰ ! ਜਿਹੜਾ ਅਜਿਹਾ ਮਨਹੂਸ ਕਾਰਜ ਕਰਨ ਲਈ ਯਤਨਸ਼ੀਲ ਹੋਵੇ !

ਦੂਸਰਾ ਇਹ ਫ਼ੌਜੀ ਹਮਲਾ 'ਸ੍ਰੀ ਹਰਿਮੰਦਰ ਸਾਹਿਬ' 'ਤੇ ਕੀਤਾ ਗਿਆ, ਜਿਸ ਨੂੰ ਬ੍ਰਹਿਮੰਡ 'ਚ ਮਾਨਵਤਾ ਦਾ ਸਰਬ-ਸਾਂਝਾ ਧਰਮ ਮੰਦਰ ਹੋਣ ਦਾ ਸ਼ਰਫ਼ ਤੇ ਮਾਣ-ਸਤਿਕਾਰ ਹਾਸਲ ਹੈ। ਭਗਤ ਕਬੀਰ ਜੀ ਦਾ ਪਾਵਨ ਕਥਨ ਹੈ ਕਿ ਐਸਾ ਕੋਈ ਮਨੁੱਖ ਨਹੀਂ ਜੋ ਆਪਣੇ ਘਰ-ਮੰਦਰ-ਮਹਿਲ ਨੂੰ ਜਲਾ ਦੇਵੇ :

ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ॥ *(ਸਲੋਕ ਕਬੀਰ ਜੀ, ਪੰਨਾ 1368)*

ਪਰ ਸਾਡੇ ਭਾਰਤ ਮਹਾਨ 'ਚ ਐਸੇ ਮਨਹੂਸ ਲੋਕ ਪੈਦਾ ਹੋ ਗਏ ਜਿਨ੍ਹਾਂ ਆਪਣਾ ਹੀ ਨਹੀਂ, ਮਨੁੱਖਤਾ ਦੇ ਧਰਮ ਮੰਦਰ ਸ੍ਰੀ ਹਰਿਮੰਦਰ ਸਾਹਿਬ ਨੂੰ ਜਲਾ ਦੇਣ ਲਈ ਫ਼ੌਜੀ ਹਮਲਾ ਕਰਵਾ ਦਿੱਤਾ। ਕਿਹਾ ਜਾਂਦਾ ਹੈ ਕਿ ਇਹ ਫ਼ੌਜੀ ਹਮਲਾ ਖ਼ਤਰਨਾਕ ਅੱਤਵਾਦੀਆਂ ਨੂੰ ਕੱਢਣ ਵਾਸਤੇ ਕੀਤਾ ਗਿਆ, ਪਰ ਇਹ ਕਿਹੜੇ ਕਾਨੂੰਨ ਤਹਿਤ ਹਮਲਾ ਕਰਨ ਲਈ ਮਜਬੂਰ ਹੋਏ ? ਕੁਝ ਖ਼ਤਰਨਾਕ ਅੱਤਵਾਦੀਆਂ ਨੂੰ ਸੁਰੱਖਿਅਤ ਬੇਗਾਨੇ ਦੇਸ਼ 'ਅਫ਼ਗਾਨਿਸਤਾਨ' ਉਨ੍ਹਾਂ ਦੇ ਘਰ ਪੁੱਜਦਾ ਕੀਤਾ ਜਾਂਦਾ ਹੈ। ਤਾਜ ਹੋਟਲ ਮੁੰਬਈ, ਹਜ਼ਰਤ ਬਲ ਸ੍ਰੀਨਗਰ 'ਚੋਂ ਅੱਤਵਾਦੀ ਕੱਢਣ ਸਮੇਂ ਇਨ੍ਹਾਂ ਸਥਾਨਾਂ

ਦੀ ਵਿਰਾਸਤੀ ਅਹਿਮੀਅਤ ਨੂੰ ਤਰਜੀਹ ਦਿੱਤੀ ਗਈ ਸੀ। ਕੀ ਸ੍ਰੀ ਹਰਿਮੰਦਰ ਸਾਹਿਬ ਵਿਸ਼ਵ ਵਿਰਾਸਤ ਦਾ ਹਿੱਸਾ ਨਹੀਂ ਸੀ ? ਪਰ ਡਾਢੇ ਦਾ ਸੱਤੀਂ ਵੀਹ ਸੌ !

ਤੀਸਰਾ ਇਹ ਫ਼ੌਜੀ ਹਮਲਾ ਸ੍ਰੀ ਹਰਿਮੰਦਰ ਸਾਹਿਬ 'ਤੇ ਉਸ ਸਮੇਂ ਕੀਤਾ ਗਿਆ, ਜਦ ਸਮੁੱਚੀ ਮਾਨਵਤਾ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾ ਰਹੀ ਸੀ, ਜਿਨ੍ਹਾਂ ਨੇ ਮਨੁੱਖਤਾ ਨੂੰ ਸਰਬ-ਸਾਂਝਾ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਰਬ-ਸਾਂਝਾ ਧਰਮ ਮੰਦਰ ਸ੍ਰੀ ਹਰਿਮੰਦਰ ਸਾਹਿਬ ਤਾਮੀਰ ਕਰ ਕੇ ਦਿੱਤਾ।

ਵਿਸ਼ਵ ਦੇ ਇਤਿਹਾਸ ਵਿਚ ਜੂਨ, 1984 ਦਾ ਪਹਿਲਾ ਹਫ਼ਤਾ ਕਾਲੇ ਅੱਖਰਾਂ ਵਿਚ ਉਕਰਿਆ ਗਿਆ ਹੈ। ਇਹ ਉਹ ਦਿਨ ਸੀ ਜਦ ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥ, ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਇਕੱਤਰ ਹੋ ਤਨ-ਮਨ ਨੂੰ ਸੀਤਲ ਕਰ ਰਹੀਆਂ ਸਨ। ਉਸ ਸਮੇਂ ਜਾਬਰ ਸਰਕਾਰ ਦੇ ਫ਼ੌਜੀ ਹਮਲੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਾਂਤ ਚਿੱਤ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰ ਰਹੀਆਂ ਸੰਗਤਾਂ ਨੂੰ ਟੈਂਕਾਂ ਦੇ ਗੋਲਿਆਂ, ਬੰਬਾਂ ਦਾ ਨਿਸ਼ਾਨਾ ਬਣਾਇਆ। ਬਹੁਤ ਸਾਰੇ ਨਿਰਦੋਸ਼ ਸਿੱਖ ਸ਼ਹੀਦੀ ਜਾਮ ਪੀ ਗਏ। ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਖੱਖੜੀ-ਖੱਖੜੀ ਹੋਈ ਇਮਾਰਤ, ਦਰਸ਼ਨੀ ਡਿਉਢੀ ਵਿਚ ਹੋਏ ਮਘੋਰਿਆਂ, ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਦਾ ਗੋਲੀਆਂ ਦਾ ਨਿਸ਼ਾਨਾ ਬਣ ਜਾਣਾ, ਸਿੱਖ ਰੈਫ਼ਰੈਂਸ ਲਾਇਬਰੇਰੀ ਦਾ ਸਾੜਿਆ ਜਾਣਾ ਜਾਂ ਚੁਰਾ ਕੇ ਲੈ ਜਾਣਾ (ਜਿਥੇ ਸੈਂਕੜਿਆਂ ਦੀ ਗਿਣਤੀ ਵਿਚ ਹੱਥ-ਲਿਖਤ ਪਾਵਨ ਬੀੜਾਂ ਅਗਨ ਭੇਂਟ ਹੋ ਗਈਆਂ) ਸਿੱਖ ਮਾਨਸਿਕਤਾ ਨੂੰ ਅਜਿਹਾ ਜ਼ਖ਼ਮੀ ਕੀਤਾ ਕਿ ਧਰਮੀ ਜਿਉੜਿਆਂ ਦਾ ਹਿਰਦਾ ਛਲਣੀ-ਛਲਣੀ ਹੋ ਗਿਆ। ਦਹਾਕੇ ਬੀਤ ਜਾਣ ਬਾਅਦ ਵੀ ਜ਼ਖ਼ਮੀ ਹਿਰਦੇ ਜਿਉਂ ਦੇ ਤਿਉਂ ਹੀ ਰਿਸ ਰਹੇ ਹਨ। ਇਹ ਜ਼ਖ਼ਮ ਹੀ ਅਜਿਹੇ ਹਨ ਜਿਨ੍ਹਾਂ ਦਾ ਪੂਰੀ ਤਰ੍ਹਾਂ ਠੀਕ ਹੋ ਜਾਣਾ ਤਾਂ ਅਸੰਭਵ ਹੈ। ਕੁਝ ਘਟਨਾਵਾਂ, ਕੁਝ ਸਾਕੇ ਹੀ ਅਜਿਹੇ ਵਾਪਰ ਜਾਂਦੇ ਹਨ ਜੋ ਆਪਣੀ ਅਮਿੱਟ ਛਾਪ ਲੋਕ-ਹਿਰਦਿਆਂ ਉੱਪਰ ਸਦੀਵੀ ਕਾਲ ਲਈ ਲਗਾ ਜਾਂਦੇ ਹਨ। ਜੂਨ, 1984 ਵਿਚ ਵੀ ਅਜਿਹਾ ਹੀ ਭਾਣਾ ਵਾਪਰਿਆ, ਜਿਸ ਦੀ ਆਸ ਦੁਸ਼ਮਣਾਂ ਪਾਸੋਂ ਵੀ ਨਹੀਂ ਸੀ ਕੀਤੀ ਜਾ ਸਕਦੀ, ਪਰ 'ਆਪਣਿਆਂ' ਕਰ ਵਿਖਾਇਆ।

ਇਤਿਹਾਸਕਾਰ ਇਨ੍ਹਾਂ ਅਤਿ ਦੁਖਿਤ-ਕਾਲੇ ਦਿਨਾਂ ਦੀ ਤੁਲਨਾ, ਸਿੱਖ ਕੌਮ ਦੇ ਇਤਿਹਾਸ ਵਿਚ ਪਹਿਲੇ ਵਾਪਰੇ ਘੱਲੂਘਾਰਿਆਂ ਨਾਲ ਕਰਦੇ ਹੋਏ ਇਸ ਨੂੰ ਤੀਜੇ ਘੱਲੂਘਾਰੇ ਦਾ ਨਾਮ ਦਿੰਦੇ ਹਨ। ਇਸ ਨੂੰ ਤੀਜੇ ਘੱਲੂਘਾਰੇ ਦਾ ਨਾਮ ਤਾਂ ਦਿੱਤਾ ਜਾ ਸਕਦਾ ਹੈ ਪਰ ਅਸੀਂ ਦੇਖਣਾ ਹੈ ਕਿ ਪਹਿਲਾਂ ਵਾਪਰੇ ਦੋ ਘੱਲੂਘਾਰਿਆਂ ਤੋਂ ਇਹ ਕਿਵੇਂ ਭਿੰਨ ਹੈ ?

"ਪਹਿਲਾ ਘੱਲੂਘਾਰਾ ਜੂਨ, 1746 ਈ. ਦੇ ਪਹਿਲੇ ਹਫ਼ਤੇ ਹੀ ਵਾਪਰਿਆ

ਸੀ, ਜਦ 15000 ਦੇ ਕਰੀਬ ਸਿਦਕੀ ਸਿੰਘ ਸਮੇਂ ਦੀ ਜਾਬਰ ਹਕੂਮਤ ਦਾ ਮੁਕਾਬਲਾ ਕਰਦੇ ਹੋਏ ਜਾਮ-ਏ-ਸ਼ਹੀਦੀ ਪੀ ਗਏ। ਇਹ ਕਹਿਰ ਉਸ ਸਮੇਂ ਦੇ ਹਾਕਮ ਯਹੀਆ ਖ਼ਾਨ ਤੇ ਇਕ ਹਿੰਦੂ ਅਹਿਲਕਾਰ ਲਖਪਤ ਰਾਇ ਨੇ ਕਮਾਇਆ, ਜਿਸ ਨੇ ਇਹ ਕਸਮ ਖਾਧੀ ਸੀ ਕਿ ਉਹ ਸਿੱਖ ਕੌਮ ਦਾ ਖੁਰਾ-ਖੋਜ ਮਿਟਾ ਕੇ ਹੀ ਸਾਹ ਲਵੇਗਾ। ਪਰ ਵਿਚਾਰੇ ਆਪ ਹੀ ਮਿਟ ਗਏ, ਸਿੱਖ ਤਾਂ ਅੱਜ ਬ੍ਰਹਿਮੰਡੀ ਸ਼ਹਿਰੀ ਹਨ।

ਦੂਸਰੀ ਵਾਰੀ ਫਿਰ ਸਿੱਖ ਕੌਮ ਦਾ ਖੁਰਾ-ਖੋਜ ਮਿਟਾਉਣ ਲਈ ਅਹਿਮਦ ਸ਼ਾਹ ਅਬਦਾਲੀ ਨੇ 1762 ਈ. ਵਿਚ ਮਲੇਰਕੋਟਲੇ ਦੇ ਨਜ਼ਦੀਕ ਕੁੱਪ-ਰਹੀੜਾ ਦੇ ਲਾਗੇ 40,000 ਦੇ ਲਗਭਗ ਸਿੰਘਾਂ ਨੂੰ ਘੇਰੇ ਵਿਚ ਲੈ ਕੇ ਬੱਚਿਆਂ, ਬਜ਼ੁਰਗਾਂ, ਨੌਜਵਾਨਾਂ ਦਾ ਕਤਲੇਆਮ ਕੀਤਾ। ਬਹੁਤ ਸਾਰੇ ਸਿਦਕੀ ਸਿੰਘ ਆਖ਼ਰੀ ਦਮ ਤਕ ਲੜਦੇ ਰਹੇ। ਇਸ ਘੱਲੂਘਾਰੇ ਵਿਚ ਸਿੱਖ ਕੌਮ ਦੇ ਜਾਨੀ ਨੁਕਸਾਨ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦ ਅਬਦਾਲੀ ਲਾਹੌਰ ਵੱਲ ਵਾਪਿਸ ਜਾ ਰਿਹਾ ਸੀ ਤਾਂ ਉਸ ਦੇ ਲਸ਼ਕਰ ਨਾਲ 50 ਗੱਡੇ ਐਸੇ ਸਨ ਜਿਨ੍ਹਾਂ ਵਿਚ ਸ਼ਹੀਦ ਸਿੰਘਾਂ ਦੇ ਸਿਰ ਲੱਦੇ ਹੋਏ ਸਨ। ਇਤਿਹਾਸਕਾਰਾਂ ਅਨੁਸਾਰ ਇਕ ਦਿਨ ਵਿਚ ਲਗਭਗ 30-35 ਹਜ਼ਾਰ ਸਿੱਖ ਨੌਜੁਆਨ, ਬੱਚੇ-ਬੁੱਢੇ, ਇਸਤਰੀਆਂ ਸ਼ਹਾਦਤ ਦਾ ਜਾਮ ਪੀ ਗਏ। ਇਸ ਘੱਲੂਘਾਰੇ ਵਿਚ ਪਹਿਲੇ ਘੱਲੂਘਾਰੇ ਨਾਲੋਂ ਜਾਨੀ ਤੇ ਮਾਲੀ ਨੁਕਸਾਨ ਜ਼ਿਆਦਾ ਹੋਇਆ ਸੀ। ਇਸ ਕਰਕੇ ਇਸ ਨੂੰ ਵੱਡੇ ਘੱਲੂਘਾਰੇ ਦਾ ਨਾਮ ਦਿੱਤਾ ਗਿਆ ਹੈ।

ਜੂਨ, 1984 ਦੇ ਪਹਿਲੇ ਹਫ਼ਤੇ ਸ਼ੁਰੂ ਹੋਇਆ ਘੱਲੂਘਾਰਾ ਪਹਿਲੇ ਘੱਲੂਘਾਰੇ ਵਾਂਗ ਜੂਨ ਦੇ ਪਹਿਲੇ ਹਫ਼ਤੇ ਸ਼ੁਰੂ ਹੋਇਆ ਤੇ ਇਸ ਵਿਚ ਵੀ ਪਹਿਲੇ-ਦੂਜੇ ਘੱਲੂਘਾਰੇ ਵਾਂਗ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ। ਇਸ ਕਰਕੇ ਇਸ ਨੂੰ 'ਤੀਸਰੇ ਘੱਲੂਘਾਰੇ' ਦਾ ਨਾਮ ਦਿੱਤਾ ਜਾ ਸਕਦਾ ਹੈ, ਪਰ ਪਹਿਲੇ ਘੱਲੂਘਾਰਿਆਂ ਤੇ ਇਸ ਘੱਲੂਘਾਰੇ ਵਿਚ ਸਮੇਂ ਸਰਕਾਰ ਤੇ ਸਥਿਤੀ ਦਾ ਅੰਤਰ ਬਹੁਤ ਹੈ। ਪਹਿਲੇ ਘੱਲੂਘਾਰੇ ਦੁਸ਼ਮਣ ਵੱਲੋਂ ਸ਼ੁਰੂ ਕੀਤੇ ਗਏ ਪਰ ਇਹ ਆਜ਼ਾਦ ਭਾਰਤ ਵਿਚ 'ਆਪਣਿਆਂ' ਵੱਲੋਂ ਕੀਤਾ ਗਿਆ। ਦੂਸਰਾ ਜਾਨੀ-ਮਾਲੀ ਨੁਕਸਾਨ ਦੇ ਨਾਲ-ਨਾਲ ਇਸ ਘੱਲੂਘਾਰੇ ਵਿਚ ਜੋ ਇਤਿਹਾਸਕ ਵਿਰਸੇ ਤੇ ਵਿਰਾਸਤ ਦਾ ਨੁਕਸਾਨ 'ਆਪਣਿਆਂ' ਨੇ ਕੀਤਾ, ਉਹ ਪਹਿਲੇ ਘੱਲੂਘਾਰਿਆਂ ਨੂੰ ਮਾਤ ਕਰ ਗਿਆ। ਇਹ ਘੱਲੂਘਾਰਾ ਪਹਿਲੇ ਵਾਪਰੇ ਘੱਲੂਘਾਰਿਆਂ ਨਾਲੋਂ ਭਿਆਨਕ 'ਤੇ ਮਾਰੂ ਸਾਬਤ ਹੋਇਆ। ਹਜ਼ਾਰਾਂ ਦੀ ਗਿਣਤੀ ਵਿਚ ਸਿੰਘ-ਸਿੰਘਣੀਆਂ, ਬੱਚੇ-ਬੱਚੀਆਂ ਸ਼ਹੀਦ ਹੋ ਗਏ। ਛੋਟੇ-ਛੋਟੇ ਬੱਚਿਆਂ ਨੂੰ ਮਾਵਾਂ ਦੀ ਮਮਤਾ ਤੋਂ ਵਾਂਝਿਆਂ ਹੀ ਨਹੀਂ ਕੀਤਾ ਗਿਆ, ਸਗੋਂ ਜੀਉਂਦੇ-ਜੀ ਚੀਰ ਦੇਣਾ, ਗੋਲੀਆਂ ਨਾਲ ਭੁੰਨ ਸੁੱਟਣਾ, ਸਰਾਵਾਂ ਵਿਚ ਆਰਾਮ ਕਰ ਰਹੇ ਯਾਤਰੂਆਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਉਣਾ ਨਾਦਰਸ਼ਾਹੀ ਜ਼ੁਲਮਾਂ ਨੂੰ ਵੀ ਮਾਤ ਪਾ ਗਿਆ।

ਜੂਨ, 1984 ਤੋਂ ਸ਼ੁਰੂ ਹੋਏ ਘੱਲੂਘਾਰੇ ਵਿਚ ਵੀ ਬਹਾਦਰ ਸ਼ਾਹ ਬਾਦਸ਼ਾਹ ਦੇ ਉਸ ਹੁਕਮ ਦੀ ਪਾਲਣਾ ਹੁੰਦੀ ਜਾਪਦੀ ਹੈ, ਜਿਸ ਰਾਹੀਂ ਉਸ ਦਾ ਨਾਨਕ ਨਾਮ ਲੇਵਾ ਗੁਰਸਿੱਖਾਂ ਨੂੰ ਮੂਲੋਂ ਹੀ ਖ਼ਤਮ ਕਰਨ ਦਾ ਇਰਾਦਾ ਜ਼ਾਹਿਰ ਹੁੰਦਾ ਸੀ :

ਨਾਨਕ ਪ੍ਰਸਤਾਂ ਰਾ ਹਰ ਜਾਂ ਕਿ ਬਿਆਬੰਦ ਬਾ ਕਤਲ...।

ਤੀਸਰੇ ਘੱਲੂਘਾਰੇ ਦਾ ਆਰੰਭ ਕਾਲ ਉਸ ਸਮੇਂ ਹੀ ਸ਼ੁਰੂ ਹੋ ਗਿਆ ਸਮਝਿਆ ਜਾਣਾ ਚਾਹੀਦਾ ਹੈ, ਜਦ ਕੱਟੜ ਫ਼ਿਰਕਾ-ਪ੍ਰਸਤ ਪਟੇਲ ਵਰਗੇ ਸਿਰ-ਫਿਰਿਆਂ ਨੇ ਇਹ ਐਲਾਨ ਕੀਤਾ ਸੀ ਕਿ :

> "ਸਿੱਖ ਇਕ ਜਰਾਇਮ ਪੇਸ਼ਾ ਕੌਮ ਹੈ, ਜਿਸ ਨੂੰ ਪੂਰੀ ਸਖ਼ਤੀ ਨਾਲ ਦਬਾ ਦਿੱਤਾ ਜਾਵੇ।"

ਭਾਰਤੀ ਹਾਕਮਾਂ ਦੀ ਇਹ ਬਦਕਿਸਮਤੀ ਹੀ ਸਮਝਣੀ ਚਾਹੀਦੀ ਹੈ ਕਿ ਇਨ੍ਹਾਂ ਕਦੇ ਵੀ ਪੂਰਵ-ਵਰਤੀ ਤੇ ਆਧੁਨਿਕ ਇਤਿਹਾਸ ਨੂੰ ਪੜ੍ਹਨ ਦਾ ਕਸ਼ਟ ਹੀ ਨਹੀਂ ਕੀਤਾ, ਨਹੀਂ ਤਾਂ ਅਜਿਹੇ ਬੇਹੂਦਾ ਇਲਜ਼ਾਮ ਲਗਾਉਣੇ ਆਪਣੇ ਮੂੰਹ 'ਤੇ ਕਾਲਖ ਮਲਣ ਨਾਲੋਂ ਘੱਟ ਨਹੀਂ। ਸਿੱਖ ਜਿਹੜੇ ਸਦੀਆਂ ਤੋਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਲੜਦੇ ਆ ਰਹੇ ਹਨ, ਜਿਹਨਾਂ ਨੂੰ ਕਈ ਵਾਰੀ 'ਭਾਰਤੀ ਦੇਵੀਆਂ' ਨੂੰ ਦੁਸ਼ਮਣਾਂ ਦੇ ਹੱਥਾਂ ਵਿੱਚੋਂ ਛੁਡਾਉਣ ਲਈ ਜਾਨਾਂ 'ਤੇ ਖੇਡਣਾ ਪਿਆ। ਜੇ ਇਹ ਜਰਾਇਮ-ਪੇਸ਼ਾ ਲੋਕ ਹਨ ਤਾਂ ਫਿਰ ਦੇਸ਼-ਭਗਤ ਕੌਣ ਹੈ ? ਦੇਸ਼ ਦੀ ਆਜ਼ਾਦੀ ਦੀ ਲੜਾਈ ਤੇ ਆਜ਼ਾਦੀ ਨੂੰ ਕਾਇਮ ਰੱਖਣ ਲਈ ਇਨ੍ਹਾਂ ਨੇ ਅਣਗਿਣਤ ਕੁਰਬਾਨੀਆਂ ਕੀਤੀਆਂ। ਇਹ ਅਕਿਰਤਘਣ ਲੋਕ ਹਮੇਸ਼ਾ ਦੇਸ਼-ਭਗਤਾਂ ਦੇ ਵਿਰੁੱਧ ਹੀ ਸਾਜ਼ਿਸ਼ਾਂ ਰਚਦੇ ਰਹੇ। ਇਤਿਹਾਸ ਦਾ ਹਰ ਨਿਰਪੱਖ ਵਿਦਿਆਰਥੀ ਸਿੱਖਾਂ ਨੂੰ ਦੇਸ਼-ਭਗਤ ਹੀ ਕਹੇਗਾ ਪਰ ਇਹ ਫ਼ਿਰਕਾ-ਪ੍ਰਸਤ ਲੋਕ ਹਮੇਸ਼ਾ ਸਿੱਖਾਂ ਨੂੰ ਅੱਤਵਾਦੀ, ਵੱਖਵਾਦੀ, ਦੇਸ਼-ਧਰੋਹੀ ਕਹਿ ਦੇਸ਼ 'ਚ ਵੰਡੀਆਂ ਪਾਉਣ 'ਤੇ ਤੁਲੇ ਹੋਏ ਹਨ।

ਇਹ ਲੋਕ ਇਹ ਵੀ ਭੁੱਲ ਜਾਂਦੇ ਹਨ ਕਿ ਸਿੱਖ ਜਾਨ ਤਾਂ ਦੇ ਸਕਦੇ ਹਨ ਪਰ ਆਪਣੇ ਧਾਰਮਿਕ ਅਸਥਾਨਾਂ ਦੀ ਬੇਹੁਰਮਤੀ ਨਹੀਂ ਸਹਾਰ ਸਕਦੇ। ਧਾਰਮਿਕ ਅਸਥਾਨਾਂ 'ਤੇ ਭਾਵੇਂ ਹਮਲਾ ਨਾਦਰਸ਼ਾਹ, ਅਬਦਾਲੀ ਜਾਂ ਮੱਸੇ ਰੰਘੜ ਜਾਂ 'ਆਪਣਿਆਂ' ਨੇ ਕੀਤਾ, ਉਨ੍ਹਾਂ ਨੂੰ ਆਪਣੀ ਕੀਤੀ ਦਾ ਫਲ ਭੁਗਤਣਾ ਹੀ ਪਿਆ। ਗੱਲ ਕੀ ਜਿਸ ਕਿਸੇ ਨੇ ਵੀ ਧਾਰਮਿਕ ਅਸਥਾਨਾਂ ਨੂੰ ਗਿਰਾਉਣ ਦਾ ਯਤਨ ਕੀਤਾ, ਆਪਣੀ ਹੀ ਕੁਲ ਨਾਸ਼ ਕਰਾ ਬੈਠਾ।

ਇਸ ਤੀਜੇ ਘੱਲੂਘਾਰੇ ਦਾ ਹੀ ਹਿੱਸਾ ਹਨ ਨਵੰਬਰ 1984, ਦਾ ਵਾਪਰਿਆ ਸਿੱਖ ਕਤਲੇਆਮ, ਜਿਸ ਨੇ ਸਭ ਕੁਝ ਨੂੰ ਮਾਤ ਪਾ ਦਿੱਤਾ। ਆਜ਼ਾਦ ਭਾਰਤ ਵਿਚ ਆਜ਼ਾਦ ਨਾਗਰਿਕਾਂ ਦੇ ਚਿੱਟੇ ਦਿਨ ਕਤਲ ਹੋਏ, ਕਈਆਂ ਸਿੰਘਾਂ ਦੀਆਂ ਅੱਖਾਂ ਕੱਢੀਆਂ ਗਈਆਂ, ਕਈਆਂ ਦੇ ਟੋਟੇ ਕੀਤੇ ਗਏ, ਗਲਾਂ 'ਚ ਟਾਇਰ ਤੇ ਪੈਟਰੋਲ ਪਾ ਕੇ ਸਾੜੇ ਗਏ ਪਰ ਕਿਸੇ ਇਨਸਾਫ਼-ਪਸੰਦ ਭਾਰਤੀ ਨੇ ਆਹ ਦਾ ਨਾਹਰਾ ਵੀ ਨਾ ਮਾਰਿਆ। ਕੇਵਲ ਆਜ਼ਾਦ ਭਾਰਤ ਦੀ ਰਾਜਧਾਨੀ ਦਿੱਲੀ 'ਚ ਹੀ 3000 ਤੋਂ ਵਧੇਰੇ ਨਿਰਦੋਸ਼ ਸਿੱਖ ਮਾਰੇ ਗਏ, ਕਿਸੇ ਸਰਕਾਰ ਨੇ ਉਨ੍ਹਾਂ ਦੀ ਸਾਰ ਨਹੀਂ ਲਈ। ਸ਼ਰਮ ਆਉਂਦੀ ਹੈ ਕਿ ਹਜ਼ਾਰਾਂ ਸਿੱਖ ਨਾਗਰਿਕਾਂ ਦਾ ਕਤਲ ਤਿੰਨ ਦਿਨ ਦੇਸ਼ ਦੀ ਰਾਜਧਾਨੀ 'ਚ ਹੁੰਦਾ ਰਿਹਾ, ਪਰ ਇਕ ਵੀ ਕਾਤਲ ਗ੍ਰਿਫ਼ਤਾਰ ਨਹੀਂ ਹੋਇਆ ? ਇਕ ਨੂੰ ਵੀ ਸਜ਼ਾ ਨਹੀਂ ਹੋਈ ? ਇਹ ਕਿਸ ਤਰ੍ਹਾਂ ਦਾ ਇਨਸਾਫ਼ ਹੈ ! ਕਿਉਂ ਭੁੱਲ ਜਾਣ ਸਿੱਖ '84 ਨੂੰ ? ਇਸ ਦਾ ਕਿਸੇ ਪਾਸ ਜੁਆਬ ਨਹੀਂ !

ਤੀਸਰੇ ਘੱਲੂਘਾਰੇ ਦੇ ਬਹੁਤ ਸਾਰੇ ਪਹਿਲੂ ਹਨ ਜਿਨ੍ਹਾਂ ਨੂੰ ਵਿਸਥਾਰ ਵਿਚ ਬਿਆਨਣ ਤੋਂ ਕਲਮ ਅਸਮਰੱਥ ਹੈ। ਇਨ੍ਹਾਂ ਕਾਲੇ ਦਿਨਾਂ ਦੀ ਕਹਾਣੀ ਨੂੰ ਹਜ਼ਾਰਾਂ ਯਤੀਮ ਹੋਏ ਬੱਚੇ, ਵਿਧਵਾਵਾਂ, ਬਦਨਸੀਬ ਮਾਪੇ, ਸ੍ਰੀ ਹਰਿਮੰਦਰ ਸਾਹਿਬ ਵਿਖੇ ਉਸ ਸਮੇਂ ਪ੍ਰਕਾਸ਼ ਹੋਏ ਜ਼ਖ਼ਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ, ਸ੍ਰੀ ਹਰਿਮੰਦਰ ਸਾਹਿਬ 'ਤੇ ਲੱਗੇ ਗੋਲੀਆਂ ਦੇ ਨਿਸ਼ਾਨ, ਸ੍ਰੀ ਅਕਾਲ ਤਖ਼ਤ ਸਾਹਿਬ, ਦਰਸ਼ਨੀ ਡਿਉਢੀ, ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਗੁਰੂ ਰਾਮਦਾਸ ਸਰਾਂ, ਤੇਜਾ ਸਿੰਘ ਸਮੁੰਦਰੀ ਹਾਲ ਦੀ ਸੜੀ ਹੋਈ ਇਮਾਰਤ ਘੱਲੂਘਾਰੇ ਦੀ ਮੂੰਹ-ਬੋਲਦੀ ਤਸਵੀਰ ਨੂੰ ਅੱਜ ਤਕ ਪ੍ਰਗਟ ਕਰਦੇ ਹਨ।

ਕਹਿ-ਸੁਣ ਤੇ ਲਿਖ ਲੈਣਾ ਆਸਾਨ ਹੈ ਪਰ ਅਜਿਹੇ ਰਿਸਦੇ ਜ਼ਖ਼ਮਾਂ ਦੇ ਨਾਸੂਰ ਨੂੰ ਨੰਗੇ-ਪਿੰਡੇ ਹੰਢਾਉਣਾ ਬਹੁਤ ਮੁਸ਼ਕਲ ਹੈ। ਪਰ ਸਿੱਖਾਂ ਨੂੰ ਹੰਢਾਉਣਾ ਪਿਐ ਤੇ ਹੰਢਾ ਰਹੇ ਹਨ।

ਅੱਤਵਾਦੀਆਂ ਦੇ ਨਾਂ 'ਤੇ ਝੂਠੇ ਪੁਲਿਸ ਮੁਕਾਬਲੇ, ਹਜ਼ਾਰਾਂ ਅਣਪਛਾਣੀਆਂ ਲਾਸ਼ਾਂ ਦਾ ਸਸਕਾਰ, ਜੂਨ ਤੇ ਨਵੰਬਰ '84 'ਚ ਕੇਵਲ ਸਿੱਖਾਂ ਦਾ ਕਤਲੇਆਮ ਨਹੀਂ ਹੋਇਆ, ਸਗੋਂ ਸਿੱਖ ਵਿਰਸੇ, ਵਿਰਾਸਤ ਤੇ ਵਿਸ਼ਵਾਸ ਨੂੰ ਬੁਰੀ ਤਰ੍ਹਾਂ ਕਤਲ ਕਰਨ ਦਾ ਮਨਹੂਸ ਯਤਨ ਕੀਤਾ ਗਿਆ। ਐਮਰਜੈਂਸੀ ਦੇ ਮੋਰਚੇ ਸਮੇਂ ਸਿੱਖ ਇਸ ਦੇਸ਼ ਦੇ ਹੀਰੋ ਬਣ ਗਏ ਸਨ, ਜਿਨ੍ਹਾਂ ਨੂੰ ਸਬਕ ਸਿਖਾਉਣ ਤੇ ਹੀਰੋ ਤੋਂ ਜ਼ੀਰੋ ਕਰਨ ਵਾਸਤੇ ਜੂਨ, '84 ਤੇ ਨਵੰਬਰ, '84 'ਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ।

ਅਣ-ਮਨੁੱਖੀ ਫ਼ੌਜੀ ਹਮਲੇ ਨੂੰ ਦਹਾਕੇ ਬੀਤ ਗਏ ਹਨ ਪਰ ਮੇਰੇ ਸਾਹਮਣੇ ਖੜੇ ਹਨ ਉਹ ਪਲ ਜਦ ਸਾਡੇ ਛੋਟੇ ਜਿਹੇ ਪਿੰਡ ਖ਼ਾਨੋਵਾਲ (ਗੁਰਦਾਸਪੁਰ) ਦੇ ਬਜ਼ੁਰਗ, ਨੌਜੁਆਨ, ਮਰਦ, ਔਰਤਾਂ ਇਸ ਫ਼ੌਜੀ ਹਮਲੇ ਕਰਕੇ ਪੈਦਾ ਹੋਏ ਰੋਹ ਤੇ ਰੋਸ ਨੂੰ ਪ੍ਰਗਟ ਕਰਨ ਲਈ ਅੰਮ੍ਰਿਤਸਰ ਵੱਲ ਨੂੰ ਨਿਹੱਥੇ ਪੈਦਲ ਚੱਲ ਪਏ। ਕਿਸ ਨੇ ਪਹੁੰਚਣ ਦੇਣਾ ਸੀ, ਉਸ ਮੁਕਾਮ 'ਤੇ, ਜਿਸ ਨੂੰ ਹਰ ਸਿੱਖ ਸਵੇਰੇ-ਸ਼ਾਮ ਅਰਦਾਸ 'ਚ ਯਾਦ ਕਰਦਾ ਹੈ ? ਪਰ ਭਾਵਨਾ-ਸਿਦਕ ਭਰੋਸਾ ਤੇ ਵਿਸ਼ਵਾਸ ਨੂੰ ਪ੍ਰਗਟ ਕਰਦੇ ਉਹ ਪਲ ਜਿਨ੍ਹਾਂ ਦਾ ਕਤਲ ਹੋ ਰਿਹਾ ਸੀ, ਹਮੇਸ਼ਾ ਯਾਦ ਰਹਿਣਗੇ। ਸਿੱਖ ਮਾਨਸਿਕਤਾ 'ਤੇ ਆਏ ਗਹਿਰੇ ਜ਼ਖ਼ਮ ਸਦੀਵੀ ਨਾਸੂਰ ਬਣ ਚੁੱਕੇ ਹਨ। ਇਨ੍ਹਾਂ ਜ਼ਖ਼ਮਾਂ ਦੇ ਦਾਗ਼ਾਂ 'ਤੇ ਹਮਦਰਦੀ ਦੀ ਮਲ੍ਹਮ ਤਾਂ ਲੱਗ ਸਕਦੀ ਹੈ, ਜਿਹੜੀ ਲਗਾਈ ਨਹੀਂ ਜਾ ਰਹੀ। ਭਾਰਤੀ ਫ਼ੌਜ ਲਈ ਸ੍ਰੀ ਦਰਬਾਰ ਸਾਹਿਬ 'ਚ ਅੱਤਵਾਦੀ ਸਨ ਪਰ ਸਿੱਖ ਕੌਮ ਵਾਸਤੇ ਜਿਨ੍ਹਾਂ ਵੀ ਸੂਰਬੀਰ ਯੋਧਿਆਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਅਜ਼ਮਤ ਤੇ ਸਿੱਖੀ ਸਿਦਕ ਭਰੋਸਾ ਨੂੰ ਕਾਇਮ ਰੱਖਦਿਆਂ ਸ਼ਹਾਦਤ ਦਾ ਜਾਮ ਪੀਤਾ, ਉਹ ਸਿੱਖ ਕੌਮ ਲਈ ਸੱਤਵਾਦੀ-ਸ਼ਹੀਦ ਹਨ ਤੇ ਰਹਿਣਗੇ। ਸਾਲਾਂ ਬਾਅਦ ਹੀ ਨਹੀਂ, ਸਗੋਂ ਸਦੀਆਂ ਤੀਕ ਉਨ੍ਹਾਂ ਨੂੰ ਸ਼ਰਧਾ-ਸਤਿਕਾਰ ਭੇਂਟ ਕਰਦੇ ਰਹਾਂਗੇ, ਨਾਸੂਰ-ਏ-84 ਨੂੰ ਯਾਦ ਕਰ ਕੇ !!

ਸੰਬਾਦੀ ਸਿੱਖ ਸ਼ਖ਼ਸੀਅਤਾਂ

ਸੰਬਾਦ ਤੋਂ ਭਾਵ ਹੈ ਵਿਚਾਰ-ਚਰਚਾ। ਗੁਰਬਾਣੀ/ਗੁਰਮਤਿ ਵਿਚਾਰਧਾਰਾ ਵਿਚ ਸੰਬਾਦ ਵਿਧੀ ਨੂੰ ਮਹੱਤਵਪੂਰਨ ਸਥਾਨ ਹਾਸਲ ਹੈ। ਗੁਰਬਾਣੀ 'ਚ ਵਿਚਾਰ-ਚਰਚਾ, ਸੁਆਲ-ਜੁਆਬ ਵਿਧੀ ਨੂੰ ਅਪਣਾਇਆ ਗਿਆ ਹੈ। ਇਥੋਂ ਤੀਕ ਕਿ ਇਕ ਪ੍ਰਮੁਖ ਬਾਣੀ ਦਾ ਨਾਂ 'ਸਿਧ ਗੋਸਟਿ' ਹੈ, ਜੋ ਸੁਆਲ ਜੁਆਬ, ਵਿਚਾਰ ਚਰਚਾ ਦਾ ਪ੍ਰਤੱਖ ਪ੍ਰਮਾਣ ਹੈ। 'ਸਿਧ ਗੋਸਟਿ' ਪੰਜਾਬੀ ਸਾਹਿਤ 'ਚ ਸੰਬਾਦ ਵਿਧੀ ਦੀ ਪਹਿਲੀ ਰਚਨਾ ਹੈ। ਸੰਬਾਦ ਵਿਧੀ ਰਾਹੀਂ ਹੀ ਜਨਮਸਾਖੀ-ਸਾਹਿਤ ਦੀ ਸਿਰਜਣਾ ਹੋਈ। ਗੋਸਟਿ ਸਿਰਲੇਖ ਅਧੀਨ ਕਈ ਰਚਨਾਵਾਂ ਉਪਲਬਧ ਹਨ। ਧਰਮ ਦਰਸ਼ਨ, ਗੁਰਬਾਣੀ ਦੇ ਬਹੁ-ਪੱਖਾਂ ਨੂੰ ਦਰਸਾਉਣ ਲਈ ਸੰਬਾਦ ਵਿਧੀ ਸਭ ਤੋਂ ਸਾਰਥਿਕ ਹੈ। ਗੁਰੂ ਨਾਨਕ ਸਾਹਿਬ ਦਾ ਕਥਨ ਹੈ ਕਿ ਜਿਤਨੀ ਦੇਰ ਇਸ ਦੁਨੀਆਂ 'ਚ ਰਹਿਣਾ ਹੈ - ਕਿਛੁ ਸੁਣਨਾ ਕਿਛੁ ਕਹਿਣਾ ਚਾਹੀਦੈ। ਕਹਿਣ-ਸੁਣਨ ਦੀ ਹਰ ਵਿਅਕਤੀ ਵਿਸ਼ੇਸ਼ ਦੀ ਆਪਣੀ ਸੀਮਾ-ਸਮਰੱਥਾ, ਸਾਧਨ ਤੇ ਵਿਧੀ ਹੈ।

ਮਨੁੱਖ ਇਕ ਚੇਤਨ ਪ੍ਰਾਣੀ ਹੈ, ਇਕ ਜੋਤਿ ਦੀ ਅੰਸ਼ ਹੋਣ ਕਾਰਨ ਮਨੁੱਖਤਾ ਇਕ ਇਕਾਈ ਹੈ ਪਰ ਚੇਤਨਤਾ ਕਾਰਨ ਹਰ ਇਕ ਦੀ ਹੋਂਦ-ਹਸਤੀ ਤੇ ਪਹਿਚਾਣ ਅਲੱਗ ਹੈ। ਇਹ ਪਹਿਚਾਣ ਵਿਚਾਰ-ਚਰਚਾ, ਬੋਲ-ਚਾਲ, ਲਿਖਣ-ਪੜ੍ਹਨ, ਭਾਸ਼ਾ-ਸ਼ੈਲੀ, ਵਿਸ਼ਾ-ਵਸਤੂ ਆਦਿ ਕਰਕੇ ਨਿਵੇਕਲੀ ਹੁੰਦੀ ਹੈ, ਜਿਸ ਨੂੰ ਅਸੀਂ ਵਿਅਕਤੀਤਵ ਜਾਂ ਸ਼ਖ਼ਸੀਅਤ ਕਹਿ ਸਕਦੇ ਹਾਂ। ਸ਼ਖ਼ਸੀਅਤ ਕਿਸੇ ਸ਼ਖ਼ਸ ਦੇ ਵਿਵਹਾਰ ਦਾ ਸੰਯੁਕਤ ਤੇ ਬੌਧਿਕ ਗੁਣ ਹੈ। ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਸ਼ਖ਼ਸੀਅਤ ਦੇ ਘੇਰੇ 'ਚ ਉਹ ਸਭ ਕੁਝ ਆ ਜਾਂਦਾ ਹੈ, ਜਿਸ ਰਾਹੀਂ ਇਕ ਸ਼ਖ਼ਸ-ਵਿਅਕਤੀ ਨੂੰ ਦੂਸਰੇ ਤੋਂ ਨਿਖੇੜਿਆ ਜਾ ਸਕਦਾ ਹੈ। ਸ਼ਖ਼ਸੀਅਤ ਕਿਸੇ ਸ਼ਖ਼ਸ ਦਾ ਸਰੀਰਕ, ਮਾਨਸਿਕ, ਬੌਧਿਕ ਗੁਣਾਂ ਦਾ ਸਮੂਹ ਹੈ। ਸ਼ਖ਼ਸੀ ਗੁਣਾਂ ਕਰਕੇ ਕੁਝ ਸ਼ਖ਼ਸੀਅਤਾਂ ਸਮਾਜ, ਧਰਮ, ਰਾਜਨੀਤੀ, ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਆਪਣੀ ਪਹਿਚਾਣ ਬਣਾ ਲੈਂਦੀਆਂ ਹਨ। ਅਜਿਹੀਆਂ ਸ਼ਖ਼ਸੀਅਤਾਂ ਸੰਬੰਧਿਤ ਸਮਾਜ ਨੂੰ ਪ੍ਰਭਾਵਿਤ ਕਰਦੀਆਂ ਹਨ। ਇਨ੍ਹਾਂ ਖ਼ਾਸ ਸ਼ਖ਼ਸੀਅਤਾਂ ਵੱਲੋਂ ਪਾਇਆ ਯੋਗਦਾਨ ਇਤਿਹਾਸ ਤੇ ਸਾਹਿਤ ਬਣਦਾ ਹੈ। ਯੋਗਦਾਨ ਦਾ ਖੇਤਰ ਹਮੇਸ਼ਾ ਹੀ ਅਲੱਗ-ਅਲੱਗ ਹੁੰਦਾ ਹੈ। ਵਿਸ਼ਵ ਦੇ ਇਤਿਹਾਸ ਤੇ ਸਾਹਿਤ ਵਿਚ ਸਿੱਖਾਂ ਨੇ ਥੋੜ੍ਹੇ ਸਮੇਂ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ, ਪਰ ਇਥੇ ਅਸੀਂ ਆਪਣੀ ਵਿਚਾਰ ਚਰਚਾ ਨੂੰ ਕੇਵਲ ਸੰਬਾਦੀ ਵਿਦਵਾਨ-ਲੇਖਕ, ਸਿੱਖ ਸ਼ਖ਼ਸੀਅਤਾਂ ਤੀਕ ਹੀ ਸੀਮਤ ਕਰਨਾ ਹੈ। ਭਾਈ ਗੁਰਦਾਸ ਜੀ ਨੇ ਗੁਰੂ

ਹਰਿਗੋਬਿੰਦ ਸਾਹਿਬ ਤੀਕ ਹੋਈਆਂ ਕੁਝ ਸ਼ਖ਼ਸੀਅਤਾਂ ਦਾ ਵਰਣਨ ਆਪਣੀ 11ਵੀਂ ਵਾਰ ਵਿਚ ਕੀਤਾ ਹੈ।

ਭਾਈ ਗੁਰਦਾਸ ਜੀ

ਸੰਬਾਦੀ ਸਿੱਖ ਸ਼ਖ਼ਸੀਅਤਾਂ 'ਚੋਂ ਭਾਈ ਗੁਰਦਾਸ ਜੀ ਪਹਿਲੀ ਪ੍ਰਮੁੱਖ ਸ਼ਖ਼ਸੀਅਤ ਹਨ। ਭਾਈ ਸਾਹਿਬ ਗੁਰਬਾਣੀ ਦੇ ਪਹਿਲੇ ਵਿਆਖਿਆਕਾਰ ਹਨ ਜਿਨ੍ਹਾਂ ਦੀਆਂ ਰਚਨਾਵਾਂ ਨੂੰ 'ਗੁਰਬਾਣੀ ਦੀ ਕੁੰਜੀ' ਹੋਣ ਦਾ ਸ਼ਰਫ਼ ਹਾਸਲ ਹੈ। ਉਨ੍ਹਾਂ ਦੀਆਂ ਰਚਨਾਵਾਂ ਕੇਵਲ ਗੁਰਬਾਣੀ ਦੀ ਵਿਆਖਿਆ ਤੀਕ ਹੀ ਸੀਮਤ ਨਹੀਂ, ਸਗੋਂ ਧਰਮ-ਦਰਸ਼ਨ, ਭਾਰਤੀ ਇਤਿਹਾਸ-ਮਿਥਿਹਾਸ ਦੀ ਪ੍ਰਮੁੱਖ ਜਾਣਕਾਰੀ ਨੂੰ ਪ੍ਰਸਤੁਤ ਕਰਦੀਆਂ ਹਨ। ਆਪ ਦੀਆਂ ਪ੍ਰਮਾਣਿਤ 40 ਵਾਰਾਂ, ਠੇਠ ਪੰਜਾਬੀ ਵਿਚ ਅਤੇ ਬ੍ਰਿਜ ਭਾਸ਼ਾ ਵਿਚ 675 ਕਬਿੱਤ ਸਵੱਯੇ ਮਿਲਦੇ ਹਨ। ਆਪ ਪੰਜਾਬੀ, ਸੰਸਕ੍ਰਿਤ, ਬ੍ਰਿਜ ਭਾਸ਼ਾਵਾਂ ਦੇ ਮਾਹਰ ਅਤੇ ਇਸਲਾਮ ਅਤੇ ਹਿੰਦੂ ਧਰਮ ਦੇ ਧਰਮ ਗ੍ਰੰਥਾਂ ਦੇ ਗਿਆਤਾ ਸਨ। ਸਿੱਖ ਧਰਮ ਦੇ ਪ੍ਰਚਾਰ ਹਿਤ ਜਿਥੇ ਉਨ੍ਹਾਂ ਮਹਾਨ ਪੰਜਾਬੀ ਸਾਹਿਤ ਦੀ ਰਚਨਾ ਕੀਤੀ, ਉਸ ਦੇ ਨਾਲ ਹੀ ਉਹ ਸਿੱਖ ਧਰਮ ਦੇ ਪ੍ਰਮੁੱਖ ਵਿਦਵਾਨ ਪ੍ਰਚਾਰਕ, ਕੁਸ਼ਲ ਪ੍ਰਬੰਧਕ ਵੀ ਸਨ। ਆਪ ਨੇ ਧਰਮ ਅਧਿਐਨ ਦੀ ਵਿਸ਼ੇਸ਼ ਧਰਮ ਕੇਂਦਰਾਂ ਤੋਂ ਵਿਸ਼ੇਸ਼ ਸਿੱਖਿਆ ਪ੍ਰਾਪਤ ਕੀਤੀ। ਆਦਿ ਗ੍ਰੰਥ ਦੇ ਪਹਿਲੇ ਲਿਖਾਰੀ ਹੋਣ ਦਾ ਸਤਿਕਾਰ ਇਨ੍ਹਾਂ ਨੂੰ ਪ੍ਰਾਪਤ ਹੋਇਆ।

ਭਾਈ ਗੁਰਦਾਸ ਜੀ ਦੀ ਰਚਨਾ ਨੂੰ ਗੁਰਬਾਣੀ ਵਾਂਗ ਪ੍ਰਮਾਣਿਕਤਾ ਹਾਸਲ ਹੈ, ਜੋ ਗੁਰਬਾਣੀ ਵਾਂਗ ਗਾਈ ਜਾ ਸਕਦੀ ਹੈ। ਭਾਸ਼ਾ ਸ਼ੈਲੀ ਵਿਆਖਿਆ-ਮਈ ਤੇ ਸ਼ਰਧਾ ਭਾਵਨਾ ਵਾਲੀ ਹੈ।

ਭਾਈ ਨੰਦ ਲਾਲ ਜੀ

ਭਾਈ ਗੁਰਦਾਸ ਜੀ ਤੋਂ ਬਾਅਦ ਭਾਈ ਨੰਦ ਲਾਲ ਜੀ ਦੂਸਰੇ ਤੇ ਅੰਤਿਮ ਸਿੱਖ ਸਾਹਿਤਕਾਰ ਹਨ ਜਿਨ੍ਹਾਂ ਦੀ ਰਚਨਾ ਨੂੰ ਗੁਰਬਾਣੀ ਤੁਲ ਗਾਇਆ ਜਾ ਸਕਦਾ ਹੈ। ਭਾਈ ਨੰਦ ਲਾਲ ਇਸਲਾਮਿਕ ਪਰੰਪਰਾਵਾਂ 'ਚ ਅਤੇ ਸਿੱਖ ਪਰੰਪਰਾਵਾਂ 'ਚ ਪ੍ਰਵਾਨ ਚੜ੍ਹੇ। ਆਪ ਨੂੰ ਕੁਰਾਨ ਸ਼ਰੀਫ਼ ਦੇ ਪ੍ਰਮਾਣਿਕ ਵਿਆਖਿਆਕਾਰ ਹੋਣ ਦਾ ਮਾਣ ਹਾਸਲ ਸੀ। ਭਾਈ ਸਾਹਿਬ ਧਰਮਾਂ ਦੀ ਸਹਿਹੋਂਦ ਦੀ ਉੱਤਮ ਮਿਸਾਲ ਹਨ। ਸਿੱਖ ਧਰਮ ਸੰਬੰਧੀ ਉਨ੍ਹਾਂ ਦੀ ਰਚਨਾ 'ਬੰਦਗੀ ਨਾਮਾ' ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਿੰਦਗੀ ਨਾਮਾ' ਦਾ ਨਾਂ ਦਿੱਤਾ।

ਭਾਈ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ 'ਚੋਂ ਪ੍ਰਮੁੱਖ ਸਨ। ਭਾਈ ਨੰਦ ਲਾਲ ਜੀ ਦੀ ਸ਼ਾਦੀ ਸਿੱਖ ਪਰਿਵਾਰ 'ਚ ਹੋਈ, ਜਿਸ ਸਦਕਾ ਇਨ੍ਹਾਂ ਦਾ ਰੁਝਾਨ ਸਿੱਖੀ ਵੱਲ ਵਧਿਆ। ਇਨ੍ਹਾਂ ਦੀਆਂ ਨੌਂ ਰਚਨਾਵਾਂ ਪ੍ਰਾਪਤ ਹਨ, ਇਕ ਹਿੰਦੀ 'ਚ ਤੇ ਬਾਕੀ ਅੱਠ ਫ਼ਾਰਸੀ ਵਿਚ ਹਨ। ਫ਼ਾਰਸੀ ਉਸ ਸਮੇਂ ਦੀ ਰਾਜ ਭਾਸ਼ਾ

ਸੀ। ਸਿੱਖ ਧਰਮ ਦਰਸ਼ਨ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ ਇਨ੍ਹਾਂ ਦੀਆਂ ਰਚਨਾਵਾਂ ਨੂੰ ਪ੍ਰਮਾਣਿਕਤਾ ਤੇ ਰੂਹਾਨੀਅਤ ਦਾ ਦਰਜਾ ਪ੍ਰਾਪਤ ਹੈ। 'ਦਸ ਗੁਰੂ ਇਕ ਜੋਤਿ' ਦੀ ਸਿਧਾਂਤਕ ਏਕਤਾ ਨੂੰ ਭਾਈ ਨੰਦ ਲਾਲ ਜੀ ਨੇ ਵਿਸ਼ੇਸ਼ ਕਰਕੇ ਦਰਸਾਇਆ ਹੈ। ਉਨ੍ਹਾਂ ਦੀ ਰਚਨਾ ਗੁਰਮਤਿ ਦਾ ਵਿਸ਼ਲੇਸ਼ਣ ਕਰਦੀ ਹੈ। ਗੁਰਬਾਣੀ, ਸਿੱਖ ਸਿਧਾਂਤ, ਸਿੱਖ ਮਰਯਾਦਾ ਦਾ ਵਿਸ਼ਲੇਸ਼ਣ ਬਹੁਤ ਢੁੱਕਵਾਂ ਤੇ ਰੌਚਿਕ ਹੈ।

ਭਾਈ ਮਨੀ ਸਿੰਘ ਜੀ

ਭਾਈ ਮਨੀ ਸਿੰਘ ਜੀ ਸਿੱਖ-ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ। ਆਪ ਨੂੰ ਗੁਰਬਾਣੀ-ਸਿੱਖ-ਇਤਿਹਾਸ ਦੇ ਵਿਆਖਿਆਕਾਰ, ਗੁਰੂ ਪਰਿਵਾਰ ਦੇ ਅਤਿ ਨਿਕਟਵਰਤੀ, ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ, ਅਨੋਖੇ ਸ਼ਹੀਦ ਹੋਣ ਦਾ ਮਾਣ ਹਾਸਲ ਹੈ। ਆਪ ਸਿੱਖ ਸਾਹਿਤ ਦੇ ਗੰਭੀਰ ਚਿੰਤਕ ਤੇ ਸਿਦਕ ਸਬੂਰੀ 'ਚ ਪਰਪੱਕ ਗੁਰਸਿੱਖ ਸਨ। ਜਿਥੇ ਆਪ ਗੁਰਮਤਿ ਦੇ ਪ੍ਰਬੀਨ ਲੇਖਕ ਸਨ, ਉਥੇ ਮਹਾਨ ਸੂਰਬੀਰ ਵੀ ਸਨ। ਗੁਰਬਾਣੀ ਕਥਾਕਾਰ ਹੋਣ ਕਾਰਨ ਆਪ ਜੀ ਦੀ ਰਚਨਾ ਸ਼ੈਲੀ ਵਿਆਖਿਆ ਵਾਲੀ ਹੈ। ਭਾਈ ਗੁਰਦਾਸ ਜੀ ਵਾਂਗ ਆਪ ਨੂੰ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਹੋਣ ਦਾ ਸਤਿਕਾਰ, ਹਾਸਲ ਹੋਇਆ। 1734 ਈ. ਨੂੰ ਬੰਦ-ਬੰਦ ਕੱਟ ਕੇ ਲਾਹੌਰ ਸ਼ਹੀਦ ਕਰ ਦਿੱਤਾ ਗਿਆ।

ਭਾਈ ਸੰਤੋਖ ਸਿੰਘ

ਭਾਈ ਸੰਤੋਖ ਸਿੰਘ ਜੀ ਇਕ ਅਜਿਹੇ ਮੁੱਢਲੇ ਸਿੱਖ ਇਤਿਹਾਸਕਾਰ ਅਤੇ ਵਿਆਖਿਆਕਾਰ ਹਨ, ਜਿਨ੍ਹਾਂ ਨੂੰ ਸਭ ਤੋਂ ਵੱਧ ਪੜ੍ਹਿਆ ਅਤੇ ਸੁਣਿਆ ਜਾਂਦਾ ਹੈ। ਇਨ੍ਹਾਂ ਦੀਆਂ ਰਚਨਾਵਾਂ ਸੰਦਰਭ ਪੁਸਤਕ ਬਣ ਚੁੱਕੀਆਂ ਹਨ, ਜਿਨ੍ਹਾਂ ਦੀ ਕਥਾ ਸ਼ਾਮ ਨੂੰ ਸਾਰੇ ਗੁਰਦੁਆਰਿਆਂ ਵਿਚ ਹੁੰਦੀ ਹੈ। *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਅਤੇ *ਸ੍ਰੀ ਨਾਨਕ ਪ੍ਰਕਾਸ਼ ਗ੍ਰੰਥ* ਵਿਸ਼ਵ ਪ੍ਰਸਿੱਧ ਹਨ। ਇਨ੍ਹਾਂ ਦੀ ਰਚਨਾ-ਸ਼ੈਲੀ ਵਿਆਖਿਆਕਾਰੀ, ਦ੍ਰਿਸ਼ਟਾਂਤ ਭਰਪੂਰ ਅਤੇ ਅਤਿ ਰੌਚਿਕ ਹੈ। ਆਪ ਜੀ ਬ੍ਰਿਜ ਭਾਸ਼ਾ ਅਤੇ ਸੰਸਕ੍ਰਿਤ ਦੇ ਵਿਦਵਾਨ ਸਨ, ਜਿਨ੍ਹਾਂ ਨੂੰ ਕਾਵਿ ਗੁਣਾਂ ਦੀ ਨਿਪੁੰਨਤਾ ਹਾਸਲ ਸੀ। ਉਕਤ ਗ੍ਰੰਥਾਂ ਤੋਂ ਇਲਾਵਾ ਉਨ੍ਹਾ ਨੇ *ਆਤਮ ਪੁਰਾਣ* ਤੇ *ਰਾਮਾਇਣ* ਦੇ ਵੀ ਅਨੁਵਾਦ ਕੀਤੇ। ਜਪੁ ਜੀ ਦਾ ਟੀਕਾ *ਗਰਬ ਗੰਜਨੀ* ਆਪ ਜੀ ਦਾ ਜਗਤ ਪ੍ਰਸਿੱਧ ਹੈ। ਆਪ ਜੀ ਦਾ ਸਾਰਾ ਜੀਵਨ ਸਿੱਖ-ਸਾਹਿਤ ਨੂੰ ਸਮਰਪਿਤ ਰਿਹਾ।

ਗਿਆਨੀ ਗਿਆਨ ਸਿੰਘ

ਆਪ ਆਧੁਨਿਕ ਪੰਜਾਬੀ ਵਾਰਤਕ ਦੇ ਜਨਮਦਾਤੇ ਅਤੇ ਕਵੀ ਸਨ। ਆਪ ਪੰਜਾਬੀ, ਬ੍ਰਿਜ, ਫ਼ਾਰਸੀ ਭਾਸ਼ਾਵਾਂ ਦੇ ਵਿਦਵਾਨ ਲਿਖਾਰੀ ਸਨ। ਆਪ ਜੀ ਦੀਆਂ ਪੁਸਤਕਾਂ *ਸ੍ਰੀ ਗੁਰ ਪੰਥ ਪ੍ਰਕਾਸ਼*, *ਤਵਾਰੀਖ ਗੁਰੂ ਖ਼ਾਲਸਾ*, *ਨਿਰਮਲ ਪੰਥ ਪ੍ਰਦੀਪਕਾ*,

ਖ਼ਾਲਸਾ ਧਰਮ ਪਤਿਤ ਪਾਵਨ, ਗੁਰਧਾਮ ਸੰਗ੍ਰਹਿ, ਤਵਾਰੀਖ਼ ਅੰਮ੍ਰਿਤਸਰ, ਕਥਾ ਪੂਰਨਮਾਸ਼ੀ ਆਦਿ ਪ੍ਰਕਾਸ਼ਿਤ ਹੋਈਆਂ ਹਨ। ਪੰਜਾਬੀ ਦੇ ਇਸ ਸਪੂਤ ਨੇ ਸਾਹਿਤ ਰਚਨਾ ਕਰ ਕੇ ਮਹਾਨ ਕਾਰਜ ਕੀਤਾ ਹੈ। ਇਨ੍ਹਾਂ ਦੀ ਭਾਸ਼ਾ ਸ਼ੈਲੀ ਵਿਆਖਿਆਮਈ ਪਰ ਗਿਆਨ ਭਰਪੂਰ ਹੈ। ਆਪ ਪੰਜਾਬ ਦਾ ਇਤਿਹਾਸ ਲਿਖਣ ਵਾਲੇ ਪੰਜਾਬੀ ਇਤਿਹਾਸਕਾਰਾਂ 'ਚੋਂ ਮੁਖੀ ਹਨ।

ਪ੍ਰੋ. ਗੁਰਮੁਖ ਸਿੰਘ ਜੀ

ਆਪ ਜੀ ਪਹਿਲੇ ਅਕਾਦਮਿਕ ਸਿੱਖ ਲਿਖਾਰੀ ਹਨ ਜਿਨ੍ਹਾਂ ਉੱਚ ਵਿੱਦਿਆ ਪ੍ਰਾਪਤ ਵੀ ਕੀਤੀ ਅਤੇ ਪੜ੍ਹਾਈ ਵੀ! ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਹਿਤ ਗੁਰਮੁਖੀ ਲਿਪੀ 'ਚ ਅਖ਼ਬਾਰ-ਰਸਾਲੇ ਛਾਪਣ ਦੀ ਬਲਵਾਨ ਪਿਰਤ ਤੋਰੀ। ਆਪ ਪੰਜਾਬੀ ਦੇ ਮੁੱਢਲੇ ਪੱਤਰਕਾਰ ਹੋਏ, ਜਿਨ੍ਹਾਂ ਨੇ ਪੰਜਾਬੀ ਦੇ ਵਿਕਾਸ ਤੇ ਲਿਪੀ ਦੇ ਪ੍ਰਸਾਰ ਹਿਤ *ਖ਼ਾਲਸਾ ਅਖ਼ਬਾਰ, ਵਿਦਿਯਾਰਕ ਸੁਧਾਰਕ* ਨਾਂ ਦੇ ਰਸਾਲੇ ਪ੍ਰਕਾਸ਼ਿਤ ਕੀਤੇ। ਪੰਜਾਬੀ ਬੋਲੀ ਤੇ ਸਾਹਿਤ ਦੇ ਵਿਕਾਸ ਲਈ, ਇਨ੍ਹਾਂ ਨੇ 'ਪੰਜਾਬੀ ਪ੍ਰਚਾਰਨੀ ਸਭਾ' ਬਣਾਈ। *ਖ਼ਾਲਸਾ ਧਰਮ ਉਪਦੇਸ਼, ਲਾਸਾਨੀ ਕਰਾਮਾਤ, ਇੰਗਲੈਂਡ ਦਾ ਇਤਿਹਾਸ, ਜੋਤਿਸ਼ ਵਿਗਿਆਨ, ਤਿਕੋਨ ਮਿਤੀ, ਰਾਜਨੀਤਕ ਅਰਥ ਵਿਗਿਆਨ* ਆਦਿ ਰਚਨਾਵਾਂ ਤੋਂ ਉਨ੍ਹਾਂ ਦੀ ਵਿਦਵਤਾ ਦਾ ਬੋਧ ਹੁੰਦਾ ਹੈ। ਆਪ ਪੰਜਾਬੀ ਹਿਤੈਸ਼ੀ ਤੇ ਖੋਜੀ ਵਿਦਵਾਨ, ਸਮਾਜ ਸੁਧਾਰਕ ਸਨ।

ਗਿਆਨੀ ਦਿੱਤ ਸਿੰਘ ਜੀ

ਆਪ ਜੀ ਸੂਖਮ ਸੂਝ-ਬੂਝ ਦੇ ਮਾਲਕ ਪੰਜਾਬੀ, ਪਿੰਗਲ, ਵਿਆਕਰਣ, ਵੇਦਾਂਤ, ਰਾਜਨੀਤੀ ਦੇ ਵਿਦਵਾਨ ਸਨ। ਆਪ ਨੇ *ਖ਼ਾਲਸਾ ਅਖ਼ਬਾਰ* ਲਈ ਲਿਖਣਾ ਸ਼ੁਰੂ ਕੀਤਾ। ਕੁਰੀਤੀਆਂ ਦੇ ਵਿਰੁੱਧ ਪ੍ਰਚਾਰ ਹਿਤ ਪ੍ਰੈਸ ਅਤੇ ਅਖ਼ਬਾਰ ਦੁਬਾਰਾ ਚਾਲੂ ਕੀਤੀ ਤੇ ਕਵਿਤਾਵਾਂ ਲਿਖੀਆਂ। ਇਨ੍ਹਾਂ ਦੀਆਂ ਰਚਨਾਵਾਂ ਬਹੁਪੱਖੀ ਹਨ, ਜੋ ਸਿੱਖ-ਇਤਿਹਾਸ ਸਿਧਾਂਤ ਨੂੰ ਸਪੱਸ਼ਟ ਕਰਦੀਆਂ ਹਨ। ਇਨ੍ਹਾਂ ਦੀਆਂ ਰਚਨਾਵਾਂ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਿਰਾਇ ਸਾਹਿਬ, ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰ-ਇਤਿਹਾਸ ਸੰਬੰਧੀ ਹਨ।

ਭਾਰਤ ਮੰਗਲ, ਕਲਗ਼ੀਧਰ ਉਪਕਾਰ, ਤਾਰਾ ਸਿੰਘ, ਸੁਬੇਗ ਸਿੰਘ, ਮਹਿਤਾਬ ਸਿੰਘ, ਭਾਈ ਤਾਰੂ ਸਿੰਘ ਤੇ ਭਾਈ ਬੋਤਾ ਸਿੰਘ ਦੀ ਸ਼ਹੀਦੀ ਆਦਿ ਬਾਰੇ ਇਨ੍ਹਾਂ ਨੇ ਕਾਫ਼ੀ ਜਾਣਕਾਰੀ ਸਹਿਤ ਲਿਖਿਆ ਹੈ।

ਪੰਥ ਸੁਧਾਰ, ਦੰਭ ਵਿਦਾਰਨ, ਨਕਲੀ ਸਿੱਖ ਪ੍ਰਬੋਧ, ਖ਼ਾਲਸਾ ਧਰਮ ਸੰਸਕਾਰ ਵਿਧੀ, ਪੰਥ 'ਤੇ ਵਾਰ, ਸੁਲਤਾਨ ਪੁਆੜਾ, ਖ਼ਾਲਸਾ ਪੱਤਰ, ਸਾਧੂ ਦਯਾ ਨੰਦ ਨਾਲ ਸੰਵਾਦ ਆਦਿ 30 ਪੁਸਤਕਾਂ ਲਿਖੀਆਂ। ਇਨ੍ਹਾਂ ਦੀ ਸ਼ੈਲੀ ਅਕਾਦਮਿਕ, ਨਾਟਕੀ ਜੁਗਤ ਭਰਪੂਰ, ਭਾਸ਼ਾ ਠੇਠ ਪੰਜਾਬੀ ਹੈ। ਹਾਜ਼ਰ-ਜੁਆਬ ਸਨ। ਪੰਜਾਬੀ ਤੇ ਸਿੱਖੀ ਦੇ ਬਾ-ਦਲੀਲ ਪ੍ਰਚਾਰਕ ਸਨ।

ਭਾਈ ਕਾਨ੍ਹ ਸਿੰਘ ਨਾਭਾ

ਭਾਈ ਸਾਹਿਬ ਪੰਜਾਬੀ ਸਾਹਿਤ ਦੀ ਉਹ ਉੱਘੀ ਸ਼ਖ਼ਸੀਅਤ ਹਨ, ਜੋ ਕਿਸੇ ਤਰ੍ਹਾਂ ਦੀ ਜਾਣਕਾਰੀ ਦੀ ਮੁਥਾਜ ਨਹੀਂ। ਉਨ੍ਹਾਂ ਦੀਆਂ ਸਾਰੀਆਂ ਸਾਹਿਤਕ ਕਿਰਤਾਂ ਪੰਜਾਬੀ ਸਾਹਿਤ 'ਚ ਸੰਦਰਭ ਰੂਪ 'ਚ ਵਰਤੀਆਂ ਜਾਂਦੀਆਂ ਹਨ। ਫ਼ਰਜ਼-ਸਨਾਸ਼ੀ, ਉਦਾਰਤਾ, ਨਿਰਨਾ ਲੈ ਕੇ ਉਸ 'ਤੇ ਅਮਲ ਕਰਨ ਦੀ ਸਮਰੱਥਾ ਭਾਈ ਸਾਹਿਬ ਦੀ ਸ਼ਖ਼ਸੀਅਤ ਦੇ ਅਨਿੱਖੜਵੇਂ ਅੰਗ ਸਨ। ਕਾਵਿ-ਸ਼ਾਸਤਰ ਤੇ ਵਿਆਕਰਣ ਦੇ ਗੁਣ ਇਨ੍ਹਾਂ ਨੇ ਉਚੇਚੇ ਤੌਰ 'ਤੇ ਲਿਖੇ। *ਮਹਾਨ ਕੋਸ਼* ਦੇ ਕਰਤਾ ਵਜੋਂ ਇਨ੍ਹਾਂ ਦੀ ਮਿਹਨਤ ਇਕ ਕਰਾਮਾਤ ਸਾਬਤ ਹੋਈ। ਸਿੱਖ ਸਾਹਿਤ ਦੀ ਉਨ੍ਹਾਂ ਨਿਰੰਤਰ ਰਚਨਾ ਕੀਤੀ। *ਗੁਰਮਤ ਮਾਰਤੰਡ, ਮਹਾਨ ਕੋਸ਼, ਗੁਰਮਤ-ਸੁਧਾਕਰ, ਗੁਰਮਤ ਪ੍ਰਭਾਕਰ, ਗੁਰਛੰਦ ਦਿਵਾਕਰ, ਚੰਡੀ ਦੀ ਵਾਰ ਸਟੀਕ, ਗੁਰੂ ਮਹਿਮਾ ਰਤਨਾਵਲੀ* ਆਪ ਜੀ ਦੀਆਂ ਅਮਰ ਰਚਨਾਵਾਂ ਹਨ। ਆਪ ਜੀ ਪੰਜਾਬੀ, ਹਿੰਦੀ, ਸੰਸਕ੍ਰਿਤ, ਉਰਦੂ, ਫ਼ਾਰਸੀ, ਅੰਗਰੇਜ਼ੀ ਭਾਸ਼ਾ ਦੇ ਪ੍ਰਮਾਣਿਕ ਵਿਦਵਾਨ ਸਨ।

ਭਾਈ ਵੀਰ ਸਿੰਘ ਜੀ

ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਭਾਈ ਵੀਰ ਸਿੰਘ ਦਾ ਪਾਲਣ-ਪੋਸ਼ਣ ਹੀ ਸਾਹਿਤਕ ਵਾਤਾਵਰਣ ਵਿਚ ਹੋਇਆ। 1890 ਈ. 'ਚ *ਖ਼ਾਲਸਾ ਸਮਾਚਾਰ* ਹਫ਼ਤਾਵਾਰੀ ਅਖ਼ਬਾਰ ਅਤੇ 1893 ਈ. ਵਿਚ ਮਾਸਿਕ ਪੱਤਰ *ਨਿਰਗੁਣਿਆਰਾ* ਸ਼ੁਰੂ ਕੀਤਾ, ਜੋ ਨਿਰੰਤਰ ਜਾਰੀ ਹਨ।

ਪੰਜਾਬੀ ਮਾਂ-ਬੋਲੀ 'ਚ ਸਾਹਿਤ ਸਿਰਜਣਾ ਦਾ ਆਦਰਸ਼ ਸਥਾਪਤ ਕੀਤਾ ਤੇ ਸਾਰੀ ਉਮਰ ਨਿਭਾਇਆ। ਵਾਰਤਕ ਰੂਪ - *ਗੁਰੂ ਨਾਨਕ ਚਮਤਕਾਰ* (ਦੋ-ਭਾਗ), *ਅਸ਼ਟ ਗੁਰ ਚਮਤਕਾਰ, ਕਲਗੀਧਰ ਚਮਤਕਾਰ*।

ਕਾਵਿ ਰੂਪ, ਨਾਵਲ ਰੂਪ, ਖੋਜ ਵਿਆਖਿਆ, ਸੰਪਾਦਨ, ਟ੍ਰੈਕਟ ਰਚਨਾ ਆਦਿ ਸਾਹਿਤਕ ਵਿਧੀਆਂ ਦੀ ਵਰਤੋਂ ਕੀਤੀ ਤੇ ਹਰੇਕ 'ਚ ਸਫਲ ਹੋਏ। ਕੁਦਰਤ ਦੇ ਕਵੀ ਤੇ ਮੌਲਿਕ ਟੀਕਾਕਾਰ ਸਨ।

ਪ੍ਰੋ. ਪੂਰਨ ਸਿੰਘ

ਪ੍ਰੋ. ਸਾਹਿਬ ਪੰਜਾਬੀ ਸਾਹਿਤ ਵਿਚ ਅਨੋਖੀ ਥਾਂ ਰੱਖਦੇ ਹਨ। ਵਿਗਿਆਨੀ, ਚਿੰਤਕ, ਕਵੀ ਤੇ ਵਾਰਤਕ ਸ਼ੈਲੀ ਕਰਕੇ ਇਨ੍ਹਾਂ ਦੀ ਵੱਖਰੀ ਹੋਂਦ ਸਥਾਪਤ ਹੋਈ। ਪ੍ਰੋ. ਸਾਹਿਬ ਧਰਮ-ਸਾਹਿਤ, ਪੱਤਰਕਾਰੀ, ਗਿਆਨ, ਵਿਗਿਆਨ, ਕਲਾ, ਸੰਸਕ੍ਰਿਤੀ, ਪੂਰਬੀ ਤੇ ਪੱਛਮੀ ਸਭਿਆਚਾਰ ਦਾ ਸੰਗਮ ਸਨ।

ਪੰਜਾਬੀ ਭਾਸ਼ਾ 'ਚ *ਖੁੱਲ੍ਹੇ ਲੇਖ, ਖੁੱਲ੍ਹੇ ਮੈਦਾਨ, ਖੁੱਲ੍ਹੇ ਘੁੰਡ, ਖੁੱਲ੍ਹੇ ਅਸਮਾਨੀ ਰੰਗ* ਆਦਿ ਪੁਸਤਕਾਂ ਲਿਖ ਕੇ ਆਪ ਜੀ ਨੇ ਨਵੀਨ ਪੰਜਾਬੀ ਸ਼ੈਲੀ ਦੇ ਵਿਕਾਸ ਵਿਚ ਯੋਗਦਾਨ ਪਾਇਆ। ਆਪ ਜੀ ਨੇ ਅੰਗਰੇਜ਼ੀ ਵਿਚ ਵੀ ਸਿੱਖੀ ਦੇ ਅਦੁੱਤੀ ਫਲਸਫੇ

ਬਾਰੇ ਰੂਹ ਨੂੰ ਧੂਹ ਪਾਉਣ ਵਾਲੀਆਂ ਕਈ ਰਚਨਾਵਾਂ ਲਿਖੀਆਂ। *ਸਪਿਰਟ ਬਾਰਨ ਪੀਪਲ, ਦ ਬੁੱਕ ਆਫ਼ ਟੈਨ ਮਾਸਟਰਜ਼, ਸਪਿਰਟ ਆਫ਼ ਦ ਸਿੱਖ* ਆਦਿ ਰਚਨਾਵਾਂ ਆਪ ਜੀ ਦੀ ਕਰਤਾਰੀ ਸ਼ਕਤੀ ਦਾ ਅਨੋਖਾ ਪ੍ਰਗਟਾਵਾ ਕਰਦੀਆਂ ਹਨ। ਆਪ ਜੀ ਨੇ ਕਵਿਤਾ ਵਾਰਤਕ ਤੇ ਨਿਬੰਧ ਕਲਾ ਵਿਚ ਨਵੀਆਂ ਲੀਹਾਂ ਪਾਈਆਂ, ਜਿਨ੍ਹਾਂ ਵਿਚ ਸਿੱਖ ਅਧਿਆਤਮਵਾਦ ਨੂੰ ਨਵੇਂ ਰੂਪ 'ਚ ਰੂਪਮਾਨ ਕੀਤਾ।

ਅਕਾਲੀ ਕੌਰ ਸਿੰਘ ਜੀ

ਅਕਾਲੀ ਜੀ ਸਿੱਖ ਧਰਮ 'ਚ ਵਿਲੱਖਣ ਸਥਾਨ ਰੱਖਦੇ ਹਨ, ਨਿਹੰਗੀ ਬਾਣੇ ਵਿਚ ਵਿਦਵਾਨ ਸਨ ਤੇ ਵਿਦਵਾਨਾਂ, ਪੜ੍ਹਿਆਂ-ਲਿਖਿਆਂ ਨਾਲ ਸੰਬਾਦ ਰਚਾਉਂਦੇ ਰਹਿੰਦੇ ਸਨ। ਦੇਸ਼ ਭਰਮਣ ਕਰਕੇ ਇਨ੍ਹਾਂ ਦੁਰਲੱਭ ਕਿਰਤਾਂ ਦੀ ਰਚਨਾ ਕੀਤੀ, ਜਿਨ੍ਹਾਂ ਨੂੰ ਸੰਦਰਭ ਪੁਸਤਕਾਂ ਹੋਣ ਦਾ ਮਾਣ ਪ੍ਰਾਪਤ ਹੈ।

ਸ੍ਰੀ ਗੁਰ ਸ਼ੋਭਾ, ਵਾਰਾਂ ਭਾਈ ਗੁਰਦਾਸ (ਤੁਕ ਤਤਕਰਾ), ਸ੍ਰੀ ਗੁਰ ਸ਼ਬਦ ਰਤਨ ਪ੍ਰਕਾਸ਼ (ਤੁਕ ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ), ਇਸਤਰੀ ਸੰਕਟ ਮੋਚਨ, ਪ੍ਰਮਾਣਿਕ ਨਿਤਨੇਮ ਗੁਟਕਾ, ਹਜ਼ੂਰੀ ਸਾਥੀ, ਉਪਦੇਸ਼ ਰਤਨਾਕਰ (ਕਾਵਿ) ਅਤੇ ਸੈਂਕੜੇ ਲੇਖ *ਕਸ਼ਮੀਰ ਸਿੱਖ ਸਮਾਚਾਰ* 'ਚ ਪ੍ਰਕਾਸ਼ਤ ਹੋਏ। ਘੁਮੱਕੜ ਹੋਣ ਕਰਕੇ ਇਨ੍ਹਾਂ ਨੂੰ ਭਾਸ਼ਾਵਾਂ ਦਾ ਵਸੀਹ ਗਿਆਨ ਸੀ।

ਭਾਈ ਰਣਧੀਰ ਸਿੰਘ ਜੀ

ਭਾਈ ਸਾਹਿਬ ਪੰਜਾਬੀ ਤੇ ਅੰਗਰੇਜ਼ੀ ਭਾਸ਼ਾਵਾਂ 'ਚ ਮੁਹਾਰਤ ਰੱਖਦੇ ਹਨ। ਇਨ੍ਹਾਂ ਦਾ ਵਿਸ਼ੇਸ਼ ਸੰਬਾਦ ਇਕ ਅੰਗਰੇਜ਼ ਡਾਕਟਰ ਨਾਲ ਹੋਇਆ, ਇਸ ਵਿਚਾਰ ਚਰਚਾ ਨੂੰ ਭਾਈ ਸਾਹਿਬ ਨੇ ਨਾਂ ਦਿੱਤਾ - *ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ-ਪ੍ਰਸਤੀ ਹੈ?* ਪੁਲਿਸ ਅਫ਼ਸਰਾਂ ਨਾਲ ਹੋਇਆ ਵਾਰਤਾਲਾਪ *ਜੇਲ੍ਹ ਚਿਠੀਆਂ* 'ਚ ਅੰਕਿਤ ਹੈ। *ਰੰਗਲੇ ਸੱਜਣ, ਗੁਰਮਤਿ ਅਧਿਆਤਮ ਕਰਮ ਫ਼ਿਲਾਸਫੀ, ਗੁਰਮਤਿ ਬਿਬੇਕ, ਅਣਡਿਠੀ ਦੁਨੀਆ, ਗੁਰਮਤਿ ਨਾਮ ਅਭਿਆਸ ਕਮਾਈ, ਜੋਤਿ ਵਿਗਾਸ (ਮਹਾ ਕਾਵਿ)* - ਆਦਿ ਪੁਸਤਕਾਂ ਰਾਹੀਂ ਅਧਿਆਤਮਕ ਸਾਹਿਤ ਉਜਾਗਰ ਕੀਤਾ।

ਭਾਈ ਜੋਧ ਸਿੰਘ ਜੀ

ਭਾਈ ਸਾਹਿਬ ਨੂੰ ਸਿੱਖ ਧਰਮ ਦੇ ਮੂਲ ਗ੍ਰੰਥਾਂ 'ਤੇ ਵਸੀਕਾਰ ਸੀ। ਆਪ ਜੀ ਨੇ ਪੰਜਾਬੀ ਨੂੰ ਮਿਆਰੀ ਬਣਾਇਆ ਤੇ ਪੰਜਾਬੀ ਦੇ ਬੁੱਧੀਮਾਨੀ, ਵਿਦਵਾਨੀ ਤੇ ਗਿਆਨੀ ਦੇ ਕੋਰਸ ਸ਼ੁਰੂ ਕਰਵਾਣ ਤੋਂ ਇਲਾਵਾ ਪੰਜਾਬੀ ਨੂੰ ਬੀ.ਏ. ਵਿਚ ਮਜ਼ਮੂਨ ਵਜੋਂ ਲਾਗੂ ਕਰਵਾਇਆ। ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਵਜੋਂ ਸੇਵਾ-ਮੁਕਤ ਹੋਣ ਉਪਰੰਤ ਵੀ ਆਪ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਸਿੱਖਿਆ ਨਾਲ ਜੁੜੇ ਰਹੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਆਪ ਬਾਨੀ ਵਾਈਸ ਚਾਂਸਲਰ

ਵੀ ਬਣੇ। ਪੰਜਾਬੀ ਸਾਹਿਤ ਨੂੰ ਪ੍ਰਫੁੱਲਿਤ ਕਰਨ ਲਈ ਉਨ੍ਹਾਂ *ਸਿੱਖੀ ਕੀ ਹੈ ?*, *ਟੀਕਾ ਜਪੁ ਜੀ ਸਾਹਿਬ*, *ਭਗਤ ਬਾਣੀ ਸਟੀਕ*, *ਗੁਰਮਤਿ ਨਿਰਣਯ*, *ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ*, *ਪ੍ਰਾਚੀਨ ਬੀੜਾਂ ਬਾਰੇ ਭੁੱਲਾਂ ਦੀ ਸੋਧ* ਆਦਿ ਪੁਸਤਕਾਂ ਅਤੇ ਟੀਕੇ ਲਿਖੇ। ਆਪ ਜੀ ਦੀ ਲਿਖਣ-ਸ਼ੈਲੀ ਸੰਜਮੀ, ਸਰਲ-ਸੰਖੇਪ ਅਤੇ ਗੁੰਦਵੀਂ ਹੈ।

ਪ੍ਰਿੰ. ਤੇਜਾ ਸਿੰਘ ਜੀ

ਸਿੱਖਿਆ ਸ਼ਾਸਤਰੀ ਤੇ ਧਰਮ ਸ਼ਾਸਤਰੀ ਪ੍ਰਿੰ. ਤੇਜਾ ਸਿੰਘ ਜੀ ਸਿੱਖ ਚਿੰਤਕ/ਪ੍ਰਚਾਰਕ, ਸਮਾਜ ਸੁਧਾਰਕ ਤੇ ਪ੍ਰਮਾਣਿਕ ਸਿੱਖ ਵਿਦਵਾਨ ਸਨ। 'ਜਪੁ ਜੀ' ਅਤੇ 'ਆਸਾ ਦੀ ਵਾਰ' ਦੇ ਟੀਕਿਆਂ ਨਾਲ ਗੁਰਬਾਣੀ ਟੀਕਾਕਾਰੀ ਵਿਚ ਆਪਣੀ ਛਾਪ ਛੱਡੀ। *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਆਪ ਜੀ ਦੀ ਵਿਦਵਤਾ ਤੇ ਬਹੁਪੱਖੀ ਪ੍ਰਤਿਭਾ ਦੀ ਲਖਾਇਕ ਹੈ। *ਸਾਹਿਤ ਦਰਸ਼ਨ*, *ਘਰ ਦਾ ਪਿਆਰ*, *ਆਰਸੀ (ਸਵੈ-ਜੀਵਨੀ)* *ਪੰਜਾਬੀ ਕਿਵੇਂ ਲਿਖੀਏ ?* *ਸ਼ਬਦਾਂਤਿਕ ਲਗਾਂ ਮਾਤ੍ਰਾਂ ਦੇ ਗੁੱਝੇ ਭੇਦ*, *ਅੰਗ੍ਰੇਜ਼ੀ ਪੰਜਾਬੀ ਡਿਕਸ਼ਨਰੀ* ਆਦਿ ਪੁਸਤਕਾਂ ਲਿਖ ਕੇ ਪੰਜਾਬੀ ਸਾਹਿਤ ਪ੍ਰਤੀ ਰਿਣਪੂਰਤੀ ਕੀਤੀ।

ਮਾਸਟਰ ਤਾਰਾ ਸਿੰਘ ਜੀ

ਮਾਸਟਰ ਜੀ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਨੇ ਗ਼ੈਰ-ਸਿੱਖ ਪਰਿਵਾਰ 'ਚ ਜਨਮ ਲੈ ਕੇ ਸਿੱਖੀ ਧਾਰਨ ਕੀਤੀ ਅਤੇ 50 ਸਾਲ ਸਿੱਖਾਂ ਦੇ ਦਿਲਾਂ 'ਤੇ ਰਾਜ ਕੀਤਾ। ਆਪ ਅਧਿਆਪਕ, ਰਾਜਨੀਤੀਵੇਤਾ, ਸਮਾਜ ਸ਼ਾਸਤਰੀ, ਧਰਮ ਸ਼ਾਸਤਰੀ, ਸਾਹਿਤਕਾਰ, ਬਾ-ਦਲੀਲ ਚਿੰਤਕ ਅਤੇ ਮਾਂ-ਬੋਲੀ ਪੰਜਾਬੀ ਲਈ ਜੱਦੋ-ਜਹਿਦ ਕਰਨ ਵਾਲੇ ਸਨ। *ਪ੍ਰੇਮ ਲਗਨ*, *ਬਾਬਾ ਤੇਗ਼ਾ ਸਿੰਘ* ਨਾਂ ਦੇ ਨਾਵਲ ਲਿਖੇ। *ਮੇਰੀ ਯਾਦ* (ਸਵੈ-ਜੀਵਨੀ) ਅਤੇ ਅਨੇਕਾਂ ਲੇਖ ਵੱਖ-ਵੱਖ ਅਖ਼ਬਾਰਾਂ ਤੇ ਰਸਾਲਿਆਂ 'ਚ ਪ੍ਰਕਾਸ਼ਿਤ ਹੋਏ। *ਸੱਚਾ ਢੰਡੋਰਾ*, *ਪਰਦੇਸੀ ਖ਼ਾਲਸਾ* ਦੋ ਸਪਤਾਹਿਕ ਰਸਾਲੇ, *ਅਕਾਲੀ* ਅਤੇ *ਜਥੇਦਾਰ* ਨਾਂ ਦੋ ਅਖ਼ਬਾਰ ਆਰੰਭ ਕੀਤੇ। *ਸੰਤ ਸਿਪਾਹੀ* ਮਾਸਿਕ ਰਸਾਲਾ ਸ਼ੁਰੂ ਕੀਤਾ, ਜੋ ਨਿਰੰਤਰ ਜਾਰੀ ਹੈ। ਇਨ੍ਹਾਂ ਦੀ ਲਿਖਣ-ਸ਼ੈਲੀ, ਪ੍ਰੇਰਨਾਦਾਇਕ ਅਤੇ ਧਾਰਮਿਕ ਭਾਵਨਾਵਾਂ ਨਾਲ ਭਰਪੂਰ ਹੈ।

ਗਿਆਨੀ ਹੀਰਾ ਸਿੰਘ ਦਰਦ

ਦਰਦ ਸਾਹਿਬ ਨੇ ਪੰਜਾਬੀ ਸਾਹਿਤ ਦੀ ਤਰੱਕੀ, ਵਿਕਾਸ ਅਤੇ ਪੰਜਾਬ 'ਚੋਂ ਅਨਪੜ੍ਹਤਾ-ਅਗਿਆਨਤਾ ਦਾ ਹਨੇਰਾ ਦੂਰ ਕਰਨ ਲਈ ਬੇਜੋੜ ਯੋਗਦਾਨ ਪਾਇਆ। ਉਨ੍ਹਾਂ ਦੀ *ਪੰਥ-ਧਰਮ ਅਤੇ ਰਾਜਨੀਤੀ* ਪੁਸਤਕ ਸਮਕਾਲੀ ਸਮਾਜ ਦੀ ਆਲੋਚਨਾ ਦਾ ਦਰਪਣ ਹੈ। *ਅਕਾਲੀਆਂ ਲਈ ਫ਼ੈਸਲੇ ਦੀ ਘੜੀ* ਟ੍ਰੈਕਟ ਛਪੇ। ਬਹੁ-ਪੱਖੀ ਸਾਹਿਤਕ ਰਚਨਾ 'ਚ ਵਾਰਤਕ, ਕਵਿਤਾ, ਕਹਾਣੀ, ਲੇਖ, ਜੀਵਨੀ, ਸਫ਼ਰਨਾਮਾ,

ਪੱਤਰਕਾਰੀ ਅਤੇ ਆਲੋਚਨਾ ਆਦਿ ਵਿਧੀਆਂ ਵਰਤੀਆਂ। ਸਾਹਿਤ ਰਚਨਾ ਦਾ ਮੂਲ ਮਨੋਰਥ ਪੰਜਾਬੀ ਜ਼ੁਬਾਨ ਦੀ ਪ੍ਰਫੁੱਲਤਾ, ਸਿੱਖ ਸਿਧਾਂਤਾਂ ਅਤੇ ਮਰਯਾਦਾ ਦਾ ਪ੍ਰਚਾਰ ਪ੍ਰਸਾਰ ਸੀ।

ਪ੍ਰੋ. ਸਾਹਿਬ ਸਿੰਘ ਜੀ

ਸ਼੍ਰੋਮਣੀ ਟੀਕਾਕਾਰ, ਵਿਆਕਰਣਵੇਤਾ, ਇਤਿਹਾਸਕਾਰ, ਵਾਰਤਕਕਾਰ ਪ੍ਰੋ. ਸਾਹਿਬ ਸਿੰਘ ਜੀ ਦਾ ਜਨਮ 16 ਫ਼ਰਵਰੀ, 1892 ਨੂੰ ਹੋਇਆ। ਆਪ ਜੀ ਨੇ ਅਧਿਆਪਕ, ਪ੍ਰੋਫ਼ੈਸਰ, ਪ੍ਰਿੰਸੀਪਲ ਵਜੋਂ ਅਧਿਆਪਨ ਕਾਰਜ ਕੀਤਾ। *ਗੁਰਬਾਣੀ ਵਿਆਕਰਣ*, *ਗੁਰੂ ਗ੍ਰੰਥ ਸਾਹਿਬ ਦਰਪਣ*, 40 ਦੇ ਕਰੀਬ ਧਾਰਮਿਕ-ਇਤਿਹਾਸਕ ਪੁਸਤਕਾਂ ਦੀ ਰਚਨਾ ਕਰ ਪੰਜਾਬੀ ਸਾਹਿਤ ਨੂੰ ਨਵਾਂ ਮੁਹਾਂਦਰਾ ਤੇ ਸ਼ੈਲੀ ਪ੍ਰਦਾਨ ਕੀਤੀ। ਗ਼ੁਰਬਤ 'ਚ ਪਲੇ ਪ੍ਰੋ. ਸਾਹਿਬ ਸਿੰਘ ਜੀ ਦੀ ਸਾਹਿਤਕ ਜੀਵਨੀ ਸਾਰਿਆਂ ਵਾਸਤੇ ਚਾਨਣ ਮੁਨਾਰਾ ਅਤੇ ਪ੍ਰੇਰਨਾ ਸ੍ਰੋਤ ਹੈ।

ਸਿਰਦਾਰ ਕਪੂਰ ਸਿੰਘ ਜੀ

ਸਿਰਦਾਰ ਸਾਹਿਬ ਨਿਪੁੰਨ ਦਾਰਸ਼ਨਿਕ, ਵਿਦਵਾਨ ਲੇਖਕ, ਵਕਤਾ ਅਤੇ ਵਾਰਤਕਕਾਰ, ਪ੍ਰਸ਼ਾਸਨਿਕ ਅਧਿਕਾਰੀ, ਰਾਜਨੀਤੀਵੇਤਾ ਅਤੇ ਸਫਲ ਬੁਲਾਰੇ ਸਨ। ਸ੍ਰੀ ਅਨੰਦਪੁਰ ਸਾਹਿਬ ਦਾ ਬਹੁ-ਚਰਚਿਤ ਮਤਾ ਇਨ੍ਹਾਂ ਦੀ ਹੀ ਲਿਖਤ ਹੈ। ਅਸੀਮ ਗਿਆਨ ਵੇਤਾ ਸਿਰਦਾਰ ਸਾਹਿਬ ਨੇ *ਸਪਤ ਸ੍ਰਿੰਗ*, *ਪੁੰਦ੍ਰੀਕ*, *ਬਹੁ ਵਿਸਥਾਰ*, *ਸਾਚੀ ਸਾਖੀ*, *ਪ੍ਰਾਸ਼ਰਾਪ੍ਰਸ਼ਨਾ* ਆਪ ਜੀ ਦੀਆਂ ਸਾਹਿਤਕ ਦਾਰਸ਼ਨਿਕ ਮਹੱਤਤਾ ਵਾਲੀਆਂ ਕ੍ਰਿਤਾਂ ਹਨ। ਅੱਜ ਤਕ ਉਹ ਇਕਲੌਤੇ ਸਿੱਖ ਵਿਦਵਾਨ ਹਨ, ਜਿਨ੍ਹਾਂ ਨੂੰ 'ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ' ਦੀ ਉਪਾਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਾਪਤ ਹੋਈ।

ਸਿੱਖ ਯੁਵਕ ਅਤੇ ਸੂਚਨਾ ਤੇ ਸੰਚਾਰ ਸਮੱਸਿਆਵਾਂ*

ਬਾਲਪਨ, ਜੁਆਨੀ ਤੇ ਬੁਢੇਪਾ ਜ਼ਿੰਦਗੀ ਦੇ ਤਿੰਨ ਪ੍ਰਮੁੱਖ ਹਿੱਸੇ ਹਨ। ਇਨ੍ਹਾਂ ਤਿੰਨਾਂ ਵਿੱਚੋਂ ਕੁਝ ਕਰ ਗੁਜ਼ਰਨ ਦੀ ਸਮਰੱਥਾ 'ਜੁਆਨੀ' ਵਿਚ ਹੀ ਹੁੰਦੀ ਹੈ। ਉਮਰ ਦੇ 15 ਤੋਂ 35 ਸਾਲ ਦੇ ਹਿੱਸੇ ਨੂੰ 'ਜੁਆਨੀ' ਦਾ ਹਿੱਸਾ ਕਿਹਾ ਜਾ ਸਕਦਾ ਹੈ। ਗੁਰਬਾਣੀ ਦਾ ਪਾਵਨ ਫ਼ੁਰਮਾਨ ਹੈ:

ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥

(ਵਾਰ ਆਸਾ ਮਹਲਾ ੧, ਪੰਨਾ 138)

ਇੱਕੀਵੀਂ ਸਦੀ ਇਲੈਕਟ੍ਰੋਨਿਕਸ ਦੀ ਸਦੀ ਹੋਵੇਗੀ, ਜੇਕਰ ਅਸੀਂ ਸਮੇਂ ਦੇ ਹਾਣੀ ਬਣ ਕੇ ਚੱਲਾਂਗੇ ਤਾਂ ਠੀਕ ਹੈ, ਨਹੀਂ ਤਾਂ ਅਸੀਂ ਪਿੱਛੇ ਰਹਿ ਕੇ ਸਮੱਸਿਆਵਾਂ ਵਿਚ ਗ੍ਰਸਤ ਹੋ ਜਾਵਾਂਗੇ। ਸਮੱਸਿਆਵਾਂ ਦਾ ਪ੍ਰਭਾਵ ਵੀ ਬਹੁਤਾ ਨੌਜੁਆਨੀ 'ਤੇ ਹੀ ਪਵੇਗਾ। ਕਿਉਂਕਿ ਬਾਲ-ਵਰੇਸ ਵੈਸੇ ਅਨਜਾਣ ਹੈ ਤੇ ਬੁਢੇਪਾ ਖਾ-ਹੰਢਾ ਚੁੱਕਾ ਹੈ, ਇਸ ਕਰਕੇ ਹਰ ਸਮੇਂ ਸਮੱਸਿਆਵਾਂ ਲਈ ਜ਼ੁੰਮੇਵਾਰੀ ਸਾਰੀ ਦੀ ਸਾਰੀ ਨੌਜੁਆਨੀ ਦੀ ਹੀ ਹੁੰਦੀ ਹੈ। ਜੇ ਉਹ ਵੀ ਸੰਭਲੇ ਨਾ, ਸਮਝੋ 'ਰਾਮ ਨਾਮ ਸਤ' ਹੋ ਜਾਵੇਗਾ। ਕੰਪਿਊਟਰ ਯੁੱਗ ਵਿਚ ਪ੍ਰਵੇਸ਼ ਕਰ ਰਹੇ ਨੌਜੁਆਨ ਵੀਰੋ! ਸਮੇਂ ਦਾ ਸੰਚਾਰ ਮਾਧਿਅਮ ਸਾਡੀ ਸਮੱਸਿਆ ਹੈ ਤੇ ਇਸ ਦੀ ਸੁਯੋਗ ਵਰਤੋਂ ਵਿਚ ਹੀ ਹੱਲ ਹੈ। ਆਓ! ਸਮੱਸਿਆ ਨੂੰ ਸਮਝਦੇ ਹੋਏ ਕੁਝ ਹੱਲ ਢੂੰਡਣ ਵੱਲ ਵਿਚਾਰ ਕਰੀਏ।

'ਸੂਚਨਾ' ਤੇ 'ਸੰਚਾਰ' ਸ਼ਬਦ ਅੰਤਰ-ਸੰਬੰਧਿਤ ਹਨ; ਇਕ ਤੋਂ ਬਿਨਾਂ ਦੂਸਰਾ ਅਰਥਹੀਣ ਹੈ। ਸੂਚਨਾ ਤੋਂ ਭਾਵ ਜਤਲਾਉਣਾ ਜਾਂ ਗਯਾਪਨ ਹੈ। ਸੂਚਨਾ ਦੇ ਫੈਲਾਓ ਨੂੰ ਅਸੀਂ ਸੰਚਾਰ ਕਹਿ ਸਕਦੇ ਹਾਂ। ਸੰਚਾਰ ਜੋੜਨ ਫੈਲਾਉਣ, ਮਿਲਾਉਣ ਦੀ ਪ੍ਰਕਿਰਿਆ ਹੈ। ਆਧੁਨਿਕ ਯੁੱਗ ਸੂਚਨਾ-ਸੰਚਾਰ ਸਾਧਨਾਂ 'ਤੇ ਹੀ ਨਿਰਭਰ ਹੈ। ਮਨੁੱਖ ਦੀ ਸਿੱਖਣ ਦੀ ਪ੍ਰਵਿਰਤੀ ਸੂਚਨਾ-ਸੰਚਾਰ-ਸਾਧਨਾਂ 'ਤੇ ਹੀ ਨਿਰਭਰ ਹੈ। ਸੰਚਾਰ-ਸਾਧਨਾਂ ਦੇ ਫੈਲਾਓ-ਵਿਸਥਾਰ ਕਰਕੇ ਅੱਜ ਵਿਸ਼ਵ ਇਕ ਪਰਿਵਾਰ ਨਿਆਈਂ ਬਣ ਗਿਆ ਹੈ। ਜੇਕਰ ਮਨੁੱਖ ਪਾਸ ਸੰਚਾਰ-ਸਾਧਨਾਂ ਦਾ ਆਧੁਨਿਕ ਸਾਜ਼ੋ-ਸਾਮਾਨ ਹੈ ਤਾਂ ਉਹ ਵਿਸ਼ਵ ਦੇ ਕੋਨੇ-ਕੋਨੇ ਦੀ ਸੂਚਨਾ ਪਲਾਂ ਵਿਚ ਇਕੱਤਰ ਕਰ ਸਕਦਾ ਹੈ ਜਾਂ ਇਹ ਉਸ ਪਾਸ ਪਹੁੰਚ ਸਕਦੀ ਹੈ। ਅੱਜ ਸੂਚਨਾ ਤੇ ਸੰਚਾਰ ਸਾਧਨਾਂ ਤੋਂ ਬਿਨਾਂ ਮਨੁੱਖੀ ਵਿਕਾਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਆਧੁਨਿਕ ਸੂਚਨਾ ਕੇਂਦਰ ਤੇ

---

* ਇਹ ਪਰਚਾ ਵਿਸ਼ਵ ਸਿੱਖ ਸੰਮੇਲਨ ਸਮੇਂ 24 ਸਤੰਬਰ, 1995 ਨੂੰ ਸਿੱਖ ਯੁਵਕ ਕਾਨਫ਼ਰੰਸ ਸਮੇਂ ਪੜ੍ਹਿਆ ਗਿਆ।

ਸੰਚਾਰ-ਜੁਗਤਾਂ ਤਰੱਕੀ-ਪਸੰਦ ਮਨੁੱਖਤਾ ਦੀ ਲੋੜ ਹਨ। ਸਮੇਂ ਤੇ ਲੋੜ ਅਨੁਸਾਰ ਸੰਚਾਰ-ਜੁਗਤਾਂ ਵਿਚ ਬਦਲਾਓ-ਵਿਸਥਾਰ ਹੁੰਦਾ ਰਿਹਾ ਹੈ ਤੇ ਹੁੰਦਾ ਰਹੇਗਾ। ਸੂਚਨਾ ਬਹੁ-ਭਾਂਤੀ ਹਨ ਪਰ ਹਰ ਸੂਚਨਾ ਲਈ ਕੇਂਦਰ ਸਥਾਪਤ ਹਨ, ਭਾਵੇਂ ਸੂਚਨਾ, ਧਾਰਮਿਕ, ਸਮਾਜਿਕ, ਰਾਜਨੀਤਕ, ਸਭਿਆਚਾਰਕ ਆਦਿ ਲਈ ਹੋਵੇ। ਹਾਂ, ਇਹ ਜ਼ਰੂਰੀ ਹੈ ਕਿ ਸੂਚਨਾ ਕੇਂਦਰਾਂ 'ਤੇ ਅਧਿਕਾਰਤ ਵਿਅਕਤੀ ਜਾਂ ਵਿਅਕਤੀ ਸਮੂਹ ਆਪਣੀ ਇੱਛਾ ਨੀਤੀ ਅਨੁਸਾਰ ਹੀ ਸੂਚਨਾ ਦਾ ਸੰਚਾਰ ਕਰਨਗੇ। ਸੂਚਨਾ ਦਾ ਗ਼ਲਤ ਪ੍ਰਸਾਰਨ ਕਈ ਤਰ੍ਹਾਂ ਦੀਆਂ ਗ਼ਲਤ-ਫ਼ਹਿਮੀਆਂ ਪੈਦਾ ਕਰਦਾ ਹੈ ਤੇ ਗ਼ਲਤ-ਫ਼ਹਿਮੀ ਹੀ 90% ਸਮੱਸਿਆਵਾਂ ਦੀ ਜੜ੍ਹ ਹੈ।

ਸਿੱਖ ਨੌਜੁਆਨ ਨੂੰ ਪ੍ਰਮਾਣਿਕ ਤੇ ਸੰਖੇਪ ਸੂਚਨਾ ਪ੍ਰਾਪਤ ਨਹੀਂ ਹੋ ਰਹੀ। ਗ਼ੈਰ-ਪ੍ਰਮਾਣਿਕ ਤੇ ਗ਼ੈਰ-ਅਧਿਕਾਰਤ ਲੇਖਕਾਂ ਪ੍ਰਚਾਰਕਾਂ, ਵਿਆਖਿਆਕਾਰਾਂ ਵੱਲੋਂ ਕੀਤੇ ਯਤਨਾਂ ਨਾਲ ਨੌਜੁਆਨ ਦੁਬਿਧਾ ਵਿਚ ਫਸ ਜਾਂਦਾ ਹੈ। ਇਸ ਲਈ ਮੂਲ ਲੋੜ ਹੈ ਕਿ ਪ੍ਰਮਾਣਿਕ ਸੂਚਨਾ ਦੇ ਸਥਾਈ ਕੇਂਦਰ ਹੋਣ, ਜਿਥੋਂ ਸਿੱਖ-ਜਗਤ ਨਾਲ ਸੰਬੰਧਿਤ ਹਰ ਤਰ੍ਹਾਂ ਦੀਆਂ ਸੂਚਨਾ ਤੇ ਸੰਚਾਰ-ਗਤੀਵਿਧੀਆਂ ਦੀ ਨਿਗਰਾਨੀ ਤੇ ਸੰਚਾਲਨ ਹੋ ਸਕੇ।

ਸੂਚਨਾ ਦੇ ਸੰਸਾਰ ਲਈ ਪਹਿਲੀ ਤੇ ਪੁਰਾਣੀ ਸੰਚਾਰ-ਜੁਗਤ ਪਰਸਪਰ ਮੇਲ-ਮਿਲਾਪ ਹੈ ਜਾਂ ਇਉਂ ਕਹੀਏ ਇਕ ਦੂਸਰੇ ਦੇ ਰੂ-ਬ-ਰੂ ਹੋ ਕੇ ਸੂਚਨਾ ਦੇਣਾ, ਪਰ ਸੂਚਨਾ ਦੇ ਸੰਚਾਰ ਦਾ ਇਹ ਸੀਮਤ ਸਾਧਨ ਹੈ। ਇਸ ਕਰਕੇ ਅੱਜ ਦੇ ਵਿਸ਼ਾਲ ਭੂ-ਖੇਤਰ ਵਿਚ ਇਹ ਪੂਰੀ ਤਰ੍ਹਾਂ ਸਹਾਈ ਸਿੱਧ ਨਹੀਂ ਹੋ ਸਕਦਾ। ਹਾਂ, ਵਿਅਕਤੀਗਤ ਸੂਚਨਾ ਲਈ ਤਾਂ ਇਹ ਹਮੇਸ਼ਾ ਸਾਰਥਿਕ ਰਿਹਾ ਹੈ ਤੇ ਰਹੇਗਾ ਵੀ, ਪਰ ਸਮੂਹਿਕ ਜਾਂ ਵਿਸ਼ਵ-ਵਿਆਪੀ ਸੂਚਨਾ ਲਈ ਇਹ ਸਾਧਨ ਕਦੇ ਵੀ ਸਾਰਥਿਕ ਨਹੀਂ ਹੋ ਸਕਦਾ। ਦੂਸਰਾ, ਇਹ ਵੀ ਤਾਂ ਸੰਭਵ ਹੈ ਜੇਕਰ ਸੂਚਨਾ ਪ੍ਰਾਪਤ-ਕਰਤਾ ਤੇ ਸੂਚਨਾ ਪ੍ਰਸਾਰਤ ਕਰਨ ਵਾਲੇ ਦੀ 'ਭਾਸ਼ਾ' ਇਕ ਹੋਵੇ ਜਾਂ ਭਾਸ਼ਾ ਦੀ ਸਮਝ ਹੋਵੇ। ਗੁਰੂ ਨਾਨਕ ਦੇਵ ਜੀ ਨੇ ਇਸ ਸੰਚਾਰ-ਜੁਗਤ ਦੀ ਵਰਤੋਂ ਕਰਦਿਆਂ, ਵੱਖ-ਵੱਖ ਮੁਹਾਵਰਿਆਂ ਰਾਹੀਂ ਸੂਚਨਾ ਦਾ ਵਿਸਥਾਰ ਕੀਤਾ ਸੀ। ਫਿਰ ਇਸ ਸੰਚਾਰ-ਜੁਗਤ ਵਿਚ 'ਨਾਟਕੀ ਜੁਗਤ' ਆ ਜਾਂਦੀ ਹੈ। ਸੰਚਾਰ-ਜੁਗਤ ਦੀ ਸਫਲਤਾ ਉਤਸੁਕਤਾ ਪੈਦਾ ਕਰਨ ਵਿਚ ਹੈ। ਇਸ ਲਈ ਨਾਟਕੀ ਜੁਗਤ ਪਹਿਲਾਂ ਤੇ ਹੁਣ ਵੀ ਪ੍ਰਸੰਗਕ ਹੈ। ਵਿਅਕਤੀਗਤ ਰੂਪ ਵਿਚ ਗੱਲਬਾਤ-ਵਾਰਤਾਲਾਪ, ਮੇਲ-ਮਿਲਾਪ ਪਹਿਲੀ ਸੰਚਾਰ-ਜੁਗਤ ਹੈ ਪਰ ਇਸ ਦਾ ਘੇਰਾ ਬਹੁਤ ਸੀਮਤ ਜਾਂ ਵਿਅਕਤੀਗਤ ਹੈ। ਅੱਜ ਦੇ ਯੁੱਗ ਵਿਚ ਆਪ ਹਾਜ਼ਰ ਹੋਏ ਬਿਨਾਂ ਵੀ ਸੂਚਨਾ ਦਾ ਸੰਚਾਰ ਹੋ ਸਕਦਾ ਹੈ। ਅਸੀਂ ਆਪ ਹਾਜ਼ਰ ਹੋਏ ਬਿਨਾਂ ਵੀ ਕਈ ਜਨ-ਸਮੂਹਾਂ ਦੇ ਮੈਂਬਰ ਬਣ ਸਕਦੇ ਹਾਂ।

ਦੂਸਰਾ ਮਹੱਤਵਪੂਰਨ ਸੰਚਾਰ ਮਾਧਿਅਮ 'ਪ੍ਰਿੰਟ' ਮੀਡੀਆ ਹੈ। ਜਿਥੇ ਇਹ ਸੂਚਨਾ ਦੇ ਸੰਚਾਰ ਲਈ ਬਹੁਤ ਵਿਸ਼ਾਲ ਸਾਧਨ ਹੈ, ਉਥੇ ਇਸ ਦੀ ਸੁਯੋਗ ਵਰਤੋਂ ਨਾ ਹੋਣ ਕਰਕੇ ਇਹ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵੀ ਪੈਦਾ ਕਰਦਾ ਹੈ। ਪਰ

ਇਹ ਨੁਕਸ ਮਾਧਿਅਮ ਦਾ ਨਹੀਂ, ਵਰਤੋਂ ਦਾ ਹੈ! ਇਸ ਮਾਧਿਅਮ ਵਿਚ ਭਾਸ਼ਾ ਦੀ ਬਿਖਮਤਾ, ਬੇਲੋੜਾ ਵਿਸਥਾਰ, ਦੁਹਰਾਓ ਆਦਿ ਸਮੱਸਿਆਵਾਂ ਪੈਦਾ ਕਰਦਾ ਹੈ। ਸਿੱਖ ਜਗਤ ਵਿਚ ਛਪ ਰਹੇ ਮੈਗਜ਼ੀਨ ਤੇ ਧਾਰਮਿਕ-ਪੱਤਰ ਨੌਜੁਆਨਾਂ ਦੀਆਂ ਰੁਚੀਆਂ ਮੁਤਾਬਿਕ ਸਮੱਗਰੀ ਪ੍ਰਦਾਨ ਨਹੀਂ ਕਰ ਰਹੇ, ਸਗੋਂ ਬਾਸੀ ਸਾਹਿਤ ਧੜਾ-ਧੜ ਛਪਣ ਕਰਕੇ ਨੌਜੁਆਨੀ ਦਾ ਪੜ੍ਹਨ-ਹਾਜ਼ਮਾ ਖ਼ਰਾਬ ਹੋ ਜਾਂਦਾ ਹੈ ਤੇ ਅਮੀਰ ਗੁਰਮਤਿ ਸਾਹਿਤ ਦੇ ਨਾਲੋਂ ਵੀ ਉਸ ਦਾ ਲਗਾਓ ਟੁੱਟ ਜਾਂਦਾ ਹੈ।

ਗੁਰਮਤਿ ਵਿਚਾਰਧਾਰਾ ਨਾਲ ਸੰਬੰਧਿਤ ਬਹੁਤ ਸਾਰੇ ਪਰਚੇ 'ਛਪ' ਰਹੇ ਹਨ, ਕੁਝ ਪਰਚੇ ਛਪਣ ਗਿਣਤੀ ਕਰਕੇ ਹੀ ਸਫਲ ਸਮਝੇ ਜਾ ਰਹੇ ਹਨ ਜੋ ਅਸਲ ਵਿਚ ਆਪਣੇ ਮਕਸਦ ਵਿਚ ਸਾਰਥਿਕ ਨਹੀਂ ਹਨ। ਬਹੁਤ ਸਾਰੇ ਗੁਰਮਤਿ ਮੈਗਜ਼ੀਨਾਂ ਦਾ ਪਾਠਕ-ਸੰਸਾਰ ਵੀ ਇਕ ਹੀ ਹੈ ਤੇ ਮੈਟਰ ਦੀ ਵੀ ਇਕਸਾਰਤਾ ਹੈ, ਵਿਭਿੰਨਤਾ ਨਹੀਂ, ਕਿਉਂਕਿ ਸਮੱਗਰੀ-ਸ੍ਰੋਤ ਵੀ ਇਕ ਹੀ ਹੈ। ਜੀਵਨ ਦੇ ਵੱਖ-ਵੱਖ ਪਹਿਲੂਆਂ ਬਾਰੇ ਸੂਚਨਾ-ਸਮੱਗਰੀ ਦੀ ਘਾਟ ਹੈ ਪਰ ਇਸ ਵੱਲ ਕਿਸੇ ਦਾ ਖ਼ਿਆਲ ਨਹੀਂ। ਦੂਸਰਾ, ਗੁਰਮਤਿ ਸਾਹਿਤ ਨਾਲ ਸੰਬੰਧਿਤ ਮੈਗਜ਼ੀਨ ਸਾਡੇ ਸਰਵੇ ਮੁਤਾਬਿਕ ਜ਼ਿਆਦਾਤਰ ਬਜ਼ੁਰਗ ਤੇ ਸੇਵਾ-ਮੁਕਤ ਵਿਅਕਤੀ ਹੀ ਪੜ੍ਹਦੇ ਹਨ ਤੇ ਉਹ ਵੀ ਇਸ ਕਰਕੇ ਨਹੀਂ ਕਿ ਉਨ੍ਹਾਂ ਦੀ ਗੁਰਮਤਿ ਸਾਹਿਤ ਵੱਲ ਬਹੁਤ ਰੁਚੀ ਹੈ ਬਲਕਿ ਉਹ ਤਾਂ ਸਮਾਂ ਬਿਤਾਉਣ ਲਈ ਹੀ ਇਹ ਪੜ੍ਹਦੇ ਹਨ। ਜੇਕਰ ਸਾਡੇ ਪਰਚਿਆਂ ਵਿਚ ਬੱਚਿਆਂ, ਨੌਜੁਆਨਾਂ ਦੀ ਰੁਚੀ ਨਹੀਂ ਤਾਂ ਸਮਝੋ ਕਿ ਅਸੀਂ ਆਪਣੇ ਕਾਰਜ-ਖੇਤਰ ਵਿਚ ਸਫਲ ਨਹੀਂ ਹੋ ਰਹੇ। ਰੁਚੀ ਹੀ ਲਗਨ ਪੈਦਾ ਕਰਦੀ ਹੈ ਤੇ ਲਗਨ ਕੁਝ ਕਰ ਗੁਜ਼ਰਨ ਲਈ ਤਿਆਰ ਕਰਦੀ ਹੈ। ਨੌਜੁਆਨੀ ਨੂੰ ਆਦਰਸ਼ ਬਹੁਤ ਪਿਆਰੇ ਹੁੰਦੇ ਹਨ, ਉਹ ਸੱਚ ਨਾਲ ਜੁੜਨਾ ਚਾਹੁੰਦੀ ਹੈ, ਪਰ ਅਸੀਂ ਇਸ ਪਾਸੇ ਬਹੁਤੇ ਯਤਨਸ਼ੀਲ ਨਹੀਂ ਹਾਂ। ਸਥਾਪਤ ਲੇਖਕਾਂ ਦੀਆਂ ਰਚਨਾਵਾਂ ਅਸੀਂ ਛਾਪ-ਛਾਪ ਕੇ ਕਾਗ਼ਜ਼ ਕਾਲੇ ਕਰ ਰਹੇ ਹਾਂ।

ਯੁਵਕ ਲਿਖਾਰੀ ਨੂੰ ਅਸੀਂ ਯੋਗ ਸਨਮਾਨ ਥਾਂ ਨਹੀਂ ਦੇ ਰਹੇ। ਨੌਜੁਆਨਾਂ ਵਿਚ ਪੜ੍ਹਨ-ਲਿਖਣ ਦੀ ਰੁਚੀ ਪੈਦਾ ਕਰ ਕੇ ਹੀ ਸਮੱਸਿਆ ਦਾ ਹੱਲ ਨਿਕਲ ਸਕਦਾ ਹੈ। ਸਾਨੂੰ ਆਪਸੀ ਤਾਲ-ਮੇਲ ਨਾਲ ਅਜਿਹੀ ਰਣਨੀਤੀ ਅਪਣਾਉਣੀ ਚਾਹੀਦੀ ਹੈ ਕਿ ਇਕ ਸੰਸਥਾ ਬੱਚਿਆਂ ਵਿਚ ਕੰਮ ਕਰੇਗੀ, ਦੂਸਰੀ ਨੌਜੁਆਨਾਂ ਵਿਚ, ਤੀਸਰੀ ਆਮ ਲੋਕਾਂ ਲਈ, ਚੌਥੀ ਗ਼ੈਰ-ਸਿੱਖਾਂ ਵਿਚ ਤੇ ਪੰਜਵੀਂ ਦੂਸਰੇ ਭੂ-ਖੇਤਰ ਵਿਚ ਵਿਚਰ ਰਹੇ ਸਿੱਖ ਨੌਜੁਆਨਾਂ ਵਿਚ। ਇਸ ਦੇ ਨਾਲ ਜਿਥੇ ਅਸੀਂ ਆਪਣੇ ਪਾਠਕ-ਸੰਸਾਰ ਦੀ ਇਕਸਾਰਤਾ ਕਰ ਲਵਾਂਗੇ, ਉਸ ਦੇ ਨਾਲ ਹੀ ਸਮੇਂ ਅਤੇ ਖ਼ਰਚਿਆਂ ਦੇ ਬੇਲੋੜੇ ਭਾਰ ਤੋਂ ਵੀ ਬਚ ਸਕਾਂਗੇ।

ਅਕਾਦਮਿਕ ਪੱਧਰ 'ਤੇ ਗੁਰਬਾਣੀ ਅਤੇ ਗੁਰਮਤਿ-ਸਿਧਾਂਤ ਦੀ ਵਿਆਖਿਆ ਦਾ ਜੋ ਕਾਰਜ ਯੂਨੀਵਰਸਿਟੀਆਂ ਦੇ ਸਥਾਪਤ ਵਿਦਵਾਨਾਂ ਵੱਲੋਂ ਹੋ ਰਿਹਾ ਹੈ, ਉਸ ਨੂੰ ਸੰਤੋਖਜਨਕ ਨਹੀਂ ਕਿਹਾ ਜਾ ਸਕਦਾ, ਕਿਉਂਕਿ ਬਹੁਤੇ ਵਿਦਵਾਨਾਂ ਦੀ ਵਿਦਵਤਾ ਸਿਧਾਂਤਾਂ ਦੀ ਸਪੱਸ਼ਟਤਾ ਕਰਕੇ ਨਹੀਂ, ਸਗੋਂ ਭਾਸ਼ਾ-ਬਿੰਬਾਂ, ਪ੍ਰਤੀਕਾਂ ਦੀ ਬਿਖਮ ਪੇਸ਼ਕਾਰੀ ਕਰਕੇ ਹੈ। ਗੁਰਬਾਣੀ ਤੇ ਗੁਰਮਤਿ ਸਾਹਿਤ ਦੀ ਗੁੰਝਲਦਾਰ ਵਿਆਖਿਆ

ਕਈ ਮੁਸ਼ਕਲਾਂ ਦਾ ਕਾਰਨ ਹੈ ਤੇ ਇਸ ਦੀ ਸਮਝ ਯੁਵਕ ਪਾਠਕ ਨੂੰ ਨਹੀਂ। ਯੁਵਕ ਇਸ ਤੋਂ ਨਿਰਾਸ਼ ਹੋ ਕੇ ਹੋਰ ਸਸਤੀ ਕਿਸਮ ਦਾ ਸਾਹਿਤ ਪੜ੍ਹਨ ਵੱਲ ਰੁਚਿਤ ਹੋ ਜਾਂਦਾ ਹੈ। ਇਸ ਲਈ ਸਾਡੇ ਵਿਦਵਾਨ ਵਿਆਖਿਆਕਾਰਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਗੁਰ-ਉਪਦੇਸ਼ ਸਰਲ-ਸਪੱਸ਼ਟ ਰੂਪ ਵਿਚ ਨੌਜੁਆਨਾਂ ਵਿਚ ਸੰਚਾਰਿਤ ਹੋ ਸਕੇ ਅਤੇ ਉਨ੍ਹਾਂ ਵਿਚ ਆਪਣੇ ਵਿਰਸੇ ਬਾਰੇ ਜਾਨਣ ਦੀ ਤੀਬਰ ਰੁਚੀ ਪੈਦਾ ਕਰ ਸਕੇ।

ਨੌਜੁਆਨੀ ਨੂੰ ਗੁਰਮਤਿ ਸਾਹਿਤ ਨਾਲ ਸੰਬੰਧਿਤ ਸੂਚਨਾ ਸੰਚਾਰਤ ਕਰਨ ਲਈ ਲੋਕ ਭਾਸ਼ਾ ਤੇ ਆਧੁਨਿਕ ਮੁਹਾਵਰੇ ਦੀ ਵਰਤੋਂ ਲਾਜ਼ਮੀ ਕਰਨੀ ਚਾਹੀਦੀ ਹੈ। ਬੇਲੋੜੇ ਵਿਸਥਾਰ ਤੋਂ ਪਰਹੇਜ਼ ਕਰਦਿਆਂ ਸੰਖੇਪ ਤੇ ਸੰਕੋਚਵੀਂ ਸਰਲ ਸ਼ਬਦਾਵਲੀ ਤੇ ਸ਼ੈਲੀ ਵਿਚ ਗੱਲ ਸਮਝਾਈ ਜਾਵੇ। ਅੱਜ ਪਾਠਕ ਨਾਵਲ-ਨੁਮਾ ਰਚਨਾ ਨਹੀਂ ਪੜ੍ਹਦਾ, ਉਸ ਦੀ ਰੁਚੀ ਮਿੰਨੀ ਕਹਾਣੀ-ਨੁਮਾ ਰਚਨਾਵਾਂ ਵਿਚ ਹੈ। ਉਹ ਥੋੜ੍ਹੇ ਸਮੇਂ ਤੇ ਥੋੜ੍ਹੀ ਖੇਚਲ-ਯਤਨ ਨਾਲ ਜ਼ਿਆਦਾ ਗਿਆਨ ਪ੍ਰਾਪਤ ਕਰਨਾ ਲੋਚਦਾ ਹੈ। ਜਿਸ ਤਰ੍ਹਾਂ ਇਕ ਕਾਰਟੂਨ ਇਕ ਪੂਰੀ ਘਟਨਾ ਨੂੰ ਵਿਅਕਤ ਕਰਦਾ ਹੈ, ਇਸ ਤਰ੍ਹਾਂ ਹੀ ਮਿੰਨੀ ਰਚਨਾਵਾਂ ਬਹੁਤ ਸਾਰਥਿਕ ਹੋ ਸਕਦੀਆਂ ਹਨ ਪਰ ਅਸੀਂ ਇਸ ਪਾਸੇ ਵੱਲ ਅਜੇ ਬਹੁਤੇ ਯਤਨਸ਼ੀਲ ਨਹੀਂ ਹਾਂ।

ਅਜੋਕੇ ਸਮੇਂ ਸਿੱਖ ਨੌਜੁਆਨ ਵਿਸ਼ਵ ਭਾਈਚਾਰੇ ਦੇ ਮੈਂਬਰ ਹਨ। ਸਿੱਖ ਨੌਜੁਆਨ ਵੱਖ-ਵੱਖ ਭੂ-ਖੇਤਰਾਂ ਵਿਚ ਵਿਚਰ ਰਿਹਾ ਹੈ। ਦੂਸਰੇ ਸੂਬਿਆਂ ਜਿਵੇਂ ਆਸਾਮ, ਬੰਗਾਲ, ਉੜੀਸਾ, ਮੇਘਾਲਿਆ, ਅਰੁਣਾਚਲ ਪ੍ਰਦੇਸ਼ ਆਦਿ ਤੇ ਦੂਸਰੇ ਦੇਸ਼ਾਂ-ਸਭਿਆਚਾਰਾਂ ਵਿਚ ਜੰਮੇ-ਪਲੇ-ਪਰਵਰਿਸ਼ ਹੋਏ ਸਿੱਖ ਨੌਜੁਆਨਾਂ ਨੂੰ ਜੇਕਰ ਅਸੀਂ ਪੰਜਾਬੀ ਭਾਸ਼ਾ ਵਿਚ ਗੱਲ ਸਮਝਾਉਣ ਦਾ ਯਤਨ ਕਰਾਂਗੇ ਤਾਂ ਅਸੀਂ ਸਫਲ ਨਹੀਂ ਹੋਵਾਂਗੇ। ਉਨ੍ਹਾਂ ਦੇ ਸਭਿਆਚਾਰਕ ਪਿਛੋਕੜ ਨੂੰ ਧਿਆਨ ਵਿਚ ਰੱਖਦਿਆਂ, ਉਨ੍ਹਾਂ ਦੀ ਖੇਤਰੀ ਭਾਸ਼ਾ ਵਿਚ ਜੇਕਰ ਗੁਰਬਾਣੀ, ਗੁਰਮਤਿ ਸਾਹਿਤ ਅਨੁਵਾਦ ਕਰਾ ਕੇ ਦਿਆਂਗੇ ਤਾਂ ਉਨ੍ਹਾਂ ਦੀ ਰੁਚੀ ਵਿਰਸੇ ਵੱਲ ਸੁਭਾਵਿਕ ਹੀ ਜੁੜੇਗੀ। ਇਸ ਲਈ ਸਾਨੂੰ ਪ੍ਰਮਾਣਿਕ ਗੁਰਮਤਿ ਸਾਹਿਤ ਵੱਧ ਤੋਂ ਵੱਧ ਬੋਲੀਆਂ ਵਿਚ ਅਨੁਵਾਦ ਕਰਵਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਿਧਾਂਤ ਦੀ ਸਪੱਸ਼ਟਤਾ ਲਈ ਸਾਨੂੰ ਸਮੂਹਿਕ ਪੱਧਰ 'ਤੇ ਯਤਨਸ਼ੀਲ ਹੋਣਾ ਚਾਹੀਦਾ ਹੈ ਤਾਂ ਹੀ ਸਿਧਾਂਤਕ ਏਕਤਾ ਆ ਸਕੇਗੀ ਤੇ ਦੁਬਿਧਾ ਤੋਂ ਬਚਾਅ ਹੋਵੇਗਾ।

ਆਡੀਓ

'ਪ੍ਰਿੰਟ ਮੀਡੀਏ' ਤੋਂ ਪਿੱਛੋਂ ਸੂਚਨਾ ਦੇ ਸੰਚਾਰ ਲਈ ਦੂਸਰਾ ਮਹੱਤਵਪੂਰਨ ਮਾਧਿਅਮ ਆਡੀਓ ਮਾਧਿਅਮ ਹੈ। ਆਡੀਓ ਵਿਚ ਰੇਡੀਓ, ਟੈਲੀਫ਼ੋਨ, ਟੇਪਰਿਕਾਰਡਰ ਆਦਿ ਸ਼ਾਮਲ ਹਨ। ਇਹ ਮਾਧਿਅਮ ਬਹੁਤ ਖ਼ਰਚੀਲਾ ਨਾ ਹੋਣ ਕਰਕੇ ਇਸ ਦੀ ਬਹੁਤਾਤ ਹੈ, ਪਰ ਸੂਚਨਾ ਦੀ ਪ੍ਰਮਾਣੀਕ ਜਾਣਕਾਰੀ ਨਾ ਹੋਣ ਕਰਕੇ ਇਹ ਕਈ

ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਕਰਦਾ ਹੈ। ਸੂਚਨਾ-ਕੇਂਦਰਾਂ 'ਤੇ ਸਰਕਾਰਾਂ ਦਾ ਅਧਿਕਾਰ ਹੋਣ ਕਰਕੇ ਉਹ ਮਨਮਰਜ਼ੀ ਨਾਲ ਹੀ ਇਸ ਮਾਧਿਅਮ ਦੀ ਵਰਤੋਂ ਕਰਦੀਆਂ ਹਨ। ਸੰਚਾਰ-ਸਮੱਗਰੀ ਦੀ ਪ੍ਰਮਾਣਿਕਤਾ ਬਾਰੇ ਕਸਵੱਟੀ ਨਹੀਂ, ਕੋਈ ਸੈਂਸਰ ਬੋਰਡ ਨਹੀਂ, ਖ਼ਾਸ ਕਰਕੇ ਧਾਰਮਿਕ ਸੂਚਨਾਵਾਂ ਸੰਬੰਧੀ, ਜਿਨ੍ਹਾਂ ਨਾਲ ਸਾਡਾ ਵਿਸ਼ੇਸ਼ ਸਰੋਕਾਰ ਹੈ, ਆਪੋ-ਧਾਪੀ ਦੇ ਰੋਲ-ਘਚੋਲੇ ਵਿਚ ਸਿੱਖੀ ਪ੍ਰਚਾਰ-ਪ੍ਰਸਾਰ ਦੇ ਨਾਂ ਹੇਠ ਨਿੱਤ ਨਵੇਂ ਦਿਨ ਨਵੀਆਂ ਕੈਸਟਾਂ ਆ ਰਹੀਆਂ ਹਨ ਪਰ ਨੇੜੇ ਹੋ ਕੇ ਸੁਣਨ ਨਾਲ ਸਮਝ ਲੱਗਦੀ ਹੈ ਕਿ ਇਸ ਨਾਲ ਤਾਂ ਲੋਕਾਈ ਸਗੋਂ ਸਿੱਖੀ-ਸਿਧਾਂਤ ਤੋਂ ਦੂਰ ਹੋ ਰਹੀ ਹੈ। ਸਿੱਖੀ-ਪ੍ਰਚਾਰ ਦੇ ਪਰਦੇ ਹੇਠ ਨਿੱਜਵਾਦ, ਡੇਰੇਦਾਰੀ ਤੇ ਸ਼ਖ਼ਸੀ ਪੂਜਾ ਨੂੰ ਬੜਾਵਾ ਮਿਲ ਰਿਹਾ ਹੈ। ਗੁਰਬਾਣੀ ਨੂੰ ਛੱਡ ਕੱਚੀ ਬਾਣੀ ਦਾ ਕੀਰਤਨ ਪ੍ਰਧਾਨ ਹੋ ਰਿਹਾ ਹੈ। ਇਸ ਕਰਕੇ ਵੀ ਨੌਜੁਆਨ ਵਰਗ ਦੁਬਿਧਾ-ਗ੍ਰਸਤ ਹੁੰਦਾ ਹੈ ਕਿ ਉਸ ਨੇ ਗੁਰੂ ਦੱਸੇ ਸਿਧਾਂਤ ਅਨੁਸਾਰੀ 'ਸ਼ਬਦ-ਗੁਰੂ' ਨੂੰ ਮੰਨਣਾ ਹੈ ਜਾਂ ਫਿਰ 'ਦੇਹ' ਦੇ ਪੁਜਾਰੀ ਹੋਣਾ ਹੈ। ਇਸ ਦੁਬਿਧਾ ਤੋਂ ਹੀ ਨਾਸਤਕ ਬਿਰਤੀ ਪਨਪਦੀ ਹੈ। ਸਸਤੀ ਸ਼ੁਹਰਤ ਤੇ ਕਮਾਈ ਲਈ ਸਿੱਖੀ-ਸਿਧਾਂਤਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਲੋੜ ਹੈ ਅਜਿਹੀ ਸੰਸਥਾ ਦੀ ਜੋ ਇਸ 'ਤੇ ਰੋਕ ਲਾ ਕੇ ਨੌਜੁਆਨੀ ਨੂੰ ਸਹੀ ਸੂਚਨਾ-ਸਮੱਗਰੀ ਮੁਹੱਈਆ ਕਰਵਾਏ।

ਰੇਡੀਓ ਵੀ ਆਡੀਓ ਮਾਧਿਅਮ ਦਾ ਹੀ ਇਕ ਸਸਤਾ ਪਰ ਪ੍ਰਭਾਵਸ਼ਾਲੀ ਸਾਧਨ ਹੈ ਪਰ ਭਾਰਤ ਵਿਚ ਰੇਡੀਓ ਜਨਤਕ ਅਦਾਰਾ ਹੋਣ ਕਰਕੇ ਇਸ ਮਾਧਿਅਮ ਨੂੰ ਨੌਜੁਆਨ ਨੂੰ ਉਸਾਰੂ ਸੇਧ ਦੇਣ ਲਈ ਵਰਤਣਾ ਸੰਭਵ ਨਹੀਂ। ਹਾਂ, ਦੂਸਰੇ ਦੇਸ਼ਾਂ ਵਿਚ ਜਿਥੇ ਸੰਭਵ ਹੋਵੇ - ਸੂਚਨਾ ਦੇ ਸੰਚਾਰ ਲਈ ਇਹ ਸਾਧਨ ਕਾਰਗਰ ਸਿੱਧ ਹੋ ਸਕਦਾ ਹੈ। ਸਿਧਾਂਤਕ ਤੌਰ 'ਤੇ ਸਪੱਸ਼ਟ ਤੇ ਆਮ ਸ਼ੈਲੀ ਵਿਚ ਸਥਾਨਕ ਬੋਲੀਆਂ ਵਿਚ ਅਨੁਵਾਦਾਂ ਦੇ ਪ੍ਰਸਾਰਨ ਲਈ ਰੇਡੀਓ ਕਾਫ਼ੀ ਸਹਾਈ ਹੋ ਸਕਦਾ ਹੈ। ਟੈਲੀਫ਼ੋਨ ਵੀ ਇਕ ਥਾਂ ਤੋਂ ਦੂਸਰੀ ਥਾਂ ਸੂਚਨਾ ਭੇਜਣ ਵਿਚ ਅੱਜ ਕਾਫ਼ੀ ਸਹਾਈ ਹੈ ਪਰ ਇਹ ਸਾਧਨ ਵਿਅਕਤੀਗਤ ਹੈ, ਪਰ ਇਸ ਨਾਲ ਫ਼ੈਕਸ ਮੈਸਜ਼ ਭੇਜੇ ਜਾ ਸਕਦੇ ਹਨ। ਇਸ ਸੰਚਾਰ-ਸਾਧਨ ਦੀ ਸਾਨੂੰ ਅੱਜ ਵੱਧ ਤੋਂ ਵੱਧ ਵਰਤੋਂ ਕਰਨੀ ਚਾਹੀਦੀ ਹੈ।

ਟੀ.ਵੀ. ਤੇ ਵੀਡੀਓ (Visual)

ਮਨੁੱਖ ਜ਼ਿਆਦਾਤਰ ਸੁਣ ਕੇ, ਦੇਖ ਕੇ ਸਿੱਖਦਾ ਹੈ। ਟੀ.ਵੀ. ਵੀਡੀਓ ਇਕ ਅਜਿਹਾ ਮਾਧਿਅਮ ਹੈ ਜਿਸ ਵਿਚ ਦੋਨੋਂ ਹੀ ਖ਼ੂਬੀਆਂ ਹਨ। ਇਸ ਕਰਕੇ ਇਸ ਮਾਧਿਅਮ ਦੀ ਵਰਤਮਾਨ ਯੁੱਗ ਵਿਚ ਸਭ ਤੋਂ ਵਧੇਰੇ ਸਾਰਥਿਕ ਤਾਂ ਹੈ ਬਸ਼ਰਤੇ ਕਿ ਇਸ ਦੀ ਵਰਤੋਂ ਸਹੀ ਹੋਵੇ। ਵਿਗਿਆਨਕ ਤੇ ਤਕਨੀਕੀ ਤਰੱਕੀ ਸਦਕਾ ਸੰਸਾਰ ਵਿਚ ਜ਼ਬਰਦਸਤ ਸਭਿਆਚਾਰਕ ਤਬਦੀਲੀ ਆ ਰਹੀ ਹੈ, ਇਸ ਦੇ ਪ੍ਰਭਾਵ ਤੋਂ ਕਿਸੇ ਨੇ ਬਚਣਾ ਨਹੀਂ, ਪਰ ਜ਼ਿਆਦਾਤਰ ਇਸ ਦਾ ਪ੍ਰਭਾਵ ਵੀ ਨੌਜੁਆਨੀ 'ਤੇ ਹੀ ਪਵੇਗਾ। ਸਮੱਸਿਆ ਇਹ ਹੈ ਕਿ ਬਜ਼ੁਰਗੀ ਪਾਸ ਕੁਝ ਕਰ ਸਕਣ ਦੀ ਸਮਰੱਥਾ ਨਹੀਂ ਤੇ ਨੌਜੁਆਨੀ ਪਾਸ ਆਧੁਨਿਕ ਮਾਧਿਅਮ ਦੀ ਸੇਧ ਨਹੀਂ। ਇਸ ਲਈ ਨੌਜੁਆਨੀ ਲਈ

ਜ਼ਰੂਰੀ ਹੋ ਜਾਂਦਾ ਹੈ ਕਿ ਆਪਣੀ ਜ਼ਿੰਮੇਵਾਰੀ ਨੂੰ ਪਛਾਣੇ ਕਿ ਬਦਲ ਰਹੇ ਹਾਲਾਤ ਵਿਚ ਆਪਣੇ ਸਭਿਆਚਾਰ ਤੇ ਆਪਣੇ ਵਿਰਸੇ ਦੀ ਪਹਿਚਾਣ ਨੂੰ ਕਿਵੇਂ ਬਚਾਈ ਰੱਖਣਾ ਹੈ ?

ਹੁਣ ਰਵਾਇਤੀ ਸਾਧਨ ਸੂਚਨਾ ਦੇ ਪ੍ਰਸਾਰ ਲਈ ਸਹਾਈ ਸਿੱਧ ਨਹੀਂ ਹੋ ਸਕਦੇ, ਹਾਲਾਂਕਿ ਇਨ੍ਹਾਂ ਨੂੰ ਪੂਰੀ ਤਰ੍ਹਾਂ ਤਿਲਾਂਜਲੀ ਦੇਣੀ ਵੀ ਠੀਕ ਨਹੀਂ। ਵਿਜ਼ੂਅਲ ਮਾਧਿਅਮ ਦੇ ਆਧੁਨਿਕ ਸੰਚਾਰ ਸਾਧਨਾਂ ਨੇ ਨੌਜੁਆਨਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਇਕ ਸਰਵੇ ਮੁਤਾਬਿਕ 80% ਸਿੱਖ ਨੌਜੁਆਨਾਂ ਨੂੰ ਦਸ ਗੁਰੂ ਸਾਹਿਬਾਨ, ਪੰਜ ਪਿਆਰਿਆਂ, ਪੰਜਾਂ ਤਖ਼ਤਾਂ, ਪੰਜਾਂ ਬਾਣੀਆਂ, ਚਾਰ ਕੁਰਹਿਤਾਂ ਦੇ ਨਾਮ ਤਾਂ ਵਿਧੀਵਤ ਨਹੀਂ ਆਉਂਦੇ ਪਰ ਹਿੰਦੀ-ਅੰਗਰੇਜ਼ੀ ਫ਼ਿਲਮਾਂ ਦੇ 80% ਹੀਰੋ-ਹੀਰੋਇਨਾਂ ਦੇ ਨਾਮ ਯਾਦ ਹਨ। ਨੌਜੁਆਨਾਂ ਦੀ ਪੰਜਾਬੀ ਫ਼ਿਲਮਾਂ ਵੱਲ ਰੁਚੀ ਨਹੀਂ ਹੈ। ਆਮ ਦੇਖਣ ਵਿਚ ਆਇਆ ਹੈ ਕਿ 90% ਸਿੱਖ ਬੱਚੇ ਹਿੰਦੀ ਫ਼ਿਲਮਾਂ ਦੇ ਗਾਣਿਆਂ ਦੀਆਂ ਕੈਸਟਾਂ ਨੂੰ ਹੀ ਖ਼ਰੀਦਣ ਵਿਚ ਰੁਚੀ ਰੱਖਦੇ ਹਨ। ਸਾਨੂੰ ਇਸ ਗੱਲੋਂ ਵੀ ਚੇਤੰਨ ਹੋਣ ਦੀ ਲੋੜ ਹੈ ਕਿ ਨੌਜੁਆਨੀ ਆਪਣੀ ਮਾਂ-ਬੋਲੀ ਨਾਲੋਂ ਕਿਉਂ ਟੁੱਟ ਰਹੀ ਹੈ।

ਦੁਖਦਾਈ ਪੱਖ ਇਹ ਕਿ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਨੌਜੁਆਨਾਂ ਨੂੰ ਪ੍ਰੇਰਤ ਕਰਨ ਲਈ ਆਧੁਨਿਕ ਸੰਚਾਰ-ਸਾਧਨਾਂ ਦੀ ਵਿਧੀਵਤ ਵਰਤੋਂ ਨਹੀਂ ਹੋ ਰਹੀ। ਇਹ ਵੀ ਇਕ ਕਾਰਨ ਹੈ ਕਿ ਨੌਜੁਆਨ ਪੀੜ੍ਹੀ ਨੂੰ ਉਨ੍ਹਾਂ ਦੀ ਲੋੜ-ਅਨੁਸਾਰੀ ਵੀਡੀਓ ਸਮੱਗਰੀ ਪ੍ਰਾਪਤ ਨਹੀਂ ਹੋ ਰਹੀ ਤੇ ਉਹ ਮਜਬੂਰੀ ਵੱਸ ਸ਼ੌਕ-ਪੂਰਤੀ ਲਈ ਸਿੱਖੀ ਵਿਰਸੇ ਤੋਂ ਅਣਭਿੱਜ ਪ੍ਰੋਗਰਾਮ ਤੇ ਫ਼ਿਲਮਾਂ ਦੇਖਣ ਲਈ ਮਜਬੂਰ ਹਨ, ਜਿਨ੍ਹਾਂ ਵਿਚ ਸਾਰੇ ਪਾਤਰ ਗ਼ੈਰ-ਸਿੱਖ ਹੁੰਦੇ ਹਨ। ਜੇਕਰ ਸਿੱਖ ਪਾਤਰ ਦਿਖਾਏ ਵੀ ਜਾਂਦੇ ਹਨ ਤਾਂ ਸਿੱਖੀ ਦਾ ਮਜ਼ਾਕ ਉਡਾਉਣ ਲਈ।

ਜੇਕਰ ਅੱਜ ਅਸੀਂ ਇਹ ਕਹੀਏ ਕਿ ਇਸ ਮਾਧਿਅਮ ਦੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਸਾਨੂੰ ਇਨ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਤਾਂ ਇਹ ਆਪਣੇ ਆਪ ਤੇ ਉਨ੍ਹਾਂ ਬੱਚਿਆਂ ਨਾਲ ਧੋਖਾ ਅਤੇ ਬੇਇਨਸਾਫ਼ੀ ਹੈ ਜੋ ਨਵੇਂ ਯੁੱਗ ਵਿਚ ਪ੍ਰਵੇਸ਼ ਕਰਨ ਜਾ ਰਹੇ ਹਨ। ਕਬੂਤਰ ਦੇ ਅੱਖਾਂ ਬੰਦ ਕਰਨ ਨਾਲ ਮੁਸੀਬਤ ਨਹੀਂ ਟਲ ਸਕਦੀ ਸਗੋਂ ਮੁਸੀਬਤ ਦਾ ਹੱਲ ਢੂੰਡਣ ਵਿਚ ਹੀ ਸਭ ਦਾ ਭਲਾ ਹੈ। ਸਾਨੂੰ ਨੌਜੁਆਨੀ ਨੂੰ ਮਾਨਸਿਕ ਪੱਧਰ 'ਤੇ ਬਲਵਾਨ ਕਰਨਾ ਪਵੇਗਾ ਕਿਉਂਕਿ ਬਲਵਾਨ ਮਨ ਤੇ ਸੁਰਤਿ ਹੀ ਗ਼ਲਤ ਪ੍ਰਭਾਵਾਂ ਤੋਂ ਬਚ ਸਕਦੀ ਹੈ। ਭਾਈ ਵੀਰ ਸਿੰਘ ਜੀ ਨੇ ਠੀਕ ਹੀ ਕਿਹਾ ਹੈ :

ਸਿੱਖੀ ਹੈ ਬਲਵਾਨ ਕਰਨਾ ਸੁਰਤਿ ਨੂੰ,
ਚੜ੍ਹਦੀ ਕਲਾ ਨਿਵਾਸ ਸਦ ਹੀ ਰੱਖਣਾ।

ਸੰਖੇਪ ਵਿਚ ਕਹਿ ਸਕਦੇ ਹਾਂ ਕਿ ਸੂਚਨਾ-ਸੰਚਾਰ ਸਮੱਸਿਆਵਾਂ ਦੇ ਹੱਲ ਲਈ ਸਾਡੇ ਪਾਸ ਆਪਣੇ ਸੂਚਨਾ ਤੇ ਸੰਚਾਰ-ਕੇਂਦਰ ਹੋਣੇ ਚਾਹੀਦੇ ਹਨ, ਜਿਨ੍ਹਾਂ ਤੋਂ ਪ੍ਰਮਾਣਿਤ ਸੂਚਨਾ ਹੀ ਪ੍ਰਸਾਰਤ ਹੋਵੇ। ਆਡੀਓ, ਵੀਡੀਓ ਫ਼ਿਲਮਾਂ ਬਣਨ, ਜੋ ਨੌਜੁਆਨੀ ਨੂੰ ਸਿੱਖ ਵਿਰਸੇ ਪ੍ਰਤੀ ਜਾਗਰੂਕ ਕਰਨ। ਟੈਲੀਫ਼ਿਲਮਾਂ ਤੇ ਸੀਰੀਅਲ ਸਿੱਖ-ਇਤਿਹਾਸ

ਨੂੰ ਨਾਟਕੀ ਅੰਦਾਜ਼ ਵਿਚ ਪੇਸ਼ ਕਰਨ ਲਈ ਬਣਨ, ਤਾਂ ਹੀ ਨੌਜੁਆਨੀ ਆਪਣੇ ਅਮੁੱਲੇ ਵਿਰਸੇ ਪ੍ਰਤੀ ਜਾਗਰੂਕ ਹੋ ਸਕੇਗੀ।

ਗੁਰਮਤਿ ਗੇਮਜ਼ ਤੇ ਮੁਕਾਬਲਿਆਂ ਵੱਲ ਵੀ ਸਾਨੂੰ ਧਿਆਨ ਦੇਣ ਦੀ ਲੋੜ ਹੈ। ਸਿੱਖ-ਵਿਰਸੇ ਦੀ ਪਹਿਚਾਣ ਲਈ ਬੱਚਿਆਂ-ਨੌਜੁਆਨਾਂ ਵਿਚ ਮੁਕਾਬਲੇ ਕਰਵਾਏ ਜਾਣੇ ਚਾਹੀਦੇ ਹਨ ਜਿਵੇਂ ਦਸਤਾਰ ਸਜਾਓ, ਰੰਗ ਭਰੋ ਆਦਿ। ਰੇਡੀਓ, ਟੀ.ਵੀ. ਤੋਂ ਇਸ਼ਤਿਹਾਰਬਾਜ਼ੀ ਕਰਨ ਲਈ ਸਾਡੇ ਉਦਯੋਗਪਤੀਆਂ ਨੂੰ ਚਾਹੀਦਾ ਹੈ ਕਿ ਉਹ ਸਿੱਖ ਵਿਰਸੇ ਅਤੇ ਸਿੱਖੀ ਸਰੂਪ ਵਾਲੇ ਪਾਤਰਾਂ ਪਾਸੋਂ ਹੀ ਇਹ ਕਾਰਜ ਕਰਵਾਉਣ।

ਨੌਜੁਆਨਾਂ ਵਿਚ ਆਪਸੀ ਤਾਲ-ਮੇਲ ਦੀ ਘਾਟ ਨੂੰ ਦੂਰ ਕਰਨ ਲਈ ਆਪਸੀ ਮੇਲ-ਮਿਲਾਪ ਵਾਲੇ ਸਮਾਗਮ ਕਰਨੇ ਚਾਹੀਦੇ ਹਨ। ਸੂਚਨਾਵਾਂ ਦੇ ਆਦਾਨ-ਪ੍ਰਦਾਨ ਲਈ ਅੰਤਰਰਾਸ਼ਟਰੀ ਤਾਲ-ਮੇਲ ਦਲ ਬਣਨ ਤੇ ਅੰਤਰਰਾਸ਼ਟਰੀ ਪੱਧਰ 'ਤੇ ਵਿਚਾਰ-ਗੋਸ਼ਟੀਆਂ ਦਾ ਪ੍ਰਬੰਧ ਕੀਤਾ ਜਾਵੇ। ਇਸ ਨਾਲ ਆਪਸੀ ਮੇਲ-ਮਿਲਾਪ ਅਤੇ ਸੂਝ ਵਧੇਗੀ। ਨੌਜੁਆਨਾਂ ਦੇ ਆਪਣੇ ਪ੍ਰਚਾਰ-ਕੇਂਦਰ ਹੋਣੇ ਚਾਹੀਦੇ ਹਨ, ਆਪਣਾ ਕੰਪਿਊਟਰ ਨੈੱਟ-ਵਰਕ ਤੇ ਘੱਟੋ-ਘੱਟ ਆਪਣਾ ਨਿਊਜ਼ ਲੈਟਰ।

ਅੱਜ ਦੇ ਸਮੇਂ ਇੰਟਰਨੈੱਟ ਤੇ ਮੋਬਾਈਲ ਨੇ ਵਿਸ਼ਵ ਇਕ ਪਿੰਡ ਦੇ ਰੂਪ ਦ੍ਰਿਸ਼ਟੀ ਗੋਚਰ ਕੀਤਾ ਹੈ। ਟੈਲੀਫ਼ੋਨ, ਇੰਟਰਨੈੱਟ, ਫੇਸ-ਬੁੱਕ ਆਦਿ ਬਹੁਤ ਹੀ ਪ੍ਰਭਾਵਸ਼ਾਲੀ ਮਾਧਿਅਮ ਸਾਡੇ ਸਨਮੁਖ ਹਾਜ਼ਰ ਹਨ, ਇਸ ਦੀ ਭਰਪੂਰ ਵਰਤੋਂ ਕਰਕੇ ਅਸੀਂ ਆਪਣੀ ਨੌਜੁਆਨੀ ਨੂੰ ਸਮੱਗਰੀ, ਸਾਹਿਤ ਤੇ ਸੇਧ ਪ੍ਰਦਾਨ ਕਰ ਸਕਦੇ ਹਾਂ। ਇਹ ਮਾਧਿਅਮ ਬਹੁਤ ਸਸਤਾ ਤੇ ਸਰਵ-ਵਿਆਪੀ ਬਣ ਚੁੱਕਾ ਹੈ। ਪਰ ਇਸ ਦੀ ਵੀ ਗ਼ੈਰ-ਸਿਧਾਂਤਕ ਵਰਤੋਂ ਸਾਡੀ ਨੌਜੁਆਨੀ ਨੂੰ ਨੰਗੇਜਵਾਦ, ਨਸ਼ਿਆਂ ਦੀ ਦਲਦਲ ਵਿਚ ਨਾ ਧਕੇਲ ਦੇਵੇ, ਇਸ ਪ੍ਰਤੀ ਹਰ ਮਾਂ-ਬਾਪ ਨੂੰ ਸੁਚੇਤ ਹੋਣ ਦੀ ਲੋੜ ਹੈ। ਟੀ.ਵੀ., ਇੰਟਰਨੈੱਟ, ਰੇਡੀਓ ਦੀ ਵਰਤੋਂ ਕਰ ਕੇ ਹੀ ਅੱਜ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਤੇ ਵਿਆਖਿਆ ਦਾ ਅਨੰਦ ਵਿਸ਼ਵ ਭਰ ਵਿਚ ਵੱਸਣ ਵਾਲੇ ਪ੍ਰੀਤਵਾਨ ਮਾਣ ਰਹੇ ਹਨ। ਇਨ੍ਹਾਂ ਪ੍ਰਚਾਰ-ਪ੍ਰਸਾਰ ਦੇ ਸਾਧਨਾਂ ਦੀ ਸਹਿਯੋਗ ਵਰਤੋਂ ਸੁਹਿਰਦਤਾ ਨਾਲ ਕਰ ਕੇ ਅਸੀਂ ਸਰਵਕਾਲੀ ਗੁਰਮਤਿ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਕਰ ਸਕਦੇ ਹਾਂ।

ਸੁਨਾਮੀ ਦਾ ਕਹਿਰ ਅਤੇ ਸਿੱਖ

26 ਦਸੰਬਰ, 2004 ਨੂੰ ਸਵੇਰੇ 6.30 ਵਜੇ ਆਏ ਜ਼ਬਰਦਸਤ ਭੂਚਾਲ ਤੇ ਸਮੁੰਦਰੀ ਲਹਿਰਾਂ ਨੇ ਸਮੁੱਚੀ ਮਾਨਵਤਾ ਨੂੰ ਹਿਲਾ ਕੇ ਰੱਖ ਦਿੱਤਾ। ਦੱਖਣੀ ਭਾਰਤ, ਇੰਡੋਨੇਸ਼ੀਆ, ਸ੍ਰੀਲੰਕਾ ਆਦਿ ਦੇਸ਼ਾਂ 'ਚ ਭੂਚਾਲ ਤੇ ਸਮੁੰਦਰੀ ਲਹਿਰਾਂ ਕਾਰਨ ਲੱਖਾਂ ਲੋਕਾਂ ਦੀ ਜੀਵਨ-ਲੀਲ੍ਹਾ ਅਚਾਨਕ ਸਮਾਪਤ ਹੋ ਗਈ। ਅਰਬਾਂ ਰੁਪਿਆਂ ਦਾ ਮਾਲੀ ਨੁਕਸਾਨ ਹੋਇਆ। ਕੁਦਰਤੀ ਘਟਨਾਕ੍ਰਮ ਵਜੋਂ ਹੋਏ ਇਸ ਜਾਨੀ ਤੇ ਮਾਲੀ ਨੁਕਸਾਨ ਦੀ ਭਰਪਾਈ ਹੋਣੀ ਅਸੰਭਵ ਹੈ। ਸਵਰਗ ਵਰਗਾ ਜੀਵਨ ਜੀਅ ਰਹੇ ਹਜ਼ਾਰਾਂ ਲੋਕਾਂ ਦੀਆਂ ਲਾਸ਼ਾਂ ਸਮੂਹਿਕ ਤੌਰ 'ਤੇ ਸਪੁਰਦੇ-ਖ਼ਾਕ ਕੀਤੀਆਂ ਗਈਆਂ। ਭੂਚਾਲ ਤੇ ਸੁਨਾਮੀ ਪੀੜਿਤ ਸਰੀਰਕ, ਮਾਨਸਿਕ ਰੋਗੀਆਂ ਨਾਲ ਇਲਾਕੇ ਦੇ ਸਾਰੇ ਹਸਪਤਾਲ ਭਰ ਗਏ। ਘਰ-ਬਾਰ, ਕਾਰੋਬਾਰ ਵਾਲੇ ਲੱਖਾਂਪਤੀ ਲੋਕ ਕੱਖੋਂ ਹੌਲੇ ਹੋ ਗਏ। ਸ਼ੁਕਰ ਹੈ ਕਿ ਮਨੁੱਖੀ ਹਮਦਰਦੀ ਸਦਕਾ ਵਿਸ਼ਵ ਭਰ ਦੀਆਂ ਕਲਿਆਣਕਾਰੀ ਸੰਸਥਾਵਾਂ ਨੇ ਪੀੜਿਤ ਮਾਨਵਤਾ ਵਾਸਤੇ ਭਰਪੂਰ ਯੋਗਦਾਨ ਪਾਇਆ। ਦੁੱਖ ਦੇ ਸਮੇਂ ਕਹੇ ਹੋਏ ਹਮਦਰਦੀ ਦੇ ਦੋ ਬੋਲ ਮਨੁੱਖ ਨੂੰ ਭਾਰੀ ਤੋਂ ਭਾਰੀ ਸਦਮੇ ਤੋਂ ਰਾਹਤ ਪਹੁੰਚਾਉਣ ਲਈ ਵੱਧ ਤੋਂ ਵੱਧ ਸਹਾਇਕ ਹੋ ਸਕਦੇ ਹਨ।

ਸਿੱਖਾਂ ਦੀ ਪ੍ਰਤੀਨਿਧ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਨੁੱਖੀ ਭਲਾਈ ਦੇ ਇਸ ਕਾਰਜ ਵਿਚ ਆਪਣੇ ਸੀਮਿਤ ਸਾਧਨਾਂ ਦੇ ਮੱਦੇ-ਨਜ਼ਰ ਬਹੁਤ ਵੱਡਾ ਯੋਗਦਾਨ ਪਾਇਆ। ਇਹ ਕਾਰਜ ਸ਼੍ਰੋਮਣੀ ਕਮੇਟੀ ਨੇ ਤਾਮਿਲਨਾਡੂ ਦੇ ਭੂਚਾਲ ਪੀੜਿਤ ਖੇਤਰਾਂ, ਖ਼ਾਸ ਕਰਕੇ ਨਾਗਾਪਟਨਮ ਵਿਖੇ ਵਿਸ਼ੇਸ਼ ਲੰਗਰ, ਰਿਹਾਇਸ਼ੀ ਟੈਂਟ ਲਗਾ ਕੇ ਅਤੇ ਮੈਡੀਕਲ ਟੀਮਾਂ ਭੇਜ ਕੇ ਕੀਤਾ। ਮਦਰਾਸੀ ਲੋਕਾਂ ਨੇ ਉਸ ਸਮੇਂ ਬਹੁਤ ਰਾਹਤ ਮਹਿਸੂਸ ਕੀਤੀ, ਜਦੋਂ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਦੋ ਸ਼ਖ਼ਸੀਅਤਾਂ ਸ. ਪ੍ਰਕਾਸ਼ ਸਿੰਘ ਬਾਦਲ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਅਤੇ ਬੀਬੀ ਜਗੀਰ ਕੌਰ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਜ਼ਾਰਾਂ ਮੀਲ ਦੂਰ ਚੱਲ ਕੇ ਰਾਹਤ-ਸਮੱਗਰੀ ਲੈ ਕੇ ਖ਼ੁਦ ਸੁਨਾਮੀ ਪੀੜਿਤਾਂ ਕੋਲ ਪੁੱਜੇ। ਲਗਪਗ ਇਕ ਮਹੀਨਾ ਰਾਹਤ-ਸਮੱਗਰੀ ਰੋਜ਼ਾਨਾ ਵੰਡੀ ਜਾਂਦੀ ਰਹੀ। ਇਨ੍ਹਾਂ ਦਿਨਾਂ ਵਿਚ ਹੀ ਰੇਡੀਓ, ਟੀ.ਵੀ. ਤੇ ਅਖ਼ਬਾਰੀ ਖ਼ਬਰਾਂ ਰਾਹੀਂ ਜਾਣਕਾਰੀ ਪ੍ਰਾਪਤ ਹੋਈ ਕਿ ਅੰਡੇਮਾਨ-ਨਿਕੋਬਾਰ ਦੇ ਦੀਪਾਂ 'ਤੇ ਵੱਸ ਰਹੇ ਪੰਜਾਬੀ ਭਰਾਵਾਂ ਤੇ ਖ਼ਾਸ ਕਰਕੇ ਸਿੱਖਾਂ ਦਾ ਬਹੁਤ ਜਾਨੀ-ਮਾਲੀ ਨੁਕਸਾਨ ਹੋਇਆ ਹੈ। ਇਹ ਦੀਪ-ਸਮੂਹ ਭਾਰਤ ਦੇ ਧੁਰ ਦੱਖਣ ਵਿਚ ਹੋਣ ਤੇ ਸਮੁੰਦਰੀ ਪਾਣੀਆਂ 'ਚ ਚੁਫੇਰੇ ਤੋਂ ਘਿਰੇ ਹੋਣ ਕਰਕੇ ਇਥੇ ਲਈ ਆਵਾਜਾਈ ਦੇ ਸਾਧਨ ਅੱਜ

ਵੀ ਆਮ ਨਹੀਂ ਹਨ। ਇਨ੍ਹਾਂ ਦੀਪਾਂ 'ਤੇ ਹੋਏ ਜਾਨੀ-ਮਾਲੀ ਨੁਕਸਾਨ ਦਾ ਜਾਇਜ਼ਾ ਲੈਣ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ. ਜਸਵਿੰਦਰ ਸਿੰਘ ਐਡਵੋਕੇਟ, ਸ. ਰਾਜਿੰਦਰ ਸਿੰਘ ਮਹਿਤਾ (ਦੋਵੇਂ ਮੈਂਬਰ, ਸ਼੍ਰੋਮਣੀ ਕਮੇਟੀ) ਤੇ ਇਨ੍ਹਾਂ ਸਤਰਾਂ ਦੇ ਲੇਖਕ 'ਤੇ ਆਧਾਰਿਤ ਤਿੰਨ ਮੈਂਬਰੀ ਵਫ਼ਦ ਨੂੰ ਭੇਜਿਆ ਗਿਆ। ਸਾਨੂੰ ਹਦਾਇਤ ਕੀਤੀ ਗਈ ਕਿ ਬਿਨਾਂ ਸਮਾਂ ਗਵਾਏ, ਕਿਸੇ ਵੀ ਸਾਧਨ ਰਾਹੀਂ ਪ੍ਰਭਾਵਿਤ ਖੇਤਰਾਂ ਦਾ ਦੌਰਾ ਅਤੇ ਸਰਵੇਖਣ ਕਰ ਕੇ ਰਿਪੋਰਟ ਦਫ਼ਤਰ ਭੇਜੀ ਜਾਵੇ। ਸੰਸਥਾ ਦੇ ਆਦੇਸ਼ ਦੀ ਪਾਲਣਾ ਕਰਦਿਆਂ ਅਸੀਂ 17 ਜਨਵਰੀ, 2005 ਨੂੰ ਸਵੇਰੇ ਅੰਮ੍ਰਿਤ ਵੇਲੇ ਅੰਮ੍ਰਿਤਸਰ ਤੋਂ ਚੱਲ ਕੇ ਰਾਤ 9.00 ਵਜੇ ਦੇ ਕਰੀਬ ਚੇਨਈ ਪਹੁੰਚ ਗਏ। ਸ. ਪ੍ਰਕਾਸ਼ ਸਿੰਘ ਬਾਦਲ ਤੇ ਬੀਬੀ ਜਗੀਰ ਕੌਰ ਪ੍ਰਧਾਨ ਸ਼੍ਰੋਮਣੀ ਕਮੇਟੀ ਵੱਲੋਂ ਸ. ਸੁਰਜੀਤ ਸਿੰਘ ਬਰਨਾਲਾ ਗਵਰਨਰ ਤਾਮਿਲਨਾਡੂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਟੀਮ ਬਾਰੇ ਫ਼ੋਨ 'ਤੇ ਦੱਸ ਦਿੱਤਾ ਗਿਆ ਸੀ।

ਚੇਨਈ ਹਵਾਈ ਅੱਡੇ 'ਤੇ ਪਹੁੰਚਣ ਤੋਂ ਬਾਅਦ ਰਾਜ ਭਵਨ ਦੀ ਗੱਡੀ ਸਾਨੂੰ ਲੈਣ ਵਾਸਤੇ ਆਈ ਹੋਈ ਸੀ। ਰਾਜ ਭਵਨ ਪਹੁੰਚਣ 'ਤੇ ਸ. ਸੁਰਜੀਤ ਸਿੰਘ ਬਰਨਾਲਾ ਨਾਲ ਸਾਡੀ ਟੀਮ ਦੀ ਸੰਖੇਪ ਮੁਲਾਕਾਤ ਹੋਈ, ਜਿਸ ਦੌਰਾਨ ਸਾਨੂੰ ਉਨ੍ਹਾਂ ਦੇ ਸਵੇਰੇ ਪੋਰਟ ਬਲੇਅਰ ਤੇ ਹੋਰ ਸੁਨਾਮੀ ਪੀੜਿਤ ਇਲਾਕਿਆਂ ਦਾ ਸਰਵੇਖਣ ਕਰਨ ਬਾਰੇ ਪਤਾ ਲੱਗਾ। ਬਰਨਾਲਾ ਸਾਹਿਬ ਸਵੇਰੇ 6.00 ਵਜੇ ਦੀ ਉਡਾਨ 'ਤੇ ਪੋਰਟ ਬਲੇਅਰ ਲਈ ਰਵਾਨਾ ਹੋ ਗਏ। ਸਾਡੀ ਉਡਾਨ ਸਵੇਰੇ 9.30 ਵਜੇ ਦੀ ਸੀ। ਅਸੀਂ ਤਕਰੀਬਨ ਦੁਪਹਿਰ 12.30 ਵਜੇ ਪੋਰਟ ਬਲੇਅਰ ਦੇ ਹਵਾਈ ਅੱਡੇ 'ਤੇ ਪਹੁੰਚ ਗਏ। ਪੋਰਟ ਬਲੇਅਰ ਪਹੁੰਚਣ ਤੋਂ ਪਹਿਲਾਂ ਅਸੀਂ ਜਹਾਜ਼ ਉਤਰਨ ਸਮੇਂ ਅੰਡੇਮਾਨ-ਨਿਕੋਬਾਰ ਦੇ ਕੁਝ ਦੀਪਾਂ ਦੀ ਤਰਸਯੋਗ ਹਾਲਤ ਉੱਪਰੋਂ ਦੇਖੀ। ਸਮੁੰਦਰੀ ਪਾਣੀ ਕੁਝ ਦੀਪਾਂ 'ਤੇ ਕਈ ਵਾਰ ਆਰ-ਪਾਰ ਹੋਇਆ ਸਪੱਸ਼ਟ ਨਜ਼ਰ ਆ ਰਿਹਾ ਸੀ। ਏਅਰ ਪੋਰਟ 'ਤੇ ਉਤਰਨ ਸਮੇਂ ਮੌਸਮ ਥੋੜ੍ਹਾ ਗਰਮੀ ਦਾ ਸੀ। ਬਾਜ਼ਾਰਾਂ ਵਿਚ 18 ਜਨਵਰੀ, 2005 ਦੀ ਦੁਪਹਿਰ ਸਮੇਂ ਵੀ ਕੋਈ ਚਹਿਲ-ਪਹਿਲ ਦੇਖਣ ਨੂੰ ਨਹੀਂ ਮਿਲੀ। ਵਿਰਲੇ-ਟਾਵੇਂ ਆਦਮੀ ਹੀ ਸਾਨੂੰ ਮਿਲੇ। ਉਨ੍ਹਾਂ ਦਿਹਰਿਆਂ ਤੋਂ ਨਿਰਾਸ਼ਤਾ-ਉਦਾਸੀ ਆਪ-ਮੁਹਾਰੇ ਪੜ੍ਹੀ ਜਾ ਸਕਦੀ ਸੀ। ਸੁਹਾਵਣਾ ਤੱਟੀ ਖੇਤਰ ਵਿਸ਼ਵ-ਪ੍ਰਸਿੱਧ ਪੋਰਟ ਬਲੇਅਰ ਸੁਨਾਮੀ ਕਾਰਨ ਗ਼ਮਗੀਨ ਤੇ ਉਦਾਸ ਸੀ। ਹਰ ਤਰ੍ਹਾਂ ਦਾ ਕਾਰੋਬਾਰ ਅਤੇ ਵਾਪਾਰ ਠੱਪ ਹੋ ਚੁੱਕਾ ਸੀ। ਬਾਜ਼ਾਰ ਅੱਧ-ਪਚੱਧੇ ਖੁੱਲ੍ਹੇ ਸਨ ਤੇ ਉਹ ਵੀ ਸੁੰਨ-ਸਾਨ। ਸਮੁੰਦਰੀ ਕਿਨਾਰਿਆਂ 'ਤੇ ਸੁਨਾਮੀ ਕਾਰਨ ਹੋਈ ਤਬਾਹੀ ਦੇ ਜ਼ਖ਼ਮ ਅਜੇ ਤਕ ਰਿਸ ਰਹੇ ਸਨ। ਖ਼ੈਰ, ਕੁਝ ਸਮਾਂ ਦੁੱਖਾਂ-ਮੁਸੀਬਤਾਂ ਮਾਰੇ ਲੋਕਾਂ ਦੀ ਹਾਲਤ ਦਾ ਜਾਇਜ਼ਾ ਲੈ ਕੇ ਅਸੀਂ ਤਰੇੜਾਂ ਆਏ ਹੋਟਲ ਵਿਚ ਆ ਟਿਕੇ।

ਸ਼ਾਮ 6.30 ਵਜੇ ਦੀ ਸਾਡੀ ਮੁਲਾਕਾਤ ਅੰਡੇਮਾਨ-ਨਿਕੋਬਾਰ ਦੇ ਰਾਜਪਾਲ ਪ੍ਰੋ. ਰਾਮ ਕਾਪਸੇ ਨਾਲ ਤੈਅ ਸੀ। ਇਸ ਸਮੇਂ ਦੌਰਾਨ ਸਾਨੂੰ ਇਹ ਜਾਣਕਾਰੀ ਮਿਲ ਚੁੱਕੀ ਸੀ ਕਿ ਸਿੱਖ ਆਬਾਦੀ ਵਾਲੇ ਖੇਤਰ ਕੈਂਪਬੈਲ ਬੇਅ ਤਕ ਪਹੁੰਚਣ ਲਈ ਰਾਜਪਾਲ ਨੂੰ ਮਿਲਣਾ ਜ਼ਰੂਰੀ ਹੈ। ਕਾਰਨ ? ਕੈਂਪਬੈਲ ਬੇਅ ਦੀਪ ਅੰਡੇਮਾਨ-ਨਿਕੋਬਾਰ ਦਾ ਸਭ

ਤੋਂ ਦੂਰੀ ਵਾਲਾ ਦੀਪ ਹੈ ਜੋ ਕਿ ਪੋਰਟ ਬਲੇਅਰ ਤੋਂ ਬਹੁਤ ਦੂਰ ਹੈ। ਪਰ ਭੂਚਾਲ ਦੇ ਕੇਂਦਰ ਇੰਡੋਨੇਸ਼ੀਆ ਤੋਂ ਕੇਵਲ 150 ਕਿਲੋਮੀਟਰ ਦੀ ਦੂਰੀ 'ਤੇ ਹੈ। ਕੈਂਪਬੈਲ ਬੇਅ ਜਾਣ ਵਾਸਤੇ ਸਮੁੰਦਰੀ ਜਹਾਜ਼ ਰਾਹੀਂ ਚਾਰ ਦਿਨ ਲੱਗਦੇ ਹਨ ਤੇ ਉਹ ਵੀ ਹਫ਼ਤੇ ਵਿਚ ਦੋ ਵਾਰ ਜਾਂਦਾ ਹੈ। ਏਅਰ ਫ਼ੋਰਸ ਦੇ ਜਹਾਜ਼ ਤਾਂ ਵੀ.ਆਈ.ਪੀਜ਼ ਦੀ ਖ਼ਿਦਮਤ ਕਰਨ ਜੋਗੇ ਹੀ ਹਨ। ਪਵਨ ਹੰਸ ਹੈਲੀਕਾਪਟਰ ਵੀ ਦੋ ਵਾਰ ਕੈਂਪਬੈਲ ਜਾਣ ਵਾਸਤੇ ਉਡਾਨ ਭਰਦਾ ਹੈ, ਜਿਸ ਵਿਚ ਚਾਰ ਸਵਾਰੀਆਂ ਜਾਣ ਦੀ ਸਮਰੱਥਾ ਹੈ। ਇਹ ਸੀਮਤ ਸਾਧਨ, ਬਿਪਤਾ ਸਮੇਂ ਮਾਨਵਤਾ ਦੀ ਭਲਾਈ ਲਈ ਕਿੰਨੇ ਕੁ ਕਾਰਗਰ ਸਾਬਤ ਹੋ ਸਕਦੇ ਹਨ, ਇਸ ਦਾ ਅੰਦਾਜ਼ਾ ਪਾਠਕ ਖ਼ੁਦ ਲਗਾ ਸਕਦੇ ਹਨ। ਪ੍ਰੋ. ਰਾਮ ਕਾਪਸੇ ਨੂੰ ਮਿਲਣ 'ਤੇ ਸਾਨੂੰ ਯਕੀਨ ਦੁਆਇਆ ਗਿਆ ਕਿ ਤੁਹਾਨੂੰ 21 ਜਨਵਰੀ ਨੂੰ ਏਅਰ ਇੰਡੀਆ ਦੇ ਜਹਾਜ਼ 'ਤੇ ਕੈਂਪਬੈਲ ਬੇਅ ਭੇਜ ਦਿੱਤਾ ਜਾਵੇਗਾ। 21 ਜਨਵਰੀ ਨੂੰ ਹੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕੈਂਪਬੈਲ ਬੇਅ ਜਾਣ ਦਾ ਪ੍ਰੋਗਰਾਮ ਨਿਸਚਿਤ ਸੀ। ਅਸੀਂ ਪ੍ਰੋ. ਰਾਮ ਕਾਪਸੇ ਨੂੰ ਬੇਨਤੀ ਕੀਤੀ ਕਿ ਤੁਸੀਂ 21 ਜਨਵਰੀ ਨੂੰ ਸਾਡਾ ਪ੍ਰਬੰਧ ਅਲੱਗ ਕਰ ਦਿਓ ਪਰ ਪ੍ਰੋ. ਸਾਹਿਬ ਨੇ ਆਪਣੇ ਸੁਭਾਅ ਅਨੁਸਾਰ ਨਾ ਸਾਨੂੰ ਹਾਂ ਕੀਤੀ ਤੇ ਨਾ ਹੀ ਨਾਂਹ, ਗੱਲੀਂ-ਬਾਤੀਂ ਸਾਨੂੰ ਵਿਸ਼ਵਾਸ ਦਿਵਾਇਆ ਕਿ ਤੁਹਾਡਾ ਪ੍ਰਬੰਧ ਮੁੱਖ ਮੰਤਰੀ ਪੰਜਾਬ ਦੇ ਨਾਲ ਹੀ ਹੋਵੇਗਾ।

ਰਾਜ ਭਵਨ ਤੋਂ ਵਾਪਸ ਆਉਣ 'ਤੇ ਅਸੀਂ ਗੁਰਦੁਆਰਾ ਡਾ. ਦੀਵਾਨ ਸਿੰਘ ਪਹੁੰਚ ਗਏ, ਜਿਥੇ ਸ. ਸੁਰਜੀਤ ਸਿੰਘ ਬਰਨਾਲਾ ਸੁਨਾਮੀ ਪ੍ਰਭਾਵਿਤ ਪਰਿਵਾਰਾਂ ਨੂੰ ਮਿਲਣ ਵਾਸਤੇ ਆ ਰਹੇ ਸਨ। ਇਸ ਦਿਨ ਹੀ ਸ. ਬਰਨਾਲਾ ਅੰਡੇਮਾਨ-ਨਿਕੋਬਾਰ ਦੇ ਦੀਪਾਂ ਦੀ ਤਬਾਹੀ ਦਾ ਸਰਵੇਖਣ ਕਰ ਕੇ ਆਏ ਸਨ। ਗੁਰੂ-ਘਰ ਪਹੁੰਚਣ 'ਤੇ ਸ. ਦਲਵਿੰਦਰ ਸਿੰਘ ਹੈੱਡਮਾਸਟਰ ਨੇ ਬਰਨਾਲਾ ਸਾਹਿਬ ਨੂੰ ਪੋਰਟ ਬਲੇਅਰ ਪਹੁੰਚਣ 'ਤੇ ਜੀ ਆਇਆਂ ਆਖਿਆ ਤੇ ਧੰਨਵਾਦ ਕੀਤਾ ਕਿ ਤੁਸੀਂ ਬਿਪਤਾ ਸਮੇਂ ਸਾਡੀ ਸਾਰ ਲੈਣ ਆਏ ਹੋ। ਬਰਨਾਲਾ ਸਾਹਿਬ ਨੇ ਗੁਰਦੁਆਰੇ 'ਚ ਇਕੱਤਰ ਸੰਗਤਾਂ ਨੂੰ ਭਰੇ ਹੋਏ ਮਨ ਨਾਲ ਸੰਬੋਧਨ ਕੀਤਾ। ਉਨ੍ਹਾਂ ਨੇ ਕਿਹਾ ਕਿ ਮੈਂ ਤੁਹਾਡੇ ਦੁੱਖ ਵਿਚ ਸ਼ਰੀਕ ਹੋਣ ਵਾਸਤੇ ਆਇਆ ਹਾਂ। ਬਿਪਤਾ ਸਮੇਂ ਤੁਹਾਡੇ ਨਾਲ ਹਮਦਰਦੀ ਕਰਨ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਚੇਚਾ ਵਫ਼ਦ ਆਇਆ ਹੈ। ਸ. ਬਰਨਾਲਾ ਨੇ ਭਰੇ ਮਨ ਨਾਲ ਕਿਹਾ ਕਿ ਸਾਨੂੰ ਇਸ ਅਤਿ ਮੁਸ਼ਕਲ ਸਮੇਂ ਵੀ ਸੰਜਮ, ਧੀਰਜ ਤੇ ਸਹਿਜ ਤੋਂ ਕੰਮ ਲੈਣਾ ਚਾਹੀਦਾ ਹੈ। ਕਿਸੇ ਕਿਸਮ ਦੀ ਕਾਹਲ ਵਿਚ ਕੋਈ ਫ਼ੈਸਲਾ ਨਹੀਂ ਕਰਨਾ ਚਾਹੀਦਾ। ਸੁਨਾਮੀ ਪੀੜਤ ਪਰਿਵਾਰਾਂ ਦੇ ਮੁੜ ਵਸੇਬੇ ਦਾ ਕਾਰਜ ਜੰਗੀ ਪੱਧਰ 'ਤੇ ਕੀਤਾ ਜਾਵੇਗਾ। ਇਹ ਠੀਕ ਹੈ ਕਿ ਤੁਹਾਡੇ ਜਾਨੀ ਤੇ ਮਾਲੀ ਨੁਕਸਾਨ ਦੀ ਪੂਰਤੀ ਨਹੀਂ ਕੀਤੀ ਜਾ ਸਕਦੀ, ਪਰ ਜੇਕਰ ਕਾਹਲੀ ਵਿਚ ਤੁਸੀਂ ਪੰਜਾਬ ਜਾਣ ਦਾ ਵੀ ਮਨ ਬਣਾਉਂਦੇ ਹੋ, ਇਹ ਵੀ ਬਹੁਤ ਲਾਹੇਵੰਦ ਨਹੀਂ ਹੋਵੇਗਾ। ਵਿਸ਼ੇਸ਼ ਕਰਕੇ ਭਾਵੁਕ ਹੁੰਦਿਆਂ ਸ. ਬਰਨਾਲਾ ਨੇ ਸੰਨ 1984 'ਚ ਹੋਏ ਕਤਲੇਆਮ ਉਪਰੰਤ ਸਿੱਖ ਪਰਿਵਾਰਾਂ ਖ਼ਾਸ ਕਰਕੇ ਵਿਧਵਾ ਔਰਤਾਂ, ਯਤੀਮ

ਹੋ ਚੁੱਕੇ ਬੱਚਿਆਂ 'ਤੇ ਜੋ ਵਾਪਰੀ, ਉਸ ਦਾ ਜ਼ਿਕਰ ਕੀਤਾ ਕਿ ਕਿਵੇਂ ਬੇਪੱਤ ਹੋਏ ਸਿੱਖਾਂ ਨੂੰ ਕਿਸੇ ਸ਼ਰਨ ਨਹੀਂ ਸੀ ਦਿੱਤੀ। ਉਨ੍ਹਾਂ ਕਿਹਾ, ਮੇਰੀ ਤੁਹਾਨੂੰ ਰਾਇ ਹੈ ਕਿ ਜਿੰਨਾ ਸਮਾਂ ਬਦਲਵੇਂ ਚੰਗੇ ਪ੍ਰਬੰਧ ਨਹੀਂ ਹੋ ਜਾਂਦੇ, ਉਨਾ ਸਮਾਂ ਤੁਹਾਡੇ ਵਾਸਤੇ ਇਥੇ ਹੀ ਰੁਕਣਾ ਬਿਹਤਰ ਹੋਵੇਗਾ।

ਗੁਰੂ-ਘਰ ਦੇ ਸਮਾਗਮ ਉਪਰੰਤ ਸ. ਬਰਨਾਲਾ ਨੇ ਰਾਜਪਾਲ ਅੰਡੇਮਾਨ-ਨਿਕੋਬਾਰ ਕੋਲ ਹੀ ਠਹਿਰਨਾ ਸੀ। ਇਸ ਕਰਕੇ ਅਸੀਂ ਉਨ੍ਹਾਂ ਨੂੰ ਪ੍ਰੋ. ਰਾਮ ਕਾਪਸੇ ਨੂੰ, ਸਾਡੇ ਕੈਂਪਬੈਲ ਬੇਅ ਜਾਣ ਦੇ ਪ੍ਰਬੰਧ ਕਰਨ ਬਾਰੇ ਵਿਚ ਕਹਿਣ ਲਈ ਬੇਨਤੀ ਕੀਤੀ। ਸ. ਬਰਨਾਲਾ ਨੇ ਪ੍ਰੋ. ਰਾਮ ਕਾਪਸੇ ਨੂੰ ਕਿਹਾ ਵੀ ਪਰ ਆਵਾਜਾਈ ਦੇ ਸੀਮਿਤ ਸਾਧਨ, ਵੀ.ਆਈ.ਪੀਜ਼. ਦੀ ਲੋੜ ਤੇ ਅਫ਼ਸਰਸ਼ਾਹੀ ਦੇ ਬੋਲ-ਬਾਲੇ ਕਾਰਨ ਆਮ ਵਿਅਕਤੀ ਨੂੰ ਸਮੁੰਦਰੀ ਜਹਾਜ਼ ਰਾਹੀਂ ਹੀ ਸਫ਼ਰ ਕਰਨ ਵਾਸਤੇ ਮਜਬੂਰ ਹੋਣਾ ਪੈਂਦਾ ਹੈ। ਰਾਜਪਾਲ ਅੰਡੇਮਾਨ-ਨਿਕੋਬਾਰ ਦੀ ਆਗਿਆ ਤੋਂ ਬਿਨਾਂ ਕੋਈ ਵੀ ਵਿਅਕਤੀ ਉਕਤ ਸੀਮਿਤ ਸਾਧਨਾਂ ਦੀ ਵਰਤੋਂ ਨਹੀਂ ਕਰ ਸਕਦਾ। 19 ਜਨਵਰੀ ਨੂੰ ਦੁਬਾਰਾ ਪ੍ਰੋ. ਰਾਮ ਕਾਪਸੇ ਨੂੰ ਮਿਲਣ ਸਮੇਂ ਸ. ਜਸਵਿੰਦਰ ਸਿੰਘ ਐਡਵੋਕੇਟ ਨੇ ਇਹ ਕਹਿ ਦਿੱਤਾ ਸੀ ਕਿ ਸਾਡਾ ਉਥੇ ਜਾਣਾ ਬੇਹੱਦ ਜ਼ਰੂਰੀ ਹੈ। ਇਸ ਲਈ ਅਸੀਂ ਪਵਨ ਹੰਸ ਦੀਆਂ ਚਾਰਾਂ ਸੀਟਾਂ ਦਾ 24000/- ਰੁਪਏ ਇਕ ਪਾਸੇ ਦਾ ਕਿਰਾਇਆ ਦੇਣ ਨੂੰ ਤਿਆਰ ਹਾਂ। ਸਾਨੂੰ ਆਗਿਆ ਦਿੱਤੀ ਜਾਵੇ, ਪਰ ਲਾਰੇ-ਲੱਪੇ 'ਚ ਸਾਡੇ ਦਿਨ ਬੀਤਦੇ ਗਏ, ਹਾਲਾਂਕਿ ਅਸੀਂ ਸਿੱਖਾਂ ਦੀ ਪ੍ਰਤਿਨਿਧ ਸੰਸਥਾ ਦੀ ਪ੍ਰਤਿਨਿਧਤਾ ਕਰ ਰਹੇ ਸਾਂ ਤੇ ਸਾਡੇ ਵਾਸਤੇ ਸ. ਪ੍ਰਕਾਸ਼ ਸਿੰਘ ਬਾਦਲ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ, ਬੀਬੀ ਜਗੀਰ ਕੌਰ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ. ਸੁਰਜੀਤ ਸਿੰਘ ਬਰਨਾਲਾ ਨੇ ਪ੍ਰੋ. ਰਾਮ ਕਾਪਸੇ ਨੂੰ ਵਾਰ-ਵਾਰ ਕਿਹਾ ਵੀ ਸੀ। ਆਮ ਲੋਕਾਂ ਦੀ ਸਥਿਤੀ ਕੀ ਹੋਵੇਗੀ, ਇਸ ਤੋਂ ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ।

ਆਪਣੀ ਲਿਖਣ-ਪੜ੍ਹਨ ਦੀ ਰੁਚੀ ਕਰਕੇ ਦਾਸ ਨੇ ਪੋਰਟ ਬਲੇਅਰ ਦੇ ਦੀਪ ਸਮੂਹਾਂ ਬਾਰੇ ਪੜ੍ਹਨਾ-ਲਿਖਣਾ ਸ਼ੁਰੂ ਕਰ ਦਿੱਤਾ। ਕੇਂਦਰੀ ਸ਼ਾਸਤ ਪ੍ਰਦੇਸ਼ ਅੰਡੇਮਾਨ-ਨਿਕੋਬਾਰ ਦੀਪ ਸਮੂਹ ਦੇ ਕੁੱਲ 572 ਦੀਪ ਹਨ। ਉੱਤਰ ਤੋਂ ਦੱਖਣ ਤੀਕ ਇਨ੍ਹਾਂ ਦੀ ਕੁੱਲ ਲੰਬਾਈ 700 ਕਿਲੋਮੀਟਰ ਦੇ ਕਰੀਬ ਹੈ। ਬਰਮਾ ਤੋਂ ਲੈ ਕੇ ਇੰਡੋਨੇਸ਼ੀਆ ਦੇ ਦਰਮਿਆਨ ਫੈਲੇ ਇਹ ਦੀਪ ਚੁਫੇਰੇ ਤੋਂ ਪਾਣੀ 'ਚ ਘਿਰੇ ਹੋਏ ਹਨ। ਨੀਮ ਪਹਾੜੀ ਧਰਤੀ ਹਰੇ-ਭਰੇ ਸਦਾ-ਬਹਾਰ ਜੰਗਲਾਂ, ਨਾਰੀਅਲ ਸੁਪਾਰੀ ਦੇ ਦਰੱਖ਼ਤਾਂ, ਰੰਗ-ਬਰੰਗੀਆਂ ਝਾੜੀਆਂ, ਫੁੱਲਾਂ ਨਾਲ ਲੱਦੀ ਹੋਈ ਹੈ। ਚੁਫੇਰੇ ਸ਼ੀਸ਼ੇ ਵਾਂਗ ਨਿਰਮਲ ਪਾਣੀ, ਸਾਫ਼-ਸੁਥਰੀ ਸੁਗੰਧਿਤ ਹਵਾ, ਘੱਟੇ ਮਿੱਟੀ ਤੇ ਆਵਾਜ਼ ਪ੍ਰਦੂਸ਼ਨ ਤੋਂ ਮੁਕਤ ਕੁਦਰਤੀ ਸ਼ਾਂਤੀ ਦਾ ਅਥਾਹ ਸੋਮਾ ਹਨ ਇਹ ਦੀਪ। ਸ਼ਾਇਦ ਇਹੀ ਕਾਰਨ ਹੈ ਕਿ ਸਮੁੰਦਰ ਦੇ ਕਿਨਾਰਿਆਂ 'ਤੇ ਬਣੀਆਂ ਬੀਚਾਂ 'ਤੇ ਹਜ਼ਾਰਾਂ ਯਾਤਰੂ ਪੋਰਟ ਬਲੇਅਰ 'ਤੇ ਵਿਸ਼ੇਸ਼ ਕਰਕੇ ਆਉਂਦੇ ਹਨ। ਭਾਵੇਂ ਕਿ ਇਹ ਦੀਪ ਆਦਿ ਜੰਗਲੀ ਲੋਕਾਂ ਦਾ ਕੁਦਰਤੀ ਰੈਣ ਬਸੇਰਾ ਹਨ, ਅੰਗਰੇਜ਼ਾਂ ਨੇ ਇਨ੍ਹਾਂ ਦੀਪ ਸਮੂਹਾਂ 'ਤੇ ਪਹਿਲੀ ਵਾਰ 1789 ਨੂੰ ਪੈਰ ਪਾਏ। ਅੰਗਰੇਜ਼ ਲੋਕ ਆਪ ਤਾਂ ਐਸ਼-ਪ੍ਰਸਤ ਸਨ। ਆਪਣੀ ਰਿਹਾਇਸ਼ ਉਨ੍ਹਾਂ

ਨੇ ਪੋਰਟ ਬਲੇਅਰ ਦੇ ਨਜ਼ਦੀਕ ਰੋਸ (ਵਰਤਤ) ਆਈਲੈਂਡ 'ਤੇ ਰੱਖੀ, ਜਿਥੇ ਅੱਜ ਵੀ ਕਮਿਸ਼ਨਰ ਅੰਡੇਮਾਨ-ਨਿਕੋਬਾਰ ਦੀ ਰਿਹਾਇਸ਼ ਦੇ ਵਿਸ਼ੇਸ਼ ਖੰਡਰਾਤ ਦੇਖੇ ਜਾ ਸਕਦੇ ਹਨ।

ਅੰਡੇਮਾਨ-ਨਿਕੋਬਾਰ ਦੇ ਦੋ ਹੀ ਜ਼ਿਲ੍ਹੇ ਹਨ। ਅੰਡੇਮਾਨ ਦਾ ਕੁੱਲ ਰਕਬਾ 6408 ਕਿਲੋਮੀਟਰ ਤੇ ਨਿਕੋਬਾਰ ਦਾ ਕੁੱਲ ਰਕਬਾ 1841 ਕਿਲੋਮੀਟਰ ਹੈ ਤੇ ਪੋਰਟ ਬਲੇਅਰ ਇਨ੍ਹਾਂ ਦੀ ਰਾਜਧਾਨੀ ਹੈ। ਤਾਪਮਾਨ 20 ਤੋਂ 30 ਡਿਗਰੀ ਦੇ ਆਸ-ਪਾਸ ਹੀ ਰਹਿੰਦਾ ਹੈ। ਸਮੁੱਚੇ ਦੀਪ 86% ਜੰਗਲਾਂ ਨਾਲ ਭਰਪੂਰ ਹਨ। ਅੰਡੇਮਾਨ ਆਈਲੈਂਡ ਦੀ ਲੰਬਾਈ 467 ਕਿਲੋਮੀਟਰ ਤੇ ਵੱਧ ਤੋਂ ਵੱਧ ਚੌੜਾਈ 52 ਕਿਲੋਮੀਟਰ, ਨਿਕੋਬਾਰ ਦੀ ਲੰਬਾਈ 259 ਕਿਲੋਮੀਟਰ ਤੇ ਚੌੜਾਈ 58 ਕਿਲੋਮੀਟਰ ਤੀਕ ਸੀਮਿਤ ਹੈ।

ਅੰਡੇਮਾਨ-ਨਿਕੋਬਾਰ ਦੇ ਕੁੱਲ 572 ਦੀਪਾਂ 'ਚੋਂ ਕੇਵਲ 38 ਦੀਪਾਂ 'ਤੇ ਹੀ ਮਾਨਵ ਆਬਾਦੀ ਹੈ ਜਿਨ੍ਹਾਂ ਵਿੱਚੋਂ 25 ਅੰਡੇਮਾਨ ਗਰੁੱਪ ਦੇ ਹਨ ਤੇ 13 ਨਿਕੋਬਾਰ ਗਰੁੱਪ 'ਚੋਂ ਹਨ। ਕੈਂਪਬੈਲ ਬੇਅ ਦੀਪ ਵੱਡੇ ਦੀਪਾਂ 'ਚੋਂ ਇਕ ਤੇ ਸਭ ਤੋਂ ਛੋਟਾ ਦੀਪ ਕੁਰਲੀਆਂ ਕੇਵਲ 0.03 ਵਰਗ ਕਿਲੋਮੀਟਰ ਦਾ ਹੀ ਹੈ। 2001 ਦੀ ਜਨਗਣਨਾ ਅਨੁਸਾਰ ਕੁੱਲ ਆਬਾਦੀ 3,56,152 ਹੈ। ਹਿੰਦੂ, ਮੁਸਲਿਮ, ਸਿੱਖ, ਈਸਾਈ, ਬੋਧੀ, ਜੈਨ ਧਰਮਾਂ ਨੂੰ ਮੰਨਣ ਵਾਲੇ ਤੇ ਹਿੰਦੀ, ਬੰਗਾਲੀ, ਮਲਿਆਲਮ, ਤਾਮਿਲ, ਤੇਲਗੂ, ਪੰਜਾਬੀ, ਨਿਕੋਬਾਰੀ, ਅੰਗਰੇਜ਼ੀ ਆਦਿ ਭਾਸ਼ਾਵਾਂ ਬੋਲਣ ਵਾਲੇ ਲੋਕ ਇਥੇ ਅੱਜ-ਕੱਲ੍ਹ ਆਬਾਦ ਹਨ। ਸਭ ਤੋਂ ਵੱਧ ਹਿੰਦੂ ਧਰਮ ਨੂੰ ਮੰਨਣ ਵਾਲੇ, ਦੂਸਰੇ ਨੰਬਰ 'ਤੇ ਈਸਾਈ ਤੇ ਤੀਸਰੇ ਨੰਬਰ 'ਤੇ ਮੁਸਲਿਮ ਭਾਈਚਾਰਾ ਹੈ। ਸਿੱਖਾਂ ਦੀ ਆਬਾਦੀ ਕੁੱਲ 1350 ਹੈ। ਬੋਧੀ 372 ਤੇ ਜੈਨੀ ਕੇਵਲ 17 ਹਨ। ਇਹ ਗਿਣਤੀ ਭੂਚਾਲ ਤੇ ਸੁਨਾਮੀ ਤੋਂ ਪਹਿਲਾਂ ਦੀ ਹੈ। ਸਿੱਖ ਦੋ ਹੀ ਦੀਪਾਂ 'ਤੇ ਵਿਸ਼ੇਸ਼ ਤੌਰ 'ਤੇ ਵੱਸੇ ਹਨ, ਪੋਰਟ ਬਲੇਅਰ ਤੇ ਕੈਂਪਬੈਲ ਬੇਅ। ਟਾਵੇਂ-ਟਾਵੇਂ ਸਿੱਖ ਦੂਸਰੇ ਦੀਪਾਂ 'ਤੇ ਸਰਕਾਰੀ ਨੌਕਰੀ ਕਰਕੇ ਵੱਸਦੇ ਹਨ, ਪਰ ਇਹ ਗਿਣਤੀ ਨਾਂ-ਮਾਤਰ ਹੀ ਹੈ।

ਅੰਡੇਮਾਨ ਤੇ ਨਿਕੋਬਾਰ ਦੇ ਦੀਪਾਂ 'ਤੇ ਆਦਿ ਵਾਸੀਆਂ ਤੇ ਅੰਗਰੇਜ਼ਾਂ ਤੋਂ ਇਲਾਵਾ ਦੂਸਰੇ ਲੋਕਾਂ ਦੇ ਵੱਸਣ ਦਾ ਇਤਿਹਾਸ ਵੀ ਅਜੀਬ ਹੈ। ਬਹੁਤ ਲੋਕ ਅੰਗਰੇਜ਼ ਸਾਮਰਾਜ ਦੀਆਂ ਵਧੀਕੀਆਂ ਦੇ ਸ਼ਿਕਾਰ ਹੋ ਕਾਲੇਪਾਣੀ ਦੀ ਸਜ਼ਾ ਪਾ ਕੇ ਇਥੇ ਆਏ ਸਨ। ਇਹ ਦੀਪ ਆਪਣੇ ਆਪ ਵਿਚ ਇਕ ਜੇਲ੍ਹ ਸਨ, ਜਿਨ੍ਹਾਂ ਵਿੱਚੋਂ ਸਰਕਾਰੀ ਸਹਾਇਤਾ ਤੋਂ ਬਿਨਾਂ ਵਾਪਸ ਆਮ ਧਰਤੀ 'ਤੇ ਆਉਣਾ ਅਸੰਭਵ ਸੀ। ਇਹ ਲਗਭਗ ਅਜੇ ਵੀ ਸੱਚ ਹੈ ਕਿ ਹਵਾਈ ਸਫ਼ਰ ਤੇ ਸਮੁੰਦਰੀ ਜਹਾਜ਼ ਤੋਂ ਬਿਨਾਂ ਇਨ੍ਹਾਂ ਦੀਪਾਂ 'ਤੇ ਜਾਣਾ ਤੇ ਆਉਣਾ ਅਸੰਭਵ ਹੈ। ਹਵਾਈ ਸਫ਼ਰ ਕਰਨ ਵਾਸਤੇ ਅਜੇ ਵੀ ਕੇਵਲ ਕੋਲਕਾਤਾ ਤੇ ਚੇਨਈ ਤੋਂ ਫ਼ਲਾਈਟ ਲਈ ਜਾ ਸਕਦੀ ਹੈ। ਪੋਰਟ ਬਲੇਅਰ ਤੀਕ ਹਵਾਈ ਸਫ਼ਰ ਕੋਲਕਾਤਾ ਤੇ ਚੇਨਈ ਤੋਂ ਕ੍ਰਮਵਾਰ 1301 ਕਿਲੋਮੀਟਰ ਤੇ 1373 ਕਿਲੋਮੀਟਰ ਹੈ। ਇਸ ਤਰ੍ਹਾਂ ਹੀ ਸਮੁੰਦਰੀ ਸਫ਼ਰ ਕਰਨ ਵਾਸਤੇ ਕੋਲਕਾਤਾ, ਚੇਨਈ ਤੇ ਵਿਸ਼ਾਖਾਪਟਨਮ ਤੋਂ ਹੀ ਸਹੂਲਤ ਹੈ ਤੇ ਉਹ ਵੀ ਰੋਜ਼ਾਨਾ ਨਹੀਂ। ਇਹ ਦੂਰੀ ਪੋਰਟ ਬਲੇਅਰ ਵਾਸਤੇ ਕੋਲਕਾਤਾ, ਚੇਨਈ ਤੇ ਵਿਸ਼ਾਖਾਪਟਨਮ ਤੋਂ ਕ੍ਰਮਵਾਰ 1255,

1190 ਤੇ 1200 ਕਿਲੋਮੀਟਰ ਹੈ। ਇਨ੍ਹਾਂ ਥਾਵਾਂ ਤੋਂ ਪੋਰਟ ਬਲੇਅਰ ਪਹੁੰਚਣ ਲਈ ਲਗਭਗ ਚਾਰ ਦਿਨ ਦਾ ਸਮਾਂ ਲੱਗਦਾ ਹੈ। ਅੰਗਰੇਜ਼ ਸਰਕਾਰ ਨੇ ਅੰਡੇਮਾਨ-ਨਿਕੋਬਾਰ 'ਚ (ਜਿਸ ਨੂੰ ਕਾਲੇਪਾਣੀ ਕਿਹਾ ਜਾਂਦਾ ਸੀ) ਆਜ਼ਾਦੀ ਘੁਲਾਟੀਆਂ ਨੂੰ ਸਜ਼ਾ ਦੇਣ ਵਾਸਤੇ ਵਿਸ਼ੇਸ਼ ਜੇਲ੍ਹ ਬਣਾਈ ਜਿਸ ਦੇ ਕੁਝ ਭਾਗ ਅੱਜ ਵੀ ਸੁਰੱਖਿਅਤ ਹਨ। ਆਜ਼ਾਦੀ ਘੁਲਾਟੀਆਂ ਨੂੰ ਕਿਸ ਤਰ੍ਹਾਂ ਦੇ ਜ਼ੁਲਮੋ-ਤਸ਼ੱਦਦ ਸਹਿਣੇ ਪੈਂਦੇ ਸਨ, ਇਸ ਨੂੰ ਰੂਪਮਾਨ ਕਰਦੇ ਹਨ—ਸੈਲੂਲਰ ਜੇਲ੍ਹ ਪੋਰਟ ਬਲੇਅਰ ਦੇ ਵਿਸ਼ੇਸ਼ ਸੈੱਲ, ਕੋਹਲੂ ਘਰ, ਕੋੜੇ ਮਾਰਨ ਤੇ ਨਾਰੀਅਲ ਦਾ ਵਾਣ ਵੱਟਣ ਦੀ ਥਾਂ ਅਤੇ ਫਾਂਸੀ ਘਰ ਆਦਿ।

ਹਰੇਕ ਕੈਦੀ ਨੂੰ ਸਵੇਰ ਸਮੇਂ ਨਾਰੀਅਲ ਦੇ 20 ਛਿਲਕੇ ਦਿੱਤੇ ਜਾਂਦੇ ਸਨ। ਨਾਰੀਅਲ ਨੂੰ ਕੁੱਟ-ਕੁੱਟ ਕੇ ਘੱਟੋ-ਘੱਟ ਕਿੱਲੋ ਵਾਣ ਤਿਆਰ ਕਰਨਾ ਪੈਂਦਾ ਸੀ। ਇਹ ਜੇਲ੍ਹ 1908 ਨੂੰ ਬਣਾਈ ਗਈ ਸੀ। ਸੈਲੂਲਰ ਇਸ ਨੂੰ ਇਸ ਕਰਕੇ ਕਿਹਾ ਜਾਂਦਾ ਹੈ ਕਿ ਕਿਉਂਕਿ ਹਰ ਕੈਦੀ ਵਾਸਤੇ ਇਸ ਦੇ ਅਲੱਗ-ਅਲੱਗ ਸੈੱਲ ਸਨ। ਕੈਦੀਆਂ ਨੂੰ ਇਸ 'ਚ ਸਮੂਹ ਵਿਚ ਨਹੀਂ ਸੀ ਰੱਖਿਆ ਜਾਂਦਾ। ਤਿੰਨ ਮੰਜ਼ਲਾਂ ਇਨ੍ਹਾਂ ਸੈੱਲਾਂ ਨੂੰ ਜੋੜ ਕੇ ਬਣੀ ਇਸ ਜੇਲ੍ਹ ਦੀਆਂ ਕੁੱਲ 7 ਬੈਰਕਾਂ ਸਨ ਪਰ ਕੇਵਲ ਤਿੰਨ ਬਾਹੀਆਂ ਹੀ ਬਾਕੀ ਹਨ ਜਿਨ੍ਹਾਂ ਨੂੰ ਰਾਸ਼ਟਰੀ ਯਾਦਗਾਰ ਵਜੋਂ ਸੰਭਾਲਿਆ ਗਿਆ ਹੈ। ਹੁਣ ਜੇਲ੍ਹ ਦੇ ਮੁੱਖ ਦੁਆਰ ਦੇ ਨਾਲ ਆਰਟ 'ਤੇ ਫੋਟੋ ਗੈਲਰੀ ਬਣਾਈ ਗਈ ਹੈ ਜਿਸ ਵਿਚ ਆਜ਼ਾਦੀ ਦੇ ਪਰਵਾਨਿਆਂ ਦੀਆਂ ਤਸਵੀਰਾਂ ਨੂੰ ਪਰਦਰਸ਼ਤ ਕੀਤਾ ਗਿਆ ਹੈ। ਜੇਲ੍ਹ ਦੇ ਅੰਦਰ ਵੜਦਿਆਂ ਹੀ ਹੁਣ ਆਜ਼ਾਦੀ ਦੀ ਲਾਟ ਜਗ ਰਹੀ ਹੈ, ਜਿਸ ਦੇ ਚੌਖਟੇ 'ਤੇ 'ਵੰਦੇ ਮਾਤਰਮ' ਲਿਖਿਆ ਹੋਇਆ ਹੈ। ਕੋਹਲੂ ਘਰ ਪ੍ਰਤੱਖ ਕਰਦਾ ਹੈ ਕਿ ਕਿਵੇਂ ਮਨੁੱਖਾਂ 'ਤੇ ਅਣਮਨੁੱਖੀ ਤਸ਼ੱਦਦ ਹੁੰਦਾ ਸੀ। ਫਾਂਸੀ ਘਰ ਵਿਚ ਫਾਂਸੀ ਦੇ ਤਿੰਨ ਰੱਸੇ (ਫੰਦੇ) ਲਟਕ ਰਹੇ ਸਨ ਜਿਹੜੇ ਦਰਸਾ ਰਹੇ ਸਨ ਕਿ ਇੱਕੋ ਸਮੇਂ ਅੰਗਰੇਜ਼ ਤਿੰਨ-ਤਿੰਨ ਆਜ਼ਾਦੀ ਦੇ ਪਰਵਾਨਿਆਂ ਨੂੰ ਫਾਂਸੀ 'ਤੇ ਲਟਕਾ ਦਿੰਦੇ ਸਨ। ਪੁਰਾਤਨ ਜੇਲ੍ਹ ਦੇ ਕੇਂਦਰੀ ਭਾਗ ਜਿਸ ਥਾਂ ਤੋਂ ਸਾਰੀ ਜੇਲ੍ਹ ਦੀ ਨਿਗਰਾਨੀ ਹੁੰਦੀ ਸੀ, ਉਸ 'ਤੇ ਹੁਣ ਆਜ਼ਾਦੀ ਦੇ ਪਰਵਾਨਿਆਂ ਦੇ ਨਾਂ ਤੇ ਕਿਸੇ-ਕਿਸੇ ਦੇ ਸਾਹਮਣੇ ਕਿਸ ਸਮੇਂ ਜੇਲ੍ਹ ਹੋਈ, ਦਾ ਸਾਲ ਲਿਖਿਆ ਗਿਆ ਹੈ। ਨਾਂਵਾਂ 'ਤੇ ਸਰਸਰੀ ਨਜ਼ਰ ਮਾਰਦਿਆਂ ਇਹ ਅੰਦਾਜ਼ਾ ਸਹਿਜੇ ਹੋ ਗਿਆ ਕਿ ਸਭ ਤੋਂ ਵੱਧ ਪੰਜਾਬੀ ਸਿੱਖ ਜੇਲ੍ਹ ਵਿਚ ਆਏ ਤੇ ਆਏ ਵੀ ਦੂਸਰਿਆਂ ਨਾਲੋਂ ਪਹਿਲਾਂ, ਦੂਸਰੇ ਨੰਬਰ 'ਤੇ ਬੰਗਾਲੀ ਲੋਕਾਂ ਦੇ ਨਾਂ ਸਨ। ਇਥੇ ਆਏ ਹਰੇਕ ਕੈਦੀ ਦੇ ਘਰ ਵਾਲਿਆਂ ਨੂੰ ਉਸ ਦੇ ਵਾਪਸ ਆਉਣ ਦੀ ਉਮੀਦ ਨਹੀਂ ਸੀ ਹੁੰਦੀ। ਸ਼ਾਇਦ ਇਸ ਕਰਕੇ ਇਸ ਦਾ ਨਾਂ 'ਕਾਲਾਪਾਣੀ' ਪ੍ਰਚੱਲਿਤ ਸੀ।

1942 ਤੀਕ ਇਨ੍ਹਾਂ ਦੀਪਾਂ 'ਤੇ ਅੰਗਰੇਜ਼ ਸਾਮਰਾਜ ਦਾ ਕਬਜ਼ਾ ਰਿਹਾ। 1942 ਤੋਂ 1945 ਤੀਕ ਇਹ ਦੀਪ ਅੰਗਰੇਜ਼ਾਂ ਤੋਂ ਜਾਪਾਨੀਆਂ ਨੇ ਹਥਿਆ ਲਏ। 1945 'ਚ ਫਿਰ ਇਹ ਦੀਪ ਅੰਗਰੇਜ਼ਾਂ ਦੇ ਪ੍ਰਬੰਧ ਅਧੀਨ ਆ ਗਏ। 1947 'ਚ ਇਹ ਦੀਪ-ਸਮੂਹ ਅੰਗਰੇਜ਼ਾਂ ਨੂੰ ਛੱਡਣਾ ਪਿਆ। ਅੰਡੇਮਾਨ-ਨਿਕੋਬਾਰ ਦੇ ਦੀਪ-ਸਮੂਹਾਂ 'ਤੇ ਆਬਾਦੀ ਦਾ ਕਾਫ਼ੀ ਵਾਧਾ ਹੋਇਆ ਹੈ। 1901 ਦੀ ਜਨਗਣਨਾ ਅਨੁਸਾਰ ਆਬਾਦੀ 24,669 ਸੀ ਤੇ 2001 ਦੀ ਜਨਗਣਨਾ ਅਨੁਸਾਰ ਆਬਾਦੀ 5,56,152 ਸੀ।

ਸੈਲੂਲਰ ਜੇਲ੍ਹ ਦਾ ਵੇਰਵਾ ਦੇਣ ਦਾ ਮੇਰਾ ਮਨੋਰਥ ਕੇਵਲ ਇਹੀ ਸੀ ਕਿ ਪਾਠਕ-ਜਨ ਸਮਝ ਸਕਣ ਕਿ ਅੰਗਰੇਜ਼ਾਂ ਤੋਂ ਬਿਨਾਂ ਜੋ ਲੋਕ ਇਥੇ ਵੱਸੇ, ਉਹ ਕੇਵਲ ਉਹੀ ਲੋਕ ਸਨ ਜਿਨ੍ਹਾਂ ਨੂੰ ਕਿਸੇ ਨਾ ਕਿਸੇ ਰੂਪ 'ਚ ਕਾਲੇਪਾਣੀ ਦੀ ਸਜ਼ਾ ਹੋਈ ਤੇ ਉਹ ਅੰਗਰੇਜ਼ਾਂ ਦੀ ਕਰੋਪੀ ਜੇਲ੍ਹ ਦੀ ਸਜ਼ਾ ਪੂਰੀ ਕਰ ਕੇ ਬਚ ਗਏ ਤੇ ਇਥੇ ਵੱਸ ਗਏ। ਵੱਸਣਾ ਉਨ੍ਹਾਂ ਦੀ ਮਜਬੂਰੀ ਸੀ। ਅੰਗਰੇਜ਼ਾਂ ਨੇ ਇਨ੍ਹਾਂ ਟਾਪੂਆਂ ਨੂੰ ਆਬਾਦ ਕਰਨ ਵਾਸਤੇ ਕੈਦੀਆਂ ਨੂੰ ਇਥੇ ਪੱਕੇ ਤੌਰ 'ਤੇ ਰੱਖ ਲਿਆ।

ਪੋਰਟ ਬਲੇਅਰ ਦੀ ਧਰਤੀ 'ਤੇ ਇਸ ਸਮੇਂ ਵੱਡੇ ਚਾਰ ਗੁਰਦੁਆਰੇ ਹਨ ਪਰ ਵਧੇਰੇ ਪ੍ਰਸਿੱਧ ਦੋ ਹਨ, ਪੁਲਿਸ ਗੁਰਦੁਆਰਾ ਤੇ ਡਾ. ਦੀਵਾਨ ਸਿੰਘ ਗੁਰਦੁਆਰਾ। ਇਨ੍ਹਾਂ ਦੋਹਾਂ ਗੁਰਦੁਆਰਿਆਂ ਦੇ ਨਾਵਾਂ ਤੋਂ ਕਾਫ਼ੀ ਕੁਝ ਸਪੱਸ਼ਟ ਹੋ ਜਾਂਦਾ ਹੈ। ਪੁਲਿਸ ਗੁਰਦੁਆਰਾ ਪੋਰਟ ਬਲੇਅਰ ਦਾ ਪਹਿਲਾ ਤੇ ਸਭ ਤੋਂ ਪੁਰਾਣਾ ਗੁਰਦੁਆਰਾ ਹੈ ਜੋ 1927 ਈਸਵੀ ਵਿਚ ਬਣਿਆ। ਇਹ ਗੁਰਦੁਆਰਾ ਜਿਵੇਂ ਕਿ ਨਾਂ ਤੋਂ ਸਪੱਸ਼ਟ ਹੈ, ਕੇਵਲ ਪੁਲਿਸ ਵਾਲਿਆਂ, ਉੱਚ ਅਧਿਕਾਰੀਆਂ, ਜਵਾਨਾਂ ਤੇ ਪਰਿਵਾਰਾਂ ਵਾਸਤੇ ਹੀ ਸੀਮਿਤ ਸੀ। ਇਸ ਗੁਰੂ-ਘਰ 'ਚ ਕਾਲੇਪਾਣੀ ਦੇ ਸਜ਼ਾ ਯਾਫ਼ਤਾ ਤੇ ਸਾਬਕਾ ਦੋਸ਼ੀਆਂ ਨੂੰ ਨਫ਼ਰਤ ਦੀ ਭਾਵਨਾ ਨਾਲ ਦੇਖਿਆ ਜਾਂਦਾ ਸੀ। ਇਥੋਂ ਤਕ ਕਿ ਉਨ੍ਹਾਂ ਨੂੰ ਗੁਰੂ-ਘਰ ਵਿਚ ਆਉਣ ਦੀ ਆਗਿਆ ਨਹੀਂ ਸੀ। ਜਿਸ ਸਮੇਂ ਡਾ. ਦੀਵਾਨ ਸਿੰਘ ਕਾਲੇਪਾਣੀ ਨੂੰ ਪੋਰਟ ਬਲੇਅਰ ਭੇਜਿਆ ਗਿਆ ਤਾਂ ਉਨ੍ਹਾਂ ਨੇ ਧਰਮ ਦੇ ਨਾਂ 'ਤੇ ਹੋ ਰਹੇ ਇਸ ਅਧਾਰਮਿਕ ਕਰਮ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਉਨ੍ਹਾਂ ਦੀ ਦਲੀਲ ਸੀ ਕਿ ਅਪਰਾਧੀ, ਦੋਸ਼ੀ ਜਾਂ ਸਜ਼ਾ ਯਾਫ਼ਤਾ ਵਿਅਕਤੀ ਭਾਵੇਂ ਕਿੰਨੇ ਵੀ ਘਟੀਆ ਕੰਮ ਕਰਕੇ ਕੈਦੀ ਕਿਉਂ ਨਾ ਹੋਵੇ, ਉਸ ਨੂੰ ਧਰਮ ਮੰਦਿਰ ਵਿਚ ਆਉਣ ਦਾ ਬਰਾਬਰ ਹੱਕ ਹੋਣਾ ਚਾਹੀਦਾ ਹੈ, ਪਰ ਕਿਉਂਕਿ ਪੁਲਿਸ ਗੁਰਦੁਆਰੇ ਦਾ ਸਮੁੱਚਾ ਪ੍ਰਬੰਧ ਪੁਲਿਸ ਮੁਲਾਜ਼ਮ ਹੀ ਦੇਖਦੇ ਸਨ, ਇਸ ਕਰਕੇ ਡਾ. ਦੀਵਾਨ ਸਿੰਘ ਹੋਰਾਂ ਨੂੰ ਇਕ ਹੋਰ ਗੁਰਦੁਆਰਾ ਬਣਾਉਣਾ ਜ਼ਰੂਰੀ ਹੋ ਗਿਆ, ਜਿਸ ਦਾ ਸਰੂਪ ਸਿੱਖ ਗੁਰਦੁਆਰੇ ਦੇ ਸੰਕਲਪ, ਸਿਧਾਂਤ ਤੇ ਮਰਯਾਦਾ ਅਨੁਸਾਰ ਹੋਵੇ ਅਤੇ ਗੁਰਦੁਆਰੇ ਵਿਚ ਹਰੇਕ ਜਾਤੀ, ਧਰਮ, ਨਸਲ, ਖਿੱਤੇ ਦਾ ਹਰ ਪੁਰਸ਼, ਇਸਤਰੀ ਬੇ-ਰੋਕ-ਟੋਕ ਧਰਮ-ਕਰਮ ਕਰ ਸਕੇ। ਡਾ. ਦੀਵਾਨ ਸਿੰਘ ਜਾਣੀ-ਪਹਿਚਾਣੀ ਸ਼ਖ਼ਸੀਅਤ ਸਨ, ਖ਼ਾਸ ਕਰਕੇ ਸੈਲੂਲਰ ਜੇਲ੍ਹ ਦੇ ਡਾਕਟਰ ਹੋਣ ਕਰਕੇ ਉਨ੍ਹਾਂ ਦੀ ਹਰ ਗੱਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ। ਡਾ. ਦੀਵਾਨ ਸਿੰਘ ਦੀ ਦਲੀਲ 'ਤੇ ਪ੍ਰਬੰਧਕੀ ਸ਼੍ਰੇਣੀ ਵੱਲੋਂ ਨਵੇਂ ਗੁਰਦੁਆਰੇ ਵਾਸਤੇ ਇਕ ਪਲਾਟ ਅਲਾਟ ਕਰ ਦਿੱਤਾ ਗਿਆ। ਪਹਿਲੀ ਅਗਸਤ, 1937 ਨੂੰ ਨਵੇਂ ਗੁਰਦੁਆਰੇ ਦਾ ਨੀਂਹ-ਪੱਥਰ ਰੱਖਿਆ ਗਿਆ। ਇਸ ਗੁਰਦੁਆਰੇ ਦੀ ਕਾਰ-ਸੇਵਾ ਵਿਚ ਜ਼ਿਆਦਾਤਰ ਕੈਦੀਆਂ ਤੇ ਸਾਬਕਾ ਕੈਦੀਆਂ ਨੇ ਸੇਵਾ ਕੀਤੀ। ਉਸ ਸਮੇਂ ਕੁਝ ਦਿਨਾਂ ਵਿਚ ਹੀ ਗੁਰਦੁਆਰੇ ਦੀ ਇਮਾਰਤ ਵਾਸਤੇ 7000/- ਰੁਪਏ ਇਕੱਠੇ ਹੋ ਗਏ। ਅੰਡੇਮਾਨ ਦਾ ਡਿਪਟੀ ਕਮਿਸ਼ਨਰ ਜੋ ਕਿ ਡਾ.ਦੀਵਾਨ ਸਿੰਘ ਦੀ ਬਹੁਤ ਇੱਜ਼ਤ ਕਰਦਾ ਸੀ, ਦੇ ਸਹਿਯੋਗ ਨਾਲ ਸਮੂਹ ਕੈਦੀਆਂ ਨੂੰ ਗੁਰਦੁਆਰੇ ਦੀ ਸੇਵਾ ਕਰਨ ਦੀ ਆਗਿਆ

ਮਿਲ ਗਈ। ਇਸ ਤਰ੍ਹਾਂ ਨਵਾਂ ਗੁਰਦੁਆਰਾ ਸੀਮਿਤ ਸਮੇਂ ਵਿਚ ਹੀ ਤਿਆਰ ਹੋ ਗਿਆ ਹੈ। ਡਾ. ਦੀਵਾਨ ਸਿੰਘ ਨੇ ਉਸ ਸਮੇਂ ਗੁਰਦੁਆਰੇ ਦੇ ਪ੍ਰਬੰਧ ਵਾਸਤੇ 25 ਮੈਂਬਰੀ ਪ੍ਰਬੰਧਕ ਕਮੇਟੀ ਦਾ ਗਠਨ ਕੀਤਾ। ਗੁਰਦੁਆਰੇ 'ਚ ਮੁਸਾਫ਼ਰ-ਖ਼ਾਨੇ ਤੇ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

ਡਾ. ਦੀਵਾਨ ਸਿੰਘ ਦੇ ਦੇਸ਼-ਭਗਤ ਹੋਣ, ਅੰਡੇਮਾਨ-ਨਿਕੋਬਾਰ ਦੀ ਜੇਲ੍ਹ 'ਚ ਭਾਰਤੀਆਂ ਪ੍ਰਤੀ ਹਮਦਰਦੀ ਭਾਵਨਾ ਤੇ ਹਰਮਨ-ਪਿਆਰਤਾ ਵੱਧ ਹੋਣ ਕਰਕੇ 23 ਅਕਤੂਬਰ 1943 ਨੂੰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਉਸ ਜੇਲ੍ਹ ਦੇ ਇਕ ਸੈੱਲ ਵਿਚ ਕੈਦ ਕਰ ਦਿੱਤਾ ਗਿਆ, ਜਿਸ ਦੇ ਉਹ ਮੁਖੀ ਡਾਕਟਰ ਸਨ। ਡਾਕਟਰ ਸਾਹਿਬ ਨੂੰ ਜੇਲ੍ਹ ਵਿਚ ਨਾ ਗਿਣੇ ਜਾਣ ਯੋਗ ਅਕਹਿ ਤੇ ਅਸਹਿ ਤਸੀਹੇ ਦਿੱਤੇ ਗਏ, ਜਿਨ੍ਹਾਂ ਕਰਕੇ 14 ਜਨਵਰੀ, 1944 ਨੂੰ ਡਾ. ਦੀਵਾਨ ਸਿੰਘ ਗੁਰੂ-ਚਰਨਾਂ 'ਚ ਜਾ ਬਿਰਾਜੇ। ਉਨ੍ਹਾਂ ਵੱਲੋਂ ਆਰੰਭੇ ਗਏ ਗੁਰਦੁਆਰੇ ਨੂੰ ਉਨ੍ਹਾਂ ਦੇ ਨਾਂ 'ਤੇ ਜਾਣਿਆ ਅਤੇ ਇਉਂ ਇਸ ਅਜ਼ੀਮ ਸ਼ਖ਼ਸੀਅਤ ਨੂੰ ਪਿਆਰ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਅੱਜ ਵੀ ਦੇਸ਼-ਵਿਦੇਸ਼ ਤੋਂ ਜਾਣ ਵਾਲੇ ਯਾਤਰੂਆਂ ਨੂੰ ਇਸ ਗੁਰਦੁਆਰੇ ਵਿਚ ਹੀ ਨਿਵਾਸ ਦੀ ਸਹੂਲਤ ਤੇ ਰੈਣ-ਬਸੇਰਾ ਮਿਲਦਾ ਹੈ। ਭੂਚਾਲ ਤੇ ਸੁਨਾਮੀ ਕਾਰਨ ਪ੍ਰਭਾਵਿਤ ਲੋਕਾਂ ਨੂੰ ਉਕਤ ਦੋਵਾਂ ਗੁਰਦੁਆਰਾ ਸਾਹਿਬਾਨ ਵੱਲੋਂ ਲਗਾਤਾਰ ਸੱਤ ਦਿਨ ਰੈਣ-ਬਸੇਰਾ ਤੇ ਭੋਜਨ-ਪਾਣੀ ਦਿੱਤਾ ਜਾਂਦਾ ਰਿਹਾ। ਜਿੰਨੇ ਦਿਨ ਅਸੀਂ ਪੋਰਟ ਬਲੇਅਰ ਰਹੇ, ਸਾਡੇ ਵਾਸਤੇ ਪਰਸ਼ਾਦੇ ਦਾ ਪ੍ਰਬੰਧ ਵੀ ਇਸ ਗੁਰੂ-ਘਰ ਵੱਲੋਂ ਹੀ ਉਚੇਚੇ ਰੂਪ ਵਿਚ ਕੀਤਾ ਗਿਆ।

ਭੂਚਾਲ ਤੇ ਸੁਨਾਮੀ ਲਹਿਰਾਂ ਬਹੁਤ ਹੀ ਖ਼ਤਰਨਾਕ ਕੁਦਰਤੀ ਵਰਤਾਰਾ ਹਨ। ਇਨ੍ਹਾਂ ਦੇ ਵਾਪਰਨ ਨਾਲ ਸਭ ਤੋਂ ਵੱਧ ਨੁਕਸਾਨ ਮਨੁੱਖੀ ਜਾਨਾਂ, ਜੀਵ-ਜੰਤੂਆਂ ਦਾ ਹੁੰਦਾ ਹੈ; ਘਰ-ਬਾਰ, ਵਾਪਾਰ ਅਤੇ ਕੁਦਰਤੀ ਸੁੰਦਰਤਾ ਤੇ ਬਨਸਪਤੀ ਪ੍ਰਭਾਵਿਤ ਹੁੰਦੀ ਹੈ, ਪਰ ਇਹ ਸਭ ਕੁਝ ਮਨੁੱਖ ਦੇ ਵੱਸ ਨਹੀਂ। ਇਹ ਕੁਦਰਤੀ ਵਰਤਾਰੇ ਨਾਲ, ਜਿਨ੍ਹਾਂ ਦਾ ਕਿਆਸ ਤਾਂ ਕੀਤਾ ਜਾ ਸਕਦਾ ਹੈ, ਪਰ ਜਿਨ੍ਹਾਂ ਬਾਰੇ ਸਹੀ ਕੁਝ ਨਹੀਂ ਦੱਸਿਆ ਜਾ ਸਕਦਾ ਕਿ ਇਹ ਕਦੋਂ ਵਾਪਰਨਗੇ ਤੇ ਕੀ ਨੁਕਸਾਨ ਕਰਨਗੇ? ਮਾਨਵ ਸੋਚ ਸਮਝ ਤਾਂ ਇਥੋਂ ਤਕ ਸੀਮਿਤ ਹੈ ਕਿ ਇਨ੍ਹਾਂ ਕੁਦਰਤੀ ਵਰਤਾਰਿਆਂ ਦੇ ਵਾਪਰਨ ਤੋਂ ਬਾਅਦ ਹੋਏ ਜਾਨੀ ਤੇ ਮਾਲੀ ਨੁਕਸਾਨ ਬਾਰੇ ਵੀ ਸਹੀ ਤੱਥਾਂ ਆਧਾਰਿਤ ਜਾਣਕਾਰੀ ਇਕੱਤਰ ਨਹੀਂ ਹੋ ਸਕਦੀ। ਧਰਤੀ ਦੀ ਅਸਾਧਾਰਨ ਹਿਲਜੁਲ ਨੂੰ ਭੂਚਾਲ ਕਿਹਾ ਜਾਂਦਾ ਹੈ। ਭੂਚਾਲ ਕਾਰਨ ਧਰਤੀ 'ਤੇ ਤਰੇੜਾਂ ਆ ਸਕਦੀਆਂ ਹਨ। ਇਮਾਰਤਾਂ ਤਬਾਹ ਹੋ ਸਕਦੀਆਂ ਹਨ। ਕਦੇ-ਕਦੇ ਕੁਝ ਦੀਪ ਪ੍ਰਗਟ ਹੋ ਸਕਦੇ ਹਨ ਤੇ ਕੁਝ ਅਲੋਪ। ਜਵਾਲਾ-ਮੁਖੀ ਫਟ ਸਕਦੇ ਹਨ, ਨਵੇਂ ਪਹਾੜ ਬਣ ਸਕਦੇ ਹਨ ਤੇ ਪਹਾੜੀ ਥਾਂਵਾਂ 'ਤੇ ਪਾਣੀ ਇਕੱਤਰ ਹੋ ਸਕਦਾ ਹੈ। ਇਹ ਭੂਚਾਲ ਦੀ ਤੀਬਰਤਾ 'ਤੇ ਨਿਰਭਰ ਹੋਵੇਗਾ ਕਿ ਕੀ ਹੋਂਦ ਵਿਚ ਆਉਂਦਾ ਹੈ ਤੇ ਕੀ ਅਲੋਪ ਹੁੰਦਾ ਹੈ? ਬਾਕੀ ਤਾਂ ਭੂਚਾਲ ਵਿਗਿਆਨੀ ਹੀ ਅੰਦਾਜ਼ਾ ਲਗਾ ਸਕਦੇ ਹਨ। ਅੰਡੇਮਾਨ-ਨਿਕੋਬਾਰ 'ਚ ਆਏ ਭੂਚਾਲ

ਕਾਰਨ ਪੋਰਟ ਬਲੇਅਰ ਇਲਾਕੇ 'ਚ ਪਾਣੀ ਤਕਰੀਬਨ ਇਕ ਮੀਟਰ ਉੱਪਰ ਚੜ੍ਹ ਗਿਆ ਹੈ। ਬਰਮਾ ਸਾਈਡ ਤੋਂ ਇਹ ਦੀਪ ਸਮੂਹ 1.147 ਮੀਟਰ ਸਮੁੰਦਰ ਤੋਂ ਬਾਹਰ ਆ ਗਏ ਹਨ ਤੇ ਕੈਂਪਬੈਲ ਬੇਅ ਸਾਈਡ ਤੋਂ ਸਮੁੰਦਰ 'ਚ ਚਲੇ ਗਏ ਹਨ। ਕੈਂਪਬੈਲ ਬੇਅ ਇਲਾਕੇ ਵਿਚ ਪਾਣੀ ਦਾ ਚੜ੍ਹਾਅ ਤਕਰੀਬਨ 7 ਮੀਟਰ ਤਕ ਉੱਪਰ ਆ ਗਿਆ ਹੈ।

ਭੂਚਾਲ ਦੀ ਤਰ੍ਹਾਂ ਹੀ ਸੁਨਾਮੀ ਲਹਿਰਾਂ ਵੀ ਮਨੁੱਖਤਾ, ਜੀਵ-ਜੰਤੂਆਂ ਤੇ ਮਾਲ-ਅਸਬਾਬ ਦਾ ਘਾਣ ਕਰ ਸਕਦੀਆਂ ਹਨ। ਸਾਡੇ ਵਾਸਤੇ ਇਹ ਇਕ ਨਵਾਂ ਸ਼ਬਦ ਸੁਣਨ-ਪੜ੍ਹਨ ਨੂੰ ਮਿਲਿਆ ਹੈ। ਸੁਨਾਮੀ ਇਕ ਜਪਾਨੀ ਸ਼ਬਦ ਹੈ। ਇਸ ਦੇ ਅਰਥ 'ਹਾਰਬਰ-ਵੇ' ਦੇ ਕੀਤੇ ਮਿਲਦੇ ਹਨ। ਸੁਨਾਮੀ ਲਹਿਰਾਂ ਆਪਣੇ ਕੇਂਦਰ-ਬਿੰਦੂ ਤੋਂ ਪੈਦਾ ਹੋ ਕੇ ਚਾਰ-ਚੁਫੇਰੇ 500 ਤੋਂ 1500 ਕਿਲੋਮੀਟਰ ਪ੍ਰਤੀ ਘੰਟੇ ਦੀ ਚਾਲ ਨਾਲ ਫੈਲ ਸਕਦੀਆਂ ਹਨ। ਇਹ ਲਹਿਰਾਂ ਆਮ ਕਰਕੇ ਅਤੀ ਡੂੰਘੇ ਸਮੁੰਦਰੀ ਤਲ ਤੋਂ ਪੈਦਾ ਹੁੰਦੀਆਂ ਹਨ। ਧਰਤੀ ਜਾਂ ਕਿਸੇ ਹੋਰ ਠੋਸ ਵਸਤੂ ਨਾਲ ਟਕਰਾਉਣ 'ਤੇ ਇਨ੍ਹਾਂ ਲਹਿਰਾਂ ਦੀ ਚੌੜਾਈ ਘੱਟ ਜਾਂਦੀ ਪਰ ਉਚਾਈ ਵੱਧ ਜਾਂਦੀ ਹੈ। ਪਰ ਇਸ ਕੁਦਰਤੀ ਵਰਤਾਰੇ ਬਾਰੇ ਆਮ ਲੋਕਾਂ ਨੂੰ ਉਸ ਸਮੇਂ ਹੀ ਪਤਾ ਚੱਲਦਾ ਹੈ ਜਦ ਇਹ ਪ੍ਰਤੱਖ ਪ੍ਰਗਟ ਹੋ ਕੇ ਨੁਕਸਾਨ ਕਰਦੀਆਂ ਹਨ, ਨਹੀਂ ਤਾਂ ਸ਼ਾਂਤ ਸਮੁੰਦਰ ਦੇ ਹੇਠਾਂ ਹੋ ਰਹੀ ਹਲਚਲ ਬਾਰੇ ਆਮ ਵਿਅਕਤੀ ਨੂੰ ਪਤਾ ਨਹੀਂ ਚੱਲਦਾ। ਹੁਣ ਆਈਆਂ ਸੁਨਾਮੀ ਲਹਿਰਾਂ ਦੀ ਉਚਾਈ, ਤਲ ਤੋਂ 30 ਤੋਂ 35 ਮੀਟਰ ਤੇ ਸਪੀਡ 500 ਕਿਲੋਮੀਟਰ ਪ੍ਰਤੀ ਘੰਟੇ ਦੀ ਮਾਪੀ ਗਈ। ਇਸ ਤਰ੍ਹਾਂ ਸੁਨਾਮੀ ਲਹਿਰਾਂ ਪਾਣੀ ਦੀ ਵੱਡੀ ਕੰਧ ਵਾਂਗ ਅੱਗੇ ਵੱਲ ਨੂੰ ਤੇਜ਼ੀ ਨਾਲ ਵਧਦੀਆਂ ਹੋਈਆਂ, ਜੋ ਵੀ ਇਨ੍ਹਾਂ ਦੀ ਲਪੇਟ ਵਿਚ ਆਇਆ ਉਸ ਦਾ ਮਲੀਆਮੇਟ ਕਰ ਦਿੰਦੀਆਂ ਹਨ। ਇਹ ਲਹਿਰਾਂ 10 ਤੋਂ 45 ਮਿੰਟ ਦੇ ਵਕਫ਼ੇ ਪਿੱਛੋਂ ਆਪਣੇ-ਆਪ ਨੂੰ ਦੁਹਰਾ ਸਕਦੀਆਂ ਹਨ। ਇਸ ਤਰ੍ਹਾਂ ਸੁਨਾਮੀ ਲਹਿਰਾਂ ਦਾ ਕਹਿਰ ਕਈ ਘੰਟਿਆਂ ਤਕ ਜਾਰੀ ਰਹਿ ਸਕਦਾ ਹੈ।

'ਇੰਡੀਅਨ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ' ਦੇ ਚੇਅਰਮੈਨ ਦਾ ਕਹਿਣਾ ਬਿਲਕੁਲ ਠੀਕ ਹੈ ਕਿ "ਅਤਿ ਆਧੁਨਿਕ ਤਕਨੀਕ ਦੇ ਬਾਵਜੂਦ ਵੀ ਸੁਨਾਮੀ ਬਾਰੇ ਪੂਰੀ ਤਰ੍ਹਾਂ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ।" ਡਾ. ਨਾਰ ਦਾ ਕਹਿਣਾ ਸੀ ਕਿ "ਇਸ ਸਮੇਂ ਤਾਂ ਸੁਨਾਮੀ ਲਹਿਰਾਂ ਨਾਲ ਹੋਏ ਨੁਕਸਾਨ ਦਾ ਅੰਦਾਜ਼ਾ ਹੀ ਲਗਾ ਸਕਦੇ ਹਾਂ ਅਤੇ ਇਸ ਦੀ ਭਰਪਾਈ ਵਾਸਤੇ ਸਾਨੂੰ ਕੁਝ ਕਦਮ ਚੁੱਕਣੇ ਚਾਹੀਦੇ ਹਨ।"

ਸੁਨਾਮੀ ਨਾਲ ਹੋਏ ਜਾਨੀ-ਮਾਲੀ ਨੁਕਸਾਨ ਬਾਰੇ ਸਹੀ-ਸਹੀ ਦੱਸਣਾ ਅਸੰਭਵ ਹੈ। 'ਬਰਬਾਦੀ' ਸ਼ਬਦ ਵੀ ਬਹੁਤ ਛੋਟਾ ਜਿਹਾ ਪ੍ਰਤੀਤ ਹੁੰਦਾ ਹੈ। ਅੰਡੇਮਾਨ ਜੈਟੀ, ਜੰਗਲੀ ਘਾਟ ਜੈਟੀ, ਬੰਬੂ ਫਲਾਟ, ਛੋਲਦਾਰੀ, ਸ਼ਹਿਰ ਦੀਆਂ ਇਮਾਰਤਾਂ, ਸਮੁੰਦਰੀ ਕਿਨਾਰਿਆਂ, ਟੁੱਟੇ ਹੋਏ ਸਮੁੰਦਰੀ ਜਹਾਜ਼ਾਂ, ਬੇੜੀਆਂ, ਸੜਕਾਂ, ਦੁਕਾਨਾਂ ਤੇ ਪਾਣੀ ਦੀ ਬਦਬੂ ਸੁਨਾਮੀ ਦੇ ਕਹਿਰ ਨੂੰ ਤਾਜ਼ਾ ਕਰ ਰਹੀਆਂ ਸਨ। ਸਮੁੰਦਰੀ ਕਿਨਾਰਿਆਂ 'ਤੇ ਜਿਨ੍ਹਾਂ ਥਾਵਾਂ 'ਤੇ ਸਮੁੰਦਰੀ ਜਹਾਜ਼ ਲੱਗਦੇ ਹਨ, ਲੰਗਰ ਬੰਨ੍ਹੇ ਜਾਂਦੇ ਹਨ, ਉਨ੍ਹਾਂ ਨੂੰ 'ਜੈਟੀ' ਕਿਹਾ ਜਾਂਦਾ ਹੈ। 'ਜੈਟੀ' ਬਹੁਤ ਹੀ ਮਜ਼ਬੂਤ ਬਣਾਈਆਂ ਜਾਂਦੀਆਂ ਹਨ। ਪਰ ਭੂਚਾਲ ਤੇ ਸੁਨਾਮੀ ਲਹਿਰਾਂ ਕਾਰਨ ਬਹੁਤ ਸਾਰੀਆਂ ਜੈਟੀਆਂ ਬੁਰੀ ਤਰ੍ਹਾਂ ਤਬਾਹ

ਤੇ ਅਲੋਪ ਹੋ ਚੁੱਕੀਆਂ ਸਨ। ਪੋਰਟ ਬਲੇਅਰ ਦੀਆਂ ਪ੍ਰਸਿੱਧ ਸਮੁੰਦਰੀ ਸੈਰਗਾਹਾਂ ਵਿਰਾਨ ਤੇ ਸੁੰਨਸਾਨ ਸਨ। ਅਸਲ ਵਿਚ ਲੋਕ ਸੁਨਾਮੀ ਕਾਰਨ ਏਨੇ ਭੈਅ-ਭੀਤ ਹੋ ਗਏ ਸਨ ਕਿ ਸਮੁੰਦਰੀ ਪਾਣੀਆਂ 'ਚ ਇਕਮਿਕ ਹੋਏ ਮਛੇਰੇ ਤੇ ਸੈਰਗਾਹਾਂ 'ਤੇ ਕਲੋਲਾਂ ਕਰਨ ਵਾਲੇ ਲੋਕ ਹੁਣ ਸਮੁੰਦਰੀ ਪਾਣੀ ਵੱਲ ਵੇਖਣ ਤੋਂ ਵੀ ਘਬਰਾਉਂਦੇ ਹਨ। ਸਮਾਂ ਹੀ ਇਨ੍ਹਾਂ ਦੇ ਡੂੰਘੇ ਜ਼ਖ਼ਮਾਂ ਨੂੰ ਭਰ ਸਕੇਗਾ।

8 ਜਨਵਰੀ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸੁਨਾਮੀ-ਪੀੜਿਤ ਇਲਾਕੇ ਦੇ ਸਰਵੇਖਣ ਵਾਸਤੇ ਗਏ ਤਾਂ ਉਨ੍ਹਾਂ ਕਿਹਾ ਕਿ ਲੋਕਾਂ ਦੇ ਚਿਹਰਿਆਂ ਤੋਂ ਉਦਾਸੀ ਤੇ ਨਿਰਾਸਤਾ ਪੜ੍ਹੀ ਜਾ ਸਕਦੀ ਹੈ। ਪ੍ਰਧਾਨ ਮੰਤਰੀ ਨੇ ਪ੍ਰਭਾਵਿਤ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਹਰ ਪ੍ਰਭਾਵਿਤ ਪਰਿਵਾਰ ਦੇ ਇਕ ਮੈਂਬਰ ਨੂੰ ਕੇਂਦਰ ਸਰਕਾਰ ਨੌਕਰੀ ਤੇ ਪੜ੍ਹਾਈ ਦਾ ਖ਼ਰਚ ਤੇ ਰਹਿਣ ਵਾਸਤੇ ਮਕਾਨ ਦਾ ਪ੍ਰਬੰਧ ਕਰਕੇ ਦੇਵੇਗੀ। ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਪ੍ਰਧਾਨ ਮੰਤਰੀ ਨੇ ਤਿੰਨ-ਨੁਕਾਤੀ ਪ੍ਰੋਗਰਾਮ ਵੀ ਦਿੱਤਾ ਕਿ :

1. ਨੌਵੀਂ ਤੇ ਦਸਵੀਂ ਜਮਾਤ ਦੇ ਪੇਪਰ ਲੇਟ ਕੀਤੇ ਜਾਣਗੇ।
2. 'ਪਵਨ ਹੰਸ' ਦੀਆਂ ਉਡਾਣਾਂ ਵਧਾਈਆਂ ਜਾਣਗੀਆਂ।
3. ਸੰਪਰਕ ਵਾਸਤੇ ਮੋਬਾਈਲ ਫ਼ੋਨ ਦੀ ਸਹੂਲਤ ਦਿੱਤੀ ਜਾਵੇਗੀ।

ਇਹ ਖ਼ਬਰ 9 ਜਨਵਰੀ ਦੀ *ਟੈਲੀਗ੍ਰਾਫ਼* ਅਖ਼ਬਾਰ ਵਿਚ ਛਪੀ ਸੀ ਪਰ ਇਨ੍ਹਾਂ ਸਤਰਾਂ ਦੇ ਲੇਖਕ ਨੇ 24 ਜਨਵਰੀ ਤਕ ਉਥੇ ਰਹਿ ਕੇ ਦੇਖਿਆ ਕਿ 'ਪਵਨ ਹੰਸ' ਦੀਆਂ ਉਡਾਣਾਂ ਵੀ ਪਹਿਲਾਂ ਦੀ ਤਰ੍ਹਾਂ ਹਫ਼ਤੇ ਵਿਚ ਦੋ ਵਾਰੀ ਹੀ ਸਨ ਤੇ ਫ਼ੋਨ ਸਰਵਿਸ ਦੀ ਹਾਲਤ ਵੀ ਤਰਸਯੋਗ ਸੀ। ਕੇਵਲ 'ਭਾਰਤ ਸੰਚਾਰ ਨਿਗਮ' ਦੀ ਫ਼ੋਨ ਸੇਵਾ ਹੀ ਚਾਲੂ ਸੀ, ਬਾਕੀ ਕੋਈ ਮੋਬਾਈਲ ਸੇਵਾ ਉਥੇ ਪ੍ਰਾਪਤ ਨਹੀਂ ਸੀ।

ਅੰਡੇਮਾਨ-ਨਿਕੋਬਾਰ ਤੇ ਹੋਰ ਦੀਪ ਸਮੂਹਾਂ ਨੂੰ ਵਿਕਸਤ ਜਾਂ ਅਬਾਦ ਕਰਨ ਵਾਸਤੇ ਕੇਂਦਰ ਸਰਕਾਰ ਨੇ 1969 ਈ. ਵਿਚ ਭਾਰਤ ਭਰ 'ਚੋਂ ਸਾਬਕਾ ਫ਼ੌਜੀਆਂ ਨੂੰ ਇਥੇ ਰਹਿਣ ਵਾਸਤੇ ਸਰਕਾਰ ਨੇ ਪੰਜ ਸਾਲ ਭਰਪੂਰ ਸਹੂਲਤਾਂ ਪ੍ਰਦਾਨ ਕੀਤੀਆਂ ਤਾਂ ਕਿ ਲੋਕ ਇਥੇ ਪੱਕੇ ਤੌਰ 'ਤੇ ਵੱਸ ਜਾਣ। ਇਸ ਸਮੇਂ ਹੀ ਸਰਕਾਰ ਨੇ ਕੈਂਪਬੈਲ ਬੇਅ ਟਾਪੂ ਨੂੰ ਆਬਾਦ ਕੀਤਾ, ਭਾਵੇਂ ਇਨ੍ਹਾਂ ਟਾਪੂਆਂ 'ਤੇ ਆਦਿ-ਵਾਸੀ ਜੰਗਲੀ ਰੂਪ 'ਚ ਪਹਿਲਾਂ ਹੀ ਵੱਸਦੇ ਸਨ, ਪਰ ਉਨ੍ਹਾਂ ਦਾ ਰਹਿਣ-ਸਹਿਣ ਜੰਗਲੀ ਹੀ ਸੀ। ਇਨ੍ਹਾਂ ਵਿੱਚੋਂ ਓਜੰਗ, ਜਰਾਵਾਂ, ਸੈਂਟੇਨੀਅਲ ਅੰਡੇਮਾਨੀ, ਸੈਂਪਨ, ਨਿਕੋਬਾਰੀ ਸੈਂਪਨ ਆਦਿ ਆਦਿਵਾਸੀ ਕੁਝ ਗਿਣਤੀ ਵਿਚ ਇਨ੍ਹਾਂ ਦੀਪਾਂ ਦੇ ਬਾਸ਼ਿੰਦੇ ਹਨ।

1969 ਦੀ ਸੈਟਲਮੈਂਟ ਸਮੇਂ ਕੇਂਦਰ ਸਰਕਾਰ ਨੇ ਪੰਜਾਬ ਦੇ ਲੁਧਿਆਣਾ, ਹੁਸ਼ਿਆਰਪੁਰ, ਰੋਪੜ, ਜਲੰਧਰ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚੋਂ ਲਗਭਗ 20-20 ਸਾਬਕਾ ਫ਼ੌਜੀਆਂ ਦੇ ਕੁੱਲ 100 ਪਰਿਵਾਰਾਂ ਨੂੰ ਕੈਂਪਬੈਲ ਬੇਅ ਵਸਾਇਆ। ਹਰੇਕ ਪਰਿਵਾਰ ਨੂੰ 14.5 ਏਕੜ ਜ਼ਮੀਨ ਆਬਾਦ ਕਰਨ ਵਾਸਤੇ ਦਿੱਤੀ ਗਈ। ਫ਼ੌਜੀ ਸੁਭਾਅ ਕਰਕੇ ਮਿਹਨਤੀ ਤੇ ਸਿਰੜੀ ਹੁੰਦੇ ਹਨ ਤੇ ਖ਼ਾਸ ਕਰਕੇ ਸਿੱਖ ਇਸ ਕੰਮ ਵਿਚ ਬਹੁਤ ਸਫਲ ਹੋਏ। ਇਨ੍ਹਾਂ ਸਾਬਕਾ ਫ਼ੌਜੀਆਂ ਨੇ ਬੇਸ਼ੁਮਾਰ ਮੁਸ਼ਕਲਾਂ ਦਾ ਸਾਹਮਣਾ ਕਰ ਕੇ

ਕੈਂਪਬੈਲ ਬੇਅ ਨੂੰ ਸੋਨਾ ਪੈਦਾ ਕਰਨ ਦੇ ਯੋਗ ਬਣਾ ਦਿੱਤਾ। ਧਰਤੀ ਬਹੁਤ ਹੀ ਉਪਜਾਊ ਸਾਬਤ ਹੋਈ। ਕਿਸਾਨਾਂ ਨੇ ਇਥੇ ਨਾਰੀਅਲ, ਸੁਪਾਰੀ, ਲੌਂਗ ਤੇ ਦਾਲਚੀਨੀ ਭਰਪੂਰ ਮਿਕਦਾਰ ਵਿਚ ਪੈਦਾ ਕੀਤੀ। ਨਾਰੀਅਲ ਤੇ ਸੁਪਾਰੀ ਪੈਦਾ ਕਰ ਕੇ ਕਿਸਾਨ ਕੁਝ ਸਾਲਾਂ ਵਿਚ ਬਹੁਤ ਖ਼ੁਸ਼ਹਾਲ ਹੋ ਗਏ। ਨਾਰੀਅਲ ਤੇ ਸੁਪਾਰੀ ਦੀ ਫ਼ਸਲ ਪੰਜ ਸਾਲ ਬਾਅਦ ਪੈਦਾਵਾਰ ਦੇਣੀ ਸ਼ੁਰੂ ਕਰ ਦਿੰਦੀ ਹੈ। ਨਾਰੀਅਲ ਤਾਂ ਹਰ ਤੀਸਰੇ ਮਹੀਨੇ ਆਪਣੇ ਆਪ ਪੱਕ ਕੇ ਧਰਤੀ 'ਤੇ ਡਿੱਗਣਾ ਸ਼ੁਰੂ ਹੋ ਜਾਂਦਾ ਹੈ। ਬਸ ਫਿਰ ਕਿਸਾਨਾਂ ਨੂੰ ਇਨ੍ਹਾਂ ਨੂੰ ਇਕੱਤਰ ਕਰ ਕੇ ਵੇਚਣਾ ਹੀ ਪੈਂਦਾ ਹੈ। ਇਸ ਤਰ੍ਹਾਂ ਹੀ ਸੁਪਾਰੀ ਦੀ ਖੇਤੀ ਵੀ ਬਹੁਤ ਲਾਭਕਾਰੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਹਰੇਕ ਕਿਸਾਨ ਹਰ ਤਿੰਨ ਮਹੀਨੇ ਬਾਅਦ ਪੰਜਾਹ ਹਜ਼ਾਰ ਤੋਂ ਤਿੰਨ ਲੱਖ ਰੁਪਏ ਤਕ ਆਮਦਨੀ ਪ੍ਰਾਪਤ ਕਰ ਲੈਂਦਾ ਸੀ। ਇਸ ਕਰਕੇ ਕੈਂਪਬੈਲ ਬੇਅ ਵੱਸਣ ਵਾਲੇ ਆਮ ਕਿਸਾਨ ਲੱਖਪਤੀ ਸਨ।

ਦੂਸਰਾ ਸਰਕਾਰ ਨੇ ਇਨ੍ਹਾਂ ਲੋਕਾਂ ਨੂੰ ਸੈਟਲ ਕਰਨ ਵਾਸਤੇ ਕੁਝ ਹੋਰ ਸਹੂਲਤਾਂ ਵੀ ਦਿੱਤੀਆਂ ਸਨ, ਜਿਵੇਂ ਕਿ ਹਰੇਕ ਪਰਿਵਾਰ 'ਚੋਂ ਇਕ ਮੈਂਬਰ ਸਰਕਾਰੀ ਨੌਕਰੀ ਵਿਚ ਹੈ। ਬੱਸ ਡਰਾਈਵਰ, ਅਧਿਆਪਕ, ਪੁਲਿਸ ਵਿਭਾਗ, ਨੇਵੀ, ਏਅਰ ਫ਼ੋਰਸ ਵਿਚ ਆਮ ਹੀ ਸਿੱਖ ਸੇਵਾ ਕਰਦੇ ਮਿਲਦੇ ਹਨ। ਪਰਿਵਾਰ ਸਾਰੇ ਬਹੁਤ ਹੀ ਖ਼ੁਸ਼ਹਾਲ ਸਨ, ਪਰ ਸੁਨਾਮੀ ਨੇ ਇਨ੍ਹਾਂ ਨੂੰ ਬੁਰੀ ਤਰ੍ਹਾਂ ਬਰਬਾਦ ਕਰ ਦਿੱਤਾ।

1969 ਵਿਚ ਕੈਂਪਬੈਲ ਬੇਅ ਵੱਸੇ 100 ਪਰਿਵਾਰਾਂ 'ਚੋਂ ਕੁਝ ਪਰਿਵਾਰ ਸਮੇਂ ਦੀਆਂ ਦੁਸ਼ਵਾਰੀਆਂ ਕਰਕੇ ਵਾਪਸ ਪੰਜਾਬ ਆ ਗਏ ਤੇ ਕੁਝ ਪਰਿਵਾਰ ਮੱਛਰਾਂ ਦੀ ਭਰਮਾਰ ਕਰਕੇ ਮਲੇਰੀਆ ਫੈਲਣ ਕਰਕੇ ਗੁਰੂ ਨੂੰ ਪਿਆਰੇ ਹੋ ਗਏ। ਸਾਡੇ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਅਨੁਸਾਰ ਇਸ ਸਮੇਂ ਕੁੱਲ 67 ਸਾਬਕਾ ਸਿੱਖ ਫ਼ੌਜੀਆਂ ਦੇ ਪਰਿਵਾਰ ਹਨ ਜਿਨ੍ਹਾਂ ਵਿਚ ਸਾਬਕਾ ਫ਼ੌਜੀ ਗੁਰੂ-ਕਿਰਪਾ ਸਦਕਾ ਜੀਵਿਤ ਹਨ। ਇਨ੍ਹਾਂ ਦੇ ਬੱਚੇ-ਬੱਚੀਆਂ ਦੇ ਵਿਆਹ ਹੋਣ ਕਰਕੇ ਹੁਣ ਛੋਟੇ-ਵੱਡੇ ਪਰਿਵਾਰਾਂ ਦੀ ਗਿਣਤੀ 208 ਦੇ ਕਰੀਬ ਹੈ। ਕੈਂਪਬੈਲ ਬੇਅ ਦੇ ਸਮੁੰਦਰੀ ਕਿਨਾਰੇ ਜਿਸ ਨੂੰ ਜ਼ੀਰੋ (0) ਪੁਆਇੰਟ ਕਿਹਾ ਜਾਂਦਾ ਹੈ, ਤੋਂ ਲੈ ਕੇ 54 ਕਿਲੋਮੀਟਰ ਤਕ ਸਿੱਖ ਆਬਾਦੀ ਸੀ। ਜ਼ੀਰੋ ਪੁਆਇੰਟ ਤੋਂ 13 ਕਿਲੋਮੀਟਰ 'ਤੇ ਦੋ ਗੁਰਦੁਆਰੇ ਇਨ੍ਹਾਂ ਪਰਿਵਾਰਾਂ ਨੇ ਬਣਾਏ ਹੋਏ ਸਨ। ਸੁਨਾਮੀ ਕਾਰਨ ਇਨ੍ਹਾਂ ਗੁਰੂ-ਘਰਾਂ ਦਾ ਵੀ ਨੁਕਸਾਨ ਹੋਇਆ। ਖੇਤੀਯੋਗ ਜ਼ਮੀਨ 'ਤੇ ਸਮੁੰਦਰੀ ਪਾਣੀ ਆ ਗਿਆ ਹੈ, ਜਿਸ ਕਰਕੇ ਜ਼ਮੀਨ ਬਰਬਾਦ ਹੋ ਚੁੱਕੀ ਹੈ। ਸਮੁੰਦਰੀ ਪਾਣੀ ਕਾਰਨ ਹੁਣ ਕੁਝ ਸਾਲ ਇਥੇ ਕੋਈ ਫ਼ਸਲ ਨਹੀਂ ਹੋ ਸਕਦੀ। ਇਹ ਸਮੁੱਚੀ ਆਬਾਦੀ ਸਮੁੰਦਰ ਦੇ ਕਿਨਾਰੇ-ਕਿਨਾਰੇ ਵੱਸੀ ਹੋਣ ਕਾਰਨ ਬਹੁਤ ਭਿਆਨਕ ਨੁਕਸਾਨ ਹੋਇਆ ਹੈ। ਘਰ ਬਾਜ਼ਾਰ ਸਮੁੰਦਰੀ ਪਾਣੀ ਆਪਣੇ ਨਾਲ ਬਹਾ ਕੇ ਲੈ ਗਿਆ, ਇਸ ਟਾਪੂ 'ਤੇ ਜਿਵੇਂ ਸਮੁੰਦਰ ਨੇ ਝਾੜੂ ਮਾਰ ਦਿੱਤਾ ਹੋਵੇ। ਲੱਖਾਂਪਤੀ ਲੋਕ ਹੁਣ ਕੱਖੋਂ ਹੌਲੇ ਹੋ ਗਏ ਸਨ। ਸੁਨਾਮੀ ਕਾਰਨ ਇਕਦਮ ਕੁੱਲੀ, ਗੁੱਲੀ, ਜੁੱਲੀ ਦੀਆਂ ਮੁੱਢਲੀਆਂ ਲੋੜਾਂ ਤੋਂ ਵੀ ਆਤੁਰ ਹੋ ਗਏ। ਮੌਜਾਂ ਮਾਨਣ ਤੇ ਸੁੱਖਾਂ ਭਰਪੂਰ ਜੀਵਨ ਜੀਉਣ ਵਾਲੇ ਇਹ ਲੋਕ ਹੁਣ ਸਰਕਾਰੀ ਟੈਂਟਾਂ, ਰਾਹਤ ਕੈਂਪਾਂ ਵਿਚ ਰਹਿਣ ਲਈ ਮਜਬੂਰ ਸਨ। ਤਨ,

ਮਨ ਕਰਕੇ ਕੋਈ ਵੀ ਇਥੇ ਵੱਸਣ ਨੂੰ ਤਿਆਰ ਨਹੀਂ। ਸੁਨਾਮੀ ਕਾਰਨ ਨੌਂ (9) ਕੀਮਤੀ ਜਾਨਾਂ ਵੀ ਜਾਂਦੀਆਂ ਰਹੀਆਂ। ਸੁਨਾਮੀ ਕਾਰਨ ਲੋਕ ਏਨੇ ਭੈਅ-ਭੀਤ ਹੋਏ ਹਨ ਕਿ ਕਿੰਨੇ ਹੀ ਸਮੇਂ ਤਕ ਤਾਂ ਉਥੇ ਵੱਸਣ ਨੂੰ ਤਿਆਰ ਨਹੀਂ ਸੀ। ਦੂਸਰਾ, ਦੁਬਾਰਾ ਉਨ੍ਹਾਂ ਨੂੰ ਰੋਜ਼ਾਨਾ ਆ ਰਹੇ ਭੁਚਾਲ ਭੈਅ-ਭੀਤ ਕਰਦੇ ਰਹੇ ਹਨ। 17 ਜਨਵਰੀ ਤਕ 124 ਵਾਰ ਭੁਚਾਲ ਦੇ ਝਟਕੇ ਰੀਕਾਰਡ ਕੀਤੇ ਗਏ।

ਜ਼ੀਰੋ ਪੁਆਇੰਟ ਤੋਂ ਲੈ ਕੇ 8 ਕਿਲੋਮੀਟਰ ਤਕ ਕੈਂਪਬੈਲ ਬੇਅ ਪੂਰੀ ਤਰ੍ਹਾਂ ਤਬਾਹ ਹੋ ਗਿਆ। ਬਾਜ਼ਾਰ ਤੇ ਘਰ ਅਲੋਪ ਹੋ ਗਏ, ਲੋਕ ਆਪਣੇ ਘਰਾਂ ਦੀ ਪਹਿਚਾਣ ਆਪਣੇ ਬਿਖਰੇ ਹੋਏ ਸਾਮਾਨ ਤੇ ਘਰਾਂ ਦੇ ਫ਼ਰਸ਼ਾਂ ਤੋਂ ਕਰਦੇ ਸਨ। ਨਾਰੀਅਲ, ਸੁਪਾਰੀ ਤੇ ਦਾਲਚੀਨੀ ਦੀ ਖੇਤੀ ਨਾਲ ਲਹਿਰਾਉਂਦੀ ਧਰਤੀ ਬਰਬਾਦ ਹੋ ਗਈ। ਸਮੁੰਦਰੀ ਪਾਣੀ ਖੜਾ ਰਹਿਣ ਕਾਰਨ ਇਹ ਜ਼ਮੀਨ ਖੇਤੀਯੋਗ ਨਾ ਰਹੀ। ਕਚਾਲ, ਕਪੋਟਾ, ਤਰਪਾਲ ਤੇ ਕੈਂਪਬਲ 'ਚ ਸਰਕਾਰੀ ਸਹਾਇਤਾ 8 ਦਿਨਾਂ ਬਾਅਦ ਹੀ ਪਹੁੰਚੀ। ਇਨ੍ਹਾਂ ਲੋਕਾਂ ਦਾ ਪੋਰਟ ਬਲੇਅਰ ਨਾਲ ਸੰਪਰਕ ਵੀ ਚੌਥੇ ਦਿਨ ਸਥਾਪਤ ਹੋ ਸਕਿਆ। ਉਹ ਵੀ ਇਕ ਸਰਦਾਰ ਦੇ ਜ਼ਰਖ਼ੇਜ਼ ਦਿਮਾਗ਼ ਸਦਕਾ, ਵੀਡੀਓ ਕਾਨਫ਼ਰੰਸ ਰਾਹੀਂ ਪੋਰਟ ਬਲੇਅਰ ਤੇ ਕੈਂਪਬਲ ਬੇਅ ਦੇ ਪੀੜਿਤ ਲੋਕਾਂ ਨੂੰ ਆਪਸ ਵਿਚ ਮਿਲਾਇਆ।

ਸ. ਦਲਵਿੰਦਰ ਸਿੰਘ ਦੇ ਦੱਸਣ ਅਨੁਸਾਰ ਜ਼ੀਰੋ ਪੁਆਇੰਟ ਤੋਂ ਲੈ ਕੇ 31 ਕਿਲੋਮੀਟਰ ਤਕ ਸਿੱਖ ਆਬਾਦੀ ਸੀ। ਵਿਸ਼ੇਸ਼ ਸਿੱਖ ਵੱਸੋਂ ਜ਼ੀਰੋ ਪੁਆਇੰਟ ਤੋਂ ਲੈ ਕੇ 13 ਕਿਲੋਮੀਟਰ 'ਤੇ ਸੀ। 30 ਕਿਲੋਮੀਟਰ 'ਤੇ ਤਿੰਨ ਪਰਿਵਾਰ ਤੇ 35 ਕਿਲੋਮੀਟਰ 'ਤੇ ਕੇਵਲ ਇਕ ਸਿੱਖ ਪਰਿਵਾਰ ਸੀ। ਪ੍ਰਭਾਵਿਤ ਲੋਕਾਂ ਦਾ ਕਹਿਣਾ ਠੀਕ ਹੈ ਕਿ ਸੁਨਾਮੀ ਲਹਿਰਾਂ ਕਾਰਨ ਨਾ ਸਾਡੇ ਘਰ ਰਹੇ ਤੇ ਨਾ ਹੀ ਖੇਤੀ ਕਾਰੋਬਾਰ। ਬੰਦਰਗਾਹਾਂ, ਸੜਕਾਂ ਸਭ ਬਰਬਾਦ ਹੋ ਚੁੱਕੀਆਂ ਹਨ। ਅਸੀਂ ਜਾਈਏ ਤਾਂ ਕਿਥੇ ? ਇਥੇ ਅਸੀਂ ਰਹਿਣਾ ਨਹੀਂ ਚਾਹੁੰਦੇ ? ਕਿਧਰੇ ਜਾਣ ਨੂੰ ਸਾਡੇ ਪਾਸ ਜਗ੍ਹਾ ਨਹੀਂ ? ਜਿਹੜੀ ਸਾਡੇ ਨਾਲ ਹੋਈ ਹੈ, ਉਹ ਪਰਮਾਤਮਾ ਕਿਸੇ ਵੈਰੀ ਦੁਸ਼ਮਣ ਨਾਲ ਵੀ ਨਾ ਕਰੇ।

ਸ. ਦਲਵਿੰਦਰ ਸਿੰਘ ਨੇ ਦੱਸਿਆ ਕਿ ਕੈਂਪਬੈਲ ਬੇਅ 'ਤੇ ਰਹਿਣ ਵਾਲੇ ਲੋਕਾਂ 'ਤੇ ਇਹ ਦੂਸਰੀ ਵਾਰ ਬਿਪਤਾ ਵਾਪਰੀ ਹੈ। ਪਹਿਲੀ ਵਾਰ 1982 'ਚ ਭੁਚਾਲ ਕਾਰਨ ਅਸੀਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਤੇ ਹੁਣ ਦੂਸਰੀ ਵਾਰ ਭੁਚਾਲ ਤੇ ਸੁਨਾਮੀ ਕਾਰਨ ਬਰਬਾਦ ਹੋ ਚੁੱਕੇ ਹਾਂ। ਕੈਂਪਬੈਲ ਬੇਅ 'ਤੇ ਅਸੀਂ ਬੜੇ ਖ਼ੁਸ਼ਹਾਲ ਸਾਂ। ਅਸੀਂ ਉਥੇ ਦੋ ਗੁਰਦੁਆਰੇ ਬਣਾਏ ਸਨ। ਪੁਰਾਣੇ ਗੁਰਦੁਆਰੇ ਵਾਸਤੇ ਸ਼੍ਰੋਮਣੀ ਕਮੇਟੀ ਨੇ 1976 'ਚ ਇਕ ਲੱਖ ਰੁਪਏ ਦੀ ਸਹਾਇਤਾ ਦਿੱਤੀ ਤੇ ਨਵੇਂ ਗੁਰਦੁਆਰੇ ਦੀ ਇਮਾਰਤ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਇਕ ਲੱਖ ਰੁਪਿਆ ਪ੍ਰਾਪਤ ਹੋਇਆ, ਪਰ ਇਹ ਦੋਵੇਂ ਗੁਰੂ-ਘਰ ਵੀ ਨਵੇਂ ਸਿਰੇ ਤੋਂ ਉਸਾਰਨੇ ਪੈਣਗੇ। ਅਸੀਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਦੇ ਰਿਣੀ ਤੇ ਧੰਨਵਾਦੀ ਹਾਂ, ਜਿਸ ਨੇ ਤੁਹਾਨੂੰ ਸਾਡਾ ਦੁੱਖ ਸੁਣਨ ਵਾਸਤੇ ਭੇਜਿਆ। ਹੁਣ ਅਸੀਂ ਆਪਣੇ ਆਪ ਨੂੰ ਅਨਾਥ ਨਹੀਂ ਸਮਝਦੇ। ਤੁਹਾਡੇ ਆਉਣ ਨਾਲ ਅਸੀਂ ਫਿਰ ਪੰਜਾਬ ਨਾਲ ਜੁੜ ਗਏ ਹਾਂ।

ਕੈਂਪਬੈਲ ਬੇਅ ਦੇ ਏ.ਸੀ. ਨੇ ਜਦ ਦੁਖੀ ਲੋਕਾਂ ਦੀ 6-7 ਦਿਨ ਕੋਈ ਸਾਰ ਨਾ

ਲਈ ਤਾਂ ਲੋਕਾਂ ਨੇ ਮਿਲ ਕੇ ਉਸ ਦੀ ਖ਼ੂਬ ਪਿਟਾਈ ਕੀਤੀ ਤੇ ਉਸ ਨੂੰ ਬਰਬਾਦ ਹੋ ਚੁੱਕਾ ਆਈਲੈਂਡ ਦਿਖਾਇਆ, ਪਰ ਇਸ ਦੇ ਬਿਲਕੁਲ ਉਲਟ ਸ. ਕੁਲਦੀਪ ਸਿੰਘ ਜੋ ਬਿਜਲੀ ਮਹਿਕਮੇ ਵਿਚ ਕੰਮ ਕਰਦਾ ਸੀ, ਨੇ ਦੋ ਰੁੜ੍ਹਦੇ ਬੱਚਿਆਂ ਨੂੰ ਹਿੰਮਤ ਤੇ ਦਲੇਰੀ ਕਰ ਕੇ ਬਚਾ ਲਿਆ। ਤੀਸਰੇ ਬੱਚੇ ਨੂੰ ਬਚਾਉਂਦਾ ਉਹ ਆਪ ਹੀ ਗੁਰੂ ਨੂੰ ਪਿਆਰਾ ਹੋ ਗਿਆ। ਅਜਿਹਾ ਬਹਾਦਰ ਗੁਰਸਿੱਖ ਸਨਮਾਨ ਦਾ ਹੱਕਦਾਰ ਹੈ। ਨੀਲਕੰਠ ਸ਼ਰਮਾ ਜਿਸ ਦੀ ਮਾਤਾ ਉਰਮਲਾ ਦੇਵੀ ਦੀ ਸੁਨਾਮੀ ਕਾਰਨ ਮੌਤ ਹੋ ਗਈ, ਨੇ ਰੋਂਦੇ ਹੋਏ ਦੱਸਿਆ ਕਿ ਸਾਡਾ ਕਾਰੋਬਾਰ ਤੇ ਵਾਪਾਰ ਸਿਖਰਾਂ 'ਤੇ ਸੀ ਤੇ ਅਸੀਂ ਕਰੋੜਪਤੀ ਸਾਂ, ਪਰ ਹੁਣ ਮੰਗਣ ਲਈ ਮਜਬੂਰ ਹਾਂ। ਸਰਕਾਰ ਨੇ ਵੀ ਮਦਦ ਨਹੀਂ ਕੀਤੀ। ਸਾਡੀ ਆਰਾ ਮਿੱਲ ਪੂਰੀ ਤਰ੍ਹਾਂ ਸਮੁੰਦਰ 'ਚ ਰੁੜ੍ਹ ਗਈ। ਸਾਡੇ ਘਰਾਂ ਵਾਲੀ ਥਾਂ 'ਤੇ ਹੁਣ ਸਮੁੰਦਰ ਹੈ। ਕੈਂਪਬੈਲ ਬੇਅ 'ਤੇ ਸੁਨਾਮੀ ਨੇ ਝਾੜੂ ਫੇਰ ਦਿੱਤਾ ਹੈ।

ਡੋਗਰ ਸਿੰਘ ਸਪੁੱਤਰ ਸਵ: ਸ. ਸਰੂਪ ਸਿੰਘ ਦੇ ਨਾਲ ਵੀ ਜੱਗੋਂ ਤੇਰ੍ਹਵੀਂ ਵਾਪਰੀ। ਉਹ ਪਹਿਲਾਂ ਹੀ ਤਿੰਨ ਸਾਲ ਤੋਂ ਲਕਵੇ ਦਾ ਮਰੀਜ਼ ਸੀ। ਲਕਵੇ ਕਰਕੇ ਉਸ ਦਾ ਹੇਠਲਾ ਧੜ ਕਹਿਣੇ ਤੋਂ ਬਾਹਰ ਸੀ ਜਿਸ ਕਰਕੇ ਉਸ ਦੀ ਪਤਨੀ ਆਪਣੇ ਦੋ ਬੱਚਿਆਂ ਨੂੰ ਲੈ ਕੇ ਸੁਨਾਮੀ ਤੋਂ ਪਹਿਲਾਂ ਹੀ ਪੇਕੇ ਘਰ ਪੰਜਾਬ ਆ ਗਈ। ਇਸ ਦੀ ਦੇਖ-ਭਾਲ ਉਸ ਦੀ ਬਿਰਧ ਮਾਤਾ ਤੇ ਜਵਾਨ ਭੈਣ ਕਰਦੀ ਸੀ। ਸੁਨਾਮੀ ਦੀਆਂ ਜ਼ਬਰਦਸਤ ਲਹਿਰਾਂ 'ਚੋਂ ਬਚਣਾ ਵੀ ਇਨ੍ਹਾਂ ਵਾਸਤੇ ਚਮਤਕਾਰ ਸੀ। ਸੁਨਾਮੀ ਲਹਿਰਾਂ ਦੀਆਂ ਬਥੇੜਾਂ ਨਾਲ ਇਨ੍ਹਾਂ ਦੇ ਸਾਰੇ ਪਰਿਵਾਰ ਦੇ ਕੱਪੜੇ ਫਟ ਗਏ। ਨੰਗ-ਧੜੰਗੇ ਇਸ ਪਰਿਵਾਰ ਨੂੰ ਸ. ਪਰਮਜੀਤ ਸਿੰਘ ਨੇ ਹਿੰਮਤ ਕਰ ਕੇ ਬਚਾਇਆ। ਕਿਸੇ ਹੋਰ ਹਮਦਰਦ ਨੇ ਰਹਿਮ ਕਰ ਕੇ ਡੋਗਰ ਸਿੰਘ ਦੀ ਮਾਂ ਤੇ ਭੈਣ ਦੇ ਤਨ ਨੂੰ ਢੱਕਿਆ। ਪੁਰਾਣਾ ਮਰੀਜ਼ ਹੋਣ ਕਰਕੇ ਇਸ ਸਰੀਰ 'ਤੇ ਬੈੱਡ-ਸੋਲ ਹੋ ਚੁੱਕੇ ਸਨ। ਇਹ ਪਰਿਵਾਰ ਨੇਵੀ ਹਸਪਤਾਲ ਪੋਰਟ ਬਲੇਅਰ 'ਚ ਇਲਾਜ ਅਧੀਨ ਰਿਹਾ। ਜਿਸ ਸਮੇਂ ਅਸੀਂ ਡੋਗਰ ਸਿੰਘ ਨੂੰ ਹਸਪਤਾਲ ਮਿਲੇ, ਉਸ ਸਮੇਂ ਉਸ ਦੀ ਮਾਤਾ ਇਸ ਦੇ ਨਾਲ ਸੀ। ਡੋਗਰ ਸਿੰਘ ਦੀ ਇੱਛਾ ਸ਼ਕਤੀ ਬਹੁਤ ਮਜ਼ਬੂਤ ਨਜ਼ਰ ਆਈ। ਉਹ ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿਚ ਸੀ। ਅਸੀਂ ਉਸ ਦੀ ਦਰਦ ਭਰੀ ਕਹਾਣੀ ਸੁਣ ਕੇ ਉਸ ਨੂੰ ਫ਼ੌਰਨ 4000/- ਰੁਪਏ ਨਕਦ ਦਵਾਈਆਂ ਵਾਸਤੇ ਸਹਾਇਤਾ ਦਿੱਤੀ। ਡੋਗਰ ਸਿੰਘ ਦੀ 27 ਸਾਲਾ ਐਮ.ਏ., ਬੀ.ਐਡ. ਭੈਣ ਕਿਸੇ ਰਹਿਮਦਿਲ ਡਾਕਟਰ ਦੇ ਘਰ ਰਹਿ ਰਹੀ ਸੀ। ਕਿਸੇ ਦਾ ਮਾਂ-ਬਾਪ ਨਹੀਂ ਰਿਹਾ ਤੇ ਕਿਸੇ ਦਾ ਭੈਣ ਭਰਾ, ਬਸ ਸਭ ਪਾਸੇ ਉਦਾਸੀ ਤੇ ਨਿਰਾਸ਼ਤਾ ਦੇਖਣ 'ਚ ਆਈ।

20 ਜਨਵਰੀ ਨੂੰ ਅਸੀਂ ਤਿੰਨੇ ਜਣੇ ਤੀਸਰੀ ਵਾਰ ਪ੍ਰੋਫ਼ੈਸਰ ਰਾਮ ਕਾਪਸੇ ਗਵਰਨਰ ਅੰਡੇਮਾਨ-ਨਿਕੋਬਾਰ ਦੇ ਦਫ਼ਤਰ ਮਿਲਣ ਵਾਸਤੇ ਗਏ। ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮੀਂ 6.30 ਵਜੇ ਤਕ ਉਸ ਦੇ ਦਫ਼ਤਰ ਹੀ ਟੱਕਰਾਂ ਮਾਰਦੇ ਰਹੇ। ਪ੍ਰੋ. ਸਾਹਿਬ ਸਾਨੂੰ ਰੋਜ਼ਾਨਾ ਹੀ ਨਵਾਂ ਸਬਜ਼ਬਾਗ਼ ਦਿਖਾਉਂਦੇ ਰਹੇ। ਪਰ ਉਨ੍ਹਾਂ ਦੇ ਏ.ਡੀ.ਸੀ. ਆਰ.ਕੇ. ਸਿੰਘ ਹੁਰਾਂ ਨੇ ਜਿਸ ਦੇ ਪਿਤਾ ਯੂ.ਪੀ. ਦੇ ਤੇ ਮਾਤਾ ਬਿਹਾਰੀ ਸਨ, ਨੇ ਸਾਡੀ ਬਹੁਤ ਸਹਾਇਤਾ ਕੀਤੀ। ਸ਼ਾਇਦ ਉਹ ਇਕ ਵਾਰ ਸ੍ਰੀ ਹਰਿਮੰਦਰ

ਸਾਹਿਬ ਪ੍ਰੋ. ਰਾਮ ਕਾਪਸੇ ਨਾਲ ਆਉਣ ਕਰਕੇ ਸਾਡੇ ਨਾਲ ਹਮਦਰਦੀ ਕਰ ਰਹੇ ਸੀ। ਉਨ੍ਹਾਂ ਨੇ ਸਾਨੂੰ ਤਿੰਨਾਂ ਨੂੰ ਆਪਣੀ ਜੇਬ 'ਚੋਂ ਦੁਪਹਿਰ ਨੂੰ ਪਰਸ਼ਾਦਾ ਵੀ ਛਕਾਇਆ। ਪ੍ਰੋ. ਰਾਮ ਕਾਪਸੇ ਤਾਂ ਮੁੱਖ ਮੰਤਰੀ ਪੰਜਾਬ ਦੇ ਆਉਣ ਕਾਰਨ ਪ੍ਰਬੰਧਾਂ 'ਚ ਮਸਰੂਫ਼ ਸਨ। ਵਾਰ-ਵਾਰ ਕਹਿਣ 'ਤੇ ਸਾਡੇ 'ਚੋਂ ਕੇਵਲ ਦੋ ਨੂੰ 'ਪਵਨ ਹੰਸ' ਹੈਲੀਕਾਪਟਰ 'ਤੇ 21 ਜਨਵਰੀ ਨੂੰ ਕੈਂਪਬੈਲ ਬੇਅ ਜਾਣ ਦੀ ਆਗਿਆ ਮਿਲੀ ਤੇ ਉਹ ਵੀ ਪੂਰੀ ਟਿਕਟ ਦਾ ਭੁਗਤਾਨ ਕਰ ਕੇ। ਮਿਲੀ ਆਗਿਆ ਅਨੁਸਾਰ ਸ. ਜਸਵਿੰਦਰ ਸਿੰਘ ਐਡਵੋਕੇਟ, ਸ. ਰਾਜਿੰਦਰ ਸਿੰਘ ਮਹਿਤਾ ਜਾਣ ਲਈ ਤਿਆਰ ਹੋ ਗਏ। ਮੈਨੂੰ ਰਹਿਣਾ ਹੀ ਪੈਣਾ ਸੀ, ਇਹ ਮਜਬੂਰੀ ਸੀ। 20 ਦੀ ਸ਼ਾਮ ਨੂੰ ਫ਼ੈਸਲਾ ਕੀਤਾ ਕਿ ਸਵੇਰੇ ਜਾਵਾਂਗੇ ਤਾਂ ਤਿੰਨੇ ਹੀ ਨਹੀਂ ਤਾਂ ਕੋਈ ਵੀ ਨਹੀਂ ਜਾਵੇਗਾ। ਮਿਸਟਰ ਆਰ.ਕੇ. ਸਿੰਘ ਨੇ ਵੀ ਕਹਿ ਦਿੱਤਾ ਕਿ ਮੈਂ ਤੁਹਾਨੂੰ 'ਪਵਨ ਹੰਸ' 'ਤੇ ਚੜ੍ਹਾਉਣ ਆਵਾਂਗਾ ਤੇ ਯਤਨ ਕਰਾਂਗਾ ਕਿ ਤੀਸਰੀ ਸੀਟ ਵੀ ਤੁਹਾਨੂੰ ਮਿਲ ਜਾਵੇ। ਇਸ ਤਰ੍ਹਾਂ ਅਸੀਂ ਤਿੰਨੇ ਸਵੇਰੇ 6.00 ਵਜੇ ਤਿਆਰ ਹੋ ਗਏ ਤੇ ਆਰ.ਕੇ. ਸਿੰਘ ਵੱਲੋਂ ਭੇਜੀ ਗੱਡੀ ਸਾਨੂੰ ਹੈਲੀਪੈਡ ਤਕ ਲੈ ਗਈ। ਪਰ ਅਸੀਂ ਤਿੰਨੇ ਜਣੇ ਜਾਣ 'ਚ ਸਫਲ ਨਾ ਹੋ ਸਕੇ। 24 ਜਨਵਰੀ ਨੂੰ ਮੇਰੇ ਸਾਥੀਆਂ ਨੇ ਪੋਰਟ ਬਲੇਅਰ ਵਾਪਸ ਪਹੁੰਚਣਾ ਸੀ। ਇਸ ਕਰਕੇ ਮੇਰੇ ਪਾਸ ਕਾਫ਼ੀ ਸਮਾਂ ਪੋਰਟ ਬਲੇਅਰ ਵੇਖਣ ਵਾਸਤੇ ਸੀ। ਮੈਂ ਇਕ ਦਿਨ ਜੰਗਲੀ ਘਾਟ, ਸਿਪੀ ਘਾਟ ਤੇ ਛੋਲਦਾਰੀ ਘਾਟ ਤਕ ਦਾ ਸਫ਼ਰ ਕਰ ਕੇ ਸਮੇਂ ਦੀ ਸਾਰਥਿਕ ਵਰਤੋਂ ਕਰਨ ਦਾ ਯਤਨ ਕੀਤਾ। ਜੰਗਲੀ ਘਾਟ 'ਤੇ ਰੋਣ-ਹਾਕੇ ਸ. ਜੋਗਿੰਦਰ ਸਿੰਘ ਨੇ ਆਪਣੀ ਟਰੱਕ ਰਿਪੇਅਰ ਦੀ ਵਰਕਸ਼ਾਪ ਦੇ ਬਚੇ ਭਾਗ ਦਿਖਾਏ। ਵਰਕਸ਼ਾਪ ਸਮੁੰਦਰ ਦੇ ਕਿਨਾਰੇ ਹੋਣ ਕਾਰਨ ਸੁਨਾਮੀ ਲਹਿਰਾਂ ਨੇ ਤਹਿਸ-ਨਹਿਸ ਕਰ ਦਿੱਤੀ ਸੀ। ਵਰਕਸ਼ਾਪ ਦਾ ਸਾਰਾ ਸਾਮਾਨ ਖਾਰੇ ਪਾਣੀ ਦੀ ਭੇਟ ਚੜ੍ਹ ਚੁੱਕਾ ਸੀ।

ਛੋਲਦਾਰੀ ਘਾਟ 'ਤੇ ਸ. ਸਰਵਣ ਸਿੰਘ ਦਾ ਇੱਕੋ ਪੰਜਾਬੀ ਸਿੱਖ ਪਰਿਵਾਰ ਰਹਿ ਰਿਹਾ ਸੀ। ਪਰਿਵਾਰ ਪੂਰੀ ਤਰ੍ਹਾਂ ਖ਼ੁਸ਼ਹਾਲ ਸੀ। ਘਰ ਵੀ ਪਹਾੜੀ 'ਤੇ ਹੋਣ ਕਾਰਨ ਭੁਚਾਲ ਤੇ ਸੁਨਾਮੀ ਲਹਿਰਾਂ 'ਤੋਂ ਬਚ ਗਿਆ। ਘਰ ਦੇ ਬਾਹਰ ਖੜ੍ਹਾ ਮਹਿੰਦਰਾ ਟਰੈਕਟਰ ਤੇ ਹੀਰੋ ਹਾਂਡਾ ਮੋਟਰ ਸਾਈਕਲ ਮਜ਼ਬੂਤ ਆਰਥਿਕਤਾ ਨੂੰ ਦਰਸਾ ਰਿਹਾ ਸੀ। ਇਸ ਪਰਿਵਾਰ ਦੇ ਸਾਰੇ ਮਰਦ ਮੈਂਬਰ ਪੜ੍ਹੇ-ਲਿਖੇ ਤੇ ਸਰਕਾਰੀ ਨੌਕਰੀ ਕਰਦੇ ਸਨ।

ਸ. ਸਰਵਣ ਸਿੰਘ ਦੇ ਦਾਦਾ ਜੀ ਨੂੰ ਕਤਲ ਕੇਸ ਵਿਚ ਕਾਲੇਪਾਣੀ ਦੀ ਸਜ਼ਾ ਹੋਈ ਸੀ। ਜੇਲ੍ਹ ਕੱਟਣ ਉਪਰੰਤ ਇਥੇ ਹੀ ਵੱਸ ਗਏ। ਪਰਿਵਾਰ ਨੇ ਮਿਹਨਤ, ਮੁਸ਼ੱਕਤ ਕਰ ਕੇ ਆਪਣੇ ਆਪ ਨੂੰ ਚੰਗਾ ਸਥਾਪਤ ਕੀਤਾ ਹੈ। ਘਰ ਦੇ ਅੰਦਰ ਸ. ਸਰਵਣ ਸਿੰਘ ਦੀਆਂ ਭਾਰਤ ਦੇ ਸਵ: ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਤੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨਾਲ ਖਿੱਚੀਆਂ ਬਲੈਕ ਐਂਡ ਵਾਈਟ ਤਸਵੀਰਾਂ ਉਸ ਦੀ ਰਾਜਨੀਤਕ ਨੇੜਤਾ ਨੂੰ ਪ੍ਰਗਟਾਅ ਰਹੀਆਂ ਸਨ। ਸ. ਸਰਵਣ ਸਿੰਘ ਓਦੋਂ ਗੁਰਦੁਆਰਾ ਡਾ. ਦੀਵਾਨ ਸਿੰਘ ਦਾ ਖ਼ਜ਼ਾਨਚੀ ਵੀ ਸੀ। ਸੁਨਾਮੀ ਲਹਿਰਾਂ ਤੋਂ ਤਾਂ ਇਹ ਪਰਿਵਾਰ ਬਚ ਗਿਆ ਪਰ ਖੇਤੀ ਇਨ੍ਹਾਂ ਦੀ ਵੀ ਬਰਬਾਦ ਹੋ ਗਈ। ਇਕ ਦਿਨ ਕਾਰਬਿਨ ਬੀਚ ਦੇ ਬਰਬਾਦ ਕਿਨਾਰੇ ਦੇਖੇ। ਬੀਚ ਦੇ ਨਾਲ ਜਾਣ ਵਾਲੀ ਸੜਕ ਟੁੱਟ ਚੁੱਕੀ

ਸੀ ਜਿਸ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਸੀ। ਬੀਚ ਦੇ ਇਕ ਕਿਨਾਰੇ 'ਤੇ ਕੱਪੜਿਆਂ ਦਾ ਢੇਰ ਪਿਆ ਹੋਇਆ ਸੀ ਜੋ ਸੁਨਾਮੀ ਦੀ ਕਹਾਣੀ ਨੂੰ ਰੂਪਮਾਨ ਕਰਦਾ ਸੀ। ਪੋਰਟ ਬਲੇਅਰ ਤੋਂ 6 ਕਿਲੋਮੀਟਰ 'ਤੇ ਇਹ ਵਿਸ਼ਵ-ਪ੍ਰਸਿੱਧ ਬੀਚ ਬਿਲਕੁਲ ਸੁੰਨਸਾਨ ਸੀ। ਮੇਰੇ ਸਫ਼ਰ ਦਾ ਸਾਥੀ ਸ. ਚਰਨਜੀਤ ਸਿੰਘ ਗੰਥੀ ਸੀ। ਬੀਚ ਤੋਂ ਵਾਪਸੀ 'ਤੇ ਅਸੀਂ 'ਵਿਗਿਆਨ ਅਜਾਇਬ ਘਰ' ਦੇਖਿਆ, ਜਿਸ ਵਿਚ ਕੇਵਲ ਅਸੀਂ ਹੀ ਦੋ ਜਣੇ ਦਰਸ਼ਕ ਸਾਂ। ਵਾਪਸੀ 'ਤੇ ਪੁਲਿਸ ਗੁਰਦੁਆਰੇ ਦੇ ਦਰਸ਼ਨ ਕੀਤੇ ਤੇ ਵਾਪਸ ਗੁਰਦੁਆਰਾ ਡਾ. ਦੀਵਾਨ ਸਿੰਘ ਆ ਗਏ।

ਬਹੁਤ ਸਾਰੇ ਲੋਕਾਂ ਨੂੰ ਮਿਲਣ 'ਤੇ ਇਹ ਗੱਲ ਪ੍ਰਤੱਖ ਹੋ ਗਈ ਕਿ ਅੰਡੇਮਾਨ ਸਰਕਾਰ ਦਾ ਸਾਰਾ ਜ਼ੋਰ ਆਦਿ-ਵਾਸੀਆਂ ਦੇ ਮੁੜ-ਵਸੇਬੇ 'ਤੇ ਲੱਗ ਰਿਹਾ ਹੈ। ਹਰ ਤਰ੍ਹਾਂ ਦੀ ਸਹਾਇਤਾ ਤੇ ਸਹੂਲਤ ਪਹਿਲਾਂ ਆਦਿ-ਵਾਸੀਆਂ ਖ਼ਾਸ ਕਰਕੇ ਨਿਕੋਬਾਰੀਆਂ ਨੂੰ ਦਿੱਤੀ ਜਾ ਰਹੀ ਸੀ, ਇਸ ਕਰਕੇ ਆਮ ਲੋਕਾਂ 'ਚ ਨਿਰਾਸ਼ਤਾ ਸੀ। ਨਿਕੋਬਾਰੀਆਂ ਦੀ ਅਜਿਹੀ ਤਰਫ਼ਦਾਰੀ ਕੇਵਲ ਰਾਜਨੀਤੀ ਤੋਂ ਪ੍ਰੇਰਿਤ ਸੀ। ਸੁਨਾਮੀ ਪ੍ਰਭਾਵਿਤ ਖੇਤਰਾਂ ਦੀ ਮੇਰੇ ਵੱਲੋਂ ਇਕੱਤਰ ਕੀਤੀ ਗਈ ਜਾਣਕਾਰੀ *ਟੈਲੀਗ੍ਰਾਫ਼* ਅਖ਼ਬਾਰ, ਪ੍ਰਭਾਵਿਤ ਲੋਕਾਂ ਅਤੇ ਅੱਖੀਂ ਦੇਖੇ ਹਾਲਾਤ 'ਤੇ ਆਧਾਰਿਤ ਹੈ। 24 ਜਨਵਰੀ ਦੇ *ਟੈਲੀਗ੍ਰਾਫ਼* ਅਖ਼ਬਾਰ ਦਾ ਇਕ ਪੂਰਾ ਪੰਨਾ ਲਾਪਤਾ ਲੋਕਾਂ ਦੀਆਂ ਤਸਵੀਰਾਂ ਤੇ ਇਸ਼ਤਿਹਾਰਾਂ ਨਾਲ ਭਰਿਆ ਹੋਇਆ ਸੀ। ਲੋਕ ਅਜੇ ਵੀ ਆਸਵੰਦ ਸਨ ਕਿ ਸ਼ਾਇਦ ਸਾਡੇ ਪਿਆਰੇ ਸਾਨੂੰ ਮਿਲ ਜਾਣ। ਇਸ ਕੁਦਰਤੀ ਬਿਪਤਾ ਦੇ ਮਾਰੇ ਦੁਖੀ ਲੋਕਾਂ ਦੀ ਦੁਖਦਾਇਕ ਹਾਲਤ ਦਾ ਜਾਇਜ਼ਾ ਲੈਣ ਮਗਰੋਂ 25 ਜਨਵਰੀ ਨੂੰ ਅਸੀਂ ਤਿੰਨੇ ਵਾਪਸ ਪੰਜਾਬ ਨੂੰ ਚੱਲ ਪਏ ਤੇ 26 ਦੀ ਰਾਤ ਨੂੰ 11 ਵਜੇ ਸ੍ਰੀ ਅੰਮ੍ਰਿਤਸਰ ਪਹੁੰਚ ਗਏ।

ਅਸੀਂ ਵਾਪਸ ਪਹੁੰਚ ਕੇ ਸਰਵੇਖਣ ਰੀਪੋਰਟ ਪ੍ਰਧਾਨ ਸਾਹਿਬ, ਬੀਬੀ ਜਗੀਰ ਕੌਰ ਨੂੰ ਸੌਂਪੀ। ਉਨ੍ਹਾਂ ਸਾਡੀ ਰੀਪੋਰਟ ਆਧਾਰਿਤ ਲਗਭਗ ਇਕ ਕਰੋੜ ਸੱਤ ਲੱਖ ਰੁਪਏ ਰਾਹਤ ਰੂਪ ਵਿਚ ਪੋਰਟ ਬਲੇਅਰ ਜਾ ਕੇ ਵੰਡੇ ਤੇ ਪ੍ਰਤਿਨਿਧ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸਾਡੇ ਦੁਆਰਾ ਕੀਤਾ ਵਾਇਦਾ ਪੂਰਾ ਕੀਤਾ।

ਲੇਹ 'ਚ ਵਾਪਰਿਆ ਦੁਖਾਂਤ ਤੇ ਸਿੱਖ

ਜੰਮੂ-ਕਸ਼ਮੀਰ ਦੇ ਲਦਾਖ ਖੇਤਰ ਲੇਹ 'ਚ 5-6 ਅਗਸਤ, 2010 ਦੀ ਦਰਮਿਆਨੀ ਰਾਤ ਨੂੰ ਥੋੜ੍ਹੇ ਸਮੇਂ 'ਚ ਹੋਈ ਭਿਅੰਕਰ ਬਾਰਸ਼ ਨੂੰ 'ਬੱਦਲ ਫਟਣ' ਦਾ ਨਾਂ ਦਿੱਤਾ ਗਿਆ। ਮੌਸਮ ਵਿਗਿਆਨੀਆਂ ਅਨੁਸਾਰ ਜੇਕਰ ਇਕ ਥਾਂ ਇਕ ਘੰਟੇ 'ਚ 3.5 ਫ਼ੁੱਟ ਵਰਖਾ ਰੀਕਾਰਡ ਕੀਤੀ ਜਾਵੇ ਤਾਂ ਇਸ ਨੂੰ 'ਬੱਦਲ ਫੱਟਣਾ' ਕਹਿੰਦੇ ਹਨ। ਮਿੰਟਾਂ 'ਚ ਹੋਈ ਤਬਾਹੀ ਦੀ ਬਾਰਸ਼ ਠੰਡੇ ਰੇਗਿਸਤਾਨੀ ਪਹਾੜਾਂ ਨੂੰ ਬਰਫ਼ ਨਾਲੋਂ ਵੀ ਜਲਦੀ ਪਿਘਲਾ ਕੇ ਹੱਸਦੀ-ਵੱਸਦੀ ਲੇਹ ਵਸੋਂ ਨੂੰ ਬਹਾਅ ਕੇ ਲੈ ਗਈ। ਲਗਭਗ ਇਕ ਮਹੀਨਾ ਬੀਤਣ ਉਪਰੰਤ ਵੀ ਰਾਜ ਤੇ ਰਾਸ਼ਟਰੀ ਪੱਧਰ ਦੇ ਧਾਰਮਿਕ, ਸਮਾਜਿਕ, ਰਾਜਨੀਤਕ, ਪ੍ਰਸ਼ਾਸਨਿਕ ਅਧਿਕਾਰੀ ਰਾਹਤ ਸਮੱਗਰੀ ਤੇ ਦਿਲੀ ਹਮਦਰਦੀ ਦੀ ਮਲ੍ਹਮ ਲੈ ਕੇ ਹਾਜ਼ਰ ਹੋ ਰਹੇ ਹਨ। ਕਹਿਰ ਦੀ ਰਾਤ ਸਮੇਂ ਵਾਪਰੇ ਵਰਤਾਰੇ ਨੂੰ ਅੱਖੀਂ ਦੇਖ, ਕੰਨੀਂ ਸੁਣ ਕੇ ਵੀ ਮੁਕੰਮਲ ਰੂਪ 'ਚ ਸ਼ਬਦੀ-ਰੂਪ ਦੇਣਾ ਅਸੰਭਵ ਹੈ। ਭਾਰਤ ਸਰਕਾਰ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਪੰਜਾਬ ਦੇ ਉਪ-ਮੁੱਖ ਮੰਤਰੀ, ਸੈਨਾਵਾਂ ਦੇ ਮੁਖੀ, ਸਮਾਜ ਸੇਵੀ ਸੰਸਥਾਵਾਂ ਨਿਰੰਤਰ ਲੇਹ 'ਚ ਵਾਪਰੇ ਦੁਖਾਂਤ ਬਾਰੇ ਜਾਨਣ ਤੇ ਕੁਝ ਕਰਨ ਲਈ ਪਹੁੰਚ ਰਹੀਆਂ ਹਨ। ਮਾਨਵੀ ਕਦਰਾਂ-ਕੀਮਤਾਂ ਨੂੰ ਸਨਮੁਖ ਰੱਖਦਿਆਂ ਅਜਿਹਾ ਕਰਨਾ ਸਦ-ਉਪਯੋਗੀ, ਸਮਾਜਿਕ ਗੁਣਾਂ ਦਾ ਸਦ ਪ੍ਰਗਟਾਅ ਹੈ। ਸਿੱਖਾਂ ਦੀ ਪ੍ਰਤਿਨਿਧ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਵੀ ਹਮੇਸ਼ਾ ਦੀ ਤਰ੍ਹਾਂ ਇਸ ਕੁਦਰਤੀ ਆਫ਼ਤ ਸਮੇਂ ਵੀ ਆਪਣੇ ਫ਼ਰਜ਼ ਨੂੰ ਪਹਿਚਾਣਦੇ ਹੋਏ ਹਮਦਰਦੀ ਤੇ ਰਾਹਤ ਸਮੱਗਰੀ ਅਤੇ ਸੀਮਿਤ ਮਾਲੀ ਸਾਧਨਾਂ 'ਚੋਂ ਬਣਦੀ ਮਾਇਕ ਸਹਾਇਤਾ ਕੀਤੀ ਹੈ। ਮਹਾਂਰਾਸ਼ਟਰ 'ਚ ਆਏ ਭੁਚਾਲ, ਅੰਡੇਮਾਨ-ਨਿਕੋਬਾਰ ਦੀਪ ਸਮੂਹ 'ਤੇ ਆਈ ਸੁਨਾਮੀ ਤੇ ਜੰਮੂ-ਕਸ਼ਮੀਰ ਦੇ ਹੀ ਇਕ ਖੇਤਰ 'ਚ ਆਏ ਭੁਚਾਲ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਸਰਬੱਤ ਦੇ ਭਲੇ ਦੀ ਸੋਚ ਨੂੰ ਸਨਮੁਖ ਰੱਖਦਿਆਂ ਰਾਹਤ ਸਮੱਗਰੀ ਭੇਜੀ ਸੀ। ਪੋਰਟ ਬਲੇਅਰ 'ਚ ਆਈ ਸੁਨਾਮੀ ਤੇ ਲੇਹ 'ਚ ਵਾਪਰੇ ਦੁਖਾਂਤ ਸਮੇਂ ਮੈਨੂੰ ਸੰਸਥਾ ਵੱਲੋਂ ਭੇਜੇ ਵਫ਼ਦ 'ਚ ਸ਼ਾਮਲ ਹੋਣ ਦਾ ਮੌਕਾ ਮਿਲਿਆ, ਜਿਸ ਸਦਕਾ ਵਾਪਰੇ ਕੁਦਰਤੀ ਵਰਤਾਰੇ ਬਾਰੇ ਲਿਖਣ ਦਾ ਯਤਨ ਕੀਤਾ।

ਲੇਹ 'ਚ ਵਾਪਰੇ ਦੁਖਾਂਤ ਬਾਰੇ ਜਾਨਣ ਤੋਂ ਪਹਿਲਾਂ ਲੇਹ ਦੀ ਧਰਾਤਲੀ, ਸਮਾਜਿਕ, ਧਾਰਮਿਕ, ਕੁਦਰਤੀ ਸਥਿਤੀ ਤੋਂ ਸੰਖੇਪ 'ਚ ਜਾਨਣਾ ਜ਼ਰੂਰੀ ਹੈ। ਲੇਹ ਸਮੁੰਦਰੀ ਤਲ ਤੋਂ 11500 ਫ਼ੁੱਟ ਉਚਾਈ ਤੇ ਸ੍ਰੀ ਨਗਰ ਤੋਂ 424 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਕੱਚੇ-ਰੇਤਲੇ ਪਹਾੜ ਤੇ ਕਿਧਰੇ-ਕਿਧਰੇ ਪਥਰੀਲੇ ਪਹਾੜ ਲੇਹ ਸ਼ਹਿਰ

ਦੇ ਚਾਰ-ਚੁਫੇਰੇ ਨਜ਼ਰ ਆਉਂਦੇ ਹਨ। 'ਲੇਹ ਵੈਲੀ' ਦੀ ਹਰਿਆਵਲ ਮਨ ਨੂੰ ਮੋਹ ਲੈਂਦੀ ਹੈ। ਲੇਹ ਅਸਲ 'ਚ ਪੁਰਾਤਨ 'ਗਰੇਟਰ ਲਦਾਖ' ਦਾ ਇਕ ਹਿੱਸਾ ਹੈ। ਦਸਵੀਂ ਸਦੀ ਤੀਕ ਲਦਾਖ ਇਕ ਆਜ਼ਾਦ ਮੁਲਕ ਵਜੋਂ ਜਾਣਿਆ ਜਾਂਦਾ ਸੀ।

ਲੇਹ ਦੇਸ਼ ਦਾ 45110 ਵਰਗ ਕਿਲੋਮੀਟਰ ਖੇਤਰ ਵਾਲਾ ਅਤਿ ਠੰਡਾ ਤੇ ਵਿਸ਼ਵ ਵਿਚ ਸਭ ਤੋਂ ਵੱਧ ਉਚਾਈ 'ਤੇ ਵੱਸਿਆ 112 ਪਿੰਡਾਂ ਤੇ ਇਕ ਨਾਂ-ਮਾਤਰ ਦੀ ਵੱਸੋਂ ਵਾਲੇ ਪਿੰਡਾਂ ਦਾ ਸਮੂਹ ਹੈ, ਜਿਸ ਦੀ 87.25% ਆਬਾਦੀ ਛੋਟੇ-ਛੋਟੇ ਪਹਾੜੀ ਪਿੰਡਾਂ 'ਚ ਵੱਸਦੀ ਹੈ। ਧਾਰਮਿਕ ਤੌਰ 'ਤੇ ਲੇਹ ਬਹੁਗਿਣਤੀ ਬੋਧੀ ਵੱਸੋਂ ਵਾਲਾ ਜ਼ਿਲ੍ਹਾ ਹੈ। ਕਿਰਤ ਦਾ ਮੁੱਖ ਸਾਧਨ ਖੇਤੀਬਾੜੀ ਤੇ ਖੇਤ ਮਜ਼ਦੂਰੀ ਹੈ। ਘਰੇਲੂ ਉਦਯੋਗ ਨਾਂ-ਮਾਤਰ ਹੀ ਹੈ। ਧਰਮ ਮੰਦਰ ਵੀ ਆਬਾਦੀ ਵਾਂਗ ਹੀ ਜ਼ਿਆਦਾ ਬੁੱਧ ਧਰਮ ਦੀ ਪ੍ਰਤਿਨਿਧਤਾ ਕਰਦੇ ਬੁੱਧ ਗੌਂਪੇ, ਬੁੱਧ ਸ਼ਾਂਤੀ ਸਤੂਪ, ਸ਼ੀਆ-ਸੁੰਨੀ ਮਸਜਿਦਾਂ, ਮੰਦਰ ਅਤੇ ਗੁਰਦੁਆਰੇ ਹਨ। ਲੇਹ ਦੀ 1,17636 ਵੱਸੋਂ 113 ਪਿੰਡਾਂ, ਇਕ ਤਹਿਸੀਲ ਛੇ ਬਲਾਕ, ਛੇ ਵੱਖ-ਵੱਖ ਧਰਮਾਂ ਦੀ ਪ੍ਰਤਿਨਿਧ ਕਰਦੀ ਹੈ। 81.18% ਬੋਧੀ, 15.32% ਮੁਸਲਿਮ, 2.99% ਹਿੰਦੂ, 0.23% ਈਸਾਈ, 0.099% ਸਿੱਖ, 0.01% ਹੋਰਾਂ ਦੀ ਆਬਾਦੀ ਹੈ। ਲੇਹ ਸ਼ਹਿਰ ਤੋਂ ਇਲਾਵਾ ਇਕ ਹੋਰ ਕਸਬਾ ਹੈ। 98 ਪਿੰਡਾਂ 'ਚ ਬਿਜਲੀ, 112 ਪਿੰਡਾਂ 'ਚ ਪੀਣ-ਯੋਗ ਪਾਣੀ ਦੀ ਸਹੂਲਤ ਹੈ। ਖੇਤਰੀ ਖਾਣਾ ਜੌਆਂ ਤੋਂ ਤਿਆਰ ਸੱਤੂ ਤੇ ਪੀਣ ਵਾਸਤੇ ਗੁਰਗੁਰ ਚਾਹ (GurGur Tea)। ਲੇਹ ਦੁਖਾਂਤ ਤੋਂ ਪਹਿਲਾਂ ਲੇਦਾਖੀ ਲੋਕ ਸੁਖ-ਸ਼ਾਂਤੀ ਨਾਲ ਵੱਸਦੇ ਸਨ। ਸਿੰਧ ਦਰਿਆ ਦੇ ਕੰਢੇ 'ਤੇ ਆਬਾਦ ਆਬਾਦੀ ਖ਼ੁਸ਼ਹਾਲ ਸੀ - ਕਾਰਨ ਕਾਰੋਬਾਰ-ਵਾਪਾਰ ਤੇ ਖੇਤੀ ਠੀਕ ਸੀ, ਹਰ ਪ੍ਰਕਾਰ ਦੀ ਸਬਜ਼ੀ ਤੇ ਕਣਕ ਦੀ ਪੈਦਾਵਾਰ ਵਧੀਆ ਹੁੰਦੀ ਹੈ। ਸੇਬ ਤੇ ਖੁਰਮਾਨੀ ਫਲ ਪੈਦਾ ਹੁੰਦੇ ਹਨ। ਹਰ ਘਰ ਵਿੱਚੋਂ ਕੁਝ ਮੈਂਬਰ ਨੌਕਰੀ-ਪੇਸ਼ਾ, ਠੇਕੇਦਾਰੀ, ਘਰ-ਵਾਪਾਰ ਦਾ ਕਾਰੋਬਾਰ ਕਰਦੇ ਹਨ। ਸੈਲਾਨੀ ਸਥਾਨ ਹੋਣ ਕਾਰਨ 'ਗੈਸਟ ਹਾਊਸ' ਬਹੁਤ ਹਨ।

ਬੋਧੀ ਵੀ ਜ਼ਿਆਦਾਤਰ ਤਿੱਬਤੀ ਖੇਤਰ ਤੇ ਸਭਿਆਚਾਰ ਨਾਲ ਸੰਬੰਧਿਤ ਹਨ, ਭਾਵੇਂ ਕਿ ਬੁੱਧ ਮਤ ਲਦਾਖ ਦੇ ਰਸਤੇ ਤਿੱਬਤ ਵਿਚ ਪ੍ਰਵੇਸ਼ ਹੋਇਆ ਸੀ। ਲਦਾਖ ਖੇਤਰ 'ਚ ਇਸਲਾਮ ਦੇ ਪਹੁੰਚਣ ਤੋਂ ਪਹਿਲਾਂ ਬੁੱਧ ਧਰਮ ਆਪਣਾ ਪੂਰਨ ਪ੍ਰਭਾਵ ਬਣਾ ਚੁੱਕਾ ਸੀ। ਪਰ ਲਦਾਖ ਖੇਤਰ ਦੇ ਜ਼ਿਆਦਾ ਹਿੱਸੇ 'ਤੇ ਹੁਣ ਅਣ-ਅਧਿਕਾਰਤ ਤੌਰ 'ਤੇ ਚੀਨ ਤੇ ਪਾਕਿਸਤਾਨ ਦਾ ਕਬਜ਼ਾ ਹੈ। ਪਾਕਿਸਤਾਨ ਤੇ ਚੀਨ ਪਾਸ ਕ੍ਰਮਵਾਰ 78114 ਵਰਗ ਕਿਲੋਮੀਟਰ ਤੇ 37583 ਵਰਗ ਕਿਲੋਮੀਟਰ ਦਾ ਖੇਤਰ ਹੈ। ਪਾਕਿਸਤਾਨ ਨੇ ਤਾਂ 5180 ਵਰਗ ਕਿਲੋਮੀਟਰ ਖੇਤਰ ਚੀਨ ਨੂੰ ਤੋਹਫ਼ੇ 'ਚ ਭੇਟ ਕਰ ਦਿੱਤਾ ਹੈ। ਮੌਜੂਦਾ ਸਮੇਂ ਲਦਾਖ ਖੇਤਰ 'ਚ ਕਾਰਗਿਲ ਤੇ ਲੇਹ ਦੋ ਜ਼ਿਲ੍ਹੇ ਹਨ।

ਲੇਹ ਤੋਂ 200 ਕਿਲੋਮੀਟਰ ਦੂਰ ਚੰਮਥਾਮ ਇਲਾਕਾ ਹੈ, ਜਿਥੇ ਬੇਸ਼ੁਮਾਰ ਕੀਮਤੀ ਪਸ਼ਮੀਨਾ ਬਣਦਾ ਹੈ। ਇਕ ਜਾਨਵਰ ਜਿਸ ਨੂੰ ਤਿੱਬਤ 'ਚ ਚੀਰੂ (Chiru) ਕਹਿੰਦੇ ਹਨ, ਦੀ ਕੇਵਲ ਧੌਣ ਦੇ ਵਾਲ ਹੀ ਪਸ਼ਮੀਨਾ ਬਣਾਉਣ ਦੇ ਕੰਮ ਆਉਂਦੇ ਹਨ। ਇਸ ਦੀ ਸ਼ਕਲ ਬੱਕਰੇ ਵਰਗੀ ਹੁੰਦੀ ਹੈ, ਦੋ ਸਿੰਘ ਵੀ ਹੁੰਦੇ ਹਨ। ਕੰਡਿਆਂ-ਝਾੜੀਆਂ

ਨਾਲ ਵਾਲ ਅੜ ਕੇ ਪੁੱਟੇ ਜਾਂਦੇ ਹਨ, ਫਿਰ ਇਹ ਲੋਕ ਉਨ੍ਹਾਂ ਨੂੰ ਇਕੱਠਾ ਕਰਦੇ ਹਨ। ਆਮ ਲੋਕਾਂ ਦੀ ਜ਼ਿੰਦਗੀ ਗੁੱਜਰਾਂ-ਚਰਵਾਹਿਆਂ ਵਰਗੀ ਹੈ, ਪੱਕੇ ਘਰ ਨਹੀਂ। ਸਿੰਧੂ-ਘਾਟ ਲੇਹ ਤੋਂ ਕੋਈ 10 ਕਿਲੋਮੀਟਰ ਬਾਹਰ ਸਿੰਧ ਦਰਿਆ ਦੇ ਕਿਨਾਰੇ 'ਤੇ ਬਣਿਆ ਹੈ, ਜਿਸ ਦਾ ਉਦਘਾਟਨ ਭਾਜਪਾ ਨੇਤਾ ਅਡਵਾਨੀ ਜੀ ਨੇ ਕੀਤਾ ਸੀ। ਜ਼ਿਆਦਾਤਰ ਵੱਸੋਂ ਬੋਧੀ ਹੋਣ ਕਰਕੇ ਬੋਧੀ ਮੰਦਰਾਂ ਦੀ ਭਰਮਾਰ ਹੈ। ਲੇਹ ਵਿਚ ਹੀ ਸਥਿਤ ਹੈ, ਮਹਾਂਬੋਧੀ ਮੈਡੀਟੇਸ਼ਨ ਸੈਂਟਰ, ਜਿਥੇ ਸਮੇਂ-ਸਮੇਂ ਬੋਧੀ ਧਰਮ-ਗੁਰੂ ਦਲਾਈ ਲਾਮਾ ਜੀ ਆ ਕੇ ਪ੍ਰਵਚਨ ਕਰਦੇ ਹਨ।

ਲੇਹ 'ਚ ਸਿੱਖਾਂ ਦੀ ਆਬਾਦੀ ਨਾਂ-ਮਾਤਰ 117 ਹੀ ਹੈ। ਲੇਹ 'ਚ ਸਿੱਖਾਂ ਦੇ ਸਥਾਈ ਘਰ ਕੇਵਲ ਦੋ ਹਨ, ਬਾਕੀ ਕੁਝ ਸਿੱਖ ਪਰਿਵਾਰ ਮੌਸਮ ਦੇ ਹਿਸਾਬ ਨਾਲ ਕਾਰੋਬਾਰ-ਵਾਪਾਰ ਕਰਨ ਵਾਸਤੇ ਜਾਂਦੇ ਹਨ। ਸਿੱਖਾਂ ਦੀ ਸਾਂਝ ਦੋ ਧਾਰਮਿਕ ਅਸਥਾਨਾਂ ਕਰਕੇ ਹੈ, ਇਕ ਗੁਰਦੁਆਰਾ ਪੱਥਰ ਸਾਹਿਬ ਤੇ ਦੂਸਰਾ ਦਾਤਣ ਸਾਹਿਬ।

ਲੇਹ 'ਚ ਵੱਸਦੇ ਦੋ ਘਰਾਂ ਦੇ ਸਿੱਖਾਂ 'ਚੋਂ ਬੀਬੀ ਪ੍ਰਿਤਪਾਲ ਕੌਰ ਦੀ ਮੌਤ ਹੋ ਗਈ ਤੇ ਸ. ਹਰਬੰਸ ਸਿੰਘ ਦਾ ਘਰ ਤਬਾਹ ਹੋ ਗਿਆ। 28 ਸਾਲਾਂ ਤੋਂ ਲੇਹ 'ਚ ਸ. ਬਲਦੇਵ ਸਿੰਘ ਦਾ ਰੰਗ-ਰੋਗਨ ਤੇ ਸ਼ੀਸ਼ੇ ਆਦਿ ਦਾ ਮੌਸਮੀ ਕਾਰੋਬਾਰ ਚੱਲ ਰਿਹਾ ਸੀ ਜੋ ਤਿੰਨ-ਮੰਜ਼ਲਾ ਇਮਾਰਤ ਦੇ ਢਹਿ ਜਾਣ ਕਾਰਨ ਬਰਬਾਦ ਹੋ ਗਿਆ।

ਸਿੱਖਾਂ ਦੇ ਵੀ ਦੋ ਹੀ ਪਰਿਵਾਰ ਪੱਕੇ ਤੌਰ 'ਤੇ ਲੇਹ 'ਚ ਰਹਿੰਦੇ ਹਨ। ਸ. ਹਰਬੰਸ ਸਿੰਘ ਤੇ ਸ. ਰਜਿੰਦਰ ਸਿੰਘ ਦਾ ਪਰਿਵਾਰ ਪਿਤਾ-ਪੁਰਖੀ ਲੇਹ 'ਚ ਰਹਿ ਰਹੇ ਹਨ। ਸ. ਹਰਬੰਸ ਸਿੰਘ ਦਾ ਘਰ ਵੀ ਲੇਹ ਦੇ ਹੜ੍ਹ ਵਿਚ ਰੁੜ੍ਹ ਗਿਆ ਹੈ। ਪੁਸਤਕਾਂ ਦਾ ਕਾਰੋਬਾਰ ਸੀ ਜੋ ਪਾਣੀ ਦੀ ਮਾਰ ਤੇ ਗਾਰ 'ਚ ਗੜੁੱਚ ਹੋ ਗਿਆ। ਸ. ਹਰਬੰਸ ਸਿੰਘ ਦਾ ਪਰਿਵਾਰਕ ਪਿਛੋਕੜ ਵਿਸ਼ੇਸ਼ ਕਿਸਮ ਦਾ ਹੈ। ਇਨ੍ਹਾਂ ਦੀ ਦਾਦੀ ਡੋਲਮਾ ਸੀ ਤੇ ਨਾਨੀ ਸ਼ਗਮੂਲ ਅਤੇ ਦਾਦਾ ਜੀ ਸ. ਸੁਜਾਨ ਸਿੰਘ ਕ੍ਰਮਵਾਰ ਇਕ ਲਦਾਖੀ ਬੋਧੀ, ਇਕ ਮੁਸਲਮਾਨ ਤੇ ਇਕ ਕਸ਼ਮੀਰੀ ਸਿੱਖ ਸੀ। ਇਨ੍ਹਾਂ ਦਾ ਪਰਿਵਾਰ ਤਿੰਨ ਪੀੜ੍ਹੀਆਂ ਤੋਂ ਲੇਹ ਦਾ ਨਿਵਾਸੀ ਹੈ। ਇਸ ਤਰ੍ਹਾਂ ਹਰਬੰਸ ਸਿੰਘ ਦੇ ਦਾਦਕੇ ਲਦਾਖੀ ਤੇ ਨਾਨਕੇ ਮੁਸਲਮਾਨ ਹਨ ਜੋ ਕਾਰਗਿਲ 'ਚ ਰਹਿੰਦੇ ਹਨ। ਕਾਰਗਿਲ 'ਚ ਵੀ ਸਿੱਖਾਂ ਦੇ ਕੇਵਲ ਚਾਰ ਪਰਿਵਾਰ ਹੀ ਪੱਕੇ ਤੌਰ 'ਤੇ ਰਹਿੰਦੇ ਹਨ। ਕਾਰਗਿਲ ਦੇ ਗੁਰਦੁਆਰੇ ਤੇ ਮਸਜਿਦ ਦੀ ਕੰਧ ਸਾਂਝੀ ਹੈ। ਦੋਨੋਂ ਧਰਮ ਮੰਦਰ ਸਿੰਧ ਦਰਿਆ ਦੇ ਕੰਢੇ 'ਤੇ ਸਥਿਤ ਹਨ।

ਸਿੱਖਾਂ ਦੀ ਪ੍ਰਤਿਨਿਧ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜੀ ਵੱਲੋਂ ਰਾਹਤ ਸਮੱਗਰੀ ਤੇ ਵਫ਼ਦ ਭੇਜਣ ਦੇ ਐਲਾਨ ਨੂੰ ਅਮਲੀ ਰੂਪ ਦਿੱਤਾ—ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਮੱਗਰੀ ਦੇ ਚਾਰ ਟਰੱਕਾਂ ਨੂੰ ਰਵਾਨਾ ਕਰ ਕੇ। ਇਨ੍ਹਾਂ ਟਰੱਕਾਂ ਵਿਚ ਚਾਵਲ, ਦਾਲ, ਕੰਬਲ ਤੇ ਸਵੈਟਰ-ਕੋਟੀਆਂ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਰਾਹਤ ਸਮੱਗਰੀ ਲੋੜਵੰਦ ਹੱਥਾਂ 'ਚ ਪਹੁੰਚਾਉਣ ਦੀ ਸੇਵਾ ਜਥੇਦਾਰ ਸੁੱਚਾ ਸਿੰਘ ਲੰਗਾਹ ਮੈਂਬਰ, ਸ਼੍ਰੋਮਣੀ ਕਮੇਟੀ ਤੇ ਕੈਬਨਿਟ ਮੰਤਰੀ ਪੰਜਾਬ ਸਰਕਾਰ, ਸ. ਜੋਗਿੰਦਰ ਸਿੰਘ ਸਕੱਤਰ, ਵਧੀਕ ਸਕੱਤਰ

ਸ. ਸਤਿਬੀਰ ਸਿੰਘ ਤੇ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਨਸੀਬ ਹੋਈ। ਅਸੀਂ ਇਹ ਕਾਰਜ ਕਰਨ ਵਾਸਤੇ 27 ਅਗਸਤ, 2010 ਨੂੰ ਹਵਾਈ ਜਹਾਜ਼ ਰਾਹੀਂ ਸਵੇਰੇ 10 ਵਜੇ ਲੇਹ ਹਵਾਈ ਅੱਡੇ 'ਤੇ ਪਹੁੰਚ ਗਏ। ਲੇਹ ਹਵਾਈ ਅੱਡੇ 'ਤੇ ਜਥੇਦਾਰ ਸੁੱਚਾ ਸਿੰਘ ਲੰਗਾਹ ਨੂੰ ਖੇਤਰੀ ਅਧਿਕਾਰੀ ਵੱਲੋਂ ਖ਼ਤਕ (ਸਿਰੋਪਾਓ) ਪਹਿਨਾ ਕੇ ਸ਼ੁਭ ਕਾਰਜ ਕਰਨ ਲਈ ਆਉਣ 'ਤੇ 'ਜੀ ਆਇਆਂ' ਨੂੰ ਕਿਹਾ ਗਿਆ। ਰਾਹਤ ਸਮੱਗਰੀ ਵੰਡਣ 'ਚ ਸ. ਭੁਪਿੰਦਰ ਸਿੰਘ ਪ੍ਰਧਾਨ, ਆਲ ਪਾਰਟੀ ਸਿੱਖ ਐਕਸ਼ਨ ਕਮੇਟੀ, ਕਸ਼ਮੀਰ ਤੇ ਉਨ੍ਹਾਂ ਦੇ ਸਾਥੀਆਂ ਨੇ ਸਾਡੀ ਵਿਸ਼ੇਸ਼ ਸਹਾਇਤਾ ਕੀਤੀ।

27 ਅਗਸਤ ਦੀ ਸ਼ਾਮ ਨੂੰ ਅਸੀਂ ਹੜ੍ਹ ਪ੍ਰਭਾਵਿਤ ਇਤਿਹਾਸਕ ਗੁਰਦੁਆਰਾ ਪੱਥਰ ਸਾਹਿਬ ਨੂੰ ਦੇਖਣ ਗਏ। ਪੱਥਰ ਸਾਹਿਬ ਲੇਹ-ਕਾਰਗਿਲ ਰਾਜ ਮਾਰਗ 'ਤੇ ਸਥਿਤ ਹੈ, ਜਿਸ ਦਾ ਪ੍ਰਬੰਧ ਭਾਰਤੀ ਸੈਨਾ ਦੇ ਹੱਥ ਹੈ। ਇਤਿਹਾਸਕ ਤੌਰ 'ਤੇ ਲੇਹ ਦੀ ਧਰਤੀ 'ਤੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਦੋ ਇਤਿਹਾਸਕ ਅਸਥਾਨ ਹਨ। ਇਨ੍ਹਾਂ ਅਸਥਾਨਾਂ 'ਤੇ ਗੁਰੂ ਜੀ ਰੁਕੇ, ਜਦ ਤਿੱਬਤ ਤੋਂ ਇਸ ਰਸਤੇ ਕਸ਼ਮੀਰ ਆਏ। ਇਹ ਗੁਰੂ ਸਾਹਿਬ ਦੀ ਆਮਦ 'ਚ ਉਸਾਰੇ ਦੋ ਯਾਦਗਾਰੀ ਸਥਾਨ ਹਨ। ਇਕ ਸ਼ਹਿਰ ਵਿਚ ਜਿਸ ਨੂੰ 'ਦਾਤਣ ਸਾਹਿਬ' ਕਿਹਾ ਜਾਂਦਾ ਹੈ। ਇਹ ਨਾਂ ਦਾ ਹੀ ਗੁਰਦੁਆਰਾ ਹੈ, ਇਸ ਦੀ ਕੋਈ ਇਮਾਰਤ ਨਹੀਂ, ਕੇਵਲ ਇਕ ਇਤਿਹਾਸਕ ਦਰੱਖ਼ਤ ਹੈ। ਸ਼ਹਿਰ ਦੇ ਵਿਚਕਾਰ ਹੋਣ ਕਾਰਨ ਚਾਰ-ਚੁਫੇਰੇ ਆਬਾਦੀ ਹੈ।

ਦੂਸਰਾ ਅਸਥਾਨ ਪੱਥਰ ਸਾਹਿਬ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਅਸਥਾਨ 'ਤੇ ਗੁਰੂ ਨਾਨਕ ਸਾਹਿਬ ਨੇ ਲੇਹ ਨਿਵਾਸੀਆਂ ਦੀ ਮੰਗ 'ਤੇ ਇਕ ਦੈਂਤ ਦਾ ਉਧਾਰ ਕੀਤਾ। ਦੈਂਤ ਨੇ ਪਹਿਲਾਂ ਗ਼ੁੱਸੇ 'ਚ ਪੱਥਰ ਪਹਾੜੀ ਤੋਂ ਰੇੜ੍ਹ ਦਿੱਤਾ ਜਿਸ ਦੇ ਵਿਚ ਗੁਰੂ ਨਾਨਕ ਸਾਹਿਬ ਦੀ ਪਿੱਠ ਉਕਰ ਗਈ। ਇਤਿਹਾਸਕ ਤੌਰ 'ਤੇ ਇਸ ਗੁਰਦੁਆਰੇ ਦਾ ਇਤਿਹਾਸ ਪੰਜਾ ਸਾਹਿਬ ਨਾਲ ਮਿਲਦਾ-ਜੁਲਦਾ ਹੈ। ਕਸ਼ਮੀਰ ਦੇ ਸਥਾਨਕ ਲੋਕ ਇਸ ਨੂੰ ਪੰਜਾ ਸਾਹਿਬ (ਹਸਨ ਅਬਦਾਲ) ਵਾਂਗ ਸਤਿਕਾਰ ਦੇਂਦੇ ਹਨ। ਇਹ ਗੁਰਦੁਆਰਾ ਰਾਜ ਮਾਰਗ ਦੇ ਬਿਲਕੁਲ ਕਿਨਾਰੇ 'ਤੇ ਹੈ। ਇਤਿਹਾਸਕ ਕਿਹਾ ਜਾਣ ਵਾਲਾ ਪੱਥਰ ਸੜਕ ਦੇ ਧਰਾਤਲ ਤੋਂ 5-6 ਫ਼ੁੱਟ ਨੀਵਾਂ ਤੇ ਵੱਡੇ ਆਕਾਰ ਦਾ ਹੈ, ਜਿਸ ਦੀ ਸੰਭਾਲ ਵਾਸਤੇ ਪੂਰੇ ਪ੍ਰਬੰਧ ਹਨ। ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁੰਦਰ ਪ੍ਰਕਾਸ਼ ਕੀਤਾ ਹੁੰਦਾ ਸੀ, ਜਿਸ ਦੇ ਦਰਸ਼ਨ ਕਰਨ ਵਾਸਤੇ ਸੜਕ ਤੋਂ ਪੌੜੀਆਂ ਉਤਰ ਕੇ ਹੇਠਾਂ ਜਾਣਾ ਪੈਂਦਾ ਹੈ। ਲੇਹ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਦੇ ਦੱਸਣ ਅਨੁਸਾਰ ਪਹਿਲਾਂ ਗਾਰ ਤੇ ਪਾਣੀ 4 ਅਗਸਤ ਦੀ ਰਾਤ ਨੂੰ ਆਇਆ, ਜਿਸ ਨੇ ਗੁਰੂ-ਘਰ ਦਾ ਭਾਰੀ ਨੁਕਸਾਨ ਕੀਤਾ। ਅਖੰਡ-ਪਾਠ ਸਾਹਿਬ ਚੱਲ ਰਿਹਾ ਸੀ ਜੋ ਖੰਡਤ ਹੋ ਗਿਆ ਤੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਬੇਅਦਬੀ ਹੋ ਗਈ। ਫ਼ੌਜੀ ਸਿੰਘਾਂ ਵੱਲੋਂ ਉਹ ਬੀੜ ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਪਹੁੰਚਾ ਦਿੱਤੀ ਹੈ। ਗੁਰਦੁਆਰਾ ਸਾਹਿਬ ਦੇ ਗਲੀਚੇ, ਮੈਟ, ਕੀਮਤੀ ਰੁਮਾਲੇ ਤੇ ਸਾਮਾਨ ਬਾਰਸ਼ ਤੇ ਗਾਰ ਦੀ ਭੇਟ ਚੜ੍ਹ ਗਿਆ।

ਗੁਰਦੁਆਰਾ ਸਾਹਿਬ ਵਿਚ ਆਰਮੀ ਕਾਨੂੰਨ ਲਾਗੂ ਹੈ। ਕਸ਼ਮੀਰ ਵਾਸੀ ਸਿੱਖਾਂ

ਦੀ ਚਿਰੋਕਣੀ ਮੰਗ ਹੈ ਕਿ ਇਸ ਦਾ ਪ੍ਰਬੰਧ ਸਿੱਖਾਂ ਪਾਸ ਹੋਣਾ ਚਾਹੀਦਾ ਹੈ। ਰਾਹਤ ਸਮੱਗਰੀ ਲੈ ਕੇ ਪਹੁੰਚੇ ਸਾਡੇ ਮੁਲਾਜ਼ਮਾਂ ਨੂੰ ਵੀ ਗੁਰਦੁਆਰੇ 'ਚ ਠਹਿਰਣ, ਨਹਾਉਣ ਦੀ ਆਗਿਆ ਨਹੀਂ ਦਿੱਤੀ ਗਈ। ਬਾਕੀ ਲੋਕਾਂ ਦਾ ਕੀ ਹਾਲ ਹੋਵੇਗਾ, ਅੰਦਾਜ਼ਾ ਲਗਾਉਣਾ ਆਸਾਨ ਹੈ ? ਗੁਰਦੁਆਰਾ ਸਾਹਿਬ 'ਚ ਮੁੜ ਪ੍ਰਕਾਸ਼ ਕਰਨ ਲਈ ਸੈਨਾ ਵੱਲੋਂ ਲੋੜੀਂਦਾ ਸਾਮਾਨ ਪ੍ਰਾਪਤ ਕਰਨ ਲਈ, ਫ਼ੌਜੀ ਸਿੰਘ ਅੰਮ੍ਰਿਤਸਰ ਭੇਜੇ ਗਏ ਹਨ। ਜੰਮੂ ਕਸ਼ਮੀਰ ਦੇ ਸਿੱਖਾਂ ਦੀ ਮੰਗ ਨੂੰ ਸਨਮੁਖ ਰੱਖਦਿਆਂ ਭਾਰਤੀ ਰੱਖਿਆ ਮੰਤਰਾਲੇ ਪਾਸੋਂ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ 'ਸਿੱਖ ਰਹਿਤ ਮਰਯਾਦਾ' ਅਨੁਸਾਰ ਚਲਾਉਣ ਦੀ ਕਾਰਵਾਈ ਕਰਨੀ ਚਾਹੀਦੀ ਹੈ। ਇਸ ਕਰਕੇ ਸ੍ਰੀ ਗੁਰੂ ਸਿੰਘ ਸਭਾ, ਲੇਹ ਦੇ ਨਾਂ 'ਤੇ ਲੇਹ 'ਚ ਵੱਸਦੇ ਸਿੱਖਾਂ ਨੇ ਸ਼ਾਨਦਾਰ ਗੁਰਦੁਆਰਾ ਤਾਮੀਰ ਕਰਵਾਇਆ ਹੈ। ਉਕਤ ਦੋਵੇਂ ਅਸਥਾਨ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਤਿਹਾਸਕ ਹਨ ਪਰ ਸਿੱਖਾਂ ਦਾ ਦੁਖਾਂਤ ਦੇਖੋ... ਇਕ 'ਤੇ ਆਰਮੀ ਦਾ ਕਬਜ਼ਾ ਹੈ ਤੇ ਦੂਸਰੇ ਅਸਥਾਨ 'ਤੇ ਗੁਰਦੁਆਰਾ ਤਾਮੀਰ ਕਰਨ ਲਈ ਜਗ੍ਹਾ ਨਹੀਂ ਮਿਲਦੀ। ਗੁਰਦੁਆਰੇ 'ਤੇ ਝੂਲਦਾ ਨਿਸ਼ਾਨ ਤਾਂ ਪੁਕਾਰ ਪੁਕਾਰ ਕਹਿੰਦਾ ਹੈ, ਕੋਈ ਭੁੱਖਾ-ਪਿਆਸਾ ਆਵੇ ਤਾਂ ਲੰਗਰ-ਪ੍ਰਸ਼ਾਦਿ ਪਾਣੀ ਮਿਲੇਗਾ। ਥੱਕਿਆ-ਟੁੱਟਿਆ ਰਾਹੀ ਆਵੇ ਤਾਂ ਨਿਵਾਸ 'ਚ ਆਰਾਮ ਮਿਲੇਗਾ। ਆਤਮਿਕ-ਸਰੀਰਕ ਬਿਮਾਰਾਂ ਵਾਸਤੇ ਦਵਾ-ਦਾਰੂ ਦਾ ਪ੍ਰਬੰਧ ਹੋਵੇਗਾ, ਪਰ ਪੱਥਰ ਸਾਹਿਬ ਕਿਸੇ ਨੂੰ ਠਹਿਰਨ ਦੀ ਆਗਿਆ ਨਹੀਂ, ਕਿਉਂਕਿ ਇਸ ਦਾ ਪ੍ਰਬੰਧ ਫ਼ੌਜ ਪਾਸ ਹੈ। ਇਥੋਂ ਤੀਕ ਕਿ ਰਾਹਤ ਸਮੱਗਰੀ ਲੈ ਕੇ ਗਏ ਪੰਜਾਬ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਨੂੰ ਵੀ ਇਥੇ ਠਹਿਰਨਾ ਨਸੀਬ ਨਹੀਂ ਹੋਇਆ।

ਆਫ਼ਤ ਪ੍ਰਭਾਵਿਤ ਇਲਾਕਾ ਬਹੁਤ ਵਿਸ਼ਾਲ ਹੈ, ਲਗਭਗ 150 ਵਰਗ ਕਿਲੋਮੀਟਰ ਖੇਤਰ 'ਚ ਇਸ ਬਾਰਸ਼ ਨੇ ਤਬਾਹੀ ਦੀ ਦਾਸਤਾਨ ਲਿਖੀ ਹੈ। ਜਿਵੇਂ ਬਿਆਮ 140 ਕਿਲੋਮੀਟਰ, ਸ਼ਕੂਰਬੂ ਚੱਕ 120 ਕਿ.ਮੀ., ਹਨੂ 1215 ਕਿ.ਮੀ., ਦੁਬਖਰ 120 ਕਿ.ਮੀ. ਅਤੇ ਬੀਗੂ 45 ਕਿ.ਮੀ. ਦੂਰੀ 'ਤੇ ਸਥਿਤ ਹਨ, ਜਿਨ੍ਹਾਂ ਵਿਚ ਭਾਰੀ ਤਬਾਹੀ ਹੋਈ।

5-6 ਅਗਸਤ ਦੀ ਦਰਮਿਆਨੀ ਰਾਤ ਨੂੰ 12.30 ਵਜੇ ਦੇ ਕਰੀਬ ਬਿਜਲੀ ਦੇ ਲਿਸ਼ਕਣ ਨਾਲ ਲੇਹ ਦੀ ਧਰਤੀ ਰੋਸ਼ਨ ਹੋ ਗਈ ਤੇ ਬੱਦਲਾਂ ਦੀ ਗੜਗੜਾਹਟ ਨੇ ਸਭ ਨੂੰ ਅੱਧੀ ਰਾਤ ਉਠਾਲ ਦਿੱਤਾ। ਬਸ ਫਿਰ ਕੀ ਸੀ, 20-25 ਮਿੰਟਾਂ 'ਚ ਜਲ-ਥਲ ਹੋ ਗਈ ਲੇਹ ਵੈਲੀ। ਆਫ਼ਤ ਦੀ ਬਾਰਸ਼ ਤਾਂ ਬੰਦ ਹੋ ਗਈ ਪਰ ਪਾਣੀ ਦਾ ਵਹਾ ਸਵੇਰ ਤੀਕ ਨਿਰੰਤਰ ਵਹਿੰਦਾ ਰਿਹਾ। ਚਾਰ-ਚੁਫੇਰੇ ਘਰਾਂ ਦੇ ਸਾਮਾਨ ਨਾਲ ਕਵਾੜਖ਼ਾਨਾ ਨਜ਼ਰ ਆ ਰਿਹਾ ਸੀ ਲੇਹ। ਸ. ਹਰਬੰਸ ਸਿੰਘ - ਪੁਸਤਕ ਵਿਕਰੇਤਾ ਦੇ ਦੱਸਣ ਅਨੁਸਾਰ 7 ਦਿਨਾਂ ਤੀਕ ਲੋਕਾਂ ਦੇ ਮਨਾਂ 'ਚ ਸਹਿਮ ਭਾਰੂ ਰਿਹਾ ਕਿ ਪਾਣੀ ਆ ਗਿਆ - ਪਾਣੀ ਆ ਗਿਆ !! 13 ਅਗਸਤ ਨੂੰ ਫਿਰ ਬਾਰਸ਼ ਹੋਈ। ਮੁਸਲਮਾਨਾਂ ਨੇ ਕੁਝ ਰਾਤਾਂ ਮਸਜਿਦਾਂ ਵਿਚ ਤੇ ਸਿੱਖਾਂ ਨੇ ਗੁਰਦੁਆਰੇ ਵਿਚ ਗੁਜ਼ਾਰੀਆਂ। ਘਰਾਂ ਦੀਆਂ ਛੱਤਾਂ ਡਿੱਗ ਪਈਆਂ, ਮਕਾਨਾਂ 'ਚ ਚਿੱਕੜ, ਗਲੀਆਂ 'ਚ ਚਿੱਕੜ, ਸਭ ਪਾਸੇ

ਅਜੀਬ ਹੀ ਵਰਤਾਰਾ ਸੀ। ਆਮ ਕਰਕੇ ਲੇਹ 'ਚ ਬਾਰਸ਼ ਬਹੁਤ ਘੱਟ ਹੁੰਦੀ ਹੈ, ਕਦੇ-ਕਦਾਈਂ ਕਿਣ-ਮਿਣ ਹੋ ਕੇ ਮੌਸਮ ਖ਼ੁਸ਼ਗਵਾਰ ਹੋ ਜਾਂਦਾ ਹੈ। 12 ਅਗਸਤ, 2010 ਨੂੰ 'ਲੱਦਾਖ ਹਿਲ ਵਿਕਾਸ ਕੌਂਸਲ' ਵਲੋਂ ਜਾਰੀ ਅਪੀਲ ਵਿਚ ਸਪੱਸ਼ਟ ਕੀਤਾ ਗਿਆ ਕਿ ਇਸ ਤਬਾਹੀ ਦੀ ਬਾਰਸ਼ ਨਾਲ ਹਜ਼ਾਰਾਂ ਟਨ ਮਿੱਟੀ, ਰੇਤ ਤੇ ਪੱਥਰ ਵਹਿ ਤੁਰੇ ਹਨ, ਜਿਸ ਨੇ ਲੇਹ ਵੈਲੀ ਅਤੇ ਨੀਵੇਂ ਇਲਾਕਿਆਂ 'ਚ 20 ਫ਼ੁੱਟ ਤਕ ਭਲ-ਗਾਰ ਚਾੜ੍ਹ ਦਿੱਤੀ। ਇਸ ਕਾਰਨ ਬਹੁਤ ਸਾਰਾ ਜਾਨੀ, ਮਾਲੀ ਨੁਕਸਾਨ ਹੋਇਆ ਤੇ ਲੋੜੀਂਦਾ ਸਾਮਾਨ ਤਬਾਹ ਹੋ ਗਿਆ। ਸੜਕਾਂ ਅਤੇ ਪੁਲਾਂ ਦੇ ਰੁੜ੍ਹ ਜਾਣ ਕਾਰਨ ਦੁਰੇਡੇ ਪਿੰਡਾਂ 'ਚ ਪਹੁੰਚਣਾ ਅਸੰਭਵ ਹੈ। 40 ਪ੍ਰਤੀਸ਼ਤ ਪੁਲ ਤੇ ਸੜਕਾਂ ਤਬਾਹ ਹੋ ਗਏ ਹਨ ਅਤੇ ਬਾਕੀਆਂ ਨੂੰ ਵੀ ਬਹੁਤ ਨੁਕਸਾਨ ਪੁੱਜਾ ਹੈ। ਭਾਰਤੀ ਫ਼ੌਜ, ਰਾਜ ਪ੍ਰਸ਼ਾਸਨ ਤੇ ਲੋਕਾਂ ਵਾਸਤੇ ਸੜਕਾਂ ਤੇ ਪੁਲਾਂ ਦਾ ਨਿਰਮਾਣ ਕਰ ਰਹੀ ਹੈ ਤਾਂ ਜੋ ਰਾਹਤ ਸਮੱਗਰੀ ਦੂਰ-ਦਰਾਜ ਦੇ ਇਲਾਕਿਆਂ 'ਚ ਪਹੁੰਚਾਈ ਜਾ ਸਕੇ। ਰਾਹਤ ਸਮੱਗਰੀ ਤਾਂ ਪਹੁੰਚ ਗਈ ਹੈ, ਪਰ ਘਰਾਂ, ਸੜਕਾਂ, ਪੁਲਾਂ ਤੇ ਸਰਕਾਰੀ ਇਮਾਰਤਾਂ ਦਾ ਪੁਨਰ ਨਿਰਮਾਣ ਤੇ ਪੁਨਰ ਨਿਵਾਸ ਵਾਸਤੇ ਬਹੁਤ ਸਮਾਂ ਲੱਗੇਗਾ। ਸਿਆਲੀ ਮੌਸਮ ਦੀ ਸੀਤਲਤਾ ਸਹਾਰਨ ਦੀ ਸਮਰੱਥਾ ਲੇਹ ਨਿਵਾਸੀਆਂ 'ਚ ਬਹੁਤ ਹੈ। ਮਨਫ਼ੀ 20 ਡਿਗਰੀ ਤਾਪਮਾਨ ਨੂੰ ਆਮ ਮੰਨਦੇ ਹਨ ਪਰ ਜਦ ਤਾਪਮਾਨ ਮਨਫ਼ੀ 20 ਤੋਂ ਵੱਧ ਜਾਂਦਾ ਹੈ ਤਾਂ ਸਰਦੀ ਮਹਿਸੂਸ ਕਰਦੇ ਹਨ। ਘਰ ਜ਼ਿਆਦਾਤਰ ਮਿੱਟੀ-ਗਾਰੇ ਤੇ ਲੱਕੜ ਦੇ ਸਰਦੀ ਸਹਾਰਨ ਵਾਸਤੇ ਕਾਮਯਾਬ ਹਨ, ਪਰ ਹੁਣ ਕੁਝ ਘਰ ਤੇ ਇਮਾਰਤਾਂ ਕੰਕਰੀਟ ਦੀਆਂ ਵੀ ਬਣ ਰਹੀਆਂ ਹਨ।

ਜੋ ਕੁਦਰਤੀ ਕਹਿਰ ਲੇਹ ਨਿਵਾਸੀਆਂ 'ਤੇ ਵਾਪਰਿਆ, ਉਸ ਨੂੰ ਸ਼ਬਦੀ ਰੂਪ ਵਿਚ ਬਿਆਨ ਕਰਨਾ ਮੁਸ਼ਕਲ ਹੈ। ਚਾਰ ਦਿਨਾਂ 'ਚ ਜੋ ਅਸੀਂ ਦੇਖਿਆ-ਸੁਣਿਆ, ਉਸ ਨਾਲ ਦਿਲ ਘਬਰਾਇਆ, ਦਿਮਾਗ਼ ਚਕਰਾਇਆ ਤੇ ਜ਼ੁਬਾਨ ਥਥਲਾਉਂਦੀ ਹੈ, ਗ਼ੈਰ-ਕੁਦਰਤੀ ਵਾਪਰੇ ਵਰਤਾਰੇ ਨੂੰ ਬਿਆਨਣ ਤੋਂ! ਜੀਵਨ ਦਾਨ ਪ੍ਰਦਾਨ ਕਰਨ ਵਾਲਾ ਪਾਣੀ ਇੰਨਾ ਮਾਰੂ ਵੀ ਹੋ ਸਕਦਾ ਹੈ - ਕਦੇ ਸੋਚਿਆ ਨਹੀਂ ਸੀ! ਇਹ ਅਸੀਂ ਪਹਿਲੀ ਵਾਰ ਵੇਖਿਆ।

ਲੇਹ ਜ਼ਿਲ੍ਹੇ ਦੇ ਚੁਮਲਮਸਰ ਪਿੰਡ 'ਚ ਬੱਦਲ ਫੱਟਣ ਨਾਲ ਭਾਰੀ ਤਬਾਹੀ ਹੋਈ ਹੈ, ਜਿਸ ਨਾਲ ਆਮ ਜਨਤਾ, ਫ਼ੌਜ, ਸੀ.ਆਰ.ਪੀ. ਪੁਲਿਸ ਦਾ ਵੀ ਅਣਗਿਣਤ ਜਾਨੀ-ਮਾਲੀ ਨੁਕਸਾਨ ਹੋਇਆ ਹੈ। ਸੜਕ ਤੇ ਹਵਾਈ ਮਾਰਗ ਬੁਰੀ ਤਰ੍ਹਾ ਪ੍ਰਭਾਵਿਤ ਹੋਇਆ ਹੈ। ਹਵਾਈ ਪਟੜੀ ਤੀਕ ਰੁੜ੍ਹ ਗਈ। ਸੜਕੀ ਮਾਰਗ ਤਾਂ ਕਈ ਦਿਨਾਂ ਤੀਕ ਚਾਲੂ ਨਹੀਂ ਸੀ ਹੋ ਸਕਿਆ। ਕਾਰਗਿਲ-ਲੇਹ ਅਤੇ ਮਨਾਲੀ-ਲੇਹ ਹਾਈਵੇ ਬੁਰੀ ਤਰ੍ਹਾਂ ਨਾਲ ਤਹਿਸ-ਨਹਿਸ ਹੋ ਗਿਆ ਸੀ। ਸੰਚਾਰ ਤੇ ਆਵਾਜਾਈ ਸਾਧਨਾਂ ਵਿਚ ਇਕ ਦਮ ਖੜੋਤ ਆ ਗਈ। ਸੜਕਾਂ 'ਤੇ ਚਾਰ-ਚਾਰ ਫ਼ੁੱਟ ਗਾਰ ਜੰਮੀ ਪਈ ਸੀ। ਹਸਪਤਾਲ, ਕੇਂਦਰੀ ਗ੍ਰਹਿ ਮੰਤਰਾਲੇ, ਬੀ.ਐਸ.ਐਫ. ਤੇ ਬਸ ਸਟੈਂਡ ਦੀਆਂ ਇਮਾਰਤਾਂ ਤਾਂ ਮਿੱਟੀ 'ਚ ਰਲ-ਮਿਲ ਇਕ ਹੋ ਗਈਆਂ। ਆਵਾਜਾਈ ਦੇ ਸਾਧਨ ਮੋਟਰ-ਗੱਡੀਆਂ, ਟਰੱਕ, ਕਾਰਾਂ, ਸਕੂਟਰ ਸਭ ਗਾਰ ਹੇਠ ਦੱਬੇ ਗਏ।

ਜ਼ਿਆਦਾ ਨੁਕਸਾਨ ਦਾ ਕਾਰਨ ਕੱਚੇ ਰੇਤਲੇ ਪਹਾੜਾਂ ਦੀਆਂ ਢਲਾਣਾਂ 'ਤੇ ਪਾਣੀ ਦੇ ਵਹਿਣਾਂ 'ਚ ਲੋਕਾਈ ਵਲੋਂ ਉਸਾਰੇ ਕੱਚੀਆਂ ਇੱਟਾਂ ਤੇ ਲੱਕੜ ਦੇ ਮਕਾਨ ਸਨ। ਤਬਾਹੀ ਦੀ ਬਾਰਸ਼ ਦੇ ਵਹਿਣ ਵਿਚ ਘਰ-ਮਕਾਨ ਤੇ ਇਮਾਰਤਾਂ ਅਤੇ ਅਣਅਧਿਕਾਰਤ ਥਾਵਾਂ 'ਤੇ ਉਸਾਰੇ ਸਾਰੇ ਘਰ ਗਾਰ ਨਾਲ ਘਿਉ-ਖਿਚੜੀ ਹੋ ਗਏ। ਜਾਨੀ ਨੁਕਸਾਨ ਦਾ ਅੰਦਾਜ਼ਾ ਲਗਾਉਣਾ ਇਸ ਲਈ ਮੁਸ਼ਕਲ ਹੈ ਕਿ ਅੱਠ ਮਹੀਨਿਆਂ ਵਿਚ ਵਾਪਾਰ ਅਤੇ ਮਿਹਨਤ ਮਜ਼ਦੂਰੀ ਕਰਨ ਵਾਸਤੇ ਪੰਜਾਬ, ਹਿਮਾਚਲ, ਯੂ.ਪੀ., ਉਤਰਾਂਚਲ, ਨੇਪਾਲ ਆਦਿ ਰਾਜਾਂ ਤੋਂ ਕਾਫ਼ੀ ਲੋਕ ਆ ਕੇ ਆਰਜ਼ੀ ਤੌਰ 'ਤੇ ਲੇਹ ਵੱਸ ਜਾਂਦੇ ਹਨ। ਵਾਪਾਰੀ ਤੇ ਠੇਕੇਦਾਰ ਲੋਕ ਟੈਕਸ ਚੋਰੀ ਕਰਨ ਵਾਸਤੇ ਮਜ਼ਦੂਰਾਂ ਦੀ ਗਿਣਤੀ ਠੀਕ ਨਹੀਂ ਦਿੰਦੇ। ਅਜਿਹੀ ਆਫ਼ਤ ਸਮੇਂ ਇਨ੍ਹਾਂ ਮਜ਼ਦੂਰਾਂ ਦੀ ਗਿਣਤੀ ਕੌਣ ਕਰੇਗਾ ? ਦਰਿਆਵਾਂ ਦੇ ਵਹਿਣ ਵਿਚ ਵਹਿ ਗਈਆਂ ਤੇ ਮਲਬੇ ਦੀ ਤਹਿ ਵਿਚ ਨੱਪੀਆਂ ਗਈਆਂ ਲਾਸ਼ਾਂ ਨੂੰ ਕੌਣ ਫਰੋਲੇਗਾ ? ਲੇਹ ਦੇ ਸਾਥ ਚੱਲਦਾ ਹੈ ਸਿੰਧ ਦਰਿਆ, ਜਿਸ ਨੇ ਤਬਾਹੀ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਦਰਿਆ ਦੇ ਕੰਢੇ ਵੱਸੇ ਝੌਂਪੜ-ਪੱਟੀ ਲੋਕ ਪਤਾ ਨਹੀਂ ਕਿਧਰੇ ਗਏ ਅਤੇ ਨਾਲ ਵੱਸੀਆਂ ਕਾਲੋਨੀਆਂ ਦਾ ਨਾਮੋ-ਨਿਸ਼ਾਨ ਮਿੱਟ ਗਿਆ। ਵਿਸ਼ਵ ਦੀ ਦੂਸਰੀ ਸਭ ਤੋਂ ਉੱਚੀ ਸੜਕ ਰੁੜ੍ਹ ਗਈ। ਲੇਹ ਦਾ ਪ੍ਰਸਿੱਧ 'ਡਰੱਕ ਵਾਈਟ ਲੋਟਸ ਸਕੂਲ' ਜਿਥੇ ਆਮਿਰ ਖ਼ਾਂ ਨੇ 'ਥ੍ਰੀ ਈਡੀਅਟਸ' ਫ਼ਿਲਮ ਦੀ ਸੂਟਿੰਗ ਕੀਤੀ ਸੀ, ਵੀ ਮਲਬੇ ਹੇਠ ਬੁਰੀ ਤਰ੍ਹਾਂ ਦੱਬਿਆ ਗਿਆ।

ਵਿਦੇਸ਼ੀ ਸੈਲਾਨੀ ਸੈਂਕੜਿਆਂ ਦੀ ਗਿਣਤੀ ਵਿਚ ਲੇਹ ਦੇ ਨਜ਼ਾਰਿਆਂ ਨੂੰ ਮਾਨਣ ਲਈ ਆਉਂਦੇ ਹਨ, ਜਿਨ੍ਹਾਂ ਵਿੱਚੋਂ ਕਿੰਨੇ ਸਾਰੇ ਰੱਬ ਨੂੰ ਪਿਆਰੇ ਹੋ ਗਏ ਪਤਾ ਨਹੀਂ! 81 ਵਿਦੇਸ਼ੀ ਸੈਲਾਨੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਜਿਨ੍ਹਾਂ 'ਚ ਸਪੇਨ, ਨਿਪਾਲ, ਰੋਮਾਨੀਆਂ, ਤਿੱਬਤ, ਬਰਤਾਨੀਆਂ, ਫ਼ਰਾਂਸ, ਨੀਦਰਲੈਂਡ, ਚੱਕ ਗਣਰਾਜ, ਜਰਮਨੀ, ਇਸਰਾਈਲ ਆਦਿ ਦੇਸ਼ਾਂ ਦੇ ਨਾਗਰਿਕ ਸਨ।

ਤਬਾਹੀ ਦੀ ਬਾਰਸ਼ ਨਾਲ ਕਾਰਗਿਲ-ਲੇਹ, ਮਨਾਲੀ-ਲੇਹ ਰਾਜ ਮਾਰਗ 'ਤੇ ਹਵਾਈ ਸੇਵਾ ਬੰਦ, ਸੰਚਾਰ ਸਾਧਨ ਗੁੱਲ ਹੋ ਗਏ। ਲੇਹ ਪੂਰੀ ਤਰ੍ਹਾਂ ਦੇਸ਼-ਦੁਨੀਆਂ ਨਾਲੋਂ ਕੁਝ ਸਮੇਂ ਵਾਸਤੇ ਕੱਟਿਆ ਗਿਆ। ਹਵਾਈ, ਸੜਕੀ ਆਵਾਜਾਈ ਤੇ ਸੰਚਾਰ ਸਾਧਨਾਂ ਨੂੰ ਬਹਾਲ ਕਰਨ 'ਚ ਸੈਨਿਕ ਤੇ ਸਿਵਲ ਅਧਿਕਾਰੀਆਂ ਨੇ ਸਲਾਹੁਣਯੋਗ ਸੇਵਾ ਕੀਤੀ। ਪੁਰਾਣਾ ਸ਼ਹਿਰ ਲੇਹ, ਬਾਸਮੋ, ਨਿਮੋ, ਚੁਗਲਸਮਸਰ ਪਿੰਡਾਂ 'ਚ ਭਾਰੀ ਤਬਾਹੀ ਹੋਈ। ਆਰਮੀ ਕੈਂਪ, ਸੀ.ਆਰ.ਪੀ.ਐਫ਼, ਆਈ.ਟੀ.ਬੀ. ਨੈਸ਼ਨਲ ਕਾਲਜ, ਬੱਸ ਸਟੈਂਡ, ਬਾਜ਼ਾਰ, ਸਕੂਲਾਂ-ਘਰਾਂ ਦੀਆਂ ਬਰਬਾਦ ਹੋਈਆਂ ਇਮਾਰਤਾਂ ਤਬਾਹੀ ਦੀ ਦਾਸਤਾਨ ਨੂੰ ਰੂਪਮਾਨ ਕਰਦੀਆਂ ਹਨ। ਲੋਕਾਂ ਦੇ ਕਥਨ ਅਨੁਸਾਰ ਲੇਹ ਦੇ ਇਤਿਹਾਸ 'ਚ ਇਹ ਪਹਿਲੀ ਘਟਨਾ ਹੈ। ਜਿਤਨੇ ਆਦਮੀਆਂ ਨਾਲ ਇਸ ਘਟਨਾ ਬਾਰੇ ਅਸੀਂ ਗੱਲ ਕੀਤੀ, ਉਨ੍ਹਾਂ ਸਭ ਨੇ ਕਿਹਾ ਕਿ ਕੇਵਲ 20 ਤੋਂ 25 ਮਿੰਟਾਂ 'ਚ ਹੋਈ ਭਾਰੀ ਬਾਰਸ਼ ਲੇਹ ਨੂੰ ਰੋੜ੍ਹ ਕੇ ਲੈ ਗਈ। ਕੱਚੇ ਮਕਾਨ ਰੇਤ ਦੀਆਂ ਕੰਧਾਂ ਵਾਂਗ ਵਹਿ ਤੁਰੇ, ਦਿਨ ਚੜ੍ਹੇ ਦੇਖਿਆ ਤਾਂ ਚਾਰ ਚੁਫੇਰੇ ਤਬਾਹੀ ਹੀ ਨਜ਼ਰ ਆਉਂਦੀ ਸੀ।

ਹਰ ਪਾਸੇ ਢੱਠੇ ਮਕਾਨ, ਸੜਕਾਂ 'ਤੇ ਖਿਲਰਿਆਂ ਘਰਾਂ ਦਾ ਸਾਮਾਨ ਤੇ ਗਾਰ ਹੀ ਗਾਰ ਸੀ। 30 ਅਗਸਤ ਤੀਕ ਵੀ ਦੁਰੇਡੇ ਪਿੰਡਾਂ 'ਚ ਕਾਰ ਰਾਹੀਂ ਜਾਣਾ ਸੰਭਵ ਨਹੀਂ ਹੋ ਸਕਿਆ, ਕਿਉਂਕਿ ਸੜਕਾਂ ਦੇ ਨਿਰਮਾਣ ਤੇ ਪੁਲਾਂ ਦੀ ਉਸਾਰੀ ਦਾ ਕਾਰਜ ਚੱਲ ਰਿਹਾ ਸੀ। ਸੈਨਾ ਨੇ ਦਿਨ-ਰਾਤ ਮਿਹਨਤ ਕਰ ਕੇ ਰਾਜ ਮਾਰਗਾਂ ਅਤੇ ਹਵਾਈ ਸੇਵਾ ਨੂੰ ਬਹਾਲ ਕਰ ਦਿੱਤਾ, ਪੁਲਾਂ ਦੇ ਨਿਰਮਾਣ ਕਾਰਜ 'ਚ ਫ਼ੌਜ ਨਿਰੰਤਰ ਜੁਟੀ ਹੋਈ ਹੈ। ਸੈਨਾ ਤੇ ਪ੍ਰਸ਼ਾਸਨ ਵੱਲੋਂ ਲਾਏ ਆਰਜ਼ੀ ਕੈਂਪਾਂ 'ਚ ਰਹਿਣ ਲਈ ਲੋਕ ਅੱਜ ਵੀ ਮਜਬੂਰ ਹਨ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ 16 ਅਗਸਤ ਨੂੰ ਲੇਹ ਦਾ ਸੰਖੇਪ ਦੌਰਾ ਕੀਤਾ ਅਤੇ 125 ਕਰੋੜ ਰੁਪਏ ਰਾਹਤ ਫੰਡ ਵਜੋਂ ਦੇਣ ਦਾ ਐਲਾਨ ਕੀਤਾ। ਗਵਾਂਢੀ ਰਾਜਾਂ 'ਚੋਂ ਪੰਜਾਬ ਪਹਿਲ ਕਰ ਗਿਆ, ਜਦ ਇਸ ਦੇ ਨੌਜੁਆਨ ਡਿਪਟੀ ਮੁਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਆਪਣੇ ਵਫ਼ਦ ਨਾਲ ਲੇਹ ਨਿਵਾਸੀਆਂ ਨਾਲ ਹਮਦਰਦੀ ਦਾ ਇਜ਼ਹਾਰ ਕਰਦਿਆਂ ਖ਼ੁਦ ਰਾਹਤ ਸਮੱਗਰੀ ਵੰਡੀ ਤੇ ਇਕ ਕਰੋੜ ਰੁਪਏ ਲੇਹ ਦੇ ਮੁੜ ਵਸੇਬੇ 'ਚ ਲਾਉਣ ਅਤੇ ਰਾਹਤ ਸਮੱਗਰੀ ਤੋਂ ਇਲਾਵਾ ਪਸ਼ੂਆਂ ਦਾ ਚਾਰਾ ਤੇ ਤੂੜੀ ਭੇਜਣ ਦਾ ਐਲਾਨ ਕੀਤਾ। 5 ਸਤੰਬਰ, 2010 ਨੂੰ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ, ਪੰਜਾਬ ਨੇ ਚਾਰੇ ਤੇ ਤੂੜੀ ਦੇ ਟਰੱਕਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰ, ਐਲਾਨ ਨੂੰ ਅਮਲੀ ਰੂਪ ਦੇ ਦਿੱਤਾ। ਅਜਿਹਾ ਪੰਜਾਬੀਆਂ ਦੀ ਤਰਫ਼ੋਂ ਸ਼ਲਾਘਾਯੋਗ ਹੈ।

ਇਸ ਆਫ਼ਤ ਦੀ ਵਰਖਾ ਨਾਲ ਆਮ ਲੋਕਾਂ ਦੇ ਜਾਨ-ਮਾਲ ਦੇ ਨੁਕਸਾਨ ਦੇ ਨਾਲ ਆਰਮੀ ਦਾ ਵੀ ਬੇ-ਹਿਤਾਸ਼ਾ ਨੁਕਸਾਨ ਹੋਇਆ ਹੈ। ਬਹੁਤ ਸਾਰੀਆਂ ਲਾਸ਼ਾਂ ਪਾਕਿਸਤਾਨ ਵਾਲੇ ਪਾਸੇ ਵੀ ਰੁੜ੍ਹ ਗਈਆਂ ਹੋਣਗੀਆਂ। ਕੁਦਰਤੀ ਆਫ਼ਤ ਨਾਲ ਹੋਇਆ ਨੁਕਸਾਨ ਮਾਨਵੀ ਅੰਦਾਜ਼ਿਆਂ ਤੋਂ ਕਿਤੇ ਜ਼ਿਆਦਾ ਹੋਵੇਗਾ। ਭਾਰੀ ਮਲਬੇ ਹੇਠ ਦੱਬਿਆ ਮਾਨਵੀ ਸਰਮਾਇਆ ਕਦੇ ਬਾਹਰ ਵੀ ਨਿਕਲ ਸਕੇਗਾ ? ਇਹ ਕਹਿਣਾ ਮੁਸ਼ਕਲ ਹੈ। ਹੋਏ ਜਾਨੀ-ਮਾਲੀ ਨੁਕਸਾਨ ਦਾ ਅੰਦਾਜ਼ਾ ਲਗਾਉਣਾ ਅਸੰਭਵ ਹੈ। ਜੀਵਤ ਪੀੜਿਤ ਲੋਕਾਂ ਦੀ ਮੰਗ ਅਨੁਸਾਰ ਰੈਣ-ਬਸੇਰੇ ਵਾਸਤੇ ਕੱਚੇ ਘਰ ਤੇ ਲੋੜ ਜੋਗੀ ਮਾਇਆ/ਰਾਹਤ ਸਮੱਗਰੀ ਦਾ ਵੀ ਹਮਦਰਦੀ ਕਰਨ ਵਾਲਿਆਂ ਨੇ ਇਕ ਤਰ੍ਹਾਂ ਹੜ੍ਹ ਲੈ ਆਂਦਾ ਹੈ। ਲੋਕਾਂ ਦੀ ਮੰਗ ਹੈ ਕਿ ਬਾਰਿਸ਼ ਵਾਲੇ ਮੌਸਮ 'ਚ ਅਸੀਂ ਜੀਵਨ ਕਿਥੇ ਗੁਜ਼ਾਰਨਾ ਹੈ ? ਜਾਨਵਰਾਂ ਵਾਸਤੇ ਖ਼ੁਰਾਕ ਦਾ ਪ੍ਰਬੰਧ ਵੱਡੀ ਚਿੰਤਾ ਹੈ ਲੇਹ ਨਿਵਾਸੀਆਂ ਦੀ।

28-29 ਅਗਸਤ 2010 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਚਾਰ ਟਰੱਕਾਂ 'ਤੇ ਭੇਜੀ ਗਈ ਰਾਹਤ ਸਮੱਗਰੀ ਵੰਡਣ ਦਾ ਕਾਰਜ ਆਰੰਭ ਕੀਤਾ। ਰਾਹਤ-ਸਮੱਗਰੀ ਵੰਡਣ ਦੀ ਅਗਵਾਈ ਕੀਤੀ—ਜਥੇਦਾਰ ਸੁੱਚਾ ਸਿੰਘ ਲੰਗਾਹ, ਸ. ਜੋਗਿੰਦਰ ਸਿੰਘ ਸਕੱਤਰ, ਸ. ਸਤਿਬੀਰ ਸਿੰਘ ਤੇ ਰੂਪ ਸਿੰਘ ਵਧੀਕ ਸਕੱਤਰ, ਸ. ਭੁਪਿੰਦਰ ਸਿੰਘ ਪ੍ਰਧਾਨ, ਆਲ ਪਾਰਟੀ ਸਿੱਖ ਐਕਸ਼ਨ ਕਮੇਟੀ, ਸ. ਰਜਿੰਦਰ ਸਿੰਘ ਚੇਅਰਮੈਨ, ਗੁਰਦੁਆਰਾ ਸਿੰਘ ਸਭਾ ਲੇਹ, ਸ. ਗੁਰਨਾਮ ਸਿੰਘ

ਸਿੱਖ ਵਾਪਾਰੀ ਲੇਹ ਅਤੇ ਸ਼੍ਰੋਮਣੀ ਕਮੇਟੀ ਦੇ ਟਰੱਕਾਂ ਨਾਲ ਗਏ—ਸ. ਰਵਿੰਦਰ ਸਿੰਘ ਭੁਪਾਲ, ਸ. ਗੁਰਪ੍ਰੀਤ ਸਿੰਘ, ਸ. ਕਰਮਜੀਤ ਸਿੰਘ ਤੇ ਸ. ਮੇਜਰ ਸਿੰਘ ਜੀ ਮੁਲਾਜ਼ਮ ਧਰਮ ਪ੍ਰਚਾਰ ਕਮੇਟੀ। ਲੇਹ ਵਿਚ ਵੱਡੀ ਗਿਣਤੀ ਵਿਚ ਤਿੱਬਤੀ ਮੂਲ ਦੇ ਬੋਧੀ ਵੱਸਦੇ ਹਨ, ਜਿਨ੍ਹਾਂ 'ਲਦਾਖ ਬੋਧੀ ਐਸੋਸੀਏਸ਼ਨ' ਬਣਾਈ ਹੈ। ਸਭ ਤੋਂ ਪਹਿਲਾਂ ਰਾਹਤ ਸਮੱਗਰੀ ਦਾ ਇਕ ਹਿੱਸਾ ਅਸੀਂ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਦੇ ਸਪੁਰਦ ਕੀਤਾ, ਜਿਨ੍ਹਾਂ ਨੇ ਰਾਹਤ ਭੇਜਣ ਲਈ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਕੀਤਾ ਤੇ ਲੰਗਾਹ ਸਾਹਿਬ ਨੂੰ ਸਤਿਕਾਰ ਵਜੋਂ ਖ਼ਤਕ (ਸਿਰੋਪਾਓ) ਪਹਿਨਾਇਆ। ਇਸ ਤੋਂ ਇਲਾਵਾ ਮੁਸਲਮਾਨਾਂ ਦੇ ਸੀਆ-ਸੁੰਨੀ ਦੋ ਫ਼ਿਰਕਿਆਂ, ਲਾਇਨਜ਼ ਕਲੱਬ, 5 ਰਾਹਤ ਕੈਂਪਾਂ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ 'ਚ ਰਾਹਤ ਸਮੱਗਰੀ ਤਕਸੀਮ ਕੀਤੀ ਗਈ। ਗੁਰਦੁਆਰਾ ਸਾਹਿਬ 'ਚ ਰਾਹਤ ਸਮੱਗਰੀ ਰੱਖਣ ਦਾ ਮੰਤਵ ਕੇਵਲ ਏਨਾ ਹੀ ਹੈ ਕਿ ਦੂਰ-ਦਰਾਜ ਤੋਂ ਪੀੜਿਤ ਲੋਕ ਲੋੜ ਸਮੇਂ ਰਾਹਤ ਸਮੱਗਰੀ ਪ੍ਰਾਪਤ ਕਰ ਸਕਣ। ਰਾਹਤ ਸਮੱਗਰੀ ਪਹੁੰਚਣ 'ਤੇ ਡੀ.ਸੀ. ਲੇਹ ਤੇ ਲਦਾਖ ਬੋਧੀ ਐਸੋਸੀਏਸ਼ਨ ਦੇ ਪ੍ਰਧਾਨ, ਲੋਕਲ ਕੌਂਸਲਰ ਤੇ ਲਾਇਨਜ਼ ਕਲੱਬ ਦੇ ਮੁਖੀਆਂ ਵੱਲੋਂ ਸ. ਸੁੱਚਾ ਸਿੰਘ ਲੰਗਾਹ ਨੂੰ ਮਿਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਪਰ ਅਫ਼ਸੋਸ ਕਿ ਜੰਮੂ ਬਾਰਡਰ 'ਤੇ ਹੋਰ ਚੁੰਗੀ ਨਾਕਿਆਂ 'ਤੇ ਰਾਹਤ ਸਮੱਗਰੀ 'ਤੇ ਵੀ ਟੈਕਸ ਵਸੂਲ ਕੀਤਾ ਗਿਆ।

ਖੇਤੀ ਯੋਗ ਜ਼ਮੀਨ ਰੁੜ੍ਹ ਗਈ ਹੈ, ਫਲਦਾਰ ਬੂਟੇ ਪੁੱਟੇ ਗਏ ਹਨ। ਹੁਣ ਲੇਹ ਦੁਖਾਂਤ ਦੇ ਪੀੜਿਤਾਂ ਨੂੰ ਖੇਤੀ ਸੰਦਾਂ ਤੇ ਰਹਿਣ ਵਾਸਤੇ ਮਕਾਨਾਂ ਦੀ ਸਖ਼ਤ ਜ਼ਰੂਰਤ ਹੈ। ਪਰ ਇਹ ਕਾਰਜ ਤਾਂ ਸਰਕਾਰਾਂ ਹੀ ਕਰ ਸਕਦੀਆਂ ਹਨ। ਜ਼ਮੀਨ ਨੂੰ ਦੁਬਾਰਾ ਵਾਹੀ ਯੋਗ ਬਣਾਉਣ ਲਈ ਕਿਸਾਨਾਂ ਨੂੰ ਲੰਮਾ ਸੰਘਰਸ਼ ਕਰਨਾ ਪਵੇਗਾ। ਮੌਸਮ ਸਰਦੀ ਦਾ ਸਿਰ 'ਤੇ ਹੈ ਪਰ ਲੇਹ ਤਬਾਹੀ ਪ੍ਰਭਾਵਿਤ ਲੋਕਾਂ ਪਾਸ ਰਹਿਣ ਲਈ ਸਿਰ 'ਤੇ ਛੱਤ ਨਹੀਂ, ਖਾਣ ਵਾਸਤੇ ਖਾਦ ਪਦਾਰਥ ਨਹੀਂ, ਪਸ਼ੂਆਂ ਵਾਸਤੇ ਚਾਰਾ ਨਹੀਂ, ਹਵਾਈ ਸਫ਼ਰ ਕਰਨਾ ਆਰਥਿਕ ਮੰਦਹਾਲੀ ਕਾਰਨ ਆਸਾਨ ਨਹੀਂ। ਵਿਚਾਰੇ ਮਜ਼ਦੂਰ ਤੇ ਮਜਬੂਰ ਲੋਕ ਕਰਨ ਤਾਂ ਕਰਨ ਕੀ ? ਕਈ ਦਹਾਕੇ ਲੱਗ ਜਾਣਗੇ ਇਸ ਦੁਖਾਂਤ ਨੂੰ ਭੁੱਲਣ ਵਿਚ!

ਅਸੀਂ ਸਾਰੇ ਹਮਦਰਦੀ ਰਾਹੀਂ ਹੀ ਢਾਰਸ ਦੇ ਸਕਦੇ ਹਾਂ - ਮੁਸ਼ਕਲਾਂ ਦਾ ਸਾਹਮਣਾ ਤਾਂ ਨੰਗੇ ਪਿੰਡੇ ਉਨ੍ਹਾਂ ਨੂੰ ਹੀ ਕਰਨਾ ਪੈਣਾ ਹੈ, ਪਰ ਸਾਡੇ ਹਮਦਰਦੀ ਦੇ ਬੋਲ ਤੇ ਕੁਝ ਰਾਹਤ ਸਮੱਗਰੀ ਉਨ੍ਹਾਂ ਦੇ ਮਨੋਬਲ ਨੂੰ ਬਲ ਪ੍ਰਦਾਨ ਕਰੇਗੀ, ਜਿਹੜੀ ਮੁਲਕ ਦੇ ਹਰ ਬਾਸ਼ਿੰਦੇ ਵੱਲੋਂ ਜ਼ਰੂਰੀ ਹੈ।

ਜੇਕਰ ਕਿਸੇ ਨੇ ਕੁਦਰਤੀ ਨਜ਼ਾਰਿਆਂ ਦਾ ਅਨੰਦ ਮਾਨਣਾ ਹੋਵੇ ਤਾਂ ਉਹ ਲੇਹ ਜ਼ਰੂਰ ਜਾਵੇ ਪਰ ਗਰਮੀ ਦੇ ਮਹੀਨਿਆਂ ਵਿਚ ਅਤੇ ਸ਼੍ਰੀ ਨਗਰ-ਕਾਰਗਿਲ-ਲੇਹ ਸੜਕੀ ਰਸਤੇ। ਬੱਸ ਫਿਰ ਤੁਹਾਡੀਆਂ ਅੱਖਾਂ ਥੱਕ ਜਾਣਗੀਆਂ, ਦਿਮਾਗ ਵਿਗਾਸ ਵਿਚ ਹੋਵੇਗਾ ਤੇ ਮਨ ਕਾਦਰ ਦੇ ਕੁਦਰਤ ਦੇ ਹੁਸੀਨ ਦੁਰਲੱਭ ਨਜ਼ਾਰੇ ਤੱਕ-ਤੱਕ

ਵਾਹ-ਵਾਹ ਕਰ ਉੱਠੇਗਾ। ਬਨਸਪਤੀ, ਪਹਾੜਾਂ ਦੇ ਰੰਗ-ਢੰਗ, ਉਚਾਈਆਂ ਤੇ ਘਾਟੀਆਂ ਤੱਕ-ਤੱਕ ਤੁਸੀਂ ਇਹ ਕਹਿ ਉਠੋਗੇ:

ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥ *(ਵਾਰ ਆਸਾ ਮਹਲਾ ੧, ਪੰਨਾ 469)*

ਕਸ਼ਮੀਰ 'ਚ ਸਿੱਖਾਂ ਦੀ ਹਾਲਤ ਤਰਸਯੋਗ ਹੈ। ਇਉਂ ਮਹਿਸੂਸ ਹੁੰਦਾ ਹੈ ਜਿਵੇਂ 1947 ਦੇ ਦੁਖਾਂਤ ਦਾ ਨਾਸੂਰ ਫਿਰ ਹਰਿਆ ਹੋ ਗਿਆ ਹੋਵੇ। ਚਿੱਠੀ ਸਿੰਘਪੁਰਾ ਤੇ ਮਜ਼ੂਰਨਗਰ ਕਸ਼ਮੀਰ 'ਚ ਹੋਏ ਸਮੂਹਿਕ ਸਿੱਖ ਕਤਲੇਆਮ ਦੇ ਜ਼ਖ਼ਮ ਅਜੇ ਅੱਲੇ ਹੀ ਹਨ ਕਿ ਸਿੱਖਾਂ ਨੂੰ ਕਸ਼ਮੀਰ ਛੱਡ ਜਾਣ ਦੇ ਲਿਖਤੀ ਆਦੇਸ਼ ਕੰਧਾਂ 'ਤੇ ਚਿਕਪਾਏ ਜਾ ਰਹੇ ਹਨ। ਅਜਿਹੇ ਹਾਲਾਤ 'ਚ ਸਿੱਖਾਂ ਦਾ ਇਕ ਵਫ਼ਦ ਸਿੱਖਾਂ ਦੇ ਜਾਨ-ਮਾਲ ਦੀ ਸੁਰੱਖਿਆ ਵਾਸਤੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਜਥੇਦਾਰ ਅਵਤਾਰ ਸਿੰਘ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਮਿਲਿਆ, ਕਿ ਲੇਹ ਦੁਖਾਂਤ ਵਾਪਰ ਗਿਆ। ਬਲਿਹਾਰ ਜਾਈਏ ਸਿੱਖਾਂ ਦੇ, ਜਿਨ੍ਹਾਂ ਸਭ ਕੁਝ ਭੁੱਲ ਕੇ ਕੁਦਰਤੀ ਕਰੋਪੀ ਸਮੇਂ ਸਹਾਇਤਾ ਕਰਨ ਦਾ ਆਇਦ ਪੂਰਾ ਕੀਤਾ। ਹਰ ਸਿੱਖ ਸਵੇਰੇ-ਸ਼ਾਮ ਦੁਸ਼ਮਣ-ਮਿੱਤਰ ਸਭ ਦਾ ਭਲਾ ਮੰਗਦਾ ਹੈ ਤੇ ਅਮਲ 'ਚ ਕਰ ਕੇ ਦਿਖਾਉਂਦਾ ਹੈ। ਇਸ ਸਿੱਖ ਆਚਰਣ ਨੂੰ ਪ੍ਰਗਟ ਕਰਨ ਦੀ ਸਖ਼ਤ ਜ਼ਰੂਰਤ ਹੈ ਤਾਂ ਕਿ ਬਹੁ-ਗਿਣਤੀ ਦੀਆਂ ਅੱਖਾਂ ਤੋਂ ਹਉਮੈ-ਹੰਕਾਰ ਦੀ ਪੱਟੀ ਉਤਰ ਸਕੇ...।

ਸੁਣਿਆ-ਪੜ੍ਹਿਆ-ਦੇਖਿਆ ਮਾਸਕੋ

ਕਾਮਰੇਡ ਭਾਈ ਇਹ ਮੰਨਦੇ ਹਨ ਕਿ ਸਮਾਜ ਨੂੰ ਸਮਝਣ ਤੇ ਬਦਲਣ ਵਾਸਤੇ ਮਾਰਕਸਵਾਦ ਲੈਨਿਨਵਾਦ ਹੀ ਇੱਕੋ ਇਕ ਵਿਗਿਆਨਕ ਸਮਝ ਹੈ। ਖ਼ਾਲਸੇ ਪੰਥ ਦੀ ਸਾਜਨਾ ਤੋਂ 218 ਸਾਲ ਪਿੱਛੋਂ 1917 ਈ. 'ਚ ਲੈਨਿਨ ਨੇ ਜਦੋਂ ਕਮਿਊਨਿਸਟ ਪਾਰਟੀ ਦੀ ਸਥਾਪਨਾ ਕੀਤੀ, ਉਸ ਦੇ ਜ਼ਿੰਮੇ ਸਾਰੇ ਸੰਸਾਰ ਅਤੇ ਮਨੁੱਖ ਜਾਤੀ ਵਿਚ ਸ਼ੋਸਲਿਸ਼ਟ ਲੀਹਾਂ ਉੱਤੇ ਵਿਦ੍ਰੋਹ-ਕ੍ਰਾਂਤੀ ਦਾ ਪ੍ਰੋਗਰਾਮ ਲਾਇਆ ਗਿਆ ਤਾਂ ਉਸ ਨੇ ਬੜੇ ਗੌਰਵ ਨਾਲ ਦਾਹਵਾ ਕੀਤਾ ਕਿ ਅਜੇਹਾ ਸਮਾਜਵਾਦ ਸੰਸਾਰ ਦੀ ਤਵਾਰੀਖ਼ ਵਿਚ ਪਹਿਲੀ ਵਾਰ ਸਿਰਜਿਆ ਗਿਆ ਹੈ। ਸਿਰਦਾਰ ਕਪੂਰ ਸਿੰਘ ਦੇ ਸ਼ਬਦਾਂ 'ਚ ਇਹ ਦਾਹਵਾ ਅਗਿਆਨ ਆਸ਼੍ਰਿਤ ਸੀ ਅਤੇ 1952 ਈ. ਵਿਚ ਜਗਤ ਪ੍ਰਸਿੱਧ ਇਤਿਹਾਸਕਾਰ ਆਰਨੋਲਡ ਟਾਇਨਬੀ ਨੇ ਆਪਣੇ ਮਹਾਂ ਗ੍ਰੰਥ *ਹਿਸਟਰੀ ਆਫ਼ ਦਾ ਵਰਲਡ* ਵਿਚ ਨਿਰਣਾ ਕੀਤਾ ਹੈ ਕਿ ਲੈਨਿਨ ਦੀ ਕਮਿਊਨਿਸਟ ਪਾਰਟੀ ਦਾ ਪੂਰਵਜ ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਹੈ ਅਤੇ ਇਹ ਪਾਰਟੀ ਸੁਯੰਭਵ ਉਤਪਤੀ ਦੀ ਪਦਵੀ ਦੀ ਅਧਿਕਾਰੀ ਨਹੀਂ।

ਖ਼ਾਲਸਾ ਪੰਥ ਜਿਸ ਤਰ੍ਹਾਂ ਸਿਧਾਂਤ ਤੇ ਅਮਲ 'ਚ ਸਮਾਜਿਕ ਬਰਾਬਰੀ ਨੂੰ ਰੂਪਮਾਨ ਕਰਦਾ ਹੈ, ਉਸ ਦਾ ਸਮਾਜ ਪਾਸ ਕੋਈ ਬਦਲ ਨਹੀਂ। ਗੁਰੂ ਕੇ ਸਿੱਖ ਸਦਵਾਉਣ ਦੇ ਮਾਣ ਦਾ ਧਾਰਨੀ ਹੋਣ ਕਰਕੇ ਮੈਂ ਇਹ ਵੀ ਮੰਨਦਾ ਹਾਂ ਕਿ 'ਧਰਮ' ਤੋਂ ਬਿਨਾਂ ਸਮਾਜ ਦੀ ਕਲਪਨਾ ਕਰਨੀ ਵਿਅਰਥ ਹੈ। ਬ੍ਰਹਿਮੰਡ ਦੇ ਕਣ-ਕਣ 'ਚ ਕੁਦਰਤ ਦਾ ਧਰਮ ਵਿਦਮਾਨ ਹੈ ਪਰ ਆਦਮੀ ਹੀ ਧਰਮ ਮਰਯਾਦਾ ਤੋਂ ਆਨਾ-ਕਾਨੀ ਕਰਨ 'ਚ ਫ਼ਖ਼ਰ ਮਹਿਸੂਸ ਕਰਦਾ ਹੈ।

ਮੈਂ ਘੁਮੱਕੜ ਸੁਭਾਅ ਦਾ ਹੋਣ ਕਾਰਨ ਇਸ ਯਕੀਨ ਦਾ ਧਾਰਨੀ ਹਾਂ ਕਿ ਜਿਤਨਾ ਤੁਸੀਂ ਵੱਧ ਵਿਚਰਦੇ ਹੋ, ਵਿਚਾਰ ਚਰਚਾ ਕਰਦੇ ਹੋ, ਓਨਾ ਹੀ ਤੁਹਾਡਾ ਗਿਆਨ ਭੰਡਾਰ ਵਸੀਹ ਹੁੰਦਾ ਹੈ। ਹੁਣ ਤੀਕ ਮੈਨੂੰ ਇੰਗਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਪਾਕਿਸਤਾਨ, ਨਿਪਾਲ ਆਦਿ ਦੇਸ਼ਾਂ 'ਚ ਕਈ ਵਾਰ ਜਾਣ ਤੇ ਭਾਰਤ ਭਰ ਦਾ ਭਰਮਣ ਕਰਨ ਦਾ ਮੌਕਾ ਮਿਲਿਆ ਹੈ। ਕਸ਼ਮੀਰ ਤੋਂ ਕੰਨਿਆ ਕੁਮਾਰੀ ਹੀ ਨਹੀਂ, ਸਗੋਂ ਲੇਹ ਤੋਂ ਪੋਰਟ ਬਲੇਅਰ ਤੀਕ ਵੀ ਜਾਣ ਦਾ ਅਵਸਰ ਮੈਨੂੰ ਮਿਲਿਆ ਭਾਵੇਂ ਕਿ ਜਾਣ ਦਾ ਬਹਾਨਾ ਸੁਨਾਮੀ ਤੇ ਬੱਦਲ ਫੱਟਣ ਨਾਲ ਹੋਏ ਜਾਨੀ ਤੇ ਮਾਲੀ ਨੁਕਸਾਨ ਦਾ ਅਨੁਮਾਨ ਲਗਾਉਣ ਤੇ ਰਾਹਤ ਸਮੱਗਰੀ ਵੰਡਣ ਦਾ ਸੀ। ਆਪਣੇ ਲੰਮੇ ਸਫ਼ਰਾਂ 'ਚੋਂ ਇਸ ਤੋਂ ਪਹਿਲਾਂ ਮੈਂ ਕੇਵਲ 'ਸੁਨਾਮੀ ਦਾ ਕਹਿਰ ਤੇ ਸਿੱਖ' (ਅੰਡੇਮਾਨ

ਨਿਕੋਬਾਰ) ਅਤੇ 'ਲੇਹ 'ਚ ਵਾਪਰਿਆ ਦੁਖਾਂਤ ਤੇ ਸਿੱਖ' ਹੀ ਲਿਖੇ ਤੇ ਛਪਵਾਏ। ਪਹਿਲੇ ਕੀਤੇ ਸਫ਼ਰਾਂ ਦੀ ਦਾਸਤਾਨ ਮੈਂ ਕਲਮ-ਬੱਧ ਤਾਂ ਕਰਾਂਗਾ ਪਰ ਅਜੇ ਨਹੀਂ, ਕਿਉਂਕਿ ਸਫ਼ਰਾਂ ਦੌਰਾਨ ਮੈਨੂੰ ਉੱਚ ਪਦਵੀਆਂ 'ਤੇ ਬਿਰਾਜਮਾਨ ਸ਼ਖ਼ਸੀਅਤਾਂ ਨਾਲ ਵਿਚਰਨ ਦਾ ਸਮਾਂ ਵੀ ਮਿਲਿਆ, ਜਿਨ੍ਹਾਂ ਬਾਰੇ ਫਿਰ ਕਦੇ ਲਿਖਿਆ ਜਾਵੇਗਾ।

ਗਿਆਨੀ ਗੁਰਬਚਨ ਸਿੰਘ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਮੁੱਖ-ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਗਿਆਨੀ ਇਕਬਾਲ ਸਿੰਘ ਜਥੇਦਾਰ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਨਾਲ ਮੈਨੂੰ 29 ਸਤੰਬਰ ਤੋਂ 3 ਅਕਤੂਬਰ ਤੀਕ ਮਾਸਕੋ ਯਾਤਰਾ 'ਤੇ ਜਾਣ ਦਾ ਸੁਭਾਗ ਪ੍ਰਾਪਤ ਹੋਇਆ। 29 ਸਤੰਬਰ, 2011, ਸਵੇਰੇ 4:10 ਦਾ ਸਮਾਂ ਸੀ ਜਦ ਅਸੀਂ ਨਵੀਂ ਦਿੱਲੀ ਤੋਂ ਰੂਸੀ ਏਅਰਲਾਈਨ ਦੇ ਜਹਾਜ਼ 'ਚ ਸਵਾਰ ਹੋਣ ਵਾਸਤੇ ਆਏ ਤੇ ਸਵੇਰੇ 4:55 ਸਾਡੇ ਜਹਾਜ਼ ਨੇ ਉਡਾਣ ਭਰੀ। ਮੇਰੇ ਇਕ ਪਾਸੇ ਗਿਆਨੀ ਗੁਰਬਚਨ ਸਿੰਘ ਜੀ, ਪਿੱਛੇ ਗਿਆਨੀ ਇਕਬਾਲ ਸਿੰਘ ਜੀ, ਉਨ੍ਹਾਂ ਦੇ ਨਾਲ ਦੂਸਰੇ ਪਾਸੇ ਗਿਆਨੀ ਜਸਵਿੰਦਰ ਸਿੰਘ ਜੀ ਸਨ। ਪਿਛਲੀ ਸੀਟ 'ਤੇ ਸ. ਸਤਨਾਮ ਸਿੰਘ ਸਲੂਜਾ, ਪਿੰਕੀ ਭੈਣ ਜੀ ਤੇ ਸੂਰਜ ਰੱਤੜਾ ਵੀ ਸਨ। ਖਾਣੇ ਬਾਰੇ ਅਗਾਊਂ ਸੂਚਨਾ ਨਾ ਦੇਣ ਕਾਰਨ ਸਾਨੂੰ ਏਅਰਪੋਰਟ ਤੋਂ ਸਫ਼ਰ ਵਾਸਤੇ ਖਾਣਾ ਖ਼ਰੀਦਣਾ ਪਿਆ। ਚਾਹ-ਕੌਫ਼ੀ, ਜੂਸ ਤੇ ਟਮਾਟੋ ਸੂਪ ਅਸੀਂ ਜਹਾਜ਼ 'ਚੋਂ ਲੈ ਹੀ ਲਿਆ। ਰੂਸੀ ਏਅਰਲਾਈਨ ਦਾ ਜਹਾਜ਼ ਨਵੀਂ ਦਿੱਲੀ ਤੋਂ ਅੰਮ੍ਰਿਤਸਰ, ਲਾਹੌਰ, ਕਾਬਲ ਦੇ ਉੱਪਰ ਦੀ ਗੁਜ਼ਰ ਮਾਸਕੋ ਵੱਲ ਵੱਧ ਰਿਹਾ ਸੀ। ਨਵੀਂ ਦਿੱਲੀ ਤੋਂ ਮਾਸਕੋ ਦੀ ਦੂਰੀ ਹਵਾਈ ਸਫ਼ਰ ਅਨੁਸਾਰ 2812 ਮੀਲ ਹੈ। ਹਵਾਈ ਜਹਾਜ਼ 33000 ਫ਼ੁੱਟ ਦੀ ਉੱਚਾਈ 'ਤੇ 502 ਪ੍ਰਤੀ ਮੀਲ ਘੰਟੇ ਦੀ ਗਤੀ ਨਾਲ ਚੱਲ ਰਿਹਾ ਸੀ। ਸਾਡੀ ਵਾਲੀ ਫ਼ਲਾਈਟ 'ਚ ਪੰਜਾਬ ਤੇ ਹਰਿਆਣਾ 'ਚੋਂ 24 ਪੰਜਾਬੀ ਮੁੰਡੇ ਬਾਕੂ ਸ਼ਹਿਰ 'ਚ ਤਰਖਾਣਾ ਕੰਮ ਕਰਨ ਵਾਸਤੇ ਜਾ ਰਹੇ ਸਨ ਜਿਨ੍ਹਾਂ ਨੂੰ ਇਕ ਟਰੈਵਲ ਏਜੰਸੀ ਨੇ ਭੇਜਿਆ ਸੀ। ਪਹਿਲੀ ਵਾਰ ਸਫ਼ਰ ਕਰਨ ਕਰਕੇ ਦੁਚਿੱਤੀ 'ਚ ਸਨ ਕਿ ਬਾਥਰੂਮ ਇਸਤਰੀਆਂ ਵਾਸਤੇ ਹਨ ਜਾਂ ਮਰਦਾਂ ਵਾਸਤੇ ? ਅਸੀਂ ਜਾ ਸਕਦੇ ਹਾਂ ਕਿ ਨਹੀਂ ? ਮਾਸਾਹਾਰੀ ਭੋਜਨ ਅੰਮ੍ਰਿਤ ਵੇਲੇ ਹੀ ਖਵਾ ਦਿੱਤਾ ਗਿਆ, ਜਿਸ ਨੂੰ ਉਹ ਵੀ ਬੜੇ ਚਾਅ ਨਾਲ ਖਾ ਰਹੇ ਸੀ। ਉਨ੍ਹਾਂ ਵਿਚਾਰਿਆਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਮਾਸ ਕਿਸ ਦਾ ਹੈ ? ਝਟਕਾ ਹੈ ਜਾਂ ਕੁੱਠਾ ? 24 ਪੰਜਾਬੀ ਮੁੰਡਿਆਂ 'ਚੋਂ ਇਕ ਦੋ ਸਾਬਤ ਸੂਰਤ, ਕੁਝ ਕੁ ਦਸਤਾਰਧਾਰੀ ਤੇ ਬਹੁਤੇ ਦਸਤਾਰ ਤੋਂ ਵੀ ਵਿਹੂਣੇ ਸਨ। ਮੈਨੂੰ ਉਨ੍ਹਾਂ 'ਚੋਂ ਇਕ ਨੇ ਦੱਸਿਆ ਕਿ ਸਾਨੂੰ ਕਿਹਾ ਗਿਆ ਸੀ ਕਿ ਤੁਹਾਡਾ ਵੀਜ਼ਾ ਇਕ ਸਾਲ ਦਾ ਹੈ, ਪਰ ਹੁਣ ਪਤਾ ਲੱਗਾ 3 ਮਹੀਨਿਆਂ ਦਾ ਹੀ ਹੈ।

ਸਾਡੇ ਵਾਲੀ ਫ਼ਲਾਈਟ 'ਚ ਹੀ ਇਰਸ਼ਾਦ ਨਾਂ ਦਾ ਮੁਸਲਮਾਨ ਨੌਜੁਆਨ ਸਹਾਰਨਪੁਰ ਦਾ ਵਾਸੀ ਵੀ ਬਾਕੂ ਜਾ ਰਿਹਾ ਸੀ ਪਰ ਹਿੰਦੀ ਤੋਂ ਬਿਨਾਂ ਕਿਸੇ ਭਾਸ਼ਾ ਨੂੰ ਨਹੀਂ ਸੀ ਜਾਣਦਾ। ਕੋਲਡ ਡਰਿੰਕ ਦੇ ਕੋਨ 'ਤੇ ਹੱਥ ਰੱਖ ਕੇ ਕੋਕ ਦੀ ਮੰਗ ਕਰਦਾ ਹੈ। ਜਦ ਅਸੀਂ Immigration Form ਭਰਨ ਲੱਗੇ ਤਾਂ ਕਹਿਣ ਲੱਗਾ ਕਿ ਮੈਨੂੰ ਵੀ ਭਰ ਦਿਓ। ਮੈਂ ਸੋਚ ਰਿਹਾ ਸਾਂ ਕਿ ਕਿਤਨੀ ਬਲਵਾਨ ਮਾਨਸਿਕਤਾ ਦੇ ਮਾਲਕ

ਹਨ, ਇਹ ਨੌਜੁਆਨ ! ਜਿਥੇ ਇਹ ਜਾ ਰਹੇ ਹਨ ਉਥੇ ਦੀ ਭਾਸ਼ਾ, ਖਾਣ-ਪੀਣ, ਰਹਿਣ-ਸਹਿਣ, ਕੰਮ-ਕਾਰ, ਆਵਾਜਾਈ ਦੇ ਸਾਧਨਾਂ ਤੇ ਮੌਸਮ ਬਾਰੇ ਕੋਈ ਜਾਣਕਾਰੀ ਨਹੀਂ, ਪਰ ਫਿਰ ਵੀ ਵਿਦੇਸ਼ ਜਾ ਕੇ ਕੰਮ ਕਰਨ ਦੀ ਤਮੰਨਾ ਤੇ ਚਾਅ ਹੈ, ਇਨ੍ਹਾਂ ਦੇ ਮਨ 'ਚ। ਆਪਣੀ ਗ਼ਰੀਬੀ ਨੂੰ ਦੂਰ ਕਰਨ ਲਈ ਲੰਮੀ ਲੜਾਈ ਲੜਨ ਵਾਸਤੇ ਇਹ ਨੌਜੁਆਨ ਤਿਆਰ ਹਨ।

ਖ਼ੈਰ ਮੈਂ ਸ਼ੁਕਰਗੁਜ਼ਾਰ ਹਾਂ ਗੁਰੂ ਰਾਮਦਾਸ ਜੀ ਦਾ ਜਿਨ੍ਹਾਂ ਦੀ ਬਖ਼ਸ਼ਿਸ਼ ਸਦਕਾ ਮੈਨੂੰ ਵਿਸ਼ਵ ਭਰ 'ਚ ਤਿੰਨ ਚਾਰ ਦਿਨਾਂ ਦੇ ਚੱਕਰ ਲਾਉਣ ਦਾ ਮੌਕਾ ਵੀ ਪ੍ਰਾਪਤ ਹੋਇਆ। ਵਿਸ਼ਵ 'ਚ ਘੁੰਮਣ ਦੌਰਾਨ ਸਮਝ ਆਈ ਕਿ ਸੈਂਕੜੇ ਦੇਸ਼ਾਂ 'ਚੋਂ ਕੇਵਲ ਪੰਜ-ਚਾਰ ਦੇਸ਼ਾਂ ਦੀ ਕਰੰਸੀ ਹੀ ਦੁਨੀਆਂ ਭਰ 'ਚ ਪ੍ਰਵਾਨ ਕੀਤੀ ਜਾਂਦੀ ਹੈ। ਧਰਮ ਦੀ ਦੁਨੀਆਂ 'ਚ 'ਨਾਂ' ਚੱਲਦਾ ਹੈ। ਜਿਨ੍ਹਾਂ ਪਾਸ ਗੁਰੂ ਨਾਨਕ ਦਾ ਨਾਮ ਹੈ ਭਾਵ ਬਾਣੀ ਰੂਪੀ ਸ਼ਬਦ ਦਾ ਖ਼ਜ਼ਾਨਾ ਹੈ, ਉਨ੍ਹਾਂ ਨੂੰ ਪੈਸੇ, ਰਿਜ਼ਕ ਰੂਪੀ ਕਰੰਸੀ ਪੱਲੇ ਨਹੀਂ ਬੰਨ੍ਹਣੀ ਪੈਂਦੀ, ਜਿਸ ਦੇਸ਼ ਜਾ ਰਹੇ ਹਾਂ ਉਸ ਦੇਸ਼ ਦੀ ਕਰੰਸੀ ਪਿੱਛੇ-ਪਿੱਛੇ ਚੱਲਣ 'ਚ ਫ਼ਖ਼ਰ ਮਹਿਸੂਸ ਕਰਦੀ ਹੈ। ਗੁਰੂ ਨਾਨਕ ਨਾਮ ਲੇਵਾ ਸਿੱਖ ਦੁਨੀਆਂ ਭਰ 'ਚ ਬਹੁਤ ਸਾਰੇ ਦੇਸਾਂ 'ਚ ਵੱਸੇ ਹਨ, ਉਨ੍ਹਾਂ ਪਾਸ ਜਦ ਨਾਮਧਰੀਕ ਸਿੱਖ ਜਾਂਦੇ ਹਨ, ਉਹ ਸਮਝਦੇ ਹਨ ਸਾਡੇ ਪਾਸ-ਦਰਵੇਸ਼ ਆਏ ਹਨ। ਗੁਰੂ ਨਾਨਕ ਦੇਵ ਜੀ ਦਾ ਚਲਾਇਆ ਹੋਇਆ 20 ਰੁਪਏ ਦਾ ਲੰਗਰ ਕਿਸੇ ਵੀ ਸਿੱਖ ਨੂੰ ਵਿਸ਼ਵ ਦੇ ਕੋਨੇ ਵਿਚ ਭੁੱਖਾ ਨਹੀਂ ਰਹਿਣ ਦੇਂਦਾ, ਸਗੋਂ ਗੁਰੂ-ਘਰਾਂ 'ਚ ਨਿਵਾਸ, ਪ੍ਰਸ਼ਾਦਾ-ਪਾਣੀ ਤੇ ਮਾਣ ਸਤਿਕਾਰ ਵੀ ਮਿਲਦਾ ਹੈ। ਧਰਮ ਦੀ ਦੁਨੀਆਂ 'ਚ ਵੀ ਦੋ ਤਰ੍ਹਾਂ ਦੇ ਲੋਕ ਹਨ—ਇਕ ਗੁਰੂ ਨਾਨਕ ਦੇ ਨਾਮ 'ਤੇ ਸੇਵਾ-ਪੂਜਾ-ਉਪਾਸ਼ਨਾ ਕਰਦੇ ਹਨ ਤੇ ਦੂਸਰੇ ਕਰਾਉਂਦੇ ਹਨ, ਕਰਨ ਵਾਲੇ ਦੀ ਭਾਵਨਾ 'ਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਪਰ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਸੇਵਾ ਕਰਵਾਉਣ ਵਾਲੇ ਨੂੰ ਆਪਣੇ ਆਪ ਦਾ ਜ਼ਰੂਰ ਪਤਾ ਹੁੰਦਾ ਹੈ ਕਿ ਮੈਂ ਟਹਿਲ-ਸੇਵਾ ਕਰਾਉਣ ਦਾ ਅਧਿਕਾਰੀ ਹਾਂ ਜਾਂ ਕੇਵਲ ਦੁਕਾਨਦਾਰੀ ਕਰ ਰਿਹਾ ਹਾਂ ? ਬਹੁਤੇ ਤਾਂ ਨਾਮਧਰੀਕ ਧਰਮ ਦੇ ਨਾਂ 'ਤੇ ਵਾਪਾਰ ਹੀ ਕਰ ਰਹੇ ਹਨ, ਵਿਚਾਰਧਰੀਕ ਤਾਂ ਵਿਰਲੇ ਹੀ ਹਨ।

ਅਸੀਂ ਮਾਸਕੋ ਸਮੇਂ ਅਨੁਸਾਰ ਸਵੇਰੇ 9:35 'ਤੇ ਮਾਸਕੋ ਪਹੁੰਚ ਗਏ। ਹਵਾਈ ਸਫ਼ਰ ਦੀ ਸਮਾਪਤੀ 'ਤੇ ਹਵਾਈ ਅੱਡੇ ਤੋਂ ਬਾਹਰ ਨਿਕਲਣ ਉੱਤੇ ਪਹਿਲਾਂ ਕਾਗ਼ਜ਼ੀ ਕਾਰਵਾਈ ਪੂਰੀ ਕਰ, ਅਸੀਂ ਬਾਥਰੂਮ ਵੱਲ ਵੱਧਦੇ ਹਾਂ, ਪਰ ਟਾਇਲਟ ਇਕ ਹੀ ਹੋਣ ਕਾਰਨ ਸਾਨੂੰ ਇਕ ਦੂਸਰੇ ਦੀ ਇੰਤਜ਼ਾਰ ਕਰਨੀ ਪਈ। ਸਾਮਾਨ ਪ੍ਰਾਪਤ ਕਰ ਕੇ ਕਸਟਮ ਵਿਭਾਗ ਵਾਲੇ ਸਾਮਾਨ ਦੀ ਚੈਕਿੰਗ ਕਰਦੇ ਹਨ। ਸਾਡੇ ਪਾਸ ਕਿਸੇ ਕਿਸਮ ਦਾ ਇਤਰਾਜ਼ਯੋਗ ਸਾਮਾਨ ਤਾਂ ਹੈ ਨਹੀਂ ਸੀ, ਜਿਸ 'ਤੇ ਚੈਕਿੰਗ ਦੌਰਾਨ ਕਸਟਮ ਡਿਊਟੀ ਲੱਗਦੀ ਪਰ ਰੂਸੀ ਚੈਕਿੰਗ ਬੜੀ ਬਰੀਕ ਬੀਨੀ ਨਾਲ ਕਰਦੇ ਹਨ, ਸ਼ਾਇਦ ਡਰੱਗਜ਼ ਕਰਕੇ। ਆਮ ਕਰਕੇ ਕਾਅਬੇ 'ਚ ਕੁਫ਼ਰ ਦੀ ਗੱਲ ਕੀਤੀ ਜਾਂਦੀ ਹੈ। ਇਥੇ ਕਾਅਬਾ ਹੀ ਨਹੀਂ, ਰੱਬੀ ਸ਼ਕਤੀ 'ਚ ਯਕੀਨ ਨਹੀਂ ਪਰ ਰੱਬੀ ਜੀਵ ਕੁੱਤੇ 'ਤੇ, ਮਨੁੱਖ ਨਾਲੋਂ ਵੱਧ ਭਰੋਸਾ ਹੈ, ਯਕੀਨ ਹੈ। ਧਰਮ ਯਕੀਨ, ਭਰੋਸੇ, ਵਿਸ਼ਵਾਸ ਦਾ ਹੀ ਨਾਂ ਹੈ। ਸਾਮਾਨ

ਵੀ ਚੈਕਿੰਗ ਕੁੱਤੇ ਰਾਹੀਂ ਕਰਵਾਈ ਜਾ ਰਹੀ ਹੈ। ਕਰਤੇ ਦੀ ਕਿਰਤ ਕੁੱਤਾ ਵੀ ਕਿਤਨਾ ਸਿਆਣਾ ਤੇ ਵਫ਼ਾਦਾਰ ਜੀਵ ਹੈ, ਦਿਲ ਦੀ ਦੁਆਈ ਨੂੰ ਸੁੰਘਣ ਦੀ ਸ਼ਕਤੀ ਤੇ ਸਮਰੱਥਾ ਵੀ ਰੱਖਦਾ ਹੈ।

ਹਵਾਈ ਅੱਡੇ 'ਤੇ ਸਾਡੀ ਆਓ ਭਗਤ ਕਰਨ ਵਾਸਤੇ ਵੱਡੀ ਗਿਣਤੀ ਅਫ਼ਗਾਨੀ ਤੇ ਖ਼ੋਸਤੀ ਗੁਰੂ ਨਾਨਕ ਨਾਮ ਲੇਵਾ ਸਿੱਖ, ਪਹੁੰਚੇ ਹੋਏ ਸਨ। ਹੱਥਾਂ ਵਿਚ ਸੁੰਦਰ ਫੁੱਲਾਂ ਦੇ ਗੁਲਦਸਤੇ ਤੇ ਚੇਹਰੇ ਦੀ ਮੁਸਕਰਾਹਟ ਉਨ੍ਹਾਂ ਦੇ ਜਜ਼ਬਿਆਂ ਦੀ ਤਰਜਮਾਨੀ ਕਰ ਰਹੇ ਸਨ। ਅਸੀਂ ਛੇ ਯਾਤਰੂ ਹੀ ਸਾਂ ਪਰ ਲੈਣ ਵਾਲੀਆਂ ਕਾਰਾਂ ਦੀ ਗਿਣਤੀ ਕਾਫ਼ੀ ਸੀ। ਖ਼ੈਰ ਅਸੀਂ ਛੇ ਜਣੇ ਚਾਰ ਵੱਡੀਆਂ-ਵੱਡੀਆਂ ਕਾਰਾਂ 'ਚ ਸਵਾਰ ਹੋ ਮਾਸਕੋ ਸ਼ਹਿਰ ਵੱਲ ਰਵਾਨਾ ਹੋ ਗਏ। ਸੜਕਾਂ ਅਮਰੀਕਾ ਵਾਂਗ ਹੀ ਚੌੜੀਆਂ, ਸਾਫ਼ ਸੁਥਰੀਆਂ ਪਰ ਕਾਰਾਂ, ਬੱਸਾਂ, ਟਰੱਕਾਂ ਆਦਿ ਨਾਲ ਭਰਪੂਰ। ਰਸਤੇ 'ਚ ਸੜਕ ਕਿਨਾਰੇ ਇਕ ਸਾਧਾਰਨ ਰੈਸਟੋਰੈਂਟ ਤੋਂ ਅਸੀਂ ਚਾਹ-ਕੌਫ਼ੀ ਪੀਤੀ ਤੇ ਅਗਲੇ ਸਫ਼ਰ ਲਈ ਰਵਾਨਾ ਹੋ ਗਏ। ਸਫ਼ਰ ਕੇਵਲ 45 ਕਿਲੋਮੀਟਰ ਪਰ ਸਮਾਂ ਸਾਨੂੰ ਕੋਈ 2½ ਘੰਟੇ ਲੱਗਾ। ਮੈਂ ਸੋਚ ਰਿਹਾ ਸਾਂ ਜੇਕਰ ਇਸ ਜਾਮ 'ਚ ਕੋਈ ਕਾਮਰੇਡ ਭਾਈ ਫਸ ਗਿਆ ਹੋਵੇ ਤਾਂ ਉਹ ਪ੍ਰਬੰਧ ਨੂੰ ਜ਼ਿੰਮੇਵਾਰ ਕਹੇਗਾ ਕਿ ਸਮਾਜਵਾਦ ਦੇ ਜਾਣ ਬਾਅਦ ਅਜਿਹੇ ਹੀ ਹਾਲਾਤ ਬਣਦੇ ਹਨ!

29 ਸਤੰਬਰ, 2011 ਨੂੰ ਅਸੀਂ ਚੌਧਰੀ ਹੀਰਾ ਨੰਦ ਦੇ ਸਪੁੱਤਰ ਸੂਰਜ ਰੱਤੜਾ ਜੀ ਦੇ ਘਰ ਪਹੁੰਚ ਵਿਸ਼ਰਾਮ ਕੀਤਾ। ਇਸ਼ਨਾਨ ਕਰ ਕੇ ਪ੍ਰਸ਼ਾਦਾ ਛਕਿਆ ਤੇ ਮਾਸਕੋ ਦੇ ਇੱਕੋ-ਇਕ ਗੁਰੂ-ਘਰ ਦੇ ਦਰਸ਼ਨ ਕਰਨ ਚੱਲ ਪਏ। ਗੁਰੂ-ਘਰ ਦੀ ਇਮਾਰਤ ਮਾਸਕੋ ਦੇ ਇਕ ਪੁਲਿਸ ਸਟੇਸ਼ਨ ਦੇ ਉੱਪਰ ਹੈ। ਸੁਰੱਖਿਆ ਪੱਖੋਂ ਇਹ ਬਹੁਤ ਵਧੀਆ ਜਗ੍ਹਾ ਹੈ। ਗੁਰੂ-ਘਰ ਬਹੁਤ ਹੀ ਸਾਫ਼ ਸੁਥਰਾ ਤੇ ਸ਼ਾਨਦਾਰ ਹੈ। 'ਸਿੱਖ ਕਲਚਰ ਸੁਸਾਇਟੀ' ਦੇ ਨਾਂ 'ਤੇ ਸਥਾਪਤ ਇਸ ਗੁਰੂ-ਘਰ 'ਚ ਸਿੱਖ ਭਾਵੇਂ ਉਹ ਅਫ਼ਗਾਨੀ ਹਨ ਜਾਂ ਖ਼ੋਸਤੀ, ਆਪਸੀ ਮੁਹੱਬਤ ਨਾਲ ਰਹਿੰਦੇ ਹਨ।

ਸੰਗਤਾਂ ਇਥੇ ਵੀ ਵਿਸ਼ੇਸ਼ ਕਰਕੇ ਹਫ਼ਤੇ ਦੇ ਆਖ਼ਰੀ ਦਿਨਾਂ 'ਚ ਛੁੱਟੀ ਸਮੇਂ ਪਹੁੰਚਦੀਆਂ ਹਨ। ਰੋਜ਼ਾਨਾ ਸਵੇਰੇ ਸ਼ਾਮ ਵੀ ਥੋੜ੍ਹੀ-ਬਹੁਤ ਸੰਗਤ ਜੁੜਦੀ ਹੈ। ਗੁਰੂ-ਘਰ ਦੇ ਦਰਸ਼ਨ ਕਰ ਕੇ ਸਾਡਾ ਮਨ ਗਦ ਗਦ ਹੋ ਗਿਆ। ਗੁਰ-ਘਰ ਦੇ ਦਰਸ਼ਨ ਕਰਨ ਉਪਰੰਤ ਪ੍ਰਬੰਧਕਾਂ ਵੱਲੋਂ ਸਾਨੂੰ ਚਾਹ-ਪਾਣੀ ਪਿਆਇਆ ਗਿਆ। ਪ੍ਰਬੰਧਕ ਬਹੁਤ ਖ਼ੁਸ਼ ਸਨ ਕਿ ਗੁਰੂ-ਘਰ 'ਚ ਦੋ ਤਖ਼ਤਾਂ ਦੇ ਜਥੇਦਾਰ, ਗਿਆਨੀ ਗੁਰਬਚਨ ਸਿੰਘ ਜੀ ਤੇ ਗਿਆਨੀ ਇਕਬਾਲ ਸਿੰਘ ਜੀ ਤੇ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਗਿਆਨੀ ਜਸਵਿੰਦਰ ਸਿੰਘ ਜੀ, ਇਨ੍ਹਾਂ ਸਤਰਾਂ ਦਾ ਲਿਖਾਰੀ, ਬਾਵਾ ਤੇਜ ਭਾਨ ਸਿੰਘ ਜੀ ਦੀ ਸਪੁੱਤਰੀ ਬੀਬੀ ਪਰਮਜੀਤ ਕੌਰ ਤੇ ਦਾਮਾਦ ਸਤਨਾਮ ਸਿੰਘ ਸਲੂਜਾ ਜੀ ਹਾਜ਼ਰ ਹਨ। ਪ੍ਰਬੰਧਕਾਂ ਨੇ ਸਾਨੂੰ ਸਨਿਚਰ ਤੇ ਐਤਵਾਰ ਦੇ ਦੀਵਾਨਾਂ 'ਚ ਗੁਰਮਤਿ ਵਿਚਾਰਾਂ ਕਰਨ ਲਈ ਪ੍ਰੇਮ ਪੂਰਵਕ ਸੱਦਾ ਦਿੱਤਾ, ਜਿਸ ਨੂੰ ਅਸੀਂ ਖ਼ੁਸ਼ੀ ਖ਼ੁਸ਼ੀ ਸਵੀਕਾਰ ਕੀਤਾ।

ਮਾਸਕੋ ਸ਼ਹਿਰ ਦੀ ਕਹਾਣੀ 1147 ਈ. ਤੋਂ ਆਰੰਭ ਹੁੰਦੀ ਹੈ। ਮਾਸਕੋ ਦਿਵਸ

ਸਤੰਬਰ ਦੇ ਪਹਿਲੇ ਸਨਿਚਰ ਤੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਰੂਸ ਦੀ ਰਾਜਧਾਨੀ ਮਾਸਕੋ, ਦੁਨੀਆਂ ਦੇ ਪ੍ਰਮੁੱਖ ਸ਼ਹਿਰਾਂ 'ਚੋਂ ਸਭ ਤੋਂ ਅਹਿਮ ਮਹਿੰਗਾ ਸ਼ਹਿਰ ਹੈ। ਮਾਸਕੋ ਰਾਜਨੀਤਕ, ਆਰਥਿਕ, ਵਿਗਿਆਨਕ, ਧਾਰਮਿਕ, ਵਿਦਿਅਕ, ਆਵਾਜਾਈ ਦੇ ਸਾਧਨਾਂ ਦਾ ਅੰਤਰਰਾਸ਼ਟਰੀ ਕੇਂਦਰ ਹੈ। ਧਰਤੀ ਦੇ ਧੁਰ ਦੱਖਣ 'ਚ ਵੱਸੇ ਇਸ ਸ਼ਹਿਰ ਦੀ ਆਬਾਦੀ ਸਤੰਬਰ, 2010 ਦੀ ਜਨਗਣਨਾ ਅਨੁਸਾਰ 11,514,330 ਦੇ ਕਰੀਬ ਸੀ। ਸ਼ਹਿਰ ਮਾਸਵਿਕ ਦਰਿਆ ਦੇ ਕਿਨਾਰੇ ਵੱਸਿਆ ਹੈ, ਜਿਸ ਤੋਂ ਇਸ ਦਾ ਨਾਂ ਮਾਸਕੋ ਪ੍ਰਸਿੱਧ ਹੋਇਆ। ਸ਼ਹਿਰ ਦੀ ਮਹੱਤਤਾ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲੱਗ ਸਕਦਾ ਹੈ ਕਿ ਮਾਸਕੋ ਸ਼ਹਿਰ 'ਚ ਚਾਰ ਅੰਤਰਰਾਸ਼ਟਰੀ ਏਅਰਪੋਰਟ ਅਤੇ ਮੈਟਰੋ ਰੇਲ ਦੇ 182 ਸਟੇਸ਼ਨ ਹਨ। ਮਾਸਕੋ 'ਚ ਇਸ ਸਮੇਂ ਦੁਨੀਆਂ ਦੇ 146 ਦੇਸ਼ਾਂ ਦੇ ਵਿਦਿਆਰਥੀ ਵਿੱਦਿਆ ਪ੍ਰਾਪਤ ਕਰ ਰਹੇ ਹਨ। ਮਾਸਕੋ ਸਟੈਂਡਰ ਟਾਈਮ (MST) ਭਾਰਤ ਨਾਲੋਂ 1½ ਘੰਟਾ ਪਿੱਛੇ ਹੈ। ਜੂਨ, ਜੁਲਾਈ ਤੇ ਅਗਸਤ ਮਹੀਨੇ ਗਰਮੀ ਦੇ ਹੁੰਦੇ ਹਨ ਤੇ ਬਾਕੀ 9 ਮਹੀਨੇ ਸਰਦੀ ਦੇ ਹਨ। ਸਰਦੀ ਵੀ ਬਹੁਤ ਪੈਂਦੀ ਹੈ। ਗਰਮੀਆਂ 'ਚ ਦਿਨ ਬਹੁਤ ਲੰਮੇ ਹੁੰਦੇ ਹਨ ਪਰ ਸਰਦੀਆਂ 'ਚ ਬਹੁਤ ਛੋਟੇ। ਮੈਨੂੰ ਦੱਸਿਆ ਗਿਆ ਕਿ ਰੂਸ ਦੇ ਪੀਟਰਜ਼ਬਰਗ ਨੇੜੇ ਇਕ ਸਥਾਨ 'ਤੇ 8 ਦਿਨ ਲਗਾਤਾਰ ਦਿਨ ਹੀ ਰਹਿੰਦਾ ਹੈ, ਜਿਸ ਨੂੰ ਮਾਨਣ ਵਾਸਤੇ ਦੁਨੀਆਂ ਭਰ 'ਚੋਂ ਲੋਕ ਆਉਂਦੇ ਹਨ। ਮਾਸਕੋ 'ਚ ਵੱਧ ਤੋਂ ਵੱਧ ਗਰਮ ਦਿਨ 39.0 ਸੈਂਟੀਗਰੇਡ 21 ਜੁਲਾਈ, 2010 ਈ. ਨੂੰ ਤੇ ਘੱਟ ਤੋਂ ਘੱਟ ਮਨਫ਼ੀ 42.20 ਸੈਂਟੀਗਰੇਡ ਜਨਵਰੀ, 1940 'ਚ ਰੀਕਾਰਡ ਕੀਤਾ ਗਿਆ ਹੈ।

ਵਿਸ਼ਵ ਭਰ ਦੇ ਵਿਕਸਿਤ ਹਵਾ, ਪਾਣੀ, ਸੜਕੀ ਤੇ ਧਰਤੀ ਹੇਠਲੀ ਰੇਲ ਵਰਗੇ ਆਵਾਜਾਈ ਦੇ ਪ੍ਰਮੁੱਖ ਸਾਧਨ ਹਨ ਹਵਾਈ, ਮੈਟਰੋ ਰੇਲ, ਬਸ, ਮੋਨੋਰੇਲ, ਟਰਾਮ, ਟੈਕਸੀ ਤੇ ਨਿੱਜੀ ਵਾਹਨ ਆਦਿ। ਮਾਸਕੋ ਦੀਆਂ ਸੜਕਾਂ ਕੇਂਦਰੀ ਮਾਸਕੋ ਦੇ ਦੁਆਲੇ ਗੋਲਾਕਾਰ 'ਚ ਘੁੰਮਦੀਆਂ ਹਨ। ਇਨ੍ਹਾਂ ਨੂੰ ਰਿੰਗ ਰੋਡ ਕਿਹਾ ਜਾਂਦਾ ਹੈ ਜੋ ਗਿਣਤੀ 'ਚ ਹੁਣ ਚਾਰ ਹਨ। ਜਨਵਰੀ, 1855 ਈ. 'ਚ ਮਾਸਕੋ ਸ਼ਹਿਰ ਦੇ ਗਵਰਨਰ ਜਾਂ ਮੇਅਰ ਦੀ ਪੋਸਟ ਹੋਂਦ 'ਚ ਆਉਂਦਿਆਂ ਅਲੈਗਜ਼ੈਂਡਰ ਐਡਰੀਨੋਵਾ ਪਹਿਲਾ ਮੇਅਰ ਬਣਿਆ। ਸਟਾਲਿਨ ਦੇ ਰਾਜ-ਕਾਲ ਸਮੇਂ ਮਾਸਕੋ 'ਚ 7 ਇਮਾਰਤਾਂ ਦਾ ਨਿਰਮਾਣ ਕਾਰਜ ਕਰਵਾਇਆ ਗਿਆ, ਜਿਨ੍ਹਾਂ ਨੂੰ 'Seven Sisters' ਕਿਹਾ ਜਾਂਦਾ ਹੈ। ਇਨ੍ਹਾਂ ਇਮਾਰਤਾਂ ਦੀ ਸ਼ਕਲ, ਆਕਾਰ ਤੇ ਉਚਾਈ ਬਰਾਬਰ ਹੋਣ ਕਰਕੇ ਸ਼ਹਿਰ ਦੇ ਵੱਖ-ਵੱਖ ਭਾਗਾਂ ਤੋਂ ਦੂਰੋਂ ਦਿਖਾਈ ਦੇਂਦੀਆਂ ਹਨ। ਇਨ੍ਹਾਂ ਇਮਾਰਤਾਂ ਦੀ ਖ਼ਾਸੀਅਤ ਇਹ ਵੀ ਹੈ ਕਿ ਇਨ੍ਹਾਂ ਦੀ ਆਪਸੀ ਤੇ ਸੈਂਟਰ ਤੋਂ ਦੂਰੀ ਬਰਾਬਰ ਹੈ।

1917 ਈ. ਦੇ ਰਸ਼ੀਅਨ ਇਨਕਲਾਬ ਤੋਂ ਬਾਅਦ 12 ਮਾਰਚ, 1918 ਈ. ਨੂੰ ਮਾਸਕੋ ਸੋਵੀਅਤ ਸੰਘ ਦੀ ਰਾਜਧਾਨੀ ਬਣਿਆ, ਪਰ 1990-91 ਈ. 'ਚ ਸੋਵੀਅਤ ਸੰਘ ਟੁੱਟ ਜਾਣ 'ਤੇ ਮਾਸਕੋ ਕੇਵਲ ਰੂਸ ਰਾਜ ਦੀ ਰਾਜਧਾਨੀ ਵਜੋਂ ਰਹਿ ਗਿਆ। ਦੂਸਰੇ ਵਿਸ਼ਵ ਯੁੱਧ ਸਮੇਂ (1941-1945 ਈ.) 'ਚ ਜਦ ਸ਼ਹਿਰ 'ਚ ਭਾਰੀ ਬੰਬਾਰੀ ਹੋ ਰਹੀ ਸੀ, ਉਸ ਸਮੇਂ ਵੀ ਧਰਤੀ ਹੇਠਲੀ ਰੇਲ ਵਿਛਾਉਣ ਦਾ ਕਾਰਜ

ਨਿਰੰਤਰ ਜਾਰੀ ਰਿਹਾ। ਇਸ ਸਮੇਂ ਜਾਨੀ ਤੇ ਮਾਲੀ ਨੁਕਸਾਨ ਗਿਣਤੀ ਤੋਂ ਬਾਹਰੀ ਸੀ। ਰੂਸ ਵਾਸੀਆਂ ਨੂੰ ਸਮੇਂ-ਸਮੇਂ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਨੋਵੋਸੀਵਿਰਸਕ ਰੂਸ ਦਾ ਤੀਸਰਾ ਵੱਡਾ ਸ਼ਹਿਰ ਹੈ। ਇਸ ਸ਼ਹਿਰ 'ਚ 1941-1945 ਦੌਰਾਨ ਦੇਸ਼ ਦਾ ਸਭ ਤੋਂ ਵੱਡਾ Opera Bellet Theatre 'ਸਮੂਹ ਗਾਇਨ ਲਈ ਨਾਟਸ਼ਾਲਾ' ਉਸਾਰਿਆ ਗਿਆ ਜਿਸ ਨੂੰ ਸਮਾਜਵਾਦੀ ਪ੍ਰਬੰਧ ਦੀ ਪ੍ਰਾਪਤੀ ਮੰਨਦੇ ਹਨ। ਪਰ ਇਹ ਉਸਾਰੀ ਸਮਾਜਵਾਦੀ ਪ੍ਰਬੰਧ ਸਮੇਂ ਜਰਮਨ ਦੇ ਜੰਗੀ ਕੈਦੀਆਂ ਪਾਸੋਂ ਕਰਵਾਈ ਗਈ! ਹੈ ਨਾ ਸਮਾਜਿਕ ਬਰਾਬਰੀ ਦੀ ਉੱਤਮ ਉਦਾਹਰਣ! ਔਰਤ ਮਰਦ ਦੀ ਬਰਾਬਰੀ ਵੀ ਰੂਸ ਵਿਚ ਨਹੀਂ। ਔਰਤਾਂ ਦਾ ਸ਼ਰਾਬ ਪੀਣਾ ਕਾਮਰੇਡਾਂ ਨੂੰ ਚੰਗਾ ਨਹੀਂ ਲਗਦਾ। ਗੁਰਮਤਿ ਦੇ ਸਮਾਜਵਾਦ 'ਚ ਔਰਤ ਨੂੰ ਮੰਦਾ ਕਹਿਣ ਦਾ ਕਿਸੇ ਨੂੰ ਅਧਿਕਾਰ ਨਹੀਂ ("ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ") ਜੋ ਮਾਂ-ਭੈਣ, ਧੀ, ਪਤਨੀ, ਭੂਆ, ਮਾਸੀ, ਨਾਨੀ, ਦਾਦੀ ਆਦਿ ਹੈ।

ਮਾਰਕਸਵਾਦ ਦਾ ਸੂਰਜ ਅਸਤ ਹੋਣ 'ਤੇ ਅਫ਼ਗ਼ਾਨਿਸਤਾਨ ਦੇ ਹਾਲਾਤ ਵਿਗੜ ਜਾਣ ਕਾਰਨ, ਅਫ਼ਗ਼ਾਨਿਸਤਾਨ 'ਚ ਵੱਸ ਰਹੇ ਸਿੱਖਾਂ ਵਾਸਤੇ ਵੱਡੀ ਗਿਣਤੀ 'ਚ ਹਿਜਰਤ ਕਰਨੀ, ਸਮੇਂ ਦੀ ਮੰਗ ਤੇ ਲੋੜ ਬਣ ਗਈ। 1992 ਤੋਂ ਪਹਿਲਾਂ ਰੂਸ 'ਚ ਸਿੱਖ ਕੇਵਲ ਉਹੀ ਆਏ, ਜਿਹੜੇ ਸਰੂਪ ਕਰਕੇ ਸਿੱਖ ਸਨ, ਪਰ ਵਿਚਾਰਧਾਰਾ ਕਰਕੇ ਉਹ ਮਾਰਕਸ ਦੇ ਚੇਲੇ ਹੋਣ 'ਚ ਫ਼ਖ਼ਰ ਮਹਿਸੂਸ ਕਰਦੇ ਸਨ। ਅਜਿਹੇ ਲੇਖਕਾਂ ਨੂੰ 'ਮਹਿਮਾਨਾਂ' ਵਜੋਂ ਸੋਵੀਅਤ ਸੰਘ ਦੀ ਸੈਰ ਕਰਨ ਵਾਸਤੇ ਬੁਲਾਇਆ ਜਾਂਦਾ ਹੈ ਤੇ ਨਿਸਚਿਤ ਥਾਵਾਂ ਦਾ ਭਰਮਣ ਕਰਵਾ ਕੇ ਸਮਾਜਵਾਦ ਦੇ ਦਰਸ਼ਨ ਕਰਵਾਏ ਜਾਂਦੇ ਹਨ। ਇਨ੍ਹਾਂ ਲੇਖਕਾਂ 'ਚੋਂ ਡਾ. ਹਰਿਭਜਨ ਸਿੰਘ ਤੇ ਡਾ. ਅਨੂਪ ਸਿੰਘ ਪ੍ਰਮੁੱਖ ਸਨ, ਜਿਨ੍ਹਾਂ ਨੇ ਆਪਣਾ ਰੂਸੀ ਸਫ਼ਰਨਾਮਾ *ਨਿਰਭਉ ਨਿਰਵੈਰ* ਤੇ *ਮੁਹੱਬਤ ਦਾ ਸਫ਼ਰਨਾਮਾ* ਲਿਖ ਕੇ ਆਪਣੇ ਤਜਰਬੇ ਸਾਂਝੇ ਕੀਤੇ। ਡਾ. ਹਰਿਭਜਨ ਸਿੰਘ ਦਾ ਸਫ਼ਰਨਾਮਾ ਮੈਂ ਪੰਜਾਬੀ ਦੀ ਐਮ.ਏ. ਕਰਨ ਸਮੇਂ 22-23 ਸਾਲ ਪਹਿਲਾਂ ਪੜ੍ਹਿਆ ਸੀ। ਲੇਖਕ ਨੇ ਸਾਬਤ ਕਰਨ ਦਾ ਯਤਨ ਕੀਤਾ ਕਿ ਸੋਵੀਅਤ ਸੰਘ 'ਚ ਸਮਾਜਿਕ ਬਰਾਬਰਤਾ ਕਰਕੇ ਸਮਾਜ *ਨਿਰਭਉ ਨਿਰਵੈਰ* ਹੈ। ਉਸ ਸਮੇਂ ਵੀ ਮੈਨੂੰ ਇਸ ਦੇ ਸਿਰਲੇਖ 'ਤੇ ਇਤਰਾਜ਼ ਸੀ, ਅੱਜ ਵੀ ਹੈ ਕਿ ਨਿਰਭਉ-ਨਿਰਵੈਰ ਕੇਵਲ ਇਕ ਹੀ ਹੋ ਸਕਦਾ ਹੈ। ਗੁਰਮਤਿ ਵਿਚਾਰਧਾਰਾ ਦਾ ਧਾਰਨੀ ਹੋਣ ਕਰਕੇ ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਕਰਤਾ ਪੁਰਖ ਦੇ ਗੁਣਾਂ ਦੀ ਖ਼ੁਸ਼ਬੋਈ ਤਾਂ ਉਸ ਨੂੰ ਮੰਨਣ ਵਾਲਿਆਂ ਵਿੱਚੋਂ ਆ ਸਕਦੀ ਹੈ, ਪਰ ਕਿਰਤ ਕਦੇ ਵੀ ਕਰਤੇ ਦੀ ਬਰਾਬਰਤਾ ਨਹੀਂ ਕਰ ਸਕਦੀ। ਨਿਰਭਉ-ਨਿਰਵੈਰ ਕਰਤਾਰੀ ਗੁਣ ਹੈ, ਕਿਰਤ 'ਚ ਇਸ ਦੀ ਖ਼ੁਸ਼ਬੋਈ ਹੀ ਹੋ ਸਕਦੀ ਹੈ।

1917 ਈ. ਤੋਂ ਪਹਿਲਾਂ ਮਾਸਕੋ ਸ਼ਹਿਰ 'ਚ 1600 ਦੇ ਕਰੀਬ ਗਿਰਜੇ ਸਨ। 1917 'ਚ ਰੂਸੀ ਇਨਕਲਾਬ ਕਾਰਨ ਧਰਮ ਦੀ ਪਹਿਚਾਣ ਸਮਾਜ 'ਚੋਂ ਲੁਪਤ ਕਰ ਦਿੱਤੀ ਗਈ। ਮਾਰਕਸਵਾਦ ਦਾ ਭੋਗ ਪੈਣ 'ਤੇ 1992 ਈ. ਤੋਂ ਗਿਰਜੇ ਤਾਮੀਰ ਹੋਣੇ ਸ਼ੁਰੂ ਹੋ ਗਏ ਤੇ ਧਰਮ ਫਿਰ ਸੁਰਜੀਤ ਹੋ ਰਿਹਾ ਹੈ। ਈਸਾਈ ਮਤ ਦਾ

ਬੋਲ-ਬਾਲਾ ਹੈ। ਈਸਾਈ ਮਤ ਰੂਸੀਆਂ ਦਾ ਪਰੰਪਰਾਗਤ ਧਰਮ ਹੈ। ਰਸ਼ੀਅਨ ਆਰਥੋਡੌਕਸ ਚਰਚ ਦੂਸਰੇ ਨੰਬਰ 'ਤੇ ਹੈ। ਇਸ ਤੋਂ ਇਲਾਵਾ ਇਸਲਾਮ, ਯਹੂਦੀ ਤੇ ਹਿੰਦੂ ਧਰਮ ਨੂੰ ਮੰਨਣ ਵਾਲੇ ਨਾਂ-ਮਾਤਰ ਹੀ ਹਨ। ਮੁਸਲਮਾਨਾਂ ਦੀਆਂ ਚਾਰ ਮਸਜਿਦਾਂ ਹਨ। ਇਸ ਤੋਂ ਇਲਾਵਾ ਇਕ ਹਜ਼ਾਰ ਦੇ ਲਗਭਗ ਸਿੱਖ ਹਨ। ਸਿੱਖ ਧਰਮਾ ਯੂ.ਐਸ.ਏ. ਦਾ ਸੈਂਟਰ ਤੇ ਬਾਬਾ ਵਿਰਸਾ ਸਿੰਘ ਵਲੋਂ ਸਥਾਪਤ ਕੇਂਦਰ ਵੀ ਇਥੇ ਸਥਾਪਤ ਹਨ। ਹਿੰਦੂ ਵੀਰ ਵੀ ਮਾਸਕੋ ਦੀ ਧਰਤੀ ਨੂੰ ਧਰਮ ਖੰਡ ਬਣਾਉਣ 'ਚ ਯਤਨਸ਼ੀਲ ਹਨ। ਧਰਮ ਕਮਾਉਣ ਵਾਸਤੇ ਮਾਸਕੋ ਦੀ ਧਰਤੀ ਬਹੁਤ ਸਰਵੋਤਮ ਹੈ, ਲੋੜ ਹੈ ਸਮੇਂ ਸਿਰ ਧਰਮ ਦੇ ਬੀਜ ਬੀਜਣ ਦੀ, ਪਰ ਇਹ ਕਾਰਜ ਅੰਦਰੋਂ ਬਾਹਰੋਂ ਧਰਮੀ ਲੋਕ ਹੀ ਕਰ ਸਕਦੇ ਹਨ।

ਮਾਸਕੋ 'ਚ ਨਿਵਾਸ ਵਾਸਤੇ ਸਮੂਹਿਕ ਘਰਾਂ ਦਾ ਨਿਰਮਾਣ ਕੀਤਾ ਗਿਆ ਹੈ। ਬਹੁ-ਮੰਜ਼ਲੀਆਂ ਇਮਾਰਤਾਂ ਧਰਤੀ 'ਤੇ ਜਗ੍ਹਾ ਘੱਟ ਘੇਰਦੀਆਂ ਹਨ ਤੇ ਆਸਮਾਨ ਦੀ ਜ਼ਿਆਦਾ ਵਰਤੋਂ ਹੋਣ ਨਾਲ ਧਰਤੀ ਬਚ ਜਾਂਦੀ ਹੈ। ਬਚੀ ਹੋਈ ਧਰਤੀ 'ਤੇ ਰੂਸੀਆਂ ਵੱਲੋਂ ਦਰੱਖ਼ਤ ਉਗਾਏ ਗਏ ਹਨ ਤਾਂ ਕਿ ਵਾਤਾਵਰਣ ਦਾ ਸਮਤੋਲ ਬਣਿਆ ਰਹੇ। ਸਾਡੇ ਵਾਂਗ ਨਹੀਂ ਕਿ 30 ਗਜ਼ 'ਚ ਵੀ ਘਰ ਹੈ ਤੇ ਏਕੜਾਂ 'ਚ ਮਹਿਲਨੁਮਾ ਕੋਠੀਆਂ ਵੀ। ਬਹੁ-ਮੰਜ਼ਲੀਆਂ ਇਮਾਰਤਾਂ 'ਚ ਇਕ ਨਿਸਚਿਤ ਸਾਈਜ਼ ਦੇ ਘਰ ਬਣੇ ਹਨ ਜਿਨ੍ਹਾਂ 'ਚ ਰਹਿਣ ਦੀਆਂ ਸਭ ਸਹੂਲਤਾਂ ਉਪਲਬਧ ਹਨ ਭਾਵੇਂ ਕਿ ਸਹੂਲਤਾਂ ਖੇਤਰ ਤੇ ਆਮਦਨ ਦੇ ਹਿਸਾਬ ਨਾਲ ਅਲੱਗ-ਅਲੱਗ ਵੀ ਹਨ। ਸਾਨੂੰ ਬਹੁਤ ਸਾਰੇ ਘਰਾਂ 'ਚ ਜਾਣ ਦਾ ਮੌਕਾ ਮਿਲਿਆ ਤੇ ਅਸੀਂ ਇਹ ਅੰਤਰ ਦੇਖਿਆ। ਮਾਸਕੋ ਸ਼ਹਿਰ ਬਹੁ-ਮੰਜ਼ਲੀਆਂ ਇਮਾਰਤਾਂ ਦੇ ਬਾਵਜੂਦ, ਕੰਕਰੀਟ ਦਾ ਸ਼ਹਿਰ ਨਹੀਂ ਲੱਗਦਾ। ਸੜਕਾਂ ਦੇ ਕਿਨਾਰੇ ਦਰੱਖ਼ਤ ਕਤਾਰਾਂ 'ਚ ਖੜੇ ਹਨ। ਸੜਕਾਂ ਦੇ ਦਰਮਿਆਨ ਵੀ ਦਰੱਖ਼ਤ ਹੀ ਦਿਖਾਈ ਦੇਂਦੇ ਹਨ। ਇਥੇ ਹਰਿਆਵਲ ਇਤਨੀ ਹੈ ਕਿ ਇਹ ਸ਼ਹਿਰ ਕੁਦਰਤ ਦੀ ਗੋਦ 'ਚ ਵੱਸਿਆ ਲੱਗਦਾ ਹੈ। ਸ਼ਹਿਰ ਨੂੰ ਹਰਿਆ-ਭਰਿਆ ਬਣਾਉਣ 'ਚ 96 ਪਾਰਕਾਂ, 18 ਬਾਗ਼ਾਂ ਤੋਂ ਇਲਾਵਾ 450 ਵਰਗ ਕਿਲੋਮੀਟਰ ਹਰਿਆ-ਭਰਿਆ ਖੇਤਰ ਹੈ। ਲਗਭਗ 400 ਵਰਗ ਕਿਲੋਮੀਟਰ ਜੰਗਲੀ ਖੇਤਰ ਅਲੱਗ ਹੈ। ਵਿਸ਼ਵ ਦੇ ਹੋਰ ਵੱਡੇ ਸ਼ਹਿਰਾਂ ਦੇ ਮੁਕਾਬਲੇ ਮਾਸਕੋ 'ਚ ਹਰਿਆਵਲ ਤੇ ਕੁਦਰਤੀ ਵਾਤਾਵਰਣ ਕਿਤੇ ਜ਼ਿਆਦਾ ਹੈ। ਹਵਾਈ ਜਹਾਜ਼ 'ਚੋਂ ਤਾਂ ਮਾਸਕੋ ਜੰਗਲ 'ਚ ਉੱਗਿਆ ਸ਼ਹਿਰ ਹੀ ਪ੍ਰਤੀਤ ਹੁੰਦਾ ਹੈ।

ਮਾਸਕੋ ਸ਼ਹਿਰ ਦੇ ਬਾਹਰਵਾਰ 11 ਵਰਗ ਫ਼ੁੱਟ ਜਗ੍ਹਾ ਦੀ ਕੀਮਤ ਲਗਭਗ 4000 ਅਮਰੀਕਨ ਡਾਲਰ ਹੈ। ਸ਼ਹਿਰ ਦੇ ਅੰਦਰੂਨੀ ਭਾਗ ਵਿਚ ਕੀਮਤ 6500 ਤੋਂ 8000 ਅਮਰੀਕਨ ਡਾਲਰ ਪ੍ਰਤੀ ਵਰਗ ਗਜ਼ ਹੈ। ਇਕ ਕਮਰੇ ਵਾਲੇ ਘਰ ਦਾ ਕਿਰਾਇਆ 1500 ਅਮਰੀਕਨ ਡਾਲਰ। ਸ਼ਹਿਰ ਬਹੁਤ ਮਹਿੰਗਾ ਹੈ, ਪਰ ਸੁੱਖ ਸਹੂਲਤਾਂ ਦੀ ਵੀ ਬਹੁਤਾਤ ਹੈ। ਸਫ਼ਰ ਵਾਸਤੇ ਸੜਕੀ, ਹਵਾਈ, ਪਾਣੀ ਤੇ ਧਰਤੀ ਹੇਠਲੀ ਰੇਲ ਗੱਡੀ ਦੀਆਂ ਸੁੱਖ ਸਹੂਲਤਾਂ ਦੀ ਕੋਈ ਘਾਟ ਨਹੀਂ। ਸੜਕਾਂ, ਸਾਫ਼ ਸੁਥਰੀਆਂ ਤੇ ਪੁਲਾਂ ਦਾ ਜਾਲ ਹੈ। ਟਰਾਮਾਂ, ਬੱਸਾਂ, ਕਾਰਾਂ ਆਪਸੀ ਮਿਲਵਰਤਨ ਨਾਲ ਚੱਲਦੀਆਂ

ਮਿਲਦੀਆਂ ਹਨ। ਦੁਰਘਟਨਾ ਵਾਪਰਨ 'ਤੇ ਪੁਲਿਸ ਤੇ ਮੈਡੀਕਲ ਸਹਾਇਤਾ ਮੌਕੇ 'ਤੇ ਪਹੁੰਚਣ ਦਾ ਪ੍ਰਬੰਧ ਹੈ। ਜੀਵਨ ਬੜਾ ਨਿਯਮਬੱਧ ਹੈ। ਲਾਲ ਬੱਤੀ ਕਰਾਸ ਕਰਨ 'ਤੇ 2000 ਡਾਲਰ ਜੁਰਮਾਨਾ ਪੈਂਦਾ ਹੈ, ਇਸ ਕਰਕੇ ਕੋਈ ਉਲੰਘਣਾ ਕਰਨ ਦੀ ਜੁਰਅਤ ਨਹੀਂ ਕਰਦਾ। ਸਾਡੇ ਦੇਸ਼ ਵਾਂਗ ਲਾਲ ਬੱਤੀਆਂ ਤੇ ਹੂਟਰਾਂ ਦੀ ਭਰਮਾਰ ਤੇ ਹਾਹਾਕਾਰ ਸੁਣਾਈ ਨਹੀਂ ਦੇਂਦੀ। ਕੇਵਲ ਐਂਬੂਲੈਂਸ ਤੇ ਪੁਲਿਸ ਦੀ ਗੱਡੀ ਦੇ ਹੂਟਰ ਸੁਣਾਈ ਦੇਂਦੇ ਹਨ, ਉਹ ਵੀ ਜਦ ਦੁਰਘਟਨਾ ਵਾਪਰੀ ਹੋਵੇ। ਨਹੀਂ ਤਾਂ ਕੋਈ ਹਾਰਨ ਨਹੀਂ, ਹੂਟਰ ਨਹੀਂ, ਸ਼ਾਂਤ ਚਿਤ ਸਫ਼ਰ।

ਦੁਨੀਆਂ 'ਚ ਮੈਟਰੋ ਰੇਲ ਨੇ ਸਭ ਤੋਂ ਪਹਿਲਾਂ ਮਾਸਕੋ ਵਿਚ 1930 ਈ. 'ਚ ਦਸਤਕ ਦਿੱਤੀ। ਆਰੰਭਕ ਸਮੇਂ ਇਸ ਦੀਆਂ ਕੇਵਲ ਦੋ ਲਾਈਨਾਂ ਸਨ, ਹੁਣ 12 ਲਾਈਨਾਂ ਹਨ ਤੇ ਸਾਰੀਆਂ ਹੀ ਧਰਤੀ ਦੇ ਧੁਰ ਹੇਠਾਂ। ਦੁਨੀਆਂ ਭਰ 'ਚੋਂ ਮਾਸਕੋ ਮੈਟਰੋ ਧਰਤੀ ਦੇ ਧੁਰ ਹੇਠਾਂ ਚੱਲਦੀ ਹੈ। ਪਾਰਕ ਮਸੋਈ ਸਟੇਸ਼ਨ ਧਰਤੀ ਦੇ ਤਲ ਤੋਂ 276 ਫ਼ੁੱਟ ਨੀਵਾਂ ਹੈ ਜੋ 2003 'ਚ ਤਿਆਰ ਹੋਇਆ। ਮਾਸਕੋ ਦੀ ਮੈਟਰੋ ਦੁਨੀਆਂ ਦੀ ਸਭ ਤੋਂ ਵੱਧ ਭੀੜ ਵਾਲੀ ਮੈਟਰੋ ਰੇਲ ਹੈ, ਜੋ ਰੋਜ਼ਾਨਾ 90 ਲੱਖ ਲੋਕਾਂ ਨੂੰ ਸਫ਼ਰ ਕਰਾਉਂਦੀ ਹੈ। 2004 'ਚ ਮਾਸਕੋ ਸ਼ਹਿਰ 'ਚ ਮੋਨੋਰੇਲ ਦੀ ਵੀ ਆਰੰਭਤਾ ਕੀਤੀ ਗਈ। ਮਾਸਕੋ ਸ਼ਹਿਰ 'ਚ ਵਿਚਰਨ ਵਾਸਤੇ ਬੱਸ, ਟੈਕਸੀ, ਟਰਾਮ ਹਰ ਸਮੇਂ ਹਾਜ਼ਰ ਹੈ। ਪਰ ਸਾਨੂੰ ਇਨ੍ਹਾਂ ਦੀ ਸਵਾਰੀ ਕਰਨ ਦਾ ਨਾ ਸਮਾਂ ਮਿਲਿਆ ਨਾ ਅਵਸਰ, ਕਿਉਂਕਿ ਸਾਨੂੰ ਬੁਲਾਉਣ ਵਾਲਿਆਂ ਪਾਸ ਦੁਨੀਆਂ ਦੀਆਂ ਮਹਿੰਗੀਆਂ ਗੱਡੀਆਂ ਉਪਲਬਧ ਸਨ।

ਸੋਵੀਅਤ ਸੰਘ ਬਾਰੇ ਮੈਂ ਪਹਿਲਾਂ *ਨਿਰਭਉ ਨਿਰਵੈਰ* ਸਿਰਲੇਖ ਅਧੀਨ ਸਫ਼ਰਨਾਮਾ ਪੜ੍ਹਿਆ ਸੀ। ਸੋਵੀਅਤ ਯੂਨੀਅਨ ਨੂੰ ਸੁਪਨਿਆਂ ਦੀ ਧਰਤੀ ਮੰਨਦੇ ਸਨ ਸਾਡੇ ਮਾਰਕਸੀ ਭਾਈ। ਸੁਪਨੇ ਦੀ ਅਣਹੋਂਦ ਵਾਂਗ ਹੀ ਸੋਵੀਅਤ ਯੂਨੀਅਨ ਦਾ ਸੁਪਨਮਈ ਮਹਿਲ ਦਿਨਾਂ 'ਚ ਕੰਕਰ-ਕੰਕਰ ਹੋ ਗਿਆ। ਹੋਣਾ ਹੀ ਸੀ, ਮਹਿਲਾਂ ਦੀ ਉਸਾਰੀ ਸਮੇਂ-ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਵਿਚਾਰਧਾਰਾ 'ਤੇ ਹੋਵੇ ਤਾਂ ਹੀ ਅਡੋਲਤਾ ਆਵੇਗੀ, ਜਿਵੇਂ 'ਨਾਨਕ ਨਿਰਮਲ ਪੰਥ' ਦੀ ਉਸਾਰੀ ਨਿਰਮਲ ਵਿਚਾਰਧਾਰਾ 'ਤੇ ਹੋਈ ਹੈ। ਵਿਚਾਰ ਸਦੀਵੀ ਹੈ, ਆਕਾਰ ਸਮੇਂ-ਸਥਾਨ ਦੀਆਂ ਪਾਬੰਦੀਆਂ ਦੀ ਕੈਦ 'ਚ ਹੈ। ਸੁਪਨੇ ਲੈਣੇ ਮਾੜੇ ਨਹੀਂ, ਪਰ ਦੇਖਣੇ ਮਾੜੇ ਹਨ।

ਸੋਵੀਅਤ ਸੰਘ ਦੇ ਟੁੱਟ ਜਾਣ ਦੇ ਬਾਵਜੂਦ ਵੀ ਨਾਸਤਿਕ ਲੋਕ ਖੰਡਰਾਂ ਦੀ ਪੂਜਾ, ਮੂਰਤਾਂ, ਮ੍ਰਿਤਕ ਸਰੀਰਾਂ ਨੂੰ ਪ੍ਰਣਾਮ ਕਰ ਕੇ ਆਕਾਰ ਦੀ ਪੂਜਾ ਕਰ, ਵਿਚਾਰ ਨਾਲੋਂ ਟੁੱਟ ਰਹੇ ਹਨ, ਜਦੋਂ ਕਿ ਸਿੱਖ ਧਰਮ ਵਿਚਾਰ ਨਾਲ, ਨਿਰੰਕਾਰ ਨਾਲ ਜੁੜਨ ਦਾ ਪਾਠ ਪੜ੍ਹਾਉਂਦਾ ਹੈ। ਕਰਤੇ-ਕਿਰਤ, ਕਿਰਤੀ ਤੇ ਕੀਰਤੀ 'ਚ ਜਿਤਨਾ ਸਮਤੋਲ ਗੁਰਮਤਿ 'ਚ ਹੈ, ਹੋਰ ਕਿਧਰੇ ਨਹੀਂ। ਗੁਰਮਤਿ 'ਚ ਕਰਤੇ 'ਚ ਵਿਸ਼ਵਾਸ ਕਰਦਿਆਂ ਕਿਰਤ ਤੇ ਕੀਰਤੀ ਕਰ ਜੀਵਨ ਗੁਜ਼ਾਰਨ ਦੀ ਹਦਾਇਤ ਹੈ, ਵਿਹਲੜ-ਨਿਕੰਮੇ-ਮੰਗਤੇ ਆਦਮੀ ਦੀ ਗੁਰਮਤਿ 'ਚ ਕੋਈ ਥਾਂ ਨਹੀਂ।

ਸਮਾਜਵਾਦੀ ਮੰਨਦੇ ਹਨ ਕਿ ਦੁਨੀਆਂ 'ਚ ਸਭ ਤੋਂ ਪਹਿਲਾਂ ਬਰਾਬਰੀ ਦਾ

ਸਮਾਜ ਰੂਸ ਵਿਚ ਸਿਰਜਿਆ ਗਿਆ, ਇਹ ਭਾਈ ਕੋਈ ਰੂਸੀ ਨਹੀਂ ਸਗੋਂ ਭਾਰਤੀ ਤੇ ਖ਼ਾਸ ਕਰਕੇ ਪੰਜਾਬੀ ਹੀ ਹਨ। ਇਨ੍ਹਾਂ ਦਾ ਧਰਤੀ ਮਾਂ, ਮਾਂ-ਬੋਲੀ ਨਾਲ ਇਤਨਾ ਹੀ ਪਿਆਰ ਹੈ ? ਇਨ੍ਹਾਂ ਨੇ ਪੰਜਾਬੀ ਸਾਹਿਤ - ਗੁਰਮਤਿ ਸਾਹਿਤ ਨਹੀਂ ਪੜ੍ਹਿਆ, ਲੈਨਿਨ ਬਾਰੇ ਪੜ੍ਹਦੇ ਰਹੇ, ਉਹ ਵੀ ਮੌਲਿਕ ਨਹੀਂ, ਅਨੁਵਾਦਤ ਪੁਸਤਕਾਂ ! ਪਰ ਗੁਰਮਤਿ ਦਾ ਸਮਾਜਵਾਦ - ਬਰਾਬਰਤਾ ਵਾਲੇ ਸਮਾਜ ਦੀ ਸਿਰਜਣਾ 1469 ਈ. 'ਚ ਸ਼ੁਰੂ ਹੋ ਕੇ 1699 ਈ. ਨੂੰ ਸੰਪੂਰਨ ਹੋਈ। ਗੁਰੂ ਨਾਨਕ ਦੇਵ ਜੀ ਨੇ ਖ਼ੁਦ ਕਿਰਤ ਕੀਤੀ, ਕਿਰਤੀ ਭਾਈ ਲਾਲੋ ਦਾ ਸਤਿਕਾਰ ਕੀਤਾ ਤੇ ਮਲਿਕ ਭਾਗੋ ਦੇ ਭੋਜ ਪਦਾਰਥਾਂ ਨਾਲੋਂ ਉਸ ਦਾ ਭੋਜਨ ਕੀਤਾ। ਸਿਧਾਂਤ ਤੇ ਅਮਲ ਵਿਚ ਸੰਗਤ ਤੋਂ ਪਹਿਲਾਂ ਪੰਗਤ ਕਰਨ ਦੀ ਹਦਾਇਤ ਕੀਤੀ ਗਈ। ਪਹਿਲੇ ਪੰਗਤ ਪਾਛੈ ਸੰਗਤ ਤੇ ਫਿਰ ਗੁਰੂ-ਚੇਲੇ ਦੀ ਅਭੇਦਤਾ ਦੀ ਚਰਮਸੀਮਾ ਦੇ ਦੀਦਾਰ :

> **ਖ਼ਾਲਸਾ ਮੇਰੋ ਰੂਪ ਹੈ ਖ਼ਾਸ॥**
> **ਖ਼ਾਲਸੇ ਮਹਿ ਹੌ ਕਰੌ ਨਿਵਾਸ॥**
> **ਖ਼ਾਲਸਾ ਮੇਰੋ ਸਤਿਗੁਰ ਪੂਰਾ॥**
> **ਖ਼ਾਲਸਾ ਮੇਰੋ ਸੱਜਨ ਸੂਰਾ॥** *(ਸਰਬ ਲੋਹ ਗ੍ਰੰਥ)*

ਸਮਾਜਵਾਦ ਦਾ ਭੋਗ ਪੈਣ 'ਤੇ ਇਨ੍ਹਾਂ ਨੂੰ ਔਰਤ ਦਾ ਨੰਗੇਜ ਨਜ਼ਰ ਆਉਂਦਾ ਹੈ ਪਰ ਮਰਦ ਪ੍ਰਧਾਨ ਸਮਾਜ 'ਚ ਮਰਦ ਭਾਵੇਂ ਹਰ ਸਮੇਂ ਨਿੱਕਰ 'ਚ ਹੀ ਹੋਵੇ ? ਸਿਰੋਂ ਪੈਰੋਂ ਵੀ ਨੰਗਾ ? ਗੁਰਮਤਿ ਵਿਚ ਨੰਗੇਜ ਦੀ ਆਗਿਆ ਵੀ ਨਹੀਂ, ਪਰ ਇਹ ਸ਼ਰਤ ਮਰਦ-ਇਸਤਰੀ ਦੋਹਾਂ 'ਤੇ ਹੈ। ਸਾਡੇ ਕਾਮਰੇਡ ਭਾਈ ਮੰਨਦੇ ਹਨ ਕਿ ਸਮਾਜਵਾਦ ਨੇ ਇਸਤਰੀ ਨੂੰ ਸੁਤੰਤਰਤਾ ਤੇ ਬਰਾਬਰਤਾ ਪ੍ਰਦਾਨ ਕੀਤੀ, ਪਰ ਉਹ ਆਪਣਾ ਸਭਿਆਚਾਰਕ ਵਿਰਸਾ ਭੁੱਲ ਜਾਂਦੇ ਹਨ। ਗੁਰਮਤਿ ਵਿਚਾਰਧਾਰਾ ਨੇ ਇਸਤਰੀ ਦੀ ਬਰਾਬਰਤਾ ਦਾ ਸਭ ਤੋਂ ਪਹਿਲਾ ਨਾਹਰਾ ਬੁਲੰਦ ਹੀ ਨਹੀਂ ਕੀਤਾ, ਸਗੋਂ ਹਕੀਕੀ ਰੂਪ 'ਚ ਬਰਾਬਰਤਾ ਬਖ਼ਸ਼ੀ। ਸੰਗਤ-ਪੰਗਤ, ਗੁਰਦੁਆਰੇ 'ਚ ਬਰਾਬਰਤਾ, ਸਤੀ ਦੀ ਰਸਮ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਤੇ ਸਮਾਜਿਕ ਨਾ-ਬਰਾਬਰੀ ਦੀ ਰਸਮ ਘੁੰਡ ਕੱਢਣ ਤੋਂ ਮਨ੍ਹਾਂ ਕੀਤਾ। ਪਤੀ ਦੀ ਉਮਰ-ਦਰਾਜ਼ੀ ਲਈ ਰੱਖੇ ਜਾਂਦੇ ਵਰਤਾਂ ਦੇ ਪਾਖੰਡ ਦਾ ਖੰਡਨ ਕੀਤਾ ਤੇ ਸਪੱਸ਼ਟ ਐਲਾਨ ਕੀਤਾ ਕਿ ਅੰਨ-ਪਾਣੀ ਦਾ ਤਿਆਗ ਕਰਨ ਨਾਲ ਸੁਹਾਗਣ ਨਹੀਂ ਬਣੀਦਾ। ਸਮਾਜਵਾਦੀ ਪ੍ਰਬੰਧ 'ਚ ਵੀ ਕਾਮਰੇਡਾਂ ਨੂੰ ਸਟਾਲਿਨ ਦੇ ਜਬਰ-ਜ਼ੁਲਮ ਦੀ ਕਹਾਣੀ ਪੀੜ੍ਹੀ-ਦਰ-ਪੀੜ੍ਹੀ ਯਾਦ ਹੈ ਪਰ ਫਿਰ ਪੰਜਾਬੀ ਕਾਮਰੇਡ ਵੀਰ, ਸਟਾਲਿਨ ਦੀ ਇਤਿਹਾਸਕ ਭੂਮਿਕਾ ਦੇ ਹੁਣ ਵੀ ਗੁਣ ਗਾਇਨ ਕਰਦੇ ਨਹੀਂ ਥੱਕਦੇ। ਸਟਾਲਿਨ ਦਾ ਸਹਿਮ ਇੰਨਾ ਸੀ ਕਿ ਇਕ ਮਕਾਨ 'ਚ ਰਹਿਣ ਵਾਲਾ ਦੂਸਰੇ ਮਕਾਨ ਵਾਲੇ ਨਾਲ ਬਿਨਾਂ ਜਾਣ-ਪਹਿਚਾਣ ਦੇ ਗੱਲ ਨਹੀਂ ਸੀ ਕਰ ਸਕਦਾ, ਲੋਕ ਮਾਨਸਿਕਤਾ ਅੰਗਰੇਜ਼ੀ ਦੇ ਪ੍ਰਚੱਲਿਤ ਇਕ ਵਾਕ ਤੋਂ ਪ੍ਰਗਟ ਹੈ : Be careful, Big brother (Stalin) is watching you.

ਮੇਰਾ ਨਿੱਜੀ ਅਨੁਭਵ ਹੈ ਕਿ ਕਾਮਰੇਡ ਭਾਈ ਜੋ ਰੂਸ ਤੇ ਹੋਰ ਸਮਾਜਵਾਦੀ ਦੇਸ਼ਾਂ

'ਚ ਆਨੇ-ਬਹਾਨੇ ਜੋ ਕੁਝ ਦਿਨ ਵਿਚਰੇ ਤਾਂ ਆਪਣੇ ਦੇਸ਼ ਦੇ ਭ੍ਰਿਸ਼ਟ ਪ੍ਰਬੰਧ, ਗ਼ਰੀਬੀ-ਗ਼ੁਰਬਤ-ਗੰਦਗੀ ਦੇ ਮੁਕਾਬਲੇ ਇਨ੍ਹਾਂ ਦੇਸ਼ਾਂ ਦੀ ਸਫ਼ਾਈ ਨੂੰ ਦੇਖ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੂੰ ਇਹ ਸਵਰਗੀ ਸੁਪਨੇ ਹੀ ਜਾਪੇ। ਹਾਲਾਂ ਕਿ ਇਹ ਸਹੂਲਤਾਂ ਦੁਨੀਆਂ ਦੇ ਸਾਰੇ ਹੀ ਵਿਕਸਤ ਦੇਸ਼ਾਂ 'ਚ ਮੌਜੂਦ ਹਨ। ਮੁਕਾਬਲਾ ਵਿਕਸਤ ਦੇਸ਼ ਦਾ ਵਿਕਸਤ ਦੇਸ਼ਾਂ ਨਾਲ ਹੀ ਕੀਤਾ ਜਾ ਸਕਦਾ ਹੈ। ਸਮਾਜਵਾਦੀ ਪ੍ਰਬੰਧ ਵੀ ਇਕ ਪਾਰਟੀ ਦਾ ਰਾਜ ਹੈ, ਜੋ ਤਾਨਾਸ਼ਾਹੀ ਦਾ ਹੀ ਇਕ ਰੂਪ ਹੈ। ਲੋਕਤੰਤਰੀ ਪ੍ਰਬੰਧ ਸਦਵਾਉਣ ਦਾ ਅਧਿਕਾਰ ਇਸ ਨੂੰ ਵੀ ਨਹੀਂ। ਇਹੀ ਕਾਰਨ ਹੈ ਕਿ ਅੱਜ ਵੀ ਰੂਸੀ ਲੋਕਾਂ ਦੀ ਰਾਜਨੀਤੀ 'ਚ ਦਿਲਚਸਪੀ ਖ਼ਾਸ ਕਰਕੇ ਨੌਜਵਾਨਾਂ 'ਚ ਨਾਂਹ ਦੇ ਬਰਾਬਰ ਹੈ।

ਵਿਸ਼ਵ 'ਚ ਅਨੇਕਤਾ 'ਚ ਹੀ ਏਕਤਾ ਹੋ ਸਕਦੀ ਹੈ। ਮਾਨਵ, ਮਾਨਵ ਹੋਣ ਕਰਕੇ ਇਕ ਹਨ ਪਰ ਕੁਦਰਤੀ ਕੱਦ-ਕਾਠ, ਉਮਰ, ਰੰਗ ਨਸਲ, ਫ਼ਿਰਕੇ, ਜਾਤ ਖੇਤਰ ਕਰਕੇ ਭਿੰਨ ਹਨ ਤੇ ਭਿੰਨ ਹੀ ਰਹਿਣੇ ਹਨ। ਅਮੀਰ-ਗ਼ਰੀਬ, ਕਾਲੇ-ਚਿੱਟੇ, ਦਿਨ-ਰਾਤ, ਸੂਰਜ-ਚੰਦ, ਗਰਮੀ-ਸਰਦੀ ਆਦਿ ਦੀ ਹੋਂਦ ਤੇ ਪਹਿਚਾਣ ਇਕ ਦੂਸਰੇ 'ਤੇ ਨਿਰਭਰ ਹੈ। ਜੇਕਰ ਇਕ ਹੋ ਜਾਣ ਤਾਂ ਪਹਿਚਾਣ ਕਿਸ ਦੀ ? ਪਰਮਾਤਮਾ ਇਕ ਹੋਣ ਕਾਰਨ ਹੀ ਪਹਿਚਾਣ ਦੇ ਗੁਣਾਂ-ਔਗੁਣਾਂ ਤੋਂ ਸੁਤੰਤਰ ਹੈ। ਜੇਕਰ ਕੁਦਰਤ 'ਚ ਵਿਭਿੰਨਤਾ 'ਚ ਏਕਤਾ ਹੈ ਤਾਂ ਹਰ ਪੱਧਰ 'ਤੇ ਸਮਾਜਿਕ ਬਰਾਬਰੀ ਦੀ ਕਲਪਨਾ ਕਰਨੀ ਵਾਜਿਬ ਨਹੀਂ। ਵਿਸ਼ਵ ਵਿਚ ਕੁਝ ਵੀ ਇਕ ਦੂਸਰੇ ਦੇ ਇਨ-ਬਿਨ ਬਰਾਬਰ ਨਹੀਂ। ਗੁਰਬਾਣੀ ਦਾ ਕਥਨ ਹੈ :

ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥
ਕੋਇ ਨ ਕਿਸ ਹੀ ਜੇਹਾ ਉਪਾਇਆ॥ *(ਮਾਰੂ ਮਹਲਾ ੩, ਪੰਨਾ 1056)*

ਦੂਸਰੇ ਵਿਸ਼ਵ ਯੁੱਧ ਦਾ ਅਸਰ ਰੂਸ ਦੀ ਧਰਤੀ 'ਤੇ ਵਿਆਪਕ ਰੂਪ 'ਚ ਹੋਇਆ ਸੀ। ਮੌਤਾਂ ਦੀ ਗਿਣਤੀ ਵੀ ਕਰੋੜਾਂ 'ਚ ਸੀ। ਰੂਸੀ ਕਰੰਸੀ ਰੂਬਲ ਦੀ ਹਾਲਤ ਵੀ ਹੜ੍ਹ ਦੇ ਪਾਣੀ ਵਰਗੀ ਰਹੀ ਹੈ। ਕਦੇ ਰੂਬਲ ਦਾ 1½ ਡਾਲਰ (USA) ਮਿਲਦਾ ਸੀ। 1988 'ਚ ਇਕ ਡਾਲਰ ਦੇ ਚਾਰ ਰੂਬਲ ਮਿਲਦੇ ਤੇ ਇਕ ਰੂਬਲ ਦੇ 5 ਰੁਪਏ। ਗੋਰਬਾਚੌਵ ਦੇ ਮੁਖੀ ਹੋਣ ਸਮੇਂ ਇਕ ਡਾਲਰ ਦੇ 20 ਤੋਂ 25 ਰੂਬਲ ਮਿਲਦੇ। ਮਾਰਕਸਵਾਦ ਦਾ ਭੋਗ ਪੈਣ 'ਤੇ 1992 'ਚ ਰੂਬਲ ਦੀ ਹਾਲਤ ਕੱਚੀ ਲੱਸੀ ਵਾਂਗ ਪਤਲੀ ਹੋ ਗਈ ਕਿ ਇਕ ਡਾਲਰ ਦੇ ਹਜ਼ਾਰਾਂ ਰੂਬਲ ਮਿਲਣ ਲੱਗ ਗਏ। ਜੂਨ, 1997 'ਚ ਇਕ ਡਾਲਰ ਦੇ 5600 ਰੂਬਲ ਮਿਲਦੇ ਸਨ। ਪਰ ਹੁਣ ਫਿਰ ਡੇਢ ਰੁਪਏ ਦਾ ਇਕ ਰੂਬਲ ਤੇ ਲਗਭਗ 30 ਰੂਬਲ ਦਾ ਇਕ ਡਾਲਰ ਮਿਲਦਾ ਹੈ। ਰੂਸੀ ਸੁਹੱਪਣ-ਖ਼ੂਬਸੂਰਤੀ ਤੇ ਸੋਹਜ ਸਰੂ ਵਰਗੇ ਕੱਦਾਂ ਦੇ ਪਿੱਛੇ ਕਰਤੇ ਦੀ ਕਿਰਤ ਦੀ ਕਰਾਮਾਤ ਹੈ ਨਾ ਕਿ ਸਮਾਜਵਾਦੀ ਪ੍ਰਬੰਧ ਦੀ ਦੇਣ। ਸੋਹਣੇ ਲੰਮੇ ਕੱਦ, ਨੈਣ-ਨਕਸ਼, ਗੋਰੀ ਚਮੜੀ ਕਰਤੇ ਦੀ ਕੁਦਰਤ ਦੇ ਵਾਤਾਵਰਣ ਦੀ ਬਖ਼ਸ਼ਿਸ਼ ਹੈ।

ਸਫ਼ਰਨਾਮਿਆਂ 'ਚ ਮੈਂ ਪੜ੍ਹਿਆ ਕਿ ਸਾਡੇ ਕਾਮਰੇਡ ਭਾਈ ਮਾਸਾਹਾਰੀ ਭੋਜਨ ਤੇ ਸ਼ਰਾਬ ਦੇ ਆਮ ਕਰਕੇ ਆਦੀ ਹਨ। ਪਰ ਇਹ ਨਾਸਤਕ ਲੋਕ ਵੀ ਜਦੋਂ ਰੂਸੀ

ਸਫ਼ਰ ਦੌਰਾਨ ਗਊ ਮਾਸ ਬਾਰੇ ਸੁਣਦੇ ਹਨ ਤਾਂ ਖਾਣ ਤੋਂ ਨਾਂਹ ਕਰ ਦੇਂਦੇ ਹਨ ਕਿਉਂਕਿ ਜੀਨ 'ਚ ਅਚੇਤਨ ਵੈਦਿਕ ਧਰਮ ਹੈ। ਅਸੀਂ ਹਿੰਦੁਸਤਾਨ ਦੇ ਵਾਸੀ, ਗਊ ਦੀ ਪੂਜਾ ਕਰਦੇ ਹਾਂ। ਗਊ ਮਾਸ ਨਹੀਂ ਖਾਂਦੇ, ਭਾਵ ਧਰਮ ਤੋਂ ਬਿਨਾਂ ਗੁਜ਼ਾਰਾ ਨਹੀਂ। ਸ਼ਰਾਬ ਤੇ ਸ਼ਰਾਬੀ ਦਾ ਸਮੇਂ ਨਾਲ ਕੋਈ ਸੰਬੰਧ ਨਹੀਂ। ਮੈਂ ਹੈਰਾਨ ਹਾਂ ਕਿ ਕਾਮਰੇਡ ਭਾਈ ਸਵੇਰੇ ਅੰਮ੍ਰਿਤ ਵੇਲੇ ਸ਼ਰਾਬ ਨਹੀਂ ਪੀਂਦੇ। ਰੂਸ ਦੇ ਮਾਰਕਸਵਾਦ ਬਾਰੇ ਜਿਨ੍ਹਾਂ ਵੀ ਭਾਰਤੀ ਲੇਖਕਾਂ ਨੇ ਸਫ਼ਰਨਾਮੇ ਤੇ ਲੇਖ ਲਿਖੇ, ਉਨ੍ਹਾਂ 'ਚੋਂ ਜ਼ਿਆਦਾਤਰ ਲੇਖਕ ਉਹ ਹਨ ਜੋ ਡੈਲੀਗੇਸ਼ਨ ਭਾਵ ਪ੍ਰਤਿਨਿਧ ਮੰਡਲ 'ਚ ਸ਼ਾਮਲ ਸਨ, ਜਿਨ੍ਹਾਂ ਨੂੰ ਨਿਸਚਿਤ ਥਾਵਾਂ, ਨਿਸਚਿਤ ਸਮੇਂ ਤੇ ਨਿਸਚਿਤ ਮਿਤੀ 'ਤੇ ਲਿਜਾਇਆ ਗਿਆ ਹੈ। ਉਨ੍ਹਾਂ ਦੇ ਖਾਣ-ਪੀਣ, ਰਹਿਣ-ਸਹਿਣ ਤੇ ਮਿਲਣ ਵਾਲੇ ਲੋਕਾਂ ਦਾ ਪ੍ਰੋਗਰਾਮ ਵੀ ਨਿਸਚਿਤ ਹੁੰਦਾ ਸੀ। ਪ੍ਰਤਿਨਿਧ ਮੰਡਲ ਦਾ ਵਿਧਾਨ ਅੰਤਰਰਾਸ਼ਟਰੀ ਪੱਧਰ 'ਤੇ ਹੀ ਨਿਸਚਿਤ ਹੁੰਦਾ ਹੈ। ਸਾਡੇ ਦੇਸ਼ 'ਚ ਵੀ ਉਹੀ ਲਾਗੂ ਹੈ। ਆਏ ਮਹਿਮਾਨਾਂ ਨੂੰ ਰਾਸ਼ਟਰਪਤੀ ਭਵਨ, ਇੰਡੀਆ ਗੇਟ, ਮਹਾਤਮਾ ਗਾਂਧੀ ਦੀ ਸਮਾਧੀ ਆਦਿ ਥਾਵਾਂ 'ਤੇ ਨਿਸਚਿਤ ਸਮੇਂ 'ਤੇ ਖੜਿਆ ਜਾਂਦਾ ਹੈ; ਗ਼ਰੀਬੀ, ਗ਼ੁਰਬਤ, ਭ੍ਰਿਸ਼ਟਾਚਾਰ, ਮਿਲਾਵਟ, ਨਸ਼ਾਖ਼ੋਰੀ ਆਦਿ ਦੇ ਦਰਸ਼ਨ ਪ੍ਰਤਿਨਿਧ ਨੂੰ ਨਹੀਂ ਕਰਾਏ ਜਾਂਦੇ। ਇਸ ਤਰ੍ਹਾਂ ਹੀ ਕਿਸੇ ਦੇਸ਼ ਦੇ ਲੋਕਾਂ ਬਾਰੇ ਆਮ ਵਿਚਰ ਕੇ ਹੀ ਤੁਸੀਂ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਸੰਬੰਧਿਤ ਦੇਸ਼ 'ਚ ਕੁਝ ਦਿਨ ਗੁਜ਼ਾਰ ਕੇ ਇਕੱਤਰ ਕੀਤੀ ਜਾਣਕਾਰੀ ਉਸ ਦੇ ਧਰਮ, ਦਰਸ਼ਨ, ਰੀਤੀ ਰਿਵਾਜ ਤੇ ਸਭਿਆਚਾਰ ਬਾਰੇ ਅਧੂਰੀ ਹੀ ਹੋਵੇਗੀ। ਰੂਸ 'ਚ ਜਿਹੜੇ ਪ੍ਰਤਿਨਿਧ ਮੰਡਲ ਗਏ, ਉਨ੍ਹਾਂ ਨੂੰ ਮਾਰਕਸਵਾਦੀ ਸੋਚ ਦੇ ਧਾਰਨੀ ਹੋਣ ਕਾਰਨ ਹੀ ਇਹ ਮੌਕਾ ਮਿਲਿਆ। ਆਮ ਆਦਮੀ ਦੀ ਉਸ ਸਮੇਂ ਵੀ ਪਹੁੰਚ ਲੈਨਿਨ ਮਹਾਨ ਤੋਂ ਦੁਰੇਡੀ ਸੀ!

1992 ਈ. 'ਚ ਸੋਵੀਅਤ ਸੰਘ ਬਿਖਰਨ ਤੋਂ ਪਹਿਲਾਂ ਮਾਸਕੋ 'ਚ ਸਿੱਖਾਂ ਦੀ ਹੋਂਦ ਨਹੀਂ ਸੀ। ਸੋਵੀਅਤ ਸੰਘ ਦੇ ਸਮੇਂ ਸਿੱਖ ਵਾਪਾਰ, ਪ੍ਰਤਿਨਿਧ ਮੰਡਲਾਂ 'ਚ ਕਿਧਰੇ-ਕਿਧਰੇ ਆਉਂਦੇ ਸਨ ਤੇ ਕੰਮ-ਕਾਰ ਕਰ ਕੇ ਵਾਪਸ ਚਲੇ ਜਾਂਦੇ ਸਨ। 1992 ਈ. ਤੋਂ ਪਿੱਛੋਂ ਅਫ਼ਗ਼ਾਨਿਸਤਾਨ 'ਚ ਹਾਲਾਤ ਖ਼ੁਸ਼ਗਵਾਰ ਨਾ ਹੋਣ ਕਾਰਨ ਬਹੁਤ ਸਾਰੇ ਸਿੱਖ ਰੂਸ 'ਚ ਵਿਸ਼ੇਸ਼ ਕਰਕੇ ਮਾਸਕੋ ਆਣ ਕੇ ਵਾਪਾਰ-ਕਾਰੋਬਾਰ ਕਰਨ ਲੱਗ ਪਏ। ਇਨ੍ਹਾਂ ਸਿੱਖਾਂ 'ਚ ਵੀ ਦੋ ਤਰ੍ਹਾਂ ਦੇ ਸਿੱਖ ਅਸੀਂ ਵੇਖੇ, ਇਕ ਤਾਂ ਅਫ਼ਗ਼ਾਨੀ ਸਿੱਖ ਜੋ ਸਾਬਤ ਸੂਰਤ ਦਸਤਾਰਧਾਰੀ ਤੇ ਦੂਸਰੇ ਗੁਰੂ ਨਾਨਕ ਨਾਮ ਲੇਵਾ ਸਿੱਖ ਜਿਨ੍ਹਾਂ ਦੇ ਰਸਮੋ-ਰਿਵਾਜ ਗੁਰਬਾਣੀ ਅਨੁਸਾਰ ਹੁੰਦੇ ਹਨ। ਸ਼ਰਧਾ-ਭਾਵਨਾ ਸਤਿਕਾਰ ਗੁਰਬਾਣੀ ਦਾ ਅਥਾਹ ਕਰਦੇ ਹਨ। 'ਧੰਨ ਨਾਨਕ ਤੇਰੀ ਵਡੀ ਕਮਾਈ' ਨੂੰ ਅਲਾਪਦੇ ਰਹਿੰਦੇ ਹਨ, ਪਰ ਕੇਸਾਧਾਰੀ ਨਹੀਂ। ਘਰ ਤੋਂ ਬਾਹਰ ਜਾਣ ਤੇ ਵਾਪਸ ਆਉਣ ਸਮੇਂ ਘਰ 'ਚ ਸੰਭਾਲ ਕੇ ਰੱਖੀਆਂ ਪੋਥੀਆਂ-ਗੁਟਕਿਆਂ ਨੂੰ ਮੱਥਾ ਟੇਕਦੇ ਹਨ। ਸਵੇਰੇ-ਸ਼ਾਮ ਬਾਣੀ ਦਾ ਪਾਠ ਨੇਮ ਨਾਲ ਕਰਦੇ ਹਨ। ਇਨ੍ਹਾਂ ਦਾ ਸੰਬੰਧ ਅਫ਼ਗ਼ਾਨਿਸਤਾਨ ਦੇ ਖ਼ੋਸਤ ਸ਼ਹਿਰ ਨਾਲ ਹੋਣ ਕਰਕੇ ਖ਼ੋਸਤੀ ਸਿੱਖ ਸਦਵਾਉਂਦੇ ਹਨ। ਖ਼ੋਸਤੀ ਬਜ਼ੁਰਗ ਵੀ ਦਸਤਾਰ ਸਜਾਉਂਦੇ ਹਨ ਪਰ ਉਨ੍ਹਾਂ ਦਾ ਢੰਗ ਨਿਰਾਲਾ ਹੈ।

ਮਾਸਕੋ 'ਚ ਸਿੱਖ ਆਪਸ 'ਚ ਆਮ ਕਰਕੇ ਪਸ਼ਤੋ ਬੋਲਦੇ ਹਨ। ਪਸ਼ਤੋ/ਪਸ਼ਤਵੀ

ਭਾਸ਼ਾ ਅਫ਼ਗਾਨਿਸਤਾਨ ਦੀ ਪੁਸ਼ਤੈਨੀ ਬੋਲੀ ਹੈ। ਪਸ਼ਤੋ ਅਫ਼ਗਾਨੀ ਭਾਸ਼ਾ ਹੈ ਜਿਸ ਨੂੰ ਦੂਸਰੇ ਨਹੀਂ ਸਮਝ ਸਕਦੇ। ਵੈਸੇ ਮਾਸਕੋ ਦੇ ਸਿੱਖ ਰੂਸੀ, ਪਸ਼ਤੋ, ਪੰਜਾਬੀ, ਹਿੰਦੀ, ਅੰਗਰੇਜ਼ੀ ਵੀ ਵਧੀਆ ਬੋਲਦੇ ਹਨ। ਘਰਾਂ 'ਚ ਮਾਸਕੋ ਦੇ ਸਿੱਖ ਅੱਛੀ ਖ਼ਾਸੀ ਪੰਜਾਬੀ ਬੋਲਦੇ ਹਨ। ਇਨ੍ਹਾਂ ਖ਼ੋਸਤੀ ਤੇ ਅਫ਼ਗਾਨੀ ਸਿੱਖਾਂ ਦੀ ਆਪਸ 'ਚ ਖ਼ੂਬ ਬਣਦੀ ਹੈ। ਗੁਰਪੁਰਬਾਂ, ਵਿਆਹ-ਸ਼ਾਦੀਆਂ ਤੇ ਖ਼ੁਸ਼ੀ-ਗ਼ਮੀ ਅਤੇ ਮ੍ਰਿਤਕ ਸਮਾਗਮ ਸਮੇਂ ਇਹ ਇਕੱਠੇ ਹੁੰਦੇ ਹਨ। ਖਾਣ-ਪੀਣ ਵੀ ਲਗਭਗ ਬਰਾਬਰ ਹੈ। ਅਫ਼ਗਾਨਿਸਤਾਨ 'ਚ ਗੜਬੜੀ ਹੋਣ ਦੇ ਕਾਰਨ ਬਹੁਤ ਸਾਰੇ ਅਫ਼ਗਾਨੀ ਸਿੱਖ ਦੁਨੀਆਂ ਦੇ ਵੱਖ-ਵੱਖ ਦੇਸ਼ਾਂ 'ਚ ਮਜਬੂਰੀ ਵੱਸ, ਵੱਸ ਗਏ। ਭਾਰਤ ਦੀ ਰਾਜਧਾਨੀ ਦਿੱਲੀ 'ਚ ਇਕ ਲੱਖ ਦੇ ਕਰੀਬ ਸਿੱਖ ਸ਼ਰਨਾਰਥੀਆਂ ਦੇ ਰੂਪ 'ਚ ਵੱਸੇ। ਮੁੜ ਵਸੇਬੇ ਸਮੇਂ ਇਨ੍ਹਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸ. ਪਿਆਰਾ ਸਿੰਘ ਦੇ ਦੱਸਣ ਅਨੁਸਾਰ ਅਫ਼ਗਾਨਿਸਤਾਨ 'ਚ ਵੱਸਦੇ ਸਿੱਖਾਂ ਦੇ ਲਗਭਗ 183 ਗੁਰਦੁਆਰੇ ਤੇ ਬਹੁਤ ਸਾਰੇ ਸਕੂਲ ਸਨ ਪਰ ਹੁਣ ਦਿੱਲੀ 'ਚ ਸਾਡੀ ਆਬਾਦੀ ਇਕ ਲੱਖ ਦੇ ਕਰੀਬ ਹੈ ਪਰ ਕੇਵਲ ਦੋ ਗੁਰਦੁਆਰੇ ਤੇ ਇਕ ਪ੍ਰਾਇਮਰੀ ਸਕੂਲ ਹੈ। ਸਾਨੂੰ ਦੁੱਖ ਹੈ ਕਿ ਸਾਡੇ ਬੱਚੇ ਪੰਜਾਬੀ ਭਾਸ਼ਾ ਤੋਂ ਦੂਰ ਹੋ ਰਹੇ ਹਨ। ਮਾਸਕੋ ਜਾਣ ਵਾਸਤੇ ਅਸੀਂ ਚੌਧਰੀ ਹੀਰਾ ਨੰਦ ਦੇ ਘਰ ਤਿਲਕ ਵਿਹਾਰ ਦੇ ਪੱਛਮੀ ਮੈਟਰੋ ਸਟੇਸ਼ਨ ਪਾਸ ਠਹਿਰੇ ਸੀ। ਸ਼ਾਮ ਦੇ ਦੀਵਾਨ 'ਚ ਅਸੀਂ ਸਾਰਿਆਂ ਅਫ਼ਗਾਨੀ ਸਿੱਖਾਂ ਦੇ ਗੁਰਦੁਆਰਾ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ ਤੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਚੌਧਰੀ ਹੀਰਾ ਨੰਦ ਦੇ ਸਪੁੱਤਰ ਸ਼੍ਰੀ ਸੂਰਜ ਰੱਤੜਾ ਜੀ ਨੇ ਹੀ ਮਾਸਕੋ ਦਾ ਪ੍ਰੋਗਰਾਮ ਬਣਾਇਆ ਸੀ। ਇਸ ਪਰਿਵਾਰ ਦੀ ਗੁਰੂ ਨਾਨਕ ਦੇ ਦਰ-ਘਰ 'ਚ ਅਥਾਹ ਸ਼ਰਧਾ ਭਾਵਨਾ ਹੈ।

ਮਾਰਕਸਵਾਦ ਦਾ ਸੂਰਜ ਵਕਤੀ ਤੌਰ 'ਤੇ ਚੜ੍ਹਿਆ, ਚੰਦ ਸਾਲਾਂ ਬਾਅਦ ਸਦਾ ਲਈ ਅਸਤ ਹੋ ਗਿਆ; ਪਰ ਗੁਰੂ ਨਾਨਕ ਦੇ ਆਗਮਨ ਦਾ ਸੂਰਜ ਹਮੇਸ਼ਾ ਚਮਕਦਾ ਰਹੇਗਾ, ਕਿਉਂਕਿ ਇਹ ਵਿਚਾਰਧਾਰਾ ਮਾਨਵੀ ਹੈ, 'ਸਤਿ' 'ਤੇ ਆਧਾਰਿਤ ਹੈ। ਸਤਿ ਆਦਿ ਜੁਗਾਦੀ ਹੈ ਤੇ ਸਤਿ ਹੀ ਰਹੇਗਾ। ਸੋਵੀਅਤ ਸੰਘ ਦੇ ਟੁੱਟ ਜਾਣ 'ਤੇ ਅਫ਼ਗਾਨਿਸਤਾਨ 'ਚ ਵੱਸਣ ਵਾਲੇ ਕੁਝ ਸਿੱਖ ਵਾਪਾਰ ਦੇ ਸੰਬੰਧ 'ਚ ਮਾਸਕਵ (ਮਾਸਕੋ) ਆਏ। ਕਾਰੋਬਾਰ-ਵਾਪਾਰ ਤਾਂ ਠੀਕ-ਠਾਕ ਚੱਲ ਪਿਆ ਪਰ ਸਤਿਸੰਗ ਕਰਨ ਵਾਸਤੇ ਕੋਈ ਜਗ੍ਹਾ ਨਹੀਂ ਸੀ। ਇਸ ਲੋੜ ਨੂੰ ਪੂਰਾ ਕਰਨ ਵਾਸਤੇ ਸਿੱਖਾਂ ਨੇ ਮਿਲ ਕੇ ਹਰ ਐਤਵਾਰ ਨੂੰ ਇਕ ਘਰ 'ਚ ਇਕੱਠੇ ਹੋ, ਸਤਿਸੰਗ ਕਰਨਾ ਸ਼ੁਰੂ ਕੀਤਾ। ਸੁਖਮਨੀ ਸਾਹਿਬ ਦਾ ਪਾਠ ਮਿਲ ਕੇ ਕੀਤਾ ਜਾਂਦਾ ਤੇ ਅਰਦਾਸ ਕਰ ਗੁਰੂ ਦਾ ਸ਼ੁਕਰਾਨਾ ਕੀਤਾ ਜਾਂਦਾ। ਕਾਰੋਬਾਰ ਦੇ ਸੰਬੰਧ 'ਚ ਹੋਰ ਸਿੱਖ ਪਰਿਵਾਰ ਮਾਸਕੋ 'ਚ ਆ ਗਏ। ਫਿਰ 15 ਦਿਨਾਂ ਬਾਅਦ ਇਕ ਹਾਲ ਕਿਰਾਏ 'ਤੇ ਲਿਆ ਜਾਂਦਾ ਤੇ ਗੁਰਮਤਿ ਸਮਾਗਮ ਕਰ ਲਿਆ ਜਾਂਦਾ। 8 ਮਾਰਚ, 1995 ਤੋਂ ਇਹ ਪੰਦਰਵਾੜੇ ਦੇ ਗੁਰਮਤਿ ਸਮਾਗਮ ਸ਼ੁਰੂ ਹੋਏ ਜੋ ਨਿਰੰਤਰ 31 ਦਸੰਬਰ, 1998 ਤੀਕ ਚੱਲਦੇ ਰਹੇ। ਜਨਵਰੀ, 1999 ਤੋਂ ਮਿਤਰੋ ਤੁਬਲਿਸਤਾਨ ਵਿਖੇ ਹਰ ਐਤਵਾਰ ਨੂੰ ਸਿੱਖ ਸੰਗਤ ਇਕੱਤਰ ਹੁੰਦੀ ਤੇ ਗੁਰਮਤਿ ਸਮਾਗਮ ਹੁੰਦਾ। ਸਰਦਾਰ ਉਜਾਗਰ ਸਿੰਘ ਨੇ ਸਿੱਖ ਸੰਗਤਾਂ ਦੀ ਖ਼ੁਸ਼ੀ ਪ੍ਰਾਪਤ

ਕਰਨ ਵਾਸਤੇ ਦਿੱਲੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਆ ਕੇ ਮਾਸਕੋ ਵਿਖੇ ਸ. ਜੋਗਿੰਦਰ ਸਿੰਘ ਦੇ ਘਰ ਪ੍ਰਕਾਸ਼ ਕੀਤਾ। ਸ. ਜੋਗਿੰਦਰ ਸਿੰਘ ਨੇ ਸੇਵਾ-ਸਿਮਰਨ ਨਾਲ ਆਪਣੇ ਘਰ ਨੂੰ ਗੁਰੂ-ਘਰ ਦਾ ਰੂਪ ਦੇ ਦਿੱਤਾ। ਇਸ ਦੌਰਾਨ ਜਨਵਰੀ, 1999 ਤੋਂ 28 ਅਗਸਤ, 2005 ਤੀਕ ਤੁਬਲਿਸਤਾਨ ਹਾਲ ਵਿਖੇ ਐਤਵਾਰੀ ਗੁਰਦੁਆਰੇ ਦਾ ਕਾਰਜ ਚੱਲਦਾ ਰਿਹਾ। ਸੇਵਾ-ਸਿਮਰਨ ਕਰਨ ਵਾਲੇ ਉੱਦਮੀ ਸੱਜਣਾਂ ਨੇ ਗੁਰਮਤਾ ਕੀਤਾ ਕਿ ਹੁਣ 'ਸਿੱਖ ਕਲਚਰ ਸੈਂਟਰ' ਦੇ ਨਾਂ 'ਤੇ ਗੁਰੂ-ਘਰ ਸਥਾਪਤ ਕੀਤਾ ਜਾਵੇ, ਕਾਰਨ ਸਪੱਸ਼ਟ ਸੀ ਕਿ ਸਿੱਧੇ ਰੂਪ 'ਚ ਗੁਰਦੁਆਰੇ ਦੇ ਨਿਰਮਾਣ ਕਰਨ ਦੀ ਅਜੇ ਵੀ ਆਗਿਆ ਨਹੀਂ। ਸਿੱਖ ਕਲਚਰ ਸੈਂਟਰ ਦੇ ਨਿਰਮਾਣ ਕਾਰਜ ਲਈ ਗੁਰੂ-ਘਰ ਦੇ ਪ੍ਰੇਮੀਆਂ ਦੀ 12 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ। ਇਸ ਕਮੇਟੀ ਦੇ ਮੁਖੀ ਦੀ ਸੇਵਾ ਸ. ਹਰਮੋਹਨ ਸਿੰਘ ਜੀ ਹਕੀਮ ਨੂੰ ਸੌਂਪੀ ਗਈ। ਗੁਰੂ-ਘਰ ਦੀ ਸਥਾਪਨਾ ਵਾਸਤੇ ਗੁਰੂ ਅੱਗੇ ਅਰਦਾਸ-ਬੇਨਤੀ ਕਰ ਕਾਰਜ ਆਰੰਭਿਆ ਗਿਆ। ਕਮੇਟੀ ਨੇ ਸਿੱਖ ਸੰਗਤਾਂ ਤੇ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਨਾਲ ਮਿਲ ਕੇ, ਮਿਟਰੋ ਸਕੇ ਵਰਸਾਸਕੇ ਸ਼ਿਮੇ ਵਿਖੇ 35 ਨੰਬਰ ਇਮਾਰਤ 'ਚ 12 ਕਮਰਿਆਂ ਦਾ ਫ਼ਲੈਟ ਲੈ ਲਿਆ। ਜੋ 25 ਸਤੰਬਰ, 2003 ਨੂੰ ਸਿੱਖ ਕਲਚਰ ਸੈਂਟਰ ਦੇ ਨਾਂ 'ਤੇ ਖ਼ਰੀਦ ਲਿਆ ਗਿਆ ਤੇ 14 ਅਕਤੂਬਰ, 2003 ਨੂੰ ਸਾਰੀ ਰਕਮ ਬੈਂਕ ਵਿਚ ਜਮ੍ਹਾਂ ਕਰਵਾ ਦਿੱਤੀ ਗਈ। 8 ਦਸੰਬਰ, 2003 ਨੂੰ ਗੁਰਦੁਆਰਾ ਸਾਹਿਬ ਦੀ ਰਜਿਸਟਰੀ ਪ੍ਰਬੰਧਕ ਕਮੇਟੀ ਨੂੰ ਪ੍ਰਾਪਤ ਹੋਈ। ਇਮਾਰਤ ਨੂੰ ਗੁਰਦੁਆਰੇ ਦੇ ਹਾਲ 'ਚ ਤਬਦੀਲ ਕਰਨ ਲਈ ਇੰਜੀਨੀਅਰਾਂ ਨਾਲ ਵਿਚਾਰ ਕੀਤੀ। ਇਮਾਰਤ ਦੀ ਖ਼ਰੀਦ ਸਮੇਂ ਪ੍ਰਬੰਧਕ ਕਮੇਟੀ ਪਾਸ 145380 ਡਾਲਰ ਸਨ ਪਰ ਗੁਰਦੁਆਰੇ ਦੀ ਸੇਵਾ ਆਰੰਭ ਕਰਨ ਵਾਸਤੇ ਹੋਰ ਮਾਇਆ ਦੀ ਜ਼ਰੂਰਤ ਸੀ। ਸਿੱਖ ਸੰਗਤਾਂ ਦੀਆਂ ਭਾਵਨਾਵਾਂ ਤੇ ਜਜ਼ਬੇ ਅੱਗੇ ਕੋਈ ਰੁਕਾਵਟ ਨਹੀਂ ਆ ਸਕਦੀ, ਛੇਤੀ ਹੀ ਮਾਇਆ ਦੀ ਘਾਟ ਪੂਰੀ ਹੋ ਗਈ। ਸਿੱਖ ਕਲਚਰ ਸੈਂਟਰ ਗੁਰਦੁਆਰਾ ਸਾਹਿਬ ਗੁਰੂ ਨਾਨਕ ਦਰਬਾਰ ਦੀ ਇਮਾਰਤ ਦੀ ਸੇਵਾ 18 ਮਾਰਚ, 2004 ਨੂੰ ਆਰੰਭ ਹੋਈ ਤੇ 31 ਅਗਸਤ, 2005 ਨੂੰ ਸੰਪੂਰਨ ਹੋਈ।

2 ਸਤੰਬਰ, 2005 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਗੁਰੂ-ਘਰ ਵਿਚ ਕਰਨ ਨਾਲ ਸੇਵਾ ਸਿਮਰਨ, ਪਾਠ ਤੇ ਕਥਾ, ਕੀਰਤਨ ਦਾ ਪ੍ਰੋਗਰਾਮ ਸ਼ੁਰੂ ਹੋ ਗਿਆ। ਮਾਸਕੋ ਨਿਵਾਸੀ ਸਿੱਖ ਸੰਗਤਾਂ ਤੇ ਵਿਸ਼ਵ ਭਰ 'ਚ ਵੱਸਣ ਵਾਲੇ ਸਿੱਖਾਂ ਵਾਸਤੇ ਇਹ ਇਕ ਇਤਿਹਾਸਕ ਦਿਨ ਸੀ ਜਿਸ ਦਿਨ ਮਾਸਕੋ 'ਚ 'ਗੁਰੂ ਨਾਨਕ ਨਾਮ' ਦਾ ਸੂਰਜ 'ਸ਼ਬਦ-ਗੁਰੂ' ਦੇ ਰੂਪ 'ਚ ਪ੍ਰਕਾਸ਼ਮਾਨ ਹੋਇਆ। ਗੁਰੂ-ਘਰ ਦੇ ਸਥਾਪਨ ਕਰਨ ਵਿਚ ਸ. ਹਰਮੋਹਨ ਸਿੰਘ ਹਕੀਮ ਤੇ ਸਮੂਹ ਮਾਸਕੋ ਨਿਵਾਸੀ ਸਿੱਖਾਂ ਦਾ ਵੱਡਾ ਯੋਗਦਾਨ ਹੈ। ਗੁਰਦੁਆਰਾ ਪ੍ਰਬੰਧ ਦੇ ਪ੍ਰਧਾਨ ਵਜੋਂ ਹੁਣ ਸ. ਗੁਰਮੀਤ ਸਿੰਘ ਜੀ ਸੇਵਾ ਕਰ ਰਹੇ ਹਨ। ਇਨ੍ਹਾਂ ਦੇ ਨਾਲ ਹੀ ਸ. ਕਰਤਾਰ ਸਿੰਘ, ਸ. ਸ਼ਰਨ ਸਿੰਘ, ਸ. ਪ੍ਰਤਾਪ ਸਿੰਘ ਚਾਵਲਾ, ਸ. ਸੁਰਿੰਦਰਪਾਲ ਸਿੰਘ, ਸ. ਸੰਤੋਖ ਸਿੰਘ, ਸ. ਰਾਜਿੰਦਰ ਸਿੰਘ, ਸ. ਬਰੇਸ਼ ਸਿੰਘ, ਸ. ਕਰਮਜੀਤ ਸਿੰਘ, ਸ. ਅਜੀਤ ਸਿੰਘ, ਸ. ਨਰਿੰਦਰ ਸਿੰਘ, ਸ਼੍ਰੀ ਸੂਰਜ ਰੱਤੜਾ,

ਸ਼੍ਰੀ ਮੋਹਨ ਲਾਲ ਜੀ ਵੱਡੇ ਸਹਿਯੋਗੀ ਵਜੋਂ ਭੂਮਿਕਾ ਨਿਭਾ ਰਹੇ ਹਨ। ਸ. ਸੁਰਜੀਤ ਸਿੰਘ ਜੀ ਸੁਲਝੇ ਹੋਏ ਗ੍ਰੰਥੀ ਵਜੋਂ ਕਾਰਜਸ਼ੀਲ ਹਨ। ਭਾਰਤ ਤੋਂ ਵੱਖ-ਵੱਖ ਸਮਿਆਂ 'ਤੇ ਰਾਗੀ ਜਥੇ ਮਾਸਕੋ ਜਾ ਕੇ ਕੀਰਤਨ ਦੀ ਸੇਵਾ ਕਰਦੇ ਹਨ—ਪਦਮ ਸ੍ਰੀ ਭਾਈ ਨਿਰਮਲ ਸਿੰਘ ਖ਼ਾਲਸਾ, ਭਾਈ ਮਨਪ੍ਰੀਤ ਸਿੰਘ ਕਾਨ੍ਹਪੁਰੀ, ਭਾਈ ਅਨੂਪ ਸਿੰਘ ਊਨੇ ਵਾਲੇ ਆਦਿ ਪ੍ਰਮੁੱਖ ਜਥੇ ਹਾਜ਼ਰੀ ਭਰ ਚੁੱਕੇ ਹਨ।

ਮਾਸਕੋ 'ਚ ਇਨ੍ਹਾਂ ਸਿੱਖਾਂ ਨੇ ਆਪਣੇ ਕਾਰੋਬਾਰ ਨੂੰ ਸਥਾਪਤ ਕਰਨ 'ਚ ਪੂਰਾ ਸੰਘਰਸ਼ ਕੀਤਾ। ਸੂਰਜ ਰੱਤੜਾ ਕੇਵਲ 19 ਸਾਲ ਦੀ ਉਮਰ 'ਚ ਰੂਸ ਗਏ ਸਨ। ਸੂਰਜ ਰੱਤੜਾ ਜੀ ਦਾ ਮਾਮਾ ਰੂਸ 'ਚ ਪੜ੍ਹਿਆ ਲਿਖਿਆ ਸਫ਼ੀਰ ਦੇ ਅਹੁਦੇ 'ਤੇ ਤਾਇਨਾਤ ਰਹਿ ਚੁੱਕਾ ਅਫ਼ਸਰ ਸੀ। ਸੂਰਜ ਰੱਤੜਾ ਦੀ ਮਦਦ ਤਾਂ ਉਸ ਦੇ ਮਾਮੇ ਨੇ ਖ਼ੂਬ ਕੀਤੀ ਪਰ ਨਾਂ ਕਮਾਉਣ 'ਚ ਸੂਰਜ ਰੱਤੜਾ ਨੇ ਸਭ ਨੂੰ ਪਿੱਛੇ ਛੱਡ ਦਿੱਤਾ। ਸੂਰਜ ਰੱਤੜਾ ਦੇ ਪਿਤਾ ਜੀ ਚੌਧਰੀ ਹੀਰਾ ਨੰਦ ਤੇ ਕੁਝ ਭਰਾ ਦਿੱਲੀ 'ਚ ਵਾਪਾਰ ਕਰਦੇ ਤੇ ਨਿਵਾਸ ਰੱਖਦੇ ਹਨ, ਪਰ ਕਾਰੋਬਾਰ ਸਾਂਝਾ ਹੈ। ਸੂਰਜ ਰੱਤੜਾ ਨੇ ਸਹਿਯੋਗੀਆਂ ਨਾਲ ਮਿਲ ਕੇ ਮਾਸਕੋ 'ਚ ਇਕ ਹੋਟਲ ਖ਼ਰੀਦਿਆ 'ਤੇ ਸਿੱਖਾਂ ਦੀ ਵੱਖਰੀ ਮਾਰਕੀਟ ਸਥਾਪਤ ਕੀਤੀ। ਇਸ ਨਾਲ ਵਾਪਾਰ ਕਰਨ 'ਚ ਆਸਾਨੀ ਸੀ ਤੇ ਦੂਸਰਾ ਆਪਸੀ ਨੇੜਤਾ ਤੇ ਇਕ ਹੀ ਥਾਂ 'ਤੇ ਵਾਪਾਰ ਹੋਣ ਕਾਰਨ ਸੁਰੱਖਿਆ ਵੀ ਬਣੀ। ਹੁਣ ਇਕ ਹੀ ਥਾਂ 'ਤੇ ਰੂਸੀ ਸਿੱਖਾਂ ਦੀਆਂ 257 ਦੁਕਾਨਾਂ ਹਨ, ਜਿਨ੍ਹਾਂ ਰਾਹੀਂ ਥੋਕ ਦਾ ਵਾਪਾਰ ਕੀਤਾ ਜਾਂਦਾ ਹੈ। ਸਾਰੇ ਹੀ ਦੁਕਾਨਦਾਰਾਂ ਦੀ ਹਾਰਦਿਕ ਖ਼ਾਹਿਸ਼ ਸੀ ਕਿ ਹਰੇਕ ਦੁਕਾਨ 'ਤੇ ਸਿੰਘ ਸਾਹਿਬਾਨ ਆਉਣ, ਚਰਨ ਪਾਉਣ ਤੇ ਅਰਦਾਸ ਕਰਨ, ਪਰ ਸਾਡੇ ਪਾਸ ਸਮੇਂ ਦੀ ਸਮੱਸਿਆ ਸੀ। ਸਿੰਘ ਸਾਹਿਬਾਨ ਜੀ, ਰੀਝ ਪੂਰਤੀ ਵਾਸਤੇ ਕੁਝ ਦੁਕਾਨਾਂ 'ਤੇ ਗਏ ਤੇ ਇਕ ਮੰਜ਼ਲ 'ਤੇ ਸਥਿਤ ਸਮੂਹ ਦੁਕਾਨਦਾਰਾਂ ਦੀ ਸਮੂਹਿਕ ਅਰਦਾਸ ਕੀਤੀ। ਦੁਕਾਨਦਾਰਾਂ ਵੱਲੋਂ ਸਿੰਘ ਸਾਹਿਬਾਨ ਨੂੰ ਦਿਲੋਂ ਅਦਬ ਸਤਿਕਾਰ ਭੇਟ ਕੀਤਾ ਗਿਆ। ਦੁਕਾਨਾਂ 'ਚ ਸਾਮਾਨ ਖਿਡੌਣੇ, ਪੱਥਰ ਦਾ ਸਾਮਾਨ, ਮਾਲਾਵਾਂ, ਮਣਕੇ, ਹਾਰਡਵੇਅਰ ਆਦਿ ਜ਼ਿਆਦਾਤਰ ਸਨ। ਮਾਸਕੋ ਸ਼ਹਿਰ ਦੇ ਬਾਜ਼ਾਰ ਬਾਹਰੋਂ ਦਿਖਾਈ ਨਹੀਂ ਦਿੰਦੇ। ਇਮਾਰਤ ਦੇ ਬਾਹਰੋਂ ਪਤਾ ਨਹੀਂ ਚੱਲਦਾ ਕਿ ਇਹ ਦੁਕਾਨਾਂ ਹਨ ਜਾਂ ਰਿਹਾਇਸ਼ੀ ਇਲਾਕੇ, ਵਾਪਾਰ ਕੇਂਦਰ, ਹੋਟਲ ਜਾਂ ਫਿਰ ਕੁਝ ਹੋਰ। ਸਭ ਕੁਝ ਅੰਦਰ ਹੀ ਅੰਦਰ ਹੈ, ਬਾਹਰ ਕੋਈ ਖਿਲਾਰਾ ਨਹੀਂ ਹੈ। ਬਾਹਰ ਕੇਵਲ ਨਿਸਚਿਤ ਥਾਵਾਂ 'ਤੇ ਟੈਂਟ ਨੁਮਾਂ ਦੁਕਾਨਾਂ 'ਚ ਸਬਜ਼ੀ ਤੇ ਫਲਾਂ ਆਦਿ ਦੀ ਵਿਕਰੀ ਹੁੰਦੀ ਦੇਖੀ।

ਨਸ਼ਿਆਂ ਦੀ ਨਾਮੁਰਾਦ ਬਿਮਾਰੀ ਤੋਂ ਮਾਸਕੋ ਦੇ ਸਿੱਖ ਬਚੇ ਹੋਏ ਹਨ। ਗੁਰੂ ਪ੍ਰਤੀ ਇਨ੍ਹਾਂ ਦੀ ਨਿਸ਼ਠਾ ਦੇਖਿਆਂ ਹੀ ਮਹਿਸੂਸ ਕੀਤੀ ਜਾ ਸਕਦੀ ਹੈ। ਸਾਨੂੰ ਮਾਸਕੋ ਠਹਿਰਨ ਸਮੇਂ ਅਫ਼ਗਾਨੀ ਸਿੱਖਾਂ ਦੇ ਘਰਾਂ 'ਚ ਵੀ ਜਾਣ ਦਾ ਮੌਕਾ ਮਿਲਿਆ, ਪਰ ਸਾਡਾ ਟਿਕਾਣਾ ਖ਼ੋਸਤੀ ਸਿੱਖਾਂ ਦੇ ਘਰ ਹੀ ਸੀ। ਲਗਭਗ ਹਰੇਕ ਸਿੱਖ ਦੇ ਘਰ ਪ੍ਰਸ਼ਾਦਾ ਛਕਾਉਣ ਤੋਂ ਪਹਿਲਾਂ ਕੜਾਹ ਪ੍ਰਸਾਦਿ ਦੀ ਦੇਗ ਕੀਤੀ ਗਈ। ਅਨੰਦੁ ਸਾਹਿਬ ਦੇ ਪਾਠ, ਅਰਦਾਸ ਉਪਰੰਤ ਪ੍ਰਸਾਦਿ ਵਰਤਾਉਣ 'ਤੇ ਹੀ ਪ੍ਰਸ਼ਾਦਾ ਛਕਾਇਆ ਜਾਂਦਾ ਹੈ। ਅਫ਼ਗਾਨੀ ਸਿੱਖ ਤੇ ਖ਼ੋਸਤੀ ਸਿੱਖ ਆਪਣੇ ਜੋੜੇ ਘਰਾਂ ਦੇ ਬਾਹਰ ਉਤਾਰਦੇ ਹਨ

ਤੇ ਪ੍ਰਸ਼ਾਦ-ਭੋਜਨ ਲੰਗਰ ਸਮਝ ਹਮੇਸ਼ਾ ਧਰਤੀ 'ਤੇ ਵਿਸ਼ੇ ਕੀਮਤੀ ਕਲੀਨਾਂ 'ਤੇ ਬੈਠ ਕੇ ਪੰਗਤ 'ਚ ਛਕਦੇ ਹਨ। ਭੋਜਨ ਸਮੇਂ ਖਾਣ ਵਾਲੇ ਪਦਾਰਥਾਂ - ਫਲਾਂ, ਸਬਜ਼ੀਆਂ, ਚਟਣੀਆਂ ਦੀ ਗਿਣਤੀ ਕਰਨੀ ਮੁਸ਼ਕਲ ਹੁੰਦੀ ਹੈ। ਅਫ਼ਗਾਨੀ ਸਿੱਖਾਂ ਦੀਆਂ ਇਸਤਰੀਆਂ, ਲੜਕੀ, ਨੂੰਹਾਂ, ਬਜ਼ੁਰਗ ਮਾਤਾਵਾਂ ਪ੍ਰਸ਼ਾਦਾ ਛਕਾਉਣ ਸਮੇਂ ਖੁੱਲ੍ਹ ਕੇ ਵਿਚਰਦੀਆਂ ਹਨ। ਖ਼ੋਸਤੀ ਪਰਿਵਾਰਾਂ 'ਚ ਇਸਤਰੀਆਂ ਬਾਹਰੋਂ ਆਏ ਮਹਿਮਾਨਾਂ ਨੂੰ ਖੁੱਲ੍ਹ ਕੇ ਨਹੀਂ ਮਿਲਦੀਆਂ। ਖ਼ੋਸਤੀ ਸਿੱਖ ਇਸਤਰੀਆਂ ਅਜੇ ਵੀ ਘੁੰਡ ਕੱਢਦੀਆਂ ਹਨ। ਪ੍ਰਸ਼ਾਦਾ ਵਰਤਾਉਂਦੇ ਵੀ ਖ਼ੋਸਤੀ ਨੌਜਵਾਨ ਹੀ ਹਨ। ਹਰ ਘਰ 'ਚ ਪ੍ਰਸ਼ਾਦਾ ਛਕਾਉਣ ਉਪਰੰਤ ਘਰ ਦਾ ਮੁਖੀ ਇਕੱਲੇ-ਇਕੱਲੇ ਮਹਿਮਾਨ ਪਾਸੋਂ ਸੇਵਾ ਭਾਵਨਾ 'ਚ ਰਹਿ ਗਈ ਤਰੁੱਟੀ ਦੀ ਮੁਆਫ਼ੀ ਮੰਗਦਾ ਹੈ। ਜੋ ਟਹਿਲ-ਸੇਵਾ ਖ਼ੋਸਤੀ ਤੇ ਅਫ਼ਗਾਨੀ ਪਰਿਵਾਰਾਂ ਨੇ ਸਾਡੀ ਕੀਤੀ, ਉਹ ਸਾਨੂੰ ਹਮੇਸ਼ਾ ਯਾਦ ਰਹੇਗੀ।

30 ਸਤੰਬਰ ਦੀ ਸ਼ਾਮ ਨੂੰ ਸਾਨੂੰ ਮਾਸਕੋ ਸ਼ਹਿਰ ਦੇ ਬਾਹਰਵਾਰ ਦਿਹਾਤੀ ਖੇਤਰ 'ਗੋਲਡਨ ਸਿਟੀ' 'ਚ ਲਿਜਾਇਆ ਗਿਆ। ਜੰਗਲਨੁਮਾ ਰਸਤੇ ਨੂੰ ਪਾਰ ਕਰ ਅਸੀਂ ਪ੍ਰਾਈਵੇਟ ਰਿਹਾਇਸ਼ੀ ਖੇਤਰ 'ਚ ਪ੍ਰਵੇਸ਼ ਕਰ ਗਏ। ਸਾਡੀ ਰਿਹਾਇਸ਼ ਵਾਸਤੇ 'ਡਾਚੇ' (ਕਿਰਾਏ ਦੀ ਨਿੱਜੀ ਰਿਹਾਇਸ਼) ਦਾ ਪ੍ਰਬੰਧ ਸੀ। ਇਕ 'ਡਾਚੇ' ਵਿਚ ਪਹਿਲੀ ਮੰਜ਼ਲ 'ਤੇ ਦੋ-ਦੋ ਬੈਡਰੂਮ ਸਨ, ਹੇਠਾਂ ਜਲਪਾਨ ਕਰਨ ਵਾਸਤੇ ਰਸੋਈ ਘਰ ਤੇ ਡਾਈਨਿੰਗ ਹਾਲ। ਇਕ ਪਾਸੇ ਬਾਥਰੂਮ ਸੀ, ਪਰ ਸੂਰਜ ਰੱਤੜਾ ਨੂੰ ਮਹਿਮਾਨਾਂ ਵਾਸਤੇ ਇਹ ਰਿਹਾਇਸ਼ ਠੀਕ ਨਾ ਲੱਗੀ। ਉਨ੍ਹਾਂ ਨੇ ਸਮੁੰਦਰੀ ਜਹਾਜ਼ ਨੁਮਾ ਹਵੇਲੀ 'ਚ ਕਮਰਿਆਂ ਬਾਰੇ ਗੱਲ ਕੀਤੀ। ਪਹਿਲਾਂ ਤਾਂ ਪ੍ਰਬੰਧਕ ਬੀਬੀ ਨੇ ਨਾਂਹ ਕਰ ਦਿੱਤੀ ਕਿ ਕਿਸੇ ਵੀ ਵਿਦੇਸ਼ੀ ਭਾਰਤੀ ਨੂੰ ਇਥੇ ਰਿਹਾਇਸ਼ ਵਾਸਤੇ ਰੁਕਣ ਨਹੀਂ ਦੇਂਦੇ, ਕਾਰਨ ਕੁਝ ਸਮਾਂ ਪਹਿਲਾਂ ਹੀ ਭਾਰਤੀ 'ਕਾਕਿਆਂ' ਨੇ ਇਥੇ ਖ਼ੂਬ ਲੜਾਈ-ਝਗੜਾ ਤੇ ਖ਼ਰਮਸਤੀ ਕੀਤੀ ਸੀ। ਸੂਰਜ ਰੱਤੜਾ ਦੇ ਦੱਸਣ 'ਤੇ ਕਿ ਸਾਡੇ ਮਹਿਮਾਨ ਉੱਚ ਧਾਰਮਿਕ ਪਦਵੀ 'ਤੇ ਬਿਰਾਜਮਾਨ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਹਨ, ਜਿਨ੍ਹਾਂ ਦਾ ਧਰਮ-ਸਮਾਜ 'ਚ ਵਿਸ਼ੇਸ਼ ਸਥਾਨ ਤੇ ਰੁਤਬਾ ਹੈ। ਉਸ ਨੇ ਮਾਨਵਤਾ ਦੇ ਧਰਮ ਮੰਦਰ ਸ੍ਰੀ ਹਰਿਮੰਦਰ ਸਾਹਿਬ ਬਾਰੇ ਵੀ ਉਨ੍ਹਾਂ ਨੂੰ ਜਾਣਕਾਰੀ ਦਿੱਤੀ। ਫਿਰ ਪ੍ਰਬੰਧਕ ਬੀਬੀ ਏਨੀ ਦਿਆਲ ਹੋਈ ਕਿ ਉਸ ਨੇ ਸਾਰੇ ਕਮਰੇ ਖੋਲ੍ਹ ਦਿੱਤੇ ਤੇ ਕਿਹਾ ਕਿ ਜੇਕਰ ਤੁਹਾਨੂੰ ਜਾਂ ਤੁਹਾਡੇ ਮਹਿਮਾਨਾਂ ਨੂੰ ਕੋਈ ਮੁਸ਼ਕਲ ਆਵੇ ਤਾਂ ਮੇਰੇ ਨਿੱਜੀ ਫ਼ੋਨ 'ਤੇ ਸੰਪਰਕ ਕਰ ਲੈਣਾ। ਸਮੁੰਦਰੀ ਜਹਾਜ਼ਨੁਮਾ ਮਹਿਲ 'ਚ ਚਾਰ ਕਮਰੇ ਅਲਾਟ ਹੋ ਗਏ। ਇਕ ਕਮਰੇ 'ਚ ਗਿਆਨੀ ਗੁਰਬਚਨ ਸਿੰਘ ਤੇ ਮੈਂ, ਦੂਸਰੇ 'ਚ ਗਿਆਨੀ ਜਸਵਿੰਦਰ ਸਿੰਘ, ਤੀਸਰੇ 'ਚ ਗਿਆਨੀ ਇਕਬਾਲ ਸਿੰਘ ਤੇ ਚੌਥੇ 'ਚ ਸਤਨਾਮ ਸਿੰਘ ਸਲੂਜਾ ਤੇ ਉਨ੍ਹਾਂ ਦੀ ਧਰਮ ਪਤਨੀ ਪਰਮਜੀਤ ਕੌਰ ਨੇ ਆਰਾਮ ਕੀਤਾ। ਸਾਡੇ ਮੇਜ਼ਬਾਨ 'ਡਾਚੇ' 'ਚ ਹੀ ਰਹੇ। ਰਾਤ, ਸਵੇਰੇ ਤੇ ਦੁਪਹਿਰ ਦੇ ਖਾਣੇ ਵਾਸਤੇ ਸਮੱਗਰੀ ਸੂਰਜ ਰੱਤੜਾ ਜੀ ਨੇ ਨਾਲ ਖੜੀ ਸੀ। ਭੋਜਨ ਤਿਆਰ ਕਰਨ ਵਾਲੇ ਮਾਹਰ ਸ. ਬਹਾਦਰ ਸਿੰਘ, ਇਕ ਡਾਕਟਰ ਤੇ ਸੂਰਜ ਰੱਤੜਾ ਜੀ ਦੇ ਮਾਮਾ (ਸੇਵਾ-ਮੁਕਤ ਸਫ਼ੀਰ) ਵੀ ਨਾਲ ਸਨ। ਰਾਤ ਦਾ ਭੋਜਨ ਤਿਆਰ ਕਰ ਕੇ ਸਾਨੂੰ ਕਮਰਿਆਂ 'ਚ ਛਕਾਇਆ ਗਿਆ। ਸਵੇਰੇ ਹੋ ਰਹੀ ਬੂੰਦਾ-ਬਾਂਦੀ 'ਚ

ਸਾਨੂੰ ਚਾਹ ਛਕਾਈ ਗਈ ਤੇ ਫਿਰ ਨਾਸ਼ਤਾ ਅਸੀਂ ਸਭ ਨੇ ਮਿਲ ਕੇ ਡਾਚੇ 'ਚ ਹੀ ਕੀਤਾ। ਸਾਰਾ ਖਾਣਾ ਕੱਚੇ ਕੋਲੇ ਨਾਲ ਭੱਠੀਆਂ 'ਤੇ ਪਕਾਇਆ ਗਿਆ। ਵਿਸ਼ੇਸ਼ ਕਰਕੇ ਕੱਚੇ ਕੋਲੇ 'ਤੇ ਭੁੰਨੀਆਂ ਛੱਲੀਆਂ, ਆਲੂ ਤੇ ਪਿਆਜ਼ ਯਾਦਗਾਰੀ ਹੋ ਨਿਬੜੇ। ਜਗ੍ਹਾ ਸਮੁੰਦਰੀ ਕੰਢੇ 'ਤੇ ਹੋਣ ਕਾਰਨ ਬਹੁਤ ਸਾਫ਼ ਸੁਥਰੀ ਸੀ। ਕਿਸੇ ਕਿਸਮ ਦਾ ਭੀੜ-ਭੜੱਕਾ ਵੀ ਨਹੀਂ ਸੀ, ਕਿਉਂਕਿ ਮੌਸਮ ਸਰਦੀ ਦਾ ਸ਼ੁਰੂ ਹੋ ਚੁੱਕਾ ਸੀ। ਸਵੇਰ ਵੇਲੇ ਅਸੀਂ ਖ਼ੂਬ ਸੈਰ ਕੀਤੀ, ਤੁਰਦਿਆਂ-ਫਿਰਦਿਆਂ ਬਾਣੀ ਦਾ ਜਾਪ ਤੇ ਗੁਰਮਤਿ ਵਿਚਾਰਾਂ ਹੋਈਆਂ। ਇਸ ਜਗ੍ਹਾ 'ਤੇ ਇਕ ਛੋਟਾ ਜਿਹਾ ਗਿਰਜਾ ਤੇ ਚਿੜੀਆ-ਘਰ ਵੀ ਸੀ। ਮੈਂ ਤੇ ਜਥੇਦਾਰ ਸਾਹਿਬ ਨੇ ਚਿੜੀਆ-ਘਰ 'ਚ ਵੀ ਪੰਛੀ-ਝਾਤ ਪਾਈ। ਦੁਪਹਿਰ ਦਾ ਪ੍ਰਸ਼ਾਦਾ ਛਕ ਕੇ ਅਸੀਂ ਇਸ 'ਗੋਲਡਨ ਸਿਟੀ' ਨੂੰ ਅਲਵਿਦਾ ਕਹਿ, ਫਿਰ ਮਾਸਕੋ ਵੱਲ ਕੂਚ ਕੀਤਾ।

ਪਹਿਲੀ ਅਕਤੂਬਰ ਨੂੰ ਅਸੀਂ ਗੁਰੂ-ਘਰ ਪਹੁੰਚ ਕੇ ਵਾਰੀ-ਵਾਰੀ ਗੁਰਮਤਿ ਵਿਚਾਰਾਂ ਦੀ ਸਾਂਝ ਸੰਗਤਾਂ ਨਾਲ ਕੀਤੀ। ਸੰਗਤਾਂ ਦੀ ਭਰਪੂਰ ਹਾਜ਼ਰੀ ਮਾਸਕੋ ਨਿਵਾਸੀ ਸਿੱਖਾਂ ਦੇ ਪਿਆਰ ਦਾ ਪ੍ਰਤੀਕ ਸੀ। ਗਿਆਨੀ ਜਸਵਿੰਦਰ ਸਿੰਘ ਜੀ ਨੇ ਸਭ ਤੋਂ ਪਹਿਲਾਂ ਸਹਿਜ-ਪਾਠ ਦਾ ਭੋਗ ਪਾਇਆ। ਭੋਗ ਉਪਰੰਤ ਗਿਆਨੀ ਇਕਬਾਲ ਸਿੰਘ ਜੀ ਨੇ ਸ੍ਰੀ ਆਂਦਰੇ ਯੂਰੀਵਿਚ ਬੈਲੀਨੋਵਾ, ਚੀਫ਼ ਮਨਿਸਟਰ, ਹੈੱਡ ਕਸਟਮ ਆਫ਼ਿਸ, ਮਾਸਕੋ ਨੂੰ 'ਜੀ ਆਇਆਂ' ਕਿਹਾ। ਸ੍ਰੀ ਆਂਦਰੇ, ਗੋਬਿੰਦ ਸਦਨ ਦੇ ਮੁਖੀ ਬਾਬਾ ਵਿਰਸਾ ਸਿੰਘ ਦੇ ਸ਼ਰਧਾਲੂ ਤੇ ਜਾਪੁ ਸਾਹਿਬ ਦਾ ਨਿਤ ਜਾਪ ਕਰਨ ਵਾਲੇ ਹਨ। ਗੋਬਿੰਦ ਸਦਨ ਦਾ ਸੈਂਟਰ ਮਾਸਕੋ 'ਚ ਬਾਬਾ ਵਿਰਸਾ ਸਿੰਘ ਜੀ ਨੇ ਸਥਾਪਤ ਕੀਤਾ ਸੀ। ਸ੍ਰੀ ਆਂਦਰੇ ਨੂੰ ਜਦ ਸਿੰਘ ਸਾਹਿਬਾਨ ਦੀ ਮਾਸਕੋ ਆਮਦ ਬਾਰੇ ਪਤਾ ਚੱਲਿਆ ਤਾਂ ਉਹ ਉਚੇਚੇ ਤੌਰ 'ਤੇ ਗੁਰੂ-ਘਰ ਹਾਜ਼ਰ ਹੋਏ। ਸ੍ਰੀ ਆਂਦਰੇ ਨੇ ਆਪਣੇ ਤਜਰਬੇ, ਜਾਪੁ ਸਾਹਿਬ ਤੇ ਸਿੱਖਾਂ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ, ਜਿਨ੍ਹਾਂ ਦਾ ਅਨੁਵਾਦ ਇਕ ਪੰਜਾਬੀ ਅਧਿਕਾਰੀ ਨੇ ਕੀਤਾ। ਸ੍ਰੀ ਆਂਦਰੇ ਯੂਰੀਵਿਚ ਨੇ ਦੱਸਿਆ ਕਿ ਜਾਪੁ ਸਾਹਿਬ ਸੰਬੰਧੀ ਸਮਾਗਮ 10 ਜਨਵਰੀ, 2012 ਨੂੰ ਕਰ ਰਹੇ ਹਾਂ, ਜਿਸ ਵਿਚ ਤੁਹਾਨੂੰ ਸਭ ਨੂੰ ਸੱਦਾ ਦਿੱਤਾ ਜਾਵੇਗਾ। ਮਿਲੀ ਜਾਣਕਾਰੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਬਾਣੀ ਜਾਪੁ ਦੇ ਨਾਂ 'ਤੇ ਯੂਨੀਵਰਸਿਟੀ ਉਸਾਰਨ ਦੀ ਯੋਜਨਾ ਹੈ। ਸ੍ਰੀ ਆਂਦਰੇ ਯੂਰੀਵਿਚ ਨੂੰ ਗੁਰੂ-ਘਰ ਵੱਲੋਂ ਸਿੰਘ ਸਾਹਿਬਾਨ ਤੇ ਸ. ਗੁਰਮੀਤ ਸਿੰਘ ਨੇ ਸਿਰੋਪਾਓ ਦੀ ਬਖ਼ਸ਼ਿਸ਼ ਕੀਤੀ। ਸ੍ਰੀ ਆਂਦਰੇ ਨੇ ਵੀ ਸਿੰਘ ਸਾਹਿਬਾਨ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਤੇ ਉਨ੍ਹਾਂ ਦਾ ਮਾਸਕੋ ਆਉਣ 'ਤੇ ਧੰਨਵਾਦ ਕੀਤਾ।

ਇਸ ਦਿਨ ਹੀ ਮੇਰੀ ਮੁਲਾਕਾਤ ਇਕ ਦਸਤਾਰਧਾਰੀ ਰੂਸੀ ਲੜਕੀ ਨਾਲ ਗੁਰੂ-ਘਰ ਵਿਚ ਹੋਈ। ਖ਼ੁਸ਼ਕਿਸਮਤੀ ਨਾਲ ਉਹ ਚੰਗੀ ਅੰਗਰੇਜ਼ੀ ਬੋਲ ਤੇ ਸਮਝ ਲੈਂਦੀ ਸੀ। ਮੇਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਮੈਂ ਰੂਸ ਦੀ ਜੰਮ ਪਲ ਹਾਂ ਤੇ ਸਿੱਖ ਧਰਮ ਧਾਰਨ ਕੀਤਾ ਹੈ। ਮੇਰਾ ਨਾਂ ਰਾਮਦਾਸ ਕੌਰ ਹੈ। ਮੇਰੇ ਕਹਿਣ [illegible] ਕਿ ਤੁਸੀਂ 'ਸਿੱਖ ਧਰਮਾ' ਭਾਵ ਯੋਗੀ ਹਰਿਭਜਨ ਸਿੰਘ ਨਾਲ ਸੰਬੰਧਿਤ ਹੋ, ਉ[illegible] ਉੱਤਰ ਬੜਾ

ਸਪੱਸ਼ਟ ਸੀ ਕਿ ਮੈਂ ਸਿੱਖ ਹਾਂ ਤੇ ਸਿੱਖਾਂ ਨਾਲ ਸੰਬੰਧਿਤ ਹਾਂ। ਮੇਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਅਸੀਂ ਮਾਸਕੋ ਵਿਚ 500 ਸਿੱਖ ਹਾਂ ਸ਼ਾਇਦ ਉਹ ਮਾਸਕੋ ਨਿਵਾਸੀ ਸਾਰੇ ਸਿੱਖਾਂ 'ਚ ਆਪਣੇ ਆਪ ਨੂੰ ਸ਼ਾਮਲ ਕਰ ਰਹੀ ਸੀ। ਤਿੰਨੇ ਹੀ ਦਿਨ ਮੈਂ ਸ਼ਾਮ ਨੂੰ ਰਾਮਦਾਸ ਕੌਰ ਨੂੰ ਗੁਰੂ-ਘਰ ਵਿਚ ਨਿਸਚਿਤ ਥਾਂ 'ਤੇ ਇਕ ਕੋਨੇ 'ਚ ਬੈਠਿਆਂ ਦੇਖਿਆ। ਉਸ ਦਾ ਚਿਹਰਾ, ਪਹਿਰਾਵਾ ਤੇ ਸਲੀਕੇ ਨਾਲ ਸਜਾਈ ਚਿੱਟੀ ਦਸਤਾਰ ਉਸ ਦੇ ਵਿਲੱਖਣ ਸਿੱਖੀ-ਸਰੂਪ ਨੂੰ ਚਾਰ ਚੰਨ ਲਾ ਰਹੇ ਸਨ।

ਦੁਨੀਆਂ ਦੇ ਕਿਸੇ ਵੀ ਸ਼ਹਿਰ ਨੂੰ ਸੀਮਿਤ ਨਜ਼ਰ ਤੇ ਸਮਰੱਥਾ ਨਾਲ ਕਿਤਨਾ ਕੁ ਦੇਖ ਸਕਦੇ ਹਾਂ ? ਸਾਨੂੰ ਪਤਾ ਹੈ ਕਿ ਸਾਡੀ ਦੇਖਣ ਤੇ ਸਮਝਣ ਸ਼ਕਤੀ ਬਹੁਤ ਸੀਮਿਤ ਹੈ। 2 ਅਕਤੂਬਰ 2011, ਨੂੰ ਅਸੀਂ ਵੀ ਮਾਸਕੋ ਦੇਖਣ ਵਾਸਤੇ ਲਾਲ ਚੌਕ, ਮਾਸਕੋ ਸਟੇਟ ਹਿਸਟੋਰੀਕਲ ਮਿਊਜ਼ੀਅਮ ਦੇਖਣ ਗਏ। ਪਹਿਲਾਂ ਤਾਂ ਸਾਨੂੰ ਗੇਟ 'ਤੇ ਕ੍ਰਿਪਾਨਾਂ ਪਹਿਨਣ ਕਰਕੇ ਰੋਕ ਦਿੱਤਾ ਗਿਆ, ਕਿਉਂਕਿ ਹਰ ਯਾਤਰੂ ਨੂੰ ਮੈਟਲ ਡੀਟੈਕਟਰ ਰਾਹੀਂ ਚੈੱਕ ਕੀਤਾ ਜਾਂਦਾ ਸੀ ਪਰ ਫਿਰ ਸੂਰਜ ਰੱਤੜਾ ਜੀ ਨੇ ਸੰਬੰਧਿਤਾਂ ਨੂੰ ਰੂਸੀ ਬੋਲੀ 'ਚ ਸਮਝਾਇਆ ਕਿ ਇਹ ਸਾਡੇ ਦੇਸ਼ ਦੇ ਵਿਸ਼ੇਸ਼ ਮਹਿਮਾਨ ਹਨ ਜੋ ਸ੍ਰੀ ਹਰਿਮੰਦਰ ਸਾਹਿਬ ਤੋਂ ਆਏ ਹਨ ਤੇ ਸਿੱਖਾਂ ਦੀ ਸਰਵਉੱਚ ਪਦਵੀਆਂ 'ਤੇ ਬਿਰਾਜਮਾਨ ਹਨ ਤਾਂ ਸਾਨੂੰ ਬਿਨਾਂ ਚੈੱਕ ਕੀਤਿਆਂ ਅੰਦਰ ਜਾਣ ਦੀ ਆਗਿਆ ਮਿਲ ਗਈ। ਵੱਖ-ਵੱਖ ਭਾਸ਼ਾਵਾਂ 'ਚ ਗਾਈਡ ਕਰਨ ਵਾਸਤੇ ਰੀਕਾਰਡ ਕੀਤੀ ਹੋਈ ਆਵਾਜ਼ ਹੈ, ਜੋ ਤੁਸੀਂ ਨਿੱਜੀ ਰੂਪ 'ਚ ਕੰਨਾਂ ਨੂੰ ਲਗਾ ਕੇ ਸੁਣ ਸਕਦੇ ਹੋ। ਮੈਂ ਗਾਈਡ ਯੰਤਰ ਅੰਗਰੇਜ਼ੀ 'ਚ ਲੈ ਤਾਂ ਲਿਆ ਪਰ ਸਾਡੇ ਪਾਸ ਇੰਨਾ ਸਮਾਂ ਨਹੀਂ ਸੀ ਕਿ ਅਸੀਂ ਗਾਈਡ ਅਨੁਸਾਰ ਸਾਰੇ ਮਿਊਜ਼ੀਅਮ ਨੂੰ ਦੇਖ ਸਕਦੇ। ਖਿੱਚ ਦਾ ਕੇਂਦਰ ਸਨ - ਛੱਤ ਤੇ ਕੰਧਾਂ 'ਤੇ ਬਣੇ ਵੱਖ-ਵੱਖ ਨੇਤਾਵਾਂ ਦੇ ਕੰਧ ਚਿੱਤਰ। ਉਨ੍ਹਾਂ ਚਿੱਤਰਾਂ 'ਚ ਰੰਗ-ਰੂਪ ਤੇ ਸ਼ਕਲਾਂ ਬਹੁਤ ਹੀ ਆਕਰਸ਼ਿਤ ਸਨ, ਜਿਨ੍ਹਾਂ ਨੂੰ ਧਿਆਨ ਨਾਲ ਵੇਖਿਆ। ਬਹੁ-ਮੰਜ਼ਲੇ ਇਸ ਅਜਾਇਬ ਘਰ ਵਿਚ ਆਮ ਅਜਾਇਬ ਘਰਾਂ ਨਾਲੋਂ ਸਭ ਵਸਤਾਂ ਨੂੰ ਸਾਫ਼ ਸੁਥਰੇ ਢੰਗ ਨਾਲ ਸਜਾਇਆ ਗਿਆ ਸੀ। ਯਾਤਰੂਆਂ ਵਾਸਤੇ ਕਾਰਲ ਮਾਰਕਸ, ਲੈਨਿਨ ਆਦਿ ਦੇ ਚਿੱਤਰ ਵਿਸ਼ੇਸ਼ ਖਿੱਚ ਦਾ ਕੇਂਦਰ ਸਨ। ਹਥਿਆਰਾਂ ਨੂੰ ਵੀ ਖ਼ੂਬਸੂਰਤੀ ਨਾਲ ਸੰਭਾਲਿਆ ਗਿਆ। ਸਿੱਕੇ, ਚਿੱਤਰ, ਪੁਰਾਤਨ ਕੰਕਾਲ, ਕਵਚ, ਅਸਤਰ, ਸ਼ਸਤਰ ਤੇ ਬਸਤਰ ਵਿਸ਼ੇਸ਼ ਤੌਰ 'ਤੇ ਹਰ ਯਾਤਰੂ ਨੂੰ ਆਕਰਸ਼ਿਤ ਕਰਦੇ ਸਨ। ਸਾਨੂੰ ਇਕ ਚਿੱਤਰ ਨੇ ਸਭ ਤੋਂ ਵੱਧ ਆਕਰਸ਼ਿਤ ਕੀਤਾ ਜਿਸ ਵਿਚ ਬਹੁਤ ਸਾਰੇ ਜਰਨੈਲ ਕੇਸਾਧਾਰੀ ਤੇ ਕਿਰਪਾਨਧਾਰੀ ਸਨ। ਪੁੱਛਣ 'ਤੇ ਪਤਾ ਲੱਗਿਆ ਕਿ ਇਹ ਚਿੱਤਰ ਅਫ਼ਗ਼ਾਨਿਸਤਾਨ ਨਾਲ ਸੰਬੰਧਿਤ ਹੈ ਜੋ 1818 ਈ. ਦੇ ਸਮੇਂ ਦੀ ਬਾਦਸ਼ਾਹੀ ਨੂੰ ਰੂਪਮਾਨ ਕਰਦਾ ਹੈ। ਚਿੱਤਰ 'ਚ ਬਹੁਤ ਸਾਰੇ ਜਰਨੈਲਾਂ ਨੇ ਵੱਡੀਆਂ ਕ੍ਰਿਪਾਨਾਂ ਪਹਿਨੀਆਂ ਹੋਈਆਂ ਸਨ ਜੋ ਸਾਫ਼ ਦਿਖਾਈ ਦਿੰਦੀਆਂ ਸਨ, ਪਰ ਭਾਸ਼ਾ ਦੀ ਸਮੱਸਿਆ ਕਰਕੇ ਸਾਨੂੰ ਇਸ ਬਾਰੇ ਮੁਕੰਮਲ ਜਾਣਕਾਰੀ ਨਹੀਂ ਮਿਲ ਸਕੀ। ਅਜਾਇਬ ਘਰ ਦੇ ਬਾਹਰ ਆਉਣ ਸਮੇਂ ਸਾਡੀ ਵੱਖਰੀ ਪਹਿਚਾਣ ਤੇ ਦਸਤਾਰੀ ਸਰੂਪ ਸਦਕਾ ਬਹੁਤ ਸਾਰੇ ਯਾਤਰੂਆਂ ਨੇ ਸਾਡੀਆਂ ਤੇ ਸਾਡੇ ਨਾਲ ਤਸਵੀਰਾਂ ਖਿੱਚਵਾਈਆਂ।

ਲੈਨਿਨ ਦੀ ਲੋਥ ਨੂੰ ਜਿਸ ਥਾਂ ਸੰਭਾਲਿਆ ਗਿਆ ਹੈ, ਉਹ ਥਾਂ ਅਸੀਂ ਦੇਖੀ, ਪਰ ਮ੍ਰਿਤਕ ਸਰੀਰ ਨਹੀਂ ਦੇਖਿਆ, ਕਿਉਂਕਿ ਸਮੇਂ ਦੀ ਸਮੱਸਿਆ ਸਾਡੇ ਸਨਮੁੱਖ ਸੀ। ਲੈਨਿਨ ਦੇ ਮ੍ਰਿਤਕ ਸਰੀਰ ਨੂੰ ਦੇਖਣ ਵਾਲਿਆਂ ਦੀ ਲਾਈਨ ਲੰਮੀ ਸੀ। ਅਸੀਂ ਬਾਹਰੋਂ ਹੀ ਦੇਖ ਵਾਪਸ ਚੱਲ ਪਏ। ਲੈਨਿਨ ਦੇ ਮ੍ਰਿਤਕ ਸਰੀਰ ਨੂੰ ਜਿਸ ਜਗ੍ਹਾ ਸੰਭਾਲਿਆ ਗਿਆ ਹੈ, ਉਸ ਸਮੇਂ ਮੈਨੂੰ ਨਿਤਨੇਮ ਦੀ ਬਾਣੀ ਯਾਦ ਆ ਗਈ, ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫੋਕਟ ਕਰਮਾਂ ਦੀ ਆਲੋਚਨਾ ਕੀਤੀ ਹੈ:

> **ਕਾਹੂੰ ਲੈ ਪਾਹਨ ਪੂਜ ਧਰੋ ਸਿਰ ਕਾਹੂੰ ਲੈ ਲਿੰਗੁ ਗਰੇ ਲਟਕਾਇਓ॥**
> **ਕਾਹੂੰ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂੰ ਪਛਾਹ ਕੋ ਸੀਸ ਨਿਵਾਇਓ॥**
> **ਕੋਊ ਬੁਤਾਨ ਕੌ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੌ ਪੂਜਨ ਧਾਇਓ॥**
>
> *(ਅਕਾਲ ਉਸਤਤ, ਪਾ: ੧੦)*

ਮਾਰਕਸੀ ਵੀਰ ਧਰਮ ਨੂੰ ਨਹੀਂ ਮੰਨਦੇ, ਪਰ ਮ੍ਰਿਤਕ ਸਰੀਰ ਦੀ ਸੰਭਾਲ ਕਰ ਕੇ ਕਿਹੜੀ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਕਰ ਰਹੇ ਹਨ? ਹੁਣ ਤਾਂ ਲੈਨਿਨ ਦੀ ਵਿਚਾਰਧਾਰਾ ਵੀ ਸਮੇਂ ਦੀ ਹਾਣੀ ਨਹੀਂ ਰਹੀ, ਲੋਥ ਵਿਚਾਰੀ ਕੀ ਕਰੇਗੀ? ਮੇਰਾ ਯਕੀਨ ਹੈ ਕਿ ਮਨੁੱਖ ਦਾ 'ਧਰਮੀ' ਹੋਣਾ ਭਾਵ ਨਿਯਮਬੱਧ ਜੀਵਨ-ਜਾਚ ਤੋਂ ਬਿਨਾਂ ਗੁਜ਼ਾਰਾ ਨਹੀਂ। ਅਸੀਂ ਤਾਂ ਕੇਵਲ ਆਪਣੀ ਹਉਮੈ ਨੂੰ ਪਾਲਣ ਵਾਸਤੇ ਕੰਮ ਕਰਦੇ ਹਾਂ। ਵਾਪਸੀ 'ਤੇ ਅਸੀਂ ਦੂਸਰੇ ਵਿਸ਼ਵ ਯੁੱਧ ਸਮੇਂ ਸ਼ਹੀਦਾਂ ਦੀ ਸਿਮਰਤੀ 'ਚ ਜਲ ਰਹੀ ਨਿਰੰਤਰ ਲਾਟ ਨੂੰ ਦੇਖਿਆ, ਜਿਸ ਦੀ ਸੁਰੱਖਿਆ ਤੇ ਸਤਿਕਾਰ 'ਚ ਦੋ ਰੂਸੀ ਫ਼ੌਜੀ ਅਹਿੱਲ ਰੂਪ 'ਚ ਖੜੇ ਸਤਿਕਾਰ ਭੇਟ ਕਰ ਰਹੇ ਸਨ। ਇਨ੍ਹਾਂ ਦੀ ਡਿਊਟੀ ਕੇਵਲ ਇਕ ਘੰਟੇ ਵਾਸਤੇ ਹੁੰਦੀ ਹੈ, ਪਰ ਇਸ ਸਮੇਂ ਦੌਰਾਨ ਸਰੀਰ ਦਾ ਕੋਈ ਅੰਗ ਹਿਲਦਾ ਦਿਖਾਈ ਨਹੀਂ ਦੇਂਦਾ।

ਲਾਲ ਚੌਕ ਦੇਖਣ ਉਪਰੰਤ ਅਸੀਂ ਗੁਰਦੁਆਰੇ ਦੇ ਸਮਾਗਮ 'ਚ ਸ਼ਾਮਲ ਹੋਣ ਲਈ ਚੱਲ ਪਏ। ਗੁਰਦੁਆਰੇ ਦੇ ਲਈ ਅਸੀਂ ਠੀਕ ਇਕ ਵਜੇ ਪਹੁੰਚ ਗਏ। ਗੁਰਦੁਆਰੇ ਦਾ ਸਮਾਗਮ ਆਮ ਕਰਕੇ ਇਕ ਵਜੇ ਤੋਂ ਤਿੰਨ ਵਜੇ ਤੀਕ ਹੁੰਦਾ ਹੈ, ਪਰ ਉਸ ਦਿਨ ਇਹ ਸਮਾਗਮ 4:30 ਤਕ ਨਿਰੰਤਰ ਚੱਲਦਾ ਰਿਹਾ। ਫਿਰ ਐਤਵਾਰ ਹਫ਼ਤਾਵਾਰੀ ਦੀਵਾਨ 'ਚ ਸਾਨੂੰ ਸਾਰਿਆਂ ਨੂੰ ਵਿਚਾਰ ਵਿਅਕਤ ਕਰਨ ਦਾ ਮੌਕਾ ਮਿਲਿਆ। ਗੁਰੂ-ਘਰ ਵੱਲੋਂ ਸਾਨੂੰ ਸਿਰੋਪਾਓ ਦੀ ਬਖ਼ਸ਼ਿਸ਼ ਤੇ ਯਾਦਗਾਰੀ ਚਿੰਨ੍ਹ ਤੋਹਫ਼ੇ ਵਜੋਂ ਦਿੱਤੇ ਗਏ। ਅਸੀਂ ਸਾਰਿਆਂ ਨੇ ਗੁਰੂ ਦਾ ਧੰਨਵਾਦ ਕੀਤਾ ਤੇ ਵਾਪਸੀ ਲਈ ਅਰਦਾਸ ਬੇਨਤੀ ਕੀਤੀ। ਗੁਰੂ-ਘਰ ਦਾ ਸਾਰਾ ਪ੍ਰੋਗਰਾਮ ਉਲੀਕਣ ਪਿੱਛੇ ਬਾਬਾ ਤੇਜ ਭਾਨ ਸਿੰਘ ਦੀ ਸਪੁੱਤਰੀ ਭੈਣ ਪਰਮਜੀਤ ਕੌਰ ਜੀ ਤੇ ਉਨ੍ਹਾਂ ਦੇ ਦਾਮਾਦ ਸ. ਸਤਨਾਮ ਸਿੰਘ ਜੀ ਦਾ ਹੱਥ ਸੀ। ਦੋ ਅਕਤੂਬਰ ਦੇ ਦੀਵਾਨ 'ਚ ਸ. ਹਰਨਾਮ ਸਿੰਘ ਜੀ ਦੇ ਭਰਾਤਾ ਬਾਬਾ ਤੇਜ ਭਾਨ ਸਿੰਘ ਜੀ ਵੀ ਪਹੁੰਚ ਗਏ ਸਨ। ਬਾਬਾ ਤੇਜ ਭਾਨ ਸਿੰਘ ਜੀ ਨੇ ਹੀ ਗੁਰਦੁਆਰੇ ਦੀ ਸ਼ੁਭ ਆਰੰਭਤਾ ਕੀਤੀ ਸੀ, ਜੋ ਪਹਿਲਾਂ ਵੀ ਦੋ ਵਾਰ ਮਾਸਕੋ ਆ ਚੁੱਕੇ ਸਨ। ਮਾਸਕੋ ਦੀਆਂ ਸਿੱਖ ਸੰਗਤਾਂ 'ਚ ਇਸ ਪਰਿਵਾਰ ਪ੍ਰਤੀ ਅਥਾਹ ਸ਼ਰਧਾ ਤੇ ਪਿਆਰ ਹੈ, ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਕਾਰਨ ਇਹ ਹੈ ਕਿ

ਬਾਬਾ ਤੇਜ ਭਾਨ ਸਿੰਘ ਜੀ ਨੇ ਅਫ਼ਗਾਨੀ ਸਿੱਖਾਂ 'ਚ ਸਿੱਖੀ ਦਾ ਬਹੁਤ ਪ੍ਰਚਾਰ-ਪ੍ਰਸਾਰ ਕੀਤਾ ਹੈ। ਗੁਰੂ ਅੰਗਦ ਦੇਵ ਜੀ ਦੇ ਪਰਿਵਾਰਕ ਮੈਂਬਰ, ਅੰਸ਼-ਵੰਸ਼ ਹੋਣ ਕਾਰਨ ਵੀ ਇਸ ਪਰਿਵਾਰ ਪ੍ਰਤੀ ਲੋਕਾਂ 'ਚ ਸ਼ਰਧਾ ਸਤਿਕਾਰ ਦੀ ਭਾਵਨਾ ਹੈ। ਮਾਸਕੋ 'ਚ ਸਿੱਖਾਂ ਨੂੰ ਅਜੇ ਖੁੱਲ੍ਹੇਆਮ ਗੁਰੂ-ਘਰ ਉਸਾਰਨ ਦੀ ਆਗਿਆ ਨਹੀਂ। ਫਿਰ ਨਗਰ ਕੀਰਤਨ ਬਾਰੇ ਤਾਂ ਸੋਚਿਆ ਵੀ ਨਹੀਂ ਜਾ ਸਕਦਾ। ਪਰ ਸ਼ਰਧਾਲੂ ਪ੍ਰੇਮੀ ਰੀਝ ਪੂਰਤੀ ਵਾਸਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਨਗਰ ਕੀਰਤਨ, ਗੁਰੂ-ਘਰ ਵਿਚ ਹੀ ਪਰਿਕਰਮਾ ਕਰ ਕੇ ਕਰਦੇ ਹਨ। ਇਸ ਦਿਨ ਸਿੰਘ ਸਾਹਿਬਾਨ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਸੀਸ 'ਤੇ ਸਤਿਕਾਰ ਨਾਲ ਉਠਾਇਆ ਤੇ ਨਿਸ਼ਾਨ ਸਾਹਿਬ ਦੀ ਸੇਵਾ ਮੈਨੂੰ ਪ੍ਰਾਪਤ ਹੋਈ। ਸ਼ਬਦ ਕੀਰਤਨ ਕਰਦਿਆਂ ਅਸੀਂ ਪਰਿਕਰਮਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਸੁੱਖ ਆਸਣ ਅਸਥਾਨ 'ਤੇ ਬਿਰਾਜਮਾਨ ਕਰ, ਅਰਦਾਸ ਉਪਰੰਤ ਅਸੀਂ ਸਭ ਨੇ ਸੰਗਤੀ ਰੂਪ 'ਚ ਲੰਗਰ ਛਕਿਆ।

ਰਾਤ ਦੀ ਰੌਣਕ ਵੀ ਮਾਸਕੋ ਦੀਆਂ ਸੜਕਾਂ 'ਤੇ ਦੇਖਿਆਂ ਹੀ ਬਣਦੀ ਹੈ। ਇਕ ਰਾਤ ਅਸੀਂ ਮਾਸਕੋ 'ਚ ਸਟਾਲਿਨ ਦੁਆਰਾ ਨਿਰਮਾਨਤ ਸੈਵਨ ਸਿਸਟਰ ਦੇਖਣ ਗਏ। ਰਾਤ ਦੇ ਹਨੇਰੇ 'ਚ ਰੌਸ਼ਨੀ ਨਾਲ ਚਮਕਦੀਆਂ ਇਹ ਇਮਾਰਤਾਂ ਵੱਖਰਾ ਹੀ ਨਜ਼ਾਰਾ ਪੇਸ਼ ਕਰਦੀਆਂ ਸਨ। ਸੀਤਲ ਹਵਾ ਦੇ ਚੱਲਣ ਕਾਰਨ ਸਾਨੂੰ ਸਰਦੀ ਵੀ ਮਹਿਸੂਸ ਹੋ ਰਹੀ ਸੀ। ਸਰਦੀ ਦੇ ਮੌਸਮ 'ਚ ਅਸੀਂ ਗਰਮ-ਗਰਮ ਮੱਕੀ ਦੀ ਛੱਲੀ ਖਾਧੀ ਜਿਹੜੀ ਭਾਫ਼ ਦੁਆਰਾ ਤਿਆਰ ਕੀਤੀ ਸੀ। ਕੀਮਤ ਕੁਝ ਜ਼ਿਆਦਾ ਹੀ ਸੀ 80 ਰੂਬਲ ਪ੍ਰਤੀ ਛੱਲੀ, ਪਰ ਸਾਡੇ ਰੂਸੀ ਮਿੱਤਰ ਨੇ ਇਹ ਖਵਾਈ ਤੇ ਖ਼ੁਸ਼ੀ ਮਹਿਸੂਸ ਕੀਤੀ। ਬਹੁਤ ਸਾਰੇ ਮਾਸਕੋ ਨਿਵਾਸੀਆਂ ਤੇ ਵਿਦੇਸ਼ੀ ਯਾਤਰੂਆਂ ਨੇ ਸਿੰਘ ਸਾਹਿਬਾਨ ਨਾਲ ਤਸਵੀਰਾਂ ਖਿੱਚਵਾਈਆਂ।

ਮਾਸਕੋ ਫੇਰੀ ਸਮੇਂ ਦਾਸ ਨੂੰ ਸਭ ਤੋਂ ਵੱਧ ਪਰੇਸ਼ਾਨ ਕੀਤਾ ਮਾਸਕੋ ਨਿਵਾਸੀਆਂ ਦੇ ਸਿਗਰਟ ਨੋਸ਼ੀ ਦੇ ਸ਼ੌਂਕ ਨੇ। ਪੁੱਛਣ 'ਤੇ ਪਤਾ ਲੱਗਾ ਕੇ 90% ਤੋਂ ਵੱਧ ਲੋਕ ਸਿਗਰਟਨੋਸ਼ੀ ਦੇ ਸ਼ਿਕਾਰ ਹਨ ਪਰ ਸਿਗਰਟਾਂ ਦੇ ਡੱਟ ਤੁਹਾਨੂੰ ਫਿਰ ਵੀ ਨਹੀਂ ਮਿਲਣਗੇ ਜਿਵੇਂ ਅੰਮ੍ਰਿਤਸਰ 'ਚ ਬੀੜੀਆਂ-ਸਿਗਰਟਾਂ ਦੇ ਡੱਟੇ ਥਾਂ-ਥਾਂ ਮਿਲਦੇ ਹਨ। ਸਫ਼ਾਈ ਦਾ ਖ਼ਾਸ ਖ਼ਿਆਲ ਰੱਖਿਆ ਜਾਂਦਾ ਹੈ। ਹਰ ਵਸਤ ਥਾਂ ਸਿਰ ਰੱਖੀ ਜਾਂਦੀ ਹੈ। ਸਫ਼ਾਈ ਸੇਵਕ ਸਵੇਰੇ-ਸ਼ਾਮ, ਰਾਤ ਨੂੰ ਸਫ਼ਾਈ ਕਰਦੇ ਮਿਲਦੇ ਹਨ। ਕਿਧਰੇ ਵੀ ਗੰਦਗੀ ਨਹੀਂ। ਸਿਗਰਟਨੋਸ਼ੀ ਨਿਸਚਿਤ ਥਾਵਾਂ 'ਤੇ ਨਹੀਂ ਹੁੰਦੀ, ਪਰ ਹੈ ਬਹੁਤ। ਰੂਸੀਆਂ ਦੇ ਰੂਸੀ ਭਾਸ਼ਾ ਪ੍ਰਤੀ ਪਿਆਰ-ਸਨੇਹ ਨੇ ਬਹੁਤ ਪ੍ਰਭਾਵਿਤ ਕੀਤਾ, ਕਿਧਰੇ ਵੀ ਮਾਂ-ਬੋਲੀ ਤੋਂ ਬਿਨਾਂ ਕੋਈ ਬੋਰਡ ਦਿਖਾਈ ਨਹੀਂ ਦਿੱਤਾ, ਸਾਡੇ ਵਾਂਗ ਨਹੀਂ, ਜੰਮੇ ਪਲੇ ਤਾਂ ਪੰਜਾਬ 'ਚ ਤੇ ਬੋਲਣੀ-ਲਿਖਣੀ ਹਿੰਦੀ, ਅੰਗਰੇਜ਼ੀ।

ਲੈਨਿਨ ਦਾ ਸਮਾਜਵਾਦ 75 ਸਾਲਾਂ ਬਾਅਦ ਖੇਰੂੰ-ਖੇਰੂੰ ਹੋ ਗਿਆ। ਰੂਸੀ ਲੋਕਾਂ ਦਾ ਮਤ ਹੈ ਕਿ ਸੋਵੀਅਤ ਸੰਘ ਦੇ ਟੁੱਟਣ ਦਾ ਮੂਲ ਕਾਰਨ ਇਸ ਦਾ ਧਰਮ ਤੋਂ ਮੁਨਕਰ ਤੇ ਧਰਮੀ ਲੋਕਾਂ ਨੂੰ ਦਬਾਉਣਾ—ਲੋਕਾਂ ਸਾਹਮਣੇ ਆਇਆ ਹੈ। ਸਰੀਰਕ ਸੁੱਖ ਤਾਂ ਸਮਾਜਵਾਦ ਨੇ ਦੇ ਦਿੱਤੇ ਪਰ ਆਤਮਿਕ ਸਕੂਨ ਧਰਮੀ ਹੋਣ ਵਿਚ ਹੀ ਵਿਦਮਾਨ

ਹੈ। ਜੇਕਰ ਸੋਵੀਅਤ ਸੰਘ ਦੇ ਬਾਨੀ ਗੁਰੂ ਨਾਨਕ ਦੇਵ ਜੀ ਵੱਲੋਂ ਸਥਾਪਤ ਧਰਮ ਆਧਾਰਿਤ ਸਮਾਜਵਾਦ ਨੂੰ ਮੰਨ ਲੈਂਦੇ ਤਾਂ ਉਨ੍ਹਾਂ ਦੀ ਇਹ ਦਸ਼ਾ ਨਾ ਹੁੰਦੀ, ਜੋ ਹੁਣ ਹੋਈ ਹੈ। ਅਧਿਆਤਮਕ ਭੁੱਖ ਦੀ ਤ੍ਰਿਪਤੀ ਸਰੀਰਕ ਭੁੱਖ ਦੀ ਤ੍ਰਿਪਤੀ ਨਾਲੋਂ ਵੀ ਜ਼ਰੂਰੀ ਹੈ, ਜਿਸ ਦੀ ਪੂਰਤੀ ਵਾਸਤੇ ਰੂਸੀ ਲੋਕ, ਲੋਕ ਕਲਿਆਣਕਾਰੀ ਸਰਬ ਸਾਂਝੇ ਧਰਮ ਦੀ ਭਾਲ ਵਿਚ ਹਨ।

2 ਅਕਤੂਬਰ ਦੀ ਸ਼ਾਮ ਇਕ ਘਰ ਵਿਚ ਸਾਡੀ ਚਾਹ ਸੀ ਤੇ ਦੂਸਰੇ ਘਰ ਵਿਚ ਰਾਤਰੀ ਭੋਜਨ। ਪ੍ਰਸ਼ਾਦਾ ਪਾਣੀ ਛਕਣ ਉਪਰੰਤ ਅਸੀਂ ਵਾਪਸੀ ਵਾਸਤੇ ਸਾਮਾਨ ਨੂੰ ਸੰਭਾਲਣਾ ਸ਼ੁਰੂ ਕੀਤਾ ਜਿਸ ਵਿਚ ਮਾਸਕੋ ਦੇ ਸਿੱਖਾਂ ਨੇ ਮਦਦ ਕੀਤੀ। 3 ਅਕਤੂਬਰ ਨੂੰ ਸਵੇਰੇ 9.15 ਵਜੇ ਤੋਂ ਸਾਡੀ ਵਾਪਸੀ ਫ਼ਲਾਈਟ ਸੀ। ਚੌਧਰੀ ਹੀਰਾ ਨੰਦ ਦੇ ਪਰਿਵਾਰ ਨੇ ਸਾਡੀ ਖ਼ਾਸ ਕਰਕੇ ਆਂਦਰੇ ਯੂਰੀਵਿਰ ਦੀ ਗੁਰੂ-ਘਰ 'ਚ ਆਮਦ ਕਰਕੇ ਸਾਨੂੰ ਮਾਸਕੋ ਏਅਰ ਪੋਰਟ 'ਤੇ ਵਾਪਸੀ ਸਮੇਂ ਵੀ.ਆਈ.ਪੀ. ਟਰੀਟਮੈਂਟ ਮਿਲੀ। ਸਾਡੀ ਤੇ ਸਾਡੇ ਸਾਮਾਨ ਦੀ ਕੋਈ ਤਫ਼ਤੀਸ਼ ਨਾ ਕੀਤੀ ਗਈ। ਸਗੋਂ ਇਕ ਕਸਟਮ ਅਧਿਕਾਰੀ ਸਾਡੀ ਵਾਪਸੀ ਦੀ ਕਾਗ਼ਜ਼ੀ ਕਾਰਵਾਈ ਕਰਵਾ ਕੇ, ਸਾਨੂੰ ਵੀ.ਆਈ.ਪੀ. ਲਾਂਜ ਵਿਚ ਬਿਠਾ ਗਿਆ। ਮਾਸਕੋ ਤੋਂ ਅਸੀਂ ਡੁਬਈ ਅਤੇ ਰਾਤ ਨੂੰ 10:45 'ਤੇ ਅਸੀਂ ਦਿੱਲੀ ਏਅਰ ਪੋਰਟ 'ਤੇ ਪਹੁੰਚੇ। ਦਿੱਲੀ ਤੋਂ ਏਅਰ ਇੰਡੀਆ ਦੀ ਉਡਾਨ ਰਾਹੀਂ ਅਸੀਂ ਸਵੇਰੇ 3:30 ਵਜੇ ਸ੍ਰੀ ਗੁਰੂ ਰਾਮਦਾਸ ਏਅਰ ਪੋਰਟ, ਸ੍ਰੀ ਅੰਮ੍ਰਿਤਸਰ 'ਤੇ ਪਹੁੰਚ ਗਏ, ਜਿਥੇ ਸਾਨੂੰ ਦਫ਼ਤਰੀ ਵਾਹਨ ਲੈਣ ਵਾਸਤੇ ਆਏ ਹੋਏ ਸਨ। ਇਸ ਤਰ੍ਹਾਂ ਸਾਡੀ ਮਾਸਕੋ ਦੀ ਸੰਖੇਪ ਯਾਤਰਾ ਸਫਲ ਤੇ ਸੰਪੂਰਨ ਹੋ ਗਈ। ਮਾਸਕੋ ਦੀ ਸਰਦ ਰੁੱਤ ਦੀ ਸਰਦੀ 'ਚ ਵੀ ਸਿੱਖੀ ਦਾ ਸੂਰਜ ਪ੍ਰਤੱਖ ਦਿਖਾਈ ਦਿੱਤਾ। ਮਾਸਕੋ 'ਚ ਸਿੱਖਾਂ ਨੂੰ ਦੇਖ ਕੇ ਪ੍ਰੋ. ਪੂਰਨ ਸਿੰਘ ਦੇ ਸ਼ਬਦ ਯਾਦ ਆਏ ਕਿ 'ਸਿੱਖ ਕਿਸੇ ਸੀਮਤ ਖੇਤਰ ਨਾਲ ਸੰਬੰਧਿਤ ਨਹੀਂ, ਸਗੋਂ ਸਿੱਖ ਤਾਂ ਬ੍ਰਹਿਮੰਡੀ ਸ਼ਹਿਰੀ ਹੈ'।

•

ISBN 81-7205-490-4
9 788172 054908